Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
Raj Shergill
Associate Broker
rajsshergill@yahoo.com

Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 17, April 24, 2021
20451 N. Plum Grove Rd., Palatine, IL 60074
Ph:847-359-0746, Fax:847-705-9388

## 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨਹੀਂ ਰਹੇ

### ਸਸਕਾਰ ਤੇ ਅੰਤਿਮ ਅਰਦਾਸ 25 ਅਪਰੈਲ ਨੂੰ

**ਸ਼ਿਕਾਗੋ (ਬਿਊਰੋ):** ਅਮਰੀਕਾ ਤੋਂ ਛਪਦੇ ਹਫਤਾਵਾਰੀ ਪਰਚੇ 'ਪੰਜਾਬ ਟਾਈਮਜ਼' ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦਾ ਲੰਘੀ 20 ਅਪਰੈਲ ਨੂੰ ਦੇਹਾਂਤ ਹੋ ਗਿਆ ਹੈ।



ਉਹ 65 ਵਰ੍ਹਿਆਂ ਦੇ ਸਨ। ਉਹ ਪਿਛਲੇ ਕਈ ਸਾਲਾਂ ਤੋਂ ਮਾਸਕੂਲਰ ਡਿਸਟਰਾਫੀ ਤੋਂ ਪੀੜਤ ਸਨ। ਉਨ੍ਹਾਂ ਆਪਣੇ ਕਰੀਅਰ ਦਾ ਆਗਾਜ਼ 'ਪੰਜਾਬੀ ਟ੍ਰਿਬਿਊਨ' ਤੋਂ ਕੀਤਾ ਸੀ ਅਤੇ 1995 ਵਿਚ ਉਹ ਅਮਰੀਕਾ ਆ ਗਏ ਸਨ। ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ, ਪੁੱਤਰ ਮਨਦੀਪ ਸਿੰਘ ਅਤੇ ਨੂੰਹ ਸੰਦੀਪ ਕੌਰ ਹਨ। ਚਾਰ ਭੈਣ-ਭਰਾਵਾਂ ਵਿਚੋਂ ਸਵਰਗੀ ਜੰਮੂ ਸਭ ਤੋਂ ਵੱਡੇ ਸਨ।

ਸ. ਜੰਮੂ ਦਾ ਜਨਮ 14 ਜੁਲਾਈ 1955 ਨੂੰ ਸਿਰਸਾ (ਹਰਿਆਣਾ) ਜ਼ਿਲ੍ਹੇ ਦੇ ਪਿੰਡ ਕੁੱਤਾਵੱਢ ਵਿਚ ਹੋਇਆ। ਮੁਢਲੀ ਵਿਦਿਆ ਉਨ੍ਹਾਂ ਪਿੰਡ ਦੇ ਸਕੂਲ ਤੋਂ ਲਈ ਅਤੇ ਫਿਰ ਨੈਸ਼ਨਲ ਕਾਲਜ ਸਿਰਸਾ ਤੋਂ ਗਰੈਜੂਏਸ਼ਨ ਕੀਤੀ। ਇਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਹਿਲਾਂ ਐੱਮ. ਏ. (ਪੰਜਾਬੀ) ਐੱਮ.ਫਿਲ, ਫਿਰ ਲਾਅ ਦੀ ਡਿਗਰੀ ਲਈ ਅਤੇ ਫਿਰ ਪੱਤਰਕਾਰੀ ਵਿਚ ਡਿਪਲੋਮਾ ਹਾਸਲ ਕੀਤਾ।

'ਪੰਜਾਬ ਟਾਈਮਜ਼' ਉਨ੍ਹਾਂ ਸਾਲ 2000 ਵਿਚ ਸ਼ਿਕਾਗੋ ਤੋਂ ਸ਼ੁਰੂ ਕੀਤਾ। ਉਦੋਂ ਤੋਂ ਹੁਣ ਤੱਕ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਸ ਪਰਚੇ ਦੀ ਧੜੱਲੇਦਾਰ ਅਗਵਾਈ ਕੀਤੀ ਅਤੇ ਇਸ ਨੂੰ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਤੇ ਵੱਖਰੀ ਸੁਰ ਵਾਲਾ ਪਰਚਾ ਬਣਾਇਆ। ਹੁਣ ਤਾਂ ਇਹ ਪਰਚਾ ਅਮਰੀਕਾ ਹੀ ਨਹੀਂ, ਕੈਨੇਡਾ ਅਤੇ ਪੰਜਾਬ ਵਿਚ ਵੀ ਵਾਹਵਾ ਪੜ੍ਹਿਆ ਜਾਂਦਾ ਹੈ। ਇਸ ਪਰਚੇ ਵਿਚ ਪੰਜਾਬ ਅਤੇ ਸਿੱਖੀ ਬਾਰੇ ਵੱਡੀਆਂ ਬਹਿਸਾਂ ਦਾ ਮੁੱਢ ਬੱਝਿਆ, ਜਿਸ ਦੇ ਆਧਾਰ 'ਤੇ ਸ.

*(ਬਾਕੀ ਸਫਾ 6 ਉਤੇ)*

*(ਸ. ਜੰਮੂ ਬਾਰੇ ਇਕ ਯਾਦ ਲੇਖ ਪੰਨਾ 12 'ਤੇ ਪੜ੍ਹੋ)*

## ਕਰੋਨਾ ਮਹਾਮਾਰੀ ਦੇ ਦੂਜੇ ਹੱਲੇ ਅੱਗੇ ਵੀ ਮੋਦੀ ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਦੂਜੇ ਹੱਲੇ ਪਿੱਛੋਂ ਭਾਰਤ ਵਿਚ ਹਾਹਾਕਾਰ ਮਚੀ ਹੋਈ ਹੈ। ਰੋਜ਼ਾਨਾ ਢਾਈ-ਤਿੰਨ ਲੱਖ ਨਵੇਂ ਕੇਸਾਂ ਦੇ ਆਉਣ ਦਾ ਸਿਲਸਲਾ ਜਾਰੀ ਹੈ। ਕੇਂਦਰ ਤੇ ਸੂਬਾ ਸਰਕਾਰਾਂ ਲੋਕਾਂ ਨੂੰ ਸਿਹਤ ਸਹੂਲਤਾਂ ਤੇ ਹੋਰ ਰਾਹਤ ਦੇਣ ਦੀ ਥਾਂ ਸਖਤ ਪਾਬੰਦੀਆਂ ਲਾ ਕੇ ਘਰਾਂ ਵਿਚ ਡੱਕਣ ਉਤੇ ਟਿੱਲ ਲਾ ਰਹੀਆਂ ਹਨ। ਹਸਪਤਾਲਾਂ ਵਿਚ ਬੈੱਡ ਅਤੇ ਆਕਸੀਜਨ ਦੀ ਕਮੀ ਕਾਰਨ ਮਰੀਜ਼ ਸੜਕਾਂ ਉਤੇ ਰੁਲ ਰਹੇ ਹਨ। ਪਰਵਾਸੀ ਮਜ਼ਦੂਰ ਮੁੜ ਆਪਣੇ ਘਰਾਂ ਨੂੰ ਵਾਪਸੀ ਲਈ ਤੁਰ ਪਏ ਹਨ। ਵੱਡੀ ਗਿਣਤੀ ਦੇਸ਼ਾਂ ਨੇ ਭਾਰਤੀ ਲੋਕਾਂ ਦੇ ਦਾਖਲੇ ਉਤੇ ਪਾਬੰਦੀ ਲਾ ਦਿੱਤੀ ਹੈ।

ਯਾਦ ਰਹੇ ਕਿ ਪਹਿਲੀ ਲਹਿਰ ਦਾ ਪਿਛਲੇ ਸਾਲ ਅਗਸਤ ਸਤੰਬਰ ਤੱਕ ਜ਼ੋਰ ਰਿਹਾ ਸੀ। ਦਸੰਬਰ ਤੇ ਜਨਵਰੀ ਵਿਚ ਇਸ ਦਾ ਪ੍ਰਭਾਵ ਘਟ ਗਿਆ ਸੀ। ਇਸ ਤਰ੍ਹਾਂ ਲੱਗਣ ਲੱਗਾ ਸੀ ਕਿ ਸ਼ਾਇਦ ਆਉਂਦੇ ਸਮੇਂ ਤੱਕ ਇਸ ਬਿਮਾਰੀ ਤੋਂ ਖਹਿੜਾ ਛੁੱਟ ਜਾਏਗਾ ਪਰ ਦੂਸਰੀ ਲਹਿਰ ਦੇ ਫੈਲਾਓ ਕਾਰਨ ਸਿਹਤ ਸੇਵਾਵਾਂ ਨਾਲ ਜੁੜੇ ਖੇਤਰਾਂ ਨੂੰ ਇਕ ਤਰ੍ਹਾਂ ਨਾਲ ਹੱਥਾਂ-ਪੈਰਾਂ ਦੀ ਪੈ ਗਈ ਹੈ।

ਅਜਿਹੇ ਹਾਲਾਤ ਉਸ ਸਮੇਂ ਬਣੇ ਹੋਏ ਹਨ ਜਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਵੱਡੇ ਸਿਆਸੀ ਆਗੂ ਪੰਜ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਵੱਡੀਆਂ ਸਿਆਸੀ ਰੈਲੀਆਂ ਵਿਚ ਰੁੱਝੇ ਰਹੇ। ਕੁੰਭ ਦੇ ਮੇਲੇ ਵਿਚ ਸ਼ਰਧਾ ਦੇ ਨਾਮ ਉਤੇ ਲੱਖਾਂ ਲੋਕਾਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਦਿੱਤੀ ਗਈ। ਕੁਝ ਹਫਤੇ ਪਹਿਲਾਂ ਤੱਕ ਇਹ ਦਾਅਵੇ ਕੀਤੇ ਜਾ ਰਹੇ ਸਨ ਕਿ ਕੋਵਿਡ-19 ਦੀ ਮਹਾਮਾਰੀ 'ਤੇ ਕਾਬੂ ਪਾ ਲਿਆ ਗਿਆ ਅਤੇ ਭਾਰਤ ਦੁਨੀਆ ਦੇ ਸਭ ਦੇਸ਼ਾਂ ਨੂੰ ਇਸ ਮਹਾਮਾਰੀ ਨਾਲ ਲੜਨ ਵਾਸਤੇ ਵੈਕਸੀਨ ਬਰਾਮਦ ਕਰੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਆਂਢੀ ਦੇਸ਼ਾਂ ਨੂੰ ਮੁਫਤ ਕਰੋਨਾ ਵੈਕਸੀਨ ਵੰਡ ਦੇ ਆਪਣੀ ਪਿੱਠ ਥਾਪੜ ਰਹੇ ਸਨ। ਭਾਰਤ, ਸੰਯੁਕਤ ਰਾਸ਼ਟਰ ਮਹਾਸਭਾ ਵਿਚ ਦਾਅਵਾ ਕਰ ਕੇ ਮਾਣ ਮਹਿਸੂਸ ਕਰ ਰਿਹਾ ਸੀ ਕਿ ਉਸ ਨੇ ਆਪਣੇ ਲੋਕਾਂ ਨੂੰ ਕੋਵਿਡ ਰੋਕੂ ਟੀਕੇ ਲਾਉਣ ਦੀ ਬਜਾਇ ਸੰਸਾਰ ਨੂੰ ਕਿਤੇ ਵੱਧ ਗਿਣਤੀ 'ਚ ਵੈਕਸੀਨ ਦੀ ਸਪਲਾਈ ਕੀਤੀ ਹੈ।

ਹੁਣ ਹਾਲਾਤ ਇਹ ਹੈ ਕਿ ਪੰਜਾਬ ਸਣੇ ਵੱਡੀ ਗਿਣਤੀ ਸੂਬੇ ਵੈਕਸੀਨ ਦੀ ਥੁੜ ਲਈ ਕੇਂਦਰ ਅੱਗੇ ਤਰਲੇ ਮਾਰ ਰਹੇ ਹਨ। ਕੇਂਦਰ ਸਰਕਾਰ ਲੋਕਾਂ ਨੂੰ ਵੈਕਸੀਨ ਦੇਣ ਦੇ ਆਪਣੇ ਟੀਚੇ ਨੂੰ 20 ਫੀਸਦੀ ਵੀ ਹਾਸਲ ਨਹੀਂ ਕਰ ਸਕੀ। ਸਰਕਾਰਾਂ ਪਿਛਲੇ ਸਾਲ ਵਾਂਗ ਆਮ ਲੋਕਾਂ ਉਤੇ ਪਾਬੰਦੀਆਂ ਲਾ ਕੇ ਹੀ ਕਰੋਨਾ ਨੂੰ ਮਾਤ ਦੇਣ ਉਤੇ ਜ਼ੋਰ ਪਾਉਣ ਲੱਗੀਆਂ ਹਨ। ਪੰਜਾਬ ਵਿਚ ਨਿੱਤ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਜਾ ਰਿਹਾ ਹੈ। ਰਾਤ 8 ਵਜੋਂ ਤੋਂ ਸਵੇਰੇ 5 ਵਜੇ ਤੱਕ ਕਰਫਿਊ ਲਾ ਸਖਤੀ ਵਰਤੀ ਜਾ ਰਹੀ ਹੈ।

ਹਸਪਤਾਲਾਂ ਵਿਚ ਆਮ ਬਿਮਾਰੀਆਂ ਵਾਲੇ ਮਰੀਜ਼ਾਂ ਦਾ ਦਾਖਲਾ ਬੰਦ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਦਾ ਹਾਲ ਉਹੀ ਹੈ ਜੋ ਪਿਛਲੇ ਸਾਲ ਕਰੋਨਾ ਦੇ ਪਹਿਲੇ ਹੱਲੇ ਸਮੇਂ ਸੀ। ਪ੍ਰਧਾਨ ਮੰਤਰੀ ਰਾਸ਼ਟਰ ਦੇ ਨਾਮ ਸੰਬੋਧਨ ਵਿਚ ਲੋਕਾਂ ਨੂੰ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣ ਲਈ ਵਾਸਤੇ ਪਾ ਰਹੇ ਹਨ। ਲੋਕਾਂ ਨੂੰ ਘਰਾਂ ਵਿਚ ਬੰਦ ਰਹਿਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਹੁਣ ਸਵਾਲ ਇਹ ਹੈ ਕਿ ਇਕ ਸਾਲ ਦੇ ਲੰਮੇ ਸਮੇਂ ਵਿਚ ਸਰਕਾਰਾਂ ਇਸ ਮਹਾਮਾਰੀ ਦੇ ਟਾਕਰੇ ਲਈ ਕੀ ਪ੍ਰਬੰਧ ਕਰ ਸਕੀਆਂ ਹਨ। ਜਿਨ੍ਹਾਂ ਕਰੋਨਾ ਦਵਾਈਆਂ ਦਾ ਨਾਮ ਜਪਿਆ ਜਾ ਰਿਹਾ ਸੀ, ਉਸ ਦੀਆਂ ਦੋਵੇਂ ਖੁਰਾਕਾਂ ਲੈਣ ਦੇ ਬਾਵਜੂਦ ਮਰੀਜ਼ ਇਸ ਮਹਾਮਾਰੀ ਦਾ ਸ਼ਿਕਾਰ ਹੋ ਰਹੇ ਹਨ।

ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਵੈਕਸੀਨ ਦੇ ਨਾਲ-ਨਾਲ ਦਵਾਈਆਂ, ਬੈੱਡਾਂ ਅਤੇ ਇਥੋਂ ਤੱਕ ਕਿ ਆਕਸੀਜਨ ਦੀ ਵੀ ਕਮੀ ਹੈ। ਇਹੀ ਨਹੀਂ,

*(ਬਾਕੀ ਸਫਾ 6 ਉਤੇ)*

### ਆਕਸੀਜਨ ਬਾਰੇ ਮੋਦੀ ਸਰਕਾਰ ਨੂੰ ਹੁਕਮ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਮੋਦੀ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਕੋਵਿਡ-19 ਦੇ ਗੰਭੀਰ ਮਰੀਜ਼ਾਂ ਦਾ ਇਲਾਜ ਕਰ ਰਹੇ ਕੌਮੀ ਰਾਜਧਾਨੀ ਦੇ ਉਨ੍ਹਾਂ ਨੂੰ ਹਸਪਤਾਲਾਂ ਨੂੰ ਫੌਰਨ ਕਿਸੇ ਵੀ ਢੰਗ ਨਾਲ ਆਕਸੀਜਨ ਮੁਹੱਈਆ ਕਰਵਾਈ ਜਾਵੇ ਜੋ ਇਸ ਗੈਸ ਦੀ ਕਮੀ ਨਾਲ ਜੂਝ ਰਹੇ ਹਨ। ਹਾਈ ਕੋਰਟ ਨੇ ਕਿਹਾ, 'ਕੇਂਦਰ ਹਾਲਾਤ ਦੀ ਗੰਭੀਰਤਾ ਨੂੰ ਕਿਉਂ ਨਹੀਂ ਸਮਝ ਰਿਹਾ? ਇਸ ਗੱਲ ਤੋਂ ਸਾਰੇ ਹੈਰਾਨ ਤੇ ਨਿਰਾਸ਼ ਹਨ ਕਿ ਹਸਪਤਾਲਾਂ 'ਚ ਆਕਸੀਜਨ ਖਤਮ ਹੋ ਰਹੀ ਹੈ ਪਰ ਸਟੀਲ ਪਲਾਂਟ ਚੱਲ ਰਹੇ ਹਨ।' ਜਸਟਿਸ ਵਿਪਿਨ ਸਾਂਘੀ ਅਤੇ ਜਸਟਿਸ ਰੇਖਾ ਪੱਲੀ ਦੇ ਬੈਂਚ ਨੇ ਕਿਹਾ ਕਿ ਆਕਸੀਜਨ ਦੀ ਸਪਲਾਈ ਯਕੀਨੀ ਬਣਾਉਣ ਦੀ ਜ਼ਿੰਮਵਾਰੀ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੇ ਮੋਢਿਆਂ 'ਤੇ ਹੈ ਅਤੇ ਜ਼ਰੂਰਤ ਹੈ ਤਾਂ ਇਸਪਾਤ ਤੇ ਪੈਟਰੋਲੀਅਮ ਸਮੇਤ ਸਾਰੇ ਉਦਯੋਗਾਂ ਦੀ ਸਾਰੀ ਆਕਸੀਜਨ ਦੀ ਸਪਲਾਈ ਮੈਡੀਕਲ ਵਰਤੋਂ ਲਈ ਕੀਤੀ ਜਾ ਸਕਦੀ ਹੈ।

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

MOVING To INDIANA?
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਬੇਅਦਬੀ ਕਾਂਡ: ਨਵੀਂ 'ਸਿਟ' ਨੇ ਫਿਲਹਾਲ ਸ਼ੁਰੂ ਨਾ ਕੀਤੀ ਪੜਤਾਲ

**ਫਰੀਦਕੋਟ:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਅਤੇ ਫਿਰ ਬੇਅਦਬੀ ਕਰਨ ਦੇ ਮਾਮਲੇ ਦੀ ਪੜਤਾਲ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਡੀ.ਆਈ.ਜੀ. ਐਸ.ਪੀ.ਐਸ. ਪਰਮਾਰ ਦੀ ਅਗਵਾਈ ਵਿਚ ਬਣੀ ਜਾਂਚ ਟੀਮ ਨੇ ਪੜਤਾਲ ਪ੍ਰਕਿਰਿਆ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਨਮੋਲ ਰਤਨ ਸਿੰਘ ਨੇ ਆਖਿਆ ਕਿ 4 ਜਨਵਰੀ 2021 ਨੂੰ ਡੀ.ਆਈ.ਜੀ. ਰਣਧੀਰ ਸਿੰਘ ਖੱਟੜਾ ਦੀ ਥਾਂ ਕਿਸੇ ਹੋਰ ਪੁਲਿਸ ਅਧਿਕਾਰੀ ਨੂੰ ਜਾਂਚ ਟੀਮ ਦੀ ਅਗਵਾਈ ਸੌਂਪੀ ਜਾਵੇ। ਜਿਸ 'ਤੇ ਪੰਜਾਬ ਸਰਕਾਰ ਨੇ ਡੀ.ਆਈ.ਜੀ. ਐਸ.ਪੀ.ਐਸ. ਪਰਮਾਰ ਨੂੰ ਬੇਅਦਬੀ ਕਾਂਡ ਦੀ ਜਾਂਚ ਲਈ ਟੀਮ ਦਾ ਮੁਖੀ ਲਾ ਦਿੱਤਾ ਸੀ ਪਰ ਜਾਂਚ ਟੀਮ ਬਣਨ ਤੋਂ 60 ਦਿਨ ਬਾਅਦ ਵੀ ਪੜਤਾਲ ਟੀਮ ਘਟਨਾ ਸਥਾਨ 'ਤੇ ਨਹੀਂ ਪੁੱਜੀ ਅਤੇ ਨਾ ਹੀ ਪੜਤਾਲ ਪ੍ਰਕਿਰਿਆ ਸ਼ੁਰੂ ਕੀਤੀ ਹੈ ਜਦੋਂਕਿ ਇਲਾਕਾ ਮੈਜਿਸਟਰੇਟ ਦੀ ਅਦਾਲਤ ਪੜਤਾਲ ਮੁਕੰਮਲ ਹੋਣ ਦਾ ਇੰਤਜ਼ਾਰ ਕਰ ਰਹੀ ਹੈ। ਦੱਸਣਯੋਗ ਹੈ ਕਿ ਰਣਧੀਰ ਸਿੰਘ ਖੱਟੜਾ ਨੇ ਬੇਅਦਬੀ ਕਾਂਡ ਵਿਚ 6 ਜੁਲਾਈ 2020 ਨੂੰ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ 11 ਵਿਅਕਤੀਆਂ ਖਿਲਾਫ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਿੱਟ ਨੰ: 19787 ਦਾ ਫੈਸਲਾ ਕਰਦਿਆਂ ਇਸ ਚਲਾਨ ਨੂੰ ਰੱਦ ਕਰ ਦਿੱਤਾ ਸੀ।

ਇਸ ਤੋਂ ਪਹਿਲਾਂ ਇਸ ਮਾਮਲੇ ਦੀ ਸੀ.ਬੀ.ਆਈ. ਵੀ ਪੜਤਾਲ ਕਰ ਚੁੱਕੀ ਹੈ ਅਤੇ ਸੀ.ਬੀ.ਆਈ. ਨੇ ਆਪਣੀ ਰਿਪੋਰਟ ਵਿਚ ਮਾਮਲੇ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ। ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਰਾਹੀਂ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈ ਲਈ ਸੀ ਪਰ ਪੜਤਾਲ ਵਾਪਸ ਲੈਣ ਤੋਂ ਤਿੰਨ ਮਹੀਨੇ ਬਾਅਦ ਵੀ ਸਰਕਾਰ ਇਸ ਮਾਮਲੇ ਵਿਚ ਆਪਣੀ ਕੋਈ ਪ੍ਰਗਤੀ ਨਹੀਂ ਦਿਖਾ ਸਕੀ।

ਜਾਂਚ ਟੀਮ ਦੇ ਮੁਖੀ ਐਸ.ਪੀ.ਐਸ. ਪਰਮਾਰ ਨੇ ਆਖਿਆ ਕਿ ਬੇਅਦਬੀ ਕਾਂਡ ਦੀ ਪੜਤਾਲ ਪੂਰੀ ਤਨਦੇਹੀ ਨਾਲ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਤਿੰਨ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਉਹ ਇਸ ਪੜਤਾਲ ਦਾ ਕੋਈ ਵੀ ਨੁਕਤਾ ਜਨਤਕ ਤੌਰ 'ਤੇ ਸਾਂਝਾ ਨਹੀਂ ਕਰ ਸਕਦੇ।

ਇਕ ਹੋਰ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੀ.ਬੀ.ਆਈ. ਨੇ ਉਹਨਾਂ ਨੂੰ ਸਮੇਂ ਸਿਰ ਰਿਕਾਰਡ ਨਹੀਂ ਦਿੱਤਾ ਜਿਸ ਕਰਕੇ ਪੜਤਾਲ ਵਿਚ ਕੁਝ ਦੇਰੀ ਹੋਈ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਕਾਂਡ ਦੀ ਇਸ ਤੋਂ ਪਹਿਲਾਂ ਹੋਈ ਪੜਤਾਲ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਬੇਅਦਬੀ ਕਾਂਡ ਦੇ ਕਸੂਰਵਾਰਾਂ ਖਿਲਾਫ ਚਲਾਨ ਅਦਾਲਤ ਵਿਚ ਆ ਸਕਦਾ ਹੈ।

### ਕੈਪਟਨ ਤੇ ਬਾਦਲਾਂ ਤੋਂ ਬਦਲਾ ਲਵੇਗਾ ਸਿੱਖ ਭਾਈਚਾਰਾ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਘਟਨਾ ਨਾਲ ਜੁੜੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡਾਂ ਦੇ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਵੱਲੋਂ ਖੇਡੇ ਜਾ ਰਹੇ ਫਿਕਸ ਮੈਚ ਨੇ ਸਿੱਖਾਂ ਨੂੰ ਨਿਰਾਸ਼ ਕੀਤਾ ਹੈ। ਰਾਜ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਦੇ ਲੋਕ ਅਤੇ ਸਿੱਖ, ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲਾਂ ਨੂੰ ਮੁਆਫ ਨਹੀਂ ਕਰਨਗੇ। ਦੋਹਾਂ ਪਾਰਟੀਆਂ ਨੂੰ ਇਸ ਦਾ ਖਮਿਆਜ਼ਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਭੁਗਤਣਾ ਪਵੇਗਾ। ਸ੍ਰੀ ਢੀਂਡਸਾ ਨੇ ਕਿਹਾ ਕਿ ਸੂਬੇ ਵਿਚ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਪੰਜਾਬ ਦੇ ਲੋਕ ਮਹਿਸੂਸ ਕਰ ਰਹੇ ਹਨ ਕਿ ਕਾਂਗਰਸ ਅਤੇ ਬਾਦਲ ਪਰਿਵਾਰ ਵਿਚਾਲੇ ਗੁਪਤ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਮਾਮਲੇ ਵਿਚ ਬਾਦਲਾਂ ਅਤੇ ਕੈਪਟਨ ਦੀ ਪਹੁੰਚ ਦਾ ਪਰਦਾਫਾਸ਼ ਕਰੇਗੀ।

# ਕੋਟਕਪੂਰਾ ਗੋਲੀ ਕਾਂਡ: ਫੂਲਕਾ ਵੱਲੋਂ ਖੁੱਲ੍ਹੀ ਚਿੱਠੀ ਰਾਹੀਂ ਕਾਰਵਾਈ 'ਤੇ ਤਿੱਖੇ ਸਵਾਲ

**ਲੁਧਿਆਣਾ:** ਬੇਅਦਬੀ ਕਾਂਡ ਸਬੰਧੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਕਾਂਗਰਸ ਪਾਰਟੀ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ। ਉਨ੍ਹਾਂ ਕਾਂਗਰਸ ਨੂੰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਬੇਅਦਬੀ, ਬਹਿਬਲ ਗੋਲੀ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਕਸੂਰਵਾਰਾਂ ਨੂੰ ਸਜਾ ਦੇਣ ਦਾ ਵਾਅਦਾ ਯਾਦ ਕਰਵਾਇਆ। ਉਂਜ ਉਨ੍ਹਾਂ 'ਸਿਟ' ਦੀ ਕਾਰਵਾਈ 'ਤੇ ਵੀ ਸਵਾਲ ਚੁੱਕੇ।



ਉਨ੍ਹਾਂ ਚਿੱਠੀ ਵਿਚ ਆਖਿਆ ਕਿ ਅਗਸਤ 2018 ਦੌਰਾਨ ਵਿਧਾਨ ਸਭਾ 'ਚ ਬਹਿਸ ਤੋਂ ਬਾਅਦ ਉਨ੍ਹਾਂ ਇਹ ਗੱਲ ਕਹੀ ਸੀ ਕਿ ਵਿਧਾਨ ਸਭਾ ਵਿਚ ਪਾਸ ਹੋਏ ਮਤਿਆਂ ਵਿਚ ਅਜਿਹੀਆਂ ਕਾਨੂੰਨੀ ਕਮੀਆਂ ਛੱਡੀਆਂ ਗਈਆਂ ਹਨ, ਜਿਸ ਦਾ ਮੁਲਜ਼ਮ ਪੂਰਾ ਫਾਇਦਾ ਚੁੱਕਣਗੇ ਪਰ ਉਦੋਂ ਕਾਂਗਰਸੀ ਆਗੂਆਂ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਇਸ ਦੇ ਰੋਸ ਵਜੋਂ ਹੀ ਉਨ੍ਹਾਂ (ਮੈਂ) ਵਿਧਾਇਕ ਵਜੋਂ ਅਸਤੀਫਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਢਾਈ ਸਾਲ ਬਾਅਦ ਮਤਿਆਂ 'ਚ ਕਾਨੂੰਨੀ ਕਮੀਆਂ ਹੋਣ ਦੀ ਗੱਲ ਸਹੀ ਨਿਕਲੀ, ਜਿਸ ਦਾ ਫਾਇਦਾ ਮੁਲਜ਼ਮ ਲੈ ਗਏ ਅਤੇ ਐਸ.ਆਈ.ਟੀ. ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਸਾਰੀ ਮਿਹਨਤ 'ਤੇ ਪਾਣੀ ਫਿਰ ਗਿਆ। ਉਨ੍ਹਾਂ ਆਖਿਆ ਕਿ 'ਸਿਟ' ਦੀ ਰਿਪੋਰਟ ਨੂੰ ਹਾਈ ਕੋਰਟ ਨੇ ਇਸ ਕਰਕੇ ਖਾਰਜ ਕਰ ਦਿੱਤਾ ਕਿਉਂਕਿ ਇਸ 'ਤੇ ਮਹਿਜ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਦਸਤਖ਼ਤ ਕੀਤੇ ਸਨ ਤੇ ਬਾਕੀ ਮੈਂਬਰਾਂ ਨੇ ਉਸ 'ਤੇ ਦਸਤਖ਼ਤ ਨਹੀਂ ਕੀਤੇ ਸਨ। ਇਹ 'ਸਿਟ' ਕਾਂਗਰਸ ਨੇ ਬਣਾਈ ਸੀ। ਇਸ ਲਈ ਕਾਂਗਰਸ ਦੀ ਜਵਾਬਦੇਹੀ ਬਣਦੀ ਹੈ ਕਿ ਉਹ ਦੱਸੇ ਕਿ 'ਸਿਟ' ਦੇ ਹੋਰਨਾਂ ਮੈਂਬਰਾਂ ਨੇ ਜਾਂਚ ਰਿਪੋਰਟ 'ਤੇ ਦਸਤਖ਼ਤ ਕਿਉਂ ਨਹੀਂ ਕੀਤੇ? ਹਾਲਾਂਕਿ ਅਗਸਤ 2018 ਵਿਚ ਸਰਕਾਰ ਨੇ ਇਹ ਪੜਤਾਲ ਤਿੰਨ ਮਹੀਨੇ ਵਿਚ ਮੁਕੰਮਲ ਕਰਨ ਦਾ ਐਲਾਨ ਕੀਤਾ ਸੀ ਪਰ ਅੱਜ ਢਾਈ ਸਾਲ ਬਾਅਦ ਵੀ ਜਾਂਚ ਨਹੀਂ ਹੋਈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ 'ਸਿਟ' ਦੇ ਹੋਰ ਮੈਂਬਰ ਇਹ ਕਹਿੰਦੇ ਹਨ ਕਿ ਕੁੰਵਰ ਵਿਜੈ ਪ੍ਰਤਾਪ ਨੇ ਪੜਤਾਲ ਸਹੀ ਨਹੀਂ ਕੀਤੀ, ਜਿਸ ਕਰਕੇ ਉਨ੍ਹਾਂ ਦਸਤਖ਼ਤ ਨਹੀਂ ਕੀਤੇ ਤਾਂ ਉਹ ਇਹ ਵੀ ਦੱਸਣ ਉਨ੍ਹਾਂ ਢਾਈ ਸਾਲ 'ਚ ਕੀਤਾ। ਕੀ ਉਨ੍ਹਾਂ ਦਾ ਫਰਜ਼ ਨਹੀਂ ਸੀ ਇਸ ਕੇਸ ਦੀ ਜਾਂਚ ਕੀਤੀ ਜਾਵੇ? ਉਨ੍ਹਾਂ ਦਾ ਕੰਮ ਮਹਿਜ ਕੁੰਵਰ ਵਿਜੈ ਪ੍ਰਤਾਪ ਦੀ ਪੜਤਾਲ ਵਿਚ ਨੁਕਸ ਕੱਢਣਾ ਅਤੇ ਮੁਲਜ਼ਮਾਂ ਨੂੰ ਫਾਇਦਾ ਪਹੁੰਚਾਉਣਾ ਸੀ? ਹਾਈ ਕੋਰਟ ਨੇ 'ਸਿਟ' ਦੇ ਸਮੂਹ ਮੈਂਬਰਾਂ ਨੂੰ ਪਾਰਟੀ ਬਣਾਇਆ ਪਰ ਕੁੰਵਰ ਵਿਜੈ ਪ੍ਰਤਾਪ ਸਿੰਘ ਤੋਂ ਬਗੈਰ ਕਿਸੇ ਵੀ ਮੈਂਬਰ ਨੇ ਹਾਈ ਕੋਰਟ ਵਿਚ ਹਲਫ਼ਨਾਮਾ ਨਹੀਂ ਦਿੱਤਾ। ਇਸ ਗੱਲ ਦਾ ਮੁਲਜ਼ਮ ਧਿਰ ਨੇ ਪੂਰੀ ਫਾਇਦਾ ਚੁੱਕਿਆ ਅਤੇ ਮੁਲਜ਼ਮਾਂ ਨੇ ਅਦਾਲਤ 'ਚ ਆਖਿਆ ਕਿ 'ਸਿਟ' ਦੇ ਬਾਕੀ ਮੈਂਬਰ ਇਸ ਰਿਪੋਰਟ ਨਾਲ ਸਹਿਮਤ ਨਹੀਂ ਹਨ। ਸ੍ਰੀ ਫੂਲਕਾ ਕਿਹਾ ਕਿ ਪੰਜਾਬ ਸਰਕਾਰ ਦਾ ਫਰਜ਼ ਬਣਦਾ ਸੀ ਕਿ ਉਹ 'ਸਿਟ' ਦੇ ਬਾਕੀ ਮੈਂਬਰਾਂ ਤੋਂ ਵੀ ਹਲਫ਼ਨਾਮਾ ਲਿਆ ਜਾਂਦਾ ਪਰ ਇਸ ਵਿਚ ਸਰਕਾਰ ਤੇ ਸਰਕਾਰ ਦੇ ਵਕੀਲਾਂ ਦੀ ਟੀਮ ਪੂਰੀ ਤਰ੍ਹਾਂ ਨਾਕਾਮ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲੀਆ ਰਿਪੋਰਟ 'ਤੇ ਦਸਤਖ਼ਤ ਨਾ ਕਰਨ ਵਾਲੇ 'ਸਿਟ' ਮੈਂਬਰਾਂ ਖਿਲਾਫ ਕਾਰਵਾਈ ਕਰੇ ਅਤੇ ਉਨ੍ਹਾਂ ਦੀ ਜਾਂਚ ਚੀਫ ਵਿਜੀਲੈਂਸ ਕਮਿਸ਼ਨਰ ਨੂੰ ਸੌਂਪੀ ਜਾਵੇ। ਇਹ ਪੜਤਾਲ ਕੀਤੀ ਜਾਵੇ ਕਿ ਉਨ੍ਹਾਂ ਹਲਫ਼ਨਾਮਾ ਆਖਰ ਕਿਉਂ ਨਹੀਂ ਦਿੱਤਾ। ਉਨ੍ਹਾਂ ਆਖਿਆ ਕਿ ਹੁਣ ਤੱਕ ਦੀ ਕਾਨੂੰਨੀ ਕਾਰਵਾਈ ਤੋਂ ਸਪਸ਼ਟ ਹੋ ਗਿਆ ਹੈ ਕਿ ਸਰਕਾਰ ਦੇ ਕਾਨੂੰਨੀ ਮਾਹਿਰਾਂ ਦੀ ਟੀਮ ਬੁਰੀ ਤਰ੍ਹਾਂ ਫੇਲ੍ਹ ਹੋ ਗਈ।

### ਨਿਆਂਪਾਲਕਾ ਦਾ ਮਜ਼ਾਕ ਉਡਾ ਰਹੇ ਬਾਦਲ ਤੇ ਕੈਪਟਨ: ਚੀਮਾ

**ਪਟਿਆਲਾ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਕਿਹਾ ਕਿ ਬਾਦਲ ਪਰਿਵਾਰ ਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦਿਆਂ ਕਥਿਤ ਨਿਆਇਕ ਪ੍ਰਣਾਲੀ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਹਾਈ ਕੋਰਟ ਵੱਲੋਂ ਰੱਦ ਕਰਨ ਦਾ ਮਾਮਲਾ ਵੀ ਇਨ੍ਹਾਂ ਦੋਵਾਂ ਪਰਿਵਾਰਾਂ ਵੱਲੋਂ ਖੇਡੀ ਗਈ ਇਕ ਨਾਪਾਕ ਖੇਡ ਹੈ, ਜਿਸ ਨੂੰ ਸਮਝਣਾ ਜਰੂਰੀ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਵਰਗੇ ਇਮਾਨਦਾਰ ਅਫਸਰ ਨੂੰ ਅਜਿਹੀ ਸਥਿਤੀ 'ਚ ਲਿਆ ਕੇ ਖੜ੍ਹਾ ਕਰ ਦਿੱਤਾ, ਜਿਥੇ ਉਸ ਕੋਲ ਅਸਤੀਫੇ ਤੋਂ ਬਿਨਾਂ ਕੋਈ ਰਾਹ ਨਹੀਂ ਬਚਿਆ।





ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ

ਸੰਪਰਕ ਕਰੋ, ਮਿਸਟਰ ਸਿੰਘ

ਫੋਨ: 608-886-2500

12+

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

13-16+

# ਬੇਅਦਬੀ ਮਾਮਲਾ: 'ਆਪਣੀਆਂ' ਨੇ ਹੀ ਘੇਰੀ ਕਾਂਗਰਸ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਸਭ ਤੋਂ ਵੱਧ ਚਰਚਿਤ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਮਾਮਲੇ ਵਿਚ ਹਾਈਕੋਰਟ ਵੱਲੋਂ ਐਸ.ਆਈ.ਟੀ. ਦੀ ਜਾਂਚ ਰਿਪੋਰਟ ਰੱਦ ਕਰਨ ਅਤੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਤੋਂ ਬਿਨਾਂ ਨਵੀਂ ਐਸ.ਆਈ.ਟੀ. ਬਣਾਏ ਜਾਣ ਦੇ ਆਦੇਸ਼ਾਂ ਤੋਂ ਬਾਅਦ ਸੂਬੇ ਦਾ ਸਿਆਸੀ ਮਾਹੌਲ ਭਖਿਆ ਹੋਇਆ ਹੈ। ਚੋਣਾਂ ਤੋਂ ਤਕਰੀਬਨ 8 ਮਹੀਨੇ ਪਹਿਲਾਂ ਬਣ ਰਹੇ ਅਜਿਹੇ ਮਾਹੌਲ ਨੇ ਕਾਂਗਰਸ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਕਾਂਗਰਸ ਦੇ ਆਪਣੇ ਵਿਧਾਇਕ ਸਰਕਾਰ ਦੀ ਨਾਲਾਇਕੀ ਤੋਂ ਖਫਾ ਨਜ਼ਰ ਆ ਰਹੇ ਹਨ।

ਕਾਂਗਰਸੀ ਵਿਧਾਇਕ ਨਵਜੋਤ ਸਿੱਧੂ ਨੇ ਆਪਣੀ ਸਰਕਾਰ ਖਿਲਾਫ ਤੇਵਰ ਤਿੱਖੇ ਕਰ ਲਏ ਹਨ ਜਦਕਿ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਨੇ ਵੀ ਸਰਕਾਰ ਨੂੰ ਹਲੂਣਾ ਦਿੱਤਾ ਸੀ। ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੁੜ ਆਖਿਆ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਨਵੇਂ ਸਿਰਿਓਂ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇ। ਉਨ੍ਹਾਂ ਐਡਵੋਕੇਟ ਜਨਰਲ 'ਤੇ ਮੁੜ ਉਂਗਲ ਚੁੱਕੀ ਹੈ।ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਤਾਂ ਸਰਕਾਰ ਉਤੇ ਵੱਡੇ ਸਵਾਲ ਚੁੱਕੇ ਹਨ। ਇਸ ਸਬੰਧੀ ਬਿੱਟੂ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ ਵਿਚ ਉਹ ਕਹਿੰਦੇ ਹਨ, 'ਕੈਪਟਨ ਸਾਬ੍ਹ! ਛੇ ਮਹੀਨੇ ਰਹਿ ਗਏ, ਹੁਣ ਤਾਂ ਕੁਝ ਕਰ ਲਓ, ਨਹੀਂ ਤਾਂ ਲੋਕਾਂ ਨੇ ਸਾਨੂੰ ਪਿੰਡਾਂ ਵਿਚ ਨਹੀਂ ਵੜਨ ਦੇਣਾ।' ਹੁਣ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਫੇਸਬੁੱਕ 'ਤੇ ਕਰੀਬ 21 ਮਿੰਟ ਲਾਈਵ ਹੋ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਗੱਲਾਂ-ਗੱਲਾਂ ਵਿਚ ਵੱਡੇ ਸਵਾਲ ਕੀਤੇ। ਬਿੱਟੂ ਨੇ ਕਿਹਾ ਕਿ ਕੈਪਟਨ ਸਾਬ੍ਹ ਹੁਣ ਵੀ ਕੁਝ ਕਰ ਲਓ, ਨਹੀਂ ਤਾਂ ਪਿੱਛੇ ਰਹਿ ਜਾਵਾਂਗੇ।

ਬਿੱਟੂ ਨੇ ਵੀਡੀਓ ਦੀ ਸ਼ੁਰੂਆਤ ਵਿਚ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਅੱਜ ਵੀ ਉਨ੍ਹਾਂ ਨੂੰ ਭਰੋਸਾ ਹੈ ਕਿ ਬੇਅਦਬੀ ਕਾਂਡ ਵਿਚ ਇਨਸਾਫ ਮਿਲੇਗਾ। ਉਨ੍ਹਾਂ ਕਿਹਾ ਕੈਪਟਨ ਦੇ ਪਰਿਵਾਰ ਨੇ ਪੰਥ ਲਈ ਜੋ ਕੁਰਬਾਨੀਆਂ ਦਿੱਤੀਆਂ ਹਨ, ਉਹ ਸਾਰੇ ਜਾਣਦੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਚਾਹੇ ਤਾਂ ਇਸ ਮਾਮਲੇ 'ਚ ਕੁਝ ਵੀ ਕਰ ਸਕਦੀ ਹੈ। ਜੇ ਸਰਕਾਰ ਨੇ ਕੋਈ ਵੱਡਾ ਕਦਮ ਨਾ ਚੁੱਕਿਆ ਤਾਂ ਉਨ੍ਹਾਂ ਨੂੰ ਵੀ ਉਸੇ ਕਟਹਿਰੇ 'ਚ ਖੜ੍ਹੇ ਹੋਣਾ ਪਵੇਗਾ, ਜਿਥੇ ਬਾਦਲ ਪਰਿਵਾਰ ਨੂੰ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤਾਂ ਚੋਣਾਂ ਨੂੰ 6 ਮਹੀਨੇ ਰਹਿ ਗਏ, ਇਸ ਲਈ ਸਖਤ ਕਦਮ ਚੁੱਕ ਕੇ ਬਾਦਲ ਪਰਿਵਾਰ ਖਿਲਾਫ ਕੇਸ ਦਰਜ ਕਰਨਾ ਚਾਹੀਦਾ ਹੈ। ਚੋਣ ਤੋਂ ਪਹਿਲਾਂ ਅਜਿਹਾ ਮਾਹੌਲ ਕਾਂਗਰਸ ਨੂੰ ਵੱਡੀ ਢਾਹ ਲਾ ਸਕਦਾ ਹੈ। ਸਰਕਾਰ ਵਾਅਦਾ ਖਿਲਾਫੀ ਦੇ ਮਾਮਲੇ 'ਤੇ ਪਹਿਲਾਂ ਹੀ ਘਿਰੀ ਹੋਈ ਹੈ।

ਦੱਸ ਦਈਏ ਕਿ ਪੰਜਾਬ 'ਚ ਫੈਲੇ ਨਸ਼ਿਆਂ ਦੇ ਕਾਰੋਬਾਰ, ਮਾਈਨਿੰਗ ਮਾਫੀਆ ਦੇ ਖਾਤਮੇ, ਕਿਸਾਨਾਂ ਦੀ ਕਰਜ਼ਾ ਮੁਆਫੀ, ਨੌਕਰੀਆਂ ਤੇ ਕਈ ਤਰ੍ਹਾਂ ਦੇ ਲੋਕ ਲੁਭਾਵਣੇ ਵਾਅਦਿਆਂ ਅਤੇ ਲਾਰਿਆਂ ਆਸਰੇ ਕਾਂਗਰਸ ਸੱਤਾ ਵਿਚ ਆਈ ਸੀ। ਖਾਸਕਰ ਬੇਅਦਬੀ ਮਾਮਲਿਆਂ ਉਤੇ ਲੋਕਾਂ ਨੂੰ ਪੂਰੀ ਆਸ ਸੀ ਕਿ ਕੈਪਟਨ ਸਰਕਾਰ ਇਸ ਮਾਮਲੇ ਵਿਚ ਇਨਸਾਫ ਦੁਆਏਗੀ। ਪਰ ਹੁਣ ਜਦੋਂ ਚੋਣਾਂ ਸਿਰ ਉਤੇ ਹਨ ਤਾਂ ਇਹ ਸਰਕਾਰ ਇਸ ਮਾਮਲੇ ਵਿਚ ਅਦਾਲਤ ਵਿਚ ਮੂਧੇ ਮੂੰਹ ਡਿੱਗੀ ਹੈ ਤੇ ਜਿਸ ਤਰ੍ਹਾਂ ਕਾਂਗਰਸ ਦੇ ਅੰਦਰ ਤੇ ਬਾਹਰ ਉਸ ਦਾ ਵਿਰੋਧ ਸ਼ੁਰੂ ਹੋਇਆ ਹੈ, ਉਸ ਤੋਂ ਜਾਪਦਾ ਹੈ ਕਿ ਇਸ ਫੈਸਲੇ ਦਾ ਸਭ ਤੋਂ ਵੱਧ ਰਾਜਨੀਤਕ ਨੁਕਸਾਨ ਕਾਂਗਰਸ ਨੂੰ ਹੀ ਹੋਵੇਗਾ।

**ਐਡਵੋਕੇਟ ਜਨਰਲ ਨੰਦਾ ਅਸਤੀਫਾ ਦੇਵੇ:** ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਦੇ ਐਡਵੋਕੇਟ ਜਨਰਲ ਨੂੰ ਵਾਰ ਵਾਰ ਕੇਸਾਂ 'ਚ ਮਿਲਦੀ ਅਸਫਲਤਾ ਦੀ ਜ਼ਿੰਮੇਵਾਰੀ ਲੈਂਦਿਆਂ ਤੁਰਤ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਬੀਬੀ ਭਗਵੰਤ ਕੌਰ ਸਿੱਧੂ ਦਾ ਦੇਹਾਂਤ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਮੋਢੀ ਮੈਂਬਰਾਂ ਵਿਚੋਂ ਇਕ ਸਰਦਾਰਨੀ ਭਗਵੰਤ ਕੌਰ ਸਿੱਧੂ ਪਤਨੀ ਮਰਹੂਮ ਸ. ਹਰਬੰਸ ਸਿੰਘ ਸਿੱਧੂ 19 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ। ਉਹ 87 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਪੁੱਤਰ ਦਿਲਰਾਜ ਸਿੰਘ ਤੇ ਨੂੰਹ ਨੈਂਸੀ, ਇੰਦਰਜੀਤ ਸਿੰਘ ਤੇ ਨੂੰਹ ਗੁਰਪ੍ਰੀਤ ਕੌਰ ਤੇ ਧੀ ਗੁਰਜੋਤ ਕੌਰ ਅਤੇ ਇਨ੍ਹਾਂ ਦੇ ਬੱਚੇ- ਜੀਵਨ, ਪ੍ਰਿਯਾ, ਜ਼ੋਰ, ਨਯਨਾ ਤੇ ਹਿੰਮਤ ਹਨ।



ਸਰਦਾਰਨੀ ਭਗਵੰਤ ਕੌਰ ਸਿੱਧੂ (6 ਨਵੰਬਰ 1933-19 ਅਪਰੈਲ 2021) ਦਾ ਸਸਕਾਰ 23 ਅਪਰੈਲ, ਸ਼ੁੱਕਰਵਾਰ ਨੂੰ ਬਾਅਦ ਦੁਪਹਿਰ 2 ਤੋਂ 4 ਵਜੇ ਦੇ ਵਿਚਕਾਰ 'ਡੇਵਨਪੋਰਟ ਫਿਊਨਰਲ ਹੋਮ, 941 ਸਾਊਥ ਓਲਡ ਰੈਂਡ ਰੋਡ, ਲੇਕ ਜ਼ਿਊਰਿਕ ਵਿਖੇ ਹੋਵੇਗਾ। ਕੋਵਿਡ-19 ਕਾਰਨ ਇਲੀਨਾਏ ਦੇ ਆਰਡੀਨੈਂਸ ਮੁਤਾਬਿਕ ਸਸਕਾਰ ਮੌਕੇ ਸੀਮਤ ਸਾਥੀ ਹੀ ਸ਼ਿਰਕਤ ਕਰ ਸਕਣਗੇ।

ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ ਜਾਰੀ ਪ੍ਰੈਸ ਰਿਲੀਜ਼ ਅਨੁਸਾਰ, ਸਰਦਾਰਨੀ ਭਗਵੰਤ ਕੌਰ ਸਿੱਧੂ ਨਮਿਤ ਅੰਤਿਮ ਅਰਦਾਸ 23 ਅਪਰੈਲ, ਦਿਨ ਸ਼ੁੱਕਰਵਾਰ ਨੂੰ ਸ਼ਾਮੀਂ 5 ਤੋਂ 6:30 ਵਜੇ ਤੱਕ 'ਸਿੱਖ ਰਿਲੀਜੀਅਸ ਸੁਸਾਇਟੀ, 1280 ਵਿਨੇਟਕਾ ਸਟ੍ਰੀਟ, ਪੈਲਾਟਾਈਨ, ਇਲੀਨਾਏ 60067' ਵਿਖੇ ਹੋਵੇਗੀ।

## ਕਰੋਨਾ ਪੀੜਤਾਂ ਨੂੰ ਘਰ ਖਾਣਾ ਮੁਹੱਈਆ ਕਰਵਾ ਰਿਹੈ ਨੋਇਡਾ ਦਾ ਗੁਰਦੁਆਰਾ

**ਨੋਇਡਾ:** ਕਰੋਨਾ ਦੇ ਵਧਦੇ ਕੇਸਾਂ ਤੇ ਹਸਪਤਾਲਾਂ ਵਿਚ ਬਿਸਤਰਿਆਂ ਦੀ ਘਾਟ ਕਾਰਨ ਮਰੀਜ਼ ਘਰਾਂ ਵਿਚ ਹੀ ਰਹਿਣ ਲਈ ਮਜਬੂਰ ਹਨ। ਇਥੋਂ ਦੇ ਸੈਕਟਰ-18 ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੇ ਅਜਿਹੇ ਮਰੀਜ਼ਾਂ ਲਈ ਪਹਿਲਕਦਮੀ ਕੀਤੀ ਹੈ। ਇਸ ਗੁਰਦੁਆਰੇ ਦੇ ਸੇਵਾਦਾਰਾਂ ਵਲੋਂ ਕਰੋਨਾ ਮਰੀਜ਼ਾਂ ਨੂੰ ਦਿਨ ਵਿਚ ਦੋ ਸਮੇਂ ਦਾ ਖਾਣਾ ਉਨ੍ਹਾਂ ਦੇ ਦਰਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਗੁਰਦੁਆਰੇ ਦੇ ਹੈੱਡ ਗ੍ਰੰਥੀ ਗਿਆਨੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਸੇਵਾ ਪਿਛਲੇ ਸਾਲ ਸਤੰਬਰ ਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਰੋਨਾ ਦੇ ਹਾਲਤ ਸੁਧਰਨ ਕਾਰਨ ਇਹ ਸੇਵਾ ਕੁਝ ਸਮੇਂ ਲਈ ਬੰਦ ਕਰ ਦਿੱਤੀ ਸੀ ਜੋ ਹੁਣ ਮੁੜ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਨੂੰ ਨੋਇਡਾ ਤੋਂ ਹਟ ਕੇ ਵੀ ਫੋਨ ਆ ਰਹੇ ਹਨ ਪਰ ਸੇਵਾਦਾਰਾਂ ਦੀ ਘਾਟ ਕਾਰਨ ਉਹ ਦੂਰ ਰਹਿੰਦੇ ਮਰੀਜ਼ਾਂ ਨੂੰ ਖਾਣਾ ਮੁਹੱਈਆ ਨਹੀਂ ਕਰਵਾ ਸਕਦੇ।


ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

Restaurant Help

Immediately hiring Kitchen Helper & Dishwasher for Indian restaurant in Indiana.

Good Salary and free accommodation.

ਸੰਪਰਕ ਕਰੋ: ਟੋਨੀ


ਫੋਨ: 317-340-1470

17-20



Low Interest Rates in History

No Cost Refinancing Available!



Call Madan Khatri

Ph: 847-530-1550

Madan@MoonstarMortgage.com

IL and CA Mortgage Loan Licensee

We Works From Start to End!

Madan Khatri
NMLS # 1980752

Moonstar Mortgage Inc.

MOONSTAR Mortgage

953 Plum Grove Road, Unit B, Schaumburg, IL 60173



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.

866-424-4000

OUR OFFICES

- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

Business Immigration & Worksite Compliance
ਬਿੰਜਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਡਾ. ਤ੍ਰੇਹਨ ਕਤਲ ਕੇਸ ‘ਚੋਂ ਵਲਟੋਹਾ ਬਰੀ

**ਤਰਨ ਤਾਰਨ:** ਸਾਬਕਾ ਅਕਾਲੀ ਵਿਧਾਇਕ ਤੇ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਵਿਰਸਾ ਸਿੰਘ ਵਲਟੋਹਾ ਨੂੰ ਅਦਾਲਤ ਨੇ ਤਕਰੀਬਨ 38 ਸਾਲ ਪੁਰਾਣੇ ਪੱਟੀ ਸ਼ਹਿਰ ਦੇ ਡਾਕਟਰ ਸੁਦਰਸ਼ਨ ਤ੍ਰੇਹਨ ਦੇ ਕਤਲ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਅਕਾਲੀ ਆਗੂ ਖਿਲਾਫ ਇਹ ਕੇਸ ਕੈਪਟਨ ਅਮਰਿੰਦਰ ਸਿੰਘ ਦੇ ਮੁੜ ਸੱਤਾ ਵਿੱਚ ਆਉਣ ‘ਤੇ ਕਰੀਬ ਸਵਾ ਦੋ ਸਾਲ ਪਹਿਲਾਂ ਖੋਲ੍ਹਿਆ ਗਿਆ ਸੀ।

ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਇਹ ਸਭ ਕੁਝ ਉਨ੍ਹਾਂ ਦੇ ਸਿਆਸੀ ਜੀਵਨ ‘ਤੇ ਦਾਗ ਲਗਾਉਣ ਅਤੇ ਉਨ੍ਹਾਂ ਨੂੰ ਮਾਨਸਿਕ ਤੌਰ ‘ਤੇ ਪਰੇਸ਼ਾਨ ਕਰਨ ਲਈ ਗਿਣੀ ਮਿਥੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ। ਇਸ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ‘ਤੇ ਦੁਬਾਰਾ ਚਲਾਨ ਪੇਸ਼ ਕੀਤਾ ਗਿਆ ਜਦਕਿ ਇਸ ਕੇਸ ’ਚੋਂ ਸੈਸ਼ਨ ਅਦਾਲਤ ਅੰਮ੍ਰਿਤਸਰ ਨੇ ਉਨ੍ਹਾਂ ਨੂੰ 1991 ਵਿਚ ਜ਼ਮਾਨਤ ਦੇ ਦਿੱਤੀ ਸੀ। ਮਗਰੋਂ ਸਬੰਧਤ ਅਦਾਲਤ ਨੇ ਉਨ੍ਹਾਂ ਨੂੰ ਇਸ ਕੇਸ ’ਚੋਂ ਬਰੀ ਕਰ ਦਿੱਤਾ ਗਿਆ ਸੀ।

ਸ੍ਰੀ ਵਲਟੋਹਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਕੇਸ ਵਿਚ ਗਲਤ ਫਸਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਆਪਣੇ ਵਕੀਲਾਂ ਦਾ ਧੰਨਵਾਦ ਕੀਤਾ। ਸ੍ਰੀ ਵਲਟੋਹਾ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਨਾਲ ਹੋਈ ਇਸ ਵਧੀਕੀ ‘ਤੇ ਕੋਈ ਵੀ ਪੰਥਕ ਧਿਰ ਜਾਂ ਪੰਥਕ ਆਗੂ ਕੁਝ ਨਹੀਂ ਬੋਲਿਆ।

# ਅਮਰੀਕਾ ਅਤੇ ਚੀਨ ਜਲਵਾਯੂ ਤਬਦੀਲੀ ਦੇ ਸੰਕਟ ‘ਤੇ ਸਹਿਯੋਗ ਲਈ ਸਹਿਮਤ

**ਸਿਓਲ (ਦੱਖਣੀ ਕੋਰੀਆ):** ਦੁਨੀਆਂ ਦੇ ਸਭ ਤੋਂ ਵੱਡੇ ਕਾਰਬਨ ਪ੍ਰਦੂਸ਼ਕ ਅਮਰੀਕਾ ਅਤੇ ਚੀਨ ਨੇ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਹੋਰ ਦੇਸ਼ਾਂ ਨਾਲ ਸਹਿਯੋਗ ਕਰਨ ਉਤੇ ਸਹਿਮਤੀ ਪ੍ਰਗਟਾਈ ਹੈ। ਦੋਵੇਂ ਦੇਸਾਂ ਦਰਮਿਆਨ ਅਜਿਹੇ ਸਮੇਂ ਇਹ ਸਹਿਮਤੀ ਬਣੀ ਹੈ, ਜਦੋਂ ਕੁਝ ਹੀ ਦਿਨਾਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਜਲਵਾਯੂ ਤਬਦੀਲੀ ਉਤੇ ਚਰਚਾ ਲਈ ਵਿਸ਼ਵ ਦੇ ਨੇਤਾਵਾਂ ਨਾਲ ਡਿਜੀਟਲ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਨਗੇ। ਬਾਈਡਨ ਨੇ ਚੀਨੀ ਰਾਸ਼ਟਰਪਤੀ ਸੀ ਜਿਨਪਿੰਗ ਸਮੇਤ ਵਿਸ਼ਵ ਦੇ 40 ਆਗੂਆਂ ਨੂੰ ਸੰਮੇਲਨ ਲਈ ਸੱਦਾ ਦਿੱਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਮੁਤਾਬਕ ਜਲਵਾਯੂ ਤਬਦੀਲੀ ਸਬੰਧੀ ਮਾਮਲਿਆਂ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਜਾਨ ਕੇਰੀ ਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸਿਏ ਝੇਨਹੁਆ ਪਿਛਲੇ ਹਫਤੇ ਸੰਘਾਈ ‘ਚ ਦੋ ਦਿਨਾਂ ਗੱਲਬਾਤ ਦੇ ਦੌਰਾਨ ਸਹਿਮਤੀ ‘ਤੇ ਪੁੱਜੇ।


KULJEET (KJ) SINGH
Managing Broker Realtor

Interested in:
■Buying ■Selling
■Investing ■Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ ’ਤੇ ਦੇਣੀ, ਜਾਇਦਾਦ ’ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ


Kuljeet Singh

Over 20 Years of Experience
Contact Information:
Cell: 224-305-3250
Email: ksingh4622@gmail.com
Serving All Chicagoland & Surrounding Suburbs
Looking for new agents.


# ਟੈਕਸਾਸ ਵਿਚ ਹੋਈ ਗੋਲੀਬਾਰੀ ਨੇ ਲਈ ਤਿੰਨ ਵਿਅਕਤੀਆਂ ਦੀ ਜਾਨ

**ਆਸਟਿਨ, ਟੈਕਸਾਸ (ਬਿਊਰੋ):** ਆਸਟਿਨ ਵਿਚ ਐਤਵਾਰ ਨੂੰ ਹੋਈ ਇੱਕ ਘਰੇਲੂ ਗੋਲੀਬਾਰੀ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਇਹ ਘਟਨਾ ਗ੍ਰੇਟ ਹਿਲਜ਼ ਟਰਾਇਲ ਦੇ 9600 ਬਲਾਕ ਵਿਚ ਸਥਾਨਕ ਸਮੇਂ ਅਨੁਸਾਰ ਸਵੇਰੇ 11:40 ਵਜੇ ਵਾਪਰੀ। ਗੋਲੀਬਾਰੀ ਦੀ ਸੂਚਨਾ ਪਿਛੋਂ ਅਧਿਕਾਰੀ ਮੌਕੇ ‘ਤੇ ਪਹੁੰਚੇ ਤਾਂ ਇੱਕ ਅਪਾਰਟਮੈਂਟ ਦੀ ਇਮਾਰਤ ਦੇ ਬਾਹਰ ਦੋ ਔਰਤਾਂ ਤੇ ਇੱਕ ਆਦਮੀ ਗੋਲੀ ਲੱਗਣ ਕਾਰਨ ਮ੍ਰਿਤਕ ਮਿਲੇ।

ਆਸਟਿਨ ਦੇ ਪੁਲਿਸ ਮੁਖੀ ਜੋਸੇਫ ਚਾਕਨ ਅਨੁਸਾਰ ਕਥਿਤ ਸ਼ੱਕੀ, ਸਟੀਫਨ ਨਿਕੋਲਸ ਬਰੂਡਰਿਕ (41) ਅਜੇ ਵੀ ਹਿਰਾਸਤ ਤੋਂ ਬਾਹਰ ਹੈ। ਚਾਕਨ ਨੇ ਕਿਹਾ ਕਿ ਜਾਂਚ ਅਜੇ ਜਾਰੀ ਹੈ ਅਤੇ ਅਧਿਕਾਰੀ ਸੁਰਾਗ ਦੀ ਭਾਲ ਕਰ ਰਹੇ ਹਨ, ਪਰ ਪੁਸ਼ਟੀ ਕੀਤੀ ਗਈ ਕਿ ਗੋਲੀਬਾਰੀ ਘਰੇਲੂ ਕਿਸਮ ਦੀ ਹੈ ਅਤੇ ਸ਼ੱਕੀ ਵਿਅਕਤੀ ਨੇ ਕਥਿਤ ਤੌਰ ‘ਤੇ ਤਿੰਨ ਪੀੜਤਾਂ ਨੂੰ ਨਿਸ਼ਾਨਾ ਬਣਾਇਆ ਹੈ। ਹਮਲਾਵਰ ਟ੍ਰੈਵਿਸ ਕਾਊਂਟੀ ਸ਼ੈਰਿਫ ਵਿਭਾਗ ਵਿਚ ਇੱਕ ਸਾਬਕਾ ਡਿਪਟੀ ਸੀ।

# ਅਮਰੀਕਾ ਦੀ ਮੋਸਟ ਵਾਂਟੇਡ ਸੂਚੀ ‘ਚ ਬਖਸ਼ੀਸ਼ ਸਿੱਧੂ ਦਾ ਨਾਂ ਸ਼ਾਮਲ

**ਵੈਨਕੂਵਰ:** ਸਰੀ ਵਿਚਲੇ ਮਨੀ ਐਕਸਚੇਂਜ ਦੇ ਮਾਲਕ ਬਖਸ਼ੀਸ਼ ਸਿੰਘ ਸਿੱਧੂ ਦਾ ਨਾਂ ਅਮਰੀਕਾ ਦੀ ਮੋਸਟ ਵਾਂਟੇਡ ਦੋਸ਼ੀਆਂ ਦੀ ਸੂਚੀ ਵਿਚ ਆਇਆ ਹੈ। ਉਸ ‘ਤੇ ਦੋਸ਼ ਹਨ ਕਿ ਕੁਝ ਸਾਲ ਪਹਿਲਾਂ ਉਹ ਅਮਰੀਕਾ, ਮੈਕਸੀਕੋ ਤੇ ਕੈਨੇਡਾ ਵਿਚ ਨਸ਼ਾ ਤਸਕਰਾਂ ਵਿਚ ਪੈਸੇ ਦਾ ਲੈਣ-ਦੇਣ ਅਤੇ ਹਵਾਲਾ ਕਾਰੋਬਾਰ ਕਰਦਾ ਰਿਹਾ। ਉਸ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵਾਇਰਲ ਹੋਈ ਫੋਟੋ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਜ਼ਿਕਰਯੋਗ ਹੈ ਕਿ ਸਰੀ ਵਿਚ ਬਸੰਤ ਫਾਰੈਕਸ ਦੇ ਨਾਮ ਹੇਠ ਲੋਕਾਂ ਦੀਆਂ ਰਕਮਾਂ ਭਾਰਤ ਭੇਜਣ ਜਾਂ ਮੰਗਵਾਉਣ ਦਾ ਧੰਦਾ ਕਰਦੇ ਬਖਸ਼ੀਸ਼ ਸਿੰਘ ਸਿੱਧੂ ਵਿਰੁੱਧ ਦੋਸ਼ ਹਨ ਕਿ ਕੁਝ ਸਾਲ ਪਹਿਲਾਂ ਉਸ ਨੇ ਉੱਤਰੀ ਅਮਰੀਕਾ ਵਿਚਲੇ ਨਸ਼ਾ ਤਸਕਰਾਂ ਵਿਚ ਪੈਸੇ ਦੇ ਲੈਣ-ਦੇਣ ਵਿਚ ਅਹਿਮ ਭੂਮਿਕਾ ਨਿਭਾਈ ਤੇ ਦੋ ਚੱਕਰਾਂ ਵਿਚ 11 ਲੱਖ ਡਾਲਰ ਲਾਸ ਵੇਗਾਸ ਪਹੁੰਚਾਏ।

ਦੋਸ਼ ਪੱਤਰ ਵਿਚ ਦੱਸਿਆ ਗਿਆ ਕਿ ਅਮਰੀਕਨ ਭਾਈਵਾਲ ਨਾਲ ਉਸ ਦੀ ਗੱਲ ਕੋਡ ਭਾਸ਼ਾ ਵਿਚ ਹੁੰਦੀ ਸੀ ਤਾਂ ਕਿ ਕਿਸੇ ਹੋਰ ਨੂੰ ਸਮਝ ਨਾ ਲੱਗ ਸਕੇ। ਸੰਪਰਕ ਕਰਨ ‘ਤੇ ਸ੍ਰੀ ਸਿੱਧੂ ਦਾ ਕਹਿਣਾ ਹੈ ਕਿ ਉਸ ਨੂੰ ਆਪਣੇ ‘ਤੇ ਲੱਗੇ ਦੋਸ਼ਾਂ ਬਾਰੇ ਮੀਡੀਆ ਰਾਹੀਂ ਪਤਾ ਲੱਗਿਆ। ਉਸ ਨੇ ਇਸ ‘ਤੇ ਹੋਰ ਟਿੱਪਣੀ ਕਰਨ ਤੋਂ ਨਾਂਹ ਕੀਤੀ।

ਪੰਜਾਬ ਟਾਈਮਜ਼

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5’-3” ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ ‘ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453 13-16

## ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

## ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

# ਅਮਰੀਕਾ ਦੀ ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਸਲਾਹ

**ਵਾਸ਼ਿੰਗਟਨ:** ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਦੀ ਸਲਾਹ ਦਿੱਤੀ ਹੈ। ਸੈਂਟਰ ਫਾਰ ਡਿਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਨੇ ਯਾਤਰੀਆਂ ਲਈ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਜੇ ਕਿਸੇ ਨੂੰ ਕਰੋਨਾ ਰੋਕੂ ਟੀਕੇ ਵੀ ਲੱਗ ਚੁੱਕੇ ਹਨ ਤਾਂ ਵੀ ਉਹ ਭਾਰਤ ਜਾਣ ਤੋਂ ਪਰਹੇਜ਼ ਕਰਨ ਕਿਉਂਕਿ ਭਾਰਤ ਵਿਚ ਕਰੋਨਾ ਵੱਡੇ ਪੱਧਰ ‘ਤੇ ਫੈਲ ਚੁੱਕਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੋਈ ਅਮਰੀਕੀ ਕਿਸੇ ਕਾਰਨ ਭਾਰਤ ਜਾਂਦਾ ਹੈ ਤਾਂ ਉਹ ਮਾਸਕ ਪਾਵੇ, ਹਰੇਕ ਤੋਂ ਛੇ ਫੁੱਟ ਦੀ ਦੂਰੀ ਰੱਖੇ ਤੇ ਆਪਣੇ ਹੱਥ ਲਗਾਤਾਰ ਧੋਵੇ।



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Imperial Tax Services
29090 Currier Ave., Westland, MI 48186
Individual & Small Business
Tax Returns
Visa, OCI, Renunciation & Passport Applications.
Citizenship Forms, Sponsorship & Power of Attorneys.
IRS AUTHORIZED NOTARY PUBLIC
Call or Text to make an appointment
Paramvir Singh
(Master’s degree in Mathematics)
Ph: 206-475-6075
Email: Imperialtaxservices81@Yahoo.com
9-12

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਪੰਜਾਬ ਦੀਆਂ ਸਿਆਸੀ ਧਿਰਾਂ ਦਲਿਤ ਵੋਟਰਾਂ 'ਤੇ ਡੋਰੇ ਪਾਉਣ ਲੱਗੀਆਂ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਧਿਰਾਂ ਦਲਿਤ ਵੱਸੋਂ ਉਤੇ ਡੋਰੇ ਪਾਉਣ ਲਈ ਸਰਗਰਮ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਦਲਿਤ ਪੱਤਾ ਖੇਡਦਿਆਂ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਵਿਚ ਆਉਣ 'ਤੇ ਦਲਿਤ ਪਰਿਵਾਰ ਵਿਚੋਂ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ। ਜਦ ਕਿ ਭਾਜਪਾ ਨੇ ਇਸ ਤੋਂ ਇਕ ਕਦਮ ਅੱਗੇ ਜਾਂਦੇ ਹੋਏ ਆਖ ਦਿੱਤਾ ਹੈ ਕਿ ਜਿੱਤ ਤੋਂ ਬਾਅਦ ਮੁੱਖ ਮੰਤਰੀ ਦੀ ਕੁਰਸੀ ਦਲਿਤ ਆਗੂ ਨੂੰ ਸੌਂਪੀ ਜਾਵੇਗੀ। ਜਿਸ ਪਿੱਛੋਂ ਕਾਂਗਰਸ ਵੱਲੋਂ ਦਲਿਤਾਂ ਲਈ ਲੋਕ ਲਭਾਊ ਸਕੀਮਾਂ ਦੀ ਛੜੀ ਲਾਉਣੀ ਸ਼ੁਰੂ ਕਰ ਦਿੱਤੀ ਹੈ।



ਇਨ੍ਹਾਂ ਐਲਾਨਾਂ ਪਿੱਛੋਂ ਰਾਜ ਵਿਚ ਚੋਣਾਂ ਦੀ ਚਰਚਾ ਨੂੰ ਵੱਡੀਆਂ ਸਿਆਸੀ ਪਾਰਟੀਆਂ ਨੇ ਹੋਰ ਵੀ ਹਵਾ ਦੇ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਦੇ ਐਲਾਨ ਨੂੰ ਕਾਂਗਰਸ ਅਤੇ ਭਾਜਪਾ ਨੇ ਚੋਣ ਸਟੰਟ ਦਾ ਨਾਂ ਦਿੱਤਾ ਹੈ। ਸੂਬੇ ਵਿਚ 34 ਸੀਟਾਂ ਰਾਖਵੀਆਂ ਹਨ ਅਤੇ ਵਿਸ਼ੇਸ਼ ਤੌਰ ਉਤੇ ਦੁਆਬਾ ਖੇਤਰ ਵਿਚ ਦਲਿਤ ਭਾਈਚਾਰੇ ਦੀ ਵਸੋਂ ਵਧੇਰੇ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਐਲਾਨ ਵੀ ਕੀਤਾ ਹੈ ਕਿ ਸਰਕਾਰ ਦਾ 30 ਫੀਸਦੀ ਪੈਸਾ ਅਨੁਸੂਚਿਤ ਜਾਤੀਆਂ ਲਈ ਬਣਾਈਆਂ ਯੋਜਨਾਵਾਂ ਉਤੇ ਖਰਚ ਕੀਤਾ ਜਾਏਗਾ। ਜਿਸ ਨਾਲ ਸੂਬੇ ਵਿਚ ਜਾਤੀਵਾਦ ਦੇ ਹੋਰ ਵਧਣ ਦੀ ਸੰਭਾਵਨਾ ਵਧੇਰੇ ਬਣਦੀ ਨਜ਼ਰ ਆ ਰਹੀ ਹੈ।

ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਵਿਚ ਕੁਝ ਮਹੀਨੇ ਬਾਕੀ ਹਨ। ਸੂਬੇ ਦੀ 32-33 ਫੀਸਦੀ ਵਸੋਂ ਦਲਿਤ ਹੈ ਪਰ ਬਹੁਜਨ ਸਮਾਜ ਪਾਰਟੀ ਇਥੇ ਆਪਣਾ ਵੱਡਾ ਆਧਾਰ ਨਹੀਂ ਬਣਾ ਸਕੀ। ਪੰਜਾਬ ਦੇ ਦਲਿਤ ਕਾਂਗਰਸ, ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀਆਂ ਦੇ ਵੋਟਰ ਰਹੇ ਹਨ। ਸਿੱਖ ਧਰਮ ਦੇ ਪ੍ਰਭਾਵ ਕਾਰਨ ਪੰਜਾਬੀ ਸਮਾਜ ਜ਼ਿਆਦਾ ਜਮਹੂਰੀ ਹੈ ਅਤੇ ਦਲਿਤਾਂ ਨਾਲ ਹੁੰਦੇ ਵਿਤਕਰੇ ਉਨੇ ਤਿੱਖੇ ਨਹੀਂ ਜਿੰਨੇ ਦੂਸਰੇ ਸੂਬਿਆਂ ਵਿਚ ਹਨ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਪੰਜਾਬ ਦਾ ਅਗਲਾ ਉੱਪ ਮੁੱਖ ਮੰਤਰੀ ਦਲਿਤ ਹੋਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਦਲਿਤ ਵਰਗ ਵੱਲ ਵਿਸ਼ੇਸ਼ ਧਿਆਨ ਦੇਣ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾ. ਬੀ ਆਰ ਅੰਬੇਡਕਰ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤਰਫੋਂ ਸਾਰੀਆਂ ਸੂਬਾਈ ਯੋਜਨਾਵਾਂ ਵਿਚੋਂ ਘੱਟੋ-ਘੱਟ 30 ਫੀਸਦੀ ਫੰਡ ਪੰਜਾਬ ਦੀ ਅਨੁਸੂਚਿਤ ਜਾਤੀ ਵਸੋਂ ਦੀ ਭਲਾਈ ਲਈ ਖਰਚੇ ਜਾਣਗੇ। ਮੁੱਖ ਮੰਤਰੀ ਨੇ ਸੂਬਾ ਪੱਧਰੀ ਵਰਚੁਅਲ ਸਮਾਗਮ ਦੌਰਾਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਨੂੰ ਸਰਧਾ ਦੇ ਫੁੱਲ ਭੇਟ ਕਰਦਿਆਂ ਸਾਰੇ ਵਿਭਾਗਾਂ ਵਿਚ ਐੱਸ.ਸੀ. ਅਸਾਮੀਆਂ ਦਾ ਬੈਕਲਾਗ ਪਹਿਲ ਦੇ ਆਧਾਰ 'ਤੇ ਭਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਸਿਯਾਜੀਰਾਓ ਗਾਇਕਵਾੜ ਵੱਲੋਂ ਸਥਾਪਤ ਸਕੀਮ ਤਹਿਤ ਬਾਬਾ ਸਾਹਿਬ ਨੂੰ ਦਿੱਤੀ ਗਈ ਬੜੌਦਾ ਸਟੇਟ ਸਕਾਲਰਸ਼ਿਪ ਸਕੀਮ ਦੀ ਤਰਜ਼ 'ਤੇ ਐਸ.ਸੀ. ਵਿਦਿਆਰਥੀਆਂ ਲਈ 'ਪੋਸਟ-ਮੈਟਿਰਕ ਓਵਰਸੀਜ ਸਕਾਲਰਸ਼ਿਪ' ਸਕੀਮ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਵੀ ਵਾਅਦਾ ਕੀਤਾ। ਮੁੱਖ ਮੰਤਰੀ ਨੇ ਵਿੱਤੀ ਸਾਲ 2022 ਲਈ ਪੇਂਡੂ ਲਿੰਕ ਸੜਕਾਂ ਲਈ 500 ਕਰੋੜ ਰੁਪਏ ਦੀ ਲਾਗਤ ਵਾਲੇ ਵਿਸ਼ੇਸ਼ ਪ੍ਰੋਜੈਕਟ ਦਾ ਵੀ ਐਲਾਨ ਕੀਤਾ। ਇਸ ਪ੍ਰੋਜੈਕਟ ਰਾਹੀਂ ਸ਼ਮਸ਼ਾਨ ਘਾਟ ਅਤੇ ਪੂਜਾ ਸਥਾਨ ਵੀ ਜੋੜੇ ਜਾਣਗੇ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੀ 50 ਫੀਸਦੀ ਤੋਂ ਵੱਧ ਅਬਾਦੀ ਵਾਲੇ ਪਿੰਡਾਂ ਦੇ ਆਧੁਨਿਕੀਕਰਨ ਲਈ ਸਾਲ 2021-22 ਵਿਚ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਪ੍ਰਸਤਾਵਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਬਾਰ੍ਹਵੀਂ ਜਮਾਤ ਦੇ ਸਾਰੇ ਐਸ.ਸੀ. ਵਿਦਿਆਰਥੀਆਂ ਨੂੰ ਸਮਾਰਟ ਫੋਨ ਦਿੱਤੇ ਜਾਣਗੇ ਜਦਕਿ ਡੇਅਰੀ ਫਾਰਮਿੰਗ ਲਈ ਪ੍ਰੇਰਿਤ ਕਰਨ ਵਾਸਤੇ 9 ਟ੍ਰੇਨਿੰਗ ਅਤੇ ਐਕਸਟੈਨਸ਼ਨ ਸੈਂਟਰਾਂ ਵਿਚ ਪਿੰਡ ਪੱਧਰੀ 150 ਜਾਗਰੂਕਤਾ ਕੈਂਪ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 'ਹਰ ਘਰ ਪੱਕੀ ਛੱਤ' ਹੇਠ ਪਿੰਡਾਂ ਵਿਚ ਐਸ.ਸੀ. ਅਰਜ਼ੀਆਂ ਲਈ 30 ਫੀਸਦੀ ਰਾਖਵਾਂਕਰਨ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਵਾਜਬ ਕੀਮਤਾਂ ਵਾਲੀ ਹਾਊਸਿੰਗ ਸਕੀਮ ਵਿਚ ਵੀ 30 ਫੀਸਦੀ ਰਾਖਵਾਂਕਰਨ ਦੇਣਾ ਪ੍ਰਸਤਾਵਿਤ ਕੀਤਾ ਹੈ। ਸਿਵਲ ਸਰਵਿਸਿਜ ਸਮੇਤ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਜਲੰਧਰ ਵਿੱਚ ਡਾ. ਬੀ ਆਰ ਅੰਬੇਡਕਰ ਇੰਸਟੀਚਿਊਟ ਆਫ ਟ੍ਰੇਨਿੰਗ ਸਥਾਪਤ ਕਰਨ ਦੀ ਯੋਜਨਾ ਹੈ ਜਿੱਥੇ ਐਸ.ਸੀ. ਪਰਿਵਾਰਾਂ ਨਾਲ ਸਬੰਧਤ ਉਮੀਦਵਾਰਾਂ ਲਈ 50 ਫੀਸਦੀ ਸੀਟਾਂ ਰਾਖਵੀਆਂ ਹੋਣਗੀਆਂ।

ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਛਾਣ ਦੀ ਸਿਆਸਤ ਤੋਂ ਦੂਰ ਰਹਿਣ। ਅਕਾਲੀ ਦਲ ਦੀ ਸਰਕਾਰ ਆਉਣ 'ਤੇ ਦਲਿਤ ਨੂੰ ਉਪ ਮੁੱਖ ਮੰਤਰੀ ਬਣਾਉਣ ਦੇ ਬਿਆਨ 'ਤੇ ਸ੍ਰੀ ਤਿਵਾੜੀ ਨੇ ਸੁਖਬੀਰ ਨੂੰ ਸੁਆਲ ਕੀਤਾ ਕਿ ਦਲਿਤ ਨੂੰ ਸਿਰਫ ਉਪ ਮੁੱਖ ਮੰਤਰੀ ਹੀ ਕਿਉਂ ਬਣਾਇਆ ਜਾਵੇਗਾ, ਮੁੱਖ ਮੰਤਰੀ ਕਿਉਂ ਨਹੀਂ? ਤਿਵਾੜੀ ਨੇ ਕਿਹਾ ਕਿ ਜਦੋਂ ਪਛਾਣ ਦੀ ਸਿਆਸਤ ਦੀ ਗੱਲ ਤੋਰੀ ਜਾਂਦੀ ਹੈ, ਤਾਂ ਸਪੱਸ਼ਟ ਤੌਰ 'ਤੇ ਲੋਕ ਪੁੱਛਣਗੇ ਕਿ ਪੱਛੜੀ ਸ਼੍ਰੇਣੀ ਨਾਲ ਸਬੰਧਤ ਕੋਈ ਵਿਅਕਤੀ ਸੂਬੇ ਦਾ ਮੁੱਖ ਮੰਤਰੀ ਕਿਉਂ ਨਹੀਂ ਬਣ ਸਕਦਾ? ਉਨ੍ਹਾਂ ਸੁਖਬੀਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪਛਾਣ ਦੀ ਸਿਆਸਤ ਦੇਸ਼ ਤੇ ਸੱਭਿਆਚਾਰ ਲਈ ਸਮੱਸਿਆ ਬਣ ਚੁੱਕੀ ਹੈ ਅਤੇ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਤਿੰਨ ਸ਼ਬਦਾਂ 'ਤੇ ਟਿਕੀ ਪੰਜਾਬ ਦੀ ਵਿਚਾਰਧਾਰਾ ਖਿਲਾਫ ਹੈ।

## ਅਕਾਲੀ ਦਲ ਤੇ ਭਾਜਪਾ ਦੇ ਵਾਅਦੇ ਬੇਤੁਕੇ: ਅਮਰਿੰਦਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵੱਲੋਂ ਚੁਣੇ ਜਾਣ ਦੀ ਸੂਰਤ ਵਿਚ ਸਰਕਾਰ ਵਿਚ ਦਲਿਤ ਆਗੂਆਂ ਨੂੰ ਕ੍ਰਮਵਾਰ ਉਪ ਮੁੱਖ ਮੰਤਰੀ/ਮੁੱਖ ਮੰਤਰੀ ਬਣਾਏ ਜਾਣ ਦੇ ਵਾਅਦਿਆਂ ਨੂੰ ਬੇਤੁਕੇ ਚੋਣ ਹਥਕੰਡੇ ਗਰਦਾਨਿਆ ਹੈ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ 10 ਵਰ੍ਹਿਆਂ ਦੌਰਾਨ ਸੂਬੇ ਵਿੱਚ ਦਲਿਤਾਂ ਦੀ ਭਲਾਈ ਯਕੀਨੀ ਬਣਾਉਣ ਵਿਚ ਨਾਕਾਮ ਰਹੀਆਂ ਹਨ ਅਤੇ ਹੁਣ 2022 ਦੀਆਂ ਚੋਣਾਂ 'ਤੇ ਅੱਖ ਰੱਖਦੇ ਹੋਏ ਦਲਿਤ ਭਾਈਚਾਰੇ ਨੂੰ ਭਰਮਾਉਣ ਲਈ ਸਿਆਸੀ ਡਰਾਮੇਬਾਜੀ 'ਤੇ ਉਤਰ ਆਈਆਂ ਹਨ। ਕੈਪਟਨ ਨੇ ਇਸ ਵਾਅਦੇ ਨੂੰ ਵੋਟਾਂ ਦੇ ਮੱਦੇਨਜਰ ਲੋਕਾਂ ਨੂੰ ਗੁਮਰਾਹ ਕਰਨ ਦੀ ਇਕ ਸਿਆਸੀ ਚਾਲ ਦੱਸਿਆ।

## 'ਦਲਿਤ ਫੰਡਾਂ 'ਚ ਘੁਟਾਲੇ ਵਾਲੇ ਦਲਿਤਾਂ 'ਤੇ ਸਿਆਸਤ ਕਰ ਰਹੇ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੈਪਟਨ ਅਤੇ ਬਾਦਲਾਂ 'ਤੇ ਹਮੇਸ਼ਾ ਦਲਿਤਾਂ ਦੇ ਨਾਮ 'ਤੇ ਰਾਜਨੀਤੀ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਚਮੁਚ ਦਲਿਤਾਂ ਦਾ ਫਿਕਰ ਹੁੰਦਾ ਤਾਂ ਅੱਜ ਪੰਜਾਬ 'ਚ ਦਲਿਤਾਂ ਦੀ ਹਾਲਤ ਮਾੜੀ ਨਾ ਹੁੰਦੀ। ਸ਼੍ਰੋਮਣੀ ਅਕਾਲੀ ਦਲ ਨੇ ਦਸ ਸਾਲ ਅਤੇ ਕੈਪਟਨ ਸਰਕਾਰ ਨੇ ਚਾਰ ਸਾਲਾਂ ਵਿਚ ਦਲਿਤਾਂ ਦੀ ਸਥਿਤੀ ਸੁਧਾਰਨ ਲਈ ਕੋਈ ਠੋਸ ਕੰਮ ਨਹੀਂ ਕੀਤਾ ਪਰ ਹੁਣ ਜਦੋਂ ਵਿਧਾਨ ਸਭਾ ਚੋਣਾਂ ਨੇੜੇ ਆ ਗਈਆਂ ਤਾਂ ਦਲਿਤਾਂ ਦੀ ਯਾਦ ਆ ਰਹੀ ਹੈ।

# ਸਿੱਧੂ ਜੋੜੇ ਦੀਆਂ ਸਰਗਰਮੀਆਂ ਨੇ ਸਿਆਸਤ ਵਿਚ ਛੇੜੀ ਨਵੀਂ ਚਰਚਾ

**ਪਟਿਆਲਾ:** ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੇ ਪਤਨੀ ਨਵਜੋਤ ਕੌਰ ਸਿੱਧੂ ਵੱਲੋਂ ਇਕਦਮ ਵਧਾਈਆਂ ਸਿਆਸੀ ਸਰਗਰਮੀਆਂ ਦੇ ਚਰਚੇ ਜ਼ੋਰਾਂ ਉਤੇ ਹਨ। ਪਿਛਲੇ ਹਫਤੇ ਸਿੱਧੂ ਨੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਵਿਚ ਅਚਾਨਕ ਪ੍ਰੈਸ ਕਾਨਫਰੰਸ ਸੱਦ ਕੇ ਸਰਕਾਰ ਦੇ ਸਾਹ ਸਕਾ ਦਿੱਤੇ ਸਨ, ਹੁਣ ਉਨ੍ਹਾਂ ਦੀ ਪਤਨੀ ਨੇ ਪਟਿਆਲਾ ਵਿਚ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਯੂਥ ਕਾਂਗਰਸੀ ਆਗੂ ਸ਼ੈਰੀ ਰਿਆੜ ਦੇ ਦਫਤਰ ਦਾ ਉਦਘਾਟਨ ਕੀਤਾ।

ਡਾ. ਸਿੱਧੂ ਦਾ ਕਹਿਣਾ ਹੈ ਕਿ ਇਹ ਦਫਤਰ ਖੋਲ੍ਹਣ ਦਾ ਮੁੱਖ ਮਕਸਦ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਹੱਲ ਯਕੀਨੀ ਬਣਾਉਣਾ ਹੈ। ਮੰਡੀਆਂ 'ਚ ਬਾਰਦਾਨੇ ਅਤੇ ਪਾਸ ਦੀ ਤੋਟ ਕਾਰਨ ਆ ਰਹੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਾਰੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣਗੇ। ਇਹੀ ਨਹੀਂ ਸਿੱਧੂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਫਾਇਰਿੰਗ ਕੇਸਾਂ ਸਮੇਤ ਨਸ਼ਾ ਤਸਕਰੀ ਦੇ ਮਾਮਲਿਆਂ ਵਿਚ ਢਿੱਲੀ ਕਾਰਗੁਜ਼ਾਰੀ ਨੂੰ ਲੈ ਕੇ ਆਪਣੀ ਹੀ ਸਰਕਾਰ ਨੂੰ ਘੇਰਾ ਪਾ ਲਿਆ ਹੈ। ਸਿੱਧੂ ਨੇ ਕਿਹਾ ਕਿ ਪੰਜਾਬ ਦੀ ਸੱਤਾ ਵਿਚ ਕਾਂਗਰਸ ਦੀ ਵਾਪਸੀ ਲਈ ਇਹ ਦੋਵੇਂ ਮੁੱਦੇ ਕਾਫੀ ਅਹਿਮ ਸਨ, ਪਰ ਪੰਜਾਬ ਸਰਕਾਰ ਇਨ੍ਹਾਂ ਦੋਵਾਂ ਮਸਲਿਆਂ ਨੂੰ ਕਿਸੇ ਤਣ ਪੱਤਣ ਲਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮਾਂ 'ਸਿੱਟਾਂ' ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ 'ਚ ਬਾਕਾਇਦਾ ਦੋਸ਼ੀਆਂ ਦੇ ਨਾਮ ਅੰਕਿਤ ਕੀਤੇ ਗਏ ਸਨ, ਪਰ ਇਸ ਦੇ ਬਾਵਜੂਦ ਐਫ.ਆਈ.ਆਰ'ਜ ਵਿਚ ਦੋਸ਼ੀਆਂ ਦੇ ਨਾਮ ਨਾ ਸ਼ਾਮਲ ਕਰਨੇ, ਸਰਕਾਰ ਵੱਲੋਂ ਦੋਸ਼ੀਆਂ ਨੂੰ ਬਚਾਉਣ ਦੇ ਮਨਸੂਬਿਆਂ ਨੂੰ ਬਿਆਨ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ 'ਸਿੱਟ' ਦੀ ਰਿਪੋਰਟ ਨੂੰ ਜਨਤਕ ਕਰੇ। ਸਿੱਧੂ ਨੇ ਕਿਹਾ ਕਿ ਧਾਰਮਿਕ ਰਹੁ-ਰੀਤਾਂ ਅਤੇ ਪੰਜਾਬ ਦੀ ਨੌਜਵਾਨੀ ਨਾਲ ਜੁੜੇ ਹੋਣ ਕਰਕੇ ਇਹ ਦੋਵੇਂ ਮੁੱਦੇ ਬੜੇ ਅਹਿਮ ਹਨ, ਪਰ ਇਸ ਦੇ ਬਾਵਜੂਦ





ਸੰਜੀਦਗੀ ਨਾ ਵਿਖਾਉਣਾ ਦੋਸ਼ੀਆਂ ਨਾਲ ਸਰਕਾਰ ਦੀ ਗੰਢਤੁੱਪ ਵੱਲ ਇਸ਼ਾਰਾ ਕਰਦੀ ਹੈ। ਸਿੱਧੂ ਨੇ ਕਿਹਾ ਕਿ ਜੇ ਸਰਕਾਰ ਸਮਾਂ ਰਹਿੰਦਿਆਂ ਨਾ ਸੰਭਲ ਤਾਂ ਲੋਕ ਘੇਰ ਕੇ ਜਵਾਬ ਮੰਗਣਗੇ।

ਸਿੱਧੂ ਨੇ ਕਿਹਾ, 'ਮੈਂ ਇਹ ਮਾਮਲਾ ਪਹਿਲਾਂ ਵਿਧਾਨ ਸਭਾ 'ਚ ਵੀ ਚੁੱਕਿਆ ਸੀ, ਪਰ ਬੜਾ ਅਫਸੋਸ ਹੈ ਕਿ ਚਾਰ ਸਾਲਾਂ ਦੇ ਲੰਬੇ ਅਰਸੇ ਮਗਰੋਂ ਵੀ ਇਸ ਸਬੰਧੀ ਦਰਜ ਕੇਸਾਂ 'ਚ ਦੋਸ਼ੀਆਂ ਨੂੰ ਅਣਪਛਾਤੇ ਦੱਸ ਕੇ ਡੰਗ ਟਪਾਇਆ ਜਾ ਰਿਹਾ ਹੈ।' ਉਨ੍ਹਾਂ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਸਰਕਾਰ ਦੀ ਅਜਿਹੀ ਕੀ ਮਜਬੂਰੀ ਹੈ ਕਿ ਸਭ ਕੁਝ ਚਿੱਟੇ ਦਿਨ ਵਾਂਗ ਸਾਫ ਹੋਣ ਦੇ ਬਾਵਜੂਦ ਕੇਸਾਂ ਵਿਚ ਦੋਸ਼ੀਆਂ ਦੇ ਨਾਮ ਕਿਉਂ ਨਹੀਂ ਸ਼ਾਮਲ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੋਸ਼ੀਆਂ ਦੀ ਢਾਲ ਬਣਨ ਦਾ ਇਸ ਤੋਂ ਵੱਡਾ ਹੋਰ ਸਬੂਤ ਕੀ ਹੋ ਸਕਦਾ ਹੈ। ਸਿੱਧੂ ਨੇ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ, ਜਿੱਥੇ ਪਵਿੱਤਰ ਗ੍ਰੰਥਾਂ ਦੀ ਬੇਹੁਰਮਤੀ ਹੋਣਾ ਹੀ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੇ ਨਾਮ ਜੱਗ ਜ਼ਾਹਿਰ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਦਾ ਬਚਾਅ ਕਰਨਾ ਉਸ ਤੋਂ ਵੀ ਵੱਡਾ ਪਾਪ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੀ ਆਖਰ ਅਜਿਹੀ ਕੀ ਮਜਬੂਰੀ ਹੈ ਕਿ ਨਾਮ ਉਜਾਗਰ ਹੋਣ ਦੇ ਬਾਵਜੂਦ ਵੀ ਐਫ.ਆਈ.ਆਰਜ. ਵਿਚ ਦੋਸ਼ੀਆਂ ਦੇ ਨਾਮ ਸ਼ਾਮਲ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਅਜੇ ਵੀ ਆਪਣੀ ਗਲਤੀ ਦਰੁਸਤ ਕਰਨ ਦਾ ਸਮਾਂ ਹੈ। ਸਿੱਧੂ ਨੇ ਕਿਹਾ ਕਿ ਸਰਕਾਰ ਅਕਾਲੀਆਂ ਨੂੰ ਬਚਾਅ ਰਹੀ ਹੈ। ਉਨ੍ਹਾਂ ਕਿਹਾ ਕਿ ਚਿੱਟੇ (ਹੈਰੋਇਨ) ਦੀ ਤਸਕਰੀ ਵਿਚ ਜਗਦੀਸ਼ ਭੋਲੇ ਅਤੇ ਬਿੱਟੂ ਔਲਖ ਵਰਗੇ ਮੁਲਜ਼ਮਾਂ ਵੱਲੋਂ ਵਾਰ ਵਾਰ ਇੱਕ ਅਹਿਮ ਸ਼ਖਸ ਦਾ ਨਾਮ ਲਏ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਨਜਰਅੰਦਾਜ ਕਰਨਾ, ਇਸ ਸ਼ਖਸ ਨੂੰ ਬਚਾਉਣ ਦੀ ਸਿੱਧੀ ਕਾਰਵਾਈ ਹੈ। ਸਿੱਧੂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਨਸ਼ਾ ਤਸਕਰੀ ਨੂੰ ਨੱਥ ਪਾਉਣ ਦੀ ਗੱਲ ਕਰਦੀ ਹੈ, ਪਰ ਦੂਜੇ ਪਾਸੇ ਵੱਡੇ ਨਸ਼ਾ ਤਸਕਰਾਂ ਦੇ ਨਾਮ ਸਾਹਮਣੇ ਆਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਨੱਥ ਪਾਉਣ ਤੋਂ ਪੈਰ ਪਿਛਾਂਹ ਖਿੱਚਦੀ ਹੈ। ਉਨ੍ਹਾਂ ਕਿਹਾ ਕਿ ਹੁਣ ਏਦਾਂ ਨਹੀਂ ਸਰਨਾ, ਲੋਕਾਂ ਨੇ ਸਰਕਾਰ ਨੂੰ ਘੇਰ ਕੇ ਉਪਰੋਕਤ ਸਵਾਲਾਂ ਦੇ ਜਵਾਬ ਪੁੱਛਣੇ ਸ਼ੁਰੂ ਕਰ ਦੇਣੇ ਹਨ।

# ਉਮੀਦਵਾਰਾਂ ਦੇ ਐਲਾਨ ਵਿਚ 'ਕਾਹਲੀ' ਨੇ ਲਿਆਂਦਾ ਅਕਾਲੀ ਦਲ 'ਚ ਭੂਚਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਦਿਨੀਂ ਰਾਜ ਦੀ ਮੌਜੂਦਾ ਕਾਂਗਰਸ ਸਰਕਾਰ 'ਤੇ ਵਾਅਦਾ ਖਿਲਾਫੀ ਦੇ ਦੋਸ਼ ਲਗਾਉਂਦੇ ਹੋਏ 'ਪੰਜਾਬ ਮੰਗਦਾ ਜੁਆਬ' ਤਹਿਤ ਵਿਧਾਨ ਸਭਾ ਹਲਕਾਵਾਰ ਰੈਲੀਆਂ ਕਰਵਾਈਆਂ ਗਈਆਂ ਤੇ ਇਸ ਦੌਰਾਨ ਉਨ੍ਹਾਂ ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਭੱਜਣ ਦੇ ਦੋਸ਼ ਲਗਾਉਂਦੇ ਹੋਏ ਕਾਂਗਰਸ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ, ਉਥੇ ਆਉਂਦੀਆਂ 2022 ਦੀਆਂ ਚੋਣਾਂ ਲਈ ਪਾਰਟੀ ਦੇ 6 ਉਮੀਦਵਾਰਾਂ ਦਾ ਵੀ ਐਲਾਨ ਕੀਤਾ।

ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਪਾਰਟੀ ਪ੍ਰਧਾਨ ਵੱਲੋਂ ਆਪ ਮੁਹਾਰੇ ਇਸ ਤਰ੍ਹਾਂ ਰੈਲੀਆਂ ਦੀ ਸਟੇਜ ਤੋਂ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੋਵੇ, ਜਦ ਕਿ ਇਸ ਤੋਂ ਪਹਿਲਾਂ ਉਮੀਦਵਾਰਾਂ ਦੀ ਚੋਣ ਕਈ ਪੜਾਵਾਂ 'ਚੋਂ ਦੀ ਲੰਘਦੀ ਹੈ ਤੇ ਕੋਰ ਕਮੇਟੀ ਸਮੇਤ ਸਕਰੀਨਿੰਗ ਕਮੇਟੀ 'ਚ ਉਮੀਦਵਾਰਾਂ ਦੇ ਨਾਂ ਤੈਅ ਕੀਤੇ ਜਾਂਦੇ ਹਨ ਪਰ ਇਸ ਤਰ੍ਹਾਂ ਚੋਣਾਂ ਤੋਂ ਕਰੀਬ ਇਕ ਸਾਲ ਪਹਿਲਾਂ ਉਮੀਦਵਾਰਾਂ ਦਾ ਐਲਾਨ ਹੀ ਨਹੀਂ ਕਰਨਾ ਸਗੋਂ ਮੰਤਰੀ ਅਹੁਦੇ ਦੇਣ ਤੱਕ ਦੇ ਵਾਅਦੇ ਕਰਨੇ ਵੀ ਪਾਰਟੀ ਦੇ ਸੀਨੀਅਰ ਆਗੂਆਂ ਦੇ ਗਲੇ ਤੋਂ ਹੇਠਾਂ ਨਹੀਂ ਉਤਰ ਰਹੇ। ਪਾਰਟੀ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਪ੍ਰਧਾਨ ਵਲੋਂ ਖੁਦ ਹੀ ਸਾਰੇ ਫੈਸਲੇ ਲੈਣੇ ਹਨ ਤਾਂ ਫਿਰ ਕੋਰ ਕਮੇਟੀ, ਵਰਕਿੰਗ ਕਮੇਟੀ ਤੇ ਹੋਰਨਾਂ ਕਮੇਟੀਆਂ ਬਣਾਉਣ ਦਾ ਕੀ ਫਾਇਦਾ ਹੈ। ਇਸ ਤਰ੍ਹਾਂ ਇਹ ਸਾਰੀਆਂ ਕਮੇਟੀਆਂ ਬੇਮਾਇਨੇ ਹੋ ਕੇ ਰਹਿ ਜਾਂਦੀਆਂ ਹਨ ਤੇ ਇਨ੍ਹਾਂ ਕਮੇਟੀਆਂ 'ਚ ਸ਼ਾਮਲ ਆਗੂਆਂ ਦੇ ਪੱਲੇ ਨਮੋਸ਼ੀ ਤੋਂ ਸਿਵਾਏ ਕੁਝ ਨਹੀਂ ਪੈਂਦਾ, ਹਾਲਾਂਕਿ ਕੋਰ ਕਮੇਟੀ ਸਮੇਤ ਹੋਰਨਾਂ ਕਮੇਟੀਆਂ ਵੱਲੋਂ ਵੀ ਅੰਤ ਸਾਰੇ ਫੈਸਲੇ ਕਰਨ ਤੇ ਉਮੀਦਵਾਰ



ਚੁਣਨ ਦੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸੌਂਪ ਦਿੱਤੇ ਜਾਂਦੇ ਹਨ ਪਰ ਇਨ੍ਹਾਂ ਕਮੇਟੀਆਂ ਵਿਚਲੇ ਮੈਂਬਰਾਂ ਨੂੰ ਇਹ ਤਾਂ ਤਸੱਲੀ ਹੁੰਦੀ ਹੈ ਕਿ ਪਾਰਟੀ ਪ੍ਰਧਾਨ ਵੱਲੋਂ ਉਨ੍ਹਾਂ ਨੂੰ ਮੀਟਿੰਗ 'ਚ ਤਾਂ ਬੁਲਾਇਆ ਗਿਆ, ਪਰ ਹੁਣ ਕੀਤੇ ਗਏ ਉਮੀਦਵਾਰਾਂ ਦੇ ਐਲਾਨ ਨਾਲ ਪਾਰਟੀ ਅੰਦਰੋਂ-ਅੰਦਰੀ ਧੁਖਣ ਲੱਗੀ ਹੈ ਤੇ ਕਾਫੀ ਆਗੂ ਇਸ ਤਰ੍ਹਾਂ ਆਪ ਹੁਦਰੇ ਫੈਸਲਿਆਂ ਤੋਂ ਕਾਫੀ ਖਫਾ ਦੱਸੇ ਜਾ ਰਹੇ ਹਨ। ਦੱਸਣਯੋਗ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਹੁਣ ਤੱਕ ਆਪਣੇ ਸਮੇਤ 6 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ ਤੇ ਉਨ੍ਹਾਂ ਵਲੋਂ ਖੁਦ ਜਲਾਲਾਬਾਦ ਹਲਕੇ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ। ਜਦ ਕਿ ਅਟਾਰੀ ਹਲਕੇ ਤੋਂ ਗੁਲਜ਼ਾਰ ਸਿੰਘ ਰਣੀਕੇ, ਖੇਮਕਰਨ ਹਲਕੇ ਤੋਂ ਵਿਰਸਾ ਸਿੰਘ ਵਲਟੋਹਾ, ਜੀਰਾ ਹਲਕੇ ਤੋਂ ਜਨਮੇਜਾ ਸਿੰਘ ਸੇਖੋਂ, ਅਜਨਾਲਾ ਤੋਂ ਅਮਰਪਾਲ ਸਿੰਘ ਬੋਨੀ ਤੇ ਡੇਰਾ ਬੱਸੀ ਹਲਕੇ ਤੋਂ ਮੌਜੂਦਾ ਵਿਧਾਇਕ ਐਨ.ਕੇ. ਸ਼ਰਮਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਹਾਲਾਂਕਿ ਸਮੇਂ ਤੋਂ ਪਹਿਲਾਂ ਉਮੀਦਵਾਰਾਂ ਦੇ ਐਲਾਨ ਨਾਲ ਪਾਰਟੀ ਅੰਦਰ ਬਗਾਵਤੀ ਸੁਰ ਵੀ ਸਾਹਮਣੇ ਆ ਰਹੇ ਹਨ। ਖੇਮਕਰਨ ਹਲਕੇ 'ਚ ਤਾਂ ਬਾਦਲ ਪਰਿਵਾਰ ਅੰਦਰ ਹੀ ਵਿਰੋਧ ਦੇਖਣ-ਸੁਣਨ ਨੂੰ ਮਿਲ ਰਿਹਾ ਹੈ। ਸਾਬਕਾ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵਲੋਂ ਖੇਮਕਰਨ ਹਲਕੇ ਤੋਂ ਪਾਰਟੀ ਟਿਕਟ ਉਤੇ ਆਪਣਾ ਹੱਕ ਜਤਾਉਣ ਕਾਰਨ ਹਲਕੇ 'ਚ ਅਕਾਲੀ ਦਲ ਧੜਿਆਂ 'ਚ ਵੰਡਿਆ ਗਿਆ ਹੈ। ਇਸੇ ਤਰ੍ਹਾਂ ਹੁਣ ਸਵਰਗੀ ਹਰੀ ਸਿੰਘ ਜੀਰਾ ਦੇ ਪਰਿਵਾਰ ਨੂੰ ਨਜ਼ਰ ਅੰਦਾਜ਼ ਕਰਕੇ ਇਥੋਂ ਜਨਮੇਜਾ ਸਿੰਘ ਸੇਖੋਂ ਨੂੰ ਉਮੀਦਵਾਰ ਬਣਾਏ ਜਾਣ ਦੇ ਐਲਾਨ ਨਾਲ ਹਰੀ ਸਿੰਘ ਜੀਰਾ ਦਾ ਪਰਿਵਾਰ ਕਾਫੀ ਨਾਰਾਜ਼ ਦੱਸਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਦੇ ਸਪੁੱਤਰ ਅਵਤਾਰ ਸਿੰਘ ਜੀਰਾ ਵਲੋਂ ਆਜ਼ਾਦ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਪਾਰਟੀ ਅੰਦਰ ਹੁਣ ਤੋਂ ਹੀ ਬਗਾਵਤੀ ਸੁਰਾਂ ਸੁਣਨ ਨੂੰ ਮਿਲ ਰਹੀਆਂ ਹਨ। ਇਸ ਤਰ੍ਹਾਂ ਰੈਲੀਆਂ 'ਚ ਪਾਰਟੀ ਉਮੀਦਵਾਰਾਂ ਦੇ ਐਲਾਨ ਨਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਿੱਧਾ ਪਾਰਟੀ ਦੇ ਸੀਨੀਅਰ ਆਗੂਆਂ ਦੇ ਨਿਸ਼ਾਨੇ 'ਤੇ ਆ ਗਏ ਹਨ, ਉਥੇ ਪਾਰਟੀ ਅੰਦਰ ਹੁਣ ਤੋਂ ਹੀ ਉਠਣ ਲੱਗੀਆਂ ਬਗਾਵਤੀ ਸੁਰਾਂ ਨੂੰ ਕਾਬੂ 'ਚ ਰੱਖਣਾ ਵੀ ਸੁਖਬੀਰ ਸਿੰਘ ਬਾਦਲ ਲਈ ਵੱਡੀ ਚੁਣੌਤੀ ਹੋਵੇਗੀ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖੇਤੀ ਕਾਨੂੰਨ ਕਿਸਾਨਾਂ ਲਈ 'ਕਰੋਨਾ ਤੋਂ ਵੀ ਵੱਧ ਖਤਰਨਾਕ' ਕਰਾਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸਿੰਘੂ ਬਾਰਡਰ 'ਤੇ ਮੀਟਿੰਗ ਕੀਤੀ ਗਈ। ਇਸ ਮੌਕੇ ਅੰਦੋਲਨ ਦੇ ਅਗਲੇ ਪੜਾਅ ਬਾਰੇ ਵੱਖ-ਵੱਖ ਪੱਖ ਵਿਚਾਰੇ ਗਏ। ਆਗੂਆਂ ਨੇ ਦੇਸ਼ ਵਿਚ ਕਰੋਨਾ ਵਾਇਰਸ ਦੀ ਗੰਭੀਰ ਹੋ ਰਹੀ ਸਥਿਤੀ 'ਤੇ ਵੀ ਚਰਚਾ ਕੀਤੀ।

ਡਾ. ਪਾਲ ਨੇ ਕਿਹਾ ਕਿ ਕਰੋਨਾ ਬਾਰੇ ਕਿਸਾਨ ਆਗੂ ਵੀ ਗੰਭੀਰ ਹਨ ਤੇ ਉਨ੍ਹਾਂ ਸਥਾਨਕ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਮੋਰਚੇ ਵਿਚ ਸ਼ਾਮਲ ਕਿਸਾਨਾਂ ਨੂੰ ਟੀਕਾਕਰਨ ਕੇਂਦਰ ਸਥਾਪਤ ਕਰਕੇ ਟੀਕੇ ਲਾਉਣ ਦੇ ਸਮੁੱਚੇ ਪ੍ਰਬੰਧ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਕਰਫਿਊ ਦਿੱਲੀ ਵਿਚ ਲੱਗਾ ਹੈ ਜਦਕਿ ਕਿਸਾਨ ਦਿੱਲੀ ਦੀਆਂ ਹੱਦਾਂ ਉਪਰ ਬੈਠੇ ਹਨ। ਕਿਸਾਨ ਆਗੂਆਂ ਨੇ ਕਿਹਾ, 'ਕਰੋਨਾ ਦੀ ਬੀਮਾਰੀ ਕਿਸਾਨਾਂ ਲਈ ਓਨੀ ਭਿਆਨਕ ਨਹੀਂ ਹੈ ਜਿੰਨਾ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨੋਂ ਖੇਤੀ ਕਾਨੂੰਨ ਖਤਰਨਾਕ ਹਨ। ਕਰੋਨਾ ਵਾਇਰਸ ਨਾਲ ਤਾਂ 2 ਪ੍ਰਤੀਸ਼ਤ ਮੌਤਾਂ ਹੀ ਹੁੰਦੀਆਂ ਹਨ ਜਦੋਂ ਕਿ ਖੇਤੀ ਕਾਨੂੰਨ ਤਾਂ ਫਸਲਾਂ ਅਤੇ ਆਉਣ ਵਾਲੀਆਂ ਨਸਲਾਂ ਦੀ ਮੌਤ ਦਾ ਸਾਮਾਨ ਬਣ ਗਏ ਹਨ।' ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਇਹ ਖੇਤੀ ਕਾਨੂੰਨ ਮੌਤ ਦੇ ਵਾਰੰਟ ਹਨ ਤੇ ਜੇਕਰ ਇਹ ਰੱਦ ਨਹੀਂ ਹੁੰਦੇ ਤਾਂ ਕਿਸਾਨਾਂ ਦੀਆਂ ਨਸਲਾਂ ਤਬਾਹ ਹੋਣਗੀਆਂ। ਇਸ ਲਈ ਕਿਸਾਨਾਂ ਦਾ ਹਰ ਪਾਸਿਉਂ ਹੀ ਮਰਨਾ ਹੋਇਆ ਪਿਆ ਹੈ।

## ਆਰ. ਐਲ. ਡੀ. ਬਣਾਏਗਾ ਸ਼ਹੀਦ ਕਿਸਾਨਾਂ ਦੀ ਯਾਦਗਾਰ

**ਲਖਨਊ:** ਰਾਸ਼ਟਰੀ ਲੋਕ ਦਲ (ਆਰ. ਐਲ. ਡੀ.) ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਦੀ ਯਾਦਗਾਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਪਾਰਟੀ ਵੱਲੋਂ ਇਹ 'ਕਿਸਾਨ ਬਲੀਦਾਨ ਸਮਾਰਕ' ਪੱਛਮੀ ਉਤਰ ਪ੍ਰਦੇਸ਼ ਦੇ ਮੇਰਠ 'ਚ ਬਣਾਉਣ ਦੀ ਯੋਜਨਾ ਹੈ, ਜੋ ਇਕ ਏਕੜ 'ਚ ਫੈਲਿਆ ਹੋਵੇਗਾ।

ਆਰ.ਐਲ.ਡੀ. ਦੇ ਉਪ ਪ੍ਰਧਾਨ ਜੈਅੰਤ ਚੌਧਰੀ ਨੇ ਟਵੀਟ ਕੀਤਾ, '141 ਦਿਨਾਂ 'ਚ 350 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਆਉਣ ਵਾਲੀ ਪੀੜ੍ਹੀ ਨੂੰ ਖੇਤੀ ਅਤੇ ਖੇਤੀਬਾੜੀ ਲਈ ਦਿੱਤੀ ਕੁਰਬਾਨੀ ਦਾ ਪਤਾ ਹੋਣਾ ਚਾਹੀਦਾ ਹੈ। ਮੇਰਠ ਦੀ ਇਸ ਕ੍ਰਾਂਤੀਕਾਰੀ ਧਰਤੀ 'ਤੇ ਰਾਸ਼ਟਰੀ ਲੋਕ ਦਲ 'ਕਿਸਾਨ ਬਲੀਦਾਨ ਸਮਾਰਕ' ਬਣਾਏਗਾ।'

# ਕੋਟਕਪੂਰਾ ਗੋਲੀਕਾਂਡ: ਸਿੱਖ ਜਥੇਬੰਦੀਆਂ ਵੱਲੋਂ ਕੈਪਟਨ ਸਰਕਾਰ ਦੀ ਘੇਰਾਬੰਦੀ

**ਚੰਡੀਗੜ੍ਹ:** ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਮੁਲਜ਼ਮਾਂ ਖਿਲਾਫ ਕਾਰਵਾਈ ਲਈ ਬਣਾਈ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ 'ਸਿਟ' ਦੀ ਰਿਪੋਰਟ ਖਾਰਜ ਕਰਨ ਦੇ ਵਿਰੋਧ ਵਿਚ ਸੂਬੇ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲ ਪੈਦਲ ਮਾਰਚ ਕੀਤਾ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਮੁੱਲਾਂਪੁਰ ਬੈਰੀਅਰ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮ ਰਹੀ। ਇਸ ਮਗਰੋਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ।

ਇਸ ਮੌਕੇ ਯੂਨਾਈਟਿਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲਿਆਂ ਸਬੰਧੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ ਐਸ.ਆਈ.ਟੀ. ਨੇ ਜਾਂਚ ਕਰ ਕੇ ਰਿਪੋਰਟ ਪੇਸ਼ ਕੀਤੀ ਹੈ, ਜਿਸ ਨੂੰ ਪੰਜਾਬ ਸਰਕਾਰ ਦੇ ਵਕੀਲ ਹਾਈ ਕੋਰਟ ਵਿਚ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕੇ। ਇਸ ਕਾਰਨ ਹਾਈ ਕੋਰਟ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ 'ਸਿਟ' ਦੀ ਰਿਪੋਰਟ ਖਾਰਜ ਕਰ ਕੇ ਨਵੀਂ ਜਾਂਚ ਕਮੇਟੀ ਬਣਾਉਣ ਦੇ ਆਦੇਸ਼ ਦਿੱਤੇ ਸਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਂਦਿਆਂ ਹੀ ਬੇਅਦਬੀ ਮਾਮਲੇ ਵਿਚ ਇਨਸਾਫ ਦਿਵਾਉਣ ਦੇ ਦਾਅਵੇ ਕੀਤੇ ਸਨ ਪਰ ਹੁਣ ਉਹ ਬਾਦਲਾਂ ਨੂੰ ਬਚਾਉਣ 'ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿਵਾਉਣੀ ਚਾਹੀਦੀ ਹੈ। ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕੈਪਟਨ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ 72 ਘੰਟਿਆਂ ਵਿਚ ਕੋਈ ਸਖਤ ਫੈਸਲਾ ਨਾ ਲਿਆ ਤਾਂ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ ਜਾਵੇਗਾ।

# ਕਰੋਨਾ ਮਹਾਮਾਰੀ ਦੇ ਦੂਜੇ ਹੱਲੇ ਅੱਗੇ ਵੀ ਮੋਦੀ ਸਰਕਾਰ ਦੇ ਹੱਥ ਖੜ੍ਹੇ

*(ਸਫਾ ਇਕ ਦੀ ਬਾਕੀ)*

ਮਹਾਮਾਰੀ ਵਿਰੁੱਧ ਕਾਰਗਰ ਸਾਬਤ ਹੋਈਆਂ ਦਵਾਈਆਂ ਦੀ ਜ਼ਖੀਰੇਬਾਜ਼ੀ ਜ਼ੋਰਾਂ ਉਤੇ ਹੋਣ ਦੀਆਂ ਖਬਰਾਂ ਆ ਰਹੀਆਂ ਹਨ। 2018 ਵਿਚ ਸਿਹਤ ਵਿਗਿਆਨ ਦੇ ਰਸਾਲੇ 'ਲੈਂਸਟ' ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਕਰਾਏ ਗਏ ਸਰਵੇਖਣ ਅਨੁਸਾਰ 195 ਦੇਸ਼ਾਂ ਵਿਚੋਂ ਭਾਰਤ ਦਾ ਦਰਜਾ 145ਵਾਂ ਸੀ। ਵਿੱਤੀ ਸਾਲ 2015-16 ਤੋਂ ਲੈ ਕੇ 2020-2021 ਤਕ ਭਾਰਤ ਦੇ ਸਿਹਤ ਦੇ ਬਜਟ ਵਿਚ ਸਿਰਫ 0.02 ਫੀਸਦੀ ਵਾਧਾ ਹੋਇਆ ਹੈ।

ਇਹ ਅੰਕੜੇ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਭਾਰਤ ਸਰਕਾਰ ਲੋਕਾਂ ਦੀ ਸਿਹਤ ਪ੍ਰਤੀ ਕਿੰਨੀ ਗੰਭੀਰ ਹੈ। ਦੇਸ਼ ਵਿਚ ਹਾਲਾਤ ਮੁੜ ਵਿਗੜ ਰਹੇ ਹਨ। ਕਈ ਹਸਪਤਾਲਾਂ ਨੇ ਮਰੀਜ਼ ਵੇਖਣੇ ਬੰਦ ਕਰ ਦਿੱਤੇ ਹਨ; ਪਰਵਾਸੀ ਮਜ਼ਦੂਰ ਪਿਛਲੇ ਸਾਲ ਵਾਂਗ ਘਰਾਂ ਨੂੰ ਵਾਪਸ ਮੁੜ ਰਹੇ ਹਨ; ਮਹਿੰਗਾਈ ਤੇ ਬੇਰੁਜ਼ਗਾਰੀ ਬੇਰੋਕ-ਟੋਕ ਵਧ ਰਹੀਆਂ ਹਨ। ਕੇਂਦਰੀ ਮੰਤਰੀ ਚੋਣ ਪ੍ਰਚਾਰ ਵਿਚ ਰੁੱਝੇ ਨਜ਼ਰ ਆਉਂਦੇ ਹਨ ਅਤੇ ਸੂਬਾ ਸਰਕਾਰਾਂ ਵਿੱਤੀ ਸੰਕਟ ਨਾਲ ਜੂਝ ਰਹੀਆਂ ਹਨ।

ਪਹਿਲੀ ਤਾਲਾਬੰਦੀ ਤੋਂ ਬਾਅਦ ਮਾਹਿਰਾਂ ਨੇ ਰਾਏ ਬਣਾਈ ਸੀ ਕਿ ਤਾਲਾਬੰਦੀਆਂ ਭਾਰਤ ਵਰਗੇ ਦੇਸ਼ਾਂ, ਜਿਥੇ ਰੋਜ਼ੀ-ਰੋਟੀ ਲੋਕਾਂ ਦੀ ਮੁੱਖ ਸਮੱਸਿਆ ਹੈ, ਵਿਚ ਮਹਾਮਾਰੀ ਦਾ ਹੱਲ ਕਰਨ ਦਾ ਵਾਜਬ ਤਰੀਕਾ ਨਹੀਂ। ਦੇਸ਼ ਵਿਚ ਅਮੀਰਾਂ, ਉਚ ਮੱਧ ਵਰਗ ਅਤੇ ਸਰਕਾਰੀ ਤੇ ਸੰਗਠਿਤ ਖੇਤਰ ਵਿਚ ਕੰਮ ਕਰਦੇ ਲੋਕਾਂ ਤੋਂ ਬਿਨਾਂ ਸਭ ਦਾ ਭਵਿੱਖ ਅਨਿਸ਼ਚਿਤ ਹੈ। ਰੇਲਵੇ ਸਟੇਸ਼ਨਾਂ 'ਤੇ ਸਿਰਾਂ 'ਤੇ ਗਠੜੀਆਂ ਚੁੱਕੀ ਪਰਵਾਸੀ ਮਜ਼ਦੂਰ ਔਰਤਾਂ ਦੀਆਂ ਲਾਈਨਾਂ ਪਿਛਲੇ ਸਾਲ ਵਾਪਰੇ ਦੁਖਾਂਤ ਦੀ ਯਾਦ ਦਿਵਾਉਂਦੀਆਂ ਹਨ। ਸਰਕਾਰਾਂ, ਸਿਹਤ ਵਿਗਿਆਨੀਆਂ, ਪ੍ਰਸ਼ਾਸਨ ਤੇ ਮੀਡੀਆ ਲੋਕਾਂ ਨੂੰ ਨਾ ਤਾਂ ਕੋਵਿਡ-19 ਬਾਰੇ ਸਹੀ ਜਾਣਕਾਰੀ ਦੇ ਸਕੇ ਹਨ, ਨਾ ਹੀ ਉਨ੍ਹਾਂ ਨੂੰ ਇਸ ਬਿਮਾਰੀ ਨਾਲ ਲੜਨ ਲਈ ਸਿੱਖਿਅਤ ਕਰ ਰਹੇ ਹਨ।

ਮੌਜੂਦਾ ਹਾਲਾਤ ਦੱਸਦੇ ਹਨ ਕਿ ਇਸ ਸਮੇਂ ਸਿਆਸੀ ਧਿਰਾਂ ਉਹੀ ਕਰਨ ਉਤੇ ਜ਼ੋਰ ਲਾ ਰਹੀਆਂ ਹਨ, ਜੋ ਉਨ੍ਹਾਂ ਨੂੰ ਸਿਆਸੀ ਤੌਰ ਉਤੇ ਫਿੱਟ ਬੈਠਦਾ ਹੈ, ਉਨ੍ਹਾਂ ਦਾ ਆਮ ਲੋਕਾਂ ਨੂੰ ਸਿਹਤ ਸਹੂਲਤ ਤੇ ਰੋਜ਼ੀ ਰੋਟੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮੋਦੀ ਸਰਕਾਰ ਦੇ ਮੰਤਰੀ ਇਹ ਸਾਬਤ ਕਰਨ ਉਤੇ ਜ਼ੋਰ ਲਾ ਰਹੇ ਹਨ ਕਿ ਕਰੋਨਾ ਦਾ ਦੂਜਾ ਹੱਲਾ ਵਿਰੋਧੀ ਧਿਰਾਂ ਦੇ ਕਰੋਨਾ ਵੈਕਸੀਨ ਬਾਰੇ ਗਲਤ ਪ੍ਰਚਾਰ ਕਾਰਨ ਹੋਇਆ ਹੈ। ਇਥੋਂ ਤੱਕ ਕਿ ਦੇਸ਼ ਦੇ ਸਿਹਤ ਮੰਤਰੀ ਦਾਅਵਾ ਕਰ ਰਹੇ ਹਨ ਕਿ ਮਹਾਮਾਰੀ ਦੀ ਦੂਜੀ ਲਹਿਰ ਕਾਂਗਰਸ ਸ਼ਾਸਿਤ ਸੂਬਿਆਂ ਕਾਰਨ ਫੈਲੀ ਕਿਉਂਕਿ ਉਹ ਵੈਕਸੀਨ ਬਾਰੇ ਸ਼ੰਕੇ ਖੜ੍ਹੇ ਕਰਦੇ ਰਹੇ। ਕੁੱਲ ਮਿਲਾ ਕੇ ਹਾਲਾਤ ਇਹ ਹੈ ਕਿ ਸਰਕਾਰਾਂ ਨੇ ਮਹਾਮਾਰੀ ਨਾਲ ਟਾਕਰੇ ਦੀ ਸਾਰੀ ਜ਼ਿੰਮੇਵਾਰੀ ਆਮ ਲੋਕਾਂ ਉਤੇ ਸੁੱਟ ਦਿੱਤੀ ਹੈ।

ਸਰਕਾਰ ਨੂੰ ਸਖਤ ਪਾਬੰਦੀਆਂ ਹੀ ਇਕੋ-ਇਕ ਰਾਹ ਨਜ਼ਰ ਆ ਰਿਹਾ ਹੈ। ਸੜਕਾਂ ਉਤੇ ਖੜ੍ਹੀਆਂ ਪੁਲਿਸ ਦੀਆਂ ਟੀਮਾਂ ਲੋਕਾਂ ਨੂੰ ਮੋਟੇ ਜੁਰਮਾਨੇ ਲਾ ਕੇ ਪੈਸੇ ਇਕੱਠਾ ਕਰਨ ਵਿਚ ਜੁਟੀਆਂ ਹੋਈਆਂ ਹਨ। ਅਜਿਹਾ ਜਾਪ ਰਿਹਾ ਹੈ ਕਿ ਸਰਕਾਰ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਸ (ਸਰਕਾਰ) ਕੋਲ ਇਸ ਮਹਾਮਾਰੀ ਦੇ ਟਾਕਰੇ ਲਈ ਕੋਈ ਹੱਲ ਨਹੀਂ, ਲੋਕ ਆਪਣੀ ਹੋਣੀ ਆਪ ਤੈਅ ਕਰਨ।

# ਬਰਗਾੜੀ ਬੇਅਦਬੀ ਕਾਂਡ ਦੇ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਮੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਸਰਕਾਰ ਤੋਂ ਬਰਗਾੜੀ ਬੇਅਦਬੀ ਮਾਮਲੇ ਦੇ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਲਈ ਸਰਕਾਰ ਨੇ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਕਮੇਟੀ ਬਣਾ ਕੇ ਸੰਗਤ ਨੂੰ ਇਨਸਾਫ ਦੇਣ ਦਾ ਵਾਅਦਾ ਕੀਤਾ ਸੀ ਪਰ ਸੱਤਾਧਾਰੀਆਂ ਦੀ ਨੀਅਤ ਤੇ ਨੀਤੀ ਸਾਫ ਨਾ ਹੋਣ ਕਾਰਨ ਸੰਗਤ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ।

ਮਾਨ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ, ਜਿਨ੍ਹਾਂ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ, ਨੇ ਪੰਜਾਬ ਦੀ ਮੁੱਖ ਸਕੱਤਰ ਅਤੇ ਪੰਜਾਬ ਦੇ ਪੁਲੀਸ ਮੁਖੀ ਨੂੰ ਪੱਤਰ ਰਾਹੀਂ ਦੱਸਿਆ ਕਿ ਬਰਗਾੜੀ ਬੇਅਦਬੀ ਮਾਮਲੇ ਦੇ ਗਵਾਹਾਂ ਨੂੰ ਗਵਾਹੀਆਂ ਨਾ ਦੇਣ ਲਈ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਜਾ ਰਹੇ ਹਨ।

ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਭਾਵੇਂ ਸਰਕਾਰ ਬਰਗਾੜੀ ਮਾਮਲੇ ਦੀ ਜਾਂਚ ਰਿਪੋਰਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸਹੀ ਢੰਗ ਨਾਲ ਰੱਖਣ ਵਿਚ ਕਾਮਯਾਬ ਨਹੀਂ ਹੋਈ ਪਰ ਹੁਣ ਮਾਮਲੇ ਦੇ ਗਵਾਹਾਂ ਨੂੰ ਉਚ ਪੱਧਰੀ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਜਾਵੇ, ਤਾਂ ਜੋ ਸਾਰੇ ਗਵਾਹ ਬਿਨਾਂ ਡਰ ਤੋਂ ਅਦਾਲਤ ਵਿਚ ਗਵਾਹੀ ਦੇ ਕੇ ਮੁਲਜ਼ਮਾਂ ਨੂੰ ਸਜ਼ਾ ਦਿਵਾ ਸਕਣ। ਉਨ੍ਹਾਂ ਬਰਗਾੜੀ ਮਾਮਲੇ ਦੇ ਗਵਾਹਾਂ ਨੂੰ ਭਰੋਸਾ ਦਿੱਤਾ ਕਿ ਆਮ ਆਦਮੀ ਪਾਰਟੀ ਉਨ੍ਹਾਂ ਨਾਲ ਖੜ੍ਹੀ ਹੈ। ਜੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਲੋੜ ਪਵੇ ਤਾਂ ਉਹ ਪਾਰਟੀ ਆਗੂਆਂ ਨਾਲ ਸੰਪਰਕ ਕਰ ਸਕਦੇ ਹਨ।

# 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨਹੀਂ ਰਹੇ

*(ਸਫਾ ਇਕ ਦੀ ਬਾਕੀ)*

ਜੰਮੂ ਦੀ ਸੰਪਾਦਨਾ ਹੇਠ ਵੱਡ-ਆਕਾਰੀ ਪੁਸਤਕ 'ਸਿੱਖ ਕੌਮ: ਹੋਣੀ ਤੇ ਹਸਤੀ' ਵੀ ਛਪੀ। ਕਰੋਨਾ ਸੰਕਟ ਤੋਂ ਪਹਿਲਾਂ ਇਸ ਪਰਚੇ ਦੇ ਤਿੰਨ ਐਡੀਸ਼ਨ-ਸ਼ਿਕਾਗੋ, ਸੈਨ ਫਰਾਂਸਿਸਕੋ (ਕੈਲੀਫੋਰਨੀਆ) ਤੇ ਨਿਊ ਯਾਰਕ ਤੋਂ ਛਪਦੇ ਰਹੇ ਅਤੇ ਅੱਜ ਕੱਲ੍ਹ ਇਹ ਤਿੰਨੇ ਐਡੀਸ਼ਨ ਨਿਰਵਿਘਨ, ਆਨਲਾਈਨ ਨਸ਼ਰ ਕੀਤੇ ਜਾਂਦੇ ਹਨ। ਆਪਣੇ ਸਿਰੜ ਅਤੇ ਮਿਹਨਤ ਸਦਕਾ ਉਹ ਅੰਤਾਂ ਦੇ ਬਿਮਾਰ ਹੋਣ ਦੇ ਬਾਵਜੂਦ ਅੰਤ ਤੱਕ ਪਰਚੇ ਦੀ ਦੇਖ-ਰੇਖ ਕਰਦੇ ਰਹੇ। ਉਨ੍ਹਾਂ ਅਣਗਿਣਤ ਲੇਖਕ ਅਤੇ ਵਿਦਵਾਨ ਆਪਣੇ ਪਰਚੇ ਨਾਲ ਜੋੜੇ ਤੇ ਬਹੁਤ ਸਾਰੇ ਨਵੇਂ ਲੇਖਕਾਂ ਨੂੰ ਆਪਣੀ ਗੱਲ ਰੱਖਣ ਦਾ ਮੰਚ ਮੁਹੱਈਆ ਕੀਤਾ।

ਜਦੋਂ ਉਨ੍ਹਾਂ ਸਾਲ 2000 ਵਿਚ 'ਪੰਜਾਬ ਟਾਈਮਜ਼' ਸ਼ੁਰੂ ਕੀਤਾ ਸੀ ਤਾਂ ਪਰਚੇ ਨੂੰ ਪੈਰਾਂ ਸਿਰ ਕਰਨ ਲਈ 18-18 ਘੰਟੇ ਕੰਮ ਕੀਤਾ। ਇਹ ਉਨ੍ਹਾਂ ਦਾ ਸਿਰੜ, ਮਿਹਨਤ ਅਤੇ ਲਗਨ ਹੀ ਸੀ ਕਿ ਉਨ੍ਹਾਂ ਚਾਰ-ਪੰਜ ਸਾਲਾਂ ਵਿਚ ਪਰਚੇ ਦਾ ਮੂੰਹ-ਮੱਥਾ ਬਣਾ ਲਿਆ। 'ਪੰਜਾਬ ਟਾਈਮਜ਼' ਚਲਾਉਣ ਲਈ ਉਨ੍ਹਾਂ ਨੂੰ ਭਾਵੇਂ ਮੁੱਢ ਤੋਂ ਹੀ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਪੱਤਰਕਾਰੀ ਦੇ ਮਿਆਰ ਨਾਲ ਕਦੀ ਸਮਝੌਤਾ ਨਹੀਂ ਕੀਤਾ ਅਤੇ ਘਾਟਾ ਸਹਾਰ ਕੇ ਵੀ ਆਪਣੇ ਸਟੈਂਡ ਉਤੇ ਕਾਇਮ ਰਹੇ। ਉਨ੍ਹਾਂ ਆਪਣੀ ਬਿਮਾਰੀ ਨੂੰ ਕਦੀ ਕੰਮਕਾਰ ਵਿਚ ਵਿਘਨ ਨਹੀਂ ਪਾਉਣ ਦਿੱਤਾ। ਉਨ੍ਹਾਂ ਸਗੋਂ ਆਪਣੇ ਸਮੁੱਚੇ ਪਰਿਵਾਰ ਨੂੰ ਆਪਣੇ ਕੰਮਕਾਰ ਵਿਚ ਸ਼ਾਮਿਲ ਕਰ ਲਿਆ।

ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਨੇ ਹਰ ਮੁਸ਼ਕਿਲ ਵਿਚ ਉਨ੍ਹਾਂ ਦਾ ਸਾਥ ਦਿੱਤਾ। ਇਸੇ ਤਰ੍ਹਾਂ ਪੁੱਤਰ ਮਨਦੀਪ ਸਿੰਘ, ਜੋ ਐਪਲ ਕੰਪਨੀ ਵਿਚ ਕੰਪਿਊਟਰ ਇੰਜੀਨੀਅਰ ਹੈ ਅਤੇ ਨੂੰਹ ਸੰਦੀਪ ਕੌਰ ਜੋ ਸੀ. ਏ. ਹੈ, ਨੇ ਉਨ੍ਹਾਂ ਦਾ ਸਾਥ ਦਿੱਤਾ। ਇਸ ਤੋਂ ਇਲਾਵਾ ਜਿਹੜਾ ਸਾਥ ਪਰਚੇ ਨਾਲ ਜੁੜੇ ਸਲਾਹਕਾਰ ਮੰਡਲ ਅਤੇ ਸਟਾਫ ਨੇ ਦਿੱਤਾ, ਉਸ ਲਈ ਉਹ ਸਦਾ ਹੀ ਸਭ ਦੇ ਸ਼ੁਕਰ ਰਹੇ। ਉਨ੍ਹਾਂ ਦੀ ਸ਼ਖਸੀਅਤ ਦੇ ਇਸੇ ਗੁਣ ਕਰ ਕੇ ਹਰ ਕੋਈ ਉਨ੍ਹਾਂ ਦੇ ਨਾਲ ਚੱਲਣ ਲਈ ਤਿਆਰ ਹੋ ਜਾਂਦਾ ਸੀ। ਪਿਛਲੇ ਕਈ ਸਾਲਾਂ ਤੋਂ ਉਹ ਸਾਲਾਨਾ 'ਪੰਜਾਬ ਟਾਈਮਜ਼ ਨਾਈਟ' ਰਾਹੀਂ ਪੱਤਰਕਾਰੀ ਦਾ ਮੇਲਾ ਲਾਉਂਦੇ, ਜਿਸ ਵਿਚ ਅਹਿਮ ਸ਼ਖਸੀਅਤਾਂ ਪੁੱਜਦੀਆਂ। ਇਸ ਮੇਲੇ ਦਾ ਕੇਂਦਰ ਬਿੰਦੂ ਸ. ਅਮੋਲਕ ਸਿੰਘ ਜੰਮੂ ਹੀ ਹੁੰਦੇ।

ਸ. ਅਮੋਲਕ ਸਿੰਘ ਜੰਮੂ ਦੇ ਛੋਟੇ ਭਰਾ ਬਲਵਿੰਦਰ ਸਿੰਘ ਜੰਮੂ ਨੇ ਵੀ 'ਪੰਜਾਬੀ ਟ੍ਰਿਬਿਊਨ' ਲਈ ਕੰਮ ਕੀਤਾ। ਮਗਰੋਂ ਉਹ 'ਰੋਜ਼ਾਨਾ ਸਪੋਕਸਮੈਨ' ਦੇ ਸੰਪਾਦਕ ਵੀ ਬਣੇ।

ਸਵਰਗੀ ਅਮੋਲਕ ਸਿੰਘ ਜੰਮੂ ਦਾ ਅੰਤਿਮ ਸਸਕਾਰ 25 ਅਪਰੈਲ 2021, ਐਤਵਾਰ ਨੂੰ ਡੇਵਨਪੋਰਟ ਫਿਊਨਰਲ ਹੋਮ (941 S. Old Rand Rd, Lake Zurich, IL 60047) ਲੇਕ ਜ਼ਿਊਰਿਕ ਵਿਚ ਦੁਪਹਿਰ 12 ਵਜੇ ਤੋਂ ਬਾਅਦ ਦੁਪਹਿਰ 2 ਵਜੇ ਦਰਮਿਆਨ ਹੋਵੇਗਾ। ਉਪਰੰਤ ਪਾਠ ਦਾ ਭੋਗ, ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ (1280 Winnetka Street, Palatine, IL 60067) ਵਿਖੇ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਹੋਣਗੇ।

ਪਰਿਵਾਰ ਨਾਲ ਸੰਪਰਕ ਫੋਨ: 847-359-0746 ਰਾਹੀਂ ਕੀਤਾ ਜਾ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰੋਨਾ ਬਹਾਨੇ ਅੰਦੋਲਨ ਖਦੇੜਨ ਦੀਆਂ ਚਾਲਾਂ ਦਾ ਮੂੰਹ ਤੋੜ ਜਵਾਬ ਦੇਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਰੋਨਾ ਦੀ ਆੜ ਹੇਠ ਕਿਸਾਨੀ ਅੰਦੋਲਨ ਨੂੰ ਖਤਮ ਕਰਨ ਦੀਆਂ ਚਾਲਾਂ ਦਾ ਜਵਾਬ ਦੇਣ ਲਈ ਵੱਡੇ ਕਾਫਲਿਆਂ ਦੇ ਰੂਪ ਵਿਚ ਦਿੱਲੀ ਪੁੱਜਣ ਦਾ ਸੱਦਾ ਦਿੱਤਾ ਹੈ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਅੱਗੇ ਧਰਨੇ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ। ਇਨ੍ਹਾਂ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਾਉਣ ਤੇ ਹੋਰਨਾਂ ਮੰਗਾਂ ਦੀ ਪ੍ਰਾਪਤੀ ਲਈ ਦ੍ਰਿੜ੍ਹ ਹਨ ਤੇ ਇਹ ਸੰਘਰਸ਼ ਕਿਸੇ ਵੀ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਡੱਕਿਆ ਨਹੀਂ ਜਾ ਸਕਦਾ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਇਕ ਪਾਸੇ ਦੇਸ਼ ਅੰਦਰ ਮੁੜ ਲੌਕਡਾਊਨ ਵਰਗੇ ਹਾਲਾਤ ਪੈਦਾ ਕਰ ਰਹੀ ਹੈ ਜਦ ਕਿ ਦੂਜੇ ਪਾਸੇ ਬੰਗਾਲ ਤੇ ਹੋਰਨਾਂ ਸੂਬਿਆਂ ਦੀਆਂ ਚੋਣਾਂ ਅੰਦਰ ਆਪ ਵੱਡੀਆਂ ਰੈਲੀਆਂ ਕਰ ਰਹੀ ਹੈ।



ਕਿਸਾਨ ਆਗੂਆਂ ਨੇ ਕਿਹਾ ਕਿ ਸੰਘਰਸ਼ ਵਿਚ ਸ਼ਾਮਲ ਕਿਸਾਨ ਮਜ਼ਦੂਰ ਆਪਣੀ ਸਿਹਤ ਲਈ ਵੀ ਜਾਗਰੂਕ ਹਨ ਅਤੇ ਲੋਕਾਂ ਨੂੰ ਲੋੜੀਂਦੀਆਂ ਸਾਵਧਾਨੀਆਂ ਵਰਤਣ ਲਈ ਕਿਹਾ ਜਾ ਰਿਹਾ ਹੈ ਪਰ ਕਰੋਨਾ ਬਿਮਾਰੀ ਕਿਸਾਨਾਂ ਲਈ ਖੇਤੀ ਕਿੱਤੇ ਦੀ ਤਬਾਹੀ ਤੋਂ ਉੱਪਰ ਨਹੀਂ ਹੈ।

ਸੰਯੁਕਤ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬੇਸ਼ੱਕ ਉਹ ਸ਼ੋਸ਼ਲ-ਮੀਡੀਆ 'ਤੇ ਚਲ ਰਹੀਆਂ ਅਫਵਾਹਾਂ ਨੂੰ ਕੋਈ ਬਹੁਤੀ ਤਵੱਜੋ ਨਹੀਂ ਦਿੰਦੇ ਪਰ ਫਿਰ ਵੀ ਕਿਸਾਨ ਅੰਦੋਲਨ ਨੂੰ ਸਫਲ ਬਣਾਉਣ ਲਈ ਹਰ ਪੱਖੋਂ ਸੁਚੇਤ ਅਤੇ ਦ੍ਰਿੜ੍ਹ ਹਨ। ਉਨ੍ਹਾਂ ਕਿ ਪਿਛਲੇ ਦਿਨਾਂ ਤੋਂ 'ਆਪ੍ਰੇਸ਼ਨ ਕਲੀਨ' ਦਾ ਸ਼ੋਸ਼ਾ ਚਰਚਾ ਵਿਚ ਹੈ। ਕਿਸਾਨ ਆਗੂਆਂ ਨੇ ਸਪੱਸ਼ਟ ਕਰ ਕੀਤਾ ਕਿ ਕਿਸਾਨ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ ਅਤੇ ਆਪਣੇ ਅੰਦੋਲਨ ਦੀ ਸਫਲਤਾ ਲਈ ਉਹ ਜਾਨਾਂ ਕੁਰਬਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਅਗਲੇ ਦਿਨਾਂ ਲਈ ਹੋਰ ਤਿੱਖੇ ਪ੍ਰੋਗਰਾਮ ਉਲੀਕ ਰਿਹਾ ਹੈ ਅਤੇ ਇਹ ਘੋਲ ਹੁਣ ਜਨ-ਅੰਦੋਲਨ ਬਣ ਚੁੱਕਿਆ ਹੈ, ਜੋ ਕਰੋਨਾ ਬਹਾਨੇ ਖਤਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਔਰਤਾਂ ਅਤੇ ਨੌਜਵਾਨਾਂ ਦੇ ਜਥੇ ਟਿਕਰੀ ਅਤੇ ਸਿੰਘੂ ਹੱਦ 'ਤੇ ਲਗਾਤਾਰ ਭੇਜੇ ਜਾ ਰਹੇ ਹਨ। ਕਿਸਾਨ ਆਗੂਆਂ ਨੇ ਕੋਝੀਆਂ ਚਾਲਾਂ ਚੱਲਣ 'ਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਕੋਲ ਪੁਲਿਸ ਐਕਸ਼ਨ ਰਾਹੀਂ ਅੰਦੋਲਨ ਖਤਮ ਕਰਵਾਉਣ ਵਾਲਾ ਰਾਹ ਬਿਲਕੁਲ ਵੀ ਨਹੀਂ ਹੈ। ਅੰਦੋਲਨ ਖਤਮ ਕਰਨ ਦਾ ਇਕੋ-ਇਕ ਰਾਹ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਕਰਨ ਤੇ ਐਮ.ਐਸ.ਪੀ. ਲਈ ਨਵਾਂ ਕਾਨੂੰਨ ਬਣਾਉਣ ਦਾ ਹੀ ਹੈ। ਉਨ੍ਹਾਂ ਕਿਹਾ ਕਿ ਇਹ ਕੰਮ ਜਿੰਨੀ ਜਲਦੀ ਹੋ ਜਾਵੇ, ਸਰਕਾਰ ਲਈ ਉਨ੍ਹਾਂ ਹੀ ਫਾਇਦੇਮੰਦ ਰਹੇਗਾ।

## ਕਿਸਾਨਾਂ ਨੂੰ ਜ਼ਬਰਦਸਤੀ ਹਟਾਉਣ ਦੇ ਫੈਸਲੇ ਦਾ ਵਿਰੋਧ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦਿੱਲੀ ਦੀਆਂ ਬਰੂੰਹਾਂ 'ਤੇ ਪਿਛਲੇ ਸਾਢੇ ਚਾਰ ਮਹੀਨੇ ਤੋਂ ਸੰਘਰਸ਼ ਰਹੇ ਕਿਸਾਨਾਂ ਨੂੰ ਜਬਰੀ ਹਟਾਉਣ ਲਈ ਮੋਦੀ ਸਰਕਾਰ ਵੱਲੋਂ ਐਲਾਨੀ ਗਈ ਯੋਜਨਾ 'ਅਪਰੇਸ਼ਨ ਕਲੀਨ' ਦਾ ਵਿਰੋਧ ਕੀਤਾ ਹੈ। ਵਿਧਾਇਕ ਅਤੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਰੋਨਾ ਦਾ ਬਹਾਨਾ ਬਣਾ ਕੇ ਅੰਦੋਲਨਕਾਰੀ ਕਿਸਾਨਾਂ ਨੂੰ ਜਬਰਦਸਤੀ ਹਟਾਉਣ ਦੀ ਸਾਜ਼ਿਸ਼ ਘੜ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਤਾਨਾਸ਼ਾਹੀ ਕਦਮ ਕਰਾਰ ਦਿੱਤਾ। ਸੰਧਵਾਂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਲੱਖਾਂ ਕਿਸਾਨ ਸ਼ਾਂਤੀ ਨਾਲ ਅੰਦੋਲਨ ਕਰ ਰਹੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਥਾਂ ਉਨ੍ਹਾਂ ਦੇ ਲੋਕਤੰਤਰੀ ਹੱਕ ਕੁਚਲਣ ਦੀ ਤਿਆਰੀ ਕਰ ਰਹੀ ਹੈ।

## ਕਿਸਾਨ ਜਥੇਬੰਦੀਆਂ ਨੇ ਬਣਾਈ ਤਾਲਮੇਲ ਕਮੇਟੀ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਤਾਲਮੇਲ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਸਮੂਹ ਸਿੰਘ ਸਭਾਵਾਂ, ਪੰਥਕ ਜਥੇਬੰਦੀਆਂ, ਐਨ.ਜੀ.ਓ., ਸੁਖਮਨੀ ਸੁਸਾਇਟੀਆਂ, ਯੂਥ ਕਲੱਬਾਂ, ਸਭਾਵਾਂ ਅਤੇ ਹੋਰ ਸੰਸਥਾਵਾਂ ਨਾਲ ਮਿਲ ਕੇ ਮੋਰਚੇ ਨੂੰ ਚੜ੍ਹਦੀ ਕਲਾ ਵਿਚ ਲੈ ਕੇ ਜਾਵੇਗੀ। ਜਥੇਬੰਦੀਆਂ ਨੇ ਕਿਹਾ ਹੈ ਕਿ ਸਰਕਾਰ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਵਿਰੁੱਧ ਇਹ ਤਾਲਮੇਲ ਕਮੇਟੀ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਤੋਂ ਜਥੇ 8-10 ਦਿਨਾਂ ਲਈ ਵਾਰੀ-ਵਾਰੀ ਆ ਰਹੇ ਹਨ ਅਤੇ ਹੋਰ ਜਥਿਆਂ ਨੂੰ ਦਿੱਲੀ ਦੇ ਮੋਰਚਿਆਂ ਵਿਚ ਪੁੱਜਣ ਦੀ ਅਪੀਲ ਕੀਤੀ ਗਈ ਹੈ।

# ਭਾਜਪਾ ਆਗੂਆਂ ਦੀ ਘੇਰਾਬੰਦੀ ਹੋਰ ਤਿੱਖੀ ਕੀਤੀ ਜਾਵੇਗੀ



**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਦੀ ਵਾਪਸੀ ਲਈ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਚੱਲ ਰਹੇ ਧਰਨਿਆਂ ਤੋਂ ਸੱਦਾ ਦਿੱਤਾ ਗਿਆ ਕਿ ਆਉਂਦੇ ਦਿਨਾਂ ਦੌਰਾਨ ਪੂਰੇ ਪੰਜਾਬ ਵਿਚ ਕਾਰਪੋਰੇਟ ਘਰਾਣਿਆਂ, ਟੌਲ ਪਲਾਜ਼ਿਆਂ, ਵੱਡੇ ਸ਼ਾਪਿੰਗ ਮਾਲਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਚੱਲ ਰਹੇ ਪੱਕੇ ਮੋਰਚੇ ਵੀ ਹੋਰ ਵਿਸ਼ਾਲ ਅਤੇ ਮਜ਼ਬੂਤ ਕੀਤੇ ਜਾਣ।

ਸੂਬੇ 'ਚ ਭਾਜਪਾ ਆਗੂਆਂ ਦੇ ਘਰਾਂ ਅੱਗੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅੱਗੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ 'ਚ, ਨਿੱਜੀ ਖੇਤਰ ਦੇ ਥਰਮਲ ਪਲਾਂਟ ਸਣੇ ਮੋਗਾ ਦੇ ਸਾਈਲੋ ਅੱਗੇ ਧਰਨੇ ਸਣੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ। ਇਸ ਸਬੰਧੀ ਬੁਲਾਰਿਆਂ ਨੇ ਕਿਹਾ ਕਿ ਸਮੂਹ ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦਾ ਜੁਝਾਰੂ ਏਕਾ ਹੀ ਸਰਕਾਰ ਦੇ ਸਾਜ਼ਿਸ਼ੀ ਤੇ ਜਾਬਰ ਹੱਲਿਆਂ ਨੂੰ ਪਛਾੜ ਰਿਹਾ ਹੈ ਤੇ ਜਿੱਤ ਦੀ ਗਾਰੰਟੀ ਬਣਦਾ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਟਾਂ ਦੇ ਦਲਾਲਾਂ ਵਜੋਂ ਭੂਮਿਕਾ ਨਿਭਾ ਰਹੇ ਹੁਕਮਰਾਨਾਂ ਨੂੰ ਲੋਕ ਹਿੱਤਾਂ ਦੀ ਕੋਈ ਪ੍ਰਵਾਹ ਨਹੀਂ ਹੈ। ਕਿਸਾਨ ਬੁਲਾਰਿਆਂ ਨੇ ਭਾਜਪਾ ਤੇ ਕਾਰਪੋਰੇਟਾਂ ਖਿਲਾਫ ਹੱਲਾ ਬੋਲ ਸੰਘਰਸ਼ ਕਰਨ ਦਾ ਸੱਦਾ ਦਿੰਦਿਆਂ ਵਾਢੀ ਤੋਂ ਬਾਅਦ ਦਿੱਲੀ ਮੋਰਚਿਆਂ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਮਜ਼ਬੂਤ ਕਰਨ ਲਈ ਕਿਹਾ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ-2020 ਤੇ ਪਰਾਲੀ ਆਰਡੀਨੈਂਸ ਰੱਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਕੇਂਦਰ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਲੰਬੇ ਸੰਘਰਸ਼ ਦੀ ਜਰੂਰਤ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਔਰਤਾਂ ਤੇ ਨੌਜਵਾਨਾਂ ਦਾ ਡਿਊਟੀ ਮੁਤਾਬਕ ਦਿੱਲੀ ਮੋਰਚਿਆਂ 'ਤੇ ਜਾਣਾ ਜਾਰੀ ਹੈ। ਅੰਦੋਲਨ ਨੂੰ ਸਫਲ ਬਣਾਉਣ ਲਈ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਲੋਕਤੰਤਰ ਵਿਚ ਲੋਕ ਵੱਡੇ ਹੁੰਦੇ ਹਨ। ਜੇ ਲੋਕ ਸਰਕਾਰਾਂ ਬਣਾ ਸਕਦੇ ਹਨ ਤਾਂ ਬਦਲ ਵੀ ਸਕਦੇ ਹਨ।

## ਮੁਲਾਜ਼ਮਾਂ ਵੱਲੋਂ ਕਿਸਾਨ ਮੋਰਚਿਆਂ ਵੱਲ ਵਹੀਰਾਂ

**ਨਵੀਂ ਦਿੱਲੀ:** ਮੁਲਾਜ਼ਮ ਜਥੇਬੰਦੀਆਂ ਨੇ ਦਿੱਲੀ ਮੋਰਚਿਆਂ ਤੋਂ ਹਾੜੀ ਦੀ ਫਸਲ ਸਾਂਭਣ ਲਈ ਵਾਪਸ ਮੁੜੇ ਕਿਸਾਨਾਂ ਦੀ ਘਾਟ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਪੌਣੇ ਪੰਜ ਮਹੀਨਿਆਂ ਤੋਂ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਦੇ ਚੱਲ ਰਹੇ ਮੋਰਚਿਆਂ ਨੂੰ ਨਵਾਂ ਉਤਸ਼ਾਹ ਮਿਲ ਰਿਹਾ ਹੈ। ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਏਟਕ ਦਾ ਇਕ ਵੱਡਾ ਜਥਾ ਕਿਸਾਨ ਮੋਰਚੇ ਵਿੱਚ ਸ਼ਾਮਲ ਹੋਇਆ, ਜਿਸ ਦਾ ਸੰਯੁਕਤ ਕਿਸਾਨ ਮੋਰਚਾ ਦਿੱਲੀ ਦੇ ਆਗੂਆਂ ਨੇ ਜ਼ੋਰਦਾਰ ਸਵਾਗਤ ਕੀਤਾ। ਇਸ ਮੌਕੇ ਏਟਕ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ ਨੂੰ ਕਾਰਪੋਰੇਟ ਘਰਾਣਿਆਂ ਕੋਲ ਵੇਚ ਰਹੀ ਹੈ। ਉਸ ਵੱਲੋਂ ਖੇਤੀ ਵਿਰੋਧੀ ਕਾਲੇ ਕਾਨੂੰਨ ਪਾਸ ਕਰਕੇ ਕਿਸਾਨਾਂ ਦੇ ਹੱਥ ਵਿਚ ਠੂਠਾ ਫੜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਦੇਸ ਦੇ ਕਿਸਾਨ ਪ੍ਰਧਾਨ ਮੰਤਰੀ ਦਾ ਇਹ ਸੁਪਨਾ ਪੂਰਾ ਨਹੀਂ ਹੋਣ ਦੇਣਗੇ।

# ਕਿਸਾਨ ਮੋਰਚੇ ਨੇ ਖੱਟਰ ਤੇ ਦੁਸ਼ਯੰਤ ਤੋਂ ਅਸਤੀਫਾ ਮੰਗਿਆ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਹਰਿਆਣਾ ਵਿਚ ਕਿਸਾਨਾਂ ਉਤੇ ਲਾਠੀਚਾਰਜ ਕਰਨ, ਜਲ ਤੋਪਾਂ ਚਲਾਉਣ, ਹੰਝੂ ਗੈਸ ਛੱਡਣ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ 'ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਤੋਂ ਅਸਤੀਫਾ ਮੰਗਿਆ ਹੈ।

ਮੋਰਚੇ ਦੇ ਆਗੂਆਂ ਨੇ ਦੋਸ਼ ਲਾਇਆ ਕਿ ਇਹ ਆਗੂ ਇਕ ਪਾਸੇ ਕਿਸਾਨਾਂ ਦੀ ਲਗਾਤਾਰ ਬੇਇੱਜ਼ਤੀ ਕਰ ਰਹੇ ਹਨ ਤੇ ਦੂਜੇ ਪਾਸੇ ਮਨੁੱਖਤਾ ਦੇ ਅਧਾਰ 'ਤੇ ਕਿਸਾਨਾਂ ਨੂੰ ਧਰਨਾ ਚੁੱਕਣ ਲਈ ਕਹਿ ਰਹੇ ਹਨ। ਮੋਰਚੇ ਨੇ ਦੁਸ਼ਯੰਤ ਚੌਟਾਲਾ ਵੱਲੋਂ ਪ੍ਰਧਾਨ ਮੰਤਰੀ ਨੂੰ ਕਿਸਾਨ ਅੰਦੋਲਨ ਬਾਰੇ ਲਿਖੇ ਪੱਤਰ ਦੇ ਸੰਦਰਭ ਵਿਚ ਉਪ ਮੁੱਖ ਮੰਤਰੀ ਨੂੰ ਨਿਸ਼ਾਨੇ 'ਤੇ ਲਿਆ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ, 'ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਕਹਿਣਾ ਹੈ ਕਿ ਮਨੁੱਖਤਾ ਦੇ ਆਧਾਰ 'ਤੇ ਕਿਸਾਨਾਂ ਨੂੰ ਧਰਨਾ ਚੁੱਕ ਲੈਣਾ ਚਾਹੀਦਾ ਹੈ, ਜਦਕਿ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਵੀ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖਿਆ ਹੈ।

ਇਹ ਸੰਘਰਸ਼ ਕੇਂਦਰ ਸਰਕਾਰ ਵਿਰੁੱਧ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸ਼ੁਰੂ ਹੋਇਆ ਸੀ। ਹਰਿਆਣਾ ਸਰਕਾਰ ਦੇ ਨੁਮਾਇੰਦੇ ਮਨੁੱਖਤਾ ਨੂੰ ਸ਼ਰਮਿੰਦਾ ਕਰਦੇ ਹੋਏ, ਲਗਾਤਾਰ ਲਾਠੀਚਾਰਜ, ਜਲ ਤੋਪ, ਅੱਥਰੂ ਗੈਸ ਵਰਤ ਰਹੇ ਹਨ, ਗ੍ਰਿਫਤਾਰੀਆਂ ਕਰ ਰਹੇ ਹਨ ਤੇ ਕਿਸਾਨਾਂ ਖਿਲਾਫ ਬਿਆਨਬਾਜ਼ੀ ਕਰਦੇ ਰਹੇ ਹਨ। ਸ਼ਹੀਦ ਹੋਏ ਕਿਸਾਨਾਂ ਨੂੰ ਨਿਰੰਤਰ ਬੇਇੱਜ਼ਤ ਕੀਤਾ ਗਿਆ ਹੈ। ਸਿਰਸਾ ਵਿਚ ਸ਼ਹੀਦਾਂ ਦਾ ਯਾਦਗਾਰੀ ਸਮਾਰਕ ਤੋੜ ਦਿੱਤਾ ਗਿਆ। ਜਿਹੜੇ ਆਗੂ ਕਿਸਾਨਾਂ 'ਤੇ ਹਰ ਤਰ੍ਹਾਂ ਦਾ ਅਣਮਨੁੱਖੀ ਤਸ਼ੱਦਦ ਕਰ ਰਹੇ ਹਨ, ਹੁਣ ਉਹੀ ਕਿਸਾਨਾਂ ਨੂੰ ਮਨੁੱਖਤਾ ਦੀ ਮਿਸਾਲ ਦੇ ਰਹੇ ਹਨ, ਇਹ ਆਪਣੇ ਆਪ ਵਿਚ ਹਾਸੋਹੀਣਾ ਜਾਪਦਾ ਹੈ।'

# ਕਿਸਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਥਾਂ ਸਿਹਤ ਸਹੂਲਤਾਂ ਵੱਲ ਧਿਆਨ ਦੇਣ ਦੀ ਸਲਾਹ

**ਨਵੀਂ ਦਿੱਲੀ:** ਕਰੋਨਾ ਦੇ ਪਰਛਾਵੇਂ ਹੇਠ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਕਾਰਨ ਕੇਂਦਰ ਸਰਕਾਰ ਅਤੇ ਭਾਜਪਾ ਆਗੂਆਂ ਨੂੰ ਲਗਾਤਾਰ ਤਿੱਖੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ ਹੈ। ਸਰਕਾਰ ਦੇ ਨੁਮਾਇੰਦੇ ਇਹ ਦੱਸਣ ਵਿਚ ਨਾਕਾਮ ਰਹੇ ਹਨ ਕਿ ਇਹ ਕਾਨੂੰਨ/ਆਰਡੀਨੈਂਸ ਕਰੋਨਾ ਕਾਲ 'ਚ ਹੀ ਕਿਉਂ ਲਿਆਂਦੇ ਗਏ ਜਦ ਲੋਕ ਆਪਣੇ ਘਰਾਂ ਵਿਚ ਬੰਦ ਸਨ।

ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਇਹ ਦੱਸਣ ਵਿਚ ਵੀ ਅਸਫਲ ਰਹੀ ਹੈ ਕਿ ਕਿਸਾਨਾਂ ਅਤੇ ਵਿਰੋਧੀ ਧਿਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇਨ੍ਹਾਂ ਕਾਨੂੰਨਾਂ ਨੂੰ ਜਬਰਦਸਤੀ ਕਿਉਂ ਪਾਸ ਕੀਤਾ ਗਿਆ। ਹੁਣ ਜਦੋਂ ਮੀਟਿੰਗਾਂ ਦੌਰਾਨ ਸਰਕਾਰ ਦੇ ਨੁਮਾਇੰਦਿਆਂ ਦਾ ਇਹ ਮੰਨਣਾ ਹੈ ਕਿ ਇਨ੍ਹਾਂ ਕਾਨੂੰਨਾਂ 'ਚ ਅਨੇਕਾਂ ਖਾਮੀਆਂ ਹਨ, ਫਿਰ ਉਹ ਕਿਹੜੇ ਕਾਰਨ ਹਨ ਕਿ ਸਰਕਾਰ ਇਹ ਦੱਸਣ ਤੋਂ ਅਸਮਰੱਥ ਹੈ ਕਿ ਉਹ ਕਾਨੂੰਨਾਂ ਨੂੰ ਰੱਦ ਕਿਉਂ ਨਹੀਂ ਕਰਨਾ ਚਾਹੁੰਦੀ।

ਡਾ. ਦਰਸ਼ਨ ਪਾਲ ਨੇ ਕਿਹਾ ਕਿ ਮਹਾਮਾਰੀ ਕਾਰਨ ਦੇਸ-ਵਿਸਵ ਵਿਚ ਲੌਕਡਾਊਨ ਲਗਾਇਆ ਗਿਆ ਸੀ, ਉਸ ਤੋਂ ਬਾਅਦ ਅੰਕੜਿਆਂ ਨੇ ਸਪੱਸ਼ਟ ਤੌਰ 'ਤੇ ਦਿਖਾਇਆ ਕਿ ਸਾਰੇ ਖੇਤਰਾਂ ਦੀ ਮਾੜੀ ਕਾਰਗੁਜ਼ਾਰੀ ਸੀ, ਪਰ ਖੇਤੀਬਾੜੀ ਸੈਕਟਰ ਵਿਚ ਲਗਾਤਾਰ ਵਾਧਾ ਹੋਇਆ ਹੈ। ਭੋਜਨ, ਕਿਸਾਨ ਅਤੇ ਖੇਤੀਬਾੜੀ ਜਿੰਦਗੀ ਦੀਆਂ ਅਹਿਮ ਜਰੂਰਤਾਂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਵਰਗੇ ਦੇਸ ਵਿਚ, ਜਿਥੇ ਅੱਜ ਵੀ ਆਬਾਦੀ ਦਾ ਇਕ ਵੱਡਾ ਹਿੱਸਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ, ਕਿਸਾਨਾਂ ਨੂੰ ਇਕ ਮਾਰੂ ਨੀਤੀ ਸਵੀਕਾਰ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਜਦ ਇਕ ਵਾਰ ਫਿਰ ਕਰੋਨਾ ਦੇ ਕੇਸ ਵਧ ਸਾਹਮਣੇ ਆ ਰਹੇ ਹਨ, ਕੇਂਦਰ ਸਰਕਾਰ ਨੂੰ ਕਿਸਾਨਾਂ ਤੇ ਮਜ਼ਦੂਰਾਂ ਦੀ ਚਿੰਤਾ ਕਰਦਿਆਂ ਕਾਨੂੰਨ ਤੁਰਤ ਪ੍ਰਭਾਵ ਨਾਲ ਰੱਦ ਕਰਨੇ ਚਾਹੀਦੇ ਹਨ। ਦਿੱਲੀ ਦੀਆਂ ਹੱਦਾਂ ਤੋਂ ਲੈ ਕੇ ਦੇਸ ਦੇ ਦੂਜੇ ਹਿੱਸਿਆਂ ਤੱਕ ਕਿਸਾਨਾਂ ਦਾ ਸੰਘਰਸ਼ ਉਦੋਂ ਹੀ ਖਤਮ ਹੋਵੇਗਾ, ਜਦੋਂ ਕਿਸਾਨਾਂ ਦੀਆਂ ਮੰਗਾਂ ਮੰਨ ਲਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਵਾਸੀ ਮਜ਼ਦੂਰਾਂ ਦੀ ਸਿਹਤ ਅਤੇ ਸਮਾਜਿਕ ਸੁਰੱਖਿਆ ਲਈ ਹਰ ਯਤਨ ਕਰੇ। ਜੇ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਤੇ ਆਮ ਲੋਕਾਂ ਦਾ ਬਰਾਬਰ ਫਿਕਰ ਕਰਦੀ ਹੈ ਤਾਂ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਅੰਦੋਲਨ ਵਿੱਚ 375 ਤੋਂ ਵੱਧ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ।

ਮਨੁੱਖਤਾ ਦੇ ਅਧਾਰ 'ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਸਿਹਤ ਸਹੂਲਤਾਂ ਦਾ ਠੋਸ ਪ੍ਰਬੰਧ ਕਰੇ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਕਰੋਨਾ ਦੇ ਪਿਛਲੇ ਸਾਲ ਦੇ ਤਜਰਬੇ ਤੋਂ ਕੁਝ ਨਹੀਂ ਸਿੱਖਿਆ ਅਤੇ ਦੇਸ ਵਿਚ ਸਿਹਤ ਸੇਵਾਵਾਂ ਅਤੇ ਸਮਾਜਿਕ ਸੁਰੱਖਿਆ ਦੀ ਸਥਿਤੀ ਅਜੇ ਵੀ ਉਹੀ ਹੈ ਜੋ ਪਿਛਲੇ ਸਾਲ ਸੀ।

## ਰਾਕੇਸ਼ ਟਿਕੈਤ ਨੂੰ ਜਾਨੋਂ ਮਾਰਨ ਦੀ ਧਮਕੀ

**ਨਵੀਂ ਦਿੱਲੀ:** ਤਿੰਨ ਖੇਤੀ ਕਾਨੂੰਨਾਂ ਖਿਲਾਫ ਯੂਪੀ ਗੇਟ 'ਤੇ ਚੱਲ ਰਹੇ ਧਰਨੇ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੂੰ ਮੋਬਾਈਲ 'ਤੇ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਭਾਰਤੀ ਕਿਸਾਨ ਯੂਨੀਅਨ ਸੰਗਠਨ ਦੇ ਮੈਂਬਰ ਵਿਪਿਨ ਕੁਮਾਰ ਨੇ ਰਾਕੇਸ਼ ਟਿਕੈਤ ਨੂੰ ਧਮਕੀ ਮਿਲਣ ਦੇ ਮਾਮਲੇ ਵਿਚ ਗਾਜੀਆਬਾਦ ਦੇ ਕੌਸ਼ਾਂਬੀ ਥਾਣੇ ਵਿਚ ਸ਼ਿਕਾਇਤ ਦਿੱਤੀ ਹੈ ਜਿਸ ਦੇ ਆਧਾਰ 'ਤੇ ਧਮਕੀ ਦੇਣ ਤੇ ਆਈ.ਟੀ. ਐਕਟ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਸ਼ਿਕਾਇਤਕਰਤਾ ਤੇ ਰਾਕੇਸ਼ ਟਿਕੈਤ ਦੇ ਕਰੀਬੀ ਵਿਪਿਨ ਕੁਮਾਰ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਰਾਕੇਸ਼ ਟਿਕੈਤ ਨੂੰ ਇਕ ਮੋਬਾਈਲ ਨੰਬਰ ਤੋਂ ਵਟਸਐਪ ਕਾਲ ਤੇ ਧਮਕੀ ਭਰੇ ਸੁਨੇਹੇ ਆ ਰਹੇ ਹਨ। ਮੋਬਾਈਲ 'ਤੇ ਕਾਲ ਕਰਨ ਵਾਲਾ ਉਨ੍ਹਾਂ ਨਾਲ ਮਾੜੀ ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਹੈ। ਇੰਨਾ ਹੀ ਨਹੀਂ, ਵਿਰੋਧ ਕਰਨ 'ਤੇ ਉਸ ਵੱਲੋਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਜਾ ਰਹੀ ਹੈ।

# ਕਣਕ ਦੀ ਖਰੀਦ ਸਬੰਧੀ ਅਗਾਊਂ ਪ੍ਰਬੰਧਾਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਸਬੰਧੀ ਕੀਤੇ ਗਏ ਅਗਾਊਂ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ। ਮੰਡੀਆਂ 'ਚ ਕਣਕ ਲੈ ਕੇ ਆਏ ਕਿਸਾਨਾਂ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਇਕ ਪਾਸੇ ਜਿਥੇ ਸਰਕਾਰੀ ਪ੍ਰਬੰਧਾਂ ਦੀ ਘਾਟ ਕਾਰਨ ਮੰਡੀਆਂ 'ਚ ਆਈ ਕਣਕ ਦੀ ਭਰਾਈ ਤੇ ਤੁਲਾਈ ਨਾ ਹੋਣ ਕਾਰਨ ਕਿਸਾਨ ਪਰੇਸ਼ਾਨ ਹਨ, ਉਥੇ ਖਰਾਬ ਮੌਸਮ ਨੇ ਵੀ ਕਿਸਾਨਾਂ ਦੇ ਸਾਹ ਸੂਤੇ ਹੋਏ ਹਨ।

ਮੰਡੀਆਂ 'ਚ ਇਸ ਸਮੇਂ ਜਿਥੇ ਬਾਰਦਾਨੇ ਦੀ ਕਮੀ ਕਾਰਨ ਕਿਸਾਨ ਆਪਣੀ ਫਸਲ ਖੁੱਲ੍ਹੇ ਅਸਮਾਨ ਹੇਠ ਸੁੱਟਣ ਲਈ ਮਜਬੂਰ ਹੋ ਰਿਹਾ ਹੈ, ਉਥੇ ਖਰੀਦੀ ਗਈ ਕਣਕ ਦੀ ਚੁਕਾਈ ਦਾ ਕੰਮ ਵੀ ਢਿੱਲਾ ਹੋਣ ਕਾਰਨ ਮੰਡੀਆਂ 'ਚ ਕਣਕ ਦੀਆਂ ਬੋਰੀਆਂ ਦੀਆਂ ਧਾਂਕਾਂ ਲੱਗੀਆਂ ਹੋਈਆਂ ਹਨ ਤੇ ਕਿਸਾਨਾਂ ਨੂੰ ਆਪਣੀ ਫਸਲ ਸੁੱਟਣ ਲਈ ਵੀ ਥਾਂ ਨਹੀਂ ਮਿਲ ਰਹੀ। ਮਾੜੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਕਈ ਥਾਵਾਂ 'ਤੇ ਕਿਸਾਨਾਂ ਵੱਲੋਂ ਸਰਕਾਰ ਖਿਲਾਫ ਵਿਰੋਧ ਪ੍ਰਦਰਸ਼ਨ ਵੀ ਕੀਤੇ ਗਏ।

ਬਹੁਤ ਸਾਰੇ ਕਿਸਾਨ ਮੰਡੀਆਂ ਵਿਚ ਪਿਛਲੇ ਦਿਨਾਂ ਤੋਂ ਇਸ ਦੀ ਉਡੀਕ ਕਰ ਰਹੇ ਹਨ। ਕੁਝ ਦਿਨ ਪਹਿਲਾਂ ਮੁੱਖ ਸਕੱਤਰ ਵਿਨੀ ਮਹਾਜਨ ਨੇ ਇਹ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ ਅਤੇ ਸਰਕਾਰ ਕੋਲ 2 ਲੱਖ, 60 ਹਜ਼ਾਰ ਗੱਠਾਂ ਬਾਰਦਾਨਾ ਪਿਆ ਹੈ। ਹੁਣ ਤੱਕ 30 ਲੱਖ ਮੀਟ੍ਰਿਕ ਟਨ ਦੇ ਲਗਭਗ ਮੰਡੀਆਂ ਵਿਚ ਆਈ ਕਣਕ 'ਚੋਂ 25 ਲੱਖ ਟਨ ਕਣਕ ਖਰੀਦੀ ਜਾ ਚੁੱਕੀ ਹੈ। ਚੁਕਾਈ ਨਾ ਹੋਣ ਕਾਰਨ ਮੰਡੀਆਂ ਵਿਚ ਕਣਕ ਦੇ ਢੇਰ ਵੀ ਲੱਗਣੇ



ਸ਼ੁਰੂ ਹੋ ਗਏ ਹਨ। ਚੁਕਾਈ ਬਾਰੇ ਪ੍ਰਬੰਧ ਅਜੇ ਵੀ ਅਧੂਰੇ ਹੀ ਜਾਪਦੇ ਹਨ।

ਪਿਛਲੇ ਦਿਨਾਂ ਤੋਂ ਖ਼ਰਾਬ ਮੌਸਮ ਕਾਰਨ ਖੁੱਲ੍ਹੇ ਅਸਮਾਨ ਹੇਠ ਪਈ ਇਸ ਕਣਕ ਦੀ ਗੁਣਵੱਤਾ ਵੀ ਘਟੇਗੀ। ਇਸ ਦੇ ਨਾਲ-ਨਾਲ ਹਾਲੇ ਖੇਤਾਂ ਵਿਚ ਖੜ੍ਹੀ ਕਣਕ ਦੇ ਨੁਕਸਾਨ ਹੋਣ ਦਾ ਵੀ ਡਰ ਕਿਸਾਨਾਂ ਨੂੰ ਸਤਾ ਰਿਹਾ ਹੈ। ਫਸਲ ਲਈ ਲੋੜੀਂਦੇ ਗੁਦਾਮਾਂ ਦੀ ਅਣਹੋਂਦ ਵੀ ਹਮੇਸ਼ਾ ਰੜਕਦੀ ਰਹੀ ਹੈ। ਜਦੋਂ ਤੱਕ ਗੁਦਾਮਾਂ ਵਿਚੋਂ ਪਹਿਲੀ ਫਸਲ ਨਹੀਂ ਚੁੱਕੀ ਜਾਵੇਗੀ, ਉਦੋਂ ਤੱਕ ਨਵੀਂ ਫਸਲ ਨੂੰ ਇਨ੍ਹਾਂ ਵਿਚ ਰੱਖਣਾ ਵੀ ਬੇਹੱਦ ਮੁਸ਼ਕਲ ਹੋ ਜਾਵੇਗਾ। ਪਹਿਲਾਂ ਤੋਂ ਹੀ ਪੰਜਾਬ ਵਿਚ ਗੁਦਾਮਾਂ ਦੀ ਘਾਟ ਰਹੀ ਹੈ।

ਸਿੱਧੀ ਅਦਾਇਗੀ ਦੇ ਮੁੱਦੇ ਨੂੰ ਲੈ ਕੇ ਕੇਂਦਰ ਅਤੇ ਸੂਬਾ ਸਰਕਾਰ ਦਰਮਿਆਨ ਲੰਮੇ ਸਮੇਂ ਤੱਕ ਕੋਈ ਸਹਿਮਤੀ ਨਾ ਬਣਨ ਕਰ ਕੇ ਅਨਿਸ਼ਚਿਤਤਾ ਬਣੀ ਰਹੀ। ਆਖਰ ਕੇਂਦਰ ਦੀ ਅੜੀ ਕਾਰਨ ਪੰਜਾਬ ਨੂੰ ਕੇਂਦਰ ਦੀ ਤਜਵੀਜ਼ ਨਾਲ ਸਹਿਮਤ ਹੋਣਾ ਪਿਆ। ਸਰਕਾਰ ਨੇ ਗੱਲਬਾਤ ਕਰ ਕੇ ਆੜ੍ਹਤੀਆਂ ਦੀ ਹੜਤਾਲ ਵਾਪਸ ਕਰਵਾ ਦਿੱਤੀ ਅਤੇ ਉਨ੍ਹਾਂ ਦੇ ਕਿਸਾਨਾਂ ਨੂੰ ਦਿੱਤੇ ਕਰਜ਼ੇ ਦੀ ਵਾਪਸੀ ਦੀ ਗਰੰਟੀ ਦਾ ਕੋਈ ਰਾਹ ਕੱਢ ਲੈਣ ਦਾ ਯਕੀਨ ਦਿਵਾਇਆ। ਸਿੱਧੀ ਅਦਾਇਗੀ ਬਾਰੇ ਅਜੇ ਪੂਰੀ ਤਰ੍ਹਾਂ ਮੁਕੰਮਲ ਪ੍ਰਣਾਲੀ ਨਹੀਂ ਬਣਾਈ ਜਾ ਸਕੀ ਹੈ। ਫਰਵਰੀ ਮਹੀਨੇ ਜ਼ਿਆਦਾ ਗਰਮੀ ਪੈਣ ਕਾਰਨ ਇਸ ਵਾਰ ਝਾੜ ਘਟਣ ਕਰ ਕੇ ਕਿਸਾਨਾਂ ਨੂੰ ਆਮਦਨ ਘਟਣ ਦਾ ਖਦਸ਼ਾ ਹੈ। ਇਸ ਦੇ ਨਾਲ ਹੀ ਬਾਰਦਾਨਾ ਪੂਰੀ ਮਾਤਰਾ ਵਿਚ ਨਾ ਹੋਣ ਕਰ ਕੇ ਦਸ ਦਸ ਦਿਨ ਤੱਕ ਵੀ ਮੰਡੀਆਂ ਵਿਚ ਬੈਠਣਾ ਪੈ ਰਿਹਾ ਹੈ।

## ਸਿੱਧੀ ਅਦਾਇਗੀ ਪ੍ਰੇਸ਼ਾਨੀ ਦਾ ਸਬਬ ਬਣੀ

ਕੇਂਦਰੀ ਸਰਕਾਰ ਦੀ ਘੁਰਕੀ ਕਾਰਨ ਸੂਬਾ ਸਰਕਾਰ ਨੇ ਕਣਕ ਦੀ ਅਦਾਇਗੀ ਸਿੱਧੀ ਕਿਸਾਨਾਂ ਦੇ ਖਾਤੇ 'ਚ ਪਾਉਣ ਵਾਲੇ ਸਿਸਟਮ ਨੂੰ ਲਾਗੂ ਤਾਂ ਕਰ ਦਿੱਤਾ ਹੈ ਪਰ ਇਸ ਸਿਸਟਮ ਸਬੰਧੀ ਕਾਗ਼ਜ਼ਾਤ ਤਿਆਰ ਕਰਨ ਸਬੰਧੀ ਸਪਸ਼ਟਤਾ ਨਾ ਹੋਣ ਕਾਰਨ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਸਮੇਤ ਆੜ੍ਹਤੀਆਂ ਤੇ ਕਿਸਾਨਾਂ ਨੂੰ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਸੂਬੇ 'ਚ ਕਣਕ ਦੀ ਸਰਕਾਰੀ ਖਰੀਦ 10 ਅਪਰੈਲ ਨੂੰ ਸ਼ੁਰੂ ਹੋ ਗਈ ਸੀ ਪਰ ਅਜੇ ਵੀ ਕਿਸਾਨਾਂ ਦੇ ਨਾਂ, ਆਧਾਰ ਕਾਰਡ ਤੇ ਹੋਰ ਜਾਣਕਾਰੀ ਸਬੰਧੀ ਮਹਿਕਮੇ ਵਲੋਂ ਵਾਰ-ਵਾਰ ਨਵੇਂ ਪ੍ਰੋਫਾਰਮੇ ਜਾਰੀ ਕੀਤੇ ਜਾ ਰਹੇ ਹਨ, ਜਿਸ ਨਾਲ ਜਿਥੇ ਆੜ੍ਹਤੀਆ ਅਤੇ ਕਿਸਾਨਾਂ ਦਾ ਕੰਮ ਕਈ ਗੁਣਾ ਵਧ ਗਿਆ ਹੈ, ਉਥੇ ਹੀ ਕਈ ਮੰਡੀਆਂ ਖਾਸ ਕਰਕੇ ਪੇਂਡੂ ਖਰੀਦ ਮੰਡੀਆਂ ਦੇ ਆੜ੍ਹਤੀ ਹੁਣ ਤੱਕ 'ਆਈ' ਫਾਰਮ ਤੇ 'ਜੇ' ਫਾਰਮ ਕੰਪਿਊਟਰ ਰਾਹੀਂ ਆਨਲਾਈਨ ਅਪਲੋਡ ਕਰਨ 'ਚ ਨਾਕਾਮਯਾਬ ਰਹੇ ਹਨ।

## ਆੜ੍ਹਤੀਆਂ ਦੇ ਦਿੱਤੇ ਬਾਰਦਾਨੇ 'ਚ ਕਣਕ ਭਰਨ ਦੀ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2021-22 ਦੇ ਹਾੜ੍ਹੀ ਸੀਜ਼ਨ ਦੌਰਾਨ ਕਣਕ ਦੀ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਆੜ੍ਹਤੀਆਂ ਵੱਲੋਂ ਮੁਹੱਈਆ ਕਰਵਾਏ ਗਏ ਚੰਗੀ ਹਾਲਤ ਵਾਲੇ ਬਾਰਦਾਨੇ ਵਿਚ ਕਣਕ ਦੀ ਭਰਾਈ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਮੰਡੀਆਂ ਵਿਚ ਬਾਰਦਾਨੇ ਦੀ ਘਾਟ ਪੂਰੀ ਕੀਤਾ ਜਾ ਸਕੇਗੀ। ਹੁਣ ਤੱਕ ਸੂਬੇ ਦੀਆਂ ਮੰਡੀਆਂ 'ਚ ਕਣਕ ਦੀ ਆਮਦ 8 ਲੱਖ ਮੀਟ੍ਰਿਕ ਟਨ ਰੋਜ਼ਾਨਾ 'ਤੇ ਪਹੁੰਚ ਗਈ ਹੈ। ਖਰੀਦੀ ਹੋਈ ਕਣਕ ਦੇ ਭੰਡਾਰਨ ਲਈ ਕੌਮੀ ਪੱਧਰ 'ਤੇ ਨਵੇਂ ਬਾਰਦਾਨੇ ਅਤੇ ਪੀਪੀ ਬੈਗਜ ਦੀ ਘਾਟ ਪਾਈ ਜਾ ਰਹੀ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨਾਲ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਐਫ.ਸੀ.ਆਈ. ਦੀ ਭਾਵੇਂ ਸਿੱਧੀ ਅਦਾਇਗੀ ਦੀ ਗੱਲ ਮੰਨੀ ਗਈ ਹੈ ਪਰ ਏਜੰਸੀ ਨੂੰ ਅਲਾਟ ਹੋਈਆਂ ਮੰਡੀਆਂ ਵਿਚੋਂ ਕੋਟੇ ਮੁਤਾਬਕ ਖਰੀਦ ਅਜੇ ਵੀ ਨਹੀਂ ਕੀਤੀ ਜਾ ਰਹੀ। ਮੌਸਮ ਦੀ ਖਰਾਬੀ ਕਾਰਨ ਕਿਸਾਨਾਂ ਦਾ ਡਰ ਵਧ ਰਿਹਾ ਹੈ ਕਿਉਂਕਿ ਜਿੰਨਾ ਚਿਰ ਕਣਕ ਦੀ ਬੋਲੀ ਹੋ ਕੇ ਤੁਲਾਈ ਨਹੀਂ ਹੁੰਦੀ, ਉਸ ਵਕਤ ਤੱਕ ਹੋਣ ਵਾਲੇ ਖਰਾਬੇ ਦੀ ਜ਼ਿੰਮੇਵਾਰੀ ਕੋਈ ਹੋਰ ਲੈਣ ਲਈ ਤਿਆਰ ਨਹੀਂ। ਬਾਰਦਾਨਾ ਸਮੇਂ ਸਿਰ ਕਿਉਂ ਨਹੀਂ ਮਿਲ ਸਕਿਆ, ਇਸ ਲਈ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਚੁਕਾਈ ਦੀ ਸਮੱਸਿਆ ਵੀ ਹੈ। ਕਿਸਾਨਾਂ ਦੀ ਕਣਕ ਤੁਰਤ ਵਿਕਣ ਅਤੇ 48 ਘੰਟੇ ਅੰਦਰ ਅਦਾਇਗੀ ਦਾ ਵਾਅਦਾ ਕੀਤਾ ਗਿਆ ਹੈ। ਹਕੀਕਤ ਇਹ ਹੈ ਕਿ ਅਜੇ ਤੱਕ ਆਧਾਰ ਕਾਰਡ, ਬੈਂਕ ਖਾਤੇ ਅਤੇ ਹੋਰ ਲੋੜੀਂਦੀ ਜਾਣਕਾਰੀ ਹੀ ਭੇਜੀ ਜਾ ਰਹੀ ਹੈ। ਭੇਜੀ ਜਾ ਰਹੀ ਜਾਣਕਾਰੀ ਪੂਰੀ ਤਰ੍ਹਾਂ ਸਹੀ ਹੈ ਜਾਂ ਨਹੀਂ, ਇਸ ਦੀ ਤਸਦੀਕ ਕਰਨ ਨੂੰ ਵੀ ਸਮਾਂ ਲੱਗੇਗਾ।

# ਦੂਜੇ ਰਾਜਾਂ ਤੋਂ ਆਉਂਦੀ ਕਣਕ ਰੋਕਣ ਲਈ ਸਰਕਾਰ ਚੌਕਸ



**ਜਲੰਧਰ:** ਦੂਜੇ ਰਾਜਾਂ ਤੋਂ ਗੈਰ ਕਾਨੂੰਨੀ ਤਰੀਕੇ ਨਾਲ ਕਣਕ ਲਿਆਉਣ ਦੇ ਮਾਮਲੇ ਫੜਨ ਲਈ ਪੰਜਾਬ ਸਰਕਾਰ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ ਤੇ ਇਸ ਮਾਮਲੇ 'ਚ ਅਲੱਗ-ਅਲੱਗ ਵਿਭਾਗਾਂ ਦੀਆਂ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ। ਬਠਿੰਡਾ 'ਚ ਬੀਤੇ ਦਿਨੀਂ ਦੂਜੇ ਰਾਜਾਂ ਤੋਂ ਵੱਡੀ ਮਾਤਰਾ 'ਚ ਪੰਜਾਬ ਦੀਆਂ ਮੰਡੀਆਂ 'ਚ ਕਣਕ ਲਿਆ ਕੇ ਵੇਚਣ ਵਾਲੇ ਮਾਮਲੇ ਦਾ ਖੁਲਾਸਾ ਕੀਤਾ ਗਿਆ ਸੀ ਤੇ ਕਈਆਂ 'ਤੇ ਕੇਸ ਦਰਜ ਕੀਤਾ ਗਿਆ ਸੀ। ਰਾਜ ਦੀ ਮੁੱਖ ਸਕੱਤਰ ਸ੍ਰੀਮਤੀ ਵਿਨੀ ਮਹਾਜਨ ਦੀ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਹੋਈ ਵਰਚੂਅਲ ਮੀਟਿੰਗ 'ਚ ਮੰਡੀਆਂ 'ਚ ਕਿਸਾਨਾਂ ਦੀ ਖਰੀਦ ਯਕੀਨੀ ਬਣਾਉਂਦੇ ਹੋਏ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਾ ਆਉਣ ਦੀ ਹਦਾਇਤ ਦਿੱਤੀ ਗਈ ਤੇ ਨਾਲ ਹੀ ਸਖਤੀ ਨਾਲ ਇਹ ਹਦਾਇਤ ਦਿੱਤੀ ਗਈ ਕਿ ਦੂਜੇ ਰਾਜਾਂ ਤੋਂ ਸਸਤੀ ਕਣਕ ਲਿਆ ਕੇ ਪੰਜਾਬ 'ਚ ਐਮ.ਐਸ.ਪੀ. ਉਤੇ ਕਣਕ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਇਸ ਮਾਮਲੇ 'ਚ ਏਜੰਸੀਆਂ ਨੂੰ ਟੀਮਾਂ ਦਾ ਗਠਨ ਕਰਨ ਦੀ ਹਦਾਇਤ ਦਿੱਤੀ ਸੀ ਤਾਂ ਜੋ ਉਹ ਰਾਜ ਦੇ ਅਲੱਗ-ਅਲੱਗ ਐਂਟਰੀ ਪੁਆਇੰਟ 'ਤੇ ਤਾਇਨਾਤ ਰਹਿ ਕੇ ਇਸ ਤਰ੍ਹਾਂ ਦੇ ਮਾਮਲੇ ਫੜਨ। ਮੁੱਖ ਸਕੱਤਰ ਨਾਲ ਹੋਈ ਮੀਟਿੰਗ ਤੋਂ ਬਾਅਦ ਹੀ ਇਸ ਤਰ੍ਹਾਂ ਦੀਆਂ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਸੀ। ਮਾਮਲੇ 'ਚ ਪੁਲਿਸ ਕਮਿਸ਼ਨਰਾਂ, ਡੀ.ਸੀ. ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ। ਗਠਿਤ ਕੀਤੀਆਂ ਗਈਆਂ ਟੀਮਾਂ 'ਚ ਪੁਲਿਸ ਵਿਭਾਗ ਤੋਂ ਇਲਾਵਾ ਮੰਡੀ ਬੋਰਡ, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੈਂਬਰ ਵੀ ਸ਼ਾਮਲ ਕੀਤੇ ਗਏ ਹਨ। ਦੱਸਿਆ ਜਾਂਦਾ ਹੈ ਕਿ ਜਿਹੜੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ, ਉਨ੍ਹਾਂ ਨੇ ਫੀਲਡ 'ਚ ਨਿਗਰਾਨੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਬੀਤੇ ਦਿਨੀਂ ਰਾਜ 'ਚ ਦੂਜੇ ਰਾਜਾਂ ਤੋਂ ਸਸਤੀ ਕਣਕ ਲਿਆ ਕੇ ਪੰਜਾਬ ਵਿਚ ਮਹਿੰਗੇ ਮੁੱਲ 'ਤੇ ਕਣਕ ਵੇਚਣ ਦਾ ਮਾਮਲਾ ਫੜਿਆ ਗਿਆ ਸੀ, ਉਸ ਤੋਂ ਬਾਅਦ ਰਾਜ ਸਰਕਾਰ ਕਾਫੀ ਚੌਕਸ ਹੋ ਗਈ ਹੈ। ਚੇਤੇ ਰਹੇ ਕਿ ਇਹ ਕੰਮ ਲੰਬੇ ਸਮੇਂ ਤੋਂ ਚੱਲਦਾ ਰਿਹਾ ਹੈ ਤੇ ਬੀਤੇ ਝੋਨੇ ਦੇ ਸੀਜ਼ਨ 'ਚ ਕਰੋੜਾਂ ਦਾ ਝੋਨਾ ਪੰਜਾਬ 'ਚ ਲਿਆ ਕੇ ਵੇਚਣ ਦੇ ਮਾਮਲੇ ਦਾ ਖੁਲਾਸਾ ਕੀਤਾ ਗਿਆ ਸੀ।

# ਹੁਣ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ੍ਹਣਗੇ ਕਿਸਾਨ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਹੁਣ ਕਣਕ ਦੀ ਖਰੀਦ ਦੇ ਢਿੱਲੇ ਪ੍ਰਬੰਧਾਂ ਸਬੰਧੀ ਸੂਬੇ ਦੀ ਕਾਂਗਰਸ ਸਰਕਾਰ ਖਿਲਾਫ ਵੀ ਮੋਰਚਾ ਖੋਲ੍ਹ ਦਿੱਤਾ ਹੈ। ਕਿਸਾਨ ਮਹਾਂਰੈਲੀ ਵਿਚ ਸੂਬਾ ਤੇ ਕੇਂਦਰ ਸਰਕਾਰ ਖਿਲਾਫ ਪਿੰਡ ਪੱਧਰੀ ਪੁਤਲੇ ਫੂਕ ਮੁਜ਼ਾਹਰੇ ਕਰਨ ਅਤੇ 5 ਮਈ ਨੂੰ ਵੱਡੀ ਗਿਣਤੀ ਵਿਚ ਦਿੱਲੀ ਵੱਲ ਕੂਚ ਕਰਨ ਦਾ ਐਲਾਨ ਕੀਤਾ ਹੈ।

ਇਥੇ ਭਗਤਾਂਵਾਲਾ ਦਾਣਾ ਮੰਡੀ ਵਿਚ ਕਿਸਾਨ ਸੰਘਰਸ਼ ਦੇ ਸ਼ਹੀਦਾਂ ਨੂੰ ਸਮਰਪਿਤ ਇਸ ਕਿਸਾਨ ਮਹਾਂਰੈਲੀ ਦੌਰਾਨ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਅਤੇ ਸ਼ਹੀਦ ਨਵਰੀਤ ਸਿੰਘ ਡਿਬਡਿਬਾ ਸਮੇਤ ਹੋਰ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਰੈਲੀ ਵਿਚ ਮਾਰਕੀਟ ਕਮੇਟੀ, ਆੜ੍ਹਤੀ ਐਸੋਸੀਏਸ਼ਨ, ਬੱਸ ਯੂਨੀਅਨ ਵਰਕਰ, ਐਕਸ ਸਰਵਿਸਮੈਨ ਯੂਨੀਅਨ, ਪੱਲੇਦਾਰ ਯੂਨੀਅਨ, ਰੇਹੜੀ ਫੜ੍ਹੀ ਯੂਨੀਅਨ, ਵੱਲਾ ਸਬਜ਼ੀ ਮੰਡੀ ਯੂਨੀਅਨ ਸਮੇਤ ਹੋਰ ਭਰਾਤਰੀ ਜਥੇਬੰਦੀਆਂ ਨੇ ਵੀ ਸਹਿਯੋਗ ਦਿੱਤਾ। ਜਥੇਬੰਦੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸਵਿੰਦਰ ਸਿੰਘ ਚੁਤਾਲਾ, ਸੁਖਵਿੰਦਰ ਸਿੰਘ ਸਭਰਾਂ ਅਤੇ ਗੁਰਬਚਨ ਸਿੰਘ ਚੱਬਾ ਨੇ



ਰੈਲੀ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਕਰੋਨਾ ਦੀ ਆੜ ਹੇਠ ਦਿੱਲੀ ਮੋਰਚੇ ਨੂੰ ਚੁਕਾਉਣ ਦੀ ਨੀਤੀ ਬਣਾ ਰਹੀ ਹੈ, ਜਿਸ ਨੂੰ ਕਿਸਾਨ ਪੂਰਾ ਨਹੀਂ ਹੋਣ ਦੇਣਗੇ। ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਾਉਣ ਲਈ ਕਿਸਾਨ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਬੁਲਾਰਿਆਂ ਨੇ ਆਖਿਆ ਕਿ ਲੋੜ ਪੈਣ 'ਤੇ ਇਹ ਸੰਘਰਸ਼ 2024 ਤੱਕ ਜਾਰੀ ਰੱਖਿਆ ਜਾਵੇਗਾ। ਪੰਜਾਬ ਵਿਚ ਕਣਕ ਦੀ ਖਰੀਦ ਸਬੰਧੀ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਬੁਲਾਰਿਆਂ ਨੇ ਆਖਿਆ ਕਿ ਕਣਕ ਦੀ ਖਰੀਦ ਨਿਰਵਿਘਨ ਜਾਰੀ ਰੱਖੀ ਜਾਵੇ, ਫਰਦ ਲੈਣ ਦੀ ਸ਼ਰਤ ਖਤਮ ਕੀਤੀ ਜਾਵੇ, ਬਾਰਦਾਨੇ ਦੀ ਘਾਟ ਨੂੰ ਪੂਰਾ ਕਰਕੇ ਮੰਡੀਆਂ ਵਿਚੋਂ ਕਣਕ ਦੀ ਤੁਰਤ ਚੁਕਾਈ ਕਰਵਾਈ ਜਾਵੇ।

# ਕਿਸਾਨ ਸੰਘਰਸ਼: ਵਾਢੀ ਦੇ ਸੀਜ਼ਨ ਵਿਚ ਔਰਤਾਂ ਨੇ ਸੰਭਾਲਿਆ ਮੋਰਚਾ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਵਾਢੀ ਦੇ ਜ਼ੋਰ ਫੜਨ ਦੇ ਨਾਲ ਹੀ ਕਿਸਾਨੀ ਮੋਰਚਿਆਂ 'ਤੇ ਔਰਤਾਂ ਦੀ ਗਿਣਤੀ ਵਧਣ ਲੱਗੀ ਹੈ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ 32 ਕਿਸਾਨ-ਜਥੇਬੰਦੀਆਂ ਵੱਲੋਂ ਪੱਕੇ-ਮੋਰਚੇ ਜਾਰੀ ਹਨ ਤੇ ਕਿਸਾਨਾਂ ਦੇ ਹਾੜ੍ਹੀ ਦੇ ਕੰਮਾਂ ਵਿਚ ਰੁੱਝੇ ਹੋਣ ਕਾਰਨ ਹੁਣ ਬਹੁਤੀ ਥਾਈਂ ਮੋਰਚਿਆਂ ਦੀ ਕਮਾਨ ਔਰਤਾਂ ਨੇ ਸੰਭਾਲ ਲਈ ਹੈ।

ਮੋਰਚਿਆਂ 'ਤੇ ਮੰਚ ਸੰਚਾਲਨ ਸਮੇਤ ਹੋਰ ਪ੍ਰਬੰਧਾਂ ਵਿਚ ਔਰਤਾਂ ਵੱਡੀ ਜ਼ਿੰਮੇਵਾਰੀ ਨਿਭਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਮੰਡੀਆਂ ਵਿਚ ਬੈਠੇ ਕਿਸਾਨ ਵੀ ਕਿਸਾਨੀ ਅੰਦੋਲਨ ਨੂੰ ਮਘਾਉਣ ਦੀ ਰਣਨੀਤੀ ਤਿਆਰ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਦਿੱਲੀ ਦੇ ਮੋਰਚਿਆਂ 'ਚ ਵੀ ਕਿਸਾਨਾਂ ਵੱਲੋਂ ਭਰਵੀਂ ਹਾਜ਼ਰੀ ਲਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਣਕ ਦੀ ਵਾਢੀ ਦਾ ਕੰਮ ਨਿੱਬੜਨ ਮਗਰੋਂ ਕਿਸਾਨਾਂ ਦੇ ਵੱਡੇ ਕਾਫਲੇ ਮੁੜ ਦਿੱਲੀ ਵੱਲ ਨੂੰ ਕੂਚ ਕਰਨਗੇ। ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਅੱਗੇ ਧਰਨੇ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਵਾਢੀ ਤੋਂ ਬਾਅਦ ਅੰਦੋਲਨ ਨੂੰ ਪੂਰੇ ਮੁਲਕ ਵਿਚ ਤਿੱਖਾ ਕੀਤਾ ਜਾਵੇਗਾ। ਸਟੇਜਾਂ ਤੋਂ ਜੁਸ਼ੀਲੀਆਂ ਤਕਰੀਰਾਂ ਦਿੰਦੀਆਂ ਮਹਿਲਾ ਕਿਸਾਨ ਆਗੂਆਂ ਵੀ ਸੱਤਾਧਾਰੀ ਜਮਾਤ ਨੂੰ ਵੰਗਾਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਖੇਤੀ ਸਮੇਤ ਹੋਰ ਕਾਲੇ ਕਾਨੂੰਨਾਂ ਕਾਰਨ ਛੋਟੀ ਤੇ ਦਰਮਿਆਨੀ ਕਿਸਾਨੀ ਸਣੇ ਮਜ਼ਦੂਰ ਵਰਗ ਤਬਾਹੀ ਵੱਲ ਜਾਏਗਾ। ਰੋਜ਼ੀ-ਰੋਟੀ ਦੇ ਸਾਧਨ ਖੁੱਸਣ ਕਾਰਨ ਪਰਿਵਾਰ ਲਈ ਸੰਕਟਮਈ ਸਥਿਤੀ ਪੈਦਾ ਹੋਵੇਗੀ, ਜਿਸ ਵਿਚ ਔਰਤ ਨੇ ਵੱਧ ਪਿਸਣਾ ਹੈ। ਇਸ ਵਰਤਾਰੇ ਨਾਲ ਲੜਨ ਲਈ ਔਰਤ ਨੂੰ ਅੱਗੇ ਆਉਣਾ ਹੀ ਪੈਣਾ ਹੈ।

ਬੁਲਾਰਿਆਂ ਨੇ ਕਿਹਾ ਕਿ ਸਰਕਾਰ ਨੂੰ ਸ਼ਾਇਦ ਬਹੁਤ ਵੱਡਾ ਭੁਲੇਖਾ ਸੀ ਕਿ ਵਾਢੀ ਦਾ ਸੀਜ਼ਨ ਆਉਣ 'ਤੇ ਕਿਸਾਨ ਅੰਦੋਲਨ ਮੱਠਾ ਪੈ ਜਾਵੇਗਾ ਪਰ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਦੇ ਸੱਦਿਆਂ ਨੂੰ ਮਿਲੇ ਭਰਵੇਂ ਹੁੰਗਾਰਿਆਂ ਤੋਂ ਸਰਕਾਰ ਨੂੰ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਿਸਾਨ ਆਪਣੀਆਂ ਮੰਗਾਂ ਪੂਰੀਆਂ ਕਰਵਾਏ ਬਗੈਰ ਘਰ ਵਾਪਸ ਨਹੀਂ ਜਾਣਗੇ।

## 'ਹਾਕਮਾਂ ਦੇ ਜਬਰ ਅੱਗੇ ਸ਼ਾਂਤਮਈ ਸੰਘਰਸ਼ ਜਿੱਤੇਗਾ'

**ਨਵੀਂ ਦਿੱਲੀ:** ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸ਼ਾਂਤਮਈ ਸੰਘਰਸ਼ ਦੀ ਦੁਨੀਆਂ ਪੱਧਰ 'ਤੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਰਗੀ ਕੋਈ ਮਿਸਾਲ ਨਹੀਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਨੇ ਹਾਕਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਵੀ ਬੋਲਣ ਦੀ ਹਿੰਮਤ ਤੇ ਜਾਚ ਸਿਖਾਈ। ਉਨ੍ਹਾਂ ਕਿਹਾ ਕਿ ਹਾਕਮ ਬੇਸ਼ੱਕ ਡਾਢਾ ਹੋਵੇ ਪਰ ਸੱਚ ਨੂੰ ਦਬਾਉਣ ਲਈ ਉਹ ਹਮੇਸ਼ਾ ਹਾਰਦਾ ਹੈ। ਸ੍ਰੀ ਉਗਰਾਹਾਂ ਨੇ ਕਿਹਾ ਕਿ ਮੌਜੂਦਾ ਹਕੂਮਤ ਦਾ ਵੀ ਆਪਣੇ ਵਿਰੁੱਧ ਉੱਠਣ ਵਾਲੀਆਂ ਲਹਿਰਾਂ ਨੂੰ ਦਬਾਉਣ ਲਈ ਪੂਰਾ ਤਾਣ ਲੱਗਿਆ ਹੋਇਆ ਹੈ।

# ਕਰੋਨਾ ਸੰਕਟ: ਕੈਪਟਨ ਵੱਲੋਂ ਹੋਰ ਸਖਤ ਪਾਬੰਦੀਆਂ ਲਾਉਣ ਦੇ ਹੁਕਮ

**ਚੰਡੀਗੜ੍ਹ:** ਪੰਜਾਬ 'ਚ ਕੋਵਿਡ ਦੇ ਵਧਦੇ ਕੇਸਾਂ ਦੇ ਮੱਦੇਨਜਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੋਰ ਸਖਤ ਪਾਬੰਦੀਆਂ ਲਾਉਣ ਦੇ ਹੁਕਮ ਦਿੱਤੇ ਹਨ। ਇਨ੍ਹਾਂ ਪਾਬੰਦੀਆਂ ਵਿਚ ਰਾਤਰੀ ਕਰਫਿਊ ਦਾ ਸਮਾਂ ਵਧਾ ਕੇ ਰਾਤ 8 ਤੋਂ ਸਵੇਰੇ 5 ਵਜੇ ਤੱਕ ਕੀਤਾ ਗਿਆ ਹੈ ਅਤੇ ਸੂਬੇ ਵਿਚਲੇ ਸਾਰੇ ਬਾਰ, ਸਿਨੇਮਾ ਹਾਲ, ਜਿਮ, ਸਪਾ, ਕੋਚਿੰਗ ਸੈਂਟਰ, ਖੇਡ ਕੰਪਲੈਕਸ ਬੰਦ ਰਹਿਣਗੇ ਅਤੇ ਸੋਮਵਾਰ ਤੋਂ ਲੈ ਕੇ ਸਨਿਚਰਵਾਰ ਤੱਕ ਰੈਸਟੋਰੈਂਟਾਂ ਤੇ ਹੋਟਲਾਂ ਨੂੰ ਸਿਰਫ ਖਾਣਾ ਘਰ ਲਿਜਾਣ ਤੇ ਹੋਮ ਡਿਲਿਵਰੀ ਦੀ ਇਜਾਜ਼ਤ ਦਿੱਤੀ ਗਈ ਹੈ।

ਨਿੱਜੀ ਲੈਬਾਂ ਨੇ ਆਰਟੀ-ਪੀ.ਸੀ.ਆਰ. ਅਤੇ ਰੈਪਿਡ ਐਂਟੀਜੈਨ ਟੈਸਟਿੰਗ (ਆਰਏਟੀ) ਦੀਆਂ ਕੀਮਤਾਂ ਘਟਾ ਕੇ ਕ੍ਰਮਵਾਰ 450 ਰੁਪਏ ਅਤੇ 300 ਰੁਪਏ ਕਰ ਦਿੱਤੀਆਂ ਹਨ। ਸਰਕਾਰ ਸੂਬੇ ਵਿਚ ਵਿਆਹਾਂ/ਸਸਕਾਰ ਸਮੇਤ ਹਰ ਤਰ੍ਹਾਂ ਦੇ ਇਕੱਠ 'ਚ 20 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ 10 ਤੋਂ ਵੱਧ ਵਿਅਕਤੀਆਂ ਦੇ ਇਕੱਠ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਜ਼ਰੂਰੀ ਕਰਾਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਹ ਨਵੀਆਂ ਪਾਬੰਦੀਆਂ, ਜਿਨ੍ਹਾਂ ਵਿਚ ਸਾਰੇ ਮਾਲ, ਦੁਕਾਨਾਂ ਅਤੇ ਬਾਜ਼ਾਰਾਂ ਐਤਵਾਰ ਵਾਲੇ ਦਿਨ ਬੰਦ ਕਰਨਾ ਸ਼ਾਮਲ ਹੈ, ਪਹਿਲਾਂ ਵਾਲੀਆਂ ਪਾਬੰਦੀਆਂ ਸਮੇਤ 30 ਅਪਰੈਲ ਤੱਕ ਲਾਗੂ ਰਹਿਣਗੀਆਂ।



ਸਮੁੱਚੇ ਹਫਤਾਵਾਰੀ ਬਾਜ਼ਾਰ ਵੀ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਸੂਬੇ ਵਿਚ ਕੋਵਿਡ ਦੀ ਸਥਿਤੀ ਦੀ ਸਮੀਖਿਆ ਕਰਨ ਲਈ ਇਕ ਉੱਚ ਪੱਧਰੀ ਵਰਚੁਅਲ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਇਹ ਵੀ ਹੁਕਮ ਦਿੱਤੇ ਕਿ ਉਡਾਣਾਂ ਰਾਹੀਂ ਪੰਜਾਬ ਆਉਣ ਵਾਲੇ ਸਾਰੇ ਵਿਅਕਤੀਆਂ ਕੋਲ ਆਰਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਹੋਣੀ ਚਾਹੀਦੀ ਹੈ ਜੋ 72 ਘੰਟਿਆਂ ਤੋਂ ਪੁਰਾਣੀ ਨਾ ਹੋਵੇ ਨਹੀਂ ਤਾਂ ਉਨ੍ਹਾਂ ਦੀ ਹਵਾਈ ਅੱਡੇ ਉਤੇ ਹੀ ਆਰਏਟੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਹੁਕਮ ਦਿੱਤੇ ਕਿ ਜਿਨ੍ਹਾਂ ਨੇ ਕਿਧਰੇ ਵੀ ਵੱਡੇ ਇਕੱਠਾਂ ਵਿਚ ਸ਼ਮੂਲੀਅਤ ਕੀਤੀ ਹੈ, ਉਨ੍ਹਾਂ ਨੂੰ ਘਰ ਵਾਪਸੀ 'ਤੇ ਪੰਜ ਦਿਨਾਂ ਲਈ ਘਰ ਵਿਚ ਏਕਾਂਤਵਾਸ ਵਿਚ ਰਹਿਣਾ ਪਵੇਗਾ। ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਬੱਸਾਂ/ਟੈਕਸੀਆਂ ਅਤੇ ਆਟੋ ਰਿਕਸ਼ਿਆਂ ਵਿਚ ਲੋਕਾਂ ਦੀ ਗਿਣਤੀ ਦੀ ਸਮਰੱਥਾ 50 ਫੀਸਦੀ ਰੱਖੀ ਜਾਵੇ। ਮੁੱਖ ਮੰਤਰੀ ਨੇ ਬੱਸ ਅੱਡਿਆਂ ਤੇ ਰੇਲਵੇ ਸਟੇਸ਼ਨਾਂ 'ਤੇ ਮੁਸਾਫਰਾਂ ਲਈ ਆਰ.ਏ.ਟੀ. ਬੂਥ ਸਥਾਪਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਸਰਕਾਰ ਨੇ ਨਿਰਦੇਸ਼ ਦਿੱਤੇ ਕਿ ਪਟਵਾਰੀਆਂ ਦੀ ਭਰਤੀ ਪ੍ਰੀਖਿਆ ਮੁਲਤਵੀ ਕੀਤੀ ਜਾਵੇਗੀ ਅਤੇ ਮੈਡੀਕਲ ਸਿੱਖਿਆ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਐੱਮ.ਬੀ.ਬੀ.ਐੱਸ/ਬੀ.ਡੀ.ਐੱਸ/ਬੀ.ਏ.ਐਮ.ਐਸ. ਦੇ ਪਹਿਲੇ, ਦੂਜੇ ਅਤੇ ਤੀਜੇ ਵਰ੍ਹੇ ਤੇ ਪਹਿਲੇ ਵਰ੍ਹੇ ਦੇ ਨਰਸਿੰਗ ਦੇ ਵਿਦਿਆਰਥੀਆਂ ਲਈ ਆਨਲਾਈਨ ਪ੍ਰੀਖਿਆ ਕਰਵਾਈ ਜਾਵੇ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਵਿਚਲੀਆਂ ਫੌਜੀ ਛਾਉਣੀਆਂ ਦੇ ਹਸਪਤਾਲਾਂ ਨੇ ਸੂਬਾ ਸਰਕਾਰ ਨੂੰ ਯਕੀਨ ਦਿਵਾਇਆ ਹੈ ਕਿ ਕੋਵਿਡ ਕੇਸਾਂ 'ਚ ਵਾਧੇ ਨੂੰ ਠੱਲ੍ਹਣ ਲਈ ਸੂਬਾ ਸਰਕਾਰ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਜਦਕਿ ਨਿੱਜੀ ਹਸਪਤਾਲਾਂ ਨੂੰ ਕੋਵਿਡ ਦੇ ਮਰੀਜ਼ਾਂ ਲਈ 75 ਫੀਸਦੀ ਬਿਸਤਰੇ ਰਾਖਵੇਂ ਰੱਖਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਸੂਬੇ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਬਿਸਤਰਿਆਂ ਦੀ ਮੌਜੂਦਗੀ ਬਾਰੇ 24 ਘੰਟੇ ਜਾਣਕਾਰੀ ਪ੍ਰਦਾਨ ਕਰਨ ਲਈ ਇਕ ਹੈਲਪਲਾਈਨ ਨੰਬਰ 104 ਵੀ ਚਾਲੂ ਰਹੇਗਾ।

ਉਨ੍ਹਾਂ ਕਿਹਾ ਕਿ ਆਕਸੀਜਨ ਦੀ ਉਪਲਬੱਧਤਾ ਯਕੀਨੀ ਬਣਾਉਣ ਲਈ ਇਕ ਕਮੇਟੀ ਕੰਮ ਕਰੇਗੀ ਜਦਕਿ ਨਿੱਜੀ ਹਸਪਤਾਲਾਂ ਨੂੰ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਹੁਸਨ ਲਾਲ ਨੇ ਦੱਸਿਆ ਕਿ ਸੂਬੇ ਦੀ ਪਾਜੇਟੀਵਿਟੀ ਦਰ 7.8 ਫੀਸਦੀ ਉਤੇ ਸਥਿਰ ਸੀ ਪਰ ਅਪਰੈਲ 15 ਨੂੰ ਇਹ ਵੱਧ ਕੇ 12.6 ਫੀਸਦੀ ਤੱਕ ਪਹੁੰਚ ਗਈ ਸੀ ਜਿਸ ਵਿਚ ਮੁਹਾਲੀ ਦੀ ਦਰ ਸਭ ਤੋਂ ਵੱਧ 36.53 ਫੀਸਦੀ ਰਹੀ। ਉਨ੍ਹਾਂ ਕਿਹਾ ਕਿ ਜੇਕਰ ਲੁਧਿਆਣਾ, ਐਸ.ਏ.ਐਸ. ਨਗਰ (ਮੁਹਾਲੀ), ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਵਿਚ ਹੰਗਾਮੀ ਕਦਮ ਚੁੱਕਣ ਦੀ ਅਪੀਲ ਕੀਤੀ।

## ਕਰੋਨਾ ਦੇ 78 ਫੀਸਦੀ ਤੋਂ ਜ਼ਿਆਦਾ ਕੇਸ 10 ਰਾਜਾਂ 'ਚ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰਾਲੇ ਨੇ ਜਾਣਕਾਰੀ ਦਿੱਤੀ ਕਿ ਦੇਸ਼ ਵਿਚ ਕਰੋਨਾ ਵਾਇਰਸ ਦੇ ਕੁੱਲ ਕੇਸਾਂ ਵਿਚੋਂ 78 ਫੀਸਦੀ ਤੋਂ ਜ਼ਿਆਦਾ ਕੇਸ 10 ਰਾਜਾਂ ਵਿਚੋਂ ਆਏ ਹਨ। ਇਨ੍ਹਾਂ ਵਿਚ ਮਹਾਰਾਸ਼ਟਰ, ਉਤਰ ਪ੍ਰਦੇਸ਼, ਦਿੱਲੀ, ਰਾਜਸਥਾਨ, ਤਾਮਿਲਨਾਡੂ, ਕਰਨਾਟਕਾ, ਗੁਜਰਾਤ, ਕੇਰਲ, ਮੱਧ ਪ੍ਰਦੇਸ਼ ਤੇ ਛਤੀਸਗੜ੍ਹ ਸ਼ਾਮਲ ਹਨ।

# ਕੋਵਿਡ ਮਹਾਮਾਰੀ ਬਾਰੇ ਮਨਮੋਹਨ ਵੱਲੋਂ ਮੋਦੀ ਨੂੰ ਪੱਤਰ



**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੇਸ਼ 'ਚ ਕੋਵਿਡ-19 ਸੰਕਟ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਮਹਾਮਾਰੀ ਨਾਲ ਨਜਿੱਠਣ ਲਈ ਟੀਕਾਕਰਨ 'ਚ ਤੇਜ਼ੀ ਲਿਆਉਣਾ ਮਹੱਤਵਪੂਰਨ ਹੋਵੇਗਾ। ਉਨ੍ਹਾਂ ਐਚ.ਆਈ.ਵੀ/ਏਡਜ਼ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਵਾਂਗ ਵੈਕਸੀਨ ਲਈ ਲੋੜੀਂਦੀ ਲਾਇਸੈਂਸਿੰਗ ਵਿਵਸਥਾ ਲਾਗੂ ਕਰਨ ਸਮੇਤ ਹੋਰ ਸੁਝਾਅ ਪ੍ਰਧਾਨ ਮੰਤਰੀ ਨੂੰ ਦਿੱਤੇ ਹਨ।

ਕਾਂਗਰਸ ਦੇ ਸੀਨੀਅਰ ਆਗੂ ਨੇ ਸ੍ਰੀ ਮੋਦੀ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਸਿਰਫ ਕੁੱਲ ਗਿਣਤੀ ਨੂੰ ਨਹੀਂ ਦੇਖਣਾ ਚਾਹੀਦਾ ਹੈ ਸਗੋਂ ਕਿੰਨੀ ਫੀਸਦ ਆਬਾਦੀ ਨੂੰ ਟੀਕਾ ਲੱਗ ਚੁੱਕਿਆ ਹੈ, ਉਸ ਨੂੰ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਸਹੀ ਨੀਤੀ ਨਾਲ ਇਸ ਦਿਸ਼ਾ ਵੱਲ ਬਿਹਤਰ ਢੰਗ ਅਤੇ ਬਹੁਤ ਤੇਜ਼ੀ ਨਾਲ ਅੱਗੇ ਵਧਿਆ ਜਾ ਸਕਦਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਸੁਝਾਅ ਦਿੱਤਾ ਕਿ ਸੂਬਿਆਂ ਨੂੰ ਟੀਕਾਕਰਨ ਲਈ ਮੋਹਰੀ ਕਤਾਰ ਦੇ (ਫਰੰਟਲਾਈਨ) ਵਰਕਰਾਂ ਦੇ ਵਰਗ ਤੈਅ ਕਰਨ 'ਚ ਕੁਝ ਢਿੱਲ ਮਿਲਣੀ ਚਾਹੀਦੀ ਹੈ ਤਾਂ ਕਿ ਜੇ ਉਹ 45 ਸਾਲ ਤੋਂ ਘੱਟ ਉਮਰ ਦੇ ਵੀ ਹਨ ਤਾਂ ਵੀ ਉਨ੍ਹਾਂ ਨੂੰ ਟੀਕਾ ਲੱਗ ਸਕੇ। ਮਨਮੋਹਨ ਸਿੰਘ ਨੇ ਕਿਹਾ ਕਿ ਕੁਝ ਸੂਬੇ ਸਕੂਲ ਅਧਿਆਪਕਾਂ, ਬੱਸ, ਥ੍ਰੀ-ਵ੍ਹੀਲਰ ਅਤੇ ਟੈਕਸੀ ਡਰਾਈਵਰਾਂ, ਨਗਰ ਨਿਗਮ ਤੇ ਪੰਚਾਇਤ ਕਰਮੀਆਂ ਅਤੇ ਵਕੀਲਾਂ ਨੂੰ ਫਰੰਟਲਾਈਨ ਯੋਧਿਆਂ ਦੇ ਵਰਗ 'ਚ ਸੂਚੀਬੱਧ ਕਰਨਾ ਚਾਹੁੰਦੇ ਹਨ ਅਤੇ ਅਜਿਹੇ 'ਚ ਉਨ੍ਹਾਂ ਦੀ ਉਮਰ 45 ਸਾਲ ਤੋਂ ਘੱਟ ਹੋਣ 'ਤੇ ਵੀ ਟੀਕਾ ਲਗਾਇਆ ਜਾ ਸਕਦਾ ਹੈ।

## ਇਜ਼ਰਾਈਲ 'ਚ ਲੋਕਾਂ ਨੂੰ ਮਾਸਕ ਤੋਂ ਮੁਕਤੀ ਮਿਲੀ, ਸਕੂਲ ਖੁੱਲ੍ਹੇ

**ਯੇਰੋਸ਼ਲਮ:** ਇਜ਼ਰਾਈਲ ਨੇ ਲਾਜ਼ਮੀ ਮਾਸਕ ਪਹਿਨਣ ਬਾਰੇ ਜਾਰੀ ਕੀਤੀਆਂ ਹਦਾਇਤਾਂ ਵਾਪਸ ਲੈ ਲਈਆਂ ਹਨ। ਸਕੂਲ ਵੀ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਗਏ ਹਨ। ਟੀਕਾਕਰਨ ਮੁਹਿੰਮ ਤੋਂ ਬਾਅਦ ਕਰੋਨਾ ਵਾਇਰਸ ਦੀਆਂ ਪਾਬੰਦੀਆਂ ਵਿਚ ਇਹ ਢਿੱਲ ਦਿੱਤੀ ਗਈ ਹੈ। ਪ੍ਰਾਇਮਰੀ ਤੇ ਸੈਕੰਡਰੀ ਦੇ ਬੱਚਿਆਂ ਨੇ ਸਕੂਲ ਜਾਣਾ ਆਰੰਭ ਦਿੱਤਾ ਹੈ। ਜਨਤਕ ਥਾਵਾਂ 'ਤੇ ਮਾਸਕ ਨਾ ਪਹਿਨਣ ਦੀ ਛੋਟ ਦਿੱਤੀ ਗਈ ਹੈ। ਬੰਦ ਥਾਵਾਂ ਤੇ ਵੱਡੇ ਇਕੱਠਾਂ ਵਿਚ ਮਾਸਕ ਪਹਿਨਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਇਜ਼ਰਾਈਲ ਨੇ ਤੇਜ਼ ਰਫਤਾਰ ਨਾਲ ਆਪਣੇ ਨਾਗਰਿਕਾਂ ਦਾ ਟੀਕਾਕਰਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਅਗਲੇ ਛੇ ਮਹੀਨਿਆਂ ਦੇ ਟੀਕਿਆਂ ਦੀ ਖੁਰਾਕ ਦੇ ਆਰਡਰ ਅਤੇ ਸਪਲਾਈ ਬਾਰੇ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਕੇਂਦਰ ਸਰਕਾਰ ਹੰਗਾਮੀ ਲੋੜਾਂ ਲਈ 10 ਫੀਸਦ ਖੁਰਾਕ ਰੱਖ ਸਕਦੀ ਹੈ ਅਤੇ ਸੂਬਿਆਂ ਨੂੰ ਸੰਭਾਵਿਤ ਉਪਲੱਬਧਤਾ ਦਾ ਸਪੱਸ਼ਟ ਸੰਕੇਤ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਯੋਜਨਾ ਤਿਆਰ ਕਰ ਸਕਣ।

# ਅਮਰੀਕੀ ਕਾਂਗਰਸ 'ਚ ਵਿਸਾਖੀ ਦੀ ਮਹੱਤਤਾ ਬਾਰੇ ਪ੍ਰਸਤਾਵ ਪੇਸ਼



**ਵਾਸ਼ਿੰਗਟਨ:** ਅਮਰੀਕਾ ਦੇ ਇਕ ਸੰਸਦ ਮੈਂਬਰ ਨੇ ਵਿਸਾਖੀ ਦੇ ਤਿਉਹਾਰ ਦੀ ਅਹਿਮੀਅਤ ਨੂੰ ਮਾਨਤਾ ਦੇਣ ਅਤੇ ਇਸ ਨੂੰ ਮਨਾਉਣ ਵਾਲਿਆਂ ਲਈ ਪ੍ਰਤੀਨਿਧ ਸਭਾ ਵਿਚ ਇਕ ਪ੍ਰਸਤਾਵ ਪੇਸ਼ ਕੀਤਾ। ਸੰਸਦ ਮੈਂਬਰ ਜੌਹਨ ਗਾਰਾਮੈਂਡੀ ਨੇ ਸਦਨ ਵਿਚ ਵਿਸਾਖੀ ਪ੍ਰਸਤਾਵ ਨੂੰ ਮੁੜ ਤੋਂ ਪੇਸ਼ ਕਰਨ ਦੌਰਾਨ ਕਿਹਾ, "ਇਹ ਪ੍ਰਸਤਾਵ ਵਿਸਾਖੀ ਦੇ ਤਿਉਹਾਰ ਦੀ ਇਤਿਹਾਸਕ, ਸਭਿਆਚਾਰਕ ਅਤੇ ਧਾਰਮਿਕ ਮਹੱਤਤਾ ਨੂੰ ਸਵੀਕਾਰ ਕਰਦਾ ਹੈ।" ਵਿਸਾਖੀ ਸਿੱਖਾਂ, ਹਿੰਦੂਆਂ ਅਤੇ ਬੁੱਧ ਧਰਮ ਦੇ ਲੋਕਾਂ ਲਈ ਬਸੰਤ ਦੇ ਮੌਸਮ ਦੀ ਫਸਲ ਦੀ ਕਟਾਈ ਦਾ ਤਿਉਹਾਰ ਹੈ। ਇਹ ਸਿੱਖਾਂ ਦਾ ਨਵਾਂ ਸਾਲ ਵੀ ਹੁੰਦਾ ਹੈ ਅਤੇ 1699 ਵਿਚ ਗੁਰੂ ਗੋਬਿੰਦ ਸਿੰਘ ਵੱਲੋਂ 'ਖਾਲਸਾ ਪੰਥ' ਦੀ ਸਥਾਪਨਾ ਕੀਤੇ ਜਾਣ ਦੀ ਯਾਦ ਵੀ ਤਾਜ਼ਾ ਕਰਦਾ ਹੈ। ਕੈਲੀਫੋਰਨੀਆ ਵਿਚ ਕਾਂਗਰਸ ਦੇ ਮੈਂਬਰ ਗਾਰਾਮੈਂਡੀ ਸਦਨ ਦੇ ਸਿੱਖ ਕੌਕਸ ਦੇ ਉਪ ਮੁਖੀ ਵੀ ਹਨ। ਉਥੇ ਹੀ, ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰੋ ਖੰਨਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੀ 130ਵੀਂ ਜੈਅੰਤੀ ਮੌਕੇ ਉਨ੍ਹਾਂ ਦੇ ਸਨਮਾਨ ਵਿਚ ਲਗਾਤਾਰ ਦੂਜੇ ਸਾਲ ਇਕ ਪ੍ਰਸਤਾਵ ਪੇਸ਼ ਕੀਤਾ। ਇਸ ਦਾ ਟੀਚਾ ਦੁਨੀਆਂ ਭਰ ਦੇ ਨੌਜਵਾਨ ਆਗੂਆਂ ਨੂੰ ਅੰਬੇਦਕਰ ਦੇ ਸਮਾਨਤਾ ਦੇ ਨਜ਼ਰੀਏ ਤੋਂ ਪ੍ਰੇਰਿਤ ਕਰਨਾ ਸੀ। ਪ੍ਰਤੀਨਿਧ ਸਭਾ ਵਿਚ ਪ੍ਰਸਤਾਵ ਪੇਸ਼ ਕਰਨ ਤੋਂ ਬਾਅਦ ਖੰਨਾ ਨੇ ਇਕ ਟਵੀਟ ਵਿਚ ਕਿਹਾ, "ਅੰਬੇਦਕਰ ਅਜਿਹਾ ਭਾਰਤ ਅਤੇ ਅਮਰੀਕਾ ਚਾਹੁੰਦੇ ਸਨ ਜਿਥੇ ਅਸੀਂ ਸਾਰਿਆਂ ਦੇ ਮਾਣ ਦਾ ਸਨਮਾਨ ਕਰੀਏ।" ਉਨ੍ਹਾਂ ਕਿਹਾ, "ਅੱਜ ਮੈਂ ਡਾ. ਬੀ.ਆਰ. ਅੰਬੇਦਕਰ ਨੂੰ ਸਨਮਾਨਿਤ ਕਰਨ ਲਈ ਇਕ ਵਾਰ ਫਿਰ ਆਪਣਾ ਪ੍ਰਸਤਾਵ ਪੇਸ਼ ਕਰ ਰਿਹਾ ਹਾਂ, ਇਸ ਆਸ ਵਿਚ ਕਿ ਦੁਨੀਆਂ ਭਰ ਦੇ ਨੌਜਵਾਨ ਆਗੂ ਉਨ੍ਹਾਂ ਦੇ ਕੰਮ ਬਾਰੇ ਪੜ੍ਹਨਗੇ ਅਤੇ ਸਮਾਨਤਾ ਦੇ ਉਨ੍ਹਾਂ ਦੇ ਨਜ਼ਰੀਏ ਤੋਂ ਪ੍ਰੇਰਿਤ ਹੋਣਗੇ।"

# ਕੈਪਟਨ ਸਰਕਾਰ ਵੱਲੋਂ ਜਾਪਾਨੀ ਨਿਵੇਸ਼ ਲਿਆਉਣ ਲਈ ਹੰਭਲਾ

**ਚੰਡੀਗੜ੍ਹ:** ਇਨਵੈਸਟ ਪੰਜਾਬ ਰਾਹੀਂ ਜਾਪਾਨ ਤੋਂ ਸੂਬੇ 'ਚ ਨਿਵੇਸ਼ ਲਿਆਉਣ ਪ੍ਰਤੀ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ 'ਛੋਟਾ ਜਾਪਾਨ' ਬਣਾਉਣ ਦੀ ਸੋਚ ਦਾ ਪ੍ਰਗਟਾਵਾ ਕੀਤਾ ਜੋ ਕਿ ਸੂਬੇ 'ਚ ਮੌਜੂਦਾ ਸਮੇਂ ਵਪਾਰਕ ਗਤੀਵਿਧੀਆਂ ਚਲਾ ਰਹੀਆਂ 100 ਤੋਂ ਵੱਧ ਜਾਪਾਨੀ ਕੰਪਨੀਆਂ ਨਾਲ ਸਹਿਯੋਗ ਨੂੰ ਹੋਰ ਅੱਗੇ ਲੈ ਕੇ ਜਾਵੇਗੀ। ਇਨਵੈਸਟ ਪੰਜਾਬ ਦੇ ਜਾਪਾਨ ਡੈਸਕ ਵਲੋਂ ਪੰਜਾਬ 'ਚ ਨਿਵੇਸ਼ ਦੇ ਮੌਕੇ ਤਲਾਸ਼ਣ ਲਈ ਟੋਕੀਓ ਵਿਚਲੇ ਭਾਰਤੀ ਦੂਤਘਰ ਦੇ ਸਹਿਯੋਗ ਨਾਲ ਕਰਵਾਏ ਭਾਰਤ-ਜਾਪਾਨ ਨਿਵੇਸ਼ ਸੰਮੇਲਨ ਮੌਕੇ ਮੁੱਖ ਮੰਤਰੀ ਨੇ ਵਰਚੁਅਲ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਪਾਰਕ ਗਤੀਵਿਧੀਆਂ ਚਲਾਉਣ ਪੱਖੋਂ ਸਭ ਤੋਂ ਸੁਰੱਖਿਅਤ ਸਥਾਨ ਹੈ ਕਿਉਂ ਜੋ ਇਥੇ ਬੀਤੇ 30 ਵਰ੍ਹਿਆਂ ਦੌਰਾਨ ਨਾ ਤਾਂ ਕੋਈ ਲਾਕਆਊਟ ਅਤੇ ਨਾ ਹੀ ਕੋਈ ਹੜਤਾਲ ਵੇਖਣ ਨੂੰ ਮਿਲੀ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਸਰਕਾਰ ਵਲੋਂ ਇਨਵੈਸਟ ਪੰਜਾਬ ਨੂੰ ਚੋਟੀ ਦੀ ਕਾਰਗੁਜ਼ਾਰੀ ਵਾਲੀ ਸੂਬਾਈ ਨਿਵੇਸ਼ ਪਰਮੋਸ਼ਨ ਅਥਾਰਿਟੀ ਐਲਾਨਿਆ ਗਿਆ ਹੈ ਅਤੇ ਇਥੇ ਜਾਪਾਨ ਡੈਸਕ ਦੀ ਸਥਾਪਨਾ ਵੀ ਕੀਤੀ ਗਈ ਹੈ ਤਾਂ ਜੋ ਸੂਬੇ 'ਚ ਨਿਵੇਸ਼ ਕਰਨ ਦੇ ਚਾਹਵਾਨ ਜਾਪਾਨੀ ਨਿਵੇਸ਼ਕਾਰਾਂ ਦੀ ਮਦਦ ਕੀਤੀ ਜਾ ਸਕੇ ਅਤੇ ਜਾਪਾਨ ਤੇ ਪੰਜਾਬ ਦੀਆਂ ਕੰਪਨੀਆਂ ਨੂੰ ਇਕ ਸਾਂਝਾ ਮੰਚ ਮਿਲ ਸਕੇ। ਜਾਪਾਨੀ ਉਦਯੋਗਾਂ ਨੂੰ ਪੰਜਾਬ 'ਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੋਵਾਂ ਧਿਰਾਂ ਦਰਮਿਆਨ ਖੇਤੀਬਾੜੀ, ਫੂਡ ਪ੍ਰੋਸੈਸਿੰਗ, ਟੈਕਨੀਕਲ ਟੈਕਸਟਾਈਲ, ਇੰਜੀਨੀਅਰਿੰਗ, ਫਾਰਮਾ ਤੇ ਮੈਡੀਕਲ ਉਪਕਰਨ ਅਤੇ ਹੁਨਰ ਵਿਕਾਸ ਦੇ ਖੇਤਰਾਂ ਵਿਚ ਭਾਈਵਾਲੀ ਦੀ ਕਾਫੀ ਸੰਭਾਵਨਾ ਹੈ।

# ਲੰਗਾਹ ਵੱਲੋਂ ਪੰਥ ਵਿਚ ਵਾਪਸੀ ਲਈ ਚਾਰਾਜੋਈ ਸ਼ੁਰੂ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਇਕ ਵਾਰ ਮੁੜ ਪੰਥ ਵਿਚ ਵਾਪਸੀ ਲਈ ਚਾਰਾਜੋਈ ਸ਼ੁਰੂ ਕੀਤੀ ਹੈ ਅਤੇ ਹੁਣ ਉਹ ਰੋਜ਼ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਵਿਖੇ ਨਤਮਸਤਕ ਹੋਣ ਲਈ ਆ ਰਹੇ ਹਨ। ਉਹ ਪਿਛਲੇ ਤਿੰਨ ਦਿਨਾਂ ਤੋਂ ਰੋਜ਼ ਹੀ ਇਥੇ ਨਤਮਸਤਕ ਹੋਣ ਲਈ ਆਉਂਦੇ ਹਨ ਅਤੇ ਸ੍ਰੀ ਅਕਾਲ ਤਖਤ ਵਿਖੇ ਮੱਥਾ ਟੇਕ ਕੇ ਚੱਲ ਰਹੀ ਢਾਡੀ ਸਭਾ ਵਿਚ ਬੈਠ ਜਾਂਦੇ ਹਨ।

ਕੁਝ ਦੇਰ ਬੈਠਣ ਮਗਰੋਂ ਚੁੱਪਚਾਪ ਪਰਤ ਜਾਂਦੇ ਹਨ। ਫਿਲਹਾਲ ਉਨ੍ਹਾਂ ਪੰਥ ਵਿਚ ਵਾਪਸੀ ਵਾਸਤੇ ਸ੍ਰੀ ਅਕਾਲ ਤਖਤ 'ਤੇ ਕੋਈ ਨਵੀਂ ਅਪੀਲ ਨਹੀਂ ਭੇਜੀ ਹੈ ਪਰ ਪੰਥਕ ਹਲਕਿਆਂ ਵਿਚ ਚਰਚਾ ਹੈ ਕਿ ਉਹ ਆ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਥ ਵਿਚ ਵਾਪਸੀ ਕਰਨਾ ਚਾਹੁੰਦੇ ਹਨ ਤਾਂ ਜੋ ਸਿਆਸਤ ਵਿਚ ਵੀ ਵਾਪਸੀ ਹੋ ਸਕੇ। ਉਨ੍ਹਾਂ ਦੇ ਨੇੜਲੇ ਸੂਤਰਾਂ ਮੁਤਾਬਕ ਉਹ ਹੁਣ ਰੋਜ਼



ਗੁਰੂ ਚਰਨਾਂ ਵਿਚ ਪੰਥ ਵਾਪਸੀ ਦੀ ਅਰਦਾਸ ਕਰਨ ਲਈ ਆਉਂਦੇ ਹਨ ਕਿਉਂਕਿ ਹੁਣ ਉਨ੍ਹਾਂ ਨੇ ਗੁਰੂ 'ਤੇ ਟੇਕ ਰੱਖੀ ਹੈ। ਉਹ ਇਸ ਤੋਂ ਪਹਿਲਾਂ ਕਈ ਵਾਰ ਭੁੱਲ ਬਖ਼ਸ਼ਾਉਣ ਲਈ ਅਤੇ ਪੰਥ ਵਿਚ ਵਾਪਸੀ ਲਈ ਪੱਤਰ ਦੇ ਚੁੱਕੇ ਹਨ।

ਉਨ੍ਹਾਂ ਵਲੋਂ ਆਪਣੇ ਤੌਰ 'ਤੇ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਗੁਰਦੁਆਰੇ ਵਿਚ ਪੰਜ ਪਿਆਰਿਆਂ ਕੋਲ ਪੇਸ਼ ਹੋ ਕੇ ਸੁਧਾਈ ਲਈ ਤਨਖਾਹ ਵੀ ਲਵਾਈ ਗਈ ਸੀ ਪਰ ਇਸ ਮਾਮਲੇ ਦਾ ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਵਲੋਂ ਸਖਤ ਨੋਟਿਸ ਲਿਆ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਸਬੰਧਤ ਗੁਰਦੁਆਰੇ ਦੇ ਮੈਨੇਜਰ ਤੇ ਹੋਰ ਅਮਲੇ ਖਿਲਾਫ ਸਖਤ ਕਾਰਵਾਈ ਕੀਤੀ ਸੀ ਜਦਕਿ ਸ੍ਰੀ ਅਕਾਲ ਤਖਤ ਵਲੋਂ ਇਸ ਮਾਮਲੇ ਵਿਚ ਤਿੰਨ ਸਿੱਖ ਆਗੂਆਂ ਨੂੰ ਤਨਖਾਹ ਲਾਈ ਗਈ ਸੀ। ਸਾਬਕਾ ਅਕਾਲੀ ਆਗੂ ਦੀ ਕੁਝ ਵਰ੍ਹੇ ਪਹਿਲਾਂ ਇਕ ਔਰਤ ਨਾਲ ਇਤਰਾਜ਼ਯੋਗ ਹਾਲਾਤਾਂ ਵਿਚ ਵੀਡੀਓ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਸ੍ਰੀ ਅਕਾਲ ਤਖਤ ਵਲੋਂ ਉਸ ਨੂੰ ਬੱਜਰ ਕੁਰਹਿਤ ਦੇ ਦੋਸ਼ ਹੇਠ ਪੰਥ ਵਿਚੋਂ ਬਾਹਰ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਉਹ ਭਾਵੇਂ ਅਦਾਲਤ ਵਿਚੋਂ ਬਰੀ ਹੋ ਚੁੱਕੇ ਹਨ ਪਰ ਸ੍ਰੀ ਅਕਾਲ ਤਖਤ ਵਲੋਂ ਹੁਣ ਤੱਕ ਲੰਗਾਹ ਨੂੰ ਮੁਆਫੀ ਨਹੀਂ ਦਿੱਤੀ ਗਈ ਹੈ।

# ਥੋਕ ਕੀਮਤ ਆਧਾਰਿਤ ਮਹਿੰਗਾਈ ਦਰ ਕਾਰਨ ਲੋਕਾਂ 'ਚ ਹਾਹਾਕਾਰ

**ਨਵੀਂ ਦਿੱਲੀ:** ਥੋਕ ਕੀਮਤ ਆਧਾਰਿਤ ਮਹਿੰਗਾਈ ਦਰ ਨੇ ਲੋਕਾਂ ਵਿਚ ਹਾਹਾਕਾਰ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਥੋਕ ਕੀਮਤ ਆਧਾਰਿਤ ਮਹਿੰਗਾਈ ਦਰ (ਡਬਲਿਊ.ਪੀ.ਆਈ.) ਮਾਰਚ 'ਚ 8 ਸਾਲ ਦੇ ਸਭ ਤੋਂ ਉਚੇ ਪੱਧਰ 7.39 ਫੀਸਦ 'ਤੇ ਪਹੁੰਚ ਗਈ ਹੈ। ਕੱਚੇ ਤੇਲ ਅਤੇ ਧਾਤਾਂ ਦੀਆਂ ਕੀਮਤਾਂ 'ਚ ਵਾਧੇ ਕਾਰਨ ਮਹਿੰਗਾਈ ਦਰ ਅਸਮਾਨੀਂ ਚੜ੍ਹੀ ਹੈ। ਪਿਛਲੇ ਸਾਲ ਦੇਸ਼ 'ਚ ਲੌਕਡਾਊਨ ਕਰਕੇ ਮਾਰਚ 'ਚ ਮਹਿੰਗਾਈ ਦਰ 0.42 ਫੀਸਦ ਹੀ ਰਿਕਾਰਡ ਕੀਤੀ ਗਈ ਸੀ। ਫਰਵਰੀ 'ਚ ਥੋਕ ਆਧਾਰਿਤ ਮਹਿੰਗਾਈ ਦਰ 4.17 ਫੀਸਦ ਸੀ। ਵਣਜ ਅਤੇ ਸਨਅਤ ਮੰਤਰਾਲੇ ਨੇ ਕਿਹਾ ਕਿ ਅਕਤੂਬਰ 2012 'ਚ ਮਹਿੰਗਾਈ ਦਰ 7.4 ਫੀਸਦ ਦਰਜ ਹੋਈ ਸੀ। ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਮਾਰਚ 'ਚ 3.24 ਫੀਸਦ ਰਹੀ ਕਿਉਂਕਿ ਦਾਲਾਂ, ਫਲਾਂ ਅਤੇ ਝੋਨੇ ਦੀਆਂ ਕੀਮਤਾਂ 'ਚ ਵਾਧਾ ਦਰਜ ਹੋਇਆ। ਮਾਰਚ 'ਚ ਦਾਲਾਂ ਦੀ ਮਹਿੰਗਾਈ ਦਰ 13.14 ਫੀਸਦ, ਫਲਾਂ ਦੀ 16.33 ਫੀਸਦ ਅਤੇ ਝੋਨੇ ਦੀ 1.38 ਫੀਸਦ ਦਰਜ ਹੋਈ ਸੀ। ਸਬਜ਼ੀਆਂ ਦੀ ਕੀਮਤ ਨਰਮ ਰਹੀ। ਮੰਤਰਾਲੇ ਨੇ ਡਬਲਿਊ.ਪੀ.ਆਈ. ਦੇ



ਅੰਕੜੇ ਜਾਰੀ ਕਰਦਿਆਂ ਕਿਹਾ ਕਿ ਕੱਚੇ ਤੇਲ, ਪੈਟਰੋਲੀਅਮ ਉਤਪਾਦਾਂ ਅਤੇ ਧਾਤਾਂ ਦੀਆਂ ਕੀਮਤਾਂ 'ਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਮਾਰਚ ਮਹੀਨੇ ਦੌਰਾਨ ਵਾਧਾ ਦਰਜ ਹੋਇਆ। ਇਕਰਾ ਦੀ ਮੁੱਖ ਆਰਥਿਕ ਮਾਹਿਰ ਅਦਿੱਤੀ ਨਾਇਰ ਨੇ ਕਿਹਾ ਕਿ ਧਾਤਾਂ, ਟੈਕਸਟਾਈਲ, ਰਸਾਇਣਾਂ, ਰਬੜ ਆਦਿ ਦੀਆਂ ਕੀਮਤਾਂ ਵਿਸ਼ਵ ਪੱਧਰ 'ਤੇ ਵਧਣ ਕਰਕੇ ਮਹਿੰਗਾਈ ਦਰ 'ਤੇ ਅਸਰ ਪਿਆ ਹੈ। ਇੰਡੀਆ ਰੇਟਿੰਗਜ਼ ਐਂਡ ਰਿਸਰਚ ਦੇ ਮੁੱਖ ਆਰਥਿਕ ਮਾਹਿਰ ਦੇਵੇਂਦਰ ਕੁਮਾਰ ਪੰਤ ਨੇ ਕਿਹਾ ਕਿ ਮੌਜੂਦਾ ਸਮੇਂ 'ਚ ਅਰਥਚਾਰੇ ਨੂੰ ਵਿੱਤੀ ਮਦਦ ਦੀ ਲੋੜ ਹੈ। ਇਸ ਹਫਤੇ ਦੇ ਸ਼ੁਰੂ 'ਚ ਜਾਰੀ ਕੀਤੇ ਗਏ ਪਰਚੂਨ ਮਹਿੰਗਾਈ ਦਰ ਦੇ ਅੰਕੜਿਆਂ ਮੁਤਾਬਕ ਮਾਰਚ 'ਚ ਪਰਚੂਨ ਮਹਿੰਗਾਈ ਦਰ ਵਧ ਕੇ 5.52 ਫੀਸਦ 'ਤੇ ਪਹੁੰਚ ਗਈ ਹੈ।

ਦੇਸ਼ ਵਿਚ ਪਿਛਲੇ ਕੁਝ ਸਾਲਾਂ ਤੋਂ ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਆਮ ਲੋਕਾਂ ਦੀ ਵਰਤੋਂ ਦੀਆਂ ਸਾਰੀਆਂ ਵਸਤਾਂ ਦੀਆਂ ਕੀਮਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਕ ਅੰਦਾਜ਼ੇ ਅਨੁਸਾਰ ਇਸ ਕਾਰਨ ਮੁਦਰਾ ਸਫੀਤੀ ਦੀ ਸਥਿਤੀ ਵੀ ਪ੍ਰਭਾਵਿਤ ਹੋਈ ਹੈ ਅਤੇ ਇਸ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਹ ਪਿਛਲੇ 8 ਸਾਲਾਂ ਦੇ ਰਿਕਾਰਡ ਪੱਧਰ ਉਤੇ, ਭਾਵ 7.39 ਫੀਸਦੀ ਤੱਕ ਜਾ ਪਹੁੰਚੀ ਹੈ ਅਤੇ ਜਿਸ ਰਫਤਾਰ ਨਾਲ ਹਰੇਕ ਵਸਤੂ ਦੀ ਕੀਮਤ ਵਿਚ ਵਾਧੇ ਦਾ ਸਿਲਸਿਲਾ ਜਾਰੀ ਹੈ, ਮੁਦਰਾ ਸਫੀਤੀ ਦੀ ਸਥਿਤੀ ਵਿਚ ਸੁਧਾਰ ਦੀ ਵੀ ਕੋਈ ਸੰਭਾਵਨਾ ਪੈਦਾ ਹੁੰਦੀ ਦਿਖਾਈ ਨਹੀਂ ਦਿੰਦੀ। ਦੇਸ਼ ਦੇ ਆਮ ਲੋਕਾਂ ਲਈ ਇਹ ਸਥਿਤੀ ਇਸ ਲਈ ਵੀ ਜ਼ਿਆਦਾ ਭਿਆਨਕ ਹੈ ਕਿਉਂਕਿ ਇਕ ਪਾਸੇ ਤਾਂ ਕਰੋਨਾ ਮਹਾਂਮਾਰੀ ਦਾ ਰੂਪ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ ਅਤੇ ਦੇਸ਼ ਦੇ ਕਈ ਹਿੱਸਿਆਂ ਵਿਚ ਰਾਤ ਦਾ ਕਰਫਿਊ ਅਤੇ ਹਫਤਾਵਾਰੀ ਤਾਲਾਬੰਦੀ ਲਾਗੂ ਕੀਤੀ ਗਈ ਹੈ, ਉਥੇ ਮਹਿੰਗਾਈ ਦੀ ਰਫਤਾਰ ਉਤੇ ਰੋਕ ਲਗਾਉਣ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ।

ਤਾਲਾਬੰਦੀ ਕਾਰਨ ਜਿਥੇ ਲੋਕਾਂ ਦੇ ਰੁਜ਼ਗਾਰ ਖੁਸ ਗਏ, ਉਥੇ ਸਮੂਹਿਕ ਰੂਪ ਨਾਲ ਦੇਸ਼ ਦੀ ਆਰਥਿਕਤਾ ਨੂੰ ਪਹੁੰਚੇ ਨੁਕਸਾਨ ਨੇ ਬੇਕਾਰੀ ਅਤੇ ਬੇਰੁਜ਼ਗਾਰੀ ਦੇ ਸੰਤਾਪ ਵਿਚ ਵੱਡਾ ਵਾਧਾ ਕੀਤਾ ਹੈ। ਇਸ ਕਾਰਨ ਆਮ ਲੋਕਾਂ ਦੀ ਪੂੰਜੀ ਅਤੇ ਆਮਦਨ ਵਿਚ ਤਾਂ ਕਮੀ ਹੁੰਦੀ ਗਈ ਪਰ ਉਨ੍ਹਾਂ ਦੀਆਂ ਚਿੰਤਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ।

## 'ਹੋਰ ਅਨਿਸ਼ਚਿਤਤਾ' ਦਾ ਮਾਹੌਲ ਬਣੇਗਾ: ਨੀਤੀ ਆਯੋਗ

**ਨਵੀਂ ਦਿੱਲੀ:** ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਕਿਹਾ ਕਿ ਕਰੋਨਾ ਵਾਇਰਸ ਦੀ ਦੂਜੀ ਲਹਿਰ ਦੇ ਮੱਦੇਨਜ਼ਰ ਮੁਲਕ ਨੂੰ ਖਪਤਕਾਰ ਅਤੇ ਨਿਵੇਸ਼ਕਾਂ ਦੀਆਂ ਭਾਵਨਾਵਾਂ ਦੇ ਪੱਖਾਂ ਤੋਂ 'ਵਧੇਰੇ ਅਨਿਸ਼ਚਿਤਤਾ' ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਲੋੜ ਪਵੇਗੀ ਤਾਂ ਸਰਕਾਰ ਅਰਥਵਿਵਸਥਾ ਨਾਲ ਜੁੜੇ ਕਦਮ ਚੁੱਕ ਸਕਦੀ ਹੈ। ਉਪ ਚੇਅਰਮੈਨ ਨੇ ਕਿਹਾ ਕਿ ਜਦ ਵੀ ਜਿੰਨੀ ਵੀ ਲੋੜ ਪਏਗੀ, ਕਦਮ ਚੁੱਕੇ ਜਾਣਗੇ। ਰਾਜੀਵ ਕੁਮਾਰ ਨੇ ਇਹ ਗੱਲ ਮੰਨੀ ਕਿ ਮੌਜੂਦਾ ਸਥਿਤੀ ਪਿਛਲੇ ਸਾਲ ਨਾਲੋਂ ਵੱਧ ਮੁਸ਼ਕਲ ਬਣ ਗਈ ਹੈ। ਕੁਮਾਰ ਨੇ ਆਸ ਜਤਾਈ ਕਿ ਮੌਜੂਦਾ ਵਿੱਤੀ ਵਰ੍ਹੇ (31 ਮਾਰਚ, 2022 ਤੱਕ) ਦੇਸ਼ ਦੀ ਅਰਥਵਿਵਸਥਾ 11 ਪ੍ਰਤੀਸ਼ਤ ਦੀ ਦਰ ਨਾਲ ਵਿਕਾਸ ਕਰੇਗੀ।

## ਜੀ.ਡੀ.ਪੀ. ਬਾਰੇ ਅਨੁਮਾਨ ਘਟਾਏ

**ਨਵੀਂ ਦਿੱਲੀ:** ਕੋਵਿਡ-19 ਦੇ ਵਧਦੇ ਜੋਖਮ ਦੇ ਮੱਦੇਨਜ਼ਰ ਮੋਹਰੀ ਵਿੱਤੀ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਨੇ ਮੌਜੂਦਾ ਵਿੱਤੀ ਵਰ੍ਹੇ (2021-22) ਲਈ ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ ਦੇ ਅਨੁਮਾਨ ਪਹਿਲਾਂ ਨਾਲੋਂ ਘਟਾ ਦਿੱਤੇ ਹਨ। 'ਨੋਮੁਰਾ' ਨੇ ਵਿਕਾਸ ਦਰ ਦੇ 13.5 ਪ੍ਰਤੀਸ਼ਤ ਤੋਂ ਘਟ ਕੇ 12.6 ਪ੍ਰਤੀਸ਼ਤ ਰਹਿਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ। ਜਦਕਿ 'ਜੇਪੀ ਮੌਰਗਨ' ਨੇ ਵਿਕਾਸ ਦਰ 13 ਪ੍ਰਤੀਸ਼ਤ ਤੋਂ ਘਟਾ ਕੇ 11 ਪ੍ਰਤੀਸ਼ਤ ਰਹਿਣ ਦੀ ਸੰਭਾਵਨਾ ਜਤਾਈ ਹੈ। 'ਯੂ.ਬੀ.ਐਸ' ਨੇ ਜੀ.ਡੀ.ਪੀ. ਦਰ 10 ਪ੍ਰਤੀਸ਼ਤ ਰਹਿਣ ਬਾਰੇ ਕਿਹਾ ਹੈ। ਜਦਕਿ ਪਹਿਲਾਂ 11.5 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਲਾਇਆ ਗਿਆ ਸੀ। 'ਸਿਟੀ' ਨੇ ਵਿਕਾਸ ਦਰ 12 ਪ੍ਰਤੀਸ਼ਤ ਰਹਿਣ ਦੀ ਆਸ ਜਤਾਈ ਹੈ।

## ਏਅਰਲਾਈਨਾਂ ਖਿਲਾਫ ਕੇਸ ਦਰਜ ਕੀਤਾ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਮਹਾਰਾਸ਼ਟਰ ਤੋਂ ਆਉਣ ਵਾਲੇ ਮੁਸਾਫਰਾਂ ਦੀਆਂ ਆਰ.ਟੀ-ਪੀ.ਸੀ.ਆਰ. ਟੈਸਟ ਰਿਪੋਰਟਾਂ ਚੈੱਕ ਨਾ ਕਰਨ ਵਾਲੀਆਂ ਚਾਰ ਏਅਰਲਾਈਨਾਂ ਖਿਲਾਫ ਕੇਸ ਦਰਜ ਕੀਤਾ ਹੈ। ਸਰਕਾਰ ਵਿਚਲੇ ਸੂਤਰਾਂ ਮੁਤਾਬਕ ਚਾਰ ਏਅਰਲਾਈਨਾਂ- ਵਿਸਟਾਰ, ਇੰਡੀਗੋ, ਸਪਾਈਸਜੈੱਟ ਤੇ ਏਅਰ ਏਸ਼ੀਆ ਖਿਲਾਫ ਆਫਤ ਪ੍ਰਬੰਧਨ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਚੇਤੇ ਰਹੇ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਤੇਜ਼ੀ ਨਾਲ ਫੈਲ ਰਹੇ ਕਰੋਨਾ ਨੂੰ ਠੱਲ੍ਹਣ ਲਈ ਐਲਾਨੀਆਂ ਪੇਸ਼ਬੰਦੀਆਂ ਤਹਿਤ ਮਹਾਰਾਸ਼ਟਰ ਤੋਂ ਦਿੱਲੀ ਆਉਣ ਵਾਲੇ ਮੁਸਾਫਰਾਂ ਲਈ 72 ਘੰਟੇ ਪਹਿਲਾਂ ਜਾਰੀ ਆਰ.ਟੀ-ਪੀ.ਸੀ.ਆਰ. ਨੈਗੇਟਿਵ ਰਿਪੋਰਟ ਲਾਜ਼ਮੀ ਕੀਤੀ ਸੀ। ਹਦਾਇਤਾਂ 'ਚ ਸਾਫ ਕੀਤਾ ਗਿਆ ਸੀ ਕਿ ਅਜਿਹੇ ਮੁਸਾਫਰ ਜਿਨ੍ਹਾਂ ਕੋਲ ਨੈਗੇਟਿਵ ਰਿਪੋਰਟ ਨਹੀਂ ਹੋਵੇਗੀ, ਉਨ੍ਹਾਂ ਨੂੰ 14 ਦਿਨਾਂ ਲਈ ਇਕਾਂਤਵਾਸ ਕੀਤਾ ਜਾਵੇਗਾ।

## ਓ.ਸੀ.ਆਈ. ਕਾਰਡ ਦੀ ਪ੍ਰਕਿਰਿਆ 'ਚ ਸੁਧਾਰ ਦਾ ਸਵਾਗਤ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੇ ਪਰਵਾਸੀ ਭਾਰਤੀ (ਓ.ਸੀ.ਆਈ.) ਕਾਰਡ ਦੀ ਵੈਧਤਾ ਕਾਇਮ ਰੱਖਣ ਦੀ ਪ੍ਰਕਿਰਿਆ ਨੂੰ ਆਸਾਨ ਕਰਨ ਲਈ ਭਾਰਤ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਵਿਦੇਸ਼ਾਂ ਵਿਚ ਰਹਿਣ ਵਾਲੇ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਇਸ ਤਰ੍ਹਾਂ ਦੀ ਪ੍ਰਕਿਰਿਆ ਨੂੰ ਚੁਣ ਸਕਣਗੇ। ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਓ.ਸੀ.ਆਈ. ਕਾਰਡਧਾਰਕਾਂ ਨੂੰ ਆਪਣੇ ਕਾਰਡ ਨੂੰ ਕਈ ਵਾਰ ਜਾਰੀ ਕਰਾਉਂਦੇ ਰਹਿਣ ਦੇ ਮੌਜੂਦਾ ਨਿਯਮ ਦੀ ਬਜਾਏ ਹੁਣ 20 ਸਾਲ ਉਮਰ ਹੋਣ 'ਤੇ ਹੀ ਦਸਤਾਵੇਜ਼ ਨੂੰ ਮੁੜ ਜਾਰੀ ਕਰਾਉਣਾ ਹੋਵੇਗਾ।

'ਗਲੋਬਲ ਆਰਗੇਨਾਈਜੇਸ਼ਨ ਆਫ ਪੀਪਲ ਆਫ ਇੰਡੀਅਨ ਓਰੀਜਨ' ਦੇ ਪ੍ਰਧਾਨ ਥੌਮਸ ਅਬਰਾਹਮ ਨੇ ਕਿਹਾ, "ਇਸ ਨਾਲ 20 ਤੋਂ 50 ਸਾਲ ਉਮਰ ਦੇ ਕਈ ਓ.ਸੀ.ਆਈ. ਕਾਰਡ ਧਾਰਕਾਂ ਵਿਚ ਕਾਰਡ ਮੁੜ ਜਾਰੀ ਕਰਾਉਣ ਦੀ ਪ੍ਰਕਿਰਿਆ ਨੂੰ ਲੈ ਕੇ ਭਰਮ ਦੂਰ ਹੋਵੇਗਾ ਅਤੇ ਕਿਸੇ ਨੂੰ ਵੀ ਓ.ਸੀ.ਆਈ. ਕਾਰਡ ਮੁੜ ਜਾਰੀ ਕਰਾਉਣ ਲਈ ਪੂਰੀ ਪ੍ਰਕਿਰਿਆ 'ਚੋਂ ਨਹੀਂ ਲੰਘਣਾ ਪਵੇਗਾ।"

ਉਨ੍ਹਾਂ ਕਿਹਾ, "ਇਸ ਨਾਲ ਵਿਦੇਸ਼ ਵਿਚ ਰਹਿਣ ਵਾਲੇ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਓ.ਸੀ.ਆਈ. ਬਣਨ ਲਈ ਉਤਸ਼ਾਹਿਤ ਹੋਣਗੇ ਅਤੇ ਇਸ ਨਾਲ ਭਾਰਤ ਵਿਚ ਉਨ੍ਹਾਂ ਦੀ ਯਾਤਰਾ ਤੇ ਨਿਵੇਸ਼ ਨਾਲ ਦੇਸ਼ ਨੂੰ ਵੀ ਲਾਭ ਹੋਵੇਗਾ। ਕੇਂਦਰੀ ਮੰਤਰਾਲੇ ਨੇ ਕਿਹਾ, "ਓ.ਸੀ.ਆਈ. ਕਾਰਡਧਾਰਕਾਂ ਦੀ ਸੁਵਿਧਾ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਇਹ ਫੈਸਲਾ ਲਿਆ ਹੈ।"

## ਅਮਰੀਕਾ ਵੱਲੋਂ ਅਫਗਾਨਿਸਤਾਨ ਤੋਂ ਸੈਨਿਕ ਵਾਪਸੀ ਦਾ ਐਲਾਨ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਇਸ ਸਾਲ 11 ਸਤੰਬਰ ਤੱਕ ਅਫਗਾਨਿਸਤਾਨ ਵਿਚੋਂ ਆਪਣੇ ਸਾਰੇ ਸੈਨਿਕ ਵਾਪਸ ਬੁਲਾ ਲਵੇਗਾ, ਜੋ ਲਗਭਗ ਦੋ ਦਹਾਕਿਆਂ ਤੋਂ ਉਥੇ ਹਨ।

ਵ੍ਹਾਈਟ ਹਾਊਸ ਤੋਂ ਟੀਵੀ ਰਾਹੀਂ ਸੰਬੋਧਨ ਕਰਦਿਆਂ ਬਾਇਡਨ ਨੇ ਕਿਹਾ, '11 ਸਤੰਬਰ (2011) ਦੀ ਘਟਨਾ ਦੇ 20 ਵਰ੍ਹੇ ਪੂਰੇ ਹੋਣ ਤੋਂ ਪਹਿਲਾਂ ਅਮਰੀਕੀ ਸੈਨਿਕਾਂ ਦੇ ਨਾਲ-ਨਾਲ ਨਾਟੋ (ਨਾਰਥ ਐਟਲਾਂਟਿਕ ਟ੍ਰੀਟੀ ਆਰਗੇਨਾਇਜੇਸ਼ਨ) ਦੇਸ਼ਾਂ ਅਤੇ ਹੋਰ ਸਹਿਯੋਗੀ ਦੇਸ਼ਾਂ ਦੇ ਸੈਨਿਕ ਵੀ ਅਫਗਾਨਿਸਤਾਨ ਤੋਂ ਵਾਪਸ ਆਉਣਗੇ। ਉਨ੍ਹਾਂ ਕਿਹਾ ਕਿ ਇਹ ਅਮਰੀਕਾ ਦੀ ਸਭ ਤੋਂ ਲੰਬੀ ਜੰਗ ਸੀ, ਜਿਸ ਦੀ ਕੀਮਤ ਅਰਬਾਂ ਡਾਲਰ ਅਤੇ 2,400 ਅਮਰੀਕੀ ਸੈਨਿਕਾਂ ਦੀ ਜ਼ਿੰਦਗੀ ਨਾਲ ਚੁਕਾਈ ਗਈ। ਇਸ ਮਗਰੋਂ ਬਾਇਡਨ ਨੇ ਆਰਲਿੰਗਟਨ ਕੌਮੀ ਸਮਾਰਕ 'ਤੇ ਜਾ ਕੇ ਅਫਗਾਨਿਸਤਾਨ 'ਚ ਜਾਨ ਗਵਾਉਣ ਵਾਲੇ ਅਮਰੀਕੀ ਸੈਨਿਕਾਂ ਨੂੰ ਸ਼ਰਧਾਂਜਲੀ ਵੀ ਦਿੱਤੀ। ਇਥੇ ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸੈਨਿਕਾਂ ਨੂੰ ਵਾਪਸ ਬੁਲਾਉਣਾ ਇਕ ਸਖਤ ਫੈਸਲਾ ਨਹੀਂ ਹੈ।

ਬਾਇਡਨ ਨੇ ਅਫਗਾਨਿਸਤਾਨ 'ਚ ਸ਼ਾਂਤੀ ਅਤੇ ਭਵਿੱਖ ਦੀ ਸਥਿਰਤਾ ਲਈ ਭਾਰਤ, ਪਾਕਿਸਤਾਨ, ਰੂਸ, ਚੀਨ ਅਤੇ ਤੁਰਕੀ ਨੂੰ ਅਹਿਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਜੰਗ ਪ੍ਰਭਾਵਿਤ ਦੇਸ਼ 'ਚ ਸ਼ਾਂਤੀ ਬਣਾਈ ਰੱਖਣ ਲਈ ਇਨ੍ਹਾਂ ਦੇਸ਼ਾਂ ਦੀ ਭੂਮਿਕਾ ਅਹਿਮ ਹੋਵੇਗੀ ਅਤੇ ਅਮਰੀਕਾ ਖੇਤਰ ਦੇ ਹੋਰ ਦੇਸ਼ਾਂ ਨੂੰ ਅਫਗਾਨਿਸਤਾਨ ਦੇ ਸਮਰਥਨ ਤੇ ਵੱਧ ਤੋਂ ਵੱਧ ਸਹਿਯੋਗ ਲਈ ਕਹੇਗਾ।

## ਅਫਗਾਨਿਸਤਾਨ ਦੇ ਲੋਕਾਂ ਨਾਲ ਹਮੇਸ਼ਾ ਖੜ੍ਹੇਗਾ ਭਾਰਤ: ਜੈਸ਼ੰਕਰ


**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਆਪਣੇ ਅਫਗਾਨ ਹਮਰੁਤਬਾ ਮੁਹੰਮਦ ਹਨੀਫ ਅਤਮਰ ਨੂੰ ਕਿਹਾ ਕਿ ਭਾਰਤ ਹਮੇਸ਼ਾ ਅਫਗਾਨਿਸਤਾਨ ਦੇ ਲੋਕਾਂ ਨਾਲ ਖੜ੍ਹੇਗਾ। ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਦੀ ਮੁਹੰਮਦ ਹਨੀਫ ਨਾਲ ਹੋਈ ਗੱਲਬਾਤ ਵਿਚ ਅਫਗਾਨ ਸ਼ਾਂਤੀ ਪ੍ਰਕਿਰਿਆ ਦਾ ਮੁੱਦਾ ਵੀ ਵਿਚਾਰਿਆ ਗਿਆ ਹੈ। ਫੋਨ 'ਤੇ ਹੋਈ ਗੱਲਬਾਤ ਵਿਚ ਦੋਵਾਂ ਵਿਦੇਸ਼ ਮੰਤਰੀਆਂ ਨੇ ਅਫਗਾਨਿਸਤਾਨ ਵਿਚ ਬਦਲ ਰਹੀ ਸਥਿਤੀ ਉਤੇ ਵਿਚਾਰ-ਚਰਚਾ ਕੀਤੀ। ਇਕ ਟਵੀਟ ਕਰਦਿਆਂ ਜੈਸ਼ੰਕਰ ਨੇ ਅਫਗਾਨ ਮੰਤਰੀ ਨਾਲ ਹੋਈ ਗੱਲਬਾਤ ਨੂੰ ਚੰਗੀ ਦੱਸਿਆ।

# ਉਘੇ ਅਰਥਸ਼ਾਸਤਰੀ ਡਾ. ਗੁਰਮੁਖ ਸਿੰਘ ਗਿੱਲ ਨਹੀਂ ਰਹੇ

**ਵਾਸ਼ਿੰਗਟਨ ਡੀ. ਸੀ. (ਬਿਊਰੋ):** ਸੱਠ ਦੇ ਦਹਾਕੇ ਵਿਚ ਅਮਰੀਕਾ ਦੀ ਧਰਤੀ 'ਤੇ ਵੱਸਣ ਵਾਲੇ ਡਾ. ਗੁਰਮੁਖ ਸਿੰਘ ਗਿੱਲ 13 ਅਪਰੈਲ 2021 ਨੂੰ ਮੈਕਲੀਨ, ਵਰਜੀਨੀਆ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਸ ਵੇਲੇ ਉਨ੍ਹਾਂ ਦੇ ਸਪੁਤਰ ਸ. ਉਪਦੀਪ ਸਿੰਘ ਗਿੱਲ ਅਤੇ ਉਨ੍ਹਾਂ ਦੀ ਸਪੁਤਰੀ ਪੂਨਮ ਉਨ੍ਹਾਂ ਦੇ ਕੋਲ ਸਨ। ਡਾ. ਗੁਰਮੁਖ ਸਿੰਘ ਗਿੱਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ।

ਪੀ. ਏ. ਯੂ. ਦੇ ਸਾਬਕਾ ਕੁਆਰਡੀਨੇਟਰ ਰਿਸਰਚ ਇੰਜੀਨੀਅਰਿੰਗ ਡਾ. ਚਰਨਜੀਤ ਸਿੰਘ ਪਨੂੰ ਨੇ ਡਾ. ਗੁਰਮੁਖ ਸਿੰਘ ਗਿੱਲ ਦੀ ਮੌਤ ਬਾਰੇ ਸ਼ੋਕ ਪ੍ਰਗਟ ਕਰਦਿਆਂ ਦੱਸਿਆ ਕਿ ਡਾ. ਗੁਰਮੁਖ ਸਿੰਘ ਗਿੱਲ ਦਾ ਜਨਮ 24 ਜੂਨ 1930 ਨੂੰ ਪਿੰਡ ਜਗਦੇਵ ਖੁਰਦ (ਨੇੜੇ ਅਜਨਾਲਾ) ਵਿਚ ਹੋਇਆ। ਉਨ੍ਹਾਂ ਦੀਆਂ ਪੰਜ ਭੈਣਾਂ ਸਨ। ਉਨ੍ਹਾਂ ਨੇ ਛੋਟੀ ਉਮਰ ਵਿਚ ਹੀ ਸਕੂਲ ਜਾਣਾ ਚਾਲੂ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਮੁਢਲੀ ਸਿੱਖਿਆ ਆਪਣੇ ਪਿੰਡ 'ਚੋਂ ਹਾਸਲ ਕੀਤੀ। ਹਾਈ ਸਕੂਲ ਤਕ ਦੀ ਪੜ੍ਹਾਈ ਉਨ੍ਹਾਂ ਨੇ ਅਜਨਾਲਾ ਤੋਂ ਪੂਰੀ ਕੀਤੀ। ਅਗਲੀ ਪੜ੍ਹਾਈ ਵਾਸਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲਿਆ ਅਤੇ ਬੀ. ਐਸਸੀ. ਉਨ੍ਹਾਂ ਨੇ ਐਗਰੀਕਲਚਰ ਕਾਲਜ ਲੁਧਿਆਣਾ ਤੋਂ ਪੂਰੀ ਕੀਤੀ। ਇਹ ਕਾਲਜ ਅੱਗੇ ਜਾ ਕੇ 1962 ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ. ਏ. ਯੂ.) ਬਣਿਆ। ਸੰਨ 1960 ਵਿਚ ਡਾ. ਗੁਰਮੁਖ ਸਿੰਘ ਗਿੱਲ ਦਾ ਵਿਆਹ ਬੀਬੀ ਮੋਹਿੰਦਰ ਕੌਰ (ਸਪੁਤਰੀ ਸ. ਸੁਖਜਿੰਦਰ ਸਿੰਘ ਰੰਧਾਵਾ, ਪਿੰਡ ਰਣਜੀਤ ਬਾਗ ਨੇੜੇ ਗੁਰਦਾਸਪੁਰ) ਨਾਲ ਹੋਇਆ।

ਪਹਿਲੀ ਡਿਗਰੀ ਪੂਰੀ ਕਰਕੇ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਪੰਜਾਬ ਵਿਚ ਨੌਕਰੀ ਸ਼ੁਰੂ ਕੀਤੀ ਅਤੇ ਫਿਰ ਉਨ੍ਹਾਂ ਨੇ ਭਾਰਤੀ ਆਡਿਟ ਜਨਰਲ



(ਏ. ਜੀ.) ਦੇ ਦਫਤਰ ਵਿਚ ਸ਼ਿਮਲਾ, ਹਿਮਾਚਲ ਪਰਦੇਸ਼ ਵਿਖੇ ਨਵਾਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਭਾਰਤ ਸਰਕਾਰ ਦੇ ਐਗਰੀਕਲਚਰ ਅਤੇ ਇੰਸਪੈਕਸ਼ਨ ਵਿਭਾਗ, ਅਕਾਊਂਟਸ ਅਤੇ ਆਡਿਟ ਵਿਭਾਗ ਵਿਚ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾਂ ਦੀ ਪੜ੍ਹਾਈ ਅਤੇ ਹੁਨਰ ਵੇਖ ਕੇ ਸ੍ਰੀ ਬੀ. ਕੇ. ਨਹਿਰੂ ਨੇ ਸ. ਗੁਰਮੁਖ ਸਿੰਘ ਗਿੱਲ ਨੂੰ ਭਾਰਤੀ ਅੰਬੈਸੀ ਵਾਸ਼ਿੰਗਟਨ ਡੀ.ਸੀ. ਵਿਖੇ ਨੌਕਰੀ ਚਾਲੂ ਕਰਨ ਲਈ ਸੱਦ ਲਿਆ। ਇਸ ਤਰ੍ਹਾਂ ਸ. ਗੁਰਮੁੱਖ ਸਿੰਘ ਗਿੱਲ ਦਾ 1962 ਤੋਂ ਅਮਰੀਕੀ ਸਫਰ ਸ਼ੁਰੂ ਹੋਇਆ ਅਤੇ ਉਨ੍ਹਾਂ ਨੇ ਭਾਰਤੀ ਅੰਬੈਸੀ ਵਿਚ 1966 ਤਕ ਕੰਮ ਕੀਤਾ।

ਸੰਨ 1966 ਤੋਂ 1968 ਤਕ ਯੂਨੀਵਰਸਿਟੀ ਆਫ ਨਿਊ ਹੈਂਪਸ਼ਾਇਰ ਦੇ ਰੀਸੋਰਸ ਇਕਨਾਮਿਕਸ ਵਿਭਾਗ ਵਿਚ ਸਿਰ ਸੁਟ ਕੇ ਕੰਮ ਕੀਤਾ ਅਤੇ ਮਾਸਟਰਜ਼ ਡਿਗਰੀ ਵੀ ਹਾਸਲ ਕੀਤੀ। ਸੰਨ 1968 ਤੋਂ 1971 ਤਕ ਯੂਨੀਵਰਸਿਟੀ ਆਫ ਕੈਲੀਫੋਰਨੀਆ (ਯੂ. ਸੀ.) ਬਰਕਲੇ ਦੇ ਐਗਰੀਕਲਚਰਲ ਇਕਨਾਮਿਕਸ ਵਿਭਾਗ ਵਿਚ ਕਰੜੀ ਮਿਹਨਤ ਨਾਲ ਕੰਮ ਕੀਤਾ ਅਤੇ ਪੀਐਚ.ਡੀ. ਦੀ ਡਿਗਰੀ ਪੂਰੀ ਕੀਤੀ।

ਡਾ. ਗੁਰਮੁਖ ਸਿੰਘ ਗਿੱਲ ਨੇ "ਕੈਲੀਫੋਰਨੀਆਂ ਵਾਟਰਸ" ਨਾਂ ਦੀ ਕਿਤਾਬ ਲਿਖਣ ਵਿਚ ਭਰਭੂਰ ਹਿੱਸਾ ਪਾਇਆ। ਇਸ ਕਿਤਾਬ ਨੂੰ ਪ੍ਰੋ. ਡੇਵਿਡ ਸੈਕਲਰ ਨੇ ਐਡਿਟ ਕੀਤਾ ਸੀ। ਕੁਝ ਸਮਾਂ ਡਾ. ਗਿੱਲ ਨੇ ਓਕ ਰਿਜ ਨੈਸ਼ਨਲ ਲੈਬਾਰਟਰੀ ਟੈਨੇਸੀ ਵਿਚ ਕੰਮ ਕੀਤਾ ਅਤੇ ਅਮਰੀਕਾ ਦੀ ਬਿਜਲੀ ਦੀਆਂ ਲੋੜਾਂ ਬਾਰੇ ਵਿਉਂਤਬੰਦੀ ਕੀਤੀ। ਅੰਦਾਜ਼ਾ ਲਾਇਆ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਬਿਜਲੀ ਦੀਆਂ ਲੋੜਾਂ ਹਰ ਸਾਲ 7 ਫੀਸਦੀ ਵਧ ਜਾਂਦੀਆਂ ਹਨ ਅਤੇ ਅਗਲੇ 25 ਸਾਲਾਂ ਵਿਚ ਬਿਜਲੀ ਦੀ ਲੋੜ 6 ਗੁਣਾ ਹੋ ਜਾਵੇਗੀ। ਅਮਰੀਕੀ ਸਰਕਾਰ ਤੇ ਨੀਤੀਘਾੜਿਆਂ ਨੂੰ ਬਿਜਲੀ ਦੀਆਂ ਲੋੜਾਂ ਅਤੇ ਵਾਤਾਵਰਨ 'ਤੇ ਧਿਆਨ ਦੇਣ ਲਈ ਆਗਾਹ ਕੀਤਾ।

ਸੰਨ 1978 ਵਿਚ ਡਾ. ਗੁਰਮੁਖ ਸਿੰਘ ਗਿੱਲ ਨੇ ਫੈਡਰਲ ਸਰਕਾਰ ਦੇ ਊਰਜਾ ਵਿਭਾਗ ਦੀ ਨੌਕਰੀ ਲੈ ਲਈ ਅਤੇ ਕੁਝ ਸਾਲਾਂ ਬਾਅਦ ਉਹ ਕਾਮਰਸ ਵਿਭਾਗ ਵਿਚ ਚਲੇ ਗਏ, ਜਿਥੇ ਉਨ੍ਹਾਂ ਨੇ 3 ਦਹਾਕੇ ਸਿਰ ਸੁੱਟ ਕੇ ਮਿਹਨਤ ਕਰਕੇ ਸੇਵਾ ਨਿਭਾਈ। ਕਰੀਬ 15 ਸਾਲ ਪਹਿਲਾਂ ਉਹ ਸੀਨੀਅਰ ਐਗਜ਼ੇਕਿਊਟਿਵ ਸਰਵਿਸ ਤੋਂ ਸਿੱਖੀ ਸਰੂਪ ਵਿਚ ਸੇਵਾ-ਮੁਕਤ ਹੋਣ ਵਾਲੇ ਪਹਿਲੇ ਅਫਸਰ ਬਣੇ। ਸੇਵਾ-ਮੁਕਤੀ ਪਿਛੋਂ ਉਹ ਗਰੇਟ ਫਾਲਸ ਸਿਟੀ, ਨੇੜੇ ਵਾਸ਼ਿੰਗਟਨ ਡੀ. ਸੀ. ਵਿਚ ਰਹਿੰਦੇ ਸਨ।

ਉਹ ਆਪਣੀ 91 ਸਾਲ ਦੀ ਉਮਰ ਪੂਰੀ ਕਰਕੇ ਪਿਛੇ ਆਪਣਾ ਹੱਸਦਾ-ਵੱਸਦਾ ਪਰਿਵਾਰ ਛੱਡ ਗਏ, ਜਿਸ ਵਿਚ ਉਨ੍ਹਾਂ ਦੀ ਪਤਨੀ, ਸਪੁੱਤਰ, ਨੂੰਹ (ਹੁਸਨਲ ਚੀਰਾਗ), ਧੀ, ਜਵਾਈ (ਇੰਦਰਬੀਰ ਸਿੰਘ), ਪੋਤਰੀਆਂ (ਨੈਜ਼ਲੀਨ ਤੇ ਕਰੀਨ) ਦੋਹਤਰੀਆਂ (ਸਾਰਾਹ ਤੇ ਅਲੀਨਾ) ਹਨ। ਡਾ. ਗੁਰਮੁਖ ਸਿੰਘ ਗਿੱਲ ਦਾ ਅੰਤਿਮ ਸਸਕਾਰ 25 ਅਪਰੈਲ 2021, ਐਤਵਾਰ ਨੂੰ ਫੇਅਰਫੈਕਸ ਮੈਮੋਰੀਅਲ ਫਿਊਨਰਲ ਹੋਮ ਵਿਖੇ 12:30 ਵਜੇ ਹੋਵੇਗਾ ਅਤੇ ਅੰਤਿਮ ਅਰਦਾਸ 2:30 ਵਜੇ ਗੁਰਦੁਆਰਾ ਰਾਜ ਖਾਲਸਾ ਵਿਖੇ ਹੋਵੇਗੀ।

## ਪਰਵਾਸੀ ਭਾਰਤੀਆਂ ਲਈ ਕੌਮੀ ਪੱਧਰੀ ਕਮਿਸ਼ਨ ਬਣਾਉਣ ਲਈ ਪਟੀਸ਼ਨ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਵਿਚ ਪਰਵਾਸੀ ਭਾਰਤੀ ਅਨੀਸੁਰ ਰਹਿਮਾਨ ਨੇ ਇਕ ਜਨ ਹਿੱਤ ਪਟੀਸ਼ਨ ਦਾਇਰ ਕਰ ਕੇ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਕੇਂਦਰ ਨੂੰ ਕੌਮੀ ਪੱਧਰ 'ਤੇ ਇਕ ਕਮਿਸ਼ਨ ਦਾ ਗਠਨ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ। ਰਹਿਮਾਨ 2007 ਤੋਂ ਓਮਾਨ ਸਲਤਨਤ ਵਿਚ ਕੰਮ ਕਰਦਾ ਹੈ। ਉਸ ਨੇ ਅਪੀਲ ਕੀਤੀ ਹੈ ਕਿ ਪ੍ਰਸਤਾਵਿਤ ਪਰਵਾਸੀ ਕਿਰਤ ਕਮਿਸ਼ਨ ਦੀ ਤਰਜ਼ 'ਤੇ ਐਨ.ਆਰ.ਆਈ. ਲੋਕਾਂ ਲਈ ਵੀ ਕਮਿਸ਼ਨ ਬਣਾਇਆ ਜਾਵੇ। ਪਟੀਸ਼ਨ ਵਿਚ ਕਿਹਾ ਗਿਆ, "ਕੌਮੀ ਪੱਧਰ ਦਾ ਕਮਿਸ਼ਨ ਬਣਨ ਨਾਲ ਸਬੰਧਤ ਸਾਰੀਆਂ ਭਲਾਈ ਯੋਜਨਾਵਾਂ ਇਕ ਹੀ ਮੰਚ 'ਤੇ ਉਪਲਬਧ ਹੋ ਸਕਣਗੀਆਂ।

# ਕੋਟਕਪੂਰਾ ਗੋਲੀ ਕਾਂਡ: ਆਖਰੀ ਚਲਾਨ ਨਹੀਂ ਹੋਵੇਗਾ ਪੇਸ਼

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੇ ਆਈ.ਜੀ. ਕੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਅਸਤੀਫਾ ਦੇਣ ਮਗਰੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਜਾਂਚ ਟੀਮ ਵੱਲੋਂ ਤਿਆਰ ਕੀਤਾ ਗਿਆ ਅਹਿਮ ਅਤੇ ਆਖਰੀ ਚਲਾਨ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇਗਾ। 15 ਮਾਰਚ ਨੂੰ ਕੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਸੀ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦਾ ਆਖਰੀ ਚਲਾਨ ਉਨ੍ਹਾਂ ਤਿਆਰ ਕਰ ਲਿਆ ਹੈ ਅਤੇ ਕਿਸੇ ਵੀ ਸਮੇਂ ਇਹ ਚਲਾਨ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ।

ਸੂਤਰ ਦੱਸਦੇ ਹਨ ਕਿ ਇਸ ਚਲਾਨ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਨਾਮ ਵੀ ਸ਼ਾਮਲ ਸਨ ਅਤੇ ਇਸ ਚਲਾਨ ਨੂੰ ਅਦਾਲਤ ਵਿਚ ਪੇਸ਼ ਕਰਨ ਤੋਂ ਪਹਿਲਾਂ ਹੋਣ ਵਾਲੀ ਸਾਰੀ ਕਾਨੂੰਨੀ ਪ੍ਰਕਿਰਿਆ ਮੁਕੰਮਲ ਕਰ ਲਈ ਸੀ। ਹਾਈ ਕੋਰਟ ਦੇ ਫੈਸਲੇ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੇਸ਼ ਹੋਏ ਸਾਰੇ ਚਲਾਨਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਜਾਂਚ ਟੀਮ ਨੂੰ ਗੈਰਕਾਨੂੰਨੀ ਐਲਾਨ ਦਿੱਤਾ ਹੈ।

ਇਸੇ ਦਰਮਿਆਨ ਅੱਜ ਕੋਟਕਪੂਰਾ ਗੋਲੀ ਕਾਂਡ ਵਿੱਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਦਾਲਤ ਵਿਚ ਹਾਜਰ ਨਹੀਂ ਹੋਇਆ ਅਤੇ ਉਸ ਨੇ ਆਪਣੀ ਹਾਜਰੀ ਮੁਆਫ ਕਰਵਾਉਣ ਲਈ ਅਰਜ਼ੀ ਦੇ ਦਿੱਤੀ ਸੀ, ਜਿਸ ਨੂੰ ਜੱਜ ਨੇ ਸਵੀਕਾਰ ਕਰ ਲਿਆ। ਜੁਡੀਸ਼ਲ ਮੈਜਿਸਟਰੇਟ ਅਜੇ ਪਾਲ ਸਿੰਘ ਨੇ ਸੁਮੇਧ ਸੈਣੀ ਨੂੰ ਹਦਾਇਤ ਕੀਤੀ ਹੈ ਕਿ 10 ਮਈ ਨੂੰ ਅਦਾਲਤ ਵਿਚ ਹਾਜਰ ਹੋਣ। ਸੁਮੇਧ ਸੈਣੀ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਕੋਟਕਪੂਰਾ ਗੋਲੀ ਕਾਂਡ ਦੀ ਸਮੁੱਚੀ ਪੜਤਾਲ ਰਿਪੋਰਟ ਹਾਈ ਕੋਰਟ ਵੱਲੋਂ ਰੱਦ ਹੋ ਚੁੱਕੀ ਹੈ ਪਰ ਅਜੇ ਤੱਕ ਉਨ੍ਹਾਂ ਨੂੰ ਹੁਕਮ ਦੀ ਨਕਲ ਨਹੀਂ ਮਿਲੀ। ਹਾਲਾਂਕਿ ਪੰਜਾਬ ਸਰਕਾਰ ਨੇ ਸੁਮੇਧ ਸੈਣੀ ਦੀ ਹਾਜਰੀ ਮੁਆਫ਼ੀ ਦਾ ਵਿਰੋਧ ਕਰਦਿਆਂ ਦਾਅਵਾ ਕੀਤਾ ਕਿ ਜਿੰਨਾ ਚਿਰ ਹਾਈ ਕੋਰਟ ਦੇ ਹੁਕਮ ਦੀ ਨਕਲ ਨਹੀਂ ਮਿਲਦੀ, ਉਨਾ ਸਮਾਂ ਮੁਲਜ਼ਮਾਂ ਦਾ ਅਦਾਲਤ ਵਿੱਚ ਹਾਜਰ ਹੋਣਾ ਲਾਜ਼ਮੀ ਹੈ।



## ਸੂਬਾ ਸਰਕਾਰ ਸੁਪਰੀਮ ਕੋਰਟ ਜਾਵੇ: ਖਹਿਰਾ

**ਜਲੰਧਰ:** ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦੇਰ ਕੀਤੇ ਹਾਈ ਕੋਰਟ ਦੇ ਐਸ.ਆਈ.ਟੀ. ਭੰਗ ਕਰਨ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮੁਲਜ਼ਮ ਬਾਹਰ ਨਹੀਂ ਘੁੰਮਣੇ ਚਾਹੀਦੇ। ਉਨ੍ਹਾਂ ਇਥੋਂ ਜਾਰੀ ਬਿਆਨ ਵਿਚ ਕਿਹਾ ਕਿ ਕੋਟਕਪੂਰਾ ਕਾਂਡ ਬਾਰੇ ਬਣੀ ਐਸ.ਆਈ.ਟੀ. ਨੂੰ ਭੰਗ ਕੀਤੇ ਜਾਣ ਨਾਲ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।

# ਜਲ੍ਹਿਆਂਵਾਲਾ ਬਾਗ ਨਾ ਖੋਲ੍ਹਣ 'ਤੇ ਭੁੱਖ ਹੜਤਾਲ ਦੀ ਚਿਤਾਵਨੀ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੇ ਪਰਿਵਾਰਾਂ ਨੇ ਕੇਂਦਰ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼ਹੀਦੀ ਸਮਾਰਕ ਨੂੰ 15 ਦਿਨਾਂ ਵਿਚ ਆਮ ਲੋਕਾਂ ਲਈ ਨਾ ਖੋਲ੍ਹਿਆ ਗਿਆ ਤਾਂ ਜਲ੍ਹਿਆਂਵਾਲਾ ਬਾਗ ਅੱਗੇ ਭੁੱਖ ਹੜਤਾਲ ਸ਼ੁਰੂ ਕੀਤੀ ਜਾਵੇਗੀ। ਸ਼ਹੀਦਾਂ ਦੇ ਪਰਿਵਾਰਾਂ ਵੱਲੋਂ 13 ਅਪਰੈਲ ਨੂੰ ਵੀ ਅੰਦਰ ਨਾ ਜਾਣ ਦੇਣ 'ਤੇ ਜਲ੍ਹਿਆਂਵਾਲਾ ਬਾਗ ਅੱਗੇ ਧਰਨਾ ਦਿੱਤਾ ਗਿਆ ਸੀ।



ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਦੇ ਪ੍ਰਧਾਨ ਮਹੇਸ਼ ਬਹਿਲ ਨੇ ਦੱਸਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਭੇਜ ਕੇ ਜਲ੍ਹਿਆਂਵਾਲਾ ਬਾਗ ਨੂੰ ਆਮ ਲੋਕਾਂ ਲਈ 15 ਦਿਨਾਂ ਦੇ ਅੰਦਰ ਖੋਲ੍ਹਣ ਦੀ ਮੰਗ ਕੀਤੀ ਹੈ ਅਤੇ ਜੇਕਰ ਅਜਿਹਾ ਨਾ ਹੋਇਆ ਤਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਜਲ੍ਹਿਆਂਵਾਲਾ ਬਾਗ ਦੇ ਬਾਹਰ ਭੁੱਖ ਹੜਤਾਲ 'ਤੇ ਬੈਠਣਗੇ। ਉਨ੍ਹਾਂ ਕਿਹਾ ਕਿ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ 102ਵੀਂ ਵਰ੍ਹੇਗੰਢ ਮੌਕੇ 13 ਅਪਰੈਲ ਨੂੰ ਵੀ ਸ਼ਹੀਦੀ ਸਮਾਰਕ ਬੰਦ ਰੱਖਿਆ ਗਿਆ ਸੀ, ਜਿਸ ਕਾਰਨ ਸ਼ਹੀਦਾਂ ਦੇ ਪਰਿਵਾਰ ਤੇ ਹੋਰ ਲੋਕ ਸ਼ਰਧਾਂਜਲੀ ਨਹੀਂ ਦੇ ਸਕੇ। ਉਨ੍ਹਾਂ ਕਿਹਾ ਕਿ ਲੌਕਡਾਊਨ ਮਗਰੋਂ ਸਾਰੇ ਧਾਰਮਿਕ ਅਸਥਾਨਾਂ ਸਮੇਤ ਬਾਜ਼ਾਰ ਤੇ ਮਾਲ ਲੋਕਾਂ ਲਈ ਖੋਲ੍ਹੇ ਹੋਏ ਹਨ ਪਰ ਜਲ੍ਹਿਆਂਵਾਲਾ ਬਾਗ ਨੂੰ ਪਿਛਲੇ ਇਕ ਸਾਲ ਤੋਂ ਬੰਦ ਕੀਤਾ ਹੋਇਆ ਹੈ। ਮਹੇਸ਼ ਬਹਿਲ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ 13 ਅਪਰੈਲ ਨੂੰ ਆਪਣੇ ਦਾਦਾ ਸ਼ਹੀਦ ਲਾਲ ਹਰੀ ਬਹਿਲ ਨੂੰ ਸ਼ਰਧਾਂਜਲੀ ਦੇਣ ਆਇਆ ਸੀ ਪਰ ਸਮਾਰਕ ਦੇ ਦਰਵਾਜੇ ਬੰਦ ਕਰ ਦਿੱਤੇ ਗਏ।

# ਗੁਰੂ ਤੇਗ ਬਹਾਦਰ ਨੂੰ ਸਮਰਪਿਤ ਸੰਸਾਰ ਸ਼ਾਂਤੀ ਕੇਂਦਰ ਸਥਾਪਤ ਕਰਨ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕੇਂਦਰ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯੂ.ਐਨ.ਓ. ਦੀ ਤਰਜ਼ 'ਤੇ ਵਿਸ਼ਵ ਪੱਧਰ ਦਾ ਵਿਸ਼ਵ ਸ਼ਾਂਤੀ ਕੇਂਦਰ ਸਥਾਪਿਤ ਕੀਤਾ ਜਾਵੇ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਤਾਬਦੀ ਸਬੰਧੀ ਕੀਤੀ ਮੀਟਿੰਗ ਦੌਰਾਨ ਇਹ ਮੰਗ ਰੱਖੀ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਸਮਾਗਮ 29, 30 ਅਪਰੈਲ ਅਤੇ ਪਹਿਲੀ ਮਈ ਨੂੰ ਮਨਾਏ ਜਾਣਗੇ। ਪ੍ਰਧਾਨ ਮੰਤਰੀ ਨਾਲ ਹੋਈ ਮੀਟਿੰਗ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਦੀ ਮੁਖੀ ਹੋਣ ਨਾਤੇ ਉਨ੍ਹਾਂ ਨੇ ਸਰਕਾਰ ਨੂੰ ਕੁਝ ਸੁਝਾਅ ਦਿੱਤੇ ਹਨ, ਜਿਸ ਵਿੱਚ ਯੂ.ਐਨ.ਓ. ਦੀ ਤਰਜ਼ 'ਤੇ ਵਿਸ਼ਵ ਪੱਧਰ ਦਾ ਵਿਸ਼ਵ ਸ਼ਾਂਤੀ ਕੇਂਦਰ ਸਥਾਪਤ ਕਰਨ, ਗੁਰੂ ਸਾਹਿਬ ਨਾਲ ਸਬੰਧਤ ਸਥਾਨਾਂ 'ਤੇ ਯਾਦਗਾਰਾਂ ਸਥਾਪਤ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੂੰ ਸਮਰਪਿਤ ਕੋਈ ਢੁਕਵੀਂ ਯਾਦਗਾਰ ਉਸਾਰੀ ਜਾਵੇ, ਜੋ ਦੁਨੀਆਂ 'ਚ ਮਿਸਾਲ ਬਣੇ। ਉਨ੍ਹਾਂ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਪਾਠ ਨੂੰ ਸਕੂਲ ਬੋਰਡਾਂ, ਖਾਸ ਤੌਰ 'ਤੇ ਐਨ.ਸੀ.ਈ.ਆਰ.ਟੀ. ਦੀਆਂ ਪੁਸਤਕਾਂ ਵਿੱਚ ਸ਼ਾਮਲ ਕਰਨ, ਗੁਰੂ ਸਾਹਿਬ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਿਲੇਬਸ ਵਿਚ ਮਤਭੇਦਾਂ ਤੋਂ ਬਚਣ ਲਈ ਸ਼੍ਰੋਮਣੀ ਕਮੇਟੀ ਦੇ ਇੱਕ ਨੁਮਾਇੰਦੇ ਨੂੰ ਇਨ੍ਹਾਂ ਦੀ ਘੋਖ ਕਰਨ ਵਾਲੀ ਕਮੇਟੀ ਵਿਚ ਸ਼ਾਮਲ ਕਰਨ, ਗੁਰੂ ਸਾਹਿਬ ਦੀ ਬਾਣੀ ਦਾ ਅਨੁਵਾਦ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਕਰਵਾਉਣ ਦੀ ਅਪੀਲ ਕੀਤੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਦਿਨ ਨੂੰ ਮਨੁੱਖੀ ਹੱਕਾਂ ਦਾ ਦਿਨ ਐਲਾਨਿਆ ਜਾਵੇ ਅਤੇ ਇਸ ਬਾਰੇ ਯੂ.ਐਨ.ਓ. ਨੂੰ ਵਿਸ਼ਵ ਪੱਧਰ 'ਤੇ ਮਾਨਤਾ ਲਈ ਲਿਖਿਆ ਜਾਵੇ। ਲੋਕਾਂ ਤੇ ਲੋਕ ਨੁਮਾਇੰਦਿਆਂ ਤੱਕ ਗੱਲ ਪਹੁੰਚਾਉਣ ਲਈ ਯੂ.ਐਨ.ਓ. ਵਿਚ ਸਿੱਖ ਨੁਮਾਇੰਦਾ ਸ਼ਾਮਲ ਕਰਵਾਉਣ ਲਈ ਯਤਨ ਕੀਤੇ ਜਾਣ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਮੰਗ ਵੀ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਸ਼ਤਾਬਦੀ ਸਬੰਧੀ ਯਾਦਗਾਰੀ ਸਿੱਕਾ, ਡਾਕ ਟਿਕਟ ਅਤੇ ਡਾਕ ਲਿਫਾਫਾ ਜਾਰੀ ਕਰਨ ਲਈ ਕੇਂਦਰ ਸਰਕਾਰ ਨੂੰ ਲੋੜੀਂਦਾ ਡਿਜ਼ਾਇਨ ਵੀ ਭੇਜਿਆ।

# ਕੈਪਟਨ ਨੇ ਅੰਦਰੂਨੀ ਕਲੇਸ਼ ਠੱਲ੍ਹਣ ਲਈ ਕਮਾਨ ਸੰਭਾਲੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਟਕਪੂਰਾ ਗੋਲੀ ਕਾਂਡ 'ਤੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਖਿਲਾਫ ਹਾਈ ਕੋਰਟ ਦੇ ਆਏ ਫੈਸਲੇ ਮਗਰੋਂ ਸਿਸਵਾਂ ਫਾਰਮ ਹਾਊਸ 'ਤੇ ਹੰਗਾਮੀ ਮੀਟਿੰਗ ਕੀਤੀ। ਮੀਟਿੰਗ 'ਚ ਕੁਝ ਚੋਣਵੇਂ ਕਾਂਗਰਸੀ ਵਿਧਾਇਕਾਂ ਅਤੇ ਵਜ਼ੀਰਾਂ ਨੇ ਮੁੱਖ ਮੰਤਰੀ ਨੂੰ ਪੰਜਾਬ ਦੀ ਮੌਜੂਦਾ ਸਿਆਸੀ ਜ਼ਮੀਨੀ ਹਕੀਕਤ ਦਿਖਾਈ। ਬੇਅਦਬੀ ਅਤੇ ਗੋਲੀ ਕਾਂਡ ਦੇ ਮਾਮਲੇ 'ਤੇ ਕਾਂਗਰਸ ਅੰਦਰੋਂ ਉਠ ਰਹੀਆਂ ਸੁਰਾਂ ਨੂੰ ਦੇਖਦਿਆਂ ਮੁੱਖ ਮੰਤਰੀ ਨੂੰ ਫੌਰੀ ਮੌਕਾ ਸੰਭਾਲਣ ਲਈ ਕਿਹਾ ਗਿਆ।



ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਚੋਣਵੇਂ ਵਿਧਾਇਕਾਂ ਅਤੇ ਵਜ਼ੀਰਾਂ ਤੋਂ ਸਿਟ ਖਿਲਾਫ ਆਏ ਫੈਸਲੇ ਅਤੇ ਅਗਲੀ ਰਣਨੀਤੀ ਬਾਰੇ ਸੁਝਾਅ ਮੰਗੇ। ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਵਜ਼ੀਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੰਤਰੀ ਸੁਖਬਿੰਦਰ ਸਰਕਾਰੀਆ ਅਤੇ ਸੁਖਜਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਵਿਧਾਇਕ ਨਵਤੇਜ ਸਿੰਘ ਚੀਮਾ, ਕਿੱਕੀ ਢਿੱਲੋਂ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ, ਐਡਵੋਕੇਟ ਜਨਰਲ ਅਤੁਲ ਨੰਦਾ ਆਦਿ ਸ਼ਾਮਲ ਹੋਏ। ਸੂਤਰਾਂ ਮੁਤਾਬਕ ਵਿਧਾਇਕਾਂ ਅਤੇ ਵਜ਼ੀਰਾਂ ਨੇ ਮੁੱਖ ਮੰਤਰੀ ਨੂੰ ਚੌਕਸ ਕੀਤਾ ਕਿ ਜੇਕਰ ਬੇਅਦਬੀ ਅਤੇ ਗੋਲੀ ਕਾਂਡ ਮਾਮਲੇ 'ਤੇ ਸਰਕਾਰ ਨੇ ਹੋਰ ਸੁਸਤੀ ਦਿਖਾਈ ਤਾਂ ਕਾਂਗਰਸੀ ਵਰਕਰ ਵੀ ਸਰਕਾਰ ਖਿਲਾਫ ਬੋਲਣਾ ਸ਼ੁਰੂ ਕਰ ਸਕਦੇ ਹਨ। ਮੁੱਖ ਮੰਤਰੀ ਨੇ ਸਾਰਿਆਂ ਦੀ ਗੱਲ ਸੁਣਨ ਮਗਰੋਂ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਮਿਲਣ ਮਗਰੋਂ ਇਸ ਦੀ ਘੋਖ ਕੀਤੀ ਜਾਵੇਗੀ ਅਤੇ ਉਸ ਮਗਰੋਂ ਫੌਰੀ ਅਗਲਾ ਕਦਮ ਉਠਾਇਆ ਜਾਵੇਗਾ।

ਸੂਤਰਾਂ ਅਨੁਸਾਰ ਮੀਟਿੰਗ 'ਚ ਇਹ ਵੀ ਚਰਚਾ ਭਾਰੂ ਰਹੀ ਕਿ ਹਾਈ ਕੋਰਟ 'ਚੋਂ ਫੈਸਲੇ ਦੀ ਕਾਪੀ ਮਿਲਣ ਮਗਰੋਂ ਸੁਪਰੀਮ ਕੋਰਟ ਦਾ ਰੁਖ ਕਰਨ ਦੀ ਬਜਾਏ ਨਵੇਂ ਸਿਰਿਉਂ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇ ਅਤੇ ਜਲਦੀ ਇਨ੍ਹਾਂ ਕੇਸਾਂ ਨੂੰ ਸਿਰੇ ਲਾਇਆ ਜਾਵੇ। ਸੂਤਰਾਂ ਨੇ ਕਿਹਾ ਕਿ ਮੀਟਿੰਗ ਵਿਚ ਅਖੀਰ ਸਾਰਿਆਂ ਨੇ ਇਕ ਸੁਰ 'ਚ ਆਖਿਆ ਕਿ ਬਿਨਾਂ ਕਿਸੇ ਦੇਰੀ ਤੋਂ ਇਸ ਮਾਮਲੇ 'ਤੇ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਅੱਗੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਫੈਸਲੇ ਦੀ ਕਾਪੀ ਮਿਲਣ ਮਗਰੋਂ ਸੂਬੇ ਦੇ ਲੋਕਾਂ ਅੱਗੇ ਆਪਣਾ ਪੱਖ ਰੱਖਣਗੇ। ਮੀਟਿੰਗ ਵਿਚ ਕਈ ਆਗੂ ਐਡਵੋਕੇਟ ਜਨਰਲ ਦੇ ਬਚਾਅ ਵਿਚ ਵੀ ਆਏ ਅਤੇ ਕਿਹਾ ਕਿ ਐਡਵੋਕੇਟ ਜਨਰਲ ਦੀ ਇਸ ਮਾਮਲੇ ਵਿਚ ਕੋਈ ਭੂਮਿਕਾ ਨਹੀਂ ਸੀ। ਮੀਟਿੰਗ ਵਿਚ ਸ਼ਾਮਲ ਕਿਸੇ ਵਿਧਾਇਕ ਜਾਂ ਮੰਤਰੀ ਨੇ ਫੋਨ ਨਹੀਂ ਚੁੱਕਿਆ ਅਤੇ ਕੋਈ ਵੀ ਆਪਣੇ ਤੌਰ 'ਤੇ ਇਸ ਮਾਮਲੇ 'ਤੇ ਬੋਲਣ ਨੂੰ ਤਿਆਰ ਨਹੀਂ ਹੈ।

ਮੀਟਿੰਗ ਦੌਰਾਨ ਆਈਜੀ ਕੁੰਵਰ ਵਿਜੈ ਪ੍ਰਤਾਪ ਵੱਲੋਂ ਅਹੁਦੇ ਤੋਂ ਅਸਤੀਫਾ ਦੇਣ ਦਾ ਮਾਮਲਾ ਵੀ ਉੱਠਿਆ। ਇਕ ਦੋ ਆਗੂਆਂ ਨੇ ਮੀਟਿੰਗ ਵਿਚ ਕਿਹਾ ਕਿ ਆਈ.ਜੀ. ਨੇ ਮੀਡੀਆ 'ਚ ਜਾ ਕੇ ਸੀਮਾ ਉਲੰਘੀ ਹੈ। ਮੁੱਖ ਮੰਤਰੀ ਵੱਲੋਂ ਇਸ ਅਧਿਕਾਰੀ ਦੀ ਥਾਪੜੀ ਪਿੱਠ ਤੋਂ ਵੀ ਕਈ ਆਗੂ ਨਾਰਾਜ਼ ਸਨ।

# ਪੰਜਾਬ ਵਿਚ ਤੇਜ਼ ਹੋਈਆਂ ਸਿਆਸੀ ਸਰਗਰਮੀਆਂ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਭਾਵੇਂ ਹਾਲੇ 8 ਮਹੀਨੇ ਤੋਂ ਵਧੇਰੇ ਦਾ ਸਮਾਂ ਬਾਕੀ ਹੈ ਪਰ ਇਸ ਵੇਲੇ ਸਿਆਸੀ ਸਰਗਰਮੀਆਂ ਸਿਖਰਾਂ ਉਤੇ ਹਨ। ਵੱਖ-ਵੱਖ ਸਿਆਸੀ ਧਿਰਾਂ ਦੇ ਆਗੂਆਂ ਨੇ ਇਕ-ਦੂਸਰੇ ਵਿਰੁੱਧ ਤਿੱਖੀ ਬਿਆਨਬਾਜ਼ੀ ਵੀ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਬੜੇ ਹੀ ਚੁਸਤ ਚਲਾਕ ਐਨਾਲਿਸਟ ਪ੍ਰਸ਼ਾਂਤ ਕਿਸ਼ੋਰ ਨੂੰ ਆਪਣਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਹੈ। ਇਸ ਨਾਲ ਪਾਰਟੀ ਅੰਦਰ ਕਾਫੀ ਘੁਸਰ-ਮੁਸਰ ਵੀ ਸ਼ੁਰੂ ਹੋ ਗਈ ਸੀ। ਇਹ ਵੀ ਚਰਚਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਦੋ ਚਾਰ ਕਾਂਗਰਸੀਆਂ ਦੀਆਂ ਟਿਕਟਾਂ ਬਦਲਵਾਉਣੀਆਂ ਚਾਹੁੰਦੇ ਹਨ। ਇਸ ਮਸਲੇ ਉਤੇ ਅੰਦਰਲੇ ਵਿਵਾਦ ਦੇ ਹੋਰ ਭਖਣ ਉਤੇ ਸਪੱਸ਼ਟੀਕਰਨ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਬਿਆਨ ਦਿੱਤਾ ਹੈ ਕਿ ਟਿਕਟਾਂ ਦੀ ਵੰਡ ਪਾਰਟੀ ਦੀ ਲੀਡਰਸ਼ਿਪ ਦਾ ਅੰਦਰੂਨੀ ਮਸਲਾ ਹੈ। ਇਸ ਵਿਚ ਕਿਸੇ ਬਾਹਰਲੇ ਵਿਅਕਤੀ ਦਾ ਦਖਲ ਨਹੀਂ ਹੋਵੇਗਾ।

ਰਾਜ ਸਭਾ ਮੈਂਬਰ ਅਤੇ ਸਾਬਕਾ ਕਾਂਗਰਸ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਨੇ ਤਾਂ ਕਾਫੀ ਸਮੇਂ ਤੋਂ ਆਪਣੇ ਹੀ ਸੂਬੇ ਦੀ ਸਰਕਾਰ ਦੇ ਵਿਰੁੱਧ ਬਿਆਨਬਾਜ਼ੀ ਸ਼ੁਰੂ ਕੀਤੀ ਹੋਈ ਹੈ। ਕੋਟਕਪੂਰਾ ਅਤੇ ਬਹਿਬਲ ਕਲਾਂ ਦੇ ਘਟਨਾਕ੍ਰਮ ਸਬੰਧੀ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਨੂੰ ਹਾਈ ਕੋਰਟ ਵਲੋਂ ਰੱਦ ਕਰ ਦਿੱਤੇ ਜਾਣ ਨੇ ਪਹਿਲਾਂ ਹੀ ਬਣ ਚੁੱਕੇ ਇਸ ਵੱਡੇ ਵਿਵਾਦ ਦੇ ਹੋਰ ਵੀ ਭਖਣ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਡਦੂਸਰੇ ਪਾਸੇ ਫਾਜ਼ਿਲਕਾ ਦੇ ਵੱਡੇ ਕਾਂਗਰਸੀ ਆਗੂ ਹੰਸ ਰਾਜ ਜੋਸਨ ਦੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਅਕਾਲੀ ਦਲ ਵਿਚ ਸ਼ਮੂਲੀਅਤ ਨੇ ਸਿਆਸਤ ਨੂੰ ਹੋਰ ਵੀ ਮਘਾ ਦਿੱਤਾ ਹੈ ਕਿਉਂਕਿ ਜੋਸਨ ਇਕ ਕੰਬੋਜ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਕਾਂਗਰਸ ਵਲੋਂ ਵਿਧਾਇਕ ਅਤੇ ਮੰਤਰੀ ਵੀ ਬਣੇ ਸਨ।

## 'ਆਪ' ਵੱਲੋਂ ਪੰਜਾਬ ਸਰਕਾਰ ਖਿਲਾਫ ਮੁਜ਼ਾਹਰਾ

**ਮੰਡੀ ਗੋਬਿੰਦਗੜ੍ਹ:** ਪੰਜਾਬ ਵਿਚ ਵੱਧ ਰਹੇ ਬਿਜਲੀ ਦੇ ਬਿੱਲਾਂ ਖਿਲਾਫ ਆਮ ਆਦਮੀ ਪਾਰਟੀ ਵੱਲੋਂ ਉਲੀਕੇ ਪ੍ਰੋਗਰਾਮਾਂ ਤਹਿਤ ਪਿੰਡ ਲਾਡਪੁਰ ਵਿਚ ਬਿਜਲੀ ਦੇ ਬਿਲਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਹਲਕਾ ਅਮਲੋਹ ਦੇ ਸੀਨੀਅਰ ਆਗੂ ਐਡਵੋਕੇਟ ਗੁਰਿੰਦਰ ਸਿੰਘ ਦੀ ਅਗਵਾਈ ਹੇਠ ਅਮਲੋਹ, ਮੰਡੀ ਗੋਬਿੰਦਗੜ੍ਹ ਅਤੇ ਪਿੰਡਾਂ ਵਿਚ ਬਿਜਲੀ ਦੇ ਬਿੱਲਾਂ ਨੂੰ ਸਾੜ ਕੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਲੋਕਾਂ ਨੂੰ ਸਰਕਾਰ ਖਿਲਾਫ ਲਾਮਬੰਦ ਕੀਤਾ ਜਾ ਰਿਹਾ ਹੈ। ਪਿੰਡ ਲਾਡਪੁਰ ਵਿਚ ਐਡਵੋਕੇਟ ਹਰੀਪੁਰ ਨੇ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਸਰਕਾਰ ਵੱਲੋਂ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਤਾਂ ਪੰਜਾਬ ਦੇ ਲੋਕਾਂ ਨੂੰ ਇਹ ਕਿਉਂ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਅਗਾਮੀ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਵਿੱਢਣ ਦਾ ਸੱਦਾ ਦਿੱਤਾ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਪੰਜਾਬ ਦੇ ਲੋਕਾਂ ਨੂੰ ਦਿੱਲੀ ਸਰਕਾਰ ਦੀ ਤਰਜ਼ 'ਤੇ ਸਹੂਲਤਾਂ ਦਿੱਤੀਆਂ ਜਾਣਗੀਆਂ।

# ਫਰਿਜ਼ਨੋ ਵਿਚ ਹੋਈ ਗੋਲੀਬਾਰੀ ਨੇ ਲਈ ਇੱਕ ਦੀ ਜਾਨ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਕਾਊਂਟੀ 'ਚ ਲੰਘੇ ਦਿਨੀਂ ਪੱਛਮੀ ਫਰਿਜ਼ਨੋ ਦੇ ਕਸਬੇ ਪੰਜ ਪੁਆਇੰਟ ਨੇੜੇ ਤੀਹਰੀ ਗੋਲੀਬਾਰੀ ਹੋਈ ਹੈ, ਜਿਸ ਵਿਚ ਇਕ ਵਿਅਕਤੀ ਮਾਰਿਆ ਗਿਆ ਅਤੇ ਦੋ ਹੋਰ ਗੰਭੀਰ ਜਖਮੀ ਹੋਏ ਹਨ। ਫਰਿਜ਼ਨੋ ਪੁਲਿਸ ਨੂੰ ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਅਧਿਕਾਰੀਆਂ ਦੁਆਰਾ ਦੱਖਣ ਅਤੇ ਵੈਸਟ ਚੈਂਡਲਰ ਐਵੇਨਿਊਜ਼ ਨੇੜੇ ਇੱਕ ਵਾਈਨਯਾਰਡ ਵਿਚ ਕਾਰਵਾਈ ਕੀਤੀ ਗਈ। ਇਸ ਦੌਰਾਨ ਅਧਿਕਾਰੀਆਂ ਨੇ ਪਾਇਆ ਕਿ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਦੋ ਹੋਰ ਵਿਅਕਤੀਆਂ 'ਤੇ ਗੋਲੀਬਾਰੀ ਦੇ ਕਈ ਜ਼ਖਮ ਸਨ।

ਪੁਲਿਸ ਅਨੁਸਾਰ ਗੋਲੀਬਾਰੀ ਦੇ ਦੋ ਸ਼ੱਕੀ ਵਿਅਕਤੀ, ਜੋ ਇੱਕ ਕਾਰ ਵਿਚ ਘਟਨਾ ਸਥਾਨ ਤੋਂ ਭੱਜ ਗਏ ਸਨ, ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਗੋਲੀਬਾਰੀ ਸ਼ੁਰੂ ਹੋਣ 'ਤੇ ਪੀੜਤ ਅਤੇ ਸ਼ੱਕੀ ਵਿਅਕਤੀ ਅੰਗੂਰਾਂ ਦੀਆਂ ਵੇਲਾਂ ਦੀ ਛਾਂਟੀ ਕਰਦੇ ਹੋਏ ਇਕੱਠੇ ਕੰਮ ਕਰ ਰਹੇ ਸਨ। ਜਦੋਂ ਕਿ ਪੁਲਿਸ ਦੁਆਰਾ ਗੋਲੀਬਾਰੀ ਦਾ ਉਦੇਸ਼ ਨਿਰਧਾਰਤ ਨਹੀਂ ਕੀਤਾ ਗਿਆ ਹੈ। ਸ਼ੱਕੀ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਾਉਣ ਲਈ ਖੇਤ ਦੇ ਹੋਰ ਕਾਮਿਆਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਯਾਦ-ਲੇਖ

# ਆਪਣੇ ਅਮੋਲਕ ਦੀਆਂ ਗੱਲਾਂ...

***'ਪੰਜਾਬ ਟਾਈਮਜ਼' ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲਾ ਸ਼ਖਸ ਅਮੋਲਕ ਸਿੰਘ ਜੰਮੂ ਆਖਰਕਾਰ ਤੁਰ ਗਿਆ ਹੈ। ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪੁਰਾਣੇ ਸਾਥੀ ਪ੍ਰੋ. ਹਰਪਾਲ ਸਿੰਘ ਦਾ ਇਹ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਲੇਖ ਵਿਚ ਅਮੋਲਕ ਬਾਰੇ ਆਏ ਵੇਰਵੇ ਦੱਸਦੇ ਹਨ ਕਿ ਉਹ ਜ਼ਿੰਦਗੀ ਨੂੰ ਕਿਵੇਂ ਬੁੱਕ ਭਰ-ਭਰ ਕੇ ਪੀਣ ਵਾਲਾ ਸ਼ਖਸ ਸੀ।***

**ਪ੍ਰੋ. ਹਰਪਾਲ ਸਿੰਘ**
prof.singh.harpal@gmail.com
**ਫੋਨ: +91-94171-32373**

ਲੰਘੀ ਸਦੀ ਦੇ ਸੱਤਰਵਿਆਂ ਵਿਚ ਜਦੋਂ ਅਮੋਲਕ ਸਿੰਘ ਪਹਿਲੀ ਵਾਰ ਮੈਨੂੰ ਚੰਡੀਗੜ੍ਹ ਮਿਲਿਆ ਤਾਂ ਉਹ ਕਾਲਜ ਦਾ ਵਿਦਿਆਰਥੀ ਸੀ - ਬਿਲਕੁਲ ਅਲੂੰਆਂ। ਵੈਸੇ ਵੀ ਦਾੜ੍ਹੀ ਉਸ ਨੂੰ ਪਛੜ ਕੇ ਉਤਰੀ ਅਤੇ ਉਹ ਵੀ ਸਹਿੰਦੀ ਸਹਿੰਦੀ; ਭਰਵੀਂ ਨਹੀਂ।

ਉਸ ਲਈ ਬੀ.ਏ. ਡਿਗਰੀ ਦੀ ਪੜ੍ਹਾਈ ਦੇ ਚੱਲਦਿਆਂ ਵਿਚੇ ਹੀ ਦੁਰਾਡੇ ਚੰਡੀਗੜ੍ਹ ਵਿਚ ਆ ਦਾਖਲਾ ਲੈਣਾ ਅਕਸਮਾਤੀ ਘਟਨਾ ਸੀ। ਦੇਖੋ, ਜ਼ਿੰਦਗੀ ਕਿਹੋ ਕਿਹੇ ਸਬਬ ਜ਼ਿੰਦਗੀ ਬਣਾਉਂਦੀ ਹੈ ਅਤੇ ਬੰਦਾ ਉਸ ਦੇ ਰਹਿਮੋ-ਕਰਮ ਤੇ ਹੋ ਜਾਂਦਾ ਹੈ।

ਚੌਧਰੀ ਬੰਸੀ ਲਾਲ ਉਹਨੀਂ ਦਿਲੀ ਹਰਿਆਣੇ ਦਾ ਮੁੱਖ ਮੰਤਰੀ ਸੀ। ਅੱਵਲ ਦਰਜੇ ਦੇ ਅੱਖੜ ਹਾਕਮ ਵਜੋਂ ਉਸ ਨੇ ਆਪਣੀ ਪਛਾਣ ਬਣਾਈ ਹੋਈ ਸੀ। ਮੁਖ ਮੰਤਰੀ ਦੀ ਧੀ ਜੋ ਉਦੋਂ ਲੜਕੀਆਂ ਦੇ ਕਾਲਜ ਸੈਕਟਰ ਗਿਆਰਾਂ ਵਿਚ ਪੜ੍ਹਦੀ ਸੀ, ਉਸ ਦੀ ਕਿਸੇ ਵਿਸ਼ੇਸ਼ ਮੰਗ ਨੂੰ ਲੈ ਕੇ ਬੰਸੀ ਲਾਲ ਦਾ ਕਾਲਜ ਦੀ ਪ੍ਰਿੰਸੀਪਲ ਨਾਲ ਤਕਰਾਰ ਹੋ ਗਿਆ। ਮਾਮਲਾ ਉਪਰੰਤ ਪੰਜਾਬ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਤੱਕ ਪਹੁੰਚ ਗਿਆ। ਬੰਸੀ ਲਾਲ ਆਪਣੀ ਧੁਨ ਦਾ ਪੱਕਾ ਅਤੇ ਆਪਣੀ ਗੱਲ ਮਨਾਉਣ ਦਾ ਆਦੀ ਸੀ; ਪਰ ਅੱਗਿਓਂ ਪੰਜਾਬ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਸੂਰਜ ਭਾਨ ਉਸ ਨੂੰ ਪਿਉ ਬਣ ਕੇ ਟੱਕਰਿਆ। ਅੜੀ ਪੁਗਦੀ ਨਾ ਵੇਖ ਕੇ ਮੁਖ ਮੰਤਰੀ ਨੇ ਯੂਨੀਵਰਸਿਟੀ ਨੂੰ ਸਬਕ ਸਿਖਾਉਣ ਲਈ ਹਰਿਆਣੇ ਦੇ ਸਬੰਧਿਤ ਕਾਲਜ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਜੋੜ ਦਿੱਤੇ। ਹਰਿਆਣਾ ਸਰਕਾਰ ਦੇ ਇਸੇ ਅਹਿਮ ਫੈਸਲੇ ਨੇ ਅਮੋਲਕ ਨੂੰ ਚੰਡੀਗੜ੍ਹ ਆਉਣ ਲਈ ਮਜਬੂਰ ਕਰ ਦਿੱਤਾ।

ਉਸ ਵੇਲੇ ਅਮੋਲਕ ਬੀ.ਏ. ਸੈਕਿੰਡ ਈਅਰ ਵਿਚ ਨੈਸ਼ਨਲ ਕਾਲਜ ਸਿਰਸਾ ਦਾ ਵਿਦਿਆਰਥੀ ਸੀ। ਉਥੇ ਉਸ ਨੂੰ ਪੰਜਾਬੀ ਦੇ ਚੰਗੇ ਪ੍ਰੋਫੈਸਰ ਮਿਲੇ ਸਨ ਜਿਨ੍ਹਾਂ ਵਿਚ ਉਹ ਗੁਰਚਰਨ ਸਿੰਘ ਸਾਕੀ ਅਤੇ ਇਕ ਹੋਰ ਟੀਚਰ ਦਾ ਜ਼ਿਕਰ ਬੜੇ ਮਾਣ ਨਾਲ ਕਰਦਾ ਸੀ।

ਅਮੋਲਕ ਦਾ ਨੈਸ਼ਨਲ ਕਾਲਜ ਸਿਰਸੇ ਵਿਚ ਸੀਨੀਅਰ ਬਲਦੇਵ ਸਿੰਘ ਮੋਮੀ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਵਿਚ ਮੇਰਾ ਜਮਾਤੀ ਸੀ। ਐਮ.ਏ. ਦੇ ਪਹਿਲੇ ਸਾਲ ਵਿਚ ਹੀ ਉਹ ਡੀ.ਆਰ. (ਡਿਪਾਰਟਮੈਂਟ ਰਿਪਰਜ਼ੈਂਟੇਟਿਵ) ਚੁਣਿਆ ਗਿਆ ਸੀ ਅਤੇ ਉਪਰੰਤ ਸਟੂਡੈਂਟ ਕੌਂਸਲ ਦੀ ਕਾਰਜਕਾਰਨੀ ਦਾ ਮੈਂਬਰ ਬਣ ਗਿਆ ਸੀ। ਆਪਣੇ ਰਸੂਖ ਦਾ ਇਸਤੇਮਾਲ ਕਰ ਕੇ ਉਸ ਨੇ ਇਕ ਨੰਬਰ ਹੋਸਟਲ ਦੀ ਡੌਰਮਿੱਟਰੀ ਅਲਾਟ ਕਰਵਾਈ ਹੋਈ ਸੀ ਜੋ ਆਮ ਕਮਰੇ ਕਿਊਬੀਕਲ ਦੇ ਮੁਕਾਬਲੇ ਵਿਚ ਚੋਖੀ ਖੁੱਲ੍ਹੀ ਡੁੱਲ੍ਹੀ ਹੁੰਦੀ ਹੈ। ਆਰੰਭ ਵਿਚ ਅਮੋਲਕ ਉਸ ਕੋਲ ਆ ਕੇ ਰਹਿਣ ਲੱਗਿਆ ਅਤੇ ਇਥੇ ਹੀ ਮੇਰੀ ਮੁਲਾਕਾਤ ਉਸ ਨਾਲ ਹੋਈ। ਮੈਂ ਹਾਲਾਂਕਿ ਬਾਰਾਂ ਕਿਲੋਮੀਟਰ ਆਪਣੇ ਪਿੰਡ ਤੋਂ ਸਾਈਕਲ ਤੇ ਪੜ੍ਹਨ ਆਉਂਦਾ ਸੀ ਪਰ ਹਫਤੇ ਵਿਚ ਦੋ ਤਿੰਨ ਵਾਰ ਸ਼ਾਮ ਤੱਕ ਬਲਦੇਵ ਕੋਲ ਰੁਕ ਜਾਂਦਾ ਸੀ। ਜਦੋਂ ਕਦੇ ਬਲਦੇਵ ਸਿੰਘ ਕਿਸੇ ਕੰਮ ਕਰ ਕੇ ਬਾਹਰ ਹੁੰਦਾ ਤਾਂ ਮੈਨੂੰ ਤੇ ਅਮੋਲਕ ਨੂੰ ਖੁੱਲ੍ਹ ਕੇ ਗੱਲਾਂ ਕਰਨ ਦਾ ਵਕਤ ਮਿਲ ਜਾਂਦਾ ਸੀ। ਵੈਸੇ ਵੀ ਅਮੋਲਕ ਮੇਰੇ ਵਾਂਗ ਸਾਧਾਰਨ ਪੇਂਡੂ ਪਰਿਵਾਰ ਵਿਚੋਂ ਆਉਣ ਕਰ ਕੇ ਜ਼ਿਮੀਦਾਰ ਸੋਚ ਵਾਲੇ ਬਲਦੇਵ ਨਾਲ ਘੱਟ ਭਿੱਜਦਾ ਸੀ।

ਐਮ.ਏ. ਦੇ ਜ਼ਿੰਮੇਦਾਰ ਵਿਦਿਆਰਥੀਆਂ ਵਿਚ ਖੁਦ-ਬ-ਖੁਦ ਲੈਕਚਰਾਰ ਬਣਨ ਦਾ ਅਹਿਸਾਸ ਪਲਣ ਲੱਗਦਾ ਹੈ। ਸਾਡੇ ਟੀਚਰ ਵੀ ਸਾਨੂੰ ਅਜਿਹਾ ਮਹਿਸੂਸ ਕਰਾ ਕੇ ਸਾਡੇ ਸਵੈ-ਵਿਸ਼ਵਾਸ ਵਿਚ ਵਾਧਾ ਕਰਦੇ ਹਨ। ਡਾਕਟਰ ਦਰਸ਼ਨ ਸਿੰਘ ਸਾਨੂੰ ਅਕਸਰ ਆਖਦੇ ਸਨ, ਅਸੀਂ ਤੁਹਾਨੂੰ ਪ੍ਰੋਫੈਸਰ ਹੀ ਮੰਨਦੇ ਹਾਂ।

ਇਉਂ ਐਮ.ਏ. ਕਰਦਿਆਂ ਮੈਨੂੰ ਆਪਣਾ ਆਪ ਪ੍ਰੋਫੈਸਰ ਅਤੇ ਅਮੋਲਕ ਆਪਣਾ ਵਿਦਿਆਰਥੀ ਲੱਗਦਾ ਅਤੇ ਮੈਂ ਉਸੇ ਅਧਿਕਾਰ ਅਤੇ ਲਾਡ ਨਾਲ ਉਸ ਨੂੰ ਕੁਝ ਨਾ ਕੁਝ ਨਵਾਂ ਦੱਸਣ ਲਈ ਤੱਤਪਰ ਰਹਿੰਦਾ। ਕਿਸੇ ਅਜਿਹੀ ਹੀ ਸੋਚ ਵਿਚ ਮੈਂ ਦੂਜੀ ਤੀਜੀ ਮੁਲਾਕਾਤ ਵਿਚ ਹੀ ਅਮੋਲਕ ਨੂੰ ਕਾਲਜ ਦੀ ਕੋਈ ਨੋਟਬੁਕ ਦਿਖਾਉਣ ਲਈ ਕਿਹਾ। ਦਰਅਸਲ ਮੇਰੇ ਆਪਣੇ ਸਕੂਲ ਅਧਿਆਪਕਾਂ ਨੇ ਛੇਵੀਂ ਸੱਤਵੀਂ ਜਮਾਤ ਤੱਕ ਗੁਰਮੁਖੀ ਅੱਖਰ-ਬਣਤਰ ਅਤੇ ਸਹੀ ਸ਼ਬਦ-ਜੋੜ ਦੇ ਨੁਕਤੇ ਤੋਂ ਸਾਨੂੰ ਚੰਗਾ ਚੰਡ ਦਿੱਤਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮੈਨੂੰ ਵੀ ਹਰ ਵੇਲੇ ਅਚਵੀ ਲੱਗੀ ਰਹਿੰਦੀ ਸੀ ਕਿ ਕੋਈ ਪੰਜਾਬੀ ਪੜ੍ਹਨ-ਸਿੱਖਣ ਵਾਲਾ ਮੈਨੂੰ ਟੱਕਰੇ ਤਾਂ ਕਿ ਮੈਂ ਉਸ ਦੀ ਕਿਸੇ ਰੜਕਵੀਂ ਤਰੁਟੀ ਵਲ ਧਿਆਨ ਦਿਵਾਵਾਂ ਅਤੇ ਦਰੁਸਤੀ ਕਰਾਂ। ਹੁਣ ਇਸ ਗੱਲੋਂ ਅਮੋਲਕ ਮੇਰੇ ਅੜਿੱਕੇ ਆਇਆ ਸੀ।

ਉਹ ਸੂਰਤ ਵੀ ਸ਼ਾਮਲ ਸੀ ਜਿਸ ਨੂੰ ਨਿੱਤ ਦੇਖੇ ਬਿਨਾ ਮੇਰੀ ਰੂਹ ਤ੍ਰਿਪਤ ਨਹੀਂ ਸੀ ਹੁੰਦੀ। ਇਉਂ ਅਮੋਲਕ ਇਕ ਜ਼ਰੀਆ ਵੀ ਸੀ ਜਿਸ ਰਾਹੀਂ ਮੈਨੂੰ ਆਪਣੀ ਦੁਨੀਆ ਦੀਆਂ ਉਹ ਗੱਲਾਂ ਵੀ ਪਤਾ ਲਗਦੀਆਂ ਜਿਨ੍ਹਾਂ ਤੋਂ ਮੈਂ ਉੱਕਾ ਹੀ ਬੇਖਬਰ ਸੀ। ਜਦੋਂ ਇਕ ਗੱਲ ਤੋਂ ਸਕੂਲ ਮਿਲਦਾ ਤਾਂ ਦੂਜੀ ਤੋਂ ਬੇਆਰਾਮੀ। ਚੀਸ ਤੇ ਕਸੀਸ ਇਕੱਠੀਆਂ ਦਮ ਭਰਦੀਆਂ।

ਮੌਕਿਆਂ ਉਪਰ ਜਦੋਂ ਅਮੋਲਕ ਨੂੰ ਮਿਲਣ ਸ਼ਿਕਾਗੋ ਗਿਆ ਤਾਂ ਯੂਨੀਵਰਸਿਟੀ ਦਿਨਾਂ ਦੀ ਗੱਲਾਂ ਛਿੜ ਕੇ ਮੁੱਕਣ ਦਾ ਨਾਂ ਨਹੀਂ ਲੈਂਦੀਆਂ ਸਨ। ਬੇਅੰਤ ਦਾ ਨਾਂ ਲੈਂਦਿਆਂ ਹੀ ਉਸ ਨੂੰ ਹਾਸਾ ਆ ਜਾਂਦਾ ਅਤੇ ਆਖਦਾ, 'ਅੱਛਾ', ਉਹ 'ਝੱਲਾ!' ਫਿਰ ਉਸ ਦੀਆਂ ਕਈ ਚੰਗੀਆਂ ਮਿਠੀਆਂ ਗੱਲਾਂ ਸੁਣਾ ਦਿੰਦਾ ਜੋ ਮੈਨੂੰ ਵੀ ਭੁੱਲ ਚੁਕੀਆਂ ਹੁੰਦੀਆਂ ਸਨ। ਅਮੋਲਕ ਦਾ ਸਾਡੇ ਨਾਲ ਭਾਉ ਅਤੇ ਚਾਉ



*ਯਾਦਾਂ ਦੀ ਪਟਾਰੀ: ਪ੍ਰੋ. ਜੋਗਿੰਦਰ ਸਿੰਘ ਰਮਦੇਵ ਅਤੇ ਅਮੋਲਕ ਸਿੰਘ (ਦੋਵੇਂ ਬੈਠੇ ਹੋਏ) ਅਤੇ ਪਿਛਾਂਹ (ਖੱਬਿਓਂ) ਨਰਿੰਦਰ ਸਿੰਘ ਭੁੱਲਰ, ਕਰਮਜੀਤ ਸਿੰਘ, ਜਸਪ੍ਰੀਤ ਕੌਰ, ਹਰਵਿੰਦਰ ਸਿੰਘ ਆਹੂਜਾ ਅਤੇ ਮਨਦੀਪ ਸਿੰਘ।*

ਸ਼ੁਰੂਆਤੀ ਮੁਲਾਕਾਤਾਂ ਵਿਚ ਉਸ ਦੀ ਨੋਟਬੁਕ ਦੀ ਇਸ ਨੁਕਤੇ ਤੋਂ ਸੁਧਾਈ ਕਰਨ ਦਾ ਲਾਲਚ ਮੇਰੇ ਮਨ ਵਿਚ ਬਣਿਆ ਰਹਿੰਦਾ ਸੀ। ਚੰਗੀ ਗੱਲ ਇਹ ਬਣੀ ਕਿ ਅਮੋਲਕ ਦੀ ਕੁਝ ਨਵਾਂ ਜਾਨਣ ਅਤੇ ਸਿੱਖਣ ਦੀ ਉਤੇਜਨਾ ਮੇਰੇ ਅੰਦਰਲੇ ਟੀਚਰ ਤੋਂ ਵੀ ਜ਼ਿਆਦਾ ਤਿੱਖੀ ਸੀ; ਮਿਰਜ਼ਾ ਗਾਲਿਬ ਦੇ ਬਿਆਨ ਵਾਂਗ

'ਸੀਨਾ-ਏ-ਸ਼ਮਸ਼ੀਰ ਸੇ ਬਾਹਰ ਹੈ ਦਮ ਸ਼ਮਸ਼ੀਰ ਕਾ'

ਅਰਥਾਤ, ਹਮਲਾਵਰ ਹੋਣ ਲਈ ਤਿਆਰ ਤਲਵਾਰ ਦੇ ਮੁਕਾਬਲੇ ਵਿਚ ਤਲਵਾਰ ਦੀ ਧਾਰ ਉਸ ਨਾਲੋਂ ਵੀ ਅੱਗੇ ਨਿਕਲੀ ਹੁੰਦੀ ਹੈ। ਉਸ ਤੋਂ ਮਿਲਦਾ ਟੀਚਰ ਵਾਲਾ ਆਦਰ ਮੈਨੂੰ ਸੁਖਦ ਲਗਦਾ। ਛੇਤੀ ਹੀ ਉਹ ਵੀ ਉਡਾਰ ਹੋ ਗਿਆ ਅਤੇ ਸਿਖਣ-ਸਿਖਾਉਣ ਵਾਲੀ ਸਕੂਲੀ ਕਵਾਇਦ ਦੀ ਥਾਂ ਗੱਲਾਂ-ਬਾਤਾਂ ਅਤੇ ਵਿਚਾਰ-ਵਟਾਂਦਰੇ ਨੇ ਲੈ ਲਈ। ਹੁਣ ਸਾਡੇ ਵਿਚਕਾਰ ਦੋਸਤਾਨਾਂ ਤੰਦਾਂ ਨੂੰ ਸੰਘਣਾ ਕਰਨ ਲਈ ਕੁਝ ਹੋਰ ਅਨਸਰ ਵੀ ਆ ਜੁੜੇ ਸਨ। ਦੇਖਣ ਵਿਚ ਆਇਆ ਕਿ ਲੰਮੇ ਝੰਮੇ, ਗੋਰੇ ਸੁਨੱਖੇ ਅਮੋਲਕ ਦੇ ਦਿਲ ਵਿਚ ਉਸ ਦੀ ਜਮਾਤਣ ਜਸਪ੍ਰੀਤ ਆ ਵਸੀ ਸੀ। ਆਲੇ-ਦੁਆਲੇ ਵਾਲੇ ਸਾਰੇ ਹੈਰਾਨ ਸਨ ਕਿ ਦੇਖਣ ਨੂੰ ਸੁਸਤ ਅਤੇ ਡੋਬੂ ਜਿਹੀ ਆਵਾਜ਼ ਵਾਲੀ ਕੁੜੀ ਵਿਚ ਉਸ ਨੂੰ ਚੁੰਬਕੀ ਖਿੱਚ ਵਾਲੀ ਕਿਹੜੀ ਚੀਜ਼ ਲੱਭ ਪਈ ਸੀ। ਮੈਨੂੰ ਤਾਂ ਇਸ ਗੱਲ ਦੀ ਖੁਸ਼ੀ ਸੀ ਕਿ ਅਮੋਲਕ ਦੀ ਦੁਨੀਆ ਇਸ਼ਕ ਦੀ ਇਸ ਬਹਾਰ ਨਾਲ ਖਿੜ ਉਠੀ ਸੀ। ਇਸ਼ਕੀਆ ਉਮਾਹ ਅਤੇ ਜੋਸ਼ ਦਾ ਇਹ ਆਲਮ ਸੀ ਕਿ ਆਪਣੀ ਮੁਹੱਬਤ ਦੇ ਮੁਜੱਸਮੇ ਲਈ ਕੁਝ ਨਾ ਕੁਝ ਕਰਦੇ ਰਹਿਣਾ ਉਸ ਦੇ ਲਈ ਆਹਰ ਬਣ ਗਿਆ ਸੀ। ਉਦੋਂ ਮੈਂ ਵੀ ਕਿਸੇ ਐਸੀ ਤੜਫਾਹਟ ਦੀ ਕਸਕ ਹੰਢਾ ਰਿਹਾ ਸਾਂ। ਬੇਚੈਨੀ ਨਾਲ ਵਲੂੰਦਰੇ ਮੇਰੇ ਆਪਣੇ ਆਪ ਨੂੰ ਅਮੋਲਕ ਨਿੱਕੇ ਭਰਾ ਵਰਗਾ ਲਗਦਾ।

ਐਮ.ਏ. ਕੀਤਿਆਂ ਮੈਨੂੰ ਦੂਜਾ ਸਾਲ ਚੜ੍ਹਿਆ ਹੋਇਆ ਸੀ ਅਤੇ ਮੈਂ ਅੰਗਰੇਜ਼ੀ ਟ੍ਰਾਂਸਲੇਸ਼ਨ ਦਾ ਡਿਪਲੋਮਾ ਮੁਕੰਮਲ ਕਰ ਕੇ ਯੂਨੀਵਰਸਿਟੀ ਟਿਕੇ ਰਹਿਣ ਲਈ ਕਿਸੇ ਹੋਰ ਕੋਰਸ ਵਿਚ ਪੈਰ ਅੜਾਉਣ ਦਾ ਵਸੀਲਾ ਬਣਾ ਰਿਹਾ ਸੀ। ਜਸਪ੍ਰੀਤ ਦੇ ਸਹੇਲੀ ਦਾਇਰੇ ਵਿਚ

ਉਦੋਂ ਤੱਕ ਮੈਂ ਇਕ ਦੋ ਵਾਰ ਆਪਣੇ ਜਮਾਤੀ ਬਲਦੇਵ ਦੇ ਰਾਣੀਆਂ ਕਸਬੇ ਨੇੜਲੇ ਪਿੰਡ ਲਹਿਰੇ ਵਾਲੀ ਢਾਣੀ ਫੇਰਾ ਪਾ ਚੁੱਕਾ ਸੀ। ਅਮੋਲਕ ਦਾ ਪਿੰਡ ਵੀ ਉਧਰ ਹੀ ਥੋੜ੍ਹਾ ਹਟਵਾਂ ਰਾਹ ਵਿਚ ਹੀ ਪੈਂਦਾ ਸੀ। ਜਦੋਂ ਅਮੋਲਕ ਨਾਲ ਮੇਰਾ ਸਨੇਹੀ ਰਿਸ਼ਤਾ ਬਣ ਗਿਆ ਤਾਂ ਉਸ ਨੇ ਮੈਨੂੰ ਕਿਹਾ ਕਿ ਅਗਲੀ ਵਾਰ ਜਦੋਂ ਮੈਂ ਬਲਦੇਵ ਦੇ ਪਿੰਡ ਜਾਣਾ ਹੋਵੇ ਤਾਂ ਉਸ ਦੇ ਪਿੰਡ ਵੀ ਜ਼ਰੂਰ ਜਾਵਾਂ। ਉਸ ਦਾ ਪਿੰਡ ਕੁੱਤੇਵੱਢ ਸੀ ਜਿਸ ਦਾ ਨਾਂ ਸੁਣਦਿਆਂ ਮੇਰੇ ਪਿੰਡ ਦੇ ਮੋਹਣੇ ਦਾ ਹਾਸਾ ਨਹੀਂ ਸੀ ਰੁਕਦਾ। ਮੇਰੇ ਰਾਹੀਂ ਮੇਰੇ ਪਿੰਡ ਦਾ ਮੋਹਣਾ ਅਤੇ ਤੀੜੇ ਪਿੰਡ ਦਾ ਬੇਅੰਤ ਵੀ ਅਮੋਲਕ ਦੇ ਜਾਣੂਆਂ ਵਿਚ ਸ਼ੁਮਾਰ ਹੋ ਗਏ ਸਨ। ਬਲਦੇਵ ਉਸ ਦਾ ਗਰਾਈਂ ਹੋਣ ਦੇ ਬਾਵਜੂਦ ਉਸ ਨਾਲ ਭਿੱਜਦਾ ਨਹੀਂ ਸੀ, ਕਿਉਂਕਿ ਵੱਡੀ ਢੇਰੀ ਵਾਲਿਆਂ ਦਾ ਘੱਟ ਜ਼ਮੀਨ ਵਾਲਿਆਂ ਨਾਲ ਅਕਸਰ ਮੂੰਹ-ਘੁਟ ਰਿਸ਼ਤਾ ਹੀ ਹੁੰਦਾ ਹੈ। ਬਲਦੇਵ ਦੇ ਅਮੋਲਕ ਪ੍ਰਤੀ ਅਜਿਹੇ ਵਤੀਰੇ ਬਾਰੇ ਮੈਂ ਉਸ ਨੂੰ ਕਦੇ ਟੋਕਿਆ ਨਹੀਂ ਸੀ ਪਰ ਮੈਨੂੰ ਉਸ ਦਾ ਇਉਂ ਸੋਚਣਾ ਉਕਾ ਹੀ ਨਾਪਸੰਦ ਸੀ। ਮੇਰੇ ਇਲਾਕੇ ਦੇ ਜਿਹੜੇ ਜਾਣੂ ਮੁੰਡੇ ਮੇਰੇ ਕੋਲ ਆਉਂਦੇ ਜਾਂਦੇ ਸਨ, ਉਹਨਾਂ ਦਾ ਵੀ ਅਮੋਲਕ ਨਾਲ ਅਪਣੱਤ ਵਾਲਾ ਨੇੜਲਾ ਸੰਬੰਧ ਬਣ ਗਿਆ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਅਸੀਂ ਤਿੰਨੇ ਛੋਟੀ ਕਿਸਾਨੀ ਦੇ ਪਿਛੋਕੜ ਵਾਲੇ ਅਤੇ ਨੌਕਰਪੇਸ਼ਾ ਪਿਉਆਂ ਦੇ ਬੇਟੇ ਸਾਂ। ਬਿਨਾਂ ਝਿਜਕ ਅਮੋਲਕ ਕਈ ਵਾਰ ਇਕੱਲਿਆਂ ਹੀ ਚੰਡੀਗੜ੍ਹ ਤੋਂ ਸਾਡੇ ਪਿੰਡ ਪਹੁੰਚ ਜਾਂਦਾ ਸੀ। ਨੌਕਰੀ ਕਰਦੇ ਮੋਹਣੇ ਅਤੇ ਬੇਅੰਤ ਦੇ ਦਫਤਰਾਂ ਵਿਚ ਵੀ ਮੂਡ-ਬਦਲੀ ਲਈ ਗੇੜਾ ਮਾਰ ਲੈਂਦਾ ਸੀ।

ਮੇਰੇ ਤੋਂ ਉਮਰ ਵਿਚ ਇਹ ਸਾਰੇ ਜਣੇ ਹੀ ਛੋਟੇ ਸਨ। ਮੋਹਣਾ ਦੋ ਸਾਲ, ਅਮੋਲਕ ਰਤਾ ਹੋਰ ਅਤੇ ਬੇਅੰਤ ਤਾਂ ਕਈ ਸਾਲ ਥੱਲੇ ਸੀ। ਬੇਅੰਤ ਸਿੰਘ ਤੇਜ਼ ਤਰਾਰ ਅਤੇ ਕਾਹਲੇ ਮਿਜ਼ਾਜ ਦਾ ਸੀ ਪਰ ਆਪਣੇ ਕੰਮਕਾਰ ਵਿਚ ਬੇਹੱਦ ਨਿਪੁੰਨ। ਉਸ ਦੇ ਅਫਸਰ ਉਸ ਦੀ ਦਫਤਰੀ ਲਿਆਕਤ ਤੇ ਕਾਇਲ ਸਨ। ਅਮੋਲਕ ਨੇ ਉਸ ਦੀ ਅੱਲ 'ਝੱਲਾ' ਪਾਈ ਹੋਈ ਸੀ ਜੋ ਬੇਅੰਤ ਉਪਰ ਇੰਨੀ ਸਹੀ ਬੈਠਦੀ ਸੀ ਕਿ ਦੋਸਤਾਂ ਨੇ ਪਕਾ ਛੱਡੀ ਸੀ। ਮੈਂ ਦੋ ਵਾਲਾ ਰਿਸ਼ਤਾ ਬਣ ਗਿਆ ਸੀ। ਸਾਡੀ ਜੁੰਡਲੀ ਵਿਚ ਇਕ ਹੋਰ ਦਿਲਚਸਪ ਬੰਦਾ ਨਾਲ ਦੇ ਪਿੰਡ ਬਾਂਸੇਪੁਰ ਵਾਲਾ ਗੁਰਮੀਤ ਜੁੜ ਗਿਆ ਸੀ ਜਿਸ ਨੂੰ ਸਾਰੇ ਗੀਤੂ ਕਹਿੰਦੇ ਸਨ। ਪੰਜ ਭਰਾਵਾਂ ਵਾਲੇ ਜ਼ਿਮੀਦਾਰੇ ਪਰਿਵਾਰ ਵਿਚ ਉਹ ਸਭ ਤੋਂ ਛੋਟਾ ਸੀ। ਆਲੇ-ਦੁਆਲੇ ਦੇ ਤਿੰਨ ਚਾਰ ਪਿੰਡਾਂ ਵਿਚ ਪਹਿਲਾ ਟ੍ਰੈਕਟਰ ਉਹਨਾਂ ਦੇ ਘਰ ਆਇਆ ਸੀ ਅਤੇ ਮਾਂ ਬਾਪ ਦਾ ਛਿੰਦਾ ਪੁੱਤ ਗੀਤੂ ਹੀ ਇਸ ਨੂੰ ਭਜਾਈ ਫਿਰਦਾ ਰਹਿੰਦਾ ਸੀ। ਕਈ ਵਾਰ ਘਰਦਿਆਂ ਨੂੰ ਬਹਾਨਾ ਮਾਰ ਕੇ ਅਸੀਂ ਖਾਲੀ ਟ੍ਰੈਕਟਰ ਨਾਲ ਚੰਡੀਗੜ੍ਹ ਪਿੰਜੌਰ ਅਤੇ ਕਾਲਕਾ ਤੱਕ ਪਿਕਨਿਕ ਤੇ ਨਿਕਲ ਜਾਂਦੇ ਸਾਂ। ਹੁਣ ਚੌਥਾ ਜਣਾ ਅਮੋਲਕ ਵੀ ਸਾਡੇ ਨਾਲ ਰਲ ਗਿਆ ਸੀ। ਸਾਡੀਆਂ ਰਿਸ਼ਤੇਦਾਰੀਆਂ ਵਿਚ ਵੀ ਉਹ ਸਾਡੇ ਵਾਂਗ ਹੀ ਲਡਿਆਇਆ ਅਤੇ ਸਤਿਕਾਰਿਆ ਜਾਂਦਾ ਸੀ। ਸਾਡੇ ਵਿਚੋਂ ਕਿਸੇ ਇਕ ਦੀ ਰਿਸ਼ਤੇਦਾਰੀ ਵਿਚ ਵੀ ਦੂਰ ਦੁਰਾਡੇ ਵਿਆਹ ਹੋਣਾ ਤਾਂ ਅਮੋਲਕ ਵੀ ਸਾਡੇ ਨਾਲ ਹੀ ਬਰਾਤੇ ਚੜ੍ਹਦਾ ਸੀ। ਸਾਡੇ ਘਰਾਂ ਵਿਚ ਵੀ ਉਹ ਸਾਡੇ ਵਾਂਗ ਹੀ ਵਿਚਰਦਾ ਸੀ।

ਇਕ ਵਾਰੀ ਐਸੀ ਘਟਨਾ ਵਾਪਰੀ ਜੋ ਸਾਰੀ ਉਮਰ ਸਾਡੇ ਚੇਤਿਆਂ ਵਿਚੋਂ ਨਹੀਂ ਨਿਕਲਦੀ। ਅਮੋਲਕ ਮੇਰੇ ਪਿੰਡ ਸੰਗਾਲਾਂ ਆਇਆ ਹੋਇਆ ਸੀ ਜਿਹੜਾ ਹੁਣ ਨਿਊ ਚੰਡੀਗੜ੍ਹ ਦੀ ਭੇਟ ਚੜ੍ਹ ਗਿਆ ਹੈ ਅਤੇ ਯੂਨੀਵਰਸਿਟੀ ਤੋਂ ਮਸਾਂ ਦਸ ਕਿਲੋਮੀਟਰ ਦੂਰ ਹੈ। ਗੀਤੂ ਦੇ ਟ੍ਰੈਕਟਰ ਤੇ ਘੁੰਮਣ ਨਿਕਲਣ ਦਾ ਪ੍ਰੋਗਰਾਮ ਬਣ ਗਿਆ। ਪ੍ਰੋਗਰਾਮ ਕਾਹਦਾ ਹੁੰਦਾ ਸੀ; ਬੱਸ ਇਕ ਜਣੇ ਨੇ ਕਹਿ ਦੇਣਾ ਕਿ ਕਿਧਰੇ ਨਿਕਲੀਏ ਅਤੇ ਬਾਕੀਆਂ ਨੇ ਹਾਂ ਭਰ ਦੇਣੀ। ਉਜ਼ਰ ਕਰਨ ਦਾ ਸਵਾਲ ਤਾਂ ਕਦੇ ਪੈਦਾ ਹੀ ਨਹੀਂ ਸੀ ਹੋਇਆ। ਮੇਰੇ ਪਿੰਡ ਅਤੇ ਬਾਂਸੇਪੁਰ ਦਾ ਫਾਸਲਾ ਮਹਿਜ਼ 300 ਗਜ਼ ਤੋਂ ਵੱਧ ਨਹੀਂ ਹੋਣਾ। ਕੋਠੇ ਤੇ ਚੜ੍ਹ ਕੇ ਮਾਰੀ ਹਾਕ ਦੂਜੇ ਪਿੰਡ ਸੁਣ ਜਾਂਦੀ ਸੀ।

ਮੈਂ ਮੋਹਣਾ ਅਤੇ ਅਮੋਲਕ ਗੀਤੂ ਦੇ ਪਿੰਡ ਨੂੰ ਤੁਰ ਪਏ। ਅਜਿਹੇ ਮੌਕੇ ਘਰ ਦਿਆਂ ਵਲੋਂ ਸੰਭਾਲੇ ਕੰਮ ਨੂੰ ਵੀ ਅਸੀਂ ਵਿਚਾਲੇ ਹੀ ਛੱਡ ਦਿੰਦੇ ਸੀ ਅਤੇ ਬਹਾਨਾ ਮਾਰ ਕੇ ਖਿਸਕਣ ਦੀ ਕਰਦੇ ਸੀ; ਕਿਉਂਕਿ ਸਾਫ ਪਤਾ ਹੁੰਦਾ ਸੀ ਕਿ ਘਰਦਿਆਂ ਨੇ ਤਾਂ ਪੈਰ ਪੁੱਟਣ ਨਹੀਂ ਦੇਣਾ। ਪ੍ਰੋਗਰਾਮ ਬਣ ਚੁੱਕਾ ਸੀ। ਗੀਤੂ ਸਾਨੂੰ ਤਿੰਨਾਂ ਨੂੰ ਲੈਣ ਮੇਰੇ ਪਿੰਡ ਸੰਗਾਲਾਂ ਆ ਪਹੁੰਚਿਆ ਅਤੇ ਉਭੜਦੇ ਚਾਅ ਨਾਲ ਅਸੀਂ ਟ੍ਰੈਕਟਰ ਤੇ ਸਵਾਰ ਹੋ ਗਏ। ਇਕ ਪਾਸੇ ਜਿੱਥੇ ਮਡਗਾਰਡ ਉਤੇ ਫੱਟੀ ਜੜੀ ਹੋਈ ਸੀ, ਉਥੇ ਮੈਂ ਤੇ ਮੋਹਣਾ ਬੈਠ ਗਏ, ਦੂਜੀ ਤਰਫ ਸਾਫ ਪੱਧਰੇ ਮਡਗਾਰਡ ਉਤੇ ਅਮੋਲਕ ਬੈਠ ਗਿਆ। ਜਿਨ੍ਹਾਂ ਨੇ ਇਸ ਹਾਲਾਤ ਵਿਚ ਟ੍ਰੈਕਟਰ 'ਤੇ ਸਵਾਰੀ ਕੀਤੀ ਹੈ, ਉਹ ਜਾਣਦੇ ਹਨ ਕਿ ਖਬਰਦਾਰ ਹੋ ਕੇ ਬੈਠਣਾ ਪੈਂਦਾ ਹੈ ਕਿਉਂਕਿ ਕਿਸੇ ਪਾਸੇ ਹੱਥ ਪਾਉਣ ਅਤੇ ਫੜਨ ਸੰਭਲਣ ਦਾ ਕੋਈ ਖਾਸ ਹੀਲਾ ਨਹੀਂ ਹੁੰਦਾ। ਪਿੰਡੋਂ ਚੱਲ ਕੇ ਦੋਂਹ ਮਿੰਟਾਂ ਵਿਚ ਹੀ ਅਸੀਂ ਬਾਂਸੇਪੁਰ ਪਿੰਡ ਦੀ ਬਾਹਰਲੀ ਫਿਰਨੀ ਉਤੇ ਚੜ੍ਹ ਗਏ ਅਤੇ ਚੰਡੀਗੜ੍ਹ ਵੱਲ ਜਾਦੀ ਸੜਕ ਫੜਨ ਲਈ ਟ੍ਰੈਕਟਰ ਉਧਰ ਮੋੜ ਲਿਆ। ਅਜੇ ਪਿੰਡ ਦੇ ਨਾਲ ਨਾਲ ਸੌ ਗਜ਼ ਗਏ ਹੋਵਾਂਗੇ ਕਿ ਗੀਤੂ ਨੂੰ ਸਾਹਮਣਿਉ ਆਪਣੇ ਧਿਆਨ ਵਿਚ ਤੁਰਿਆ ਆਉਂਦਾ ਉਸ ਦਾ ਚਾਚਾ ਹਰੀ ਸਿੰਘ ਦਿਸ ਪਿਆ ਜੋ ਘਰ ਵੱਲ ਮੁੜਨ ਲੱਗਾ ਸੀ। ਚਾਚੇ ਤੋਂ ਮੌਕਾ ਬਚਾਉਣ ਖਾਤਰ ਉਸ ਨੇ ਇਕ ਦਮ ਟ੍ਰੈਕਟਰ ਨੂੰ ਬ੍ਰੇਕ ਮਾਰੀ ਤੇ ਝਟਕੇ ਨਾਲ ਅਮੋਲਕ ਧੜੰਮ ਕਰ ਕੇ ਟ੍ਰੈਕਟਰ ਦੇ ਵੱਡੇ ਪਹੀਏ ਮੂਹਰੇ ਡਿੱਗ ਪਿਆ।

'ਉਏ!' ਕਹਿੰਦਿਆਂ ਅਸੀਂ ਘਬਰਾ ਗਏ; ਘਬਰਾਹਟ ਇਕ ਪਾਸੇ, ਅਸੀਂ ਡਰ ਨਾਲ ਸੁੰਨ ਹੋ ਗਏ ਸੀ। ਇਕ ਗੀਤੂ ਸੀ ਜੋ ਨਾ ਡੋਲਿਆ ਨਾ ਘਬਰਾਇਆ। ਸ਼ੁਕਰ ਹੈ ਕਿ ਅਮੋਲਕ ਦਾ ਸਿਰ ਇੱਧਰ ਉਧਰ ਕਿਸੇ ਲੋਹੇ ਦੀ ਚੀਜ਼ ਨਾਲ ਨਹੀਂ ਟਕਰਾਇਆ। ਇਹ ਹਾਦਸਾ ਫਿਰਨੀ ਨਾਲ ਲਗਦੇ ਘਰਾਂ ਦੇ ਐਨ ਸਾਹਮਣੇ ਵਾਪਰਿਆ ਸੀ। ਇਕ ਦਮ ਕਈ ਜਣੇ ਇਧਰੋਂ ਉਧਰੋਂ ਭੱਜ ਕੇ ਆ ਗਏ ਅਤੇ ਮੇਰੇ ਅਤੇ ਮੋਹਣੇ ਦੇ ਹੇਠਾਂ ਉਤਰਨ ਤੋਂ ਪਹਿਲਾਂ ਹੀ ਅਮੋਲਕ ਨੂੰ ਉਠਾਲ ਕੇ ਖੜ੍ਹਾ ਕਰ ਲਿਆ। ਸਾਡਾ ਸਾਹ ਵਿਚ ਸਾਹ ਆਇਆ। ਮਾਮੂਲੀ ਜਿਹੀ ਝਰੀਟ ਤੋਂ ਸਿਵਾ - ਜੇ ਮੁਹਾਵਰਾ ਵਰਤੀਏ - ਉਸ ਦਾ ਵਾਲ ਵਿੰਗਾ ਨਹੀਂ ਸੀ ਹੋਇਆ। ਮੈਂ ਅਤੇ ਮੋਹਣਾ ਕਈ ਦਿਨ ਇਸ ਘਟਨਾ ਦੇ ਸਹਿਮ ਵਿਚੋਂ ਨਹੀਂ ਨਿਕਲੇ। ਪਤਾ ਨਹੀਂ, ਅਮੋਲਕ ਨੂੰ ਉਹ ਦਿਨ ਯਾਦ ਵੀ ਸੀ ਕਿ ਨਹੀਂ ਜਿਸ ਨੇ ਇਕ ਵਾਰੀ ਸਾਡੇ ਸਾਹ ਸੁਕਾ ਦਿੱਤੇ ਸੀ।

ਮੇਰੇ ਵਾਂਗ ਅਮੋਲਕ ਦਾ ਲੰਮੇ ਸਮੇਂ ਤੱਕ ਯੂਨੀਵਰਸਿਟੀ ਨਾਲ ਸਬੰਧ ਰਿਹਾ; ਮਤਲਬ ਅਸੀਂ ਸੱਤ ਅੱਠ ਸਾਲ ਕਿਸੇ ਨਾ ਕਿਸੇ ਜੁਗਤ ਜਾਂ ਬਹਾਨੇ ਨਾਲ ਯੂਨੀਵਰਸਿਟੀ ਦੇ ਹੋਸਟਲਾਂ ਵਿਚ ਰਹੇ। ਉਹਨਾਂ ਦਿਨਾਂ ਵਿਚ ਇਹੋ ਜਿਹਾ ਜੁਗਾੜ ਲਾਉਣਾ ਕੋਈ ਅਲਜਬਰੇ ਦਾ ਸਵਾਲ ਨਹੀਂ ਸੀ। ਲੋਕਲ ਕਾਲਜਾਂ ਵਿਚ ਪੜ੍ਹਦੇ ਮੁੰਡੇ ਕੁੜੀਆਂ ਆਪਣੇ ਯੂਨੀਵਰਸਿਟੀ ਪੜ੍ਹਾਈ ਕਰਦੇ ਭੈਣ ਭਰਾਵਾਂ ਨਾਲ ਹੋਸਟਲਾਂ ਵਿਚ ਚੁੱਪ ਕਰ ਕੇ ਟਿਕ ਜਾਂਦੇ ਸਨ। ਕਈ ਆਪਣੇ ਇਲਾਕੇ ਦੇ ਐਮ.ਏ. ਕਰਦੇ ਜਾਣੂ ਲਿਹਾਜ਼ੀਆਂ ਨਾਲ ਹੋਸਟਲਾਂ ਵਿਚ ਆਰਾਮ ਨਾਲ ਰਹਿ ਲੈਂਦੇ ਸਨ। ਕਈ ਲੋਕ ਡੇ-ਸਕੌਲਰਾਂ ਦੇ ਨਾਂ 'ਤੇ ਕਮਰੇ ਅਲਾਟ ਕਰਾ ਲੈਂਦੇ ਸਨ।

ਇਉਂ ਅਮੋਲਕ ਡੀ.ਏ.ਵੀ. ਕਾਲਜ ਤੋਂ ਬੀ.ਏ. ਅਤੇ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਤੋਂ ਐਮ.ਏ. ਕਰਨ ਮਗਰੋਂ ਵੀ ਹੋਸਟਲ ਵਿਚ ਹੀ ਟਿਕਿਆ ਰਿਹਾ। ਅੱਗੜ ਪਿੱਛੜ ਉਹ ਮੁਹੱਬਤ ਦੇ ਦੋ ਤੂਫਾਨਾਂ ਵਿਚ ਦੀ ਗੁਜ਼ਰਿਆ, ਦੋ ਪੁੜਾਂ ਵਿਚ ਪਿਸਿਆ। ਅਸੀਂ ਦੋਵੇਂ ਰਹਿੰਦੇ ਤਾਂ ਯੂਨੀਵਰਸਿਟੀ ਕੈਂਪਸ ਵਿਚ ਹੀ ਸੀ ਪਰ ਸਾਡੇ ਮੁਲਾਕਾਤੀਆਂ ਦਾ ਦਾਇਰਾ ਜ਼ਿਆਦਾਤਰ ਆਪਣਾ-ਆਪਣਾ ਸੀ। ਐਮ.ਏ. ਪੜ੍ਹਦਿਆਂ ਜਮਾਤੀ ਮੁੰਡੇ-ਕੁੜੀਆਂ ਨਾਲ ਬਣੇ ਰਿਸ਼ਤਿਆਂ ਵਿਚ ਉਹ ਪੂਰੀ ਤਰ੍ਹਾਂ ਖੁੱਭਿਆ ਹੋਇਆ ਸੀ। ਹੌਲੀ-ਹੌਲੀ ਚਿਰ ਬਾਅਦ ਮੈਨੂੰ ਪਤਾ ਲੱਗਾ ਕਿ ਅਮੋਲਕ ਦੀ ਜ਼ਿੰਦਗੀ ਵਿਚ ਦੋ ਮਾਮਲੇ ਇਕੱਠੇ ਹੀ ਚੱਲ ਰਹੇ ਸਨ; ਇਕ ਅੰਦਰ ਅਤੇ ਇਕ ਬਾਹਰ; ਜਾਂ ਇਉਂ ਕਹਿ ਲਵੋ ਕਿ ਬਾਹਰ ਵਾਲਾ ਮਾਮਲਾ ਅੰਦਰ ਜਾਣ ਦੇ ਵਲਵਲੇ ਨੂੰ ਲੈ ਕੇ ਉਡਿਆ ਫਿਰਦਾ ਸੀ ਅਤੇ ਅੰਦਰ ਵੱਸ ਚੁੱਕ ਮਾਮਲੇ ਲਈ ਬਾਹਰੀ ਪ੍ਰਗਟਾਵੇ ਦੀ ਕੋਈ ਸੂਰਤ ਨਹੀਂ ਸੀ। 'ਮਾਮਲੇ' ਤੋਂ ਮੇਰਾ ਭਾਵ ਮਿਰਜ਼ਾ ਗਾਲਿਬ ਦੇ ਸ਼ਿਅਰ ਵਾਲਾ ਹੀ ਹੈ:

ਖੁਲ੍ਹਤਾ ਕਯੋਂ ਕਿਸੀ ਪੇ ਮੇਰੇ ਦਿਲ ਕਾ ਮਆਮਲਾ,

ਸ਼ਿਅਰੋਂ ਕੇ ਇੰਤਖਾਬ ਨੇ ਰੁਸਵਾ ਕੀਆ ਮੁਝੇ।

ਨਿੱਕੀਆਂ ਨਿੱਕੀਆਂ ਗੱਲਾਂ ਸਨ ਜੋ ਅਮੋਲਕ ਨੂੰ ਜਸਪ੍ਰੀਤ ਲਈ ਕਰ ਕੇ ਖੁਸ਼ੀ ਹੁੰਦੀ ਸੀ। ਸਾਡਾ

***(ਬਾਕੀ ਅਗਲੇ ਸਫੇ 'ਤੇ)***

# ਆਪਣੇ ਅਮੋਲਕ ਦੀਆਂ ਗੱਲਾਂ...

(ਪਿਛਲੇ ਸਫੇ ਦੀ ਬਾਕੀ)

ਦੋਸਤ ਬੇਅੰਤ (ਝੱਲਾ) ਪੈਂਤੀ ਸੈਕਟਰ ਵਿਚ ਗ੍ਰਹਿ ਮੰਤਰਾਲੇ ਵਲੋਂ ਖੋਲ੍ਹੇ ਸੈਂਟਰਲ ਡਿਟੈਕਟਿਵ ਟ੍ਰੇਨਿੰਗ ਸਕੂਲ ਦੇ ਡਾਇਰੈਕਟਰ ਦਾ ਪੀ.ਏ. ਲੱਗਾ ਹੋਇਆ ਸੀ। ਮੈਂ ਅਤੇ ਅਮੋਲਕ ਉਸ ਕੋਲ ਅਕਸਰ ਚਲੇ ਜਾਂਦੇ। ਟਾਇਮ ਮਸ਼ੀਨ ਵਿਚ ਰੰਗੀਨ ਟੇਪ ਚੜ੍ਹਾ ਕੇ ਉਹ ਬੇਅੰਤ ਨੂੰ ਜਸਪ੍ਰੀਤ ਦੇ ਨਾਂ ਵਾਲੀਆਂ ਨਿੱਕੀਆਂ-ਨਿੱਕੀਆਂ ਸਲਿੱਪਾਂ ਅੰਗੇਰਜ਼ੀ ਵਿਚ ਟਾਇਪ ਕਰਨ ਲਈ ਆਖਦਾ। ਟਾਈਪ ਮਸ਼ੀਨ ਦੇ ਟਕ-ਟਕ ਕਰਦੇ ਸਟ੍ਰੋਕ ਜਦੋਂ ਜਸਪ੍ਰੀਤ ਕੌਰ ਬਾਜਵਾ ਲਿਖਦੇ ਤਾਂ ਉਸ ਦੇ ਕੰਨਾਂ ਵਿਚ ਕੋਈ ਸੰਗੀਤ ਘੋਲ ਦਿੰਦੇ। ਉਂਜ ਦੇਖਣ ਨੂੰ ਇਹ ਨਿਰਾ ਨਿਆਣਪੁਣਾ ਲਗਦਾ ਸੀ ਪਰ ਸੱਚੀ ਗੱਲ ਇਹ ਹੈ ਕਿ ਮਾਸ਼ੂਕ ਦੀ ਸੇਵਾ ਵਿਚ ਗੜੁੱਚ ਗੱਭਰੂ ਦੀਆਂ ਹਰਕਤਾਂ ਵਿਚ ਨਿਆਣਿਆਂ ਵਰਗੀ ਮਾਸੂਮੀਅਤ ਆ ਹੀ ਜਾਂਦੀ ਹੈ। ਇਨ੍ਹਾਂ ਸਲਿੱਪਾਂ ਨੂੰ ਪਿਆਰ ਨਾਲ ਜਸਪ੍ਰੀਤ ਕੋਲ ਪੁੱਜਦੀਆਂ ਕਰਨ ਨੂੰ ਤੁਸੀਂ ਕੀ ਕਹੋਗੇ!

ਉਦੋਂ ਤੱਕ ਮੈਂ ਐਮ.ਏ. ਸਮਾਪਤੀ ਉਪਰੰਤ ਅੰਗਰੇਜ਼ੀ ਟ੍ਰਾਂਸਲੇਸ਼ਨ ਦਾ ਡਿਪਲੋਮਾ ਡਾਕਟਰ ਹਰਦੇਵ ਸਿੰਘ ਸੱਚਰ ਦੀ ਨਿਗਰਾਨੀ ਵਿਚ ਕਰ ਚੁੱਕਾ ਸਾਂ। 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਦੇ ਮੁਢਲੇ ਸਾਲਾਂ ਵਿਚ ਅਮੋਲਕ ਨੇ ਪਰੂਫ ਰੀਡਿੰਗ ਅਤੇ ਟਰਾਂਸਲੇਸ਼ਨ ਦਾ ਕੰਮ ਕੀਤਾ। ਡਾ. ਸੱਚਰ ਸਾਹਿਬ ਤੋਂ ਟਰਾਂਸਲੇਸ਼ਨ ਦੀ ਸਮਝ ਅਤੇ ਸੋਝੀ ਦੇ ਸਬੰਧ ਵਿਚ ਸਿੱਖੇ ਨੁਕਤੇ ਵੀ ਮੈਂ ਅਮੋਲਕ ਨਾਲ ਸਾਂਝੇ ਕਰਦਾ। ਮੈਨੂੰ ਇਹ ਸੋਚ ਕੇ ਕਿਸੇ ਕਲਪਿਤ ਖੁਸ਼ੀ ਦਾ ਅਹਿਸਾਸ ਹੁੰਦਾ ਕਿ ਅਖਬਾਰ ਵਿਚ ਕੰਮ ਕਰਦਿਆਂ ਮੇਰੇ ਨਾਲ ਕਾਪੀ ਫੜ ਕੇ ਸਿੱਖੀਆਂ ਕਈ ਗੱਲਾਂ ਦਾ ਕੋਈ ਫਾਇਦਾ ਉਸ ਨੂੰ ਕਿਸੇ ਵੇਲੇ ਜ਼ਰੂਰ ਯਾਦ ਆਉਂਦਾ ਹੋਵੇਗਾ। ਮੈਂ ਸੁਣਦਾ ਰਹਿੰਦਾ ਸਾਂ ਕਿ ਉਸ ਨੇ ਉਦਮੀ ਮਿਹਨਤ ਨਾਲ ਅਖਬਾਰ ਦੇ ਕੰਮ-ਕਾਜੀ ਡੈਸਕ ਉਤੇ ਆਪਣੀ ਚੰਗੀ ਪੁਜ਼ੀਸ਼ਨ ਬਣਾ ਲਈ ਸੀ।

'ਪੰਜਾਬੀ ਟ੍ਰਿਬਿਊਨ' ਦੇ ਸ਼ੁਰੂਆਤੀ ਸਾਲਾਂ ਵਿਚ ਖੱਬੇ ਪੱਖੀ ਸੋਚ ਰੱਖਣ ਵਾਲਿਆਂ ਦਾ ਬੋਲਬਾਲਾ ਸੀ ਪਰ ਅਖਬਾਰ ਦੇ ਟਰੱਸਟ ਦੀਆਂ ਪਾਲਸੀਆਂ ਅਜਿਹੀਆਂ ਸਨ ਕਿ ਉਲਾਰ ਕਾਮਰੇਡਾਂ ਦੀ ਕਾਮਰੇਡੀ ਵੀ ਛਾਂਗੀ ਜਾਂਦੀ ਸੀ। ਇਹਨਾਂ ਵਿਚ ਇਕ ਅਮੋਲਕ ਦਾ ਚਹੇਤਾ ਦੋਸਤ ਨਰਿੰਦਰ ਭੁੱਲਰ ਸੀ। ਅਮੋਲਕ ਮੱਲੋ-ਮੱਲੀ ਆਪਣੀ ਡਿੱਗਦੀ ਸਿਹਤ ਦਾ ਖਿਆਲ ਕਰ ਕੇ ਨਰਿੰਦਰ ਨੂੰ 'ਪੰਜਾਬ ਟਾਈਮਜ਼' ਦੇ ਭਵਿੱਖ ਵਜੋਂ ਵੇਖਦਾ ਸੀ ਪਰ ਨਰਿੰਦਰ ਭੁੱਲਰ ਦੀ ਚਾਣਚੱਕ ਮੌਤ ਅਮੋਲਕ ਲਈ ਦੋਸਤ ਦੇ ਖੁੱਸ ਜਾਣ ਦੇ ਸਦਮੇ ਦੇ ਨਾਲ ਉਸ ਦੇ ਹੁਸੀਨ ਸੁਪਨੇ ਦਾ ਕਤਲ ਵੀ ਸੀ।

ਟ੍ਰਿਬਿਊਨ ਦੇ ਦਫਤਰ ਮੈਂ ਬਹੁਤਾ ਕਰ ਕੇ ਕਰਮਜੀਤ ਸਿੰਘ ਨੂੰ ਮਿਲਣ ਜਾਂਦਾ ਸੀ ਜੋ ਮੇਰੇ ਦੋਸਤ ਜਸਮੇਰ ਸਿੰਘ ਦੇ ਵੀ ਬਹੁਤ ਨੇੜੇ ਸੀ। ਅਮੋਲਕ ਨੂੰ ਤਾਂ ਯੂਨੀਵਰਸਿਟੀ ਹੀ ਮਿਲੀਦਾ ਸੀ। ਟ੍ਰਿਬਿਊਨ ਵਿਚ ਉਹ ਕਿਵੇਂ ਵਿਚਰਦਾ ਸੀ; ਇਸ ਬਾਰੇ ਤਾਂ ਉਸ ਦੇ ਪਿਆਰੇ ਜਾਣੂ ਗੁਰਦਿਆਲ ਬੱਲ ਅਤੇ ਕਰਮਜੀਤ ਹੀ ਜਾਣਦੇ ਹੋਣਗੇ। ਵੇਲੇ ਨਾਲ ਜਦੋਂ ਯੂਨੀਵਰਸਿਟੀ ਦੇ ਗਲਿਆਰਿਆਂ ਅਤੇ ਪਗਡੰਡੀਆਂ ਤੋਂ ਦਿਲਾਂ ਨੂੰ ਧੜਕਾਉਣ ਵਾਲੇ ਚਿਹਰੇ ਘਰਾਂ ਨੂੰ ਤੁਰ ਗਏ ਤਾਂ ਸਾਡਾ ਮਿਲਣਾ ਵੀ ਕਦੇ ਕਦਾਈਂ ਅਤੇ ਟਾਵਾਂ-ਟਾਵਾਂ ਹੋ ਗਿਆ ਸੀ।

ਪਹਿਲੀ ਵਾਰ ਮੈਂ 2008 ਵਿਚ ਅਮਰੀਕਾ ਗਿਆ। ਦੋ ਹੀ ਮਕਸਦ ਮਨ ਵਿਚ ਧਾਰ ਕੇ ਮੈਂ ਅਮਰੀਕਾ ਫੇਰੀ ਦਾ ਪ੍ਰੋਗਰਾਮ ਬਣਾਇਆ। ਅਮੋਲਕ ਨੂੰ ਮਿਲਣਾ ਪਹਿਲਾ ਸੀ, ਕਿਉਂਕਿ ਉਸ ਦੀ ਦਗਾ ਦੇ ਰਹੀ ਤਬੀਅਤ ਦੀ ਖਬਰ ਮੈਨੂੰ ਲਗਾਤਾਰ ਮਿਲਦੀ ਰਹਿੰਦੀ ਸੀ। ਇਸ ਖਿਆਲ ਨਾਲ ਮਨ ਉਸ ਨੂੰ ਦੇਖਣ ਅਤੇ ਮਿਲਣ ਲਈ ਇਹ ਸੋਚ ਕੇ ਕਾਹਲਾ ਸੀ ਕਿ 'ਚੜ੍ਹੇ ਸੂਰਜਾਂ ਨੇ ਸਦਾ ਚੜ੍ਹੇ ਹੀ ਥੋੜ੍ਹੀ ਰਹਿਣਾ ਹੈ!'

ਸੈਕਰਾਮੈਂਟੋ ਤੋਂ ਮੇਰੇ ਵਿਦਿਆਰਥੀ ਰਹੇ ਜਸਵੀਰ ਸਿੰਘ ਥਾਂਦੀ ਨੇ ਮੈਨੂੰ ਅਮੋਲਕ ਦੇ ਸ਼ਹਿਰ ਸ਼ਿਕਾਗੋ ਪੁਚਾਉਣ ਦਾ ਬੰਦੋਬਸਤ ਕਰ ਦਿੱਤਾ ਸੀ। ਪਹੁੰਚ ਕੇ ਦੇਖਿਆ ਤਾਂ ਉਸ ਦੀ ਸਿਹਤ ਕੰਮਕਾਰ ਦੇ ਪੱਖੋਂ ਪੂਰੀ ਕਾਇਮ ਸੀ। ਹਿੰਮਤ ਨਾਲ ਥੋੜ੍ਹਾ ਜ਼ੋਰ ਮਾਰ ਕੇ ਉਠ ਬੈਠ ਅਤੇ ਤੁਰ ਫਿਰ ਵੀ ਲੈਂਦਾ ਸੀ। ਉਸ ਦੀ ਸੰਭਾਲ ਅਤੇ ਸੇਵਾ ਲਈ ਅਮਰੀਕੀ ਸਰਕਾਰ ਨੇ ਇਕ ਤਕੜੇ ਜੁੱਸੇ ਵਾਲਾ ਮੈਡੀਕਲ ਕਾਮਾ ਡਿਊਟੀ ਹਾਜ਼ਰ ਕੀਤਾ ਹੋਇਆ ਸੀ। ਉਹ ਦੋ ਘੰਟੇ ਲਈ ਦਿਨ ਚੜ੍ਹੇ ਆਉਂਦਾ ਸੀ; ਮਾਲਸ਼ ਕਰਦਾ ਤੇ ਨਹਾਉਂਦਾ ਧੁਆਉਂਦਾ ਸੀ ਤੇ ਅਮੋਲਕ ਨੂੰ ਫੁੱਲਾਂ ਵਰਗਾ ਕਰ ਦਿੰਦਾ ਸੀ। ਹੱਸਦਾ, ਚਹਿਕਦਾ ਤੇ ਟਹਿਕਦਾ ਅਮੋਲਕ ਪੂਰਾ ਦਿਨ ਭਰ ਅਤੇ ਰਾਤ ਤੱਕ ਕੰਮ ਕਰਨ ਦੇ ਜੋਸ਼ ਨਾਲ ਭਰ ਜਾਂਦਾ ਸੀ।

ਵਿਚ ਵਿਚਾਲੇ ਗੱਲਾਂ ਕਰਨ ਲਈ ਸਾਨੂੰ ਰੱਜ ਕੇ ਟਾਈਮ ਮਿਲ ਜਾਂਦਾ ਸੀ। ਉਪਰਲੀ ਮੰਜ਼ਿਲ 'ਤੇ ਮੈਨੂੰ ਅਲੱਗ ਕਮਰਾ ਦਿੱਤਾ ਹੋਇਆ ਸੀ ਜਿੱਥੇ ਕਈ ਕਿਤਾਬਾਂ ਵੀ ਇੱਧਰ ਉਧਰ ਪਈਆਂ ਹੋਈਆਂ ਸਨ। ਟਾਲਸਟਾਏ ਦੇ ਜੀਵਨ ਬਾਰੇ ਇੰਦਰ ਸਿੰਘ ਖਾਮੋਸ਼ ਦੀ ਲਿਖੀ ਕਿਤਾਬ ਮੈਂ ਉਥੇ ਹੀ ਪੜ੍ਹੀ। ਦਿਨ ਵਿਚ ਤਿੰਨ ਚਾਰ ਵਾਰ ਜਦੋਂ ਮੇਰੇ ਅੰਦਰੋਂ ਆਵਾਜ਼ ਆਉਂਦੀ ਤਾਂ ਮੈਂ ਅਮੋਲਕ ਨੂੰ ਮਿਲਣ ਲਈ ਥੱਲੇ ਆ ਜਾਂਦਾ ਸਾਂ। ਬਹੁਤ ਵਾਰ ਅਜਿਹਾ ਹੁੰਦਾ ਕਿ ਮੇਰੇ ਪਹੁੰਚਣ 'ਤੇ ਉਹ ਆਪਣੀ ਚੇਅਰ ਵਿਚ ਇਸ ਤਰ੍ਹਾਂ ਬੈਠਾ ਹੁੰਦਾ, ਜਿਵੇਂ ਮੈਨੂੰ ਹੀ ਉਡੀਕ ਰਿਹਾ ਹੋਵੇ। ਪੌੜੀਆਂ ਉਤਰ ਕੇ ਉਸ ਦੇ ਕਮਰੇ ਵਿਚ ਪੈਰ ਰੱਖਦਿਆਂ ਹੀ ਉਹ ਮੁਸਕਰਾ ਕੇ ਮੇਰਾ ਸਵਾਗਤ ਕਰਦਾ ਅਤੇ ਅਕਸਰ ਕਹਿ ਵੀ ਦਿੰਦਾ ਕਿ ਉਹ ਮੈਨੂੰ ਹੀ ਉਡੀਕ ਰਿਹਾ ਸੀ। ਮੇਰੇ ਉਥੇ ਰਹਿੰਦਿਆਂ ਮੇਰੇ ਨਾਲ ਗੱਲਾਂ ਕਰਨ ਦਾ ਉਸ ਨੂੰ ਲਾਲਚ ਜਿਹਾ ਹੋ ਗਿਆ ਸੀ। ਯੂਨੀਵਰਸਿਟੀ ਦੀਆਂ ਯਾਦਾਂ ਨੂੰ ਉਹ ਸਮੇਟ-ਘੋਲ ਕੇ ਪੀ ਜਾਣਾ ਚਾਹੁੰਦਾ ਸੀ। ਉਹ ਕਦੇ ਕਦੇ ਮੇਰੀਆਂ ਅੱਖਾਂ ਵਿਚ ਸਿੱਧਾ ਝਾਕਦਾ ਹੋਇਆ ਗੰਭੀਰ ਚੁੱਪ ਸਾਧ ਲੈਂਦਾ। ਉਹ ਮੇਰੇ ਤੋਂ ਮੇਰੀ ਵਿਥਿਆ ਵੀ ਸੁਣਨਾ ਚਾਹੁੰਦਾ ਸੀ, ਕਿਉਂਕਿ ਸਾਡੀ ਦੋਹਾਂ ਦੀ ਜੀਵਨ ਗਾਥਾ ਦੇ ਤਾਣੇ ਬਾਣੇ ਦੀਆਂ ਕਈ ਤੰਦਾਂ ਸਾਂਝੀਆਂ ਸਨ।

ਉਸ ਨਾਲ ਕਰਨ ਵਾਲੀ ਇਕ ਗੱਲ ਇਸ ਕਦਰ ਮੇਰੇ ਅੰਦਰ ਅਟਕੀ ਹੋਈ ਸੀ ਜਿਸ ਨੂੰ ਜ਼ਬਾਨ ਤੇ ਲਿਆਉਣ ਸਾਰ ਮੇਰੇ ਸਾਹ-ਸੱਤ ਜਵਾਬ ਦੇਣ ਲੱਗਦੇ। ਅਜਿਹੀ ਮਾਨਸਿਕ ਹਾਲਤ ਵਿਚ ਅਮੋਲਕ ਨਾਲ ਕਰੀਦੀਆਂ ਹੋਰ ਗੱਲਾਂ ਵੀ ਕਈ ਵਾਰ ਫਿਕੀਆਂ ਤੇ ਰਸਮੀ ਬਣ ਜਾਂਦੀਆਂ ਸਨ। ਮੇਰੇ ਮਾਨਸਿਕ ਲਗਾਮ ਦੀ ਠੱਲ੍ਹੀ ਹੋਈ ਇਹ ਗੱਲ ਹੀ ਦਰਅਸਲ ਅਮਰੀਕਾ ਦੀ ਯਾਤਰਾ ਕਰਨ ਦਾ ਦੂਜਾ ਮਕਸਦ ਸੀ।

ਅਮੋਲਕ ਕੋਲ ਮੇਰਾ ਪੰਜ ਦਿਨ ਰੁਕਣ ਦਾ ਪ੍ਰੋਗਰਾਮ ਸੀ। ਚੌਥਾ ਦਿਨ ਚੜ੍ਹ ਗਿਆ ਸੀ ਅਤੇ ਗੱਲ ਕਰਨ ਦੀ ਬੇਚੈਨੀ ਅੰਦਰੋਂ ਅੰਦਰ ਕੁਤਰ ਰਹੀ ਸੀ। ਉਸ ਦਿਨ ਦੀ ਸ਼ਾਮ ਅਮੋਲਕ ਬਿਲਕੁਲ ਵਿਹਲਾ ਸੀ। ਉਸ ਦੇ ਅਖਬਾਰ 'ਪੰਜਾਬ ਟਾਈਮਜ਼' ਦਾ ਮੈਟਰ ਛਪਣ ਲਈ ਜਾ ਚੁੱਕਾ ਸੀ। ਉਸ ਦਿਨ ਉਸ ਨੇ ਮੈਨੂੰ ਸਿੱਧਾ ਹੀ ਪੁੱਛ ਲਿਆ ਕਿ 'ਉਹ' ਨ੍ਹੀਂ ਕਦੇ ਮਿਲੀ? ਇਹ ਸਤਰ ਲਿਖਦਿਆਂ ਹੁਣ ਵੀ ਮੇਰਾ ਲੰਮਾ ਸਾਹ ਨਿਕਲਿਆ ਹੈ। ਅਮੋਲਕ ਦੇ ਚਿਹਰੇ ਤੋਂ ਮੇਰੀਆਂ ਅੱਖਾਂ ਨਿਗ੍ਹਾ ਚੁਰਾ ਕੇ ਕਮਰੇ ਦੀ ਕੰਧ ਉਤੇ ਟਿਕ ਗਈਆਂ ਸਨ। ਮੇਰੀ ਪਰੇਸ਼ਾਨੀ ਨੂੰ ਤਾੜਦਿਆਂ ਉਸ ਨੇ ਆਪ ਹੀ ਫੇਰ ਸਵਾਲੀਆ ਲਹਿਜੇ ਵਿਚ ਕਿਹਾ: 'ਮਿਲਾ ਦੇਈਏ ਫੇਰ'? ਮੈਂ ਉਸ ਵੱਲ ਬੇਵਸੀ ਭਰੀ ਚੁੱਪ ਨਾਲ ਦੇਖ ਰਿਹਾ ਸੀ। ਤੇ ਜਿਵੇਂ ਉਸ ਨੇ ਮੇਰੀਆਂ ਅੱਖਾਂ ਵਿਚਲੀ ਆਰਜ਼ੂ ਅਤੇ ਅਰਜ਼ੋਈ ਨੂੰ ਪੜ੍ਹ ਲਿਆ ਸੀ। ਚੁਪੀਤੇ ਮੈਨੂੰ 'ਉਸ ਦਾ' ਨੰਬਰ ਕਾਗਜ਼ ਉਪਰ ਲਿਖ ਕੇ ਫੜਾ ਦਿੱਤਾ, 'ਸੱਤ ਕੁ ਵਜੇ ਕਾਲ ਕਰੀਂ'। ਹੌਲੀ ਜਿਹੀ ਨਾਲ ਲਗਦੀ ਇਹ ਗੱਲ ਮੇਰੇ ਕੰਨੀਂ ਪਾ ਦਿੱਤੀ। ਅੱਗੇ ਮੈਂ ਕੁਝ ਨਾ ਪੁਛਿਆ; ਕੁਝ ਨਾ ਬੋਲਿਆ। ਸ਼ਾਮ ਦਾ ਹਨੇਰਾ ਪਸਰਨ ਦੇ ਨਾਲ ਹੀ ਘੜੀ ਦੀਆਂ ਸੂਈਆਂ ਦੀ ਟਕ-ਟਕ ਅਤੇ ਮੇਰੇ ਅੰਦਰਲੀ ਧਕ-ਧਕ ਇੱਕਠੀਆਂ ਸੱਤ ਵਜੇ ਵੱਲ ਨੂੰ ਕਦਮ ਪੁੱਟ ਰਹੀਆਂ ਸਨ। ਪੂਰੇ ਤੀਹ ਸਾਲ ਹਮਕਲਾਮ ਨਾ ਹੋ ਸਕਣ ਦੀ ਬੇਵਸੀ ਦਾ ਬੰਨ੍ਹ ਧੁਰ ਕੰਢਿਆ ਤੱਕ ਭਰਿਆ ਹੋਇਆ ਸੀ। ਮਨ ਦਾ ਧੁੜਕੂ ਅਤੇ ਗੱਲ ਕਰਨ ਦੀ ਤਮੰਨਾ ਦੇ ਇਕ ਦੂਜੇ ਤੋਂ ਮੂਹਰੇ ਹੋਣ ਲਈ ਮੋਢੇ ਭਿੜ ਰਹੇ ਸਨ। ਧੁੜਕੂ ਇਹ ਕਿ ਉਸ ਦੇ ਬੋਲਣ ਤੇ ਮੈਂ ਕੀ ਗੱਲ ਅਤੇ ਕਿਵੇਂ ਕਰਾਂਗਾ।

ਧੜਕਦੇ ਦਿਲ ਨਾਲ ਸੱਤ ਵਜੇ ਨੰਬਰ ਡਾਇਲ ਕਰ ਦਿੱਤਾ। ਓਪਰਾ ਨੰਬਰ ਦੇਖਦਿਆਂ ਉਸ ਨੇ ਧੀਮੀ ਆਵਾਜ਼ ਵਿਚ ਬੇਹੱਦ ਸੰਖੇਪ 'ਹੈਲੋ' ਕਿਹਾ। ਆਪਣੀ ਪਛਾਣ ਦੱਸਦਿਆਂ ਹੀ ਜਿਸ ਭਰੋਸੇ ਨਾਲ ਉਸ ਦਾ ਹੁੰਗਾਰਾ ਸੁਣਿਆ; ਉਸ ਦੀ ਅਪਣੱਤ ਭਰੀ ਗੱਲਬਾਤ ਨੇ ਦਹਾਕਿਆਂ ਦੀ ਦੂਰੀ ਨੂੰ ਘੜੀ ਪਲਾਂ ਵਿਚ ਹਵਾ ਕਰ ਦਿੱਤਾ। ਬੀਤੇ ਦੀਆਂ ਯਾਦਾਂ ਮੇਰੀ ਰਹਿੰਦੀ ਅਉਧ ਦੇ ਪਲ-ਪਲ ਵਿਚ ਕਦੇ ਨਾ ਮੁਕਣ ਵਾਲੀ ਮਹਿਕਦੀ ਸੁਗੰਧ ਬਣ ਕੇ ਫੈਲ ਗਈਆਂ ਸਨ।

ਹਾਂਲਾਕਿ ਮੈਂ ਅਮੋਲਕ ਨੂੰ ਕਦੇ ਇਹ ਸਵਾਲ ਨਹੀਂ ਕੀਤਾ ਪਰ ਮੈਂ ਕਹਿ ਸਕਦਾ ਹਾਂ ਕਿ ਅਮਰੀਕਾ ਜਾਣ ਅਤੇ ਉਥੇ ਜਾ ਕੇ ਵਸ ਜਾਣ ਬਾਰੇ ਉਸ ਨੇ ਕਦੀ ਸੋਚਿਆ ਵੀ ਨਹੀ ਸੀ ਪਰ ਜ਼ਿੰਦਗੀ ਦੇ ਹਾਲਾਤ ਤਾਂ ਕੁਝ ਮੁਮਕਿਨ ਬਣਾ ਸਕਦੇ ਹਨ। ਉਸ ਦੇ ਅਮਰੀਕਾ ਜਾਣਾ ਬਾਅਦ ਮਿਲਣ-ਗਿਲਣ ਤੋਂ ਇਲਾਵਾ ਗਲਬਾਤ ਦਾ ਸਿਲਸਿਲਾ ਵੀ ਟੁੱਟ ਗਿਆ ਸੀ। ਅਸੀਂ ਦੋਵੇਂ ਆਪਣੀ ਦੁਨੀਆ ਵਿਚ ਇਸ ਕਦਰ ਮਸਰੂਫ ਹੋ ਗਏ ਸੀ ਕਿ ਉਸ ਦੀ ਖਬਰਸਾਰ ਮੈਨੂੰ ਉਸ ਦੇ ਟ੍ਰਿਬਿਊਨ ਵਿਚ ਰਹਿ ਚੁਕੇ ਸਾਥੀਆਂ ਤੋਂ ਹੀ ਮਿਲਦੀ ਸੀ। ਹੁਣ ਇਹ ਸਿਲਸਿਲਾ ਵੀ ਟੁੱਟ ਗਿਆ ਹੈ।

# ਇੰਡੀਅਨਐਪੋਲਿਸ ਵਿਚ ਕੋਰੀਅਰ ਕੰਪਨੀ 'ਚ ਗੋਲੀਬਾਰੀ; 8 ਮੌਤਾਂ, ਮ੍ਰਿਤਕਾਂ ਵਿਚੋਂ 4 ਪੰਜਾਬੀ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਇੰਡੀਅਨਐਪੋਲਿਸ ਵਿਚ ਇਕ 'ਫੈਡਐਕਸ' ਕੇਂਦਰ 'ਤੇ ਬੰਦੂਕਧਾਰੀ ਵੱਲੋਂ ਕੀਤੀ ਗੋਲੀਬਾਰੀ 'ਚ 4 ਸਿੱਖਾਂ ਸਣੇ 8 ਵਿਅਕਤੀ ਮਾਰੇ ਗਏ। 19 ਸਾਲਾ ਬੰਦੂਕਧਾਰੀ ਬਰੈਂਡਨ ਸਕੌਟ ਹੋਲ ਜੋ ਇੰਡੀਆਨਾ ਦਾ ਹੀ ਰਹਿਣ ਵਾਲਾ ਸੀ, ਨੇ ਹਮਲੇ ਮਗਰੋਂ ਖੁਦ ਨੂੰ ਵੀ ਗੋਲੀ ਮਾਰ ਲਈ ਸੀ।




ਮ੍ਰਿਤਕ ਬੰਦੂਕਧਾਰੀ ਪਹਿਲਾਂ ਇੰਡੀਅਨਐਪੋਲਿਸ ਕੇਂਦਰ ਵਿਚ ਹੀ ਕੰਮ ਕਰਦਾ ਰਿਹਾ ਹੈ।

'ਫੈਡਐਕਸ' ਦੇ ਇਸ ਡਿਲੀਵਰੀ ਕੇਂਦਰ ਵਿਚ ਤਕਰੀਬਨ 90 ਪ੍ਰਤੀਸ਼ਤ ਵਰਕਰ ਭਾਰਤੀ-ਅਮਰੀਕੀ ਹਨ ਤੇ ਜ਼ਿਆਦਾਤਰ ਸਿੱਖ ਭਾਈਚਾਰੇ ਨਾਲ ਸਬੰਧਤ ਹਨ। ਮਰਨ ਵਾਲੇ ਭਾਰਤੀਆਂ ਦੀ ਸ਼ਨਾਖ਼ਤ ਅਮਰਜੀਤ ਜੌਹਲ (66), ਜਸਵਿੰਦਰ ਕੌਰ (64), ਅਮਰਜੀਤ ਸੇਖੋਂ (48) ਤੇ ਜਸਵਿੰਦਰ ਸਿੰਘ (68) ਵਜੋਂ ਹੋਈ ਹੈ। ਮ੍ਰਿਤਕ ਭਾਰਤੀ-ਅਮਰੀਕੀਆਂ ਵਿਚ ਤਿੰਨ ਔਰਤਾਂ ਹਨ। ਇਕ ਹੋਰ ਸਿੱਖ ਹਰਪ੍ਰੀਤ ਸਿੰਘ ਗਿੱਲ (45) ਦੇ ਅੱਖ ਕੋਲ ਗੋਲੀ ਵੱਜੀ ਹੈ ਤੇ ਉਹ ਹਸਪਤਾਲ ਦਾਖਲ ਹੈ। ਇੰਡੀਆਨਾ ਵਿਚ ਸਿੱਖ ਭਾਈਚਾਰੇ ਦੇ ਕਰੀਬ ਦਸ ਹਜ਼ਾਰ ਮੈਂਬਰ ਰਹਿੰਦੇ ਹਨ। ਦੂਜੇ ਮ੍ਰਿਤਕਾਂ ਵਿਚ ਮੈਥਿਊ ਅਲੈਗਜੈਂਡਰ (32), ਸਮਾਰੀਆ ਬਲੈਕਵੈੱਲ (19), ਕਾਰਲੀ ਸਮਿਥ (19) ਅਤੇ ਜੌਹਨ ਵੀਜ਼ਰਟ (74) ਸ਼ਾਮਿਲ ਹਨ।

ਪੀੜਤ ਪਰਿਵਾਰਾਂ ਨੇ ਦੋਸ਼ ਲਗਾਇਆ ਹੈ ਕਿ ਇਹ ਨਸਲਵਾਦੀ ਨਫਰਤ ਕਾਰਨ ਕੀਤਾ ਗਿਆ ਕਾਰਾ ਸੀ। ਬਰੈਂਡਨ ਹੋਲ ਨੂੰ ਫਰਵਰੀ 2020 ਵਿਚ ਕੰਪਨੀ ਤੋਂ ਕੱਢ ਦਿੱਤਾ ਗਿਆ ਸੀ ਅਤੇ ਮਾਰਚ 2020 ਵਿਚ ਉਸ ਦੀ ਮਾਂ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਦਾ ਪੁੱਤਰ ਖੁਦਕੁਸ਼ੀ ਕਰ ਸਕਦਾ ਹੈ। ਇੰਡੀਅਨਐਪੋਲਿਸ ਦੀ ਸਿੱਖ ਕੁਲੀਸ਼ਨ ਨੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਖਤ ਲਿਖ ਕੇ ਇਹ ਮੰਗ ਕੀਤੀ ਹੈ ਕਿ ਉਹ ਇੰਡੀਅਨਐਪੋਲਿਸ ਆਵੇ ਅਤੇ ਉਹ ਵਿਅਕਤੀ ਜਿਹੜੇ ਪਹਿਲਾਂ ਨਸਲਵਾਦੀ ਹਿੰਸਾ ਜਾਂ ਨਫਰਤ ਫੈਲਾਉਣ ਲਈ ਗ੍ਰਿਫਤਾਰ ਕੀਤੇ ਜਾ ਚੁੱਕੇ ਹੋਣ, ਨੂੰ ਹਥਿਆਰ ਵੇਚਣ ਦੀ ਪਾਬੰਦੀ ਲਗਾਉਣ ਵਾਲਾ ਕਾਨੂੰਨ ਬਣਾਇਆ ਜਾਵੇ।

ਅਮਰੀਕਾ ਦੇ ਗੋਰੇ ਲੋਕਾਂ ਵਿਚ ਨਸਲਵਾਦੀ ਵਿਤਕਰੇ ਦੀ ਭਾਵਨਾ ਪਿਛਲੇ ਕੁਝ ਸਾਲਾਂ ਵਿਚ ਤੇਜੀ ਨਾਲ ਵਧੀ ਹੈ ਤੇ ਡੋਨਲਡ ਟਰੰਪ ਵਰਗੇ ਨਸਲਵਾਦੀ ਆਗੂਆਂ ਨੇ ਅਜਿਹੀ ਨਫਰਤ ਵਧਾਉਣ ਵਿਚ ਹਿੱਸਾ ਪਾਉਂਦਿਆਂ ਇਸ ਤੋਂ ਸਿਆਸੀ ਲਾਹਾ ਲਿਆ ਹੈ। ਅਮਰੀਕਾ ਦੇ ਕਈ ਉਘੇ ਕਾਂਗਰਸ ਮੈਂਬਰਾਂ ਤੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਫੈਡਐਕਸ ਹਮਲੇ ਦੀ ਨਫਰਤੀ ਅਪਰਾਧ ਦੇ ਪੱਖ ਤੋਂ ਜਾਂਚ ਮੰਗੀ ਹੈ। ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਮੰਗ ਕੀਤੀ ਕਿ ਇਸ ਘਟਨਾ ਦੀ ਜਾਂਚ ਸੰਭਾਵੀ ਸਿੱਖ ਵਿਰੋਧੀ ਹਮਲੇ ਦੇ ਪੱਖ ਤੋਂ ਕੀਤੀ ਜਾਣੀ ਚਾਹੀਦੀ ਹੈ ਤੇ ਹਮਲਾਵਰ ਦੇ ਇਰਾਦਿਆਂ ਬਾਰੇ ਸਪੱਸ਼ਟ ਪਤਾ ਲੱਗਣਾ ਚਾਹੀਦਾ ਹੈ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਇੰਡੀਅਨਐਪੋਲਿਸ ਤੇ ਪੂਰਾ ਅਮਰੀਕਾ ਇਸ ਘਟਨਾ 'ਤੇ ਸਿੱਖ ਭਾਈਚਾਰੇ ਨਾਲ ਦੁੱਖ ਜ਼ਾਹਿਰ ਕਰ ਰਿਹਾ ਹੈ। ਇੰਡੀਅਨਐਪੋਲਿਸ ਦੇ ਅੱਠ ਗੁਰਦੁਆਰਿਆਂ ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਹਾਲੇ ਤੱਕ ਹਮਲਾਵਰ ਦੇ ਇਰਾਦੇ ਦਾ ਪਤਾ ਨਹੀਂ ਲੱਗ ਸਕਿਆ ਹੈ, ਸ਼ਾਇਦ ਪੱਕੇ ਤੌਰ 'ਤੇ ਪਤਾ ਨਾ ਵੀ ਲੱਗੇ ਪਰ ਇਕ ਗੱਲ ਸਭ ਨੂੰ ਪਤਾ ਹੈ ਕਿ ਇਹ ਫੈੱਡਐਕਸ ਕੇਂਦਰ, ਜਿਸ ਨੂੰ ਹਮਲਾਵਰ ਨੇ ਨਿਸ਼ਾਨਾ ਬਣਾਇਆ, ਵੱਡੀ ਗਿਣਤੀ ਲੋਕਾਂ ਨੂੰ ਕੰਮ ਦੇਣ ਲਈ ਜਾਣਿਆ ਜਾਂਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਭਾਈਚਾਰਾ ਆਸ ਕਰਦਾ ਹੈ ਕਿ ਇਸ ਘਟਨਾ ਦੀ ਪੂਰੀ ਜਾਂਚ ਹੋਵੇਗੀ ਤੇ ਜੋ ਵੀ ਨਿਕਲ ਕੇ ਸਾਹਮਣੇ ਆਵੇਗਾ, ਉਸ ਨੂੰ ਸਾਰਿਆਂ ਨਾਲ ਸਾਂਝਾ ਕੀਤਾ ਜਾਵੇਗਾ।



# ਬਰਤਾਨੀਆ ਨੇ ਭਾਰਤ ਨੂੰ 'ਲਾਲ ਸੂਚੀ' ਵਿਚ ਪਾਇਆ

**ਲੰਡਨ:** ਬਰਤਾਨੀਆ ਨੇ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ 'ਲਾਲ ਸੂਚੀ' ਵਿਚ 'ਚ ਪਾ ਦਿੱਤਾ ਹੈ, ਜਿਸ ਤਹਿਤ ਗੈਰ-ਬਰਤਾਨਵੀ ਅਤੇ ਆਇਰਿਸ਼ (ਆਇਰਲੈਂਡ ਦੇ ਲੋਕ) ਨਾਗਰਿਕਾਂ 'ਤੇ ਭਾਰਤ ਤੋਂ ਬਰਤਾਨੀਆ ਆਉਣ 'ਤੇ ਪਾਬੰਦੀ ਰਹੇਗੀ। ਇਸ ਦੇ ਨਾਲ ਹੀ ਬਰਤਾਨਵੀ ਲੋਕਾਂ ਲਈ ਹੋਟਲ 'ਚ 10 ਦਿਨ ਇਕਾਂਤਵਾਸ 'ਚ ਰਹਿਣਾ ਲਾਜਮੀ ਕਰ ਦਿੱਤਾ ਗਿਆ ਹੈ। ਸਿਹਤ ਮੰਤਰੀ ਮੈਟ ਹੈਨਕਾਕ ਨੇ 'ਹਾਊਸ ਆਫ ਕਾਮਨਜ' ਵਿਚ ਇਸ ਗੱਲ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਬਰਤਾਨੀਆ 'ਚ ਕਰੋਨਾ ਵਾਇਰਸ ਤੇ ਕਥਿਤ ਭਾਰਤੀ ਸਰੂਪ (ਸਟਰੇਨ) ਤੋਂ ਪੀੜਤਾਂ ਹੋਣ ਦੇ 103 ਕੇਸ ਸਾਹਮਣੇ ਆਏ ਹਨ। ਸਿਹਤ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਦੱਸਿਆ, 'ਅੰਕੜਿਆਂ ਦੇ ਵਿਸ਼ਲੇਸ਼ਣ ਮਗਰੋਂ ਇਹਤਿਆਤ ਵਜੋਂ ਅਸੀਂ ਭਾਰਤ ਨੂੰ ਲਾਲ ਸੂਚੀ 'ਚ ਪਾਉਣ ਦਾ ਮੁਸ਼ਕਲ ਪਰ ਜਰੂਰੀ ਫੈਸਲਾ ਕੀਤਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਕੋਈ ਜੇਕਰ ਕੋਈ ਗੈਰ-ਬਰਤਾਨਵੀ ਜਾਂ ਆਇਰਿਸ਼ ਵਿਅਕਤੀ ਲੰਘੇ ਦਸ ਦਿਨਾਂ ਤੱਕ ਭਾਰਤ ਵਿਚ ਰਿਹਾ ਹੈ ਤਾਂ ਉਸ ਨੂੰ ਬਰਤਾਨੀਆ 'ਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।'

# ਖਾਲਸਈ ਜਾਹੋ-ਜਲਾਲ ਨਾਲ ਨਗਰ ਕੀਰਤਨ ਸੰਪੂਰਨ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਤੋਂ ਆਰੰਭ ਹੋਇਆ ਨਗਰ ਕੀਰਤਨ ਖਾਲਸਈ ਜਾਹੋ-ਜਲਾਲ ਨਾਲ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ।

ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਏ ਨਗਰ ਕੀਰਤਨ ਦਾ ਸ੍ਰੀ ਅਨੰਦਪੁਰ ਸਾਹਿਬ ਪੁੱਜਣ 'ਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨੇੜੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਤੇ ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸੰਗਤ ਸਮੇਤ ਭਰਵਾਂ ਸਵਾਗਤ ਕੀਤਾ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਨੌਵੇਂ ਪਾਤਸ਼ਾਹ ਦੇ 400 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਨਗਰ ਕੀਰਤਨ 20 ਮਾਰਚ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਹੋਇਆ ਸੀ, ਜੋ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਪੁੱਜ ਕੇ ਸੰਪੂਰਨ ਹੋਇਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦਾ 400 ਸਾਲਾ ਪ੍ਰਕਾਸ਼ ਪੁਰਬ ਸਾਡੇ ਜੀਵਨ ਵਿਚ ਆਉਣਾ ਸਾਡੀ ਖ਼ੁਸ਼ਕਿਸਮਤੀ ਹੈ। ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਚ ਨਗਰ ਕੀਰਤਨ ਦੇ ਸਵਾਗਤ ਮਗਰੋਂ ਬੀਬੀ ਜਗੀਰ ਕੌਰ ਨੇ ਨਗਰ ਕੀਰਤਨ 'ਚ ਹਾਜ਼ਰੀ ਭਰੀ। ਉਹ ਗੁਰਦੁਆਰਾ ਸੀਸ ਗੰਜ ਸਾਹਿਬ ਤਕ ਸੰਗਤ ਨਾਲ ਸ਼ਬਦ ਪੜ੍ਹਦੇ ਹੋਏ ਪਹੁੰਚੇ।

# ਮਨਮੋਹਨ ਸਿੰਘ ਕਰੋਨਾ ਪਾਜ਼ੇਟਿਵ ਹੋਣ ਮਗਰੋਂ ਏਮਸ ਵਿਚ ਦਾਖਲ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਕਰੋਨਾ ਹੋਣ ਮਗਰੋਂ ਏਮਸ ਦਾਖਲ ਕਰਵਾਇਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ 88 ਸਾਲਾ ਮਨਮੋਹਨ ਸਿੰਘ ਨੂੰ ਏਮਸ ਦੇ ਟਰੌਮਾ ਸੈਂਟਰ 'ਚ ਭਰਤੀ ਕੀਤਾ ਗਿਆ ਹੈ। ਮਨਮੋਹਨ ਸਿੰਘ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਕਰੋਨਾ ਦੇ ਟੀਕੇ ਦੀਆਂ ਦੋਵੇਂ ਖ਼ੁਰਾਕਾਂ ਲਈਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਤੇ ਪਾਰਟੀ ਦੇ ਕਈ ਹੋਰ ਆਗੂਆਂ ਨੇ ਮਨਮੋਹਨ ਸਿੰਘ ਦੇ ਜਲਦੀ ਸਿਹਤਯਾਬ ਹੋਣ ਦੀ ਪ੍ਰਾਰਥਨਾ ਕੀਤੀ ਹੈ।

# ਜੰਗ ਦਿੱਲੀ ਬੰਗਾਲ ਦੀ ਹੋਣ ਲੱਗੀ...

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਉਹ ਲੋਕ ਜਿਨ੍ਹਾਂ ਨੇ ਬੜੇ ਉਤਸ਼ਾਹ ਨਾਲ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਪਾਰਟੀ-ਭਾਰਤੀ ਜਨਤਾ ਪਾਰਟੀ, ਨੂੰ ਵੋਟਾਂ ਪਾਈਆਂ ਸਨ, ਉਨ੍ਹਾਂ ਦੀ ਹਾਲਤ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਉਨ੍ਹਾਂ ਨੇ ਮੋਦੀ-ਸ਼ਾਹ ਜੁੰਡਲੀ ਨੂੰ ਇੰਨਾ ਕੁ ਸਮਾਂ ਚੁੱਪ ਰਹਿ ਕੇ ਗੁਜ਼ਾਰ ਦਿੱਤਾ ਹੈ ਅਤੇ ਹੁਣ ਉਹ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰ ਰਹੇ ਹਨ, ਜਾਂ ਫਿਰ ਛੇਤੀ ਹੀ ਉਨ੍ਹਾਂ ਦੀ ਇਹੋ ਜਿਹੀ ਹਾਲਤ ਹੋਣ ਵਾਲੀ ਹੈ। ਮੋਦੀ ਅਤੇ ਸ਼ਾਹ ਨੇ ਸਰਕਾਰ ਦੇ ਦਿਖਾਵੇ ਲਈ ਬਣਾਏ ਵਿਸ਼ਾਲ ਰੂਪ ਵਾਲੇ ਅਖੌਤੀ ਮੰਤਰੀ ਮੰਡਲ ਦੀਆਂ ਸਾਰੀਆਂ ਤਾਕਤਾਂ ਦੀ ਕਟਾਈ ਕਰ ਕੇ ਪੀ. ਐਮ. ਓ. ਅਤੇ ਗ੍ਰਹਿ ਮੰਤਰਾਲੇ ਤੱਕ ਸੀਮਤ ਕਰ ਲਿਆ ਹੈ। ਬਾਕੀ ਦੇ ਸਾਰੇ ਮੰਤਰਾਲੇ ਅਤੇ ਉਨ੍ਹਾਂ ਦੇ ਨਾਮ ਧਰੀਕ ਮੰਤਰੀਆਂ ਦੀ ਹਾਲਤ ਦਰਬਾਰ ਦੀ ਰੌਣਕ ਵਧਾਉਣ ਵਾਲੇ ਦਰਬਾਰੀਆਂ ਤੋਂ ਵੱਧ ਕੁਝ ਵੀ ਨਹੀਂ ਹੈ। ਮਿਸਾਲ ਵਜੋਂ ਕੇਂਦਰੀ ਵਿੱਤ ਮੰਤਰਾਲੇ ਦੀ ਮਿਸਾਲ ਹੀ ਲਓ। ਬਜਟ ਬਣਦਾ ਹੈ, ਪੀ. ਐਮ. ਓ. ਵਿਚ ਨਿਯੁਕਤ ਅੰਬਾਨੀ ਤੇ ਅਡਾਨੀ ਦੇ ਪ੍ਰਤੀਨਿਧੀਆਂ ਅਤੇ ਉਨ੍ਹਾਂ ਵਰਗੀ ਸੋਚ ਰੱਖਣ ਵਾਲੇ ਅਰਥ ਸ਼ਾਸਤਰੀਆਂ ਵੱਲੋਂ। ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਪੀ. ਐਮ. ਓ. ਦੀ ਭੇਜੀ ਪਟਕਥਾ ਪੜ੍ਹਦੀ ਹੈ, ਤੇ ਕਿਤੇ-ਕਿਤੇ ਮਜਬੂਰੀ ਵਿਚ ਯੱਬਲੀਆਂ ਮਾਰਨ ਵਰਗੇ ਅਪ੍ਰਸੰਗਿਕ ਦਲੀਲਾਂ ਵਾਲੇ ਬਿਆਨ ਦੇ ਦਿੰਦੀ ਹੈ। ਰੱਖਿਆ ਮੰਤਰਾਲੇ ਦੇ ਸੌਦੇ ਮੋਦੀ ਅਤੇ ਪੀ. ਐਮ. ਓ. ਕਰਦਾ ਹੈ ਅਤੇ ਸਿਰੇ ਵੀ ਚਾੜ੍ਹਦਾ ਹੈ। ਦੇਸ਼ ਦਾ ਰੱਖਿਆ ਮੰਤਰੀ ਰਾਜਨਾਥ ਸਿੰਘ ਜਹਾਜ਼ਾਂ ਦੀ ਡਲਿਵਰੀ ਲੈਣ ਜਾਂ ਫਿਰ ਲੜਾਕੂ ਜਹਾਜ਼ਾਂ ਨੂੰ ਨਿੰਬੂ ਬੰਨ੍ਹਣ ਦੇ ਟੋਟਕੇ ਕਰਦਾ ਦਿਸਦਾ ਹੈ।

ਇਹ ਸਭ ਕਹਿਣ ਤੋਂ ਭਾਵ ਹੈ, ਪਿਛਲੇ ਸੱਤਰ ਸਾਲਾਂ ਤੋਂ ਜਮਹੂਰੀਅਤ ਦੇ ਤੌਰ 'ਤੇ ਆਪਣੇ ਆਪ ਨੂੰ ਸਥਾਪਿਤ ਕਰਨ ਵਾਲੇ ਦੇਸ਼ ਭਾਰਤ ਵਿਚ ਹੁਣ ਲੋਕਾਂ ਵੱਲੋਂ ਚਲਾਏ ਜਾਣ ਦੀ ਥਾਂ ਸਰਬ-ਸ਼ਕਤੀਮਾਨ ਨੇਤਾ ਅਤੇ ਉਸ ਦੀ ਜੁੰਡਲ਼ੀ ਵੱਲੋਂ ਚਲਾਇਆ ਜਾ ਰਿਹਾ ਹੈ। ਹੁਣ ਇਕ ਨਵਾਂ ਹੀ ਦੇਸ਼ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਪ੍ਰਕਿਰਿਆ ਲਈ ਜੋ ਕੁਝ ਵੀ ਉਲਟ ਫੇਰ ਕਰਨ ਦੀ ਲੋੜ ਹੈ, ਸਭ ਕੁਝ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਜਿਸ ਦੀ ਜ਼ਿੰਮੇਵਾਰੀ ਸੰਵਿਧਾਨ ਦੀ ਵਿਆਖਿਆ ਕਰਨ ਅਤੇ ਇਸ ਨੂੰ ਸੁਰੱਖਿਅਤ ਰੱਖਣ ਦੀ ਹੈ, ਉਸ 'ਤੇ ਸਰਕਾਰ ਨੇ ਪੂਰਾ ਦਬਾਅ ਬਣਾ ਲਿਆ ਹੈ।

ਇਸ ਤੋਂ ਬਾਅਦ ਦੇਸ਼ ਦੀ ਦੂਜੀ ਸਭ ਤੋਂ ਅਹਿਮ ਸੰਸਥਾ ਚੋਣ ਕਮਿਸ਼ਨ ਹੈ। ਇਸ ਕਮਿਸ਼ਨ ਦੀ ਕਾਰਗੁਜ਼ਾਰੀ ਮੋਦੀ ਸਰਕਾਰ ਦੇ ਸ਼ਾਸਨ ਕਾਲ ਦੌਰਾਨ ਕਿੰਨੀ ਕੁ ਆਜ਼ਾਦਾਨਾ ਰਹਿ ਗਈ ਹੈ, ਇਹ ਦਿਨ ਦੇ ਉਜਾਲੇ ਵਾਂਗ ਸਾਫ ਹੈ। ਇਸ ਦੇ ਹੁਣ ਤੱਕ ਕੀਤੇ ਸਾਰੇ ਫੈਸਲੇ ਮੋਦੀ ਸਰਕਾਰ ਦੀ ਸਹੂਲਤ ਮੁਤਾਬਿਕ ਅਤੇ ਵਿਰੋਧੀ ਧਿਰਾਂ ਨਾਲ ਪੱਖਪਾਤ ਵਾਲੇ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਹੈ ਕਿ ਕਿਵੇਂ ਚੋਣ ਕਮਿਸ਼ਨ ਬੀ. ਜੇ. ਪੀ. ਅਤੇ ਪ੍ਰਧਾਨ ਮੰਤਰੀ ਦੀ ਸਹੂਲਤ ਅਨੁਸਾਰ ਭਾਰਤ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦਾ ਸਕੈਜੂਅਲ ਤਿਆਰ ਕਰਦਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਚਿਰਾਂ ਤੋਂ ਬੀ. ਜੇ. ਪੀ., ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ ਅੱਖਾਂ ਵਿਚ ਰੜਕ ਰਹੀ ਹੈ। ਕਮਿਸ਼ਨ ਉਥੇ ਅੱਠ ਗੇੜਾਂ ਵਿਚ ਚੋਣਾਂ ਕਰਵਾ ਰਿਹਾ ਹੈ। ਇਹ ਸਪਸ਼ਟ ਅਤੇ ਪੱਖਪਾਤੀ ਫੈਸਲਾ ਹੈ ਜੋ ਬੀ. ਜੇ. ਪੀ. ਨੂੰ ਬੰਗਾਲ ਦੀ ਚੋਣ ਜਿੱਤਣ ਲਈ ਸਭ ਕੁਝ ਕਰਨ ਦੇ ਮੌਕੇ ਦਿੰਦਾ ਲੱਗਦਾ ਹੈ।



ਮਮਤਾ ਬੈਨਰਜੀ ਨਾਲ ਪਹਿਲਾਂ ਤਾਂ ਕੇਂਦਰ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਸਿਰਫ ਸਰਕਾਰੀ ਨੀਤੀਆਂ ਦਾ ਹੀ ਆਢਾ ਸੀ ਪਰ ਹੁਣ ਤਾਂ ਚੋਣਾਂ ਹੋ ਰਹੀਆਂ ਹਨ ਅਤੇ ਬੀ. ਜੇ. ਪੀ., ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਕੇਂਦਰੀ ਮੰਤਰੀ ਮੰਡਲ, ਸਾਰੇ ਐਮ. ਪੀ., ਬੀ. ਜੇ. ਪੀ. ਦੇ ਰਾਜ ਵਾਲੇ ਮੁੱਖ ਮੰਤਰੀਆਂ ਸਮੇਤ ਸਭ ਕਿਸਮ ਦੇ ਨੇਤਾ ਜੋ ਬੰਗਾਲ ਦੇ ਵੋਟਰਾਂ ਨੂੰ ਪ੍ਰਭਾਵਿਤ ਕਰ ਸਰਦੇ ਹਨ, ਬੰਗਾਲ ਵਿਚ ਡੇਰੇ ਲਾ ਕੇ ਬੈਠੇ ਹਨ। ਇੰਜ ਲੱਗਦਾ ਹੈ, ਜਿਵੇਂ ਬੰਗਾਲ ਦੁਸ਼ਮਣ ਦੇਸ਼ ਹੈ ਅਤੇ ਹਿੰਦ ਸਰਕਾਰ ਇਸ ਨੂੰ ਜਿੱਤਣਾ ਚਾਹੁੰਦੀ ਹੈ। ਨਾਰੀ ਸ਼ਕਤੀ ਦੀਆਂ ਟਾਹਰਾਂ ਮਾਰਨ ਵਾਲਾ ਨਰਿੰਦਰ ਮੋਦੀ ਅਤੇ ਉਸ ਦੇ ਤਿਕੜਮਬਾਜ਼ ਕੋੜਮਾ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ. ਐਮ. ਸੀ.) ਨਾਲ ਇੰਜ ਵਿਹਾਰ ਕਰ ਰਹੇ ਹਨ, ਜਿਵੇਂ 'ਹੁਣ ਨਹੀਂ ਤਾਂ ਕਦੇ ਵੀ ਨਹੀਂ ਵਾਲੀ ਹਾਲਤ ਬਣ ਗਈ ਹੋਵੇ। ਨਰਿੰਦਰ ਮੋਦੀ ਆਪਣੀਆਂ ਚੋਣ ਸਭਾਵਾਂ ਵਿਚ ਕਰੋਨਾ ਨਾਲ ਲੜਨ ਲਈ ਆਪਣੀ ਸਰਕਾਰ ਦੇ ਬਣਾਏ ਨਿਯਮਾਂ ਦੀਆਂ ਧੱਜੀਆਂ ਉਡਾ ਕਰ ਰਿਹਾ ਹੈ ਅਤੇ ਚੋਣ ਜ਼ਾਬਤੇ ਨੂੰ ਮਖੌਲ ਬਣਾ ਦਿੱਤਾ ਗਿਆ ਹੈ। ਮੋਦੀ ਚੋਣ ਜਲਸਿਆਂ ਮਮਤਾ ਬੈਨਰਜੀ ਬਾਰੇ ਜਿਹੜੀ ਭਾਸ਼ਾ ਵਰਤ ਰਿਹਾ ਹੈ, ਉਹ ਉਸ ਦੇ ਜਾਹਲ ਹੋਣ ਦਾ ਪ੍ਰਤੱਖ ਸਬੂਤ ਹੈ। ਇਸ ਮਾਮਲੇ 'ਤੇ ਚੋਣ ਕਮਿਸ਼ਨ ਹਮੇਸ਼ਾਂ ਵਾਂਗ ਖਾਮੋਸ਼ ਹੈ।

ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਚੋਣਾਂ ਸਿਰਫ ਪੱਛਮੀ ਬੰਗਾਲ ਵਿਚ ਹੀ ਨਹੀਂ ਹੋ ਰਹੀਆਂ, ਅਸਾਮ, ਤਾਮਿਲਨਾਡੂ, ਕੇਰਲ ਅਤੇ ਪੁੱਡੂਚੇਰੀ ਵਿਚ ਵੀ ਹੋ ਰਹੀਆਂ ਹਨ ਪਰ ਚੋਣ ਕਮਿਸ਼ਨ ਨੇ ਤਾਮਿਲਨਾਡੂ, ਕੇਰਲ, ਪੁੱਡੂਚੇਰੀ ਦੀਆਂ ਚੋਣਾਂ ਇੱਕ ਗੇੜ ਵਿਚ, ਅਸਾਮ ਦੀਆਂ ਚੋਣਾਂ ਤਿੰਨ ਗੇੜਾਂ ਵਿਚ ਅਤੇ ਬੰਗਾਲ ਦੀਆਂ ਚੋਣਾਂ ਅੱਠ ਗੇੜਾਂ ਵਿਚ ਕਰਵਾਉਣ ਦਾ ਫੈਸਲਾ ਕਰ ਕੇ ਬੰਗਾਲੀਆਂ ਦੀ ਅਜ਼ਮਤ 'ਤੇ ਸ਼ੱਕ ਕਰਨ ਦਾ ਗੁਨਾਹ ਕੀਤਾ ਹੈ। ਬੰਗਾਲ ਵਿਚ ਜਿਸ ਵੱਡੀ ਗਿਣਤੀ ਵਿਚ ਕੇਂਦਰੀ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਕੀਤੀ ਹੈ, ਇਹ ਵੀ ਬੰਗਾਲ ਦੇ ਵੋਟਰਾਂ ਦਾ ਅਪਮਾਨ ਹੈ ਪਰ ਮੋਦੀ ਅਤੇ ਬੀ. ਜੇ. ਪੀ. ਧਾੜ ਨੂੰ ਨੈਤਿਕ ਅਤੇ ਅਨੈਤਿਕ ਵਿਚਕਾਰ ਹੁਣ ਕੋਈ ਫਰਕ ਨਹੀਂ ਦਿਸਦਾ। ਉਸ ਦਾ ਇੱਕੋ-ਇੱਕ ਏਜੰਡਾ ਹੈ, ਬੰਗਾਲ ਜਿੱਤਣਾ ਹੀ ਜਿੱਤਣਾ ਹੈ, ਭਾਵੇਂ ਕੋਈ ਵੀ ਹੱਥਕੰਡਾ ਕਿਉਂ ਨਾ ਵਰਤਣਾ ਪਵੇ। ਬੰਗਾਲ ਵਿਚ ਬੀ. ਜੇ. ਪੀ. ਨੂੰ ਗੈਰ-ਬੰਗਾਲੀ ਇੱਕ ਕਰੋੜ ਵੋਟਰ ਵੀ ਬਲ ਦਿੰਦੀ ਹੈ। ਇਹ ਘੱਟ ਪੜ੍ਹੇ ਗੈਰ-ਬੰਗਾਲੀ ਵੋਟਰ ਸਦਾ ਗੈਰ-ਬੰਗਾਲੀ ਪਾਰਟੀਆਂ ਦੇ ਸਮਰਥਕ ਰਹੇ ਹਨ। ਬੰਗਾਲੀ ਵੋਟਰ ਸ਼ੁਰੂ ਤੋਂ ਹੀ ਗੈਰ-ਸੰਪਰਦਾਇਕ ਰਿਹਾ ਹੈ ਪਰ ਇਸ ਵਾਰ ਬੀ. ਜੇ. ਪੀ. ਨੇ ਵੋਟਰਾਂ ਦੇ ਇਸ ਵਿਸ਼ੇਸ਼ ਚਰਿੱਤਰ ਨੂੰ ਵੀ ਪਲੀਤਾ ਲਾਉਣ ਦਾ ਯਤਨ ਕੀਤਾ ਹੈ। ਹੁਣ ਨਤੀਜੇ ਹੀ ਦੱਸਣਗੇ ਕਿ ਉਹ ਕਿੰਨੀ ਕਾਮਯਾਬ ਰਹੀ ਹੈ।

ਜਿਸ 'ਸਾਮ ਦਾਮ ਦੰਡ ਭੇਦ' ਵਾਲੇ ਢੰਗ ਨਾਲ ਬੀ. ਜੇ. ਪੀ. ਨੇ ਬੰਗਾਲ 'ਤੇ ਹੱਲਾ ਬੋਲਿਆ ਹੈ ਅਤੇ ਅਡਵਾਂਸ ਵਿਚ ਹੀ ਜਿੱਤ ਦਾ ਰੌਲਾ ਪਾਇਆ ਹੈ, ਇਸ ਵਿਚ ਕਿਤੇ ਨਾ ਕਿਤੇ ਬੰਗਾਲੀ ਵੋਟਰਾਂ ਦੀ ਅਸਲ ਰਾਇ ਚੁੱਪ ਹੋ ਗਈ ਹੈ। ਉਹ ਅੰਦਰ ਕਿਸ ਨੂੰ ਵੋਟ ਪਾਉਂਦਾ ਹੈ ਅਤੇ ਬਾਹਰ ਆ ਕੇ ਕੀ ਦੱਸਦਾ ਹੈ, ਕੁਝ ਪਤਾ ਨਹੀਂ ਪਰ ਇਹ ਦਿਲਚਸਪ ਮੁੱਦਾ ਹੋਵੇਗਾ ਕਿਉਂਕਿ ਚੋਣਾਂ ਬਾਰੇ ਸਰਵੇਖਣ ਵੋਟਰਾਂ ਦੀ ਰਾਇ ਦੇ ਆਧਾਰ 'ਤੇ ਹੀ ਤਿਆਰ ਹੁੰਦੇ ਹਨ। ਵੋਟਰਾਂ ਵੀ ਇਸ ਚੁੱਪ ਦੇ ਅਸਰ ਹੇਠ ਬੰਗਾਲ ਦੇ ਸ਼ਹਿਰੀ ਇਲਾਕਿਆਂ ਵਿਚ ਗੈਰ-ਬੰਗਾਲੀ ਘੱਟ ਪੜ੍ਹਿਆ ਵੋਟਰ ਸ਼ਾਇਦ ਧਰਮ ਦੇ ਵੇਗ ਵਿਚ ਵਹਿ ਜਾਵੇ ਪਰ ਗੈਰ-ਬੰਗਾਲੀ ਪੜ੍ਹਿਆ ਲਿਖਿਆ ਵੋਟਰ ਸਦਾ ਹੀ ਸਥਾਨਕ ਬੰਗਾਲੀ ਪਾਰਟੀਆਂ ਨੂੰ ਪਹਿਲ ਦਿੰਦਾ ਰਿਹਾ ਹੈ। ਇਨ੍ਹਾਂ ਵੋਟਰਾਂ ਦਾ ਖਿਆਲ ਹੈ ਕਿ ਉਨ੍ਹਾਂ ਇੱਥੇ ਹੀ ਰਹਿਣਾ ਹੈ, ਜਦਕਿ ਗੈਰ-ਬੰਗਾਲੀ ਪਾਰਟੀਆਂ ਨੇ ਤਾਂ ਚੋਣਾਂ ਜਿੱਤ ਕੇ ਪਾਸੇ ਹੋ ਜਾਣਾ ਹੈ।

ਬੰਗਾਲ ਵਿਚ ਸਿਆਸੀ ਹਿੰਸਾ ਦਾ ਵੀ ਇਤਿਹਾਸ ਰਿਹਾ ਹੈ। ਇਸੇ ਕਰ ਕੇ ਸਿਆਣੇ ਗੈਰ-ਬੰਗਾਲੀ ਵੋਟਰ ਵਿਧਾਨ ਸਭਾ ਦੀ ਚੋਣ ਸਥਾਨਕ ਅਤੇ ਮਜ਼ਬੂਤ ਆਧਾਰ ਵਾਲੀਆਂ ਪਾਰਟੀਆਂ ਨੂੰ ਹੀ ਵੋਟ ਪਾਉਂਦੇ ਹਨ। ਆਮ ਤੌਰ 'ਤੇ ਗੈਰ-ਬੰਗਾਲੀ ਵੋਟਰ ਅਮਨ-ਅਮਾਨ ਲਈ ਹੀ ਪਹਿਲਾਂ ਮਾਰਕਸੀਆਂ ਅਤੇ ਫਿਰ ਟੀ. ਐਮ. ਸੀ. ਨੂੰ ਵੋਟਾਂ ਪਾਉਂਦੇ ਰਹੇ ਹਨ। ਇਸ ਵਾਰ ਦੇਖੋ ਬੰਗਾਲ ਵਿਚ ਮੋਦੀ ਦੇ ਝੂਠ ਦੀ ਹਾਂਡੀ ਚੜ੍ਹਦੀ ਹੈ ਜਾਂ ਬੰਗਾਲੀ ਵੋਟਰ ਦਾ ਸਵੈਮਾਣ ਉਚਾ ਹੁੰਦਾ ਹੈ!

ਇਸ ਵਕਤ ਭਾਰਤ ਵਿਚ ਹੁਣ ਤੱਕ ਦੀ ਸਭ ਤੋਂ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਅਤੇ ਹੁਣ ਤੱਕ ਹੋਏ ਪ੍ਰਧਾਨ ਮੰਤਰੀਆਂ ਵਿਚੋਂ ਸਭ ਤੋਂ ਘੱਟ ਪੜ੍ਹਿਆ ਲਿਖਿਆ, ਧੜੱਲੇ ਨਾਲ ਝੂਠ ਬੋਲਣ ਵਾਲਾ, ਹੈਂਕੜਬਾਜ਼, ਤਿਕੜਮਬਾਜ਼, ਆਪਣੀਆਂ ਸਿਫਤਾਂ ਆਪ ਕਰਨ ਵਾਲਾ, ਸੰਵਿਧਾਨਕ ਸੰਸਥਾਵਾਂ ਨੂੰ ਟਿੱਚ ਸਮਝਣ ਵਾਲਾ, ਵਿਰੋਧੀਆਂ ਨੂੰ ਜਿੱਚ ਕਰਨ ਵਾਲਾ, ਹਲਕੀ ਭਾਸ਼ਾ ਤੇ ਜ਼ਬਾਨ ਵਾਲਾ, ਮਾਂ ਨੂੰ ਆਪਣੀ ਮਸ਼ਹੂਰੀ ਲਈ ਵਰਤਣ ਵਾਲਾ, ਆਪਣੀ ਪਤਨੀ ਨੂੰ ਮੰਝਧਾਰ ਵਿਚ ਛੱਡਣ ਵਾਲਾ ਭਗੌੜਾ ਅਤੇ ਹੋਰ ਪਤਾ ਨਹੀਂ ਕਿੰਨੀਆਂ ਬੁਰਾਈਆਂ ਨੂੰ ਆਪਣੇ ਆਪ ਵਿਚ ਸਮਾਈ ਬੈਠਾ ਬੰਦਾ ਸੱਤਾ 'ਤੇ ਕਾਬਜ਼ ਹੈ। ਉਸ ਦਾ ਸਿਪਾਹ-ਸਲਾਰ ਅਮਿਤ ਸ਼ਾਹ ਹੈ ਜਿਸ ਦਾ ਦਿਮਾਗ ਸ਼ਰਾਰਤਾਂ ਤੇ ਕੁਟਿਲ ਚਾਲਾਂ ਚੱਲਣ ਵਾਲਾ ਹੈ।

ਦੂਜੇ ਬੰਨੇ ਇੱਕ ਔਰਤ (ਮਮਤਾ ਬੈਨਰਜੀ) ਜਿਸ ਪਾਸ ਜੁਝਾਰੂਪਣ, ਦ੍ਰਿੜ ਇਰਾਦਾ, ਆਤਮ-ਵਿਸ਼ਵਾਸ ਅਤੇ ਆਪਣੇ ਰਾਜ ਦੇ ਆਮ ਲੋਕਾਂ ਦਾ ਸਾਥ ਹੈ, ਇਕੱਲੀ ਦਿੱਲੀ ਤੋਂ ਬੰਗਾਲ ਜਿੱਤਣ ਲਈ ਆਈ ਧਾੜਵੀਆਂ ਦੀ ਵਿਸ਼ਾਲ ਫੌਜਾਂ ਨਾਲ ਦੋ-ਦੋ ਹੱਥ ਕਰ ਰਹੀ ਹੈ। ਮਮਤਾ ਬੈਨਰਜੀ ਸੰਘਰਸ਼ਾਂ ਵਿਚੋਂ ਪੈਦਾ ਹੋਈ ਆਮ ਲੋਕਾਂ ਦੀ ਲੀਡਰ ਹੈ। ਉਸ ਦਾ ਸਿਆਸੀ ਜੀਵਨ ਯੂਥ ਕਾਂਗਰਸ ਦੇ ਵਰਕਰ ਵਜੋਂ ਸ਼ੁਰੂ ਹੋਇਆ। ਉਹ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਉਸ ਵੇਲੇ ਆਈ ਜਦੋਂ ਜੇ. ਪੀ. ਅੰਦੋਲਨ ਦੇ ਸਬੰਧ ਵਿਚ ਜੈ ਪ੍ਰਕਾਸ਼ ਨਾਰਾਇਣ ਕੋਲਕਾਤਾ ਆਇਆ ਤਾਂ ਯੂਥ ਕਾਂਗਰਸ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਮਮਤਾ ਬੈਨਰਜੀ ਜੈ ਪ੍ਰਕਾਸ਼ ਨਾਰਾਇਣ ਦੀ ਕਾਰ ਦੇ ਬੋਨਟ ਚੜ੍ਹ ਕੇ ਨੱਚੀ ਸੀ। ਉਨ੍ਹੀਂ ਦਿਨੀਂ ਸੁਬਰਤਾ ਮੁਖਰਜੀ ਕਾਂਗਰਸ ਦਾ ਨਾਮੀ ਲੀਡਰ ਹੁੰਦਾ ਸੀ ਅਤੇ ਮਮਤਾ ਬੈਨਰਜੀ ਨੇ ਉਸ ਦੀ ਛਤਰ ਛਾਇਆ ਹੇਠ ਆਪਣਾ ਸਿਆਸੀ ਸਫਰ ਸ਼ੁਰੂ ਕੀਤਾ ਸੀ। ਅੱਜ ਮਮਤਾ ਬੈਨਰਜੀ ਸੁਬਰਤਾ ਮੁਖਰਜੀ ਦੀ ਲੀਡਰ ਹੈ। ਮਮਤਾ ਬੈਨਰਜੀ ਦਾ ਸਿਆਸੀ ਸਫਰ ਸੰਘਰਸ਼ ਭਰਪੂਰ ਰਿਹਾ ਹੈ। ਸਾਦਗੀ ਉਸ ਦੇ ਸਿਆਸੀ ਜੀਵਨ ਵਿਚ ਸ਼ੁਰੂ ਤੋਂ ਹੀ ਰਹੀ ਹੈ। ਕਾਂਗਰਸ ਵਿਚ ਥਾਂ ਬਣਾਉਣੀ, ਫਿਰ ਮਤਭੇਦਾਂ ਕਾਰਨ ਕਾਂਗਰਸ ਛੱਡਣੀ ਕੋਈ ਸੌਖਾ ਕਾਰਜ ਨਹੀਂ ਸੀ ਪਰ ਉਸ ਨੇ ਸੁਦੀਪ ਬੰਦੋਪਾਧਿਆਇ ਜਿਹੇ ਕੁਝ ਭਰੋਸੇਯੋਗ ਸਹਿਯੋਗੀਆਂ ਨੂੰ ਲੈ ਕੇ ਤ੍ਰਿਣਮੂਲ ਕਾਂਗਰਸ ਬਣਾਈ। ਸ਼ਕਤੀਸ਼ਾਲੀ ਸੀ. ਪੀ. ਐਮ. ਨੂੰ ਲਲਕਾਰ ਕੇ ਉਸ ਦਾ ਬੰਗਾਲ ਵਿਚੋਂ ਬਿਸਤਰਾ ਲਲਭਗ ਗੋਲ ਕਰਨਾ ਸੌਖਾ ਕੰਮ ਨਹੀਂ ਸੀ। ਉਸ ਨੇ ਖੱਬੇ ਪੱਖੀਆਂ ਨਾਲ ਲੰਮਾ ਸਿਆਸੀ ਸੰਘਰਸ਼ ਲੜਿਆ ਅਤੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕੀਤਾ। ਉਹ ਜਮਾਂਦਰੂ ਜੁਝਾਰੂ ਹੈ। ਇਸੇ ਗੁਣ ਕਰ ਕੇ ਹੀ ਉਹ ਇਕੱਲੀ ਦਿੱਲੀ ਦੇ ਧਾੜਵੀਆਂ ਦੀ ਫੌਜ ਦਾ ਬੜੇ ਬੁਲੰਦ ਹੌਂਸਲੇ ਨਾਲ ਮੁਕਾਬਲਾ ਕਰ ਰਹੀ ਹੈ। ਮਮਤਾ ਬੈਨਰਜੀ ਦੇ ਸਥਾਨਕ ਸਿੱਖ ਭਾਈਚਾਰੇ ਨਾਲ ਬੜੇ ਚੰਗੇ ਸਬੰਧ ਹਨ ਅਤੇ ਸਥਾਨਕ ਸਿੱਖ ਭਾਈਚਾਰਾ ਵੀ ਮੋਦੀ ਜੁੰਡਲੀ ਨੂੰ ਮਾਤ ਦੇਣ ਲਈ ਮਮਤਾ ਦੇ ਹੱਕ ਵਿਚ ਨਿੱਤਰਿਆ ਹੋਇਆ ਹੈ। ਆਸ ਹੈ ਕਿ ਮਮਤਾ ਬੈਨਰਜੀ ਮੋਦੀ ਅਤੇ ਸ਼ਾਹ ਦੇ ਨਾਪਾਕ ਇਰਾਦਿਆਂ ਨੂੰ ਸੱਚ ਨਹੀਂ ਹੋਣ ਦੇਵੇਗੀ।

# ਸਾਰਾ ਸਿੱਖ ਜਗਤ ਸਕਤੇ ਵਿਚ ਹੈ, ਪਰ 'ਸਰਬਉੱਚ ਜਥੇਦਾਰ' ਅਤੇ ਸ਼੍ਰੋਮਣੀ ਕਮੇਟੀ ਚੁੱਪ ਕਿਉਂ: ਦੁਪਾਲਪੁਰ

**ਸੈਨ ਹੋਜ਼ੇ (ਬਿਊਰੋ):** ਬਾਦਲ ਸਰਕਾਰ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਤੇ ਉਸ ਵਿਰੁੱਧ ਰੋਸ ਪ੍ਰਗਟਾ ਰਹੀ ਸੰਗਤ ਉੱਤੇ ਗੋਲੀ-ਬਾਰੀ ਕਾਰਨ ਸ਼ਹੀਦ ਹੋਏ ਦੋ ਨੌਜਵਾਨਾਂ ਵਾਲੇ ਕਾਂਡ ਦੀ ਜਾਂਚ ਪੜਤਾਲ ਲਈ ਬਣੀ ਸਿਟ ਦੀ ਰਿਪੋਰਟ ਨੂੰ ਬੀਤੇ ਦਿਨੀਂ ਹਾਈ ਕੋਰਟ ਵਲੋਂ ਰੱਦ ਕੀਤੇ ਜਾਣ ਕਾਰਨ ਸਾਰੇ ਸਿੱਖ ਜਗਤ ਵਿਚ ਤਾਂ ਇਕ ਤਰ੍ਹਾਂ ਦੀ ਹਾਹਾਕਾਰ ਮਚੀ ਹੋਈ ਹੈ, ਪਰ ਅਤਿ ਹੈਰਾਨੀ ਦੀ ਗੱਲ ਹੈ ਕਿ ਅਕਾਲ ਤਖਤ ਦੇ ਜਥੇਦਾਰ ਸਮੇਤ ਸ਼੍ਰੋਮਣੀ ਕਮੇਟੀ ਖਾਮੋਸ਼ ਹਨ! ਅਜਿਹੀ ਹੈਰਤਅੰਗੇਜ਼ ਚੁੱਪੀ 'ਤੇ ਸਵਾਲ ਉਠਾਉਂਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਤਰਲੋਚਨ ਸਿੰਘ ਦੁਪਾਲਪੁਰ ਨੇ ਪੁੱਛਿਆ ਹੈ ਕਿ ਕੀ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਦੋ ਸਿੱਖਾਂ ਦੇ ਮਾਰੇ ਜਾਣ ਦੀ ਹੋਈ ਜਾਂਚ-ਪੜਤਾਲ ਮੁੜ ਠੰਢੇ ਬਸਤੇ ਪੈ ਜਾਣ ਦਾ ਕੋਈ ਦੁੱਖ ਨਹੀਂ ਹੈ?

ਜਥੇਦਾਰ ਦੁਪਾਲਪੁਰ ਨੇ ਕਿਹਾ ਕਿ ਸਿਰਫ ਸਿੱਖ ਹੀ ਨਹੀਂ, ਸਗੋਂ ਹਰ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਜੋ ਗੁਰਬਾਣੀ ਨੂੰ ਪਿਆਰਦੇ ਸਤਿਕਾਰਦੇ ਹਨ, ਉਹ ਸਾਰੇ ਹੀ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਸੋਸ਼ਲ ਮੀਡੀਏ ਉੱਤੇ ਲਹੂ ਦੇ ਹੰਝੂ ਕੇਰਦਿਆਂ ਜ਼ਬਰਦਸਤ ਰੋਸ ਦਾ ਪ੍ਰਗਟਾਵਾ ਕਰ ਰਹੇ ਹਨ। ਜਿੱਥੇ ਬਹੁਤੇ ਲੋਕ ਕੈਪਟਨ ਸਰਕਾਰ ਦੀ ਅਦਾਲਤ ਵਿਚ ਢਿੱਲੀ ਕਾਰਗੁਜ਼ਾਰੀ ਨੂੰ ਬਾਦਲਾਂ ਦੀ ਅੰਦਰੂਨੀ ਯਾਰੀ ਨਾਲ ਜੋੜ ਕੇ ਮਨ ਦੀ ਭੜਾਸ ਕੱਢ ਰਹੇ ਹਨ, ਉੱਥੇ ਹੀ ਪੰਥਕ ਪਾਰਟੀ ਕਹਾਉਂਦੇ ਅਕਾਲੀ ਦਲ ਦੇ ਕਈ ਆਗੂਆਂ ਵਲੋਂ ਜਸ਼ਨ ਮਨਾਏ ਜਾਣ ਦੀ ਕਰੜੀ ਨਿਖੇਧੀ ਵੀ ਕੀਤੀ ਜਾ ਰਹੀ ਹੈ। ਹੋਰ ਤਾਂ ਹੋਰ ਕੱਲ੍ਹ ਦੇ 'ਖਾਲਿਸਤਾਨੀ' ਤੇ ਹੁਣ ਬਾਦਲ ਪਰਿਵਾਰ ਦੇ ਚਹੇਤੇ ਬਣੇ ਹੋਏ ਇਕ ਵਿਧਾਇਕ ਵਲੋਂ ਨਿਧੜਕ ਅਤੇ ਬੇਬਾਕ ਪੁਲਿਸ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਨਿਜੀ ਭੰਡੀ ਕਰਨ ਦਾ ਸਿੱਖ ਸੰਗਤ ਨੇ ਬਹੁਤ ਬੁਰਾ ਮਨਾਇਆ ਹੈ।

ਬਿਆਨ ਵਿਚ ਜਥੇਦਾਰ ਦੁਪਾਲਪੁਰ ਨੇ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਸਵਾਲ ਕੀਤਾ ਹੈ ਕਿ ਉਹ ਨਹੀਂ



*ਜਥੇਦਾਰ ਤਰਲੋਚਨ ਸਿੰਘ ਦੁਪਾਲਪੁਰ*

ਚਾਹੁੰਦੇ ਕਿ ਬੇਅਦਬੀਆਂ ਅਤੇ ਉਸ ਤੋਂ ਬਾਅਦ ਦੋ ਸਿੱਖ ਮਾਰੇ ਜਾਣ ਦੀ ਸੱਚਾਈ ਬਾਹਰ ਆਵੇ? ਨਿਆਂਕਾਰ ਵਜੋਂ ਜਾਣੇ ਜਾਂਦੇ ਕੁੰਵਰ ਵਿਜੇ ਪ੍ਰਤਾਪ ਸਿੰਘ ਜਿਹੇ ਅਫਸਰ ਦੀ ਰਿਪੋਰਟ ਦੀ ਥਾਂ ਕੀ ਉਹ ਜਸਟਿਸ ਜੋਰਾ ਸਿੰਘ ਦੀ ਬਣਾਈ ਹੋਈ ਗੋਂਗਲੂਆਂ ਤੋਂ ਮਿੱਟੀ ਝਾੜਨ ਵਰਗੀ ਰਿਪੋਰਟ ਚਾਹੁੰਦੇ ਸਨ? ਭਾਵੇਂ ਸਾਰੇ ਜਾਣਦੇ ਹੀ ਹਨ ਕਿ ਪੰਥਕ ਕੇਂਦਰ ਬਾਦਲ ਪਰਿਵਾਰ ਦੇ ਕਬਜੇ ਵਿਚ ਹੈ, ਪਰ ਕੀ ਉਕਤ ਆਗੂਆਂ ਦੀ ਜ਼ਮੀਰ ਆਪਣੇ ਇਸ਼ਟ ਨਾਲ ਹੋਈ ਅਣਹੋਣੀ ਤੋਂ ਵੀ ਨਹੀਂ ਜਾਗਣੀ? ਉਹ ਫਿਰ ਵੀ ਬਾਦਲ ਪਰਿਵਾਰ ਦੇ ਸਿਆਸੀ ਹਿਤਾਂ ਦੀ ਖਿਦਮਤ ਹੀ ਕਰਦੇ ਰਹਿਣਗੇ?

ਅਣਖ ਤੇ ਸਵੈਮਾਣ ਦੇ ਸਬੂਤ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਅਸਤੀਫਾ ਦੇਣ ਤੋਂ ਬਾਅਦ ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਆਪਣੀ ਪ੍ਰੋਫਾਈਲ 'ਤੇ ਲਿਖੀ ਪੋਸਟ ਦੇ ਹਵਾਲੇ ਨਾਲ ਜਥੇਦਾਰ ਦੁਪਾਲਪੁਰ ਨੇ ਕੌਮ ਦੇ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਇਹ ਸਵਾਲ ਵੀ ਕੀਤਾ ਹੈ ਕਿ ਕੁੰਵਰ ਜਿਹਾ ਇਕ ਗੈਰ-ਸਿੱਖ ਪੁਲਸੀਆ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਉੱਤੇ ਆਪਣੀ ਟੇਕ ਰੱਖ ਰਿਹਾ ਹੈ, ਪਰ ਉਕਤ ਆਗੂਆਂ ਨੂੰ ਨਾ ਗੁਰੂ ਦਾ ਕੋਈ ਭੈਅ ਅਦਬ ਹੈ, ਨਾ ਹੀ ਕੌਮ ਦਾ ਦਰਦ! ਅਜਿਹੇ ਖੁਦਗਰਜ ਆਗੂਆਂ ਦੀ 'ਜ਼ਿੰਦਾਬਾਦ' ਕਰਦੇ ਫਿਰਦੇ ਪੱਗਾਂ ਦਾਹੜੀਆਂ ਵਾਲੇ ਕਈ ਭਰਾਵਾਂ ਨੂੰ ਤੀਜੇ ਗੁਰੂ ਦੇ ਇਹ ਬਚਨ 'ਪਹਿਲਾ ਫਾਹਾ ਪਾਇਆ ਪਾਧੇ ਪਿਛੋ ਦੇ ਗਲਿ ਚਾਟੜਿਆ' (ਪੰਨਾ 435) ਯਾਦ ਕਰਾਉਂਦਿਆਂ ਜਥੇਦਾਰ ਦੁਪਾਲਪੁਰ ਨੇ ਕਿਹਾ ਕਿ ਇਸ ਤੋਂ ਸੇਧ ਲੈਂਦਿਆਂ ਉਕਤ 'ਪਾਧੇ ਅਤੇ ਚਾਟੜੇ' ਸਮਾਂ ਰਹਿੰਦਿਆਂ ਸਾਵਧਾਨ ਹੋਣ! ਉਂਜ ਤਾਂ ਕੈਪਟਨ ਦੀ ਹਰੇਕ ਨਾਅਹਿਲੀਅਤ ਨੂੰ ਸੁਖਬੀਰ ਸਿੰਘ ਬਾਦਲ ਰੋਜ਼ਾਨਾ ਛੱਜ ਵਿਚ ਪਾ ਕੇ ਛੱਟਦੇ ਹਨ, ਪਰ ਕੁੰਵਰ ਵਿਜੇ ਪ੍ਰਤਾਪ ਸਿੰਘ ਵਾਲੀ ਰਿਪੋਰਟ ਦੀ ਅਦਾਲਤੀ ਪੈਰਵਾਈ ਪਿਛਲੀ ਕਮਜ਼ੋਰੀ ਤੋਂ ਉਹ ਬਾਗੋ ਬਾਗ ਹੋਏ ਫਿਰਦੇ ਹਨ! ਅਖੀਰ ਵਿਚ ਦੁਪਾਲਪੁਰ ਨੇ ਕਿਸਾਨ ਅੰਦੋਲਨ ਵਿਚ ਸੰਘਰਸ਼ਸ਼ੀਲ ਪੰਜਾਬੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਮੋਦੀ ਸਰਕਾਰ ਨਾਲ ਜੂਝਦੇ ਹੋਏ ਪੰਜਾਬ ਦੇ ਵਰਤਮਾਨ ਸਿਆਸੀ ਹਾਲਾਤ ਉੱਤੇ ਬਾਜ਼ ਨਜ਼ਰ ਰੱਖਣ!

# ਨਾਸਾ ਦੀ ਪੁਲਾੜ ਯਾਤਰੀ ਕੇਟ ਰੁਬਿਨਸ ਧਰਤੀ 'ਤੇ ਪਰਤੀ

**ਫਰਿਜ਼ਨੋ (ਬਿਊਰੋ):** ਅਮਰੀਕੀ ਪੁਲਾੜ ਏਜੰਸੀ ਨਾਸਾ ਅਨੁਸਾਰ ਨਾਸਾ ਦੀ ਪੁਲਾੜ ਯਾਤਰੀ 42 ਸਾਲਾ ਕੇਟ ਰੁਬਿਨਸ ਛੇ ਮਹੀਨਿਆਂ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਰਹਿਣ ਤੋਂ ਬਾਅਦ ਲੰਘੇ ਸਨਿਚਰਵਾਰ ਨੂੰ ਸੁਰੱਖਿਅਤ ਢੰਗ ਨਾਲ ਧਰਤੀ ਉੱਤੇ ਪਰਤ ਆਈ ਹੈ। ਰੁਬਿਨਸ, ਰੂਸ ਦੇ ਪੁਲਾੜ ਵਿਗਿਆਨੀਆਂ ਸਰਗੇਈ ਕੁਡ-ਸੇਵਰਚਕੋਵ ਅਤੇ ਸਰਗੇਈ ਰਿਜਿਕੋਵ ਦੇ ਨਾਲ ਕਜ਼ਾਕਿਸਤਾਨ ਦੇ ਕਸਬੇ ਜ਼ੇਜ਼ਕਾਜ਼ਗਨ ਦੇ ਦੱਖਣ-ਪੂਰਬ ਵਿਚ ਸਥਾਨਕ ਸਮੇਂ ਅਨੁਸਾਰ ਸਵੇਰੇ 10:55 ਵਜੇ ਪੈਰਾਸ਼ੂਟ ਲੈਂਡਿੰਗ ਰਾਹੀਂ ਪਹੁੰਚੀ। ਇਸ ਦਲ ਨੇ 63-64 ਅਭਿਆਨ ਵਜੋਂ ਸੇਵਾ ਨਿਭਾਈ, ਜਿਸ ਦੀ ਪਿਛਲੇ ਸਾਲ 14 ਅਕਤੂਬਰ ਨੂੰ ਮਿਸ਼ਨ ਵਜੋਂ ਸ਼ੁਰੂਆਤ ਕੀਤੀ ਸੀ।

ਰੁਬਿਨਸ ਆਪਣੇ ਪਹਿਲੇ ਸਪੇਸਫਲਾਈਟ, ਅਭਿਆਨ 48/49 ਤੇ 2016 ਵਿਚ ਬਾਹਰੀ ਪੁਲਾੜ 'ਚ ਹਮੇਸ਼ਾ ਡੀ. ਐਨ. ਏ. ਨੂੰ ਕ੍ਰਮਵਾਰ ਕਰਨ ਵਾਲੀ ਪਹਿਲੀ ਸ਼ਖਸੀਅਤ ਬਣ ਗਈ ਸੀ। ਆਪਣੇ ਤਾਜ਼ਾ 185 ਦਿਨਾਂ ਦੇ ਮਿਸ਼ਨ ਦੌਰਾਨ, ਰੁਬਿਨਸ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਖੋਜ ਦੇ ਸੈਂਕੜੇ ਘੰਟਿਆਂ ਵਿਚ ਕਾਰਡੀਨਲ 'ਤੇ ਵੀ ਕੰਮ ਕੀਤਾ ਹੈ, ਜੋ ਕਿ ਨਾਸਾ ਅਨੁਸਾਰ ਦਿਲ ਦਾ ਪ੍ਰਯੋਗ ਹੈ, ਜਿਹੜਾ ਸੈਲਿਊਲਰ ਅਤੇ ਟਿਸ਼ੂ ਦੇ ਪੱਧਰਾਂ 'ਤੇ ਗਰੈਵਿਟੀ ਤੇ ਕਾਰਡੀਓਵੈਸਕੁਲਰ ਸੈੱਲਾਂ ਦੇ ਪ੍ਰਭਾਵਾਂ ਦਾ ਅਧਿਐਨ ਕਰਦਾ ਹੈ ਅਤੇ ਧਰਤੀ ਤੇ ਦਿਲ ਦੀਆਂ ਸਮੱਸਿਆਵਾਂ ਬਾਰੇ ਹੋਰ ਗਿਆਨ ਦੇ ਸਕਦਾ ਹੈ। ਉਸ ਦੀ ਖੋਜ ਵਿਚ ਡੀ. ਐਨ. ਏ. ਸੀਕਿਊਨਸਿੰਗ ਅਤੇ ਮਾਈਕਰੋਬਾਇਓਲੋਜੀ ਅਧਿਐਨ ਵੀ ਸ਼ਾਮਿਲ ਸੀ।

ਰੁਬਿਨਸ ਨੇ ਇਸ ਦੌਰਾਨ ਬੈਕਟੀਰੀਆ ਅਤੇ



ਬੈਕਟੀਰੀਆ ਉਤਪਾਦਾਂ ਦੇ 3-ਡੀ. ਨਕਸ਼ੇ ਦਾ ਨਿਰਮਾਣ ਕਰਨ ਲਈ 3-ਡੀ. ਐਮ. ਐਮ. ਅਧਿਐਨ ਲਈ ਪੁਲਾੜ ਸਟੇਸ਼ਨ ਦੇ ਅੰਦਰ ਵੱਖ-ਵੱਖ ਥਾਂਵਾਂ 'ਤੇ ਸੈਂਕੜੇ ਮਾਈਕਰੋਬਾਇਲ ਸੈਂਪਲ ਇਕੱਤਰ ਕੀਤੇ। ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਇੱਕ ਪ੍ਰਯੋਗਸ਼ਾਲਾ ਹੈ, ਜੋ ਧਰਤੀ ਦੇ ਦੁਆਲੇ ਚੱਕਰ ਲਾਉਂਦੀ ਹੈ। ਇਸ ਸਟੇਸ਼ਨ ਦਾ ਪਹਿਲਾ ਟੁਕੜਾ ਨਵੰਬਰ 1998 ਵਿਚ ਲਾਂਚ ਕੀਤਾ ਗਿਆ ਸੀ।

# ਕਰੋਨਾ ਦੌਰ ਦੇ ਵੱਡੇ ਸਦਮੇ


ਡਾ. ਕੁਲਦੀਪ ਸਿੰਘ
ਫੋਨ: +91-98151-15429

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਕਰਜ਼ਿਆਂ ਦੇ ਹਾਲਾਤ ਬਾਰੇ ਬੁਲਾਈ ਉੱਚ ਪੱਧਰੀ ਮੀਟਿੰਗ ਦੌਰਾਨ ਕਿਹਾ- 'ਅਸੀਂ 1939 ਦੇ ਮਹਾਂ ਆਰਥਿਕ ਮੰਦਵਾੜੇ ਤੋਂ ਵੀ ਭਿਆਨਕ ਤਬਾਹੀ ਵਾਲੇ ਮੰਦਵਾੜੇ ਵਿਚ ਪਰਵੇਸ਼ ਕਰ ਚੁੱਕੇ ਹਾਂ। ਕਰੋਨਾ ਸੰਕਟ ਨੇ 2.7 ਮਿਲੀਅਨ ਲੋਕਾਂ ਦੀਆਂ ਜਾਨਾਂ ਲੈ ਲਈਆਂ ਅਤੇ 120 ਮਿਲੀਅਨ ਲੋਕਾਂ ਨੂੰ ਭਿਆਨਕ ਗਰੀਬੀ ਦੀ ਕਗਾਰ ਉੱਤੇ ਸੁੱਟ ਦਿੱਤਾ ਹੈ।' ਦੁਨੀਆ ਭਰ ਵਿਚ ਬੇਲਗਾਮ ਚੱਲ ਰਹੇ ਕਰੋਨਾ ਦੇ ਇਸ ਦੌਰ ਨੇ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਦੂਜੀ ਸੰਸਾਰ ਜੰਗ ਤੋਂ ਖੜ੍ਹੀ ਕੀਤੀ ਸਰਮਾਏਦਾਰੀ ਬੁਰੀ ਤਰ੍ਹਾਂ ਸੰਕਟ ਵਿਚ ਘਿਰੀ ਹੋਈ ਹੈ। ਸਰਮਾਏ ਦਾ ਵਰਤੋਂ-ਵਿਹਾਰ ਖ਼ਤਰਨਾਕ ਹਾਲਾਤ ਵਿਚ ਰੁਕ ਰੁਕ ਕੇ ਚੱਲ ਰਿਹਾ ਹੈ ਕਿਉਂਕਿ ਅੱਜ ਦੀ ਮੰਡੀ ਦਾ ਦੌਰ ਸ਼ਾਂਤਮਈ ਢੰਗ ਨਾਲ ਨਹੀਂ ਚੱਲ ਰਿਹਾ। ਕਰੋਨਾ ਕਾਲ ਨੇ ਦੁਨੀਆ ਦੀਆਂ ਮੰਡੀਆਂ ਵਿਚ ਅਫਰਾ-ਤਫਰੀ ਪੈਦਾ ਕਰ ਦਿੱਤੀ ਹੈ। ਸੱਤ ਦਹਾਕਿਆਂ ਤੋਂ ਦੁਨੀਆ ਦੇ ਕੋਨਿਆਂ ਤੇ ਛਾਈ ਹੋਈ ਸਰਮਾਏਦਾਰੀ ਨੂੰ ਉਥਲ-ਪੁਥਲ ਪ੍ਰਕਿਰਿਆ ਵਿਚ ਸੁੱਟ ਦਿੱਤਾ ਗਿਆ ਹੈ।

ਵੱਖ ਵੱਖ ਮੁਲਕਾਂ ਵਿਚ 1991 ਤੋਂ ਬਾਅਦ ਨਵ-ਉਦਾਰਵਾਦ ਦੀ ਸੋਚ ਅਤੇ ਮੁਨਾਫੇ ਦੀ ਲਾਲਸਾ ਨੇ ਕਠਪੁਤਲੀ ਸਰਕਾਰਾਂ ਤਹਿਤ ਦੁਨੀਆ ਦੇ ਹਰ ਕੋਨੇ ਵਿਚ ਨਵੇਂ ਕਿਸਮ ਦੀ ਕਾਰਪੋਰੇਟੀ ਸਰਮਾਏਦਾਰੀ ਵਿਕਸਿਤ ਕੀਤੀ ਸੀ। ਹੁਣ ਇਹ ਸਮੂਹਿਕ ਸੰਕਟਾਂ ਅਤੇ ਤਬਾਹੀਆਂ ਨੂੰ ਜਨਮ ਦੇ ਰਹੀ ਹੈ। ਜਨ-ਸਮੂਹ ਇਸ ਹੱਦ ਤੱਕ ਪ੍ਰਭਾਵਿਤ ਹੋ ਰਹੇ ਹਨ ਕਿ ਉਹ ਕਾਰਪੋਰੇਟ ਦੁਨੀਆ ਦੇ ਚਲਾਏ ਜਾ ਰਹੇ ਪ੍ਰਬੰਧ ਵਿਚ ਆਪਣੇ ਆਪ ਨੂੰ ਜੀਵਤ ਰੱਖਣ ਦੇ ਵਿਹੁ-ਚੱਕਰ ਵਿਚ ਫਸੇ ਹੋਏ ਹਨ। ਦੁਨੀਆ ਦੇ ਹਰ ਕੋਨੇ ਵਿਚ ਕਰੋਨਾ ਨੇ ਸਦਮਿਆਂ ਅਤੇ ਖੌਫ ਦਾ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਜਿਸ ਨਾਲ ਲੋਕਾਂ ਵਿਚ ਭਵਿੱਖ ਪ੍ਰਤੀ ਅਨਿਸ਼ਚਿਤਤਾ, ਡਰ, ਖਤਰੇ ਅਤੇ ਤਬਾਹੀਆਂ ਹੀ ਦਿਖਾਈ ਦੇ ਰਹੀਆਂ ਹਨ। ਅਜਿਹੇ ਹਾਲਾਤ ਵਿਚ ਲੋਕਾਂ ਨੂੰ ਕਿਸੇ ਪਾਸਿਓਂ ਕੋਈ ਨਵੀਂ ਲੋਕਪੱਖੀ ਲੀਡਰਸ਼ਿਪ ਉੱਭਰਦੀ ਵੀ ਦਿਖਾਈ ਨਹੀਂ ਦੇ ਰਹੀ ਜਿਹੜੀ ਉਨ੍ਹਾਂ ਨੂੰ ਮੰਦਵਾੜੇ ਵਿਚੋਂ ਬਾਹਰ ਕੱਢ ਸਕੇ। ਪਿਛਲੇ ਤਿੰਨ ਦਹਾਕਿਆਂ ਵਿਚ ਨਵ-ਉਦਾਰਵਾਦੀ ਵਿਚਾਰਵਾਨਾਂ ਨੇ ਮੱਧਵਰਗ ਵਿਚ ਇਹ ਵਿਚਾਰ ਪੈਦਾ ਕਰ ਦਿੱਤੇ ਸਨ ਕਿ 'ਮੰਡੀ ਹੀ ਸਭ ਕਾਸੇ ਦਾ ਹੱਲ ਹੈ।' ਮੰਡੀ ਨੂੰ ਕਾਰਪੋਰੇਟ ਘਰਾਣਿਆਂ ਦਾ ਸੰਦ ਬਣਾਉਣ ਲਈ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਚਲਾ ਰਹੇ ਹਨ। ਬਹੁ-ਗਿਣਤੀ ਮੁਲਕਾਂ ਨੇ ਸਮਾਜਵਾਦੀ ਅਤੇ ਲੋਕਪੱਖੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਅਜਿਹਾ ਮਾਹੌਲ ਸਿਰਜ ਦਿੱਤਾ ਸੀ ਕਿ ਤਰੱਕੀ ਦਾ ਇੱਕੋ-ਇੱਕ ਰਾਹ 'ਖੁੱਲ੍ਹੀ ਮੰਡੀ ਹੈ'। ਕਰੋਨਾ ਸੰਕਟ ਨੇ ਮਨੁੱਖੀ ਲੋੜਾਂ ਵਾਲੇ ਆਰਥਿਕ ਹਾਲਾਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕੌਮਾਂਤਰੀ ਮੁਦਰਾ ਕੋਸ਼ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਤਲੀਨਾ ਜਾਰਜੀਵਾ ਨੇ 120 ਮੁਲਕਾਂ ਦੀਆਂ ਬੁਨਿਆਦੀ ਸੇਵਾਵਾਂ ਲਈ ਦਿੱਤੀ ਜਾਣ ਵਾਲੀ ਆਰਥਿਕ ਮਦਦ 3 ਟ੍ਰਿਲੀਅਨ ਅਮਰੀਕਨ ਡਾਲਰ ਵਿਚੋਂ ਅੱਧਾ ਹਿੱਸਾ ਬਹੁਤ ਹੀ ਅਮੀਰ ਮੁਲਕਾਂ ਨੂੰ ਭੇਜਣ ਦੀ ਵਕਾਲਤ ਕੀਤੀ ਹੈ।

ਸੰਸਾਰ ਬੈਂਕ ਨੇ ਆਉਣ ਵਾਲੇ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ 2020 ਵਿਚ ਗਰੀਬੀ ਅਤੇ ਭੁੱਖਮਰੀ ਦੀ ਰੇਖਾ ਤੇ ਰਹਿ ਰਹੇ ਲੋਕਾਂ ਦੀ ਗਿਣਤੀ 119 ਤੋਂ 124 ਮਿਲੀਅਨ ਸੀ ਜੋ 2021 ਦੇ ਅੰਤ ਤੱਕ 143 ਤੋਂ 163 ਮਿਲੀਅਨ ਤੱਕ ਪਹੁੰਚ ਜਾਵੇਗੀ। ਇਨ੍ਹਾਂ ਨਵੇਂ ਪੈਦਾ ਹੋ ਰਹੇ ਗਰੀਬਾਂ ਕਾਰਨ ਕਈ ਖਿੱਤਿਆਂ ਵਿਚ ਭਿਆਨਕ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਸਮੱਸਿਆਵਾਂ ਦਾ ਜਨਮ ਹੋਵੇਗਾ ਜਿਨ੍ਹਾਂ ਵਿਚ ਦੱਖਣੀ ਏਸ਼ੀਆ ਦਾ ਖਿੱਤਾ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਸੰਸਾਰ ਦੀ ਕੁੱਲ ਆਬਾਦੀ ਵਿਚੋਂ ਇੱਕ ਬਿਲੀਅਨ ਲੋਕ ਝੁੱਗੀਆਂ-ਝੌਂਪੜੀਆਂ ਅਤੇ ਬਸਤੀਆਂ ਵਿਚ ਰਹਿਣ ਦੀ ਹਾਲਤ ਵਿਚ ਚਲੇ ਜਾਣਗੇ ਕਿਉਂਕਿ ਉਨ੍ਹਾਂ ਦੇ ਰਹਿਣ ਲਈ ਕਿਸੇ ਵੀ ਕਿਸਮ ਦੀਆਂ ਬੁਨਿਆਦੀ ਸਹੂਲਤਾਂ ਅਤੇ ਪ੍ਰਬੰਧ ਨਹੀਂ ਹੋਵੇਗਾ। 60 ਪ੍ਰਤੀਸ਼ਤ ਮਜ਼ਦੂਰ ਪਹਿਲਾਂ ਹੀ ਇਨ੍ਹਾਂ ਵਿਚੋਂ ਗੈਰ-ਜਥੇਬੰਦਕ ਆਰਥਿਕ ਖੇਤਰਾਂ ਵਿਚ ਕੰਮ ਕਰ ਰਹੇ ਹਨ। ਕਰੋਨਾ ਸੰਕਟ ਇਸ ਵੱਡੀ ਆਬਾਦੀ ਨੂੰ ਪ੍ਰਭਾਵਿਤ ਕਰ ਰਿਹਾ ਹੈ ਜਿਸ ਕਰ ਕੇ ਮੁਲਕਾਂ ਅੰਦਰ ਵੱਖ ਵੱਖ ਪੱਧਰ ਦੀ ਨਾ-ਬਰਾਬਰੀ ਪੈਦਾ ਹੋ ਰਹੀ ਹੈ।

ਇਸ ਨਾ-ਬਰਾਬਰੀ ਦਾ ਸਭ ਤੋਂ ਵੱਡਾ ਸਬੂਤ ਸਿੱਖਿਆ ਦੇ ਖੇਤਰ ਵਿਚ ਦੇਖਿਆ ਜਾ ਸਕਦਾ ਹੈ। ਜਿਸ ਪੱਧਰ ਤੇ ਕਰੋਨਾ ਸੰਕਟ ਦੌਰਾਨ ਸਕੂਲ ਬੰਦ ਕਰਨ ਦਾ ਸਿਲਸਿਲਾ ਵਿੱਢਿਆ ਗਿਆ ਹੈ, ਉਸ ਨਾਲ 1.57 ਬਿਲੀਅਨ ਬੱਚੇ ਸਕੂਲਾਂ ਤੋਂ ਬਾਹਰ ਹੋਏ ਹਨ। 370 ਮਿਲੀਅਨ ਬੱਚਿਆਂ ਨੂੰ ਜੋ ਦੁਪਹਿਰ ਦਾ ਭੋਜਨ ਮਿਲਦਾ ਸੀ, ਉਨ੍ਹਾਂ ਨੂੰ ਉਸ ਤੋਂ ਵੀ ਵਾਂਝੇ ਹੋਣਾ ਪਿਆ ਹੈ। ਇਸ ਤੋਂ ਵੀ ਵੱਧ, ਸਕੂਲ ਬੰਦ ਰਹਿਣ ਨਾਲ ਬੱਚਿਆਂ ਦੀ ਹਾਜ਼ਰੀ ਅਤੇ ਵੱਖ ਵੱਖ ਕਲਾਸਾਂ ਵਿਚ ਅਗਾਂਹ ਦਾਖਲਾ ਲੈਣ ਲਈ ਜੋ ਵਿੱਦਿਅਕ ਪੱਧਰ ਚਾਹੀਦਾ ਹੈ, ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਨਾਲ ਬੱਚਿਆਂ ਦੇ ਵਿਕਾਸ,



ਉਨ੍ਹਾਂ ਦੇ ਸੁਭਾਅ ਅਤੇ ਸਮਾਜਿਕ ਪੱਧਰ ਤੇ ਵਿਕਸਿਤ ਹੋਣ ਉੱਪਰ ਨਾਂਹ-ਪੱਖੀ ਪ੍ਰਭਾਵ ਪਿਆ ਹੈ। ਵੱਡੀ ਤਾਦਾਦ ਵਿਚ ਜਿਹੜੇ ਪਰਿਵਾਰ ਗ਼ਰੀਬੀ ਵੱਲ ਧੱਕੇ ਗਏ ਹਨ, ਉਨ੍ਹਾਂ ਦੇ ਬੱਚਿਆਂ ਨੂੰ ਮਜ਼ਦੂਰੀ ਕਰਨ ਦੇ ਰਸਤੇ ਤੁਰਨਾ ਪੈ ਰਿਹਾ ਹੈ। ਸੰਸਾਰ ਪੱਧਰ ਤੇ 20 ਸਾਲ ਪਹਿਲਾਂ ਬੱਚਿਆਂ ਨੂੰ ਛੋਟੀ ਉਮਰ ਵਿਚ ਕੰਮ ਤੇ ਜਾਣ ਜਾਂ ਲਗਵਾਉਣ ਦੀ ਦਰ ਵਿਚ ਜੋ ਕਮੀ ਆਈ ਸੀ, ਉਹ ਹੁਣ ਉਲਟ ਗਈ ਹੈ। ਬੱਚਿਆਂ ਨੂੰ ਮਜਬੂਰੀ ਵੱਸ ਕੰਮ ਉੱਪਰ ਲੱਗਣਾ ਪੈ ਰਿਹਾ ਹੈ। ਕਰੋਨਾ ਅਤੇ ਆਰਥਿਕ ਸੰਕਟ ਦਾ ਇਹ ਭਿਆਨਕ ਰੂਪ ਆਉਣ ਪੀੜ੍ਹੀਆਂ ਨੂੰ ਪ੍ਰਭਾਵਿਤ ਕਰੇਗਾ। ਕਈ ਗਰੀਬ ਮੁਲਕ ਤਾਂ ਭੋਜਨ ਅਸੁਰੱਖਿਆ ਵੱਲ ਪਹਿਲਾਂ ਹੀ ਵਧ ਚੁੱਕੇ ਹਨ। ਨੌਕਰੀਆਂ ਖਤਮ ਹੋਣ ਅਤੇ ਸਿਹਤ ਪ੍ਰਬੰਧ ਤਹਿਸ-ਨਹਿਸ ਹੋਣ ਦੇ ਨਾਲ ਨਾਲ ਮੁਢਲੀਆਂ ਸਹੂਲਤਾਂ ਦੇ ਹਾਲਾਤ ਕਈ ਮੁਲਕਾਂ ਨੂੰ ਸਿਆਸੀ ਮੰਦਵਾੜਿਆਂ ਵਿਚ ਸੁੱਟ ਸਕਦੇ ਹਨ।

ਸੰਯੁਕਤ ਰਾਸ਼ਟਰ ਨੇ ਭਾਵੇਂ ਨੇ ਅਪਰੈਲ ਮਹੀਨੇ ਕਰਜ਼ੇ ਨਾਲ ਸਬੰਧਿਤ ਹਾਲਾਤ ਨਾਲ ਮੜਿੱਕਣ ਲਈ ਤਿੰਨ ਨੁਕਤੇ ਵਿਚਾਰੇ ਹਨ ਜਿਨ੍ਹਾਂ ਵਿਚ ਕਰਜ਼ੇ ਦੀ ਅਦਾਇਗੀ ਮੁਆਫ ਕਰਨ ਦਾ ਸਵਾਲ, ਕਰਜ਼ਾ ਸਹਾਇਤਾ ਦੇ ਨਵੇਂ ਨਿਯਮ ਤੇ ਢੰਗ-ਤਰੀਕੇ ਅਤੇ ਕੌਮਾਂਤਰੀ ਕਰਜ਼ਾ ਬਣਤਰ ਵਿਚਲੇ ਸਵਾਲਾਂ ਨੂੰ ਮੁੜ ਕਿਸ ਤਰ੍ਹਾਂ ਨਜਿੱਠਿਆ ਜਾਵੇ ਆਦਿ ਸ਼ਾਮਿਲ ਸਨ ਪਰ ਹਾਲਾਤ ਇਹ ਬਣੀ ਰਹੀ ਕਿ ਹਰ ਮੁਲਕ ਦੂਜੇ ਮੁਲਕ ਦੀ ਮਦਦ ਕਰਨ ਨਾਲੋਂ ਆਪਣੇ ਮੁਲਕ ਦੇ ਸੰਕਟਾਂ ਨੂੰ ਹੱਲ ਕਰਨ ਦੇ ਰਸਤੇ ਤਲਾਸ਼ਦਾ ਰਿਹਾ ਅਤੇ ਸੁਝਾਉਂਦਾ ਰਿਹਾ। ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਨੇ ਜਿਸ ਤਰ੍ਹਾਂ ਦਾ ਆਰਥਿਕ ਮਾਡਲ ਸ਼ੁਰੂ ਕੀਤਾ ਸੀ, ਉਸ ਨੂੰ ਕਰੋਨਾ ਕਾਲ ਨੇ ਇੱਕ ਸਾਲ ਵਿਚ ਹੀ ਸੰਕਟ ਵੱਲ ਧੱਕ ਦਿੱਤਾ ਹੈ। ਖੁੱਲ੍ਹੀ ਮੰਡੀ ਦੀ ਜਿਸ ਤਰ੍ਹਾਂ ਦੀ ਮਿੱਥ ਤੋਰੀ ਜਾ ਰਹੀ ਸੀ, ਉਹ ਬੁਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ।

ਖੁੱਲ੍ਹੀ ਮੰਡੀ ਦਾ ਇਤਿਹਾਸ ਭਲਾ ਦਫਨ ਤਾਂ ਨਹੀਂ ਹੋ ਰਿਹਾ ਪਰ ਬੁਰੀ ਤਰ੍ਹਾਂ ਸੰਕਟ ਵਿਚ ਹੈ। ਦੁਨੀਆ ਦਾ ਕੋਈ ਵੀ ਮੁਲਕ ਕਰੋਨਾ ਕਾਲ ਵਿਚ ਸੰਤੁਲਨ ਨਹੀਂ ਰੱਖ ਰਿਹਾ। ਰਾਜ ਪਲਟਿਆਂ ਤੋਂ ਲੈ ਕੇ ਸਿਆਸੀ ਅਨਿਸ਼ਚਿਤਤਾ ਦਾ ਮਾਹੌਲ ਹਰ ਕੋਨੇ ਵਿਚ ਪੈਦਾ ਹੋ ਚੁੱਕਾ ਹੈ। ਜਿਸ ਤਰ੍ਹਾਂ ਵੱਖ ਵੱਖ ਮੁਲਕਾਂ ਦੀਆਂ ਆਰਥਿਕਤਾਵਾਂ ਕਰਜ਼ੇ ਤੇ ਮੰਦਵਾੜਿਆਂ ਵਿਚ ਫਸੀਆਂ ਪਈਆਂ ਹਨ, ਨਵੇਂ ਕਰਜ਼ੇ ਦੇਣ ਦੀ ਪ੍ਰਕਿਰਿਆ ਜੋ ਵੱਖ ਵੱਖ ਵਿਕਾਸਸ਼ੀਲ ਮੁਲਕਾਂ ਲਈ ਤੈਅ ਕੀਤੀ ਗਈ ਸੀ, ਉਸ ਵਾਸਤੇ ਤਾਜ਼ਾ ਰਿਪੋਰਟਾਂ ਅਨੁਸਾਰ, ਤਾਕਤਵਰ ਸੰਸਾਰ ਸਾਮਰਾਜੀ ਪ੍ਰਬੰਧ ਦੇ ਬਣਾਏ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਵੱਲੋਂ ਆਨਾਕਾਨੀ ਕੀਤੀ ਜਾ ਰਹੀ ਹੈ। ਇਸ ਦਾ ਸਭ ਤੋਂ ਵੱਡਾ ਸਬੂਤ 2030 ਲਈ ਹਰ ਇੱਕ ਲਈ ਸਿੱਖਿਆ, ਸਿਹਤ ਸਹੂਲਤਾਂ ਅਤੇ ਗਰੀਬੀ ਹਟਾਉਣ ਦੇ ਜੋ ਟੀਚੇ ਮਿੱਥੇ ਗਏ ਸਨ, ਉਹ ਕੌਮਾਂਤਰੀ ਆਰਥਿਕ ਸਹਾਇਤਾ ਤੋਂ ਬਿਨਾਂ ਦਮ ਤੋੜ ਰਹੇ ਹਨ। ਦੁਨੀਆ ਦੇ ਵੱਖ ਵੱਖ ਅਦਾਰਿਆਂ ਵੱਲੋਂ ਮਨੁੱਖੀ ਹੱਕਾਂ, ਆਰਥਿਕ ਪ੍ਰਬੰਧਾਂ ਵਿਚ ਤਬਦੀਲੀ, ਸੰਕਟ ਵਿਚ ਘਿਰੀ ਜਮਹੂਰੀਅਤ ਆਦਿ ਨਾਲ ਸਬੰਧਿਤ ਜੋ ਰਿਪੋਰਟਾਂ ਆ ਰਹੀਆਂ ਹਨ, ਉਹ ਭਾਰਤ ਵਰਗੇ ਮੁਲਕਾਂ ਲਈ ਨਵੇਂ ਸੰਕਟਾਂ ਨੂੰ ਜਨਮ ਦੇਣਗੀਆਂ ਕਿਉਂਕਿ ਵੱਖ ਵੱਖ ਨੀਤੀਆਂ ਰਾਹੀਂ ਮੁਲਕ ਨੂੰ ਕਾਰਪੋਰੇਟੀ ਮਾਡਲ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ।

ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਲਈ ਕੋਈ ਵੀ ਪ੍ਰਬੰਧ ਬਦਲਵੇਂ ਰੂਪ ਵਿਚ ਨਹੀਂ ਉਸਾਰਿਆ ਗਿਆ। ਕੌਮਾਂਤਰੀ ਮੁਦਰਾ ਕੋਸ਼ ਦੇ ਸਾਬਕਾ ਮੁੱਖ ਆਰਥਿਕ ਮਾਹਿਰ ਕੈੱਨ ਰੋਗਿਫ ਨੇ ਸੰਯੁਕਤ ਰਾਸ਼ਟਰ ਦੀ ਤਿਆਰ ਕੀਤੀ ਰਿਪੋਰਟ 'ਲੌਕਡਾਊਨ ਤੋਂ ਤਬਾਹੀ ਤੱਕ' ਵਿਚ ਜ਼ਿਕਰ ਕੀਤਾ ਹੈ ਕਿ ਜੇ ਅਮਰੀਕਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਗਾਂਹ ਕੋਈ ਵੱਡੀ ਤਬਦੀਲੀ ਕੀਤੀ ਗਈ ਤਾਂ ਇਸ ਨਾਲ ਦੁਨੀਆ ਦੇ ਪੈਮਾਨੇ ਉੱਤੇ ਸਿਆਸੀ ਅਨਿਸ਼ਚਿਤਤਾ ਤਾਂ ਪੈਦਾ ਹੋਵੇਗੀ ਹੀ, ਇਸ ਦੇ ਨਾਲ ਹੀ ਅਜਿਹੇ ਸੰਕਟ ਪੈਦਾ ਹੋ ਜਾਣਗੇ ਜਿਹੜੇ ਸੰਭਾਲਣੇ ਔਖੇ ਹੋ ਜਾਣਗੇ।

ਭਾਰਤ ਅੱਜ ਜਿਸ ਚੌਰਸਤੇ ਉੱਤੇ ਖੜ੍ਹਾ ਹੈ, ਇਸ ਨੇ ਆਪਣਾ ਸਮੁੱਚਾ ਤੰਤਰ ਕਾਰਪੋਰੇਟੀ ਘਰਾਣਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਪਾਲਿਸੀਆਂ ਦੇ ਪੱਧਰ ਤੇ ਜਿਸ ਤਰ੍ਹਾਂ ਵਿਕਸਿਤ ਕਰ ਦਿੱਤਾ ਹੈ, ਇਸ ਨਾਲ ਮੁਲਕ ਦੇ ਵੱਡੇ ਹਿੱਸੇ ਵਿਚ ਬੇਚੈਨੀ ਪੈਦਾ ਹੋਣੀ ਲਾਜ਼ਮੀ ਹੈ। ਇਸ ਬਾਰੇ ਪਹਿਲਾਂ ਹੀ ਕਈ ਰਿਪੋਰਟਾਂ ਕਹਿ ਚੁੱਕੀਆਂ ਹਨ ਕਿ ਤਿੰਨ ਕਰੋੜ ਦੇ ਲਗਭਗ ਮੱਧਵਰਗ ਜਮਾਤ ਹੇਠਾਂ ਡਿੱਗ ਰਹੀ ਹੈ ਜਿਸ ਨਾਲ ਮੰਡੀ ਦਾ ਮਾਡਲ ਤਹਿਸ-ਨਹਿਸ ਵੀ ਹੋ ਸਕਦਾ ਹੈ।

ਹੁਣ ਨਵ-ਉਦਾਰਵਾਦੀ ਮਾਡਲ ਦਾ ਭਾਵ ਹੈ ਕਿ ਸਰਕਾਰਾਂ ਦਾ ਕੰਮ ਸਿਰਫ ਡੰਡੇ ਰਾਹੀਂ ਰਾਜ ਕਰਨਾ ਅਤੇ ਹਰ ਤਰ੍ਹਾਂ ਦੇ ਸਰਕਾਰੀ ਸਰੋਤਾਂ ਨੂੰ ਸੰਕਟ ਵਿਚ ਘਿਰੇ ਕਹਿ ਕੇ ਵੇਚ ਦੇਣਾ। ਇਸ ਦਾ ਸਭ ਤੋਂ ਵੱਡਾ ਸਬੂਤ ਇੱਕ ਸਾਲ ਤੋਂ ਸਿਹਤ ਸਹੂਲਤਾਂ ਨੂੰ ਪ੍ਰਫੁਲਿਤ ਕਰਨ ਦੀ ਥਾਂ ਉਨ੍ਹਾਂ ਨੂੰ ਨਕਾਰਾ ਕਰ ਦਿੱਤਾ ਗਿਆ ਹੈ। ਸਿਹਤ, ਭੋਜਨ, ਸਿੱਖਿਆ, ਰੁਜ਼ਗਾਰ ਆਦਿ ਨਾਲ ਸਬੰਧਿਤ ਸਰਕਾਰੀ ਸਹਾਇਤਾ ਅਤੇ ਲੋੜ ਜੋ ਸਰਕਾਰਾਂ ਵੱਲੋਂ ਦੇਣੀ ਬਣਦੀ ਸੀ, ਤੋਂ ਨਕਾਰਾ ਕਰ ਲਿਆ ਗਿਆ ਹੈ। ਸੰਕਟ ਦੇ ਅਜਿਹੇ ਹਾਲਾਤ ਵਿਚ ਮਨੁੱਖਤਾ ਨੂੰ ਨਵੀਂ ਤਰ੍ਹਾਂ ਦੇ ਸਦਮਿਆਂ ਵੱਲ ਧੱਕਿਆ ਜਾ ਰਿਹਾ ਹੈ।

# ਵਿਕਾਸ ਪਰ ਕਿਸ ਦੇ ਲਈ?

ਐਸ. ਐਸ. ਛੀਨਾ

ਜਦੋਂ ਇਸ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੋਵੇ ਕਿ ਭਾਰਤ ਦਾ ਇਕ ਸ਼ਖਸ ਏਸ਼ੀਆ ਦਾ ਸਭ ਤੋਂ ਅਮੀਰ ਸ਼ਖਸ ਹੈ, ਜਾਂ ਦੁਨੀਆ ਦੇ ਸਭ ਤੋਂ ਅਮੀਰ ਸ਼ਖਸਾਂ ਵਿਚ ਭਾਰਤੀਆਂ ਦੀ ਗਿਣਤੀ ਤੀਸਰੇ ਨੰਬਰ 'ਤੇ ਆਉਂਦੀ ਹੈ ਤਾਂ ਇਸ ਦਾ ਕਦੀ ਵੀ ਇਹ ਅਰਥ ਨਹੀਂ ਲਿਆ ਜਾ ਸਕਦਾ ਕਿ ਆਮ ਭਾਰਤੀ ਦੀ ਔਸਤ ਆਮਦਨ ਵੀ ਦੁਨੀਆ ਦੇ ਦੇਸ਼ਾਂ ਵਿਚ ਤੀਜੇ ਨੰਬਰ 'ਤੇ ਹੈ ਕਿਉਂਕਿ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਦੁਨੀਆ ਦੇ ਸਭ ਦੇਸ਼ਾਂ ਵਿਚੋਂ ਸਭ ਤੋਂ ਜ਼ਿਆਦਾ ਗਰੀਬ ਲੋਕ ਭਾਰਤ ਵਿਚ ਰਹਿ ਰਹੇ ਹਨ ਅਤੇ ਉਹ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ ਜਿਨ੍ਹਾਂ ਵਿਚੋਂ ਜ਼ਿਆਦਾਤਰ ਘੋਰ ਗਰੀਬੀ ਦੀ ਹਾਲਤ ਵਿਚ ਹਨ। ਪਿਛਲੇ ਕਈ ਸਾਲਾਂ ਤੋਂ ਔਸਤ ਵਿਕਾਸ ਦਰ ਭਾਵੇਂ 6 ਫੀਸਦੀ ਰਹੀ ਹੈ ਪਰ ਮੁਦਰਾ ਸਫੀਤੀ ਦੀ ਦਰ 7 ਫੀਸਦੀ ਤੋਂ ਵੀ ਉੱਪਰ ਰਹੀ ਹੈ ਜਿਸ ਦਾ ਅਰਥ ਹੈ ਕਿ ਮਹਿੰਗਾਈ ਵਧਣ ਨਾਲ ਆਮ ਸ਼ਖਸ ਦੀ ਹਾਲਤ ਪਹਿਲਾਂ ਤੋਂ ਵੀ ਕਮਜ਼ੋਰ ਹੋਈ ਹੈ।

1950 ਤੋਂ ਲੈ ਕੇ ਲਗਾਤਾਰ ਹਰ ਸਾਲ ਮਹਿੰਗਾਈ ਵਿਚ ਵਾਧਾ ਹੁੰਦਾ ਰਿਹਾ ਹੈ ਅਤੇ ਜਿਹੜੀਆਂ ਆਮ ਵਸਤੂਆਂ ਦੀਆਂ ਕੀਮਤਾਂ 1960 ਵਿਚ ਸਨ, ਹੁਣ ਉਨ੍ਹਾਂ ਤੋਂ ਕੀਮਤਾਂ ਔਸਤ 150 ਗੁਣਾ ਵਧ ਗਈਆਂ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਵਿਚ ਮੁਦਰਾ ਸਫੀਤੀ ਇਸ ਰਫਤਾਰ ਨਾਲ ਵਧੀ ਸੀ ਕਿ ਇਹ ਗੱਲ ਆਮ ਕਹੀ ਜਾਂਦੀ ਸੀ ਕਿ ਲੋਕ ਟੋਕਰੀਆਂ ਵਿਚ ਕੈਸ਼ ਲੈ ਕੇ ਬਾਜ਼ਾਰ ਜਾਂਦੇ ਹਨ ਅਤੇ ਜੇਬਾਂ ਵਿਚ ਵਸਤੂਆਂ ਪਾ ਕੇ ਵਾਪਸ ਮੁੜਦੇ ਹਨ। ਹੁਣ ਇਸ ਤਰ੍ਹਾਂ ਦੀ ਮਹਿੰਗਾਈ ਵਾਲੀ ਹਾਲਤ ਬਣ ਗਈ ਹੈ ਕਿ 1957 ਵਿਚ ਨਵੇਂ ਪੈਸੇ ਦੀ ਇਕ ਇਕਾਈ ਵੀ ਮਿਲਦੀ ਸੀ ਜਿਹੜੀ ਖਤਮ ਹੁੰਦੀ ਗਈ ਅਤੇ ਹੁਣ ਕੋਈ ਵੀ ਸਿੱਕਾ ਨਹੀਂ ਮਿਲਦਾ ਜਦੋਂ ਕਿ ਇਕ ਰੁਪਏ, ਦੋ ਰੁਪਏ, 5 ਰੁਪਏ ਦੇ ਨੋਟ ਵੀ ਨਜ਼ਰ ਆਉਣੋਂ ਹਟਦੇ ਜਾਂਦੇ ਹਨ। ਪੈਸੇ ਦੀ ਕੀਮਤ ਭਾਵੇਂ ਸਿਫਰ ਤਾਂ ਕਦੀ ਵੀ ਨਹੀਂ ਹੁੰਦੀ ਪਰ ਬਹੁਤ ਘਟ ਗਈ ਹੈ।

2019 ਦੇ ਬਜਟ ਨੂੰ ਪੇਸ਼ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਇਹ ਦੱਸਿਆ ਗਿਆ ਸੀ ਕਿ ਆਉਣ ਵਾਲੇ 5 ਸਾਲਾਂ ਵਿਚ ਭਾਰਤ ਦੀ ਅਰਥ ਵਿਵਸਥਾ 5 ਟ੍ਰਿਲੀਅਨ ਡਾਲਰ (5 ਲੱਖ ਕਰੋੜ ਡਾਲਰ) ਵਾਲੀ ਬਣ ਜਾਵੇਗੀ, ਜਦੋਂ ਕਿ ਉਸ ਵਕਤ ਇਹ ਅਰਥ ਵਿਵਸਥਾ 2.7 ਲੱਖ ਕਰੋੜ ਡਾਲਰ ਵਾਲੀ ਸੀ। ਪਹਿਲਾਂ ਤਾਂ ਇਹ ਸੰਭਵ ਹੀ ਨਹੀਂ ਲਗਦਾ ਕਿ ਇਹ ਹਾਲਤ ਬਣ ਸਕਦੀ ਹੈ ਪਰ ਜੇ ਇਹ ਬਣ ਵੀ ਜਾਵੇ ਤਾਂ ਵੀ ਇਸ ਦਾ ਇਹ ਅਰਥ ਨਹੀਂ ਕਿ ਆਮ ਬੰਦੇ ਦੀ ਆਮਦਨ ਵੀ ਦੁੱਗਣੀ ਹੋ ਜਾਵੇਗੀ। ਪਿਛਲੇ ਸਮਿਆਂ ਦੀ ਹਾਲਤ ਨੂੰ ਦੇਖਦਿਆਂ ਇਹ ਗੱਲ ਸਾਹਮਣੇ ਆਈ ਹੈ ਕਿ ਵਿਕਾਸ ਵਿਚ ਆਮਦਨ ਅਤੇ ਧਨ ਦੀ ਨਾ-ਬਰਾਬਰੀ ਪਹਿਲਾਂ ਤੋਂ ਵੀ ਜ਼ਿਆਦਾ ਵਧ ਗਈ ਹੈ ਅਤੇ ਇਹ ਹੋਰ ਵਧ ਰਹੀ ਹੈ।

ਇਕ ਰਿਪੋਰਟ ਅਨੁਸਾਰ ਭਾਰਤ ਦੀ ਸਿਰਫ ਇਕ ਫੀਸਦੀ ਉਪਰਲੀ ਆਮਦਨ ਵਾਲੀ ਵਸੋਂ ਕੋਲ ਦੇਸ਼ ਦੀ 45 ਫੀਸਦੀ ਜਾਇਦਾਦ ਹੈ। ਸਿਰਫ 9 ਅਰਬਪਤੀਆਂ ਕੋਲ ਇੰਨੀ ਜਾਇਦਾਦ ਹੈ, ਜਿੰਨੀ ਹੇਠਾਂ ਦੀ ਆਮਦਨ ਵਾਲੀ ਕੁੱਲ ਮਿਲਾ ਕੇ 50 ਫੀਸਦੀ ਵਸੋਂ ਕੋਲ ਹੈ। ਉੱਪਰਲੀ ਆਮਦਨ ਵਾਲੀ ਸਿਰਫ 10 ਫੀਸਦੀ ਵਸੋਂ ਕੋਲ ਦੇਸ਼ ਦੀ ਕੁੱਲ ਜਾਇਦਾਦ ਦਾ 75 ਫੀਸਦੀ ਜਾਇਦਾਦ ਹੈ। ਅਰਬਪਤੀਆਂ ਦੇ ਲਾਭ ਜਿਸ ਰਫਤਾਰ ਨਾਲ ਵਧ ਰਹੇ ਹਨ, ਉਸ ਰਫਤਾਰ ਨਾਲ ਆਮ ਆਦਮੀ ਦੀ ਆਮਦਨ ਨਹੀਂ ਵਧ ਰਹੀ, ਕਿਉਂਕਿ ਜੋ ਆਮਦਨ ਵਿਚ ਵਾਧਾ ਕਰਨ ਲਈ ਨਵੀਆਂ ਤਕਨੀਕਾਂ ਅਤੇ ਬਹੁਪੱਖੀ ਮਸ਼ੀਨਾਂ ਨਾਲ ਕਿਰਤੀਆਂ ਦੀ ਗਿਣਤੀ ਘਟਾ ਕੇ ਲਾਗਤ ਨੂੰ ਘਟਾਇਆ ਜਾਂਦਾ ਹੈ। ਹੁਣ ਦੇ ਕਰੋਨਾ ਮਹਾਮਾਰੀ ਦੇ ਪ੍ਰਭਾਵ ਨਾਲ ਹੀ 10 ਕਰੋੜ ਵਸੋਂ ਬੇਰੁਜ਼ਗਾਰ ਹੋਈ ਹੈ। ਕੋਈ 31 ਕਰੋੜ 10 ਲੱਖ ਪਰਿਵਾਰਾਂ ਦੀ ਆਮਦਨ ਘਟ ਗਈ ਹੈ ਤੇ ਉਹ ਪਰਿਵਾਰ ਮੱਧ ਵਰਗੀ ਸ਼੍ਰੇਣੀ ਤੋਂ ਥੱਲੇ ਆ ਗਏ ਹਨ। ਨਿੱਜੀਕਰਨ ਦੇ ਵਧਦੇ ਰੁਝਾਨ ਕਾਰਨ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਹਰ ਨਵੀਂ ਤਕਨੀਕ ਜਿਹੜੀ ਕਿਰਤੀ ਦੀ ਜਗ੍ਹਾ ਪੂੰਜੀ ਨਾਲ ਲਾਗਤ ਘਟਾਈ ਜਾਵੇਗੀ ਉਸ ਨੂੰ ਅਪਣਾਉਣ ਨਾਲ ਰੁਜ਼ਗਾਰ ਵਧਣ ਦੀਆਂ ਸੰਭਾਵਨਾਵਾਂ ਹੋਰ ਘੱਟ ਹੋਣਗੀਆਂ, ਜਿਹੜੀਆਂ ਆਮਦਨ ਦੇ ਵਾਧੇ ਵਿਚ ਮੁੱਖ ਰੁਕਾਵਟਾਂ ਬਣਨਗੀਆਂ ਅਤੇ ਆਰਥਿਕਤਾ ਹੋਰ ਕਮਜ਼ੋਰ ਹੋ ਜਾਵੇਗੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਇਕ ਵਸੋਂ ਦੇ ਵੱਡੇ ਭਾਰ ਵਾਲਾ ਦੇਸ਼ ਹੈ ਪਰ ਜੇ ਵਸੋਂ ਘਣਤਾ ਵੱਲ ਦੇਖੀਏ ਤਾਂ ਦੁਨੀਆ ਦੇ ਤਿੰਨ ਦੇਸ਼ ਜਰਮਨੀ, ਜਾਪਾਨ ਅਤੇ ਇੰਗਲੈਂਡ ਦੀ ਵਸੋਂ ਘਣਤਾ ਵੀ ਭਾਰਤ ਦੀ ਵਸੋਂ ਘਣਤਾ ਤੋਂ ਵੱਧ ਹੈ, ਫਿਰ ਵੀ ਉਹ ਦੁਨੀਆ ਦੇ ਪਹਿਲੇ 8 ਵਿਕਸਿਤ ਦੇਸ਼ਾਂ ਦੀ ਸੂਚੀ ਵਿਚ ਹਨ ਅਤੇ ਉਹ ਤਿੰਨੇ ਹੀ ਉਦਯੋਗਿਕ ਦੇਸ਼ ਹਨ। ਤਿੰਨਾਂ ਦੇਸ਼ਾਂ ਦੀਆਂ ਕਰੰਸੀਆਂ ਬਹੁਤ ਮਹਿੰਗੀਆਂ ਹਨ, ਕਿਉਂਕਿ ਉਨ੍ਹਾਂ ਦੇਸ਼ਾਂ ਦੀਆਂ ਬਣੀਆਂ ਵਸਤੂਆਂ ਦੀ ਵਿਦੇਸ਼ਾਂ ਵਿਚ ਭਾਰੀ ਮੰਗ ਹੈ। ਉਨ੍ਹਾਂ ਦੀ ਬਰਾਮਦ ਜ਼ਿਆਦਾ ਹੈ ਅਤੇ ਦਰਾਮਦ ਘੱਟ ਹੈ। ਬੰਗਲਾਦੇਸ਼ ਦੀ ਵਸੋਂ ਘਣਤਾ ਭਾਰਤ ਦੀ ਵਸੋਂ ਘਣਤਾ ਤੋਂ ਕਿਤੇ ਜ਼ਿਆਦਾ ਹੈ ਪਰ ਹੁਣ ਬੰਗਲਾਦੇਸ਼ ਵੀ ਵਕਤ ਤੋਂ ਜ਼ਿਆਦਾ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਜਿਸ ਵਿਚ ਵੱਡਾ ਤੱਤ ਇਹ ਸਾਹਮਣੇ ਆਉਂਦਾ ਹੈ ਕਿ ਉਸ ਨੇ ਆਪਣੇ ਦੇਸ਼ ਦੀਆਂ ਵਸਤੂਆਂ ਨੂੰ ਉਤਪਾਦਨ ਕਰਕੇ ਇਸ ਹੱਦ ਤੱਕ ਵਧਾ ਲਿਆ ਹੈ ਕਿ ਉਹ ਆਪਣੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ ਅਤੇ ਵਿਦੇਸ਼ਾਂ ਨੂੰ ਬਰਾਮਦ ਵੀ ਕਰਦਾ ਹੈ। ਰੁਜ਼ਗਾਰ ਵਧਣ ਕਰ ਕੇ ਆਮ ਬੰਦੇ ਦੀ ਆਮਦਨ ਵਿਚ ਵਾਧਾ ਹੋ ਰਿਹਾ ਹੈ। ਹੁਣ ਭਾਰਤ ਔਸਤ ਆਮਦਨ ਦੀ ਪੱਧਰ 'ਤੇ ਦੁਨੀਆ ਵਿਚ 142ਵੇਂ ਨੰਬਰ 'ਤੇ ਪਹੁੰਚ ਗਿਆ ਹੈ ਜਦੋਂ ਕਿ ਬੰਗਲਾਦੇਸ਼ ਤੇ ਸ੍ਰੀਲੰਕਾ ਭਾਰਤ ਤੋਂ ਉੱਪਰ ਪਹੁੰਚ ਗਏ ਹਨ।

ਆਮਦਨ ਨਾਬਰਾਬਰੀ ਵਾਲੀ ਆਰਥਿਕਤਾ ਦਾ ਵਿਕਾਸ ਹੰਢਣਸਾਰ ਵਿਕਾਸ ਨਹੀਂ ਬਣ ਸਕਦਾ। ਇਕ ਪਾਸੇ ਬਹੁਤ ਅਮੀਰ ਲੋਕ, ਜਿਨ੍ਹਾਂ ਦੀ ਥੋੜ੍ਹੀ ਜਿਹੀ ਆਮਦਨ ਨਾਲ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਬਾਕੀ ਬਚਾ ਲਈ ਜਾਂਦੀ ਹੈ, ਜਿਹੜੀ ਖਰਚ ਨਹੀਂ ਹੁੰਦੀ। ਜਿਹੜੀ ਆਮਦਨ ਖਰਚ ਨਹੀਂ ਹੁੰਦੀ, ਉਹ ਹੋਰ ਕਿਸੇ ਦੀ ਆਮਦਨ ਨਹੀਂ ਬਣਦੀ। ਬਾਜ਼ਾਰ ਵਿਚ ਚੀਜ਼ਾਂ ਇਸ ਕਰ ਕੇ ਨਹੀਂ ਵਿਕਦੀਆਂ, ਕਿਉਂਕਿ ਜ਼ਿਆਦਾਤਰ ਲੋਕਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ। ਜਦੋਂ ਵਸਤੂਆਂ ਨਹੀਂ ਵਿਕਦੀਆਂ ਤਾਂ ਹੋਰ ਬਣਾਉਣ ਦੀ ਲੋੜ ਨਹੀਂ, ਹੋਰ ਵਸਤੂਆਂ ਬਣਦੀਆਂ ਨਹੀਂ, ਨਵੇਂ ਰੁਜ਼ਗਾਰ ਪੈਦਾ ਨਹੀਂ ਹੁੰਦੇ। ਇਸ ਤਰ੍ਹਾਂ ਜਦੋਂ ਬੇਰੁਜ਼ਗਾਰੀ ਵਧਦੀ ਹੈ ਤਾਂ ਗਰੀਬਾਂ ਦੀ ਗਿਣਤੀ ਹੋਰ ਵਧਦੀ ਜਾਂਦੀ ਹੈ। ਇਹ ਨਾ-ਬਰਾਬਰੀ ਲਗਾਤਾਰ ਚੱਲਣ ਵਾਲੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਂਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਨਾ-ਬਰਾਬਰੀ ਹੈ, ਉਨ੍ਹਾਂ ਦੇਸ਼ਾਂ ਵਿਚ ਵਿਕਾਸ ਦਰ ਘੱਟ ਵੀ ਹੈ ਅਤੇ ਵਿਕਾਸ ਵੀ ਲਗਾਤਾਰ ਨਹੀਂ ਹੈ।

ਜਿਨ੍ਹਾਂ ਦੇਸ਼ਾਂ ਵਿਚ ਆਮਦਨ ਬਰਾਬਰੀ ਹੈ, ਉਥੇ ਵਿਕਾਸ ਲਗਾਤਾਰ ਵੀ ਹੈ ਅਤੇ ਵਿਕਾਸ ਦਰ ਜ਼ਿਆਦਾ ਹੈ। ਦੁਨੀਆ ਦੇ ਵਿਕਸਿਤ ਦੇਸ਼ਾਂ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਵਿਚ ਆਮਦਨ ਵੀ ਸਥਿਰ ਹੈ ਅਤੇ ਕੀਮਤਾਂ ਵਿਚ ਵੀ ਕੋਈ ਵਾਧਾ ਨਹੀਂ ਹੋਇਆ, ਜਦੋਂ ਕਿ ਭਾਰਤ ਵਿਚ 1960 ਤੋਂ ਲੈ ਕੇ ਹੁਣ ਤੱਕ ਆਮ ਕੀਮਤ ਪੱਧਰ ਵਿਚ 150 ਗੁਣਾ ਵਾਧਾ ਹੋਇਆ ਹੈ। ਕੀਮਤਾਂ ਪਹਿਲਾਂ ਵਧਦੀਆਂ ਹਨ, ਉਜਰਤਾਂ ਬਾਅਦ ਵਿਚ ਵਧਦੀਆਂ ਹਨ। ਜਦੋਂ ਉਜਰਤਾਂ ਵਧਦੀਆਂ ਹਨ, ਕੀਮਤਾਂ ਹੋਰ ਅੱਗੇ ਚਲੀਆਂ ਜਾਂਦੀਆਂ ਹਨ ਅਤੇ ਇਹ ਆਮ ਬੰਦੇ ਦੀਆਂ ਮੁਸ਼ਕਿਲਾਂ ਵਿਚ ਵਾਧਾ ਕਰਦੀਆਂ ਹਨ।

ਵਿਕਾਸ ਦਾ ਲਾਭ ਹਰ ਇਕ ਨੂੰ ਮਿਲੇ, ਅਜਿਹੀਆਂ ਨੀਤੀਆਂ ਅਤੇ ਯੋਜਨਾਵਾਂ ਹੁਕਮਰਾਨਾਂ ਦੀ ਮੁੱਖ ਤਰਜੀਹ ਬਣਨੀ ਚਾਹੀਦੀ ਹੈ। ਨੀਤੀ ਆਯੋਗ ਨੂੰ ਸਭ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਕਾਸ ਦੇ ਲਾਭ ਹਰ ਇਕ ਲਈ ਸੰਭਵ ਹੋਣ ਜਿਸ ਵਿਚ ਆਮਦਨ ਦੀ ਨਾਬਰਾਬਰੀ ਨੂੰ ਵੱਡੀ ਰੁਕਾਵਟ ਵਜੋਂ ਪਛਾਣ ਕੇ ਹਰ ਉਹ ਢੰਗ ਵਰਤਣਾ ਜ਼ਰੂਰੀ ਹੈ ਜਿਸ ਨਾਲ ਉਸ ਦੀ ਵੰਡ ਬਰਾਬਰ ਹੋਵੇ।

ਹਰ ਇਕ ਲਈ ਬਰਾਬਰ ਦੇ ਮੌਕੇ ਤਾਂ ਹਨ ਪਰ ਉਨ੍ਹਾਂ ਮੌਕਿਆਂ ਨੂੰ ਪ੍ਰਾਪਤ ਕਰਨ ਲਈ ਮੁਢਲੀ ਯੋਗਤਾ ਵਿਚ ਆਰਥਿਕ ਮੁਸ਼ਕਿਲਾਂ ਰੁਕਾਵਟ ਬਣਦੀਆਂ ਹਨ। ਇਸ ਲਈ ਲੋੜ ਆਰਥਿਕਤਾ ਦੇ ਢਾਂਚੇ ਵਿਚ ਬੁਨਿਆਦੀ ਤਬਦੀਲੀ ਦੀ ਹੈ ਤਾਂ ਕਿ ਵਿਕਾਸ ਦੇ ਲਾਭ ਹਰ ਇਕ ਲਈ ਬਰਾਬਰ ਹੋਣ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਅਪਰੈਲ 2021*

# ਕਰੋਨਾ ਨਾਲ ਲੜਾਈ

ਇਸ ਵਕਤ ਤਕਰੀਬਨ ਸਾਰਾ ਸੰਸਾਰ ਕਰੋਨਾ ਵਾਇਰਸ ਮਹਾਂਮਾਰੀ ਨਾਲ ਜੂਝ ਰਿਹਾ ਹੈ। ਕਈ ਮੁਲਕਾਂ ਨੇ ਆਪੋ-ਆਪਣੇ ਢੰਗ-ਤਰੀਕਿਆਂ ਨਾਲ ਸਿਹਤ ਅਤੇ ਪ੍ਰਸ਼ਾਸਕੀ ਪ੍ਰਬੰਧ ਕਰ ਕੇ ਇਸ ਮਹਾਂਮਾਰੀ 'ਤੇ ਕਾਬੂ ਪਾਉਣ ਦਾ ਯਤਨ ਕੀਤਾ ਹੈ ਅਤੇ ਇਸ ਵਿਚ ਸਫਲਤਾ ਵੀ ਹਾਸਲ ਕੀਤੀ ਹੈ। ਹੁਣ ਪਿਛਲੇ ਕੁਝ ਹਫਤਿਆਂ ਤੋਂ ਕਰੋਨਾ ਦੀ ਦੂਜੀ ਅਤੇ ਤਿੱਖੀ ਲਹਿਰ ਉਠੀ ਹੈ। ਇਸ ਲਹਿਰ ਦੀ ਲਪੇਟ ਵਿਚ ਕਈ ਮੁਲਕ ਤੇ ਇਲਾਕੇ ਆਏ ਹਨ ਅਤੇ ਇਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ। ਆ ਰਹੀਆਂ ਖਬਰਾਂ ਅਨੁਸਾਰ, ਭਾਰਤ ਵਿਚ ਹਾਲਤ ਆਏ ਦਿਨ ਹਾਲਤ ਨਾਜ਼ੁਕ ਹੋ ਰਹੀ ਹੈ। ਪਿਛਲੇ ਸਾਲ ਜਦੋਂ ਕਰੋਨਾ ਦੀ ਮਾਰ ਪਈ ਸੀ ਤਾਂ ਭਾਰਤ ਉਨ੍ਹਾਂ ਮੁਲਕਾਂ ਵਿਚੋਂ ਸੀ ਜਿਥੇ ਬਹੁਤ ਸਖਤੀ ਨਾਲ ਲੌਕਡਾਊਨ ਲਾ ਦਿੱਤਾ ਗਿਆ ਸੀ। ਹੋਰ ਤਾਂ ਹੋਰ, ਉਸ ਵਕਤ ਲੋਕਾਂ ਨੂੰ ਆਪੋ-ਆਪਣੇ ਘਰਾਂ ਤੱਕ ਅੱਪੜਨ ਦਾ ਮੌਕਾ ਤੱਕ ਨਹੀਂ ਸੀ ਦਿੱਤਾ ਗਿਆ। ਉਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਧੇ ਪ੍ਰਸਾਰਨ ਰਾਹੀਂ ਲੌਕਡਾਊਨ ਦਾ ਐਲਾਨ ਕਰ ਦਿੱਤਾ ਅਤੇ ਲੋਕਾਂ ਨੂੰ ਸੰਭਲਣ ਲਈ ਸਿਰਫ ਚਾਰ ਘੰਟਿਆਂ ਦਾ ਸਮਾਂ ਦਿੱਤਾ ਗਿਆ। ਇਸ ਤੋਂ ਬਾਅਦ ਜੋ ਕੁਝ ਹੋਇਆ, ਉਸ ਨੂੰ ਯਾਦ ਕਰ ਕੇ ਹਰ ਸੰਜੀਦਾ ਸ਼ਖਸ ਕੰਬ ਉਠਦਾ ਹੈ। ਸੜਕਾਂ ਉਤੇ ਪਰਵਾਸੀ ਮਜ਼ਦੂਰਾਂ ਦਾ ਜੋ ਹਾਲ ਹੋਇਆ, ਉਹ ਕਿਸੇ ਤੋਂ ਲੁਕਿਆ ਨਹੀਂ ਅਤੇ ਇਸ ਤੋਂ ਬਾਅਦ ਦੇ ਸਮੇਂ ਦੌਰਾਨ ਆਮ ਕਾਰੋਬਾਰੀਆਂ ਦੇ ਕੰਮ-ਧੰਦੇ ਜਿਸ ਤਰ੍ਹਾਂ ਤਬਾਹ ਹੋਏ, ਉਸ ਦੀ ਚਰਚਾ ਬਹੁਤ ਵੱਡੇ ਪੱਧਰ 'ਤੇ ਹੋਈ। ਇਹ ਵੱਖਰੀ ਗੱਲ ਹੈ ਕਿ ਮੋਦੀ ਸਰਕਾਰ ਨੇ ਕਰੋਨਾ ਲੌਕਡਾਊਨ ਕਾਰਨ ਆਈ ਆਰਥਕ ਮੰਦੀ ਨਾਲ ਨਜਿੱਠਣ ਲਈ ਕੋਈ ਕਾਰਗਰ ਨੀਤੀ ਨਹੀਂ ਅਪਣਾਈ। ਇਹ ਇਸੇ ਨਾਲਾਇਕੀ ਦਾ ਨਤੀਜਾ ਹੈ ਕਿ ਹੁਣ ਜਦੋਂ ਪੂਰੇ ਇਕ ਸਾਲ ਬਾਅਦ ਕਰੋਨਾ ਦੀ ਦੂਜੀ ਲਹਿਰ ਉਠੀ ਹੈ ਤਾਂ ਹਾਲਾਤ ਹੁਣ ਵੀ ਉਸੇ ਤਰ੍ਹਾਂ ਦੇ ਹਨ।

ਅਸਲ ਵਿਚ ਕਰੋਨਾ ਕਾਰਨ ਆਏ ਸੰਕਟ ਤੋਂ ਜੋ ਸਬਕ ਸਰਕਾਰ ਨੂੰ ਸਿੱਖਣੇ ਚਾਹੀਦੇ ਸਨ, ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਕਰੋਨਾ ਦੀ ਮਾਰ ਦੌਰਾਨ ਪ੍ਰਾਈਵੇਟ ਹਸਪਤਾਲਾਂ ਦੀ ਭੂਮਿਕਾ ਬਹੁਤ ਸ਼ੱਕੀ ਬਣ ਗਈ ਸੀ, ਇਸੇ ਕਰ ਕੇ ਮਰੀਜ਼ਾਂ ਨੂੰ ਸੰਭਾਲਣ ਦਾ ਬਹੁਤਾ ਬੋਝ ਸਰਕਾਰੀ ਹਸਪਤਾਲਾਂ ਉਤੇ ਪਿਆ। ਉਦੋਂ ਵਿਸ਼ਲੇਸ਼ਣਕਾਰਾਂ ਅਤੇ ਮਾਹਿਰਾਂ ਨੇ ਰਾਇ ਪ੍ਰਗਟ ਕੀਤੀ ਸੀ ਕਿ ਸਰਕਾਰ ਨੂੰ ਹੁਣ ਸਰਕਾਰੀ ਪ੍ਰਬੰਧਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਪਰ ਮੋਦੀ ਸਰਕਾਰ ਦੇ ਨੀਤੀਗਤ ਫੈਸਲੇ ਕਿਉਂਕਿ ਪ੍ਰਾਈਵੇਟ ਅਦਾਰਿਆਂ ਦੇ ਹੱਕ ਵਿਚ ਭੁਗਤਦੇ ਹਨ, ਇਸ ਲਈ ਸਿਹਤ-ਸੰਭਾਲ ਦੇ ਸਰਕਾਰੀ ਪ੍ਰਬੰਧਾਂ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਗਿਆ। ਕਰੋਨਾ ਵੈਕਸੀਨੇਸ਼ਨ ਦੇ ਮਾਮਲੇ ਵਿਚ ਵੀ ਸਰਕਾਰ ਕੋਈ ਖਾਸ ਨੀਤੀ ਤਿਆਰ ਕਰਨ ਵਿਚ ਨਾਕਾਮ ਰਹੀ ਹੈ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਜਿਹੜਾ ਭਾਸ਼ਨ ਦਿੱਤਾ ਹੈ, ਉਸ ਵਿਚ ਅਸਿੱਧੇ ਢੰਗ ਨਾਲ ਲੋਕਾਂ ਨੂੰ ਹੀ ਕਹਿ ਦਿੱਤਾ ਗਿਆ ਹੈ ਕਿ ਉਹ ਆਪਣਾ ਧਿਆਨ ਆਪ ਰੱਖਣ। ਪਿਛਲੇ ਸਾਲ ਵਾਂਗ ਐਤਕੀਂ ਵੀ ਲੌਕਡਾਊਨ ਦੇ ਡਰ ਕਾਰਨ ਪਰਵਾਸੀ ਮਜ਼ਦੂਰ ਆਪੋ-ਆਪਣੇ ਘਰਾਂ ਨੂੰ ਰਵਾਨਾ ਹੋਣੇ ਸ਼ੁਰੂ ਹੋ ਗਏ ਹਨ ਪਰ ਸਰਕਾਰ ਇਨ੍ਹਾਂ ਲਈ ਕੋਈ ਪ੍ਰਬੰਧ ਨਹੀਂ ਕਰ ਰਹੀ ਹੈ। ਜਿਥੇ ਕਿਤੇ ਵੀ ਸਥਾਨਕ ਪੱਧਰ 'ਤੇ ਲੌਕਡਾਊਨ ਲਾਇਆ ਜਾ ਰਿਹਾ ਹੈ, ਉਥੋਂ ਦੇ ਕਾਰੋਬਾਰੀ, ਦੁਕਾਨਦਾਰ ਆਦਿ ਸਭ ਰਲ ਕੇ ਲੌਕਡਾਊਨ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਸਵਾਲ ਹੈ ਕਿ ਅਜੇ ਤਾਂ ਪਿਛਲੇ ਲੌਕਡਾਊਨ ਦੌਰਾਨ ਹੋਏ ਨੁਕਸਾਨ ਦੀ ਹੀ ਭਰਪਾਈ ਨਹੀਂ ਹੋਈ ਹੈ, ਹੁਣ ਜਦੋਂ ਉਨ੍ਹਾਂ ਦੇ ਕਾਰੋਬਾਰ ਕੁਝ ਚੱਲਣੇ ਸ਼ੁਰੂ ਹੋਏ ਸਨ, ਤਾਂ ਦੁਬਾਰਾ ਲੌਕਡਾਊਨ ਲਾਇਆ ਜਾ ਰਿਹਾ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਸਰਕਾਰ ਸਿਹਤ ਪ੍ਰਬੰਧ ਮਜ਼ਬੂਤ ਕਰਨ ਦੀ ਥਾਂ ਲੋਕਾਂ ਨੂੰ ਘਰਾਂ ਅੰਦਰ ਤਾੜ ਆਪ ਇਸ ਮਸਲੇ ਤੋਂ ਸੁਰਖਰੂ ਹੋਣਾ ਚਾਹੁੰਦੀ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਹੁਣ ਜਦੋਂ ਕਰੋਨਾ ਨੇ ਮੁੜ ਸਿਰ ਚੁੱਕਣਾ ਸ਼ੁਰੂ ਕੀਤਾ ਸੀ ਤਾਂ ਮੋਦੀ ਸਰਕਾਰ ਪੱਛਮੀ ਬੰਗਾਲ ਅਤੇ ਹੋਰ ਸੂਬਿਆਂ ਦੀਆਂ ਚੋਣਾਂ ਵਿਚ ਰੁੱਝੀ ਹੋਈ ਸੀ। ਕਰੋਨਾ ਨਾਲ ਲੜਾਈ ਨਾਲੋਂ ਇਸ ਨੂੰ ਇਹ ਚੋਣਾਂ ਸ਼ਾਇਦ ਵੱਧ ਮਹੱਤਵਪੂਰਨ ਲੱਗਦੀਆਂ ਹਨ। ਇਸੇ ਕਰ ਕੇ ਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਭਾਜਪਾ ਆਗੂਆਂ ਨੇ ਪੱਛਮੀ ਬੰਗਾਲ ਵਿਚ ਆਪਣੇ ਚੋਣ ਜਲਸੇ ਰੱਦ ਕੀਤੇ। ਹੁਣ ਜਦੋਂ ਚਾਰ-ਚੁਫੇਰਿਓਂ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਤਾਂ ਕਿਤੇ ਜਾ ਕੇ ਭਾਜਪਾ ਨੇ ਪੱਛਮੀ ਬੰਗਾਲ ਵਿਚ ਪ੍ਰਧਾਨ ਮੰਤਰੀ ਦੇ ਚੋਣ ਜਲਸੇ ਰੱਦ ਕਰਨ ਦਾ ਐਲਾਨ ਕੀਤਾ ਹੈ। ਜ਼ਾਹਿਰ ਹੈ ਕਿ ਕਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਅਤੇ ਭਾਜਪਾ ਨੇ ਨੈਤਿਕ ਜ਼ਿੰਮੇਦਾਰੀ ਦਾ ਵੀ ਖਿਆਲ ਨਹੀਂ ਰੱਖਿਆ। ਇਸੇ ਕਰ ਕੇ, ਇਕ-ਇਕ ਦਿਨ ਦੇ ਫਰਕ ਨਾਲ ਕਰੋਨਾ ਦੀ ਮਾਰ ਤਿੱਖੀ ਹੁੰਦੀ ਗਈ ਅਤੇ ਹੁਣ ਹਰ ਰੋਜ਼ ਮਰੀਜ਼ਾਂ ਦੀ ਗਿਣਤੀ ਲੱਖਾਂ ਤੋਂ ਪਾਰ ਹੋ ਗਈ ਹੈ ਅਤੇ ਮੌਤਾਂ ਦੀ ਗਿਣਤੀ ਵਿਚ ਵੀ ਵਾਧਾ ਰਿਕਾਰਡ ਹੋਇਆ ਹੈ। ਪੰਜਾਬ ਦੀ ਹਾਲਤ ਵੀ ਇਸ ਤੋਂ ਕੋਈ ਬਹੁਤੀ ਵੱਖਰੀ ਨਹੀਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅੱਖ ਵੀ 2022 ਵਿਚ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਹੈ। ਉਹ ਇਸੇ ਪ੍ਰਬੰਧ ਵਿਚ ਜੁਟੇ ਹੋਏ ਹਨ ਅਤੇ ਕਰੋਨਾ ਨਾਲ ਮੁਕਾਬਲੇ ਲਈ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਉਨ੍ਹਾਂ ਕੋਈ ਖਾਸ ਨੀਤੀ ਨਹੀਂ ਅਪਣਾਈ ਹੈ। ਸਿਆਸੀ ਫਾਇਦਾ ਲੈਣ ਲਈ ਸੂਬੇ ਅੰਦਰ ਸਿਆਸੀ ਜਲਸਿਆਂ 'ਤੇ ਪਾਬੰਦੀ ਜ਼ਰੂਰ ਲਾਈ ਗਈ ਹੈ। ਜ਼ਾਹਿਰ ਹੈ ਕਿ ਕੇਂਦਰ ਅਤੇ ਸੂਬੇ ਵਿਚ ਸਿਆਸੀ ਜਮਾਤਾਂ ਭਾਵੇਂ ਵੱਖਰੀਆਂ ਹਨ ਪਰ ਲੋਕਾਂ ਦੇ ਸਿਰ 'ਤੇ ਮੰਡਰਾ ਰਹੇ ਸੰਕਟ ਬਾਰੇ ਇਹ ਸਿਆਸੀ ਜਮਾਤਾਂ ਭੋਰਾ ਭਰ ਵੀ ਫਿਕਰਮੰਦ ਨਹੀਂ। ਇਸ ਵੇਲੇ ਸਭ ਤੋਂ ਪਹਿਲੀ ਗੱਲ ਸਿਹਤ ਪ੍ਰਬੰਧਾਂ ਵਿਚ ਤੇਜ਼ੀ ਹੋਣਾ ਚਾਹੀਦਾ ਹੈ ਪਰ ਬਦਕਿਸਮਤੀ ਨੂੰ ਹਾਕਮ ਧਿਰਾਂ ਆਪੋ-ਆਪਣੀ ਸਿਆਸਤ ਦੇ ਹਿਸਾਬ ਨਾਲ ਸਰਗਰਮੀ ਕਰ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਸਲਾ ਬੇਅਦਬੀਆਂ ਦਾ

ਵਿਚ ਕੋਰਟਾਂ ਪੇਸ਼ ਚਲਾਨ ਹੋ ਗਏ, ਲੱਗਾ ਤੀਰ ਕਮਾਣ 'ਤੇ ਕੱਸਿਆ ਏ।
ਕਾਲੇ ਨਾਗ ਦੇ ਵਾਂਗ ਹੀ ਸੱਚ ਜਾਣੋ, ਗੁਨਾਹਗਾਰਾਂ ਦੇ ਸੀਨੇ 'ਚ ਡੱਸਿਆ ਏ।
ਫੇਰ ਚੱਲੀਆਂ ਸਾਜ਼ਿਸ਼ਾਂ 'ਸਿਟ' ਉੱਤੇ, ਦੋਸ਼ੀ ਜਾਣਿਓਂ ਜਿਹੜਾ ਵੀ 'ਹੱਸਿਆ' ਏ।
ਗੱਲ ਸੁਣੀਦੀ ਕਿਵੇਂ ਜ਼ਮੀਰ ਵਾਲੀ, ਕੰਵਰ ਵਿਜੈ ਪ੍ਰਤਾਪ ਨੇ ਦੱਸਿਆ ਏ।
ਸਿਆਸੀ ਦਲਾਂ ਨੂੰ ਫਿਕਰ ਹੈ ਬਸ ਏਨਾ, ਵੋਟਾਂ 'ਐਧਰੋਂ-ਓਧਰੋਂ' ਲੱਭਦੀਆਂ ਦਾ।
ਪੈਰੋਕਾਰਾਂ ਦੇ ਦਿਲਾਂ ਨੂੰ ਹੌਲ ਪੈਂਦੇ, ਮਸਲਾ ਜਦੋਂ ਵੀ ਛਿੜੇ ਬੇਅਦਬੀਆਂ ਦਾ!

# ਪੰਜਾਬੀ ਅਤੇ ਪਰਵਾਸ

***ਪਰਵਾਸ ਦੇ ਅਜੋਕੇ ਰੁਝਾਨ ਦਾ ਜੇ ਤੱਥ ਆਧਾਰਿਤ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਆਪਣੀ ਜਨਮ ਤੇ ਕਰਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਵਸੇਬੇ ਕਰਨ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਆਰਥਕ, ਸਮਾਜਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿਚ ਉਭਰ ਰਹੇ ਹਾਲਾਤ ਸਮੇਤ ਅਨੇਕਾਂ ਹਨ। ਭਾਰਤ ਦੇ ਹੋਰ ਇਲਾਕਿਆਂ ਵਾਂਗ ਪੰਜਾਬ ਵੀ ਖੇਤੀ ਆਧਾਰਿਤ ਸਮਾਜ ਸੀ ਅਤੇ ਹੁਣ ਵੀ ਹੈ। ਜ਼ਿੰਦਗੀ ਸਾਦੀ ਸੀ ਪਰ ਜੀਵਨ ਹੁਲਾਸ ਵਾਲਾ ਸੀ। 'ਜੋ ਸੁਖ ਛੱਜੂ ਦੇ ਚੁਬਾਰੇ, ਨਾ ਉਹ ਬਲਖ ਨਾ ਬੁਖਾਰੇ' ਵਰਗੀ ਭਾਵਨਾ ਸੀ ਪਰ ਹੁਣ ਹਾਲਾਤ ਬਦਲ ਗਏ ਹਨ। ਖੇਤੀ ਆਧਾਰਿਤ ਪੇਂਡੂ ਵਸੋਂ ਵਾਸਤੇ ਰੋਟੀ ਦਾ ਮਸਲਾ ਖੜ੍ਹਾ ਹੋ ਰਿਹਾ ਹੈ। ਪੰਜਾਬ ਸਮੇਤ ਭਾਰਤ ਦੀ ਖੇਤੀ ਗਹਿਰੇ ਸੰਕਟ ਵਿਚ ਹੈ।***

ਆਈਲੈਟਸ ਪਾਸ ਕਰ ਕੇ ਵਿਦੇਸ਼ ਜਾ ਰਹੇ ਲੜਕੇ ਦੇ ਮਾਪਿਆਂ ਵਲੋਂ ਪਿੰਡ ਵਿਚ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਸ਼ੁਕਰਾਨੇ ਦੀ ਅਰਦਾਸ ਕਰਵਾਉਣਾ ਅਤੇ ਹੋਰ ਮਾਪਿਆਂ ਵਲੋਂ ਆਪਣੇ ਬੱਚਿਆਂ ਦੇ ਇਹ ਟੈਸਟ ਪਾਸ ਹੋਣ ਵਾਸਤੇ ਸੁੱਖਾਂ ਸੁੱਖਣ ਬਾਰੇ ਬੋਲੇ ਧਾਰਮਿਕ ਸ਼ਬਦ ਪੰਜਾਬ ਦੇ ਧੁਰ ਅੰਦਰ ਤਕ ਉਪਜ ਰਹੀਆਂ ਆਰਥਕ, ਸਮਾਜਕ ਤੇ ਮਨੋਵਿਗਿਆਨਕ ਤਬਦੀਲੀਆਂ ਬਾਰੇ ਇੱਕ ਪ੍ਰੱਤਖ ਇਸ਼ਾਰਾ ਲਗਿਆ। ਜਿਥੇ ਪਹਿਲਾਂ ਲੋਕ ਘਰ ਦੀ ਖੈਰ ਸੁੱਖ, ਕੰਮਾਂ ਵਿਚ ਵਾਧੇ ਅਤੇ ਪਰਿਵਾਰਾਂ ਦੀ ਤੰਦਰੁਸਤੀ ਦੀ ਮੰਗ ਕਰਦੇ ਸਨ, ਉਥੇ ਹੁਣ ਵਿਦੇਸ਼ ਵਾਸਤੇ ਪੇਪਰ ਪਾਸ ਜਾਂ ਬਾਹਰ

**ਡਾ. ਸੁਖਦੇਵ ਸਿੰਘ**
ਫੋਨ: +91-94177-15730

ਦਾ ਕੰਮ ਬਣਨ ਦੀਆਂ ਅਰਦਾਸਾਂ? ਰੱਬ ਖੈਰ ਕਰੇ! ਅੱਜ ਪੰਜਾਬ ਦੇ ਹਰ ਵੱਡੇ ਸ਼ਹਿਰ ਤੋਂ ਲੈ ਕੇ ਛੋਟੇ ਪਿੰਡਾਂ ਤੱਕ ਹਰ ਘਰ ਵਿਚ ਵਿਦੇਸ਼ ਜਾਣ ਦੀਆਂ ਬਹਿਸਾਂ ਸੁਣੀਆਂ ਜਾ ਸਕਦੀਆਂ ਹਨ। ਇਸ ਦਾ ਪ੍ਰਤੱਖ ਪ੍ਰਮਾਣ ਹਨ ਥਾਂ-ਥਾਂ ਖੁੱਲ੍ਹੇ ਆਈਲੈਟਸ (ਆਇਲਜ਼) ਸੈਂਟਰਾਂ ਅਤੇ ਬਾਇਓਮੀਟਰੀ ਸੈਂਟਰਾਂ 'ਤੇ ਜੁੜਦੀਆਂ ਭੀੜਾਂ।

ਮੋਟੇ ਤੌਰ 'ਤੇ ਇਕੱਲੇ ਪੰਜਾਬ ਵਿਚ ਹੀ 15000 ਦੇ ਕਰੀਬ ਆਈਲੈਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ) ਸੈਂਟਰ ਆਂਕੇ ਗਏ ਹਨ, ਜਦਕਿ ਹਜ਼ਾਰਾਂ ਦੀ ਤਾਦਾਤ ਵਿਚ ਏਜੰਟ ਸੈਂਟਰ ਕਾਰਜਸ਼ੀਲ ਹਨ। ਕਈ ਪੰਜਾਬੀ ਪਿੰਡਾਂ ਵਿਚ ਤਾਂ ਨੌਜੁਆਨ ਲੜਕਿਆਂ ਦੀ ਅਣਹੋਂਦ ਦੇ ਚਰਚੇ ਹਨ। ਪਿਛਲੀਆਂ ਪੰਚਾਇਤੀ ਚੋਣਾਂ ਦੌਰਾਨ ਤਾਂ ਕਈ ਪਿੰਡਾਂ ਵਿਚੋਂ ਉਮੀਦਵਾਰ ਨਾ ਮਿਲਣ ਦੀਆਂ ਖਬਰਾਂ ਵੀ ਪੜ੍ਹਨ ਨੂੰ ਮਿਲੀਆਂ। ਜਿਥੇ ਕੁਝ ਲੋਕ ਪਰਵਾਸ ਨੂੰ ਜਾਇਜ਼ ਤੇ ਸਮੇਂ ਦੀ ਜ਼ਰੂਰਤ ਮੰਨਦੇ ਹਨ, ਉਥੇ ਬਹੁਤ ਸਾਰੇ ਇਸ ਕਰ ਕੇ ਪੰਜਾਬ ਵਿਚਲੇ ਬਦਲਾਓ, ਖਾਲੀਪਣ ਤੇ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੀਆਂ ਹੋਰ ਮੁਸ਼ਕਿਲਾਂ ਬਾਰੇ ਗੰਭੀਰ ਹਨ।

ਪੁਰਾਣੇ ਕਬੀਲਿਆਂ ਅਤੇ ਖੇਤੀ ਆਧਾਰਿਤ ਸਮਾਜਿਕ ਬਣਤਰਾਂ ਵਿਚ ਵੀ ਵਪਾਰਕ ਕਾਫਲੇ ਦੂਰ-ਦੁਰੇਡੀਆਂ ਥਾਵਾਂ 'ਤੇ ਜਾਂਦੇ ਪਰ ਵਸੇਬਾ ਵਧੇਰੇ ਕਰਕੇ ਜਨਮ ਭੋਇੰ 'ਤੇ ਆਪਣੇ ਜੀਆਂ ਵਿਚ ਹੀ ਹੁੰਦਾ, ਜਦਕਿ ਕੁਝ ਵਿਸ਼ੇਸ਼ ਸਮਿਆਂ ਤਹਿਤ ਕਈ ਕਬੀਲੇ ਹੋਰ ਥਾਂ ਜਾ ਵਸਦੇ। ਮਿਆਂਮਾਰ (ਬਰਮਾ) ਵਿਚ ਜਾ ਕੇ ਕੰਮ/ਠੇਕੇਦਾਰੀ ਕਰ ਕੇ ਪੈਸਾ ਕਮਾ ਕੇ ਲਿਆਉਣਾ ਤਾਂ ਸਾਡੇ ਲੋਕ ਅਖਾਣਾਂ ਵਿਚ ਬਦਲ ਗਿਆ ਸੀ: 'ਨਾ ਜਾਈਂ ਬਰਮਾ ਨੂੰ, ਭਾਗ ਜਾਣਗੇ ਨਾਲ'। ਕੁਝ ਸਮਾਂ ਪਹਿਲਾਂ ਤਕ ਫੌਜਾਂ ਵਿਚੋਂ ਰਿਟਾਇਰਮੈਂਟ ਉਪਰੰਤ ਵਧੇਰੇ ਫੌਜੀ ਆਪਣੇ ਪਿੰਡੀਂ ਆ ਵਸਦੇ। ਇਸੇ ਤਰ੍ਹਾਂ ਖਾੜੀ ਦੇਸ਼ਾਂ ਤੋਂ ਕਮਾਈ ਕਰ ਕੇ ਵੀ ਬਹੁਤੇ ਲੋਕ ਘਰਾਂ ਨੂੰ ਵਾਪਸੀ ਕਰਦੇ। ਪਿਛਲੇ ਕੁਝ ਸਾਲਾਂ ਵਿਚ ਸਾਡੇ ਦੇਸ਼ ਤੇ ਖਾਸ ਕਰ ਪੰਜਾਬ ਤੋਂ ਪਰਵਾਸ ਉਪਰੰਤ ਪੱਕੇ ਵਸੇਬੇ ਦਾ ਰੁਝਾਨ ਪੈਦਾ ਹੋ ਗਿਆ ਹੈ। ਲਗਭਗ ਇੱਕ ਸਦੀ ਪਹਿਲਾਂ ਦੁਆਬੇ ਤੋਂ ਪੱਛਮੀ ਦੇਸ਼ਾਂ ਨੂੰ ਸ਼ੁਰੂ ਹੋਏ ਪਰਵਾਸ ਨੇ ਹੁਣ ਸਾਰੇ ਪੰਜਾਬ ਨੂੰ ਕਲਾਵੇ ਵਿਚ ਲੈ ਲਿਆ ਹੈ। ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਬਾਰੇ ਲਿਟਰੇਚਰ ਤੋਂ ਅੰਦਾਜ਼ਾ ਹੁੰਦਾ ਹੈ 25 ਲੱਖ ਦੇ ਕਰੀਬ ਪੰਜਾਬੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਵਸ ਰਹੇ ਹਨ। ਅਜੋਕੇ ਸਮੇਂ ਪੰਜਾਬੀ ਪਰਵਾਸੀ ਬਹੁਲਤਾ ਵਾਲੇ ਦੇਸ਼ ਹਨ: ਕੈਨੇਡਾ, ਅਮਰੀਕਾ, ਬ੍ਰਿਟੇਨ, ਸਪੇਨ, ਆਸਟਰੇਲੀਆ, ਨਿਊਜ਼ੀਲੈਂਡ ਆਦਿ।

ਪਰਵਾਸ ਦੇ ਅਜੋਕੇ ਰੁਝਾਨ ਦਾ ਜੇ ਤੱਥ ਆਧਾਰਿਤ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਆਪਣੀ ਜਨਮ ਤੇ ਕਰਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਵਸੇਬੇ ਕਰਨ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਆਰਥਕ, ਸਮਾਜਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿਚ ਉਭਰ ਰਹੇ ਹਾਲਾਤ ਸਮੇਤ ਅਨੇਕਾਂ ਹਨ। ਭਾਰਤ ਦੇ ਹੋਰ ਇਲਾਕਿਆਂ ਵਾਂਗ ਪੰਜਾਬ ਵੀ ਖੇਤੀ ਆਧਾਰਿਤ ਸਮਾਜ ਸੀ ਅਤੇ ਹੁਣ ਵੀ ਹੈ। ਜ਼ਿੰਦਗੀ ਸਾਦੀ ਸੀ ਪਰ ਜੀਵਨ ਹੁਲਾਸ ਵਾਲਾ ਸੀ। 'ਜੋ ਸੁਖ ਛਜੂ ਦੇ ਚੁਬਾਰੇ ਨਾ ਉਹ ਬਲਖ ਨਾ ਬੁਖ਼ਾਰੇ' ਵਰਗੀ ਭਾਵਨਾ ਸੀ।

ਹੁਣ ਹਾਲਾਤ ਬਦਲ ਗਏ ਹਨ। ਖੇਤੀ ਆਧਾਰਿਤ ਪੇਂਡੂ ਵਸੋਂ ਵਾਸਤੇ ਰੋਟੀ ਦਾ ਮਸਲਾ ਖੜ੍ਹਾ ਹੋ ਰਿਹਾ ਹੈ। ਪੰਜਾਬ ਸਮੇਤ ਦੇਸ਼ ਦੀ ਖੇਤੀ ਗਹਿਰੇ ਸੰਕਟ ਵਿਚ ਹੈ। ਜ਼ਮੀਨ ਦੀ ਪੁਸ਼ਤੀ ਵੰਡ ਕਾਰਨ ਵਾਹੀਯੋਗ ਜੋਤਾਂ ਦਾ ਆਕਾਰ ਘਟਣਾ, ਖੇਤੀ ਲਾਗਤਾਂ ਵਿਚ ਅਥਾਹ ਵਾਧਾ, ਉਤਪਾਦਨ ਦਾ ਢੁਕਵਾਂ ਮੁੱਲ ਨਾ ਮਿਲਣਾ, ਖਾਦਾਂ ਦੀ ਕੀਮਤ (ਡੀ.ਏ.ਪੀ., ਯੂਰੀਆ) ਵਿਚ ਅਥਾਹ ਵਾਧਾ ਤੇ ਸਮਰਥਨ ਮੁੱਲ ਤੋਂ ਸਰਕਾਰਾਂ ਦਾ ਕਿਨਾਰਾ ਕਰਨ ਦੀ ਤਿਆਰੀ, ਨਵੇਂ ਖੇਤੀ ਕਾਨੂੰਨ, ਸਮਾਜਕ ਜ਼ਰੂਰਤਾਂ ਦੀ ਪੂਰਤੀ ਆਦਿ ਕਰ ਕੇ ਨਿਰੋਲ ਖੇਤੀ ਆਧਾਰਿਤ ਪਰਿਵਾਰਾਂ ਦਾ ਗੁਜ਼ਾਰਾ ਦਿਨ-ਬ-ਦਿਨ ਔਖਾ ਹੋ ਰਿਹਾ ਹੈ ਅਤੇ ਹਾਲਾਤ ਹੋਰ ਵਿਗੜਨ ਦਾ ਖਦਸ਼ਾ ਹੈ। ਖੇਤੀ ਵਿਚੋਂ ਮੁਨਾਫਾ ਨਾ ਹੋਣ ਕਾਰਨ ਕਿਸਾਨਾਂ ਦੀ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਕਰਜ਼ਾ ਨਾ ਮੋੜ ਸਕਣ ਦੀ ਸੂਰਤ ਵਿਚ ਅਤੇ ਕੁਝ ਹੋਰ ਕਾਰਨਾਂ ਕਰ ਕੇ ਆਤਮ-ਹਤਿਆਵਾਂ ਹੋ ਰਹੀਆਂ ਹਨ। ਪਿਛਲੇ ਤਿੰਨ ਦਹਾਕਿਆਂ ਵਿਚ ਮੋਟੇ ਤੌਰ 'ਤੇ ਪੰਜਾਬ ਵਿਚ 20 ਹਜ਼ਾਰ ਦੇ ਕਰੀਬ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ ਜਦਕਿ ਭਾਰਤ ਵਿਚ ਇਹ ਅੰਕੜਾ 4 ਲੱਖ ਦੇ ਕਰੀਬ ਹੈ।

ਬਹੁਤ ਛੋਟੀਆਂ ਜੋਤਾਂ ਕਰ ਕੇ ਭਾਰਤ ਵਿਚ ਲੱਖਾਂ ਕਿਸਾਨ ਪਿਛਲੇ ਤਿੰਨ ਦਹਾਕਿਆਂ ਦੌਰਾਨ ਖੇਤੀ ਛੱਡ ਚੁੱਕੇ ਹਨ ਅਤੇ ਛੱਡ ਰਹੇ ਹਨ। ਪੰਜਾਬ ਵਿਚ ਵੀ ਇਹ ਪ੍ਰਕਿਰਿਆ ਤੇਜ਼ੀ ਫੜ ਰਹੀ ਹੈ। ਇਸ ਲਈ ਵਧੇਰੇ ਲੋਕ ਭਵਿੱਖ ਤੋਂ ਚਿੰਤਤ ਹੋ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਖੇਤੀ ਤੋਂ ਬਾਹਰ ਜੇ ਰੁਜ਼ਗਾਰ ਦੇ ਮੌਕੇ ਦੇਖੀਏ ਤਾਂ ਕਿਤੇ ਵੀ ਆਸ ਦੀ ਕਿਰਨ ਨਹੀਂ ਦਿਸਦੀ। ਪ੍ਰਾਈਵੇਟ ਸੈਕਟਰ ਵਿਚ ਰੁਜ਼ਗਾਰ ਦੀ ਖੜੋਤ ਅਤੇ ਪਬਲਿਕ ਸੈਕਟਰ ਵਿਚ ਅਸਲੋਂ ਹਨੇਰਾ ਤੇ ਵਧੇਰੇ ਬੱਚਿਆਂ ਦਾ ਖੇਤੀ ਵੱਲ ਝੁਕਾਅ ਨਾ ਹੋਣ ਕਰਕੇ ਵਿਦੇਸ਼ਾਂ ਨੂੰ ਵਹੀਰਾਂ ਤੇਜ਼ ਹੋ ਰਹੀਆਂ ਹਨ। ਅੱਜ 70-80% ਦੇ ਕਰੀਬ +2 ਪਾਸ ਪਾੜ੍ਹੇ ਆਈਲੈਟਸ ਕਰ ਕੇ ਵਿਦੇਸ਼ਾਂ ਵਿਚ ਵੱਖ-ਵੱਖ ਕੋਰਸਾਂ ਲਈ ਕਾਲਜਾਂ-ਯੂਨੀਵਰਸਿਟੀਆਂ ਦੀਆਂ ਮੋਟੀਆਂ ਫੀਸਾਂ ਭਰ ਕੇ ਜਾਣ ਨੂੰ ਤਤਪਰ ਹਨ ਜਦਕਿ ਲੱਖਾਂ ਹੀ ਹੋਰ ਜਾਇਜ਼/ਨਾਜਾਇਜ਼ ਵਿਆਹਾਂ ਦੇ ਜ਼ਰੀਏ, ਏਜੰਟਾਂ ਜਾਂ ਗੈਰ-ਕਾਨੂੰਨੀ ਢੰਗਾਂ ਰਾਹੀਂ ਬਾਹਰਲੇ ਮੁਲਕਾਂ ਵਿਚ ਦਾਖਲ ਹੁੰਦੇ ਜਾਂ ਯਤਨ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਲੱਖਾਂ ਰੁਪਏ ਲਾ ਕੇ ਬਾਹਰ ਜਾਣ ਵਿਚ ਕਾਮਯਾਬ ਹੁੰਦੇ ਹਨ ਜਦਕਿ ਹਜ਼ਾਰਾਂ ਹੋਰ ਜਾਇਦਾਦਾਂ ਵੇਚ ਕੇ ਵੀ ਨਹੀਂ ਜਾ ਸਕਦੇ ਅਤੇ ਅਨੇਕਾਂ ਨਾਜਾਇਜ਼ ਢੰਗਾਂ ਰਾਹੀਂ ਜਾਂਦੇ ਮੌਤ ਦੇ ਮੂੰਹ ਜਾ ਡਿਗਦੇ ਹਨ ਜਾਂ ਜੇਲ੍ਹਾਂ ਦੀ ਹਵਾ ਖਾਂਦੇ ਹਨ।

ਅੱਜ ਸਾਡੇ ਦੇਸ਼ ਦੀ ਰਾਜਨੀਤਕ ਦੀ ਦਸ਼ਾ ਅਤੇ ਦਿਸ਼ਾ ਕਿਸੇ ਤੋਂ ਛੁਪੀ ਨਹੀਂ। ਤਰੱਕੀ ਦਾ ਜ਼ਰੂਰੀ ਪੱਖ ਹੁੰਦਾ ਹੈ ਦੇਸ਼ ਵਾਸੀਆਂ ਦਾ ਸ਼ਕਤੀਕਰਨ ਤੇ ਰਾਜਨੀਤੀ ਵਿਚ ਭਾਗੀਦਾਰੀ। ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਲਗਦਾ ਹੈ ਕਿ ਆਮ ਲੋਕ ਬੇਸਹਾਰਾ ਹੀ ਮਹਿਸੂਸ ਕਰ ਰਹੇ ਹਨ। ਜੇ ਕਿਸੇ ਦਾ ਕੋਈ ਜੁਗਾੜ ਨਹੀਂ ਤਾਂ ਆਪਣੇ ਨਾਗਰਿਕ ਹੱਕਾਂ ਦੇ ਬਲਬੂਤੇ ਕਿਸੇ ਸਰਕਾਰੇ-ਦਰਬਾਰੇ, ਵੱਖ-ਵੱਖ ਸੰਸਥਾਵਾਂ ਤੇ ਹੁਣ ਅਦਾਲਤਾਂ ਵਿਚ ਕੋਈ ਪੁਛ-ਪ੍ਰਤੀਤ ਨਹੀਂ। ਨਾਗਰਿਕਾਂ ਦੀ ਭਲਾਈ ਅਤੇ ਜੀਵਨ ਵਿਚ ਤਰੱਕੀ ਹਿੱਤ ਉਸਾਰੇ ਦੇਸ਼ ਦੇ ਪਬਲਿਕ ਢਾਂਚਿਆਂ ਤੇ ਆਮ ਨਾਗਰਿਕ ਵਿਚ ਖਾਈ ਬਹੁਤ ਡੂੰਘੀ ਹੋ ਰਹੀ। ਪੂੰਜੀਵਾਦੀ ਨਿਜ਼ਾਮ ਦੇ ਗਲਬੇ ਕਾਰਨ ਜਿਥੇ ਪਬਲਿਕ ਸੈਕਟਰ ਦਾ ਖਾਤਮਾ ਹੋ ਰਿਹਾ ਹੈ, ਉਥੇ ਰਾਜ ਕਰਨ ਵਾਲੇ ਤੇ ਪੂੰਜੀਪਤੀਆਂ ਵਿਚ ਆਰਥਕ ਨਾ-ਬਰਾਬਰੀ ਇੰਨੀ ਵਧ ਗਈ ਹੈ ਕਿ ਆਮ ਨਾਗਰਿਕ ਹੀਆ ਨਹੀਂ ਕਰ ਸਕਦਾ। ਅੰਮ੍ਰਿਤਾ ਪ੍ਰੀਤਮ ਦਾ ਕਥਨ 'ਕੈਦੋ ਸਮੇਂ ਦੇ ਹੋਰ ਵੀ ਡਾਢੇ ਤੇ ਚਾਕ ਸਮੇਂ ਦੇ ਹੋਰ ਮਜਬੂਰ ਹੋ ਗਏ' ਅੱਜ ਵੀ ਢੁਕਵਾਂ ਮਹਿਸੂਸ ਹੁੰਦਾ ਹੈ। ਰਾਜਨੀਤੀ ਦਾ ਗਲਬਾ ਹਰ ਸੰਸਥਾ 'ਤੇ ਭਾਰੂ ਹੈ। 1991 ਤੋਂ ਲਾਗੂ ਨਵੀਆਂ ਆਰਥਿਕ ਨੀਤੀਆਂ ਕਰ ਕੇ ਵੱਖ-ਵੱਖ ਪੱਖ, ਖਾਸ ਕਰ ਸਿਖਿਆ ਤੇ ਸਿਹਤ ਦੇ ਪ੍ਰਾਈਵੇਟ ਸੈਕਟਰ ਅਧੀਨ ਆਉਣ ਕਾਰਨ ਖਰਚੇ ਹੱਦੋਂ ਵਧ ਰਹੇ ਹਨ ਤੇ ਲੋਕ ਬੱਚਿਆਂ ਨੂੰ +2 ਦੀ ਪੜ੍ਹਾਈ ਕਰਾ ਕੇ ਔਖੇ-ਸੌਖੇ ਬਾਹਰ ਭੇਜਣ ਵਿਚ ਬਿਹਤਰੀ ਸਮਝ ਰਹੇ ਹਨ।

ਸਮਾਜ ਵਿਚ ਵਧ ਰਿਹਾ ਹਿੰਸਕ ਵਰਤਾਰਾ, ਆਮ ਨਾਗਰਿਕਾਂ ਦੇ ਬਣਦੇ ਹੱਕਾਂ ਤੇ ਸਨਮਾਨ ਦੀ ਅਣਦੇਖੀ, ਵੱਖ-ਵੱਖ ਤਰ੍ਹਾਂ ਦੇ ਜੁਰਮ, ਚੋਰੀਆਂ, ਕਤਲ, ਲੜਕੀਆਂ ਨਾਲ ਛੇੜਖਾਨੀ, ਬਲਾਤਕਾਰ, ਲਾਕਾਨੂੰਨੀ, ਨਸ਼ਿਆਂ ਕਰ ਕੇ ਮੌਤਾਂ ਬਾਰੇ ਛਪਦੀਆਂ ਖਬਰਾਂ, ਧਰਮਾਂ ਦੇ ਨਾਮ 'ਤੇ ਉਲਝਣਾਂ, ਆਮ ਲੋਕਾਂ ਨੂੰ ਮਾਨਸਿਕ ਪੱਖੋਂ ਚਿੰਤਤ ਕਰ ਰਹੀਆਂ ਹਨ ਜਿਸ ਕਰ ਕੇ ਬਹੁਤ ਸਾਰੇ ਲੋਕਾਂ ਦੀ ਜ਼ਬਾਨ 'ਤੇ ਹੈ ਕਿ 'ਹੁਣ ਇਥੇ ਕੁਝ ਨਹੀਂ ਰਿਹਾ, ਬੱਚਿਆਂ ਨੂੰ ਬਾਹਰ ਭੇਜਣਾ ਬਿਹਤਰ ਹੈ'। ਲੇਖਕ ਦੇ ਇਕ ਵਿਦਿਆਰਥੀ ਵੱਲੋਂ ਇਕ ਖੋਜ ਕਾਰਜ ਵਿਚੋਂ ਸਿੱਟਾ ਨਿਕਲਿਆ ਕਿ 90% ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਦੇ ਧੰਦੇ ਵਿਚ ਨਾ ਪਾ ਨੌਕਰੀ 'ਚ ਜਾਂ ਵਿਦੇਸ਼ ਭੇਜਣਾ ਚਾਹੁੰਦੇ ਹਨ। ਹਰੇ ਇਨਕਲਾਬ ਦੇ ਚੰਗੇ ਮਾੜੇ ਨਤੀਜਿਆਂ ਨੇ ਜਿਥੇ ਪੰਜਾਬ ਦਾ ਕੁਦਰਤੀਪਣ ਖੋਹਿਆ ਹੈ, ਉਥੇ ਹੁਣ ਮਨੁੱਖੀ ਸ਼ਕਤੀ ਵੀ ਖੋਹ ਰਹੀ ਹੈ। ਉਂਝ ਵੀ ਵਧੇਰੇ ਮਾਪੇ ਵੀ ਬੱਚਿਆਂ ਨੂੰ ਬਾਹਰ ਤੋਰ ਆਪਣੀ ਜ਼ਿੰਮੇਦਾਰੀ ਤੋਂ ਫਾਰਗ ਹੋਣਾ ਚਾਹੁੰਦੇ ਹਨ। ਨਵੀਂ ਪੰਜਾਬੀ ਪਨੀਰੀ ਇਥੇ ਸੰਘਰਸ਼ ਦੇ ਰਾਹ ਤੋਂ ਵੀ ਕਿਨਾਰਾ ਕਰਦੀ ਦਿਸਦੀ ਹੈ। ਪੰਜਾਬ ਵਿਚ ਵਧੇਰੇ ਕੰਮ ਬਾਹਰਲੇ ਰਾਜਾਂ ਵਿਚੋਂ ਆਏ ਲੋਕ ਕਰ ਰਹੇ ਹਨ।

ਮਨੁੱਖੀ ਜੀਵਨ ਵਿਚ ਤਕਨਾਲੋਜੀ ਦੀ ਆਮਦ ਤੇ ਬਾਹਰਲੇ ਦੇਸ਼ਾਂ ਦੇ ਸਿਸਟਮ, ਤਲਿਸਮੀ ਖਿੱਚ ਆਦਿ ਕਰ ਕੇ ਵੀ ਲੋਕ ਵਿਦੇਸ਼ਾਂ ਨੂੰ ਤਰਜੀਹ ਦੇਣ ਲਗ ਪਏ ਹਨ। ਚੰਗੇਰੇ ਭਵਿੱਖ ਦੀ ਆਸ ਲਈ ਮਾਪਿਆਂ ਵਲੋਂ ਬੱਚਿਆਂ ਨੂੰ ਹਰ ਹੀਲੇ ਬਾਹਰ ਸੈੱਟ ਕਰਵਾਉਣ ਦੀ ਪ੍ਰਕਿਰਿਆ ਕਰ ਕੇ ਦੇਸ਼ ਅਤੇ ਵਿਦੇਸ਼ ਦੀਆਂ ਗੁੰਝਲਦਾਰ ਸਮਸਿਆਵਾਂ, ਆਪਣਿਆਂ/ਬਗਾਨਿਆਂ ਵਲੋਂ ਇਥੇ ਉਥੇ ਆਰਥਕ, ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਅਤੇ ਮਾਨਵੀ ਰਿਸ਼ਤਿਆਂ ਦੀ ਟੁਟ ਭੱਜ ਵਿਚੋਂ ਉਪਜ ਰਹੀ ਗਹਿਰੀ ਮਾਨਸਿਕ ਪੀੜਾ ਹੁਣ ਸਾਹਿਤਕ ਲਿਖਤਾਂ ਦਾ ਵਿਸ਼ਾ ਬਣ ਰਹੀ ਹੈ। ਪਰਵਾਸ ਦਾ ਪ੍ਰਸ਼ਨ ਬਹੁਤ ਗੁੰਝਲਦਾਰ ਹੈ ਜਿਸ ਦਾ ਦਾ ਕੋਈ ਸੌਖਾ ਜਵਾਬ ਨਹੀਂ ਪਰ ਸਮਾਜ ਦੇ ਭਵਿਖ ਲਈ ਖੁੱਲ੍ਹੀ ਸੋਚ ਨਾਲ ਵਿਚਾਰਨ ਦੀ ਲੋੜ ਹੈ। ਜੇ ਪਰਵਾਸ ਨੂੰ ਠੱਲ੍ਹ ਪਾਉਣੀ ਹੈ ਤਾਂ ਆਰਥਕ ਵਸੀਲਿਆਂ ਨੂੰ ਉਪਜਾਉਣ ਦੇ ਨਾਲ ਨਾਲ ਲੋਕਾਂ ਨੂੰ ਆਪਣੀ ਧਰਤੀ ਨਾਲ ਜੁੜੇ ਰੱਖਣ ਹਿੱਤ, ਉਪਰੋਕਤ ਅਨੇਕਾਂ ਉਪਰਾਲਿਆਂ ਬਾਰੇ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਗੁਰੂਆਂ, ਭਗਤਾਂ, ਪੀਰਾਂ, ਫਕੀਰਾਂ, ਸੂਫੀਆਂ, ਸੰਤਾਂ, ਨਾਥਾਂ, ਯੋਗੀਆਂ ਦੀ ਏਸ ਧਰਤੀ ਨੂੰ ਮੌਲਦਾ ਰੱਖਣ ਲਈ ਵਾਰਸਾਂ ਦੀ ਲੜੀ ਦੀ ਜ਼ਰੂਰਤ ਹੈ।

# ਖੇਤੀ ਖੇਤਰ ਅਤੇ ਡਾ. ਅੰਬੇਡਕਰ

ਖੇਤੀਬਾੜੀ ਭਾਰਤੀ ਅਰਥਚਾਰੇ ਵਿਚ ਆਪਣਾ ਯੋਗਦਾਨ ਪਾ ਕੇ ਆਰਥਕ ਵਿਕਾਸ ਅਤੇ ਦਿਹਾਤੀ ਭਾਰਤ ਨੂੰ ਭੁੱਖਮਰੀ ਤੋਂ ਦੂਰ ਰੱਖਣ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਮੁਲਕ ਦੇ ਆਰਥਕ ਵਿਕਾਸ ਵਿਚ ਭਾਵੇਂ ਦੋਇਮ ਖੇਤਰ (ਸਨਅਤ) ਦਾ ਦਬਦਬਾ ਹੈ ਤਾਂ ਵੀ 65 ਫੀਸਦ ਆਬਾਦੀ ਅਜੇ ਵੀ ਮੁਢਲੇ (ਖੇਤੀਬਾੜੀ) ਖੇਤਰ ਉੱਤੇ ਨਿਰਭਰ ਹੈ। ਪਿਛਲੇ ਕੁਝ ਸਾਲਾਂ ਤੋਂ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀਬਾੜੀ ਦੀ ਹਿੱਸੇਦਾਰੀ ਵਿਚ ਤਿੱਖੀ ਕਮੀ ਆਈ ਹੈ। ਮੁਲਕ ਅੰਦਰ 58 ਫੀਸਦ ਰੁਜ਼ਗਾਰ (2001 ਦੀ ਮਰਦਮਸ਼ੁਮਾਰੀ ਅਨੁਸਾਰ) ਖੇਤੀਬਾੜੀ ਖੇਤਰ ਮੁਹੱਈਆ ਕਰਵਾ ਰਿਹਾ ਹੈ ਜਿਸ ਕਰ ਕੇ ਇਸ ਮੁਢਲੇ ਖੇਤਰ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਭਾਰਤ ਦੀ ਸੱਤਰ ਫੀਸਦ ਜਨਸੰਖਿਆ ਪੇਂਡੂ ਇਲਾਕਿਆਂ ਵਿਚ ਵਸਦੀ ਹੈ। ਦਲਿਤਾਂ ਦੀ 79.8 ਫੀਸਦ ਆਬਾਦੀ ਪੇਂਡੂ ਇਲਾਕਿਆਂ ਵਿਚ ਰਹਿੰਦੀ

**ਪ੍ਰੋ. ਜਗਮੋਹਨ ਸਿੰਘ**
ਫੋਨ: +91-98140-01836

ਹੈ ਜਿਸ ਵਿਚੋਂ ਕਰੀਬ 70 ਫੀਸਦ ਬੇਜ਼ਮੀਨੇ ਅਤੇ ਬਹੁਤ ਹੀ ਘੱਟ ਜ਼ਮੀਨ ਦੇ ਮਾਲਕ ਜਾਂ ਬੇਜ਼ਮੀਨੇ ਕਿਸਾਨ ਹਨ। ਜ਼ਮੀਨ ਦਾ ਮਾਲਿਕਾਨਾ ਹੱਕ ਦਿਹਾਤੀ ਦਲਿਤਾਂ ਦੇ ਜੀਵਨ ਵਿਚ ਤਬਦੀਲੀ ਲਿਆਉਂਦਾ ਹੈ ਅਤੇ ਅਰਥਚਾਰੇ ਵਿਚ ਯੋਗਦਾਨ ਪਾਉਂਦਾ ਹੈ, ਤੇ ਉਨ੍ਹਾਂ ਨੂੰ ਮਾਣ ਨਾਲ ਜ਼ਿੰਦਗੀ ਜਿਊਣ ਦੇ ਸਮੱਰਥ ਬਣਾਉਂਦਾ ਹੈ। ਭਾਰਤ ਵਿਚ ਜਾਤ ਤੇ ਜਮਾਤ ਇਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ, ਕਿਉਂਕਿ ਸਾਮੰਤੀ ਯੁੱਗ ਵਿਚ ਪੈਦਾਵਾਰੀ ਸਾਧਨਾਂ ਉੱਤੇ ਜਿਨ੍ਹਾਂ ਲੋਕਾਂ ਦਾ ਕਬਜ਼ਾ ਸੀ, ਪੂੰਜੀਵਾਦੀ ਯੁੱਗ ਵਿਚ ਵੀ ਉਨ੍ਹਾਂ ਲੋਕਾਂ ਦਾ ਹੀ ਕਬਜ਼ਾ ਚਲਿਆ ਆ ਰਿਹਾ ਹੈ।

ਜਾਤ ਦਾ ਸਵਾਲ ਜ਼ਮੀਨ ਦੀ ਮਾਲਕੀ ਨਾਲ ਨੇੜਿਓਂ ਜੁੜੀ ਹੋਈ ਹੈ। ਜ਼ਮੀਨ ਸੁਧਾਰਾਂ ਦਾ ਮੰਤਵ ਸੁਰੱਖਿਅਤ ਅਤੇ ਬਰਾਬਰ ਹੱਕ ਮੁਹੱਈਆ ਕਰਾਉਣਾ ਹੈ। ਡਾ. ਅੰਬੇਡਕਰ ਰਾਜਕੀ ਸਮਾਜਵਾਦ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ ਸਨ ਜਿਸ ਅਨੁਸਾਰ ਦਿਹਾਤੀ ਲੋਕਾਂ ਨੂੰ ਉਪਜਾਊ ਜ਼ਮੀਨ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਅਨੁਸਾਰ ਰਾਜ ਉੱਤੇ ਇਹ ਜ਼ਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਲੋਕਾਂ ਦੇ ਆਰਥਕ ਜੀਵਨ ਨੂੰ ਅਜਿਹੀਆਂ ਲੀਹਾਂ ਤੇ ਵਿਉਂਤੇ ਜਿਸ ਨਾਲ ਉਚਤਮ ਪੈਦਾਵਾਰ ਦਾ ਰਾਹ ਪੱਧਰਾ ਹੋਵੇ ਤੇ ਨਾਲ ਹੀ ਪ੍ਰਾਈਵੇਟ ਉਦਮ ਦਾ ਹਰ ਅਵਸਰ ਬੰਦ ਕਰੇ ਬਗੈਰ ਸਰਮਾਏ ਦੀ ਬਰਾਬਰ ਵੰਡ ਹੋ ਸਕੇ।

ਰਾਜ ਦੀ ਆਰਥਕ ਨੀਤੀ ਨੂੰ ਸਮਾਜ ਦੇ ਨਿਤਾਣੇ ਤਬਕਿਆਂ ਦੀ ਰਾਖੀ ਅਤੇ ਉਨ੍ਹਾਂ ਦਾ ਆਰਥਕ ਮਿਆਰ ਉਤਾਂਹ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਲ ਅਰਧ-ਸਾਮੰਤੀ ਯੁੱਗ ਵਿਚੋਂ ਉਭਰੇ ਭਾਰਤ ਨੂੰ ਸਮਾਜਿਕ ਅਤੇ ਹੰਢਣਸਾਰ ਚੌਗਿਰਦੇ ਵਾਲੇ ਵਿਕਸਤ ਮੁਲਕ ਵਿਚ ਤਬਦੀਲ ਕਰਨ ਵਿਚ ਮਦਦ ਮਿਲੇਗੀ। ਵੈੱਬਸਟਰ ਡਿਕਸ਼ਨਰੀ ਮੁਤਾਬਕ ਜ਼ਮੀਨ ਸੁਧਾਰਾਂ ਦਾ ਮਤਲਬ ਹੈ, ਖੇਤੀਯੋਗ ਜ਼ਮੀਨ ਦੀ ਵਧੇਰੇ ਸਮਤਾਪੂਰਨ ਵੰਡ ਕਰਨ ਲਈ ਵਿਉਂਤੇ ਉਪਰਾਲੇ ਤੇ ਖਾਸਕਰ ਸਰਕਾਰੀ ਕਾਰਵਾਈ। ਵੱਡੇ ਜ਼ਮੀਂਦਾਰਾਂ ਤੋਂ ਜ਼ਮੀਨ ਦੇ ਹੱਕ ਲੈ ਕੇ ਜ਼ਮੀਨ ਦੀ ਵਧੇਰੇ ਸਮਤਾਪੂਰਨ ਤੇ ਸੁਰੱਖਿਅਤ ਰਸਾਈ ਵਾਸਤੇ ਦਿਹਾਤੀ ਗਰੀਬਾਂ ਨੂੰ ਦਿਵਾ ਕੇ ਮੁੜ ਵੰਡਣਾ ਇਸ ਦਾ ਲਾਜ਼ਮੀ ਹਿੱਸਾ ਹੁੰਦਾ ਹੈ।

ਜ਼ਮੀਨ ਸੁਧਾਰਾਂ ਪਿੱਛੇ ਡਾ. ਅੰਬੇਡਕਰ ਦੀ ਸੋਚ ਦਾ ਮੰਤਵ ਅਛੂਤ ਸਮਝੇ ਜਾਂਦੇ ਲੋਕਾਂ ਦਾ ਉਥਾਨ ਕਰਨਾ ਸੀ ਜਿਨ੍ਹਾਂ ਵਿਚ ਜ਼ਿਆਦਾਤਰ ਬੇਜ਼ਮੀਨੇ ਅਤੇ ਛੋਟੇ ਵਾਹੀਕਾਰ ਸ਼ਾਮਲ ਸਨ। ਹੌਲੀ-ਹੌਲੀ ਕਾਰਜ ਕੁਸ਼ਲਤਾ ਦੀ ਘਾਟ ਕਾਰਨ ਕਾਸ਼ਤਕਾਰੀ ਦੇ ਪੁਰਾਣੇ ਤੌਰ ਤਰੀਕਿਆਂ ਦੀ ਜਗ੍ਹਾ ਸਾਂਝੀ ਜਾਂ ਸਮੂਹਕ ਖੇਤੀਬਾੜੀ ਦੇ ਤਰੀਕੇ ਅਪਣਾਉਣੇ ਪੈ ਰਹੇ ਸਨ ਜੋ ਉਨ੍ਹਾਂ ਦਾ ਮੂਲ ਵਿਚਾਰ ਸੀ। ਉਨ੍ਹਾਂ ਆਪਣੀ ਕਿਤਾਬ ਵਿਚ ਪ੍ਰਚੱਲਤ ਜ਼ਮੀਨ ਮਿਆਦ ਪ੍ਰਣਾਲੀ (ਕੋਠੀ) ਖਿਲਾਫ ਜ਼ੋਰਦਾਰ ਢੰਗ ਨਾਲ ਦਲੀਲ ਦਿੱਤੀ ਸੀ ਜਿਸ ਅਧੀਨ ਦਿਹਾਤੀ ਦਲਿਤ ਅਥਾਹ ਆਰਥਕ ਸ਼ੋਸ਼ਣ ਦਾ ਸੰਤਾਪ ਹੰਢਾ ਰਹੇ ਸਨ। ਉਨ੍ਹਾਂ ਸੂਬਾਈ ਅਸੈਂਬਲੀ ਵਿਚ ਬਿਲ ਪੇਸ਼ ਕੀਤਾ ਸੀ ਜਿਸ ਦਾ ਮਨੋਰਥ ਸ਼ਾਹੂਕਾਰਾਂ ਵਲੋਂ ਅਪਣਾਏ ਜਾਂਦੇ ਲੁੱਟ-ਖਸੁੱਟ ਦੇ ਤਰੀਕਿਆਂ ਦੀ ਰੋਕਥਾਮ ਕਰਨਾ ਸੀ। 'ਮਹਾਰ ਵਤਨ' ਜ਼ਮੀਨ ਖਿਲਾਫ ਉਨ੍ਹਾਂ ਦੇ ਸਫਲ ਅੰਦੋਲਨ ਸਦਕਾ ਦਿਹਾਤੀ ਗ਼ਰੀਬਾਂ ਦਾ ਬਹੁਤ ਵੱਡੀ ਤਾਦਾਦ ਨੂੰ ਇਕ ਕਿਸਮ ਦੀ ਬੰਧੂਆ ਮਜ਼ਦੂਰੀ ਤੋਂ ਨਿਜਾਤ ਮਿਲੀ ਸੀ।

ਡਾ. ਅੰਬੇਡਕਰ ਭਾਰਤ ਦੇ ਅਜਿਹੇ ਪਹਿਲੇ ਵਿਧਾਨਕਾਰ ਸਨ ਜਿਨ੍ਹਾਂ ਖੇਤੀਬਾੜੀ ਵਿਚ ਬੰਧੂਆ ਮਜ਼ਦੂਰੀ ਦੇ ਖਾਤਮੇ ਲਈ ਬਿਲ ਪੇਸ਼ ਕੀਤਾ ਸੀ। ਉਹ ਸਾਰੇ ਵਿਧਾਨਕ ਅਤੇ ਸੰਵਿਧਾਨਕ ਸਾਧਨਾਂ ਜ਼ਰੀਏ 'ਮਹਾਰ ਵਤਨ' ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਚਾਹੁੰਦੇ ਸਨ। ਉਨ੍ਹਾਂ 1937 ਵਿਚ ਬੰਬਈ ਵਿਧਾਨ ਪਰਿਸ਼ਦ ਦੇ ਪੂਨਾ ਸੈਸ਼ਨ ਵਿਚ ਇਕ ਬਿਲ ਲਿਆਂਦਾ ਸੀ ਜਿਸ ਦਾ ਮੰਤਵ ਮਹਾਰ ਵਤਨ ਦਾ ਖਾਤਮਾ ਕਰਨਾ ਸੀ ਜਿਸ ਦੇ ਖਿਲਾਫ ਉਹ 1927 ਤੋਂ ਅੰਦੋਲਨ ਕਰ ਰਹੇ ਸਨ।

ਡਾ. ਅੰਬੇਡਕਰ ਜ਼ਮੀਨ ਸੁਧਾਰਾਂ ਅਤੇ ਆਰਥਕ ਵਿਕਾਸ ਵਿਚ ਸਟੇਟ ਜਾਂ ਰਾਜ ਦੀ ਮੋਹਰੀ



ਭੂਮਿਕਾ ਦੀ ਪੈਰਵੀ ਕਰਦੇ ਸਨ। ਉਹ ਜ਼ਮੀਨ ਸੁਧਾਰਾਂ ਨੂੰ ਧੁਰ ਤੱਕ ਅਮਲ ਵਿਚ ਲਿਆਉਣ ਤੇ ਜ਼ੋਰ ਦਿੰਦੇ ਸਨ ਅਤੇ ਧਿਆਨ ਦਿਵਾਉਂਦੇ ਸਨ ਕਿ ਕਿਸੇ ਖੇਤੀ ਜੋਤ ਦੇ ਵੱਡੇ ਜਾਂ ਛੋਟੇ ਹੋਣ ਦਾ ਫੈਸਲਾ ਉਸ ਦੇ ਭੌਤਿਕ ਆਕਾਰ ਤੋਂ ਹੀ ਨਾ ਕੀਤਾ ਜਾਵੇ ਸਗੋਂ ਖੇਤੀ ਘਣਤਾ ਦੇਖੀ ਜਾਵੇ ਜਿਸ ਦਾ ਜ਼ਮੀਨ ਤੇ ਕੀਤੇ ਗਏ ਪੈਦਾਵਾਰੀ ਨਿਵੇਸ਼ ਅਤੇ ਕਿਰਤ ਸਮੇਤ ਹੋਰ ਸਾਰੀ ਵਰਤੋਂ ਸਮੱਗਰੀ ਦੀ ਲਾਗਤ ਤੋਂ ਪਤਾ ਲੱਗਦਾ ਹੈ। ਆਦਰਸ਼ ਖੇਤੀ ਜੋਤ ਦੀ ਪਰਿਭਾਸ਼ਾ ਲਈ ਉਨ੍ਹਾਂ ਦੇ ਸਟੈਂਡ ਦਾ ਨੁਕਤਾ ਪੈਦਾਵਾਰ ਨਹੀਂ ਸਗੋਂ ਇਸ ਉੱਤੇ ਹੁੰਦੀ ਖਪਤ ਸੀ।

"ਉਨ੍ਹਾਂ ਖੇਤੀਬਾੜੀ ਵਿਚ ਰਾਜਕੀ ਮਲਕੀਅਤੀ ਅਤੇ ਇਸ ਦੇ ਨਾਲ ਹੀ ਸਨਅਤ ਦੇ ਖੇਤਰ ਵਿਚ ਰਾਜਕੀ ਸਮਾਜਵਾਦ ਦਾ ਸੋਧਿਆ ਰੂਪ ਅਪਣਾਉਣ ਦਾ ਸੁਝਾਅ ਦਿੱਤਾ ਸੀ। ਖੇਤੀਬਾੜੀ ਅਤੇ ਇਸ ਦੇ ਨਾਲ ਹੀ ਸਨਅਤ ਲਈ ਲੋੜੀਂਦੀ ਪੂੰਜੀ ਮੁਹੱਈਆ ਕਰਾਉਣ ਦਾ ਜ਼ਿੰਮਾ ਰਾਜ ਦੇ ਮੋਢਿਆਂ ਉੱਤੇ ਪਾਇਆ ਗਿਆ ਸੀ।"

ਡਾ. ਅੰਬੇਡਕਰ ਦੀ ਦਲੀਲ ਸੀ ਕਿ ਖੇਤੀਬਾੜੀ ਦੇ ਸਵਾਲ ਦਾ ਹੱਲ ਖੇਤੀ ਜੋਤਾਂ ਦਾ ਆਕਾਰ ਵਧਾਉਣ ਵਿਚ ਨਹੀਂ ਹੈ ਸਗੋਂ ਸੰਘਣੀ ਖੇਤੀ ਵਿਚ ਪਿਆ ਹੈ ਜੋ ਸਾਡੇ ਵਰਗੀਆਂ ਖੇਤੀ ਜੋਤਾਂ ਵਿਚ ਜ਼ਿਆਦਾ ਪੂੰਜੀ ਅਤੇ ਕਿਰਤ ਦੀ ਖਪਤ ਕਰ ਸਕਦੀ ਹੈ। ਉਹ ਛੋਟੀਆਂ ਤੇ ਵੰਡੀਆਂ ਹੋਈਆਂ ਅਤੇ ਗੈਰ-ਲਾਹੇਵੰਦ ਖੇਤੀ ਜੋਤਾਂ ਉੱਤੇ ਜ਼ੋਰ ਦੇਣ ਤੋਂ ਬਹੁਤ ਫਿਕਰਮੰਦ ਸਨ, ਕਿਉਂਕਿ ਇਹ ਖੇਤੀਬਾੜੀ ਵਿਕਾਸ ਦੇ ਪਤਨ ਦਾ ਮੂਲ ਕਾਰਨ ਹਨ। ਉਹ ਜ਼ਮੀਨ ਦੀ ਉਤਪਾਦਕਤਾ ਵਧਾਉਣ ਤੇ ਬਹੁਤ ਜ਼ੋਰ ਦਿੰਦੇ ਸਨ, ਕਿਉਂਕਿ ਉਨ੍ਹਾਂ ਦੇ ਖਿਆਲ ਮੁਤਾਬਕ ਜ਼ਮੀਨ ਦੀ ਆਰਥਕ ਤੇ ਗੈਰ-ਆਰਥਕ ਕਿਸਮ ਇਸ ਦੇ ਆਕਾਰ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਉਤਪਾਦਕਤਾ, ਵਰਤੋਂ ਸਮੱਗਰੀ ਆਦਿ ਤੇ ਨਿਰਭਰ ਕਰਦੀ ਹੈ।

ਖੇਤੀਬਾੜੀ ਦੀਆਂ ਅਲਾਮਤਾਂ ਦਾ ਇਲਾਜ ਮੁੱਖ ਤੌਰ ਤੇ ਛੋਟੀਆਂ ਖੇਤੀ ਜੋਤਾਂ ਉੱਤੇ ਨਿਰਭਰਤਾ ਨਾਲ ਨਹੀਂ ਹੋ ਸਕਦਾ ਸਗੋਂ ਪੂੰਜੀ ਅਤੇ ਪ੍ਰਮੁੱਖ ਸਨਅਤੀ ਵਸਤਾਂ ਨਾਲ ਕੀਤਾ ਜਾ ਸਕਦਾ ਹੈ। ਸਨਅਤੀਕਰਨ ਇਸ ਦਾ ਕੁਦਰਤੀ ਅਤੇ ਸ਼ਕਤੀਸ਼ਾਲੀ ਇਲਾਜ ਹੈ। ਦਿਹਾਤੀ ਭਾਰਤ ਦੀਆਂ ਮੰਗਾਂ ਦੀ ਅਜੇ ਤਾਈਂ ਪੂਰਤੀ ਨਹੀਂ ਹੋ ਸਕੀ ਹੈ ਅਤੇ ਇਸ ਦਾ ਸਿਰਫ ਇਕ ਕਾਰਨ ਇਹ ਹੈ ਕਿ 'ਸਨਅਤੀ ਵਿਕਾਸ ਅਤੇ ਜ਼ਮੀਨ ਸੁਧਾਰਾਂ' ਦੇ ਨਾਲੋ-ਨਾਲ ਅਮਲ ਵਿਚ ਨਹੀਂ ਲਿਆਂਦੇ ਜਾ ਰਹੇ।

ਇਸ ਦੇ ਨਾਲ ਹੀ ਉਨ੍ਹਾਂ ਰਾਜ ਦੀ ਭੂਮਿਕਾ ਨੂੰ ਵੀ ਪਰਿਭਾਸ਼ਤ ਕੀਤਾ ਜੋ ਸਮਾਜਵਾਦੀ ਹੀ ਰਹਿੰਦੀ ਹੈ; ਇਸ ਦੀ ਪਹੁੰਚ ਕਲਿਆਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਸਾਮੰਤੀ ਅਰਥਚਾਰੇ ਨੂੰ ਪੂੰਜੀਵਾਦੀ ਤੇ ਬਾਜ਼ਾਰ ਦੀ ਅਗਵਾਈ ਵਾਲੇ ਅਰਥਚਾਰੇ ਵਿਚ ਤਬਦੀਲ ਕਰਦਿਆਂ ਲੋਕਾਂ ਨੂੰ ਆਰਥਕ ਸ਼ੋਸ਼ਣ ਤੋਂ ਬਚਾਉਣ ਦੀ ਜ਼ਿੰਮੇਵਾਰੀ ਰਾਜ ਦੀ ਹੋਵੇਗੀ। ਤੇਜ਼ ਰਫਤਾਰ ਸਨਅਤੀਕਰਨ ਵਾਸਤੇ ਰਾਜਕੀ ਸਮਾਜਵਾਦ ਬਹੁਤ ਅਹਿਮੀਅਤ ਰੱਖਦਾ ਹੈ ਜਿਵੇਂ ਅਸੀਂ ਪ੍ਰਾਈਵੇਟ ਪੂੰਜੀਵਾਦ ਦੇ ਉਭਾਰ ਨਾਲ ਆਰਥਕ ਨਾ-ਬਰਾਬਰੀਆਂ ਵਿਚ ਵਾਧਾ ਹੁੰਦਾ ਦੇਖਿਆ ਹੈ।

ਇਹ ਉਦਾਰਵਾਦੀ ਦਲੀਲ ਦਿੱਤੀ ਜਾਂਦੀ ਸੀ ਕਿ ਜੇ ਸਟੇਟ/ਰਾਜ ਆਰਥਕ ਜਾਂ ਸਮਾਜਿਕ ਪ੍ਰਾਈਵੇਟ ਮਾਮਲਿਆਂ ਵਿਚ ਦਖਲਅੰਦਾਜ਼ੀ ਤੋਂ ਗੁਰੇਜ਼ ਕਰਦੀ ਹੈ ਤਾਂ ਆਜ਼ਾਦੀ ਬਚੀ ਰਹਿੰਦੀ ਹੈ। ਇਸ ਦਾ ਜਵਾਬ ਦਿੰਦਿਆਂ ਡਾ. ਅੰਬੇਡਕਰ ਨੇ ਕਿਹਾ, "ਇਹ ਠੀਕ ਹੈ ਕਿ ਜਦੋਂ ਸਟੇਟ ਦੀ ਦਖਲਅੰਦਾਜ਼ੀ ਨਹੀਂ ਕੀਤੀ ਜਾਂਦੀ ਤਾਂ ਆਜ਼ਾਦੀ ਬਚੀ ਰਹਿੰਦੀ ਹੈ ਪਰ ਇਹ ਆਜ਼ਾਦੀ ਕਿਸ ਦੀ ਹੈ ਤੇ ਕੀਹਦੇ ਲਈ ਹੈ? ਜ਼ਾਹਿਰ ਹੈ ਕਿ ਇਹ ਆਜ਼ਾਦੀ ਜ਼ਿਮੀਦਾਰਾਂ ਵੱਲੋਂ ਜ਼ਮੀਨ ਦਾ ਮਾਲੀਆ ਵਧਾਉਣ, ਪੂੰਜੀਪਤੀਆਂ ਵੱਲੋਂ ਕੰਮ ਦੇ ਘੰਟੇ ਵਧਾਉਣ ਅਤੇ ਉਜਰਤਾਂ ਦੀਆਂ ਦਰਾਂ ਘਟਾਉਣ ਦੀ ਹੋਵੇਗੀ।" ਇਸ ਤੋਂ ਅਗਾਂਹ ਉਹ ਕਹਿੰਦੇ ਹਨ, "ਕਿਸੇ ਆਰਥਕ ਪ੍ਰਣਾਲੀ ਵਿਚ ਜਦੋਂ ਵੱਡੀ ਸੰਖਿਆ ਵਿਚ ਕਾਮੇ ਲਾਏ ਜਾਂਦੇ ਹਨ ਅਤੇ ਨਿਯਮਤ ਸਮਿਆਂ ਤੇ ਵੱਡੇ ਪੈਮਾਨੇ ਉੱਤੇ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿਸੇ ਨਾ ਕਿਸੇ ਨੂੰ ਨੇਮ ਤੈਅ ਕਰਨੇ ਪੈਣਗੇ ਤਾਂ ਕਿ ਕਾਮੇ ਕੰਮ ਕਰ ਸਕਣ ਅਤੇ ਸਨਅਤ ਦਾ ਪਹੀਆ ਚੱਲਦਾ ਰਹੇ। ਜੇ ਇਹ ਕੰਮ ਸਟੇਟ ਨਹੀਂ ਕਰੇਗੀ ਤਾਂ ਪ੍ਰਾਈਵੇਟ ਮਾਲਕ ਕਰਨਗੇ। ਦੂਜੇ ਸ਼ਬਦਾਂ ਵਿਚ ਜੋ ਚੀਜ਼ ਰਾਜ ਦੇ ਕੰਟਰੋਲ ਤੋਂ ਪਰ੍ਹੇ ਆਜ਼ਾਦੀ ਕਹੀ ਜਾਂਦੀ ਹੈ, ਉਹ ਪ੍ਰਾਈਵੇਟ ਮਾਲਕ ਦੀ ਤਾਨਾਸ਼ਾਹੀ ਹੁੰਦੀ ਹੈ।"

1) ਮੁੱਖ ਸਨਅਤਾਂ ਦੀ ਮਾਲਕੀ ਅਤੇ ਪ੍ਰਬੰਧਨ ਸਟੇਟ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ।

2) ਮੂਲ ਪਰ ਜਿਹੜੀਆਂ ਮੁੱਖ ਨਹੀਂ, ਉਨ੍ਹਾਂ ਸਨਅਤਾਂ ਦੀ ਮਾਲਕੀ ਤੇ ਪ੍ਰਬੰਧਨ ਸਟੇਟ ਜਾਂ ਫਿਰ ਇਸ ਵੱਲੋਂ ਲਾਈਆਂ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ।

3) ਖੇਤੀਬਾੜੀ ਰਾਜਕੀ ਸਨਅਤ ਹੋਣੀ ਚਾਹੀਦੀ ਹੈ ਅਤੇ ਸਾਰੀ ਜ਼ਮੀਨ ਉੱਤੇ ਸਟੇਟ ਦੀ ਮਾਲਕੀ ਹੋਣੀ ਚਾਹੀਦੀ ਹੈ, ਇਸ ਨੂੰ ਵਾਜਿਬ ਖੇਤੀ ਜੋਤਾਂ ਦੇ ਆਕਾਰ ਵਿਚ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ; ਇਨ੍ਹਾਂ ਖੇਤੀ ਜੋਤਾਂ ਉੱਤੇ ਪਰਿਵਾਰਾਂ ਦੇ ਸਮੂਹਾਂ ਵਲੋਂ ਮਿਲ ਜੁਲ ਕੇ ਖੇਤੀ ਕੀਤੀ ਜਾਣੀ ਚਾਹੀਦੀ ਹੈ।

# ਚੋਣ ਸਿਆਸਤ ਅਤੇ ਫਿਰਕਾਪ੍ਰਸਤੀ

ਦੇਸ਼ ਵਿਚ ਫਿਰਕੂ ਰਾਜਨੀਤੀ ਦੇ ਪ੍ਰਭਾਵਾਂ ਨੂੰ ਸਮਝਣ ਲਈ ਬੀਤੇ ਦਿਨੀਂ ਇਕ ਵੱਡੇ ਅੰਗਰੇਜ਼ੀ ਅਖਬਾਰ ਵਿਚ ਛਪੇ ਦੋ ਵਿਸ਼ਲੇਸ਼ਣਾਂ 'ਤੇ ਗੌਰ ਕੀਤਾ ਜਾ ਸਕਦਾ ਹੈ। ਇਕ ਵਿਸ਼ਲੇਸ਼ਣ ਹੈ ਸੀਨੀਅਰ ਪੱਤਰਕਾਰ ਸੁਆਮੀਨਾਥਨ ਅਈਅਰ ਦਾ ਅਤੇ ਦੂਜਾ ਹੈ ਚੋਣ ਸਰਵੇਖਣ ਅਤੇ ਭਵਿੱਖਵਾਣੀਆਂ ਕਰਨ ਵਾਲੇ ਪ੍ਰਦੀਪ ਗੁਪਤਾ ਦਾ। 'ਇਕਨਾਮਿਕਸ ਟਾਈਮਜ਼' ਦੇ ਸੰਪਾਦਕ ਰਹਿ ਚੁੱਕੇ ਸਵਾਮੀਨਾਥਨ ਅਈਅਰ ਅੱਜ ਵੀ ਇਸ ਅਖਬਾਰ ਨਾਲ ਜੁੜੇ ਹੋਏ ਹਨ ਅਤੇ 'ਟਾਈਮਜ਼ ਆਫ ਇੰਡੀਆ' ਵਿਚ 'ਸਵਾਮੀਨੋਮਿਕਸ' ਸਿਰਲੇਖ ਹੇਠ ਨਿਯਮਤ

**ਅਭੈ ਕੁਮਾਰ ਦੂਬੇ**

ਐਤਵਾਰੀ ਕਾਲਮ ਲਿਖਦੇ ਹਨ। ਉਨ੍ਹਾਂ ਦੀ ਲਿਖਣ-ਸ਼ੈਲੀ ਬੇਬਾਕ ਹੈ।

ਪ੍ਰਦੀਪ ਗੁਪਤਾ ਦੀ ਖਾਸ ਗੱਲ ਇਹ ਹੈ ਕਿ ਉਹ ਸਰਵੇਖਣ ਕਰਨ ਵਾਲੀ 'ਅਕਸੈਸ ਮਾਈ ਇੰਡੀਆ' ਨਾਂ ਦੀ ਸੰਸਥਾ ਚਲਾਉਂਦੇ ਹਨ। ਉਨ੍ਹਾਂ ਦੀ ਅਗਵਾਈ ਵਿਚ ਇਸ ਸੰਸਥਾ ਨੇ ਪਿਛਲੇ ਕੁਝ ਸਾਲਾਂ ਵਿਚ ਹੋਈਆਂ 47 ਚੋਣਾਂ ਵਿਚੋਂ 44 ਵਿਚ ਜਿੱਤ-ਹਾਰ ਦਾ ਤਕਰੀਬਨ ਸਹੀ-ਸਹੀ ਅੰਦਾਜ਼ਾ ਲਗਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। 2015 ਦੀਆਂ ਵਿਧਾਨ ਸਭਾ ਚੋਣਾਂ ਲਈ ਉਹ ਇਕ ਟੀ.ਵੀ. ਚੈਨਲ ਲਈ ਸਰਵੇਖਣ ਕਰ ਰਹੇ ਸਨ ਪਰ ਉਸ ਚੈਨਲ ਨੇ ਮਹਾਂਗਠਜੋੜ (ਲਾਲੂ ਅਤੇ ਨਿਤੀਸ਼) ਨੂੰ ਬਹੁਮਤ ਦਿਵਾਉਣ ਵਾਲੇ ਉਨ੍ਹਾਂ ਦੇ ਮੁਲੰਕਣ ਨੂੰ ਐਨ ਮੌਕੇ 'ਤੇ ਪ੍ਰਸਾਰਿਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਨਤੀਜੇ ਆਏ ਤਾਂ ਪ੍ਰਦੀਪ ਗੁਪਤਾ ਦੀ ਗੱਲ ਸਹੀ ਨਿਕਲੀ। ਉਸ ਗੱਲ ਨਾਲ ਉਨ੍ਹਾਂ ਦੀ ਅਤੇ ਉਨ੍ਹਾਂ ਦੀ ਸੰਸਥਾ ਦੀ ਸਾਖ ਕਾਫੀ ਵਧ ਗਈ। ਸੁਆਮੀਨਾਥਨ ਅਈਅਰ ਦੇ ਜਿਸ ਵਿਸ਼ਲੇਸ਼ਣ ਦਾ ਮੈਂ ਇਥੇ ਜ਼ਿਕਰ ਕਰ ਰਿਹਾ ਹਾਂ, ਉਹ ਫਿਰਕੂਵਾਦ ਦੇ ਦੂਰਗਾਮੀ ਪ੍ਰਭਾਵਾਂ 'ਤੇ ਰੌਸ਼ਨੀ ਪਾਉਂਦਾ ਹੈ। ਪ੍ਰਦੀਪ ਗੁਪਤਾ ਦੀਆਂ ਗੱਲਾਂ ਫਿਰਕੂ ਰਾਜਨੀਤੀ ਦੇ ਥੋੜ੍ਹੇ ਸਮੇਂ ਵਿਚ ਪੈਣ ਵਾਲੇ ਪ੍ਰਭਾਵਾਂ ਨੂੰ ਪੇਸ਼ ਕਰਦੀਆਂ ਹਨ।

ਉੱਤਰ ਪ੍ਰਦੇਸ਼ ਦੀ ਇਕ ਹੇਠਲੀ ਅਦਾਲਤ ਨੇ ਭਾਰਤੀ ਪੁਰਾਤੱਤਵ ਸਰਵੇਖਣ ਨੂੰ ਆਦੇਸ਼ ਦਿੱਤਾ ਹੈ ਕਿ ਉਹ ਬਨਾਰਸ ਦੀ ਗਿਆਨਵਾਪੀ ਮਸਜਿਦ ਦੇ ਸਬੰਧ ਵਿਚ ਹਿੰਦੂ ਪਟੀਸ਼ਨਕਰਤਾ ਦੇ ਦਾਅਵੇ ਦੀ ਸਚਾਈ ਦੀ ਜਾਂਚ ਕਰੇ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਇਹ ਮਸਜਿਦ, ਮੰਦਰ ਢਾਹ ਕੇ ਬਣਾਈ ਗਈ ਸੀ। ਅਈਅਰ ਦੇ ਦੋ ਤਰਕ ਹਨ। ਪਹਿਲਾ, 1991 ਦਾ ਪੂਜਾ ਸਥਾਨ ਕਾਨੂੰਨ ਅਤੇ ਬਾਬਰੀ ਮੁਕੱਦਮੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਦੋ-ਟੁੱਕ ਕਹਿੰਦਾ ਹੈ ਕਿ ਇਤਿਹਾਸ ਵਿਚ ਜੋ ਵੀ ਹੋਇਆ ਪਰ 15 ਅਗਸਤ, 1947 ਨੂੰ ਆਜ਼ਾਦੀ ਮਿਲਦੇ ਸਮੇਂ ਪੂਜਾ ਸਥਾਨਾਂ ਦੀ ਜੋ ਵੀ ਸਥਿਤੀ ਸੀ, ਉਸ ਨੂੰ ਬਦਲਿਆ ਨਹੀਂ ਜਾਵੇਗਾ। ਇਸ ਫੈਸਲੇ ਵਿਚ ਅਦਾਲਤ ਨੇ ਸਿਰਫ ਅਯੁੱਧਿਆ ਦੇ ਬਾਬਰੀ ਮਸਜਿਦ ਦੇ ਮਾਮਲੇ ਨੂੰ ਹੀ ਇਸ ਤੋਂ ਵੱਖਰਾ ਮੰਨਿਆ ਸੀ। ਇਸ ਲਈ ਇਸ ਕਾਨੂੰਨ ਅਤੇ ਦੇਸ਼ ਦੀ ਸਰਬਉੱਚ ਅਦਾਲਤ ਦੇ ਫੈਸਲੇ ਦੇ ਹਿਸਾਬ ਨਾਲ ਹੇਠਲੀਆਂ ਅਦਾਲਤਾਂ ਨੂੰ ਅਜਿਹੀਆਂ ਪਟੀਸ਼ਨਾਂ ਸੁਣਨ ਤੋਂ ਪਹਿਲਾਂ ਹੀ ਖਾਰਜ ਕਰ ਦੇਣੀਆਂ ਚਾਹੀਦੀਆਂ ਹਨ। ਹੁਣ ਕਿਉਂਕਿ ਹੇਠਲੀਆਂ ਅਦਾਲਤਾਂ ਅਜਿਹਾ ਨਹੀਂ ਕਰ ਰਹੀਆਂ ਤਾਂ ਇਸ ਲਈ ਸਰਬਉੱਚ ਅਦਾਲਤ ਨੂੰ ਅਪੀਲ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਉਨ੍ਹਾਂ ਨੂੰ ਝਾੜ ਪਾਵੇ। ਦੂਜਾ ਨਾ ਸਿਰਫ ਹਮਲਾਵਰਾਂ ਨੇ ਆਪਣੇ ਜਿੱਤੇ, ਇਲਾਕਿਆਂ ਵਿਚ ਧਾਰਮਿਕ ਸਥਾਨਾਂ ਨੂੰ ਢਾਹਿਆ, ਲੁੱਟਿਆ ਅਤੇ ਮੰਦਰਾਂ ਨੂੰ ਮਸਜਿਦਾਂ ਵਿਚ ਬਦਲਣ ਦਾ ਕੰਮ ਕੀਤਾ ਸਗੋਂ ਦੇਸ਼ ਦੀ ਵੰਡ ਦੌਰਾਨ ਫਿਰਕੂ ਫਸਾਦਾਂ ਵਿਚ ਕਈ ਮਸਜਿਦਾਂ ਵੀ ਮੰਦਰਾਂ ਵਿਚ ਬਦਲ ਦਿੱਤੀਆਂ ਗਈਆਂ। ਅਈਅਰ ਕਹਿੰਦੇ ਹਨ ਕਿ ਅਜਿਹੀਆਂ ਉਦਾਹਰਨਾਂ ਦੁਨੀਆ ਭਰ ਵਿਚ ਹਨ। ਸਪੇਨ ਵਿਚ 8ਵੀਂ ਸਦੀ ਦੀ ਮਸਜਿਦ ਨੂੰ ਮੁਸਲਮਾਨਾਂ 'ਤੇ ਇਸਾਈਆਂ ਦੀ ਜਿੱਤ ਤੋਂ ਬਾਅਦ 13ਵੀਂ ਸਦੀ ਵਿਚ ਗਿਰਜਾ ਘਰ ਵਿਚ ਬਦਲ ਦਿੱਤਾ ਗਿਆ। ਇਸਤਾਂਬੁਲ ਦੇ ਬਾਈਜ਼ਾਂਟਾਈਨ ਯੁੱਗ ਦੇ ਸ਼ਾਨਦਾਰ ਚਰਚ ਹਾਜ਼ੀਆ ਸੋਫੀਆ ਨੂੰ ਓਟੋਮਨ ਸ਼ਾਸਕਾਂ ਵਲੋਂ ਮਸਜਿਦ ਵਿਚ ਬਦਲ ਦਿੱਤਾ ਗਿਆ। ਭਾਰਤ ਦੇ ਸਬੰਧ ਵਿਚ ਵੀ ਉਨ੍ਹਾਂ ਨੇ ਕਈ ਮਿਸਾਲਾਂ ਦਿੱਤੀਆਂ ਹਨ ਜਿਨ੍ਹਾਂ ਦੀ ਅਕਸਰ ਚਰਚਾ ਨਹੀਂ ਹੁੰਦੀ। ਜਿਵੇਂ ਹਰਿਆਣਾ ਵਿਚ ਸੋਨੀਪਤ ਦੀ ਜਾਮਾ ਮਸਜਿਦ ਨੂੰ ਦੁਰਗਾ ਮੰਦਰ ਵਿਚ ਬਦਲ ਦਿੱਤਾ ਗਿਆ। ਹਰਿਆਣਾ ਵਿਚ ਹੀ ਫਾਰੁਕ ਨਗਰ ਦੀ 1732 ਵਿਚ ਬਣੀ ਜਾਮਾ ਮਸਜਿਦ ਨੂੰ ਗੁਰਦੁਆਰੇ ਵਿਚ ਬਦਲ ਦਿੱਤਾ ਗਿਆ। ਔਰੰਗਾਬਾਦ ਵਿਚ ਖਿਲਜੀ ਵੰਸ਼ ਵਲੋਂ ਬਣਾਈ ਗਈ ਜਾਮਾ ਮਸਜਿਦ ਇਸ ਸਮੇਂ ਭਾਰਤ ਮਾਤਾ ਮੰਦਰ ਕਹਿਲਾਉਂਦੀ ਹੈ। ਹਿਸਾਰ ਦੀ ਦਾਨਾ ਸ਼ਿਰ ਮਸਜਿਦ ਇਸ ਸਮੇਂ ਭਗਵਾਨ ਦਾਨਾ ਸ਼ੇਰ ਮੰਦਰ ਬਣ ਚੁੱਕੀ ਹੈ। ਅਈਅਰ ਦਾ ਤਰਕ ਹੈ ਕਿ ਜੇ ਮੁਸਲਮਾਨ ਸ਼ਾਸਕਾਂ ਵਲੋਂ ਮੰਦਰਾਂ ਨੂੰ ਮਸਜਿਦ ਬਣਾਉਣਾ ਇਤਰਾਜ਼ਯੋਗ ਸੀ ਤਾਂ ਮਸਜਿਦਾਂ ਨੂੰ ਮੰਦਰ ਬਣਾਉਣਾ ਵੀ ਉਸੇ ਸ਼੍ਰੇਣੀ ਵਿਚ ਆਉਂਦਾ ਹੈ; ਭਾਵ ਜੇ ਕਾਨੂੰਨ ਦੀ ਮਦਦ ਲੈ ਕੇ ਪੂਜਾ ਸਥਾਨਾਂ ਨੂੰ ਬਦਲਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਇਹ ਖੇਡ ਪੁੱਠੀ ਵੀ ਪੈ ਸਕਦੀ ਹੈ। ਮੰਦਰ ਵਿਚ ਬਦਲੀਆਂ ਜਾ ਚੁੱਕੀਆਂ ਮਸਜਿਦਾਂ ਨੂੰ ਫਿਰ ਤੋਂ ਮਸਜਿਦਾਂ ਬਣਾਉਣ ਦੀ ਮੰਗ ਦੇ ਮਾਮਲੇ ਵੀ ਸਾਹਮਣੇ ਆਉਣਗੇ।

ਪ੍ਰਦੀਪ ਗੁਪਤਾ ਨੇ ਚੋਣ ਸਰਵੇਖਣਾਂ ਦੇ ਆਪਣੇ ਤਜਰਬੇ ਦਾ ਲਾਭ ਉਠਾਉਂਦਿਆਂ ਵਿਸ਼ਲੇਸ਼ਣ ਕੀਤਾ ਹੈ ਕਿ ਚੋਣਾਂ ਦੌਰਾਨ ਕੀਤੇ ਫਿਰਕੂ ਪ੍ਰਚਾਰ ਦਾ ਅਸਰ ਸਿਰਫ ਇਕ ਫੀਸਦੀ ਵੋਟਾਂ 'ਤੇ ਹੀ ਪੈਂਦਾ ਹੈ। ਲੋਕ ਧਾਰਮਿਕ ਧਰੁਵੀਕਰਨ ਦੇ ਆਧਾਰ 'ਤੇ ਨਹੀਂ ਸਗੋਂ ਸੁਸ਼ਾਸਨ ਜਾਂ ਕੁਸ਼ਾਸਨ ਦੇ ਆਧਾਰ 'ਤੇ ਵੋਟਾਂ ਪਾਉਂਦੇ ਹਨ, ਭਾਵੇਂ ਆਗੂ ਆਪਣੀ ਮਾਰਕੀਟਿੰਗ ਕਰਨ ਲਈ ਫਿਰਕੂ ਜਜ਼ਬਾਤ ਭੜਕਾਉਣ ਦੀ ਮੁਹਿੰਮ ਚਲਾਉਂਦੇ ਰਹਿੰਦੇ ਹਨ, 80 ਫੀਸਦੀ ਵੋਟਰ ਇਸ ਤਰ੍ਹਾਂ ਦੇ ਪ੍ਰਚਾਰ 'ਤੇ ਕੋਈ ਧਿਆਨ ਨਹੀਂ ਦਿੰਦੇ। 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸ਼ਾਹੀਨ ਬਾਗ ਦੇ ਧਰਨੇ ਨੂੰ ਕੇਂਦਰਿਤ ਕਰ ਕੇ ਭਾਰਤੀ ਜਨਤਾ ਪਾਰਟੀ ਨੇ ਰੱਜ ਕੇ ਫਿਰਕੂ ਪ੍ਰਚਾਰ ਕੀਤਾ ਸੀ ਪਰ ਆਮ ਆਦਮੀ ਪਾਰਟੀ ਨੂੰ 62 ਸੀਟਾਂ ਮਿਲੀਆਂ ਅਤੇ ਭਾਜਪਾ 8 ਸੀਟਾਂ 'ਤੇ ਸਿਮਟ ਗਈ। ਇਸੇ ਤਰ੍ਹਾਂ 2015 ਦੀਆਂ ਬਿਹਾਰ ਚੋਣਾਂ ਵਿਚ ਵੀ ਭਾਜਪਾ ਵਜੋਂ ਫਿਰਕੂ ਭਾਸ਼ਨਬਾਜ਼ੀ ਕੀਤੀ ਗਈ ਪਰ ਉਨ੍ਹਾਂ ਦੇ ਦਮ 'ਤੇ ਹਾਰ ਨੂੰ ਨਹੀਂ ਰੋਕਿਆ ਜਾ ਸਕਿਆ। ਗੁਪਤਾ ਦਾ ਮੰਨਣਾ ਹੈ ਕਿ ਮੱਧ ਵਰਗ ਦਾ 10 ਤੋਂ 20 ਫੀਸਦੀ ਹਿੱਸਾ ਹੀ ਇਸ ਤਰ੍ਹਾਂ ਦੇ ਚੋਣ ਪ੍ਰਚਾਰ 'ਤੇ ਧਿਆਨ ਦਿੰਦਾ ਹੈ ਸਗੋਂ ਫਿਰਕੂ ਆਧਾਰ 'ਤੇ ਵੋਟ ਤਾਂ ਹੋਰ ਵੀ ਘੱਟ ਲੋਕ ਪਾਉਂਦੇ ਹਨ।

ਇਨ੍ਹਾਂ ਦੋਵਾਂ ਗੱਲਾਂ ਤੋਂ ਅਸੀਂ ਕੀ ਸਬਕ ਸਿੱਖ ਸਕਦੇ ਹਾਂ? ਸਭ ਤੋਂ ਵੱਡਾ ਸਬਕ ਇਹ ਹੈ ਕਿ ਸਮਾਜ ਨੂੰ ਫਿਰਕੂਵਾਦੀ ਬਣਾਉਣ ਦੀ ਪ੍ਰਕਿਰਿਆ ਦੀਰਘਕਾਲੀ ਹੈ। ਹਰਿਆਣਾ ਵਿਚ ਭਾਵੇਂ ਸ਼ਰਨਾਰਥੀਆਂ ਅਤੇ ਹਿੰਦੂ ਫਿਰਕੂ ਅਨਸਰਾਂ ਦੇ ਦਬਾਅ ਵਿਚ ਮਸਜਿਦਾਂ ਮੰਦਰਾਂ ਵਿਚ ਬਦਲ ਦਿੱਤੀਆਂ ਗਈਆਂ ਹੋਣ ਪਰ ਆਜ਼ਾਦੀ ਤੋਂ ਬਾਅਦ ਹਿੰਦੂਤਵਵਾਦੀ ਰਾਜਨੀਤੀ ਦਾ ਇਸ ਸੂਬੇ ਵਿਚ ਪ੍ਰਭਾਵ 2014 ਤੋਂ ਬਾਅਦ ਹੀ ਦਿਖਾਈ ਦਿੱਤਾ ਹੈ, ਉਹ ਅਸਰ ਵੀ ਮੁਸਲਮਾਨ ਵਿਰੋਧੀ ਨਾ ਹੋ ਕੇ ਹਿੰਦੂਆਂ ਦੇ ਫਿਰਕਿਆਂ ਦਾ ਅੰਦਰੂਨੀ ਮਸਲਾ ਹੈ। ਭਾਜਪਾ ਉਥੇ ਦੋ ਵਾਰ ਸਰਕਾਰ ਬਣਾਉਣ ਵਿਚ ਸਫਲ ਜ਼ਰੂਰ ਹੋਈ ਪਰ ਹਿੰਦੂ ਸਮਾਜ ਨੂੰ 'ਜਾਟ ਬਨਾਮ ਗੈਰ ਜਾਟ' ਵਿਚ ਵੰਡਣ ਤੋਂ ਬਾਅਦ। ਬਿਹਾਰ ਵਿਚ ਵੀ ਉਹ ਲਾਲੂ-ਨਿਤੀਸ਼ ਗੱਠਜੋੜ ਤੋੜਨ ਤੋਂ ਬਾਅਦ ਹੀ ਸੱਤਾ ਪ੍ਰਾਪਤ ਕਰ ਸਕੀ। ਉਥੇ ਵੀ ਫਿਰਕੂ ਰਾਜਨੀਤੀ ਉਸ ਦੇ ਜ਼ਿਆਦਾ ਕੰਮ ਨਹੀਂ ਆਈ। ਉੱਤਰ ਪ੍ਰਦੇਸ਼ ਵਿਚ ਉਸ ਨੇ 2017 ਅਤੇ 2019 ਵਿਚ ਜਾਤ-ਪਾਤ ਦਾ ਨਾਅਰਾ ਲਗਾ ਕੇ ਦੋ ਚੋਣਾਂ ਜਿੱਤੀਆਂ।

ਦੂਜਾ ਵੱਡਾ ਸਬਕ ਇਹ ਹੈ ਕਿ ਸਮਾਜ ਦੇ ਅੰਦਰ ਲਗਾਤਾਰ ਹਿੰਦੂ ਬਹੁਗਿਣਤੀ ਦਾਅਵੇਦਾਰੀਆਂ ਮਜ਼ਬੂਤ ਕਰਨ ਦੀ ਇਕ ਖਾਮੋਸ਼ ਪ੍ਰਕਿਰਿਆ ਚਲਦੀ ਰਹਿੰਦੀ ਹੈ। ਇਹ ਚੋਣ ਮੋਰਚਾਬੰਦੀ ਤੋਂ ਵੱਖਰਾ ਹੈ। ਕਿਸੇ ਮਸਜਿਦ ਨੂੰ ਮੰਦਰ ਵਿਚ ਬਦਲਣ ਵਾਲੇ ਸਾਰੇ ਲੋਕ ਜਨਸੰਘ ਜਾਂ ਭਾਜਪਾ ਦੇ ਵੋਟਰ ਨਹੀਂ ਹੁੰਦੇ। ਧਾਰਮਿਕ ਸਥਾਨਾਂ ਨੂੰ ਬਦਲਣ ਦੀਆਂ ਮੁਹਿੰਮਾਂ ਆਪਣੇ ਕਿਰਦਾਰ ਦੇ ਬਾਵਜੂਦ ਫੌਰੀ ਰਾਜਨੀਤੀ ਨੂੰ ਘੱਟ ਪ੍ਰਭਾਵਿਤ ਕਰਦੀਆਂ ਹਨ। ਹਿੰਦੂ ਸਮਾਜ ਦੇ ਵੱਖ-ਵੱਖ ਹਿੱਸੇ ਹੀ ਉਸ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੰਦੇ ਹਨ। ਰਾਮ ਜਨਮ ਭੂਮੀ ਅੰਦੋਲਨ ਕਾਰਨ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ ਸਿਰਫ ਇਕ ਵਾਰ ਪੂਰਨ ਬਹੁਮਤ ਮਿਲਿਆ। ਉਸ ਤੋਂ ਬਾਅਦ ਦੁਬਾਰਾ ਪੂਰਨ ਬਹੁਮਤ ਹਾਸਲ ਕਰਦਿਆਂ ਉਸ ਨੂੰ 27 ਸਾਲ ਲੱਗ ਗਏ। ਇਸ ਦੌਰਾਨ ਉਸ ਦੀਆਂ ਵੋਟਾਂ ਵੀ ਲਗਾਤਾਰ ਘਟਦੀਆਂ ਗਈਆਂ।

ਤੀਜਾ ਵੱਡਾ ਸਬਕ ਇਹ ਹੈ ਕਿ ਫਿਰਕੂਵਾਦ ਨੂੰ ਫੌਰੀ ਚੋਣ ਕਾਮਯਾਬੀ ਨਾ ਮਿਲਣ ਦਾ ਮਤਲਬ ਧਰਮ-ਨਿਰਪੱਖਤਾ ਦੀ ਜਿੱਤ ਨਹੀਂ ਸਮਝਣਾ ਚਾਹੀਦਾ। 2004 ਤੋਂ 2010 ਤੱਕ ਭਾਜਪਾ ਨੇ ਕੇਂਦਰ ਵਿਚ ਦੋ ਚੋਣਾਂ ਹਾਰੀਆਂ ਪਰ ਐਕਤੇ ਦੱਸਦੇ ਹਨ ਕਿ ਇਸ ਦਰਮਿਆਨ ਹਿੰਦੂ ਵੋਟ ਬੈਂਕ ਲਗਾਤਾਰ ਉਸ ਵੱਲ ਝੁਕਦਾ ਰਿਹਾ। ਜਿਵੇਂ ਹੀ ਕਾਂਗਰਸ ਦੀ ਸਾਖ ਡਿੱਗੀ ਹਿੰਦੂ ਵੋਟ ਬੈਂਕ ਨੇ ਜ਼ਿਆਦਾ ਵੱਡਾ ਅਤੇ ਪ੍ਰਭਾਵੀ ਰੂਪ ਲੈਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਕਾਂਗਰਸ ਸਰਕਾਰ ਹੋਣ ਦੇ ਨਾਂ 'ਤੇ ਫਿਰਕਾਪ੍ਰਸਤੀ ਵਿਰੋਧੀ ਅੰਦੋਲਨ ਚਲਾਉਣ ਵਾਲੇ ਚਾਦਰ ਤਾਣ ਕੇ ਸੁੱਤੇ ਰਹੇ। ਇਹ ਤਿੰਨ ਸਬਕ ਦੱਸਦੇ ਹਨ ਕਿ ਫਿਰਕੂਵਾਦ, ਸਮਾਜ ਅਤੇ ਚੋਣ ਰਾਜਨੀਤੀ ਦੇ ਆਪਸੀ ਸੰਬੰਧ ਜਿੰਨਾ ਅਸੀਂ ਸਮਝਦੇ ਹਾਂ, ਉਸ ਤੋਂ ਕਿਤੇ ਜ਼ਿਆਦਾ ਗੁੰਝਲਦਾਰ ਹਨ।

# ਕਿਸ ਹਾਲ ਵਿਚ ਹੈ ਪੰਜਾਬ ਦੀ ਸਰਕਾਰ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਆਪਣੀ ਮਿਆਦ ਦੇ ਆਖਰੀ ਸਾਲ ਵਿਚ ਉਹ ਸਾਰਾ ਟਿੱਲ ਇਸ ਮਕਸਦ ਲਈ ਲਾਉਂਦੀ ਹੈ ਕਿ ਅੜੇ-ਥੁੜੇ ਕੰਮ ਕਰ ਲਏ ਜਾਣ ਅਤੇ ਲੋਕਾਂ ਕੋਲ ਜਾਣ ਜੋਗੇ ਹੋਇਆ ਜਾਵੇ। ਪੰਜਾਬ ਦੀ ਮੌਜੂਦਾ ਸਰਕਾਰ ਦਾ ਇਸ ਵੇਲੇ ਅੰਤਲਾ ਸਾਲ ਚੱਲਦਾ ਪਿਆ ਹੈ ਅਤੇ ਇਸ ਵਿਚੋਂ ਇੱਕ ਮਹੀਨਾ ਘਟ ਚੁਕਾ ਹੈ, ਪਰ ਇਸ ਦਾ ਉਹ ਪ੍ਰਭਾਵ ਬਣਨ ਵਾਲੀ ਗੱਲ ਕੋਈ ਨਹੀਂ ਲੱਭਦੀ, ਜਿਸ ਤੋਂ ਲੋਕਾਂ ਕੋਲ ਜਾਣ ਲਈ ਇਸ ਦੀ ਕਿਸੇ ਖਾਹਿਸ਼ ਦਾ ਪਤਾ ਲਾਇਆ ਜਾ ਸਕੇ। ਇਸ ਦੀ ਥਾਂ ਏਦਾਂ ਲੱਗਦਾ ਹੈ ਕਿ ਸਰਕਾਰ ਕਿਸੇ 'ਆਟੋ' ਮੋਡ ਵਿਚ ਪਈ ਹੋਈ ਆਪਣਾ ਰਾਹ ਆਪੇ ਲੱਭਦੀ ਅਤੇ ਚੱਲਦੀ ਪਈ ਹੈ, ਇਸ ਦੀ ਵਾਗ ਹੀ ਕਿਸੇ ਦੇ ਹੱਥ ਨਹੀਂ ਜਾਪਦੀ ਤੇ ਇਸ ਦੀ ਸੁਰ-ਸੇਧ ਵੀ ਕੋਈ ਦਿਖਾਈ ਨਹੀਂ ਦਿੰਦੀ। ਹਰਚਰਨ ਸਿੰਘ ਬਰਾੜ ਦੀ ਸਰਕਾਰ ਦੌਰਾਨ ਅਸੀਂ ਵੇਖਿਆ ਸੀ ਕਿ ਉਸ ਨੇ ਮੁੱਖ ਮੰਤਰੀ ਵਾਲੇ ਸਾਰੇ ਕੰਮ ਇਹ ਸੋਚ ਕੇ ਵਿਸਾਰ ਦਿੱਤੇ ਸਨ ਕਿ ਆਪਾਂ ਨੂੰ ਜਿੱਤਣ ਦੀ ਲੋੜ ਨਹੀਂ ਅਤੇ ਚੋਣਾਂ ਜਦੋਂ ਵੀ ਹੋਣਗੀਆਂ ਤਾਂ ਸਰਕਾਰ ਆਪਣੇ ਰਿਸ਼ਤੇਦਾਰਾਂ ਦੀ ਆਉਣੀ ਹੈ। ਬੀਬੀ ਰਾਜਿੰਦਰ ਕੌਰ ਭੱਠਲ ਆਈ ਤਾਂ ਕਾਂਗਰਸ ਨੂੰ ਚੋਣ ਲੜਨ ਜੋਗੀ ਉਸ ਨੇ ਕੀਤਾ ਸੀ, ਵਰਨਾ ਸਾਰੀ ਪਾਰਟੀ ਵਿਚ ਬਿਸਤਰੇ ਲਪੇਟੇ ਜਾਣ ਦਾ ਮਾਹੌਲ ਬਣਿਆ ਪਿਆ ਸੀ।

ਇਸ ਵਾਰੀ ਪੰਜਾਬ ਵਿਚ ਅਜੇ ਹਰਚਰਨ ਸਿੰਘ ਬਰਾੜ ਦੇ ਸਮੇਂ ਵਾਲੀ ਗੱਲ ਭਾਵੇਂ ਨਹੀਂ ਜਾਪਦੀ, ਪਰ ਜਿਹੜੇ ਹਾਲਾਤ ਹਨ, ਜੇ ਇਸੇ ਤਰ੍ਹਾਂ ਸਰਕਾਰ ਚੱਲਦੀ ਰਹੀ ਤੇ ਇਸ ਦਾ ਕੋਈ ਖਸਮ-ਸਾਈਂ ਦਿਖਾਈ ਨਾ ਦਿੱਤਾ ਤਾਂ ਇਸ ਦੀ ਹਾਲਤ ਬਾਕੀ ਰਹਿੰਦੇ ਗਿਆਰਾਂ ਮਹੀਨਿਆਂ ਵਿਚ ਚੋਣ ਲੜਨ ਜੋਗੀ ਨਹੀਂ ਰਹਿ ਜਾਣੀ। ਕੁਝ ਮੰਤਰੀਆਂ ਦਾ ਸਾਰਾ ਜ਼ੋਰ ਅਗਲੀ ਚੋਣ ਤੋਂ ਪਹਿਲਾਂ ਅਜੇ ਤੱਕ ਉਣੀਆਂ ਗੋਲਕਾਂ ਭਰਨ ਵਾਸਤੇ ਲੱਗਾ ਪਿਆ ਹੈ ਅਤੇ ਕੁਝ ਵਿਧਾਇਕਾਂ ਨੇ ਵਿਕਾਸ ਕੰਮਾਂ ਵਿਚੋਂ ਹਿੱਸਾ-ਪੱਤੀ ਲੈਣ ਵੇਲੇ ਸਿਰਫ ਮੁੱਛਾਂ ਨਹੀਂ, ਪੂਰੇ ਬੂਥੇ ਲਿਬੇੜ ਰੱਖੇ ਹਨ, ਪਰ ਏਦਾਂ ਦੀ ਖਬਰ ਕਦੇ ਨਹੀਂ ਸੁਣੀ ਗਈ ਕਿ ਮੁੱਖ ਮੰਤਰੀ ਨੇ ਸੱਦ ਕੇ ਕਿਸੇ ਨੂੰ ਹੱਦਾਂ ਵਿਚ ਰਹਿਣ ਨੂੰ ਘੂਰਿਆ ਹੋਵੇ।

'ਥੋਥਾ ਚਨਾ, ਬਾਜੇ ਘਨਾ' ਦੀ ਹਿੰਦੀ ਕਹਾਵਤ ਵਾਂਗ ਇਸ ਵਕਤ ਇਸ ਸਰਕਾਰ ਵਿਚ ਜਿਹੜੇ ਸੱਜਣ ਸਭ ਤੋਂ ਵੱਧ ਬਦਨਾਮ ਹਨ, ਉਹ ਸਰਕਾਰ ਦੇ ਹਰ ਕੰਮ ਵਿਚ ਏਦਾਂ ਮੋਹਰੀ ਹਨ ਕਿ ਜਿਵੇਂ ਟਟੀਹਰੀ ਵਾਂਗ ਸਾਰਾ ਅਸਮਾਨ ਉਨ੍ਹਾਂ ਨੇ ਚੁੱਕਿਆ ਹੋਵੇ। ਆਪਣੇ ਆਲੇ-ਦੁਆਲੇ ਦੀਆਂ ਸਾਰੀਆਂ ਕਨਸੋਆਂ ਤੋਂ ਉਹ ਖੁਦ ਇੱਕਦਮ ਲਾਪਰਵਾਹ ਹਨ ਤੇ ਮੁੱਖ ਮੰਤਰੀ ਨੂੰ ਵੀ ਏਹੋ ਜਿਹੇ ਸਬਜ਼-ਬਾਗ ਵਿਖਾਉਂਦੇ ਸੁਣੀਂਦੇ ਹਨ ਕਿ ਹਰ ਪਾਸੇ ਹਰਾ-ਹਰਾ ਹੀ ਜਾਪਦਾ ਹੈ, ਪਰ ਹਕੀਕੀ ਹਾਲਤ ਕੂਕ-ਕੂਕ ਕੇ ਕਹਿੰਦੇ ਹਨ ਕਿ ਸਰਕਾਰ ਦੀ ਕਿਸ਼ਤੀ ਇਸ ਵੇਲੇ ਮੰਝਧਾਰ ਵਿਚ ਫਸਣ ਲਈ ਤਿਆਰ ਹੈ। ਲੋਕਾਂ ਕੋਲ ਜਾਣ ਲਈ ਜੋ ਕੰਮ ਇਸ ਸਰਕਾਰ ਨੂੰ ਕਰਨੇ ਬਣਦੇ ਹਨ, ਉਹ ਹੋ ਨਹੀਂ ਰਹੇ ਤੇ ਜਿਹੜੇ ਹੋ ਰਹੇ ਹਨ, ਉਹ ਚੰਗੀ ਸੇਧ ਵਿਚ ਨਹੀਂ।

ਬਹੁਤੀਆਂ ਗੱਲਾਂ ਦੀ ਥਾਂ ਇੱਕੋ ਕੋਟਕਪੂਰਾ ਗੋਲੀ ਕਾਂਡ ਕੇਸ ਵਿਚ ਹਾਈ ਕੋਰਟ ਦਾ ਫੈਸਲਾ ਪੜ੍ਹ ਲੈਣ ਅਤੇ ਇਸ ਨਾਲ ਜੁੜੇ ਸਾਰੇ ਘਟਨਾ ਕਰਮ ਨੂੰ ਘੋਖਣ ਨਾਲ ਪਤਾ ਲੱਗ ਜਾਂਦਾ ਹੈ ਕਿ ਸਰਕਾਰ ਵਰਗੀ ਕੋਈ ਕਮਾਂਡ ਪੰਜਾਬ ਵਿਚ ਕਿਤੇ ਰੜਕਦੀ ਹੀ ਨਹੀਂ। ਜਿਹੜੇ ਕੇਸ ਦੇ ਅਰੰਭ ਵਿਚ ਇਹ ਪ੍ਰਭਾਵ ਪੈਂਦਾ ਸੀ ਕਿ ਇਸ ਨਾਲ ਪਿਛਲੀ ਸਰਕਾਰ ਚਲਾਉਣ ਵਾਲਿਆਂ ਦੇ ਬਚਣ ਦਾ ਕੋਈ ਰਾਹ ਨਹੀਂ ਰਹਿ ਜਾਣਾ, ਅਜੋਕੇ ਪੜਾਅ ਉੱਤੇ ਆ ਕੇ ਇਹ ਪ੍ਰਭਾਵ ਬਣ ਗਿਆ ਹੈ ਕਿ ਇਸ ਸਰਕਾਰ ਦੇ ਅੱਧੇ ਤੋਂ ਵੱਧ ਪੁਰਜ਼ੇ ਪਿਛਲੀ ਸਰਕਾਰ ਵਾਲੇ ਹਾਕਮਾਂ ਦੇ ਇਸ਼ਾਰੇ ਉੱਤੇ ਘੁੰਮਦੇ ਹਨ ਤੇ ਹੋਰ ਜੋ ਮਰਜ਼ੀ ਹੋ ਜਾਵੇ, ਬਹੁਤੇ ਚਰਚਿਤ ਕੇਸਾਂ ਵਿਚ ਕੁਝ ਨਹੀਂ ਹੋਣਾ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਦੇ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਵਾਲੇ ਕੇਸਾਂ ਵਿਚ ਲੋਕਾਂ ਨੂੰ ਜਿੰਦਾਂ ਦੀ ਆਸ ਸੀ, ਜਦੋਂ ਓਦਾਂ ਦਾ ਕੁਝ ਹੋ ਨਹੀਂ ਰਿਹਾ ਤਾਂ ਕਾਂਗਰਸ ਦੇ ਵਿਧਾਇਕ ਅਤੇ ਮੰਤਰੀ ਵੀ ਕਹਿੰਦੇ ਹਨ ਕਿ ਅਗਲੀ ਵਾਰੀ ਲੋਕਾਂ ਵਿਚ ਜਾਣ ਵੇਲੇ ਔਖ ਬਹੁਤ ਹੋਵੇਗੀ। ਪੰਜ ਸਾਲ ਪਹਿਲਾਂ ਦੀਆਂ ਵਿਧਾਨ ਸਭਾਂ ਚੋਣਾਂ ਦਾ ਦੂਸਰਾ ਵੱਡਾ ਮੁੱਦਾ ਨਸ਼ੀਲੇ ਪਦਾਰਥਾਂ ਦਾ ਧੰਦਾ ਰੋਕਣ ਦਾ ਸੀ, ਜਿਸ ਨੂੰ ਕੋਈ ਰੋਕ ਨਹੀਂ ਪਈ ਅਤੇ ਮੌਜੂਦਾ ਸਰਕਾਰ ਦੇ ਵਿਧਾਇਕਾਂ ਉੱਤੇ ਸ਼ਰਾਬ ਦੀਆਂ ਨਾਜਾਇਜ਼ ਫੈਕਟਰੀਆਂ ਚਲਾਉਣ ਦੇ ਦੋਸ਼ ਪਿੰਡਾਂ ਦੀਆਂ ਸੱਥਾਂ ਵਿਚ ਆਮ ਲੱਗਦੇ ਹਨ। ਇਸ ਧੰਦੇ ਦੀ ਜਾਂਚ ਕਰਨ ਲਈ ਇੱਕ ਟਾਸਕ ਫੋਰਸ ਬਣਾਈ ਗਈ ਸੀ, ਉਸ ਦੀ ਫਾਈਲ ਕਦੀ ਕਿਸੇ ਨੇ ਚੁੱਕ ਕੇ ਨਹੀਂ ਵੇਖੀ ਤੇ ਚੋਣ ਸਿਰ ਉੱਤੇ ਆ ਗਈ ਹੈ।

ਇੱਕ ਮੁੱਦਾ ਕਿਸਾਨੀ ਸੰਘਰਸ਼ ਦਾ ਹੈ, ਜਿਸ ਕਾਰਨ ਕਿਸਾਨੀ ਕਿੱਤੇ ਨਾਲ ਜੁੜੇ ਹੋਏ ਮਜ਼ਦੂਰਾਂ, ਆੜ੍ਹਤੀਆਂ ਤੇ ਹੋਰ ਵਰਗਾਂ ਵਿਚ ਕੇਂਦਰ ਸਰਕਾਰ ਵਿਰੁੱਧ ਸਿਖਰਾਂ ਦੀ ਨਾਰਾਜ਼ਗੀ ਹੈ। ਪੰਜਾਬ ਦੀ ਮੌਜੂਦਾ ਸਰਕਾਰ ਚਲਾ ਰਹੀ ਧਿਰ ਇਸ ਦਾ ਲਾਭ ਮਿਲਣ ਦੀ ਝਾਕ ਰੱਖਦੀ ਹੈ, ਪਰ ਇਸ ਦਾ ਲਾਭ ਵੀ ਇਸ ਨੂੰ ਮਿਲਦਾ ਨਹੀਂ ਜਾਪਦਾ। ਆਖਰੀ ਸਾਲ ਵਿਚ ਸਰਕਾਰੀ ਮੁਲਾਜ਼ਮਾਂ ਦੇ ਵਧਦੇ ਰੋਸ ਬਾਰੇ ਵੀ ਰਾਜ ਕਰਦੀ ਪਾਰਟੀ ਅਜੇ ਤੱਕ ਇਸ ਤਰ੍ਹਾਂ ਅਵੇਸਲੀ ਹੈ ਕਿ ਉਸ ਦੇ ਕਿਸੇ ਆਗੂ ਨੇ ਕਦੀ ਉਨ੍ਹਾਂ ਨਾਲ ਕੋਈ ਬੈਠਕ ਕਰਨ ਜਾਂ ਰੋਸ ਸ਼ਾਂਤ ਕਰਨ ਦੀ ਲੋੜ ਨਹੀਂ ਸਮਝੀ। ਜਿਸ ਤਰ੍ਹਾਂ ਦੇ ਹਾਲਾਤ ਹਨ, ਉਨ੍ਹਾਂ ਵਿਚ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਰੋਸ ਕੁਝ ਘਟ ਵੀ ਸਕਦਾ ਹੈ।

ਵਿਰੋਧ ਦੀਆਂ ਦੋ ਮੁੱਖ ਪਾਰਟੀਆਂ ਵਿਚੋਂ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਆਪੋ-ਆਪਣੀ ਥਾਂ ਇਸ ਗੱਲ ਦੇ ਯਤਨ ਵਿਚ ਹਨ ਕਿ ਕਾਂਗਰਸ ਦੀ ਲਾਚਾਰਗੀ ਵਿਚੋਂ ਕਿਸੇ ਤਰ੍ਹਾਂ ਲਾਹਾ ਖੱਟ ਲਿਆ ਜਾਵੇ, ਪਰ ਇਹ ਵੀ ਯਤਨ ਹੀ ਹਨ, ਲੋਕਾਂ ਦਾ ਰੌਂਅ ਹਾਲੇ ਠਹਿਰ ਕੇ ਸਾਹਮਣੇ ਆਉਣਾ ਹੈ। ਉਦੋਂ ਤੱਕ ਸਰਕਾਰ ਦੀ ਨੀਤੀ ਅਤੇ ਨੀਅਤ ਬਾਰੇ ਲੋਕਾਂ ਨੂੰ ਇਸ ਦੇ ਕੋਟਕਪੂਰਾ ਤੇ ਬਹਿਬਲ ਕਲਾਂ ਮਾਮਲਿਆਂ ਵਿਚ ਅਗਲੇ ਪੈਂਤੜੇ ਤੋਂ ਸਮਝ ਆ ਜਾਣਾ ਹੈ। ਕਾਨੂੰਨੀ ਮਾਮਲਿਆਂ ਦੇ ਜਾਣਕਾਰ ਇਹ ਗੱਲ ਸਾਫ ਕਹੀ ਜਾਂਦੇ ਹਨ ਕਿ ਇਨ੍ਹਾਂ ਕੇਸਾਂ ਵਿਚ ਜਿੰਦਾਂ ਦੀ ਸਥਿਤੀ ਬਣ ਗਈ ਹੈ, ਉਸ ਨੂੰ ਕੋਈ ਵੱਡਾ ਮੋੜ ਦੇਣ ਵਾਲਾ ਰਾਹ ਮੌਜੂਦਾ ਸਰਕਾਰ ਨੂੰ ਸ਼ਾਇਦ ਲੱਭ ਨਹੀਂ ਸਕਣਾ। ਜਦੋਂ ਇਸ ਬਾਰੇ ਕੁਝ ਕਰਨ ਦਾ ਵਕਤ ਸੀ, ਉਦੋਂ ਸਰਕਾਰ ਜਾਂ ਸਰਕਾਰੀ ਵਿਭਾਗਾਂ ਦੇ ਪੱਧਰ ਉੱਤੇ ਏਨੀ ਜ਼ਿਆਦਾ ਲਾਪਰਵਾਹੀ ਵਿਖਾਈ ਗਈ ਹੈ ਕਿ ਪੈ ਚੁੱਕੇ ਵਿਗਾੜ ਨੂੰ ਤੋਪੇ ਲਾਉਣ ਵਾਲਾ ਟੇਲਰ ਮਾਸਟਰ ਨਹੀਂ ਮਿਲਣਾ। ਸਰਕਾਰ ਦਾ ਆਖਰੀ ਸਾਲ ਹੋਣ ਕਰ ਕੇ ਇਸ ਵਕਤ ਇਸ ਦੇ ਆਖੇ ਉੱਤੇ ਨਵੀਂ ਜਾਂਚ ਕਰਨ ਲਈ ਫਾਈਲਾਂ ਚੁੱਕਣ ਤੇ ਆਪਣਾ ਸਿਰ ਫਸਾਉਣ ਲਈ ਬਹੁਤੇ ਅਫਸਰਾਂ ਨੇ ਮੰਨਣਾ ਨਹੀਂ ਤੇ ਉਹ ਇੱਕ ਜਾਂ ਦੂਸਰੇ ਬਹਾਨੇ ਨਾਲ ਏਦਾਂ ਦੀ ਜ਼ਿੰਮੇਵਾਰੀ ਟਾਲਣਗੇ, ਤਾਂ ਕਿ ਅਗਲੀ ਵਾਰ ਜਿਹੜੀ ਵੀ ਸਰਕਾਰ ਬਣ ਜਾਵੇ, ਉਸ ਨਾਲ ਵਿਗਾੜ ਪੈਣ ਤੋਂ ਬਚੇ ਰਹਿਣ। ਨਤੀਜਾ ਇਸ ਹਾਲਤ ਦਾ ਇਹ ਹੈ ਕਿ ਜਿਨ੍ਹਾਂ ਨੇ ਚਾਰ ਸਾਲ ਪਹਿਲਾਂ ਇਹ ਐਲਾਨ ਕਰ ਕੇ ਸਰਕਾਰ ਬਣਾਈ ਸੀ ਕਿ ਫਲਾਣੇ-ਫਲਾਣੇ ਨੂੰ ਜੇਲ੍ਹਾਂ ਵਿਚ ਪਾਵਾਂਗੇ, ਅੱਜ ਉਨ੍ਹਾਂ ਦੇ ਆਪਣੇ ਕਰਤੇ-ਧਰਤਿਆਂ ਨੂੰ ਉਹੀ ਫਲਾਣੇ-ਫਲਾਣੇ ਮੋੜਵੀਂ ਧਮਕੀ ਦੇਣ ਲੱਗ ਪਏ ਹਨ ਅਤੇ ਬੁਰੀ ਤਰ੍ਹਾਂ ਪਾਟੀ ਹੋਈ ਕਾਂਗਰਸ ਪਾਰਟੀ ਉਨ੍ਹਾਂ ਦਾ ਸਾਹਮਣਾ ਕਰਨ ਵਿਚ ਮੁਸ਼ਕਿਲ ਮਹਿਸੂਸ ਕਰਦੀ ਜਾਪਦੀ ਹੈ।

ਪੱਤਰਕਾਰ ਦੇ ਤੌਰ ਉੱਤੇ ਸਾਨੂੰ ਇਸ ਦਾ ਫਰਕ ਨਹੀਂ ਪੈਂਦਾ ਕਿ ਸਰਕਾਰ ਕਿਸ ਦੀ ਬਣੇਗੀ, ਪਰ ਲੋਕ ਤਾਂ ਲੋਕ ਹਨ, ਉਹ ਇਹ ਜ਼ਰੂਰ ਸੋਚਦੇ ਹਨ ਕਿ ਜਿਸ ਵਾਅਦੇ ਨਾਲ ਇਹ ਸਰਕਾਰ ਬਣੀ ਸੀ, ਜੇ ਇਸ ਨੇ ਉਸ ਦਾ ਚੇਤਾ ਭੁਲਾ ਛੱਡਿਆ ਹੈ ਤਾਂ ਇਸ ਕਿੱਲੇ ਨਾਲ ਮੁੜ ਕੇ ਬੱਝਣ ਦਾ ਕੀ ਲਾਭ? ਜਿਹੜੀ ਗੱਲ ਆਮ ਲੋਕਾਂ ਲਈ ਔਕੜ ਪੈਦਾ ਕਰਨ ਵਾਲੀ ਹੈ, ਉਹ ਇਹ ਕਿ ਉਹ ਅਜੇ ਦੁਚਿੱਤੀ ਵਿਚ ਹਨ ਕਿ ਜੇ ਇਹ ਨਹੀਂ ਤਾਂ ਦੂਸਰੀ ਕਿਹੜੀ ਧਿਰ ਵੱਲ ਮੂੰਹ ਕੀਤਾ ਜਾਵੇ? ਜਦੋਂ ਏਦਾਂ ਦਾ ਮਾਹੌਲ ਹੋਵੇ ਤਾਂ ਉਸ ਵੇਲੇ ਇੰਦਰਾ ਗਾਂਧੀ ਵਰਗੀ ਲੀਡਰ ਨੂੰ ਹਰਾ ਕੇ ਰਾਜ ਨਾਰਾਇਣ ਵਰਗਾ ਵੀ ਜਿੱਤ ਜਾਇਆ ਕਰਦਾ ਹੈ। ਇਹ ਨਹੀਂ ਤਾਂ ਇਹੋ ਜਿਹਾ ਕੁਝ ਹੋਰ ਸਹੀ, ਪੰਜਾਬ ਵਿਚ ਵੀ ਕੁਝ ਹੋ ਸਕਦਾ ਹੈ।

# ਸਰ ਦਾਤਾਰ ਸਿੰਘ ਦੀ ਵਡਿੱਤਣ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਛੇ ਦਹਾਕੇ ਪਹਿਲਾਂ ਭਾਰਤੀ ਖੇਤੀਬਾੜੀ ਖੋਜ ਕੌਂਸਲ ਦਿੱਲੀ ਵਿਖੇ ਕੰਮ ਕਰਦਿਆਂ ਅਖੰਡ ਹਿੰਦੁਸਤਾਨ ਵਿਚ ਡੇਅਰੀ ਫਾਰਮਿੰਗ ਨਾਲ ਸਬੰਧਤ ਮਹਾਰਥੀਆਂ ਦੀ ਗੱਲ ਹੁੰਦੀ ਤਾਂ ਸਰ ਦਾਤਾਰ ਸਿੰਘ ਦਾ ਗੁਣਗਾਇਨ ਸ਼ੁਰੂ ਹੋ ਜਾਂਦਾ। ਅੱਜ ਕੱਲ੍ਹ ਪੋਠੋਹਾਰ ਦੀ ਜੰਮਪਲ ਪੰਜਾਬੀ ਲੇਖਕਾ ਕਾਨਾ ਸਿੰਘ ਦਾ ਓਧਰ ਦੇ ਪੋਠੋਹਾਰੀਆਂ ਨਾਲ ਚਿੱਠੀ ਪੱਤਰ ਚਲ ਰਿਹਾ ਹੈ; ਖਾਸ ਕਰਕੇ ਅਹਿਮਦ ਨਈਮ ਚਿਸ਼ਤੀ ਨਾਂ ਦੇ ਵਿਅਕਤੀ ਨਾਲ। ਉਸ ਨੇ ਤਾਜ਼ਾ ਚਿੱਠੀ ਵਿਚ ਦਾਤਾਰ ਸਿੰਘ ਬਾਰੇ ਲਿਖਿਆ ਤਾਂ ਕਾਨਾ ਸਿੰਘ ਨੇ ਇਹ ਚਿੱਠੀ ਮੇਰੇ ਨਾਲ ਵੀ ਸਾਂਝੀ ਕੀਤੀ। ਇਸ ਵਿਚ ਚੱਕ ਦਾਤਾਰ ਸਿੰਘ ਰੇਲਵੇ ਸਟੇਸ਼ਨ ਦੀ ਬਾਤ ਪਾਈ ਗਈ ਹੈ। ਇਹ ਸਟੇਸ਼ਨ 1924 ਵਿਚ ਸਥਾਪਤ ਹੋਇਆ ਸੀ। ਦੁੱਧ ਧੋਤੀ ਛੋਟੀ ਜਿਹੀ ਇਮਾਰਤ ਅੱਜ ਵੀ ਹਰੇ ਭਰੇ ਬਿਰਖਾਂ ਦੀ ਬੁੱਕਲ ਵਿਚ ਖੜ੍ਹੀ ਹੈ। ਇਸ ਉੱਤੇ ਕਾਲੇ ਅੱਖਰਾਂ ਵਿਚ 'ਚੱਕ ਮੁਰਾਦ ਚਿਸ਼ਤੀ' ਲਿਖਿਆ ਹੋਇਆ ਹੈ। ਇਸ ਦੇ ਥੱਲੇ ਦਾਤਾਰ ਸਿੰਘ ਦੇ ਨਾਂ ਉੱਤੇ ਚੂਨਾ ਫੇਰਿਆ ਸਾਫ ਦਿਖਾਈ ਦਿੰਦਾ ਹੈ। ਦੇਸ਼ ਵੰਡ ਤੋਂ ਪਿੱਛੋਂ ਕਿਸੇ ਸਥਾਨਕ ਜ਼ਿਮੀਂਦਾਰ ਨੇ ਦਾਤਾਰ ਸਿੰਘ ਦੀ ਥਾਂ ਚੱਕ ਮੁਰਾਦ ਚਿਸ਼ਤੀ ਲਿਖਵਾਣ ਦੀ ਹਿਮਾਕਤ ਕੀਤੀ, ਫਿਰ ਵੀ ਏਨੇ ਵਰ੍ਹੇ ਬੀਤ ਜਾਣ 'ਤੇ ਵੀ ਦਾਤਾਰ ਸਿੰਘ ਦਾ ਨਾਂ ਪੂਰੀ ਤਰ੍ਹਾਂ ਨਹੀਂ ਮਿਟਿਆ। ਪੜ੍ਹਨ ਵਾਲੇ ਪੜ੍ਹ ਲੈਂਦੇ ਹਨ।

ਅਹਿਮਦ ਨਈਮ ਦੇ ਲਿਖਣ ਅਨੁਸਾਰ ਜਿਸ ਵੇਲੇ ਉਹ ਇਸ ਸਟੇਸ਼ਨ ਉੱਤੇ ਖੜ੍ਹਾ ਸੀ ਤਾਂ ਗੱਡੀ ਆਉਣ ਵਿਚ ਦੇਰੀ ਸੀ। ਸ਼ਾਂਤਚਿੱਤ ਰੇਲਵੇ ਸਟੇਸ਼ਨ ਉੱਤੇ ਪਿਆਸੇ ਮੁਸਾਫਿਰਾਂ ਦੀ ਪਿਆਸ ਬੁਝਾਉਣ ਲਈ ਮਿੱਟੀ ਦੇ ਘੜੇ ਰੱਖੇ ਹੋਏ ਸਨ, ਜਿਹੜੇ ਖੁਦ ਪਾਣੀ ਲਈ ਤਰਸ ਰਹੇ ਸਨ। ਨਿੱਕੀ ਜਿਹੀ ਟਿਕਟ ਖਿੜਕੀ ਵੀ ਬੰਦ ਸੀ। ਕੰਧ 'ਤੇ ਕਿਰਾਇਆ ਨਾਮਾ ਲਟਕ ਰਿਹਾ ਸੀ, ਜਿਸ ਉੱਤੇ ਇੱਕ ਪਾਸੇ ਲਾਹੌਰ ਤੇ ਦੂਜੇ ਪਾਸੇ ਕਰਾਚੀ ਤੱਕ ਦੇ ਰੇਲਵੇ ਸਟੇਸ਼ਨਾਂ ਦੇ ਨਾਂ ਤੇ ਕਰਾਇਆ ਲਿਖਿਆ ਹੋਇਆ ਸੀ। ਸਟੇਸ਼ਨ ਸੁੰਞਾਂ ਤਾਂ ਸੀ, ਪਰ ਵੀਰਾਨ ਨਹੀਂ ਸੀ। ਰੁੱਖਾਂ ਤੋਂ ਕਾਂਵਾਂ ਤੇ ਬੁਲਬੁਲਾਂ ਦੇ ਘੋਲ ਸੁਣਾਈ ਦੇ ਰਹੇ ਸਨ। ਦੂਰ ਸੜਕ ਤੋਂ ਲੰਘ ਰਹੇ ਟਰੱਕਾਂ ਦੀ ਪਾਂ ਪਾਂ ਸਮੇਤ।

ਇਹ ਪਿੰਡ ਰਾਏ ਬਹਾਦਰ ਸਰਦਾਰ ਦਾਤਾਰ ਸਿੰਘ ਨੇ ਵਸਾਇਆ ਸੀ। ਉਨ੍ਹਾਂ ਦੇ ਪਿਤਾ ਸਰਦਾਰ ਹੁਕਮ ਸਿੰਘ ਸਾਂਝੇ ਪੰਜਾਬ ਦੇ ਵੱਡੇ ਜ਼ਿਮੀਂਦਾਰ ਸਨ। ਪਾਕਪਟਨ ਤੇ ਆਰਿਫ ਵਾਲਾ ਵਿਚਕਾਰ ਪੈਂਦੇ ਹਜ਼ਾਰਾਂ ਏਕੜਾਂ ਦੇ ਮਾਲਕ।

ਉਨ੍ਹਾਂ ਦੇ ਬੇਟਾ ਦਾਤਾਰ ਸਿੰਘ ਮਿੰਟਗੁਮਰੀ (ਹੁਣ ਸ਼ਾਹੀਵਾਲ) ਤੇ ਅੰਮ੍ਰਿਤਸਰ ਤੋਂ ਖੇਤੀ ਵਿਦਿਆ ਪ੍ਰਾਪਤ ਕਰਕੇ ਇੰਗਲੈਂਡ ਤੋਂ ਨੈਸ਼ਨਲ ਡੇਅਰੀ ਡਿਪਲੋਮਾ ਲੈ ਕੇ ਆਇਆ ਸੀ। ਅਖੰਡ ਹਿੰਦੁਸਤਾਨ ਵਿਚ ਉਸ ਦੇ ਮਿੰਟਗੁਮਰੀ ਵਾਲੇ ਡੇਅਰੀ ਫਾਰਮ ਨੂੰ ਸਾਰੇ ਹਿੰਦੁਸਤਾਨ ਵਿਚ ਪ੍ਰਥਮ ਤੇ ਮੁਖੀ ਫਾਰਮ ਹੋਣ ਦਾ ਮਾਣ ਹਾਸਲ ਸੀ। ਪਸ਼ੂ ਪੰਛੀਆ ਨੂੰ ਪਿਆਰ ਕਰਨ ਸਦਕਾ ਉਹ ਮਹਾਤਮਾ




ਗਾਂਧੀ ਦੀ ਨਜ਼ਰ ਵੀ ਚੜ੍ਹ ਗਿਆ। 1934 ਵਿਚ ਕੋਪਨ ਹੈਗਨ ਤੇ 1937 ਵਿਚ ਬਰਲਿਨ ਵਾਲੀ ਇੰਟਰਨੈਸ਼ਨਲ ਡੇਅਰੀ ਕਾਨਫਰੰਸ ਵਿਚ ਹਿੰਦੁਸਤਾਨ ਦੀ ਪ੍ਰਤੀਨਿਧਤਾ ਕਰਨ ਵਾਲਾ ਵੀ ਉਹੀਓ ਸੀ। ਆਪਣੇ ਖੇਤਾਂ ਵਿਚ ਸਭ ਤੋਂ ਪਹਿਲਾਂ ਟਿਊਬਵੈਲ ਲਾਉਣ ਵਾਲਾ ਵੀ। ਸਥਾਨਕ ਵਸੋਂ ਇਸ ਨੂੰ 'ਬੰਬਾ' ਕਹਿੰਦੀ ਹੁੰਦੀ ਸੀ। ਖੇਤੀ ਤੇ ਡੇਅਰੀ ਦੇ ਧੰਦੇ ਵਿਚ ਮੱਲਾਂ ਮਾਰਨ ਸਦਕਾ ਉਸ ਨੂੰ ਬਰਤਾਨਵੀ ਸਰਕਾਰ ਵਲੋਂ ਸਰ ਦੀ ਉਪਾਧੀ ਦਿੱਤੀ ਗਈ।

ਏਸ ਪਿੰਡ ਦੇ ਟਿੱਲੇ ਉੱਤੇ ਇਕ ਛੋਟਾ ਗੁਰਦੁਆਰਾ ਵੀ ਹੈ, ਜਿੱਥੇ 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਬਾਬਾ ਫਰੀਦ ਉਦੀਨ ਗੰਜ ਸ਼ਕਰ ਦੀ ਖਾਨਗਾਹ 'ਤੇ ਹਾਜ਼ਰੀ ਭਰਨ ਆਏ ਸਨ। ਇਹ ਉਹ ਸਥਾਨ ਹੈ, ਜਿਥੇ ਸਿੱਖ ਮਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਬਾਬਾ ਫਰੀਦ ਦੇ ਗੱਦੀਨਸ਼ੀਨ ਜਨਾਬ ਇਬਰਾਹੀਮ (ਫਰੀਦ ਸਾਨੀ) ਦੇ ਮੁਹੱਬਤ ਭਰੇ ਖਿਆਲਾਂ ਨਾਲ ਆਦਾਨ ਪ੍ਰਦਾਨ ਦਾ ਸੰਜੋਗ ਬਣਿਆ। ਇਥੇ ਹੀ ਬਸ ਨਹੀਂ, ਉਨ੍ਹਾਂ ਦੇ ਸ਼ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਵੀ ਥਾਂ ਮਿਲੀ, ਜਿਹੜੇ ਅੱਜ ਵੀ ਕਰੋੜਾਂ ਸਿੱਖਾਂ ਦੀ ਆਤਮਾ ਰੁਸ਼ਨਾਉਂਦੇ ਹਨ। ਲੋਕਾਂ ਨੇ ਰੇਲਵੇ ਸਟੇਸ਼ਨ ਦਾ ਨਾਂ ਤਾਂ ਬਦਲ ਦਿੱਤਾ, ਪਰ ਉਹ ਵਾਲਾ ਗੁਰਦੁਆਰਾ ਬਾਬਾ ਨਾਨਕ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ।

ਬਲਿਹਾਰੇ ਜਾਈਏ ਅਹਿਮਦ ਨਈਮ ਚਿਸ਼ਤੀ ਦੇ, ਜਿਹੜਾ ਪੁਰਾਤਨ ਪੋਠੋਹਾਰ ਦੀਆਂ ਬਾਤਾਂ ਨਵੀਂ ਪੀੜ੍ਹੀ ਤੱਕ ਪੁਜਦੀਆਂ ਕਰ ਰਿਹਾ ਹੈ।

**ਧਾਰਮਿਕ ਤੇ ਸਭਿਆਚਾਰਕ ਮੇਲਿਆਂ ਦੇ ਬਦਲਦੇ ਰੰਗ-ਢੰਗ:** ਕਿਸਾਨ ਅੰਦੋਲਨ ਤੇ ਕੋਵਿਡ-19 ਨੇ ਸਾਰੇ ਸੰਸਾਰ ਵਿਚ ਧਾਰਮਿਕ ਤੇ ਸਭਿਆਚਾਰਕ ਜੋੜ ਮੇਲਿਆਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਵਾਰ ਤਾਂ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਤ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਵੀ ਦਿੱਲੀ ਦੇ ਸਿੰਘੂ ਬਾਰਡਰ ਤੱਕ ਫੈਲ ਗਏ ਸਨ। ਹੋਲਾ ਮਹੱਲਾ ਵੀ ਆਨੰਦਪੁਰ ਸਾਹਿਬ ਤੱਕ ਸੀਮਤ ਨਹੀਂ ਰਿਹਾ ਤੇ ਵਿਸਾਖੀ ਦਾ ਉਤਸਵ ਹਿਮਾਚਲ ਤੇ ਹਰਿਆਣਾ ਦੀਆਂ ਹੱਦਾਂ ਟੱਪ ਕੇ ਦਿੱਲੀ ਦੀਆਂ ਬਰੂਹਾਂ ਤੱਕ ਮਨਾਇਆ ਗਿਆ ਹੈ। ਲੋਹੜੀ ਤੇ ਹੋਲੀ ਵਾਂਗ ਇਸ ਵਾਰ ਦੀ ਵਿਸਾਖੀ ਵੀ ਆਨੰਦਪੁਰ ਸਾਹਿਬ ਦੇ ਕੇਸਗੜ੍ਹ ਤੱਕ ਸੀਮਤ ਨਾ ਰਹਿ ਕੇ ਦਿੱਲੀ ਵਾਲੀ ਸ਼ਾਹ ਰਾਹ ਉੱਤੇ ਜਿਥੇ ਜਿਥੇ ਵੀ ਕਿਸਾਨਾਂ ਨੇ ਖੇਤੀ ਦੇ ਕਾਲੇ ਕਾਨੂੰਨਾਂ ਵਿਰੁੱਧ ਜੰਗ ਵਿੱਢੀ ਹੈ, ਹਰ ਥਾਂ ਮਨਾਈ ਗਈ। ਸਿੰਘੂ ਬਾਰਡਰ 'ਤੇ ਕਿਸਾਨ ਆਗੂਆਂ ਨੇ ਆਪਣੇ ਸਾਥੀਆਂ ਨੂੰ ਜਿੱਤ ਦਾ ਸਿਹਰਾ ਬੰਨੇ ਜਾਣ ਤੱਕ ਡਟੇ ਰਹਿਣ ਲਈ ਵੰਗਾਰਿਆ। ਫਸਲਾਂ ਦੀ ਵਾਢੀ ਨਿਪਟਾਉਣ ਲਈ ਵਾਰੀਆਂ ਬੰਨ ਕੇ ਹਾਜ਼ਰੀ ਭਰਨ ਲਈ ਪੁਕਾਰਿਆ। ਉਨ੍ਹਾਂ ਦੀ ਇਸ ਪੁਕਾਰ ਵਿਚ ਬੀਬੀਆਂ ਤੇ ਬੱਚਿਆਂ ਦੇ ਜੈਕਾਰਿਆਂ ਵਿਚ ਵੀ ਬਰਾਬਰ ਦਾ ਜੋਸ਼ ਸੀ। ਖੇਤੀ ਨੂੰ ਘਾਟੇ ਵੰਦਾ ਕਿੱਤਾ ਗਰਦਾਨਦਿਆਂ ਉਨ੍ਹਾਂ ਨੇ ਖੇਤੀ ਉਪਜ ਦੇ ਦਾਣੇ ਦਾਣੇ ਦਾ ਸਹੀ ਮੁੱਲ ਪ੍ਰਾਪਤ ਕਰਨ ਦਾ ਵਚਨ ਲੈਂਦਿਆਂ ਹਰ ਇੱਕ ਮੋਰਚੇ ਉੱਤੇ ਖੇਡਾਂ ਵੀ ਰਚਾਈਆਂ ਤੇ ਮਾਣੀਆਂ।

ਕਿਸਾਨ ਅੰਦੋਲਨ ਦਾ ਅਸਰ ਸਿੰਘੂ ਬਾਰਡਰ ਤੱਕ ਹੀ ਸੀਮਤ ਨਹੀਂ, ਹਰਿਆਣਾ ਦੇ ਟਿੱਕਰੀ ਬਾਰਡਰ ਅਤੇ ਦਿੱਲੀ ਪਾਰ ਦੀ ਗਾਜ਼ੀਪੁਰ ਸੀਮਾ ਤੱਕ ਫੈਲ ਚੁਕਾ ਹੈ। ਜੇ ਸਥਾਨਕ ਮੋਰਚਿਆਂ ਦੀ ਤਾਜ਼ਾ ਪ੍ਰਮਾਣ ਦੇਣੀ ਹੋਵੇ ਤਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਆਪਣਾ ਸੋਨੀਪਤ ਵਾਲਾ ਸਮਾਗਮ ਰੱਦ ਕਰਨ ਦੀ ਦਿੱਤੀ ਜਾ ਸਕਦੀ ਹੈ, ਜਿੱਥੇ ਉਸ ਨੇ ਭੀਮ ਰਾਓ ਅੰਬੇਦਕਰ ਦੀ 130ਵੀਂ ਜੈਯੰਤੀ ਨੂੰ ਸੰਬੋਧਨ ਕਰਨਾ ਸੀ। ਇਸ ਦੇ ਉਲਟ ਕਿਰਤੀ ਕਿਸਾਨ ਜਥੇਬੰਦੀਆਂ ਨੇ ਇਸ ਦਿਨ ਨੂੰ 'ਸੰਵਿਧਾਨ ਬਚਾਓ ਦਿਵਸ' ਵਜੋਂ ਮਨਾਇਆ, ਜਿਸ ਵਿਚ ਔਰਤਾਂ ਤੇ ਬੱਚਿਆਂ ਸਮੇਤ ਵੱਡੀ ਗਿਣਤੀ ਵਿਚ ਜਥੇ ਦਿੱਲੀ ਪਹੁੰਚੇ।

ਅਜਿਹੇ ਉਤਸਵ ਮਨਾਉਣ ਦਾ ਇੱਕ ਹੋਰ ਰੂਪ ਘਰ ਬੈਠ ਕੇ ਅਪਣੇ ਟੈਲੀਫੋਨ ਉੱਤੇ ਵੀਡੀਓ ਕਲਿੱਪਾਂ ਸੁਣਨਾ ਵੀ ਹੋ ਨਿਬੜਿਆ ਹੈ। ਮੈਂ ਖੁਦ ਵਿਸਾਖੀ ਵਾਲੇ ਦਿਨ ਕਿਸੇ ਸਮਾਗਮ ਵਿਚ ਹਿੱਸਾ ਲਏ ਬਿਨਾ ਅਜੀਤ ਵੈਬ ਟੀ. ਵੀ. ਉੱਤੇ ਆਪਣੇ ਮਿੱਤਰ ਬਰਜਿੰਦਰ ਸਿੰਘ ਵਲੋਂ ਪੇਸ਼ ਕੀਤੇ ਧਨੀ ਰਾਮ ਚਾਤ੍ਰਿਕ ਦੀ 'ਮੇਲੇ ਵਿਚ ਜੱਟ' ਨਾਂ ਦੀ ਕਵਿਤਾ ਨੂੰ ਮਾਣਿਆ, ਜਿਸ ਦਾ ਅਨੰਦ ਮੇਲੇ ਜਾਣ ਨਾਲੋਂ ਘੱਟ ਨਹੀਂ ਸੀ। ਚਾਤ੍ਰਿਕ ਦੀ ਇਸ ਕਵਿਤਾ ਦੇ ਕੁਝ ਅੰਸ਼ 'ਅੰਤਿਕਾ' ਵਿਚ ਪੇਸ਼ ਹਨ।

ਕੇਂਦਰ ਦੀ ਸਰਕਾਰ ਨੂੰ ਕੰਨ ਹੋ ਜਾਣੇ ਚਾਹੀਦੇ ਹਨ ਕਿ ਲੋਕ ਭਾਵਨਾਵਾਂ ਵਿਚ ਸੱਚ ਤੇ ਜਾਨ ਹੋਵੇ ਤਾਂ ਹਰ ਤਰ੍ਹਾਂ ਦੇ ਹੱਦ ਬੰਨੇ ਤੋੜ ਕੇ ਲੋਕ ਮਨਾਂ ਵਿਚ ਸਮਾਉਣ ਦਾ ਵੱਲ ਜਾਣਦੀਆਂ ਹਨ। ਦਮਾਮੇ ਮਾਰਿਆਂ ਮੇਲੇ ਜਾਣ ਦੀ ਰੀਤ ਜੱਟਾਂ ਤਕ ਹੀ ਸੀਮਤ ਨਹੀਂ, ਕਿਸੇ ਨਾ ਕਿਸੇ ਰੂਪ ਵਿਚ ਦੁਨੀਆਂ ਭਰ ਦੇ ਧਰਮਾਂ ਤੇ ਸਭਿਆਚਾਰ ਦਾ ਹਿੱਸਾ ਹੈ।

**ਅੰਤਿਕਾ:**


**(ਮੇਲੇ ਵਿਚ ਜੱਟ: ਧਨੀ ਰਾਮ ਚਾਤ੍ਰਿਕ)**

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਮੀਂਹਾਂ ਦੀ ਉਡੀਕ 'ਤੇ ਸਿਆੜ ਕੱਢ ਕੇ
ਮਾਲ ਢਾਂਡਾ ਸਾਂਭਣੇ ਨੂੰ ਸੀਰੀ ਛੱਡ ਕੇ
ਪੱਗ, ਝੱਗਾ, ਚਾਦਰ ਨਵੇਂ ਸਿਵਾਇ ਕੇ
ਸੰਮਾ ਵਾਲੀ ਡਾਂਗ ਉੱਤੇ ਤੇਲ ਲਾਇ ਕੇ
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਤੂੰਬੇ ਨਾਲ ਭਾਂਤੋ ਭਾਂਤ ਬੋਲ ਬੋਲੀਆਂ
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ
ਛਿੰਝ ਦੀ ਤਿਆਰੀ ਹੋਈ ਢੋਲ ਵੱਜਦੇ
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ
ਲਿਸ਼ਕਦੇ ਪਿੰਡੇ ਗੁੰਨੇ ਹੋਏ ਤੇਲ ਦੇ
ਮਾਰਦੇ ਨੇ ਛਾਲਾਂ ਦੂਲ ਡੰਡ ਪੇਲਦੇ
ਟਿੱਕੂ ਨੂੰ ਸ਼ਰੈਣਾ ਪਹਿਲੇ ਹੱਥ ਢਾਹ ਗਿਆ
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

# ਵਿਸਾਖੀ 2021 ਅਤੇ ਹੱਕਾਂ ਲਈ ਸੰਘਰਸ਼

ਵਿਸਾਖੀ ਦਾ ਤਿਉਹਾਰ ਪੰਜਾਬ ਲਈ ਇੱਕ ਬਹੁਤ ਹੀ ਮਹੱਤਵਪੂਰਨ ਸਭਿਆਚਾਰਕ ਤਿਉਹਾਰ ਹੋਣ ਦੇ ਨਾਲ ਨਾਲ ਖਾਲਸੇ ਦੀ ਸਿਰਜਣਾ ਦਾ ਦਿਵਸ ਵੀ ਹੈ। ਇਸ ਲਈ ਖਾਲਸੇ ਦਾ ਜਨਮ ਦਿਨ ਹੋਣ ਕਰਕੇ ਸਿੱਖ ਮਨਾਂ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਸੰਨ 1699 ਦੀ ਵਿਸਾਖੀ ਨੂੰ ਦਸਮ ਪਾਤਿਸ਼ਾਹ ਹਜ਼ੂਰ ਨੇ ਉਸ ਮਿਸ਼ਨ ਨੂੰ ਸੰਪੂਰਨ ਕੀਤਾ, ਜਿਸ ਦਾ ਆਗਾਜ਼ ਗੁਰੂ ਨਾਨਕ ਪਾਤਿਸ਼ਾਹ ਨੇ 1499 ਦੀ 'ਵੇਈਂ ਨਦੀ ਪ੍ਰਵੇਸ਼' ਉਪਰੰਤ ਕੀਤਾ ਸੀ ਅਤੇ ਇਸ ਦਾ ਪਹਿਲਾ ਐਲਾਨਨਾਮਾ ਸੀ 'ਨ ਕੋ ਹਿੰਦੂ; ਨ ਮੁਸਲਮਾਨ।' ਦੁਨੀਆਂ ਨੂੰ ਇਹ ਸਮਝਾਉਣ ਲਈ ਕਿ ਮਨੁੱਖ ਨੂੰ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥" ਦੇ ਸਿਧਾਂਤ ਅਨੁਸਾਰ ਉਸੇ ਇੱਕੋ ਰੱਬ ਦੀ ਜੋਤਿ ਨਾਲ ਰੁਸ਼ਨਾਏ ਹੋਣ ਵਜੋਂ ਪਛਾਣਿਆ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਵਰਣ ਜਾਂ ਧਰਮ ਕਰਕੇ ਉਸ ਦੀ ਪਛਾਣ ਹੋਣੀ ਚਾਹੀਦੀ ਹੈ।



ਗੁਰੂ ਨਾਨਕ

ਡਾ. ਗੁਰਨਾਮ ਕੌਰ, ਕੈਨੇਡਾ

ਦੇ ਆਗਮਨ ਤੋਂ ਪਹਿਲਾਂ ਦਾ ਹਿੰਦੁਸਤਾਨੀ ਸਮਾਜ ਕਿਹੋ ਜਿਹਾ, ਕਿਵੇਂ ਅਤੇ ਕਿਉਂ ਵੰਡਿਆ ਹੋਇਆ ਸੀ? ਇਸ ਦਾ ਜ਼ਿਕਰ ਸਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਵੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ, ਖਾਸ ਕਰਕੇ ਉਨ੍ਹਾਂ ਦੀਆਂ ਵਾਰਾਂ, ਵਿਚੋਂ ਮਿਲ ਜਾਂਦਾ ਹੈ। ਗੁਰੂ ਨਾਨਕ ਨੇ ਇਸ ਨੂੰ "ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ" ਕਿਹਾ ਹੈ ਅਤੇ ਭਾਈ ਗੁਰਦਾਸ ਨੇ ਇਸ ਨੂੰ ਸੰਸਾਰ ਵਿਚ ਵੱਖ ਵੱਖ ਤਰ੍ਹਾਂ ਦੀਆਂ ਵੰਡੀਆਂ 'ਤੇ ਆਧਾਰਤ ਆਪਸੀ ਨਫਰਤ ਦਾ ਮਾਹੌਲ ਪੈਦਾ ਕਰਕੇ "ਪਾਪੇ ਦਾ ਵਰਤਿਆ ਵਰਤਾਰਾ" ਕਿਹਾ ਹੈ। ਕਿਉਂ? ਇਸ ਲਈ ਕਿ ਸਮਾਜ ਵਿਚ ਨਫਰਤ ਫੈਲਾਉਣ ਅਤੇ ਸਮਾਜਿਕ ਵੰਡੀਆਂ ਪਾਉਣ ਲਈ ਪਹਿਲਾਂ ਇਸ ਨੂੰ "ਵਰਣ ਆਸ਼ਰਮ ਧਰਮ" ਦੇ ਸਿਧਾਂਤ 'ਤੇ ਆਧਾਰਤ ਕਰਕੇ ਵੱਖ ਵੱਖ ਵਰਣਾਂ ਤੇ ਜਾਤਾਂ ਵਿਚ ਵੰਡਿਆ ਗਿਆ ਅਤੇ ਹਰ ਵਰਣ ਮੁਤਾਬਿਕ "ਆਸ਼ਰਮ ਧਰਮ" ਨਿਰਧਾਰਤ ਕੀਤਾ ਗਿਆ। ਇੱਥੇ ਹੀ ਇਹ ਵੰਡ ਖਤਮ ਨਹੀਂ ਹੋ ਜਾਂਦੀ, ਸਗੋਂ ਧਰਮ 'ਤੇ ਆਧਾਰਤ ਇਹ ਵੰਡ ਅੱਗੇ ਤੋਂ ਅੱਗੇ ਪੈਰ ਪਸਾਰਦੀ ਗਈ। ਸੰਨਿਆਸੀ, ਜੋਗੀ ਅਤੇ ਬ੍ਰਾਹਮਣ-ਇਹ ਤਿੰਨ ਧਾਰਮਿਕ ਆਗੂ ਸਨ, ਉਸ ਵੇਲੇ ਦੇ ਸਮਾਜ ਦੇ। ਇਹ ਧਾਰਮਿਕ ਆਗੂ ਇਸ ਵੰਡ ਨੂੰ ਹੋਰ ਵਿਸਥਾਰ ਵੀ ਦਿੰਦੇ ਹਨ ਅਤੇ ਮਜ਼ਬੂਤ ਵੀ ਕਰਦੇ ਹਨ।

ਸੰਨਿਆਸੀਆਂ ਦੇ ਗਿਣਤੀ ਵਿਚ ਦਸ ਅਤੇ ਜੋਗੀਆ ਦੇ ਬਾਰਾਂ ਫਿਰਕੇ ਸਨ, ਜੋ ਆਪਸ ਵਿਚ ਲੜਦੇ-ਲੜਾਉਂਦੇ ਰਹਿੰਦੇ ਸਨ। ਇਸ ਤੋਂ ਬਿਨਾ ਜੰਗਮ, ਸਰੇਵੜੇ ਅਤੇ ਦਿਗੰਬਰ ਸਾਧੂਆਂ ਦੀਆਂ ਆਪਸੀ ਖਹਿਬਾਜੀਆਂ ਚਲਦੀਆਂ ਸਨ। ਬ੍ਰਾਹਮਣਾਂ ਦਾ ਕੰਮ ਵੇਦਾਂ ਅਨੁਸਾਰ ਸਿੱਖਿਆ ਦੇਣਾ, ਪਾਠ-ਪੂਜਾ ਆਦਿ ਕਰਨਾ-ਕਰਾਉਣਾ ਰਿਹਾ ਹੈ। ਵੇਦ ਗਿਣਤੀ ਵਿਚ ਚਾਰ ਹਨ ਅਤੇ ਹਰ ਵੇਦ ਦੇ ਅੱਗੇ ਚਾਰ ਭਾਗ ਹਨ-ਸੰਹਿਤਾ, ਆਰਨਿਕ ਗ੍ਰੰਥ, ਬ੍ਰਾਹਮਣ ਗ੍ਰੰਥ ਅਤੇ ਉਪਨਿਸ਼ਦ; ਇਸ ਦੇ ਨਾਲ ਹੀ ਛੇ ਦਰਸ਼ਨ-ਸ਼ਾਸਤਰ ਹਨ। ਹਰ ਵੇਦ ਦੇ ਪੁਰੋਹਿਤ ਅਰਥਾਤ ਪੜ੍ਹਨ-ਪੜ੍ਹਾਉਣ ਵਾਲੇ ਵੀ ਅਲੱਗ ਅਲੱਗ ਹਨ। ਇਸ ਉੱਚ ਜਾਤੀ ਦਾ ਕਾਰਜ ਵੀ ਕੁਝ ਇਸੇ ਕਿਸਮ ਦਾ ਸੀ ਕਿ ਵੇਦਾਂ, ਸ਼ਾਸਤਰਾਂ, ਪੁਰਾਣਾਂ ਦੀ ਚਰਚਾ ਰਾਹੀਂ ਆਪਸ ਵਿਚ ਲੜਦੇ-ਲੜਾਉਂਦੇ ਰਹਿਣਾ ਅਤੇ ਆਮ ਜਨਤਾ ਨੂੰ ਭਰਮ-ਭੁਲੇਖਿਆਂ ਵਿਚ ਪਾ ਕੇ ਵੰਡ ਕੇ ਰੱਖਣਾ ਤਾਂ ਕਿ ਉਨ੍ਹਾਂ ਦੀ ਸੋਚ ਤੇ ਨਜ਼ਰੀਏ ਨੂੰ ਤੰਗ ਵਲਗਣਾਂ ਵਿਚ ਸਦੀਵੀ ਵਲ ਕੇ ਰੱਖਿਆ ਜਾ ਸਕੇ ਅਤੇ ਉਹ ਆਪਣੀ ਅਸਲ ਹਾਲਤ ਬਾਰੇ ਨਾ ਕਦੀ ਸੋਚ ਸਕਣ ਤੇ ਨਾ ਹੀ ਉਨ੍ਹਾਂ ਦਾ ਸੁਧਾਰ ਕਰਨ ਦਾ ਕੋਈ ਉਪਰਾਲਾ ਕਰਨ।

ਇਸ ਵਰਣ-ਆਸ਼ਰਮ ਵੰਡ ਦੇ ਨਾਲ ਹੀ ਇੱਕ ਹੋਰ ਵੰਡ ਸੀ-ਹਿੰਦੂ ਅਤੇ ਮੁਸਲਮਾਨ ਵਿਚ ਵੰਡੇ ਹੋਣਾ। ਹਮਲਾਵਰਾਂ ਰਾਹੀਂ ਭਾਰਤ ਵਿਚ ਤੁਰਕ ਅਤੇ ਮੁਗਲ ਸ਼ਾਸਕਾਂ ਦਾ ਰਾਜ ਕਾਇਮ ਹੋਇਆ, ਜਿਨ੍ਹਾਂ ਦਾ ਆਪਣਾ ਧਰਮ ਇਸਲਾਮ ਸੀ। ਇਸ ਤਰ੍ਹਾਂ ਜਿੱਥੇ ਸ਼ਾਸਕਾਂ ਦਾ ਆਪਣਾ ਧਰਮ ਇਸਲਾਮ ਸੀ, ਉਥੇ ਹੀ ਹਿੰਦੁਸਤਾਨੀ ਜਨਤਾ ਵਿਚ ਵੀ ਇਸਲਾਮ ਧਰਮ ਫੈਲਿਆ। ਇੱਕ ਪਾਸੇ ਵੈਦਕ ਧਰਮ ਨੂੰ ਮੰਨਣ ਵਾਲਿਆਂ ਦੇ ਆਪਸੀ ਝਗੜੇ ਜਿਵੇਂ ਕਿ ਉਪਰ ਦੱਸਿਆ ਹੈ ਅਤੇ ਦੂਸਰੇ ਪਾਸੇ ਇਸਲਾਮ ਧਰਮ ਨੂੰ ਮੰਨਣ ਵਾਲਿਆ ਨਾਲ ਖਹਿਬਾਜ਼ੀ। ਅੱਗੋਂ ਇਸਲਾਮ ਵਿਚ ਵੀ ਹੋਰ ਧਰਮਾਂ ਦੀ ਤਰ੍ਹਾਂ ਕਈ ਫਿਰਕੇ ਕਾਇਮ ਹੋ ਗਏ ਸਨ, ਜੋ ਆਪਸ ਵਿਚ ਦੁਸ਼ਮਣਾਂ ਵਾਂਗ ਖਹਿੰਦੇ ਰਹਿੰਦੇ ਸਨ। ਉਸ ਸਮੇਂ ਦੇ ਹਿੰਦੁਸਤਾਨ ਵਿਚ ਸਮਾਜਿਕ ਅਤੇ ਧਾਰਮਿਕ ਵਰਤਾਰੇ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਨੇ ਇਸ ਬਾਰੇ ਵੀ ਬਿਆਨ ਕੀਤਾ ਹੈ:

ਚਾਰਿ ਵਰਨ ਚਾਰਿ ਮਜ਼ਹਬਾਂ
ਜਗਿ ਵਿਚਿ ਹਿੰਦੂ ਮੁਸਲਮਾਣੇ।






ਖੁਦੀ ਬਖੀਲਿ ਤਕਬਰੀ
ਖਿਚੋਤਾਣਿ ਕਰੇਨਿ ਧਿਙਾਣੇ।...

ਸਚੁ ਕਿਨਾਰੇ ਰਹਿ ਗਿਆ
ਖਹਿ ਮਰਦੇ ਬਾਮ੍ਹਣਿ ਮੌਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥21/1॥

ਅੱਜ ਕੱਲ ਜਿਸ ਕਿਸਮ ਦਾ ਵਰਤਾਰਾ ਅਤੇ ਮਾਹੌਲ ਰਾਸ਼ਟਰੀ ਸਵੈਮ ਸੇਵਕ ਸੰਘ ਜਾਂ ਭਾਰਤੀ ਜਨਤਾ ਪਾਰਟੀ ਵੱਲੋਂ ਸਿਰਜਿਆ ਜਾ ਰਿਹਾ ਹੈ, ਉਹ ਵੀ ਕੁਝ ਇਸੇ ਕਿਸਮ ਦਾ ਆਪਸੀ ਨਫਰਤ, ਗਊ ਹੱਤਿਆ ਅਤੇ ਅਜਿਹੇ ਹੋਰ ਮੁੱਦਿਆਂ ਦੇ ਨਾਮ 'ਤੇ ਭੀੜਾਂ ਵੱਲੋਂ ਕੀਤੀਆਂ ਜਾਂਦੀਆਂ ਹਿੰਸਕ ਘਟਨਾਵਾਂ, ਘੱਟ ਗਿਣਤੀ ਫਿਰਕਿਆਂ ਅਤੇ ਦਲਿਤਾਂ ਪ੍ਰਤੀ ਨਫਰਤ ਅਤੇ ਅਤਿਆਚਾਰ ਵਗੈਰਾ। ਸਭ ਜਾਣਦੇ ਹਨ, ਇਹ ਬਿਰਤਾਂਤ ਕਿਉਂ ਅਤੇ ਕਿਵੇਂ ਸਿਰਜਿਆ ਜਾ ਰਿਹਾ ਹੈ!

ਬਾਨੀ ਗੁਰੂ, ਗੁਰੂ ਨਾਨਕ ਦੇਵ ਜੀ ਨੇ 1499 ਈ. ਵਿਚ ਵੇਈਂ ਨਦੀ ਪ੍ਰਵੇਸ਼ ਉਪਰੰਤ ਪਹਿਲਾ ਐਲਾਨਨਾਮਾ ਕੀਤਾ "ਨ ਕੋ ਹਿੰਦੂ ਨ ਮੁਸਲਮਾਨ" ਅਰਥਾਤ ਮਨੁੱਖ ਨੂੰ ਧਰਮ ਦੇ ਨਾਂ 'ਤੇ ਵੰਡਿਆ ਨਹੀਂ ਜਾ ਸਕਦਾ। ਇੱਥੋਂ ਹੀ ਉਨ੍ਹਾਂ ਨੇ ਮਨੁੱਖੀ ਬਰਾਬਰੀ, ਭਾਈਚਾਰਕ ਸਾਂਝ ਅਤੇ ਏਕਤਾ, ਸਮਾਜਿਕ ਨਿਆਉਂ, ਮਨੁੱਖੀ ਅਧਿਕਾਰਾਂ ਅਤੇ ਧਰਮ ਨੂੰ ਸੱਚੀ-ਸੁੱਚੀ ਕਿਰਤ ਨਾਲ ਜੋੜਨ, ਮਨੁੱਖੀ ਸਵੈਮਾਣ, ਮਨੁੱਖੀ ਆਜ਼ਾਦੀ ਆਦਿ ਦੇ ਕੀਮਤ ਸਿਧਾਂਤਾਂ ਨੂੰ ਵਰੋਸਾਏ ਨਵੇਂ ਮਾਰਗ ਦੀ ਨੀਂਹ ਰੱਖੀ। ਭਾਈ ਗੁਰਦਾਸ ਨੇ ਇਸ ਨੂੰ "ਚਾਰ ਵਰਨਿ ਇਕੁ ਵਰਨੁ ਕਰਾਇਆ" ਅਤੇ "ਰਾਣਾ ਰੰਕੁ ਬਰਾਬਰੀ" ਕਿਹਾ ਹੈ। ਆਪਣੇ ਇਸ "ਸਰਬਤ ਦਾ ਭਲਾ" ਨੂੰ ਪ੍ਰਣਾਏ ਜੀਵਨ-ਫਲਸਫੇ ਪ੍ਰਤੀ ਆਮ ਲੋਕਾਈ ਨੂੰ ਚੇਤੰਨ ਕਰਨ, ਅਗਿਆਨ ਦੇ ਅੰਧੇਰ ਵਿਚੋਂ ਕੱਢਣ ਅਤੇ ਦੇਸ-ਦੇਸਾਂਤਰਾਂ ਵਿਚ ਜਾ ਕੇ ਵਿਚਾਰ-ਵਟਾਂਦਰੇ ਅਤੇ ਗੋਸ਼ਟੀਆਂ ਰਚਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਦਿਸ਼ਾਵਾਂ ਵਿਚ ਚਾਰ ਯਾਤਰਾ ਕੀਤੀਆਂ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ 'ਤੇ ਸਾਥ ਦੇਣ ਲਈ ਉਨ੍ਹਾਂ ਨੇ ਆਪਣੇ ਨਾਲ ਮਰਦਾਨੇ ਨੂੰ ਚੁਣਿਆ, ਜੋ ਉਸ ਭਾਈਚਾਰੇ ਨਾਲ ਸਬੰਧਿਤ ਸੀ, ਜਿਸ ਨੂੰ ਜਾਤਿ-ਵੰਡ ਵਿਚ ਅਖੌਤੀ ਨੀਵੀਂ ਮਰਾਸੀ ਜਾਤਿ ਕਿਹਾ ਜਾਂਦਾ ਸੀ ਅਤੇ ਮਜ਼ਹਬ ਦੇ ਤੌਰ 'ਤੇ ਮਰਦਾਨਾ ਇਸਲਾਮ ਨਾਲ ਸਬੰਧਿਤ ਸੀ।

ਬਾਬੇ ਨਾਨਕ ਨੇ ਮਰਦਾਨੇ ਨੂੰ "ਭਾਈ" ਦਾ ਖਿਤਾਬ ਬਖਸ਼ਿਸ਼ ਕੀਤਾ, ਜਿਸ ਨੂੰ ਸਿੱਖ ਧਰਮ ਵਿਚ ਬਹੁਤ ਵਿਸ਼ੇਸ਼ ਸਥਾਨ ਸਨਮਾਨ ਮੰਨਿਆ ਜਾਂਦਾ ਹੈ। ਭਾਈ ਮਰਦਾਨਾ ਗੁਰੂ ਨਾਨਕ ਵੱਲੋਂ ਬਾਣੀ ਦਾ ਉਚਾਰਨ ਕਰਨ ਸਮੇਂ ਦਾ ਰਬਾਬ ਤੇ ਸੰਗੀਤਕ ਧੁਨਾਂ ਛੇੜ ਕੇ ਸਾਥ ਦਿੰਦਾ ਸੀ। ਇਨ੍ਹਾਂ ਉਦਾਸੀਆ ਨੂੰ ਭਾਈ ਗੁਰਦਾਸ ਨੇ "ਚੜ੍ਹਿਆ ਸੋਧਣਿ ਧਰਤਿ ਲੁਕਾਈ" ਦੀ ਸੰਗਿਆ ਦਿੱਤੀ ਹੈ।

ਗੁਰੂ ਨਾਨਕ ਨੇ ਆਪਣੇ ਫਲਸਫੇ ਵਿਚ ਦੱਸਿਆ ਕਿ ਮਨੁੱਖ ਦੀ ਜਨਮ ਜਾਂ ਇਸਤਰੀ-ਪੁਰਸ਼ ਹੋਣ ਦੇ ਅਧਾਰ 'ਤੇ ਉੱਚੀ ਜਾਂ ਨੀਵੀਂ ਸ਼੍ਰੇਣੀ ਵਿਚ ਵੰਡ ਨਹੀਂ ਕੀਤੀ ਜਾ ਸਕਦੀ, ਕਿਉਂਕਿ ਮਨੁੱਖ ਦੇ ਜਨਮ ਦਾ ਸੋਮਾ ਜਾਂ ਆਧਾਰ ਇੱਕੋ ਰੱਬੀ ਜੋਤਿ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਅਤੇ ਗੁਰੂ ਅਮਰਦਾਸ ਅਨੁਸਾਰ ਮਨੁੱਖ ਨੇ ਆਪਣੇ ਇਸੇ ਮੂਲ ਤੋਂ ਹੋਣ ਦੀ ਪਛਾਣ ਕਰਨੀ ਹੈ, ਆਪਣੇ ਸੰਸਾਰ 'ਤੇ ਆਉਣ ਦੇ ਇਸੇ ਸੋਮੇ ਦਾ ਅਨੁਭਵ ਕਰਨਾ ਹੈ, "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥"

ਗੁਰੂ ਨਾਨਕ ਨੇ ਮਨੁੱਖ ਲਈ ਆਦਰਸ਼ "ਸਚਿਆਰ" ਹੋਣ ਦਾ ਰੱਖਿਆ ਅਤੇ ਸੱਚੇ ਆਚਾਰ ਨੂੰ ਸੱਚ ਤੋਂ ਵੀ ਉਪਰ ਮੰਨਦਿਆਂ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਦੀ ਪਾਲਣਾ ਕਰਨ ਦਾ ਸਿਧਾਂਤ ਦਿੱਤਾ। ਇੱਕ ਜੋਤਿ ਤੋਂ ਪ੍ਰਕਾਸ਼ਿਤ ਹੋਣ ਦੇ ਮਨੁੱਖੀ ਬਰਾਬਰੀ ਦਾ ਸਿਧਾਂਤ ਦਿੰਦਿਆਂ ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਦੱਬੇ-ਕੁਚਲੇ ਅਤੇ ਸਦੀਆਂ ਤੋਂ ਨੀਂਵੇਂ, ਅਛੂਤ ਕਹਿ ਕੇ ਦਬਾਏ ਹੋਏ ਲੋਕਾਂ ਨਾਲ ਖੜ੍ਹੇ ਹੋਣ ਦਾ ਐਲਾਨ ਕੀਤਾ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਇਸ ਦੇ ਨਾਲ ਹੀ ਧਰਮ ਨੂੰ ਕਿਰਤ ਨਾਲ ਜੋੜਦਿਆਂ ਇਹ ਵੀ ਸਪੱਸ਼ਟ ਕੀਤਾ ਕਿ ਧਰਮ ਦੇ ਨਾਂ 'ਤੇ ਦੁਕਾਨਦਾਰੀ ਕਰਕੇ ਜਾਂ ਕਿਸੇ ਹੋਰ ਲੁੱਟ-ਖਸੁੱਟ ਦੀ ਕਮਾਈ ਦੀ ਰੋਟੀ ਖਾਣ ਨਾਲੋਂ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਸੱਚੀ ਕਿਰਤ ਕਰਕੇ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣਾ ਹੀ ਸਹੀ ਮਾਰਗ ਹੈ, "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਦੂਸਰਿਆਂ ਦਾ ਹੱਕ ਖੋਹਣ ਨੂੰ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" ਕਹਿ ਕੇ ਨਿੰਦਿਆ। ਗੁਰੂ ਨਾਨਕ ਦਾ ਦਿੱਤਾ ਇਹ ਮਾਰਗ "ਪਤਿ ਸੇਤੀ" ਜਿਊਣ ਦਾ ਰਸਤਾ ਹੈ, ਕਿਉਂਕਿ ਸਵੈਮਾਣ ਤੋਂ ਬਿਨਾ ਜਿਊਣਾ ਅਸਲੀ ਜੀਵਨ ਨਹੀਂ ਹੈ, "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥"

> ***ਸਵੈਮਾਣ ਵਾਲੀ ਜ਼ਿੰਦਗੀ ਜਿਊਣ ਲਈ ਮਨੁੱਖ ਨੂੰ ਦ੍ਰਿੜ ਇਰਾਦੇ ਨਾਲ ਪੂਰਨ ਸਮਰਪਣ ਦੇ ਮਾਰਗ 'ਤੇ ਚੱਲਣਾ ਪੈਂਦਾ ਹੈ, ਜਿਸ ਨੂੰ ਗੁਰੂ ਨਾਨਕ ਨੇ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਕਿਹਾ ਹੈ। ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਖੁਦਾਈ ਕਰਕੇ ਉੱਚੀਆਂ ਅਤੇ ਨੀਵੀਂਆਂ ਕਹੀਆਂ ਜਾਂਦੀਆਂ ਜਾਤਾਂ ਨੂੰ ਇੱਕੋ ਥਾਂ ਇਸ਼ਨਾਨ ਕਰਨ ਦੀ ਪਰੰਪਰਾ ਦਾ ਅਰੰਭ ਕੀਤਾ।***

ਇਹ ਗੁਰੂ ਨਾਨਕ ਦੇਵ ਹੀ ਸਨ, ਜਿਨ੍ਹਾਂ ਨੇ ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਨੂੰ "ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਕਿਹਾ ਅਤੇ ਇਹ ਵੀ ਕਿਹਾ ਕਿ ਹਮਲਾਵਰ ਦਾ ਕੋਈ ਧਰਮ ਨਹੀਂ ਹੁੰਦਾ। ਇਨ੍ਹਾਂ ਸਿਧਾਂਤਾਂ ਦੇ ਅਮਲੀ ਪ੍ਰਕਾਸ਼ਨ ਲਈ ਸੰਗਤਿ ਅਤੇ ਲੰਗਰ ਦੀ ਸੰਸਥਾ ਅਰੰਭ ਕੀਤੀ ਗਈ, ਜਿੱਥੇ ਸਾਰੇ ਮਨੁੱਖ ਬਿਨਾ ਕਿਸੇ ਵਿਤਕਰੇ ਜਾਂ ਭੇਦ-ਭਾਵ ਦੇ ਬਰਾਬਰੀ ਤੇ ਸ਼ਾਮਲ ਹੋਣ ਅਤੇ ਸੇਵਾ ਨਿਭਾਉਣ ਲੱਗੇ। ਇਸ ਨੂੰ ਅੱਗੇ ਵਧਾਉਂਦਿਆਂ ਗੁਰੂ ਅਮਰਦਾਸ ਨੇ "ਪਾਹਲੇ ਪੰਗਤਿ। ਪਾਛੇ ਸੰਗਤਿ" ਦੇ ਰੂਪ ਵਿਚ ਪੂਰੀ ਤਰ੍ਹਾਂ ਦ੍ਰਿੜ ਕਰਾ ਦਿੱਤਾ। ਸਵੈਮਾਣ ਵਾਲੀ ਜ਼ਿੰਦਗੀ ਜਿਊਣ ਲਈ ਮਨੁੱਖ ਨੂੰ ਦ੍ਰਿੜ ਇਰਾਦੇ ਨਾਲ ਪੂਰਨ ਸਮਰਪਣ ਦੇ ਮਾਰਗ 'ਤੇ ਚੱਲਣਾ ਪੈਂਦਾ ਹੈ, ਜਿਸ ਨੂੰ ਗੁਰੂ ਨਾਨਕ ਨੇ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਕਿਹਾ ਹੈ। ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਖੁਦਾਈ ਕਰਕੇ ਉੱਚੀਆਂ ਅਤੇ ਨੀਵੀਂਆਂ ਕਹੀਆਂ ਜਾਂਦੀਆਂ ਜਾਤਾਂ ਨੂੰ ਇੱਕੋ ਥਾਂ ਇਸ਼ਨਾਨ ਕਰਨ ਦੀ ਪਰੰਪਰਾ ਦਾ ਅਰੰਭ ਕੀਤਾ। ਪੰਜਵੇਂ ਗੁਰੂ ਨੇ ਆਪਣੇ ਪੂਰਬਜ ਗੁਰੂਆਂ ਅਤੇ ਆਪਣੀ ਬਾਣੀ ਦੇ ਨਾਲ ਹੀ ਵੱਖ ਵੱਖ ਜਾਤਾਂ, ਇਲਾਕਿਆਂ, ਬੋਲੀਆਂ ਅਤੇ ਧਰਮਾਂ ਨਾਲ ਸਬੰਧਿਤ ਸੰਤਾਂ, ਭਗਤਾਂ ਦੀ ਉਸ ਬਾਣੀ, ਜੋ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ, ਨੂੰ ਸ਼ਾਮਲ ਕਰਕੇ "ਗ੍ਰੰਥ ਸਾਹਿਬ" ਦਾ ਸੰਕਲਨ ਕੀਤਾ ਅਤੇ ਸੰਸਾਰ ਧਰਮ ਗ੍ਰੰਥਾਂ ਵਿਚ ਇੱਕ ਵਿਲੱਖਣ ਸਥਾਨ ਦਿੱਤਾ, ਜੋ ਮਾਨਵਤਾਵਾਦੀ ਸਹਿਹੋਂਦ ਦੀ ਆਪਣੇ ਆਪ ਵਿਚ ਇੱਕ ਨਿਵੇਕਲੀ ਮਿਸਾਲ ਹੈ।

ਗੁਰੂ ਨਾਨਕ ਸਾਹਿਬ ਦੇ ਦਿੱਤੇ ਇਸ ਮਾਰਗ 'ਤੇ ਚਲਦਿਆਂ ਹੀ ਭਗਤ ਰਵਿਦਾਸ ਜੀ ਦਾ ਦਿੱਤਾ "ਬੇਗਮ ਪੁਰਾ" ਦਾ ਸੰਕਲਪ ਸਾਕਾਰ ਕੀਤਾ ਜਾ ਸਕਦਾ ਹੈ, ਜਿਸ ਵਿਚ ਗੁਰੂ ਅਰਜਨ ਦੇਵ ਜੀ ਅਨੁਸਾਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥" ਅਤੇ ਭਗਤ ਕਬੀਰ ਜੀ ਦੇ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" ਦਾ ਪ੍ਰਕਾਸ਼ਨ ਸੰਭਵ ਹੋ ਸਕਦਾ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਇਸੇ ਮਾਰਗ ਨੂੰ ਅੱਗੇ ਵਧਾਉਂਦਿਆਂ ਸੰਸਾਰਕਤਾ ਤੇ ਅਧਿਆਤਮਕਤਾ ਨੂੰ ਇਕੱਠਿਆਂ ਕੀਤਾ ਅਤੇ ਮੀਰੀ-ਪੀਰੀ ਦਾ ਸੰਕਲਪ ਸਾਹਮਣੇ ਲਿਆਂਦਾ। ਇਸ ਮਾਰਗ ਨੂੰ ਅੱਗੇ ਵਧਾਉਂਦਿਆਂ ਗੁਰੂ ਤੇਗ ਬਹਾਦਰ ਨੇ ਗਿਆਨ ਦੀ ਕਸੌਟੀ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥" ਨੂੰ ਬਣਾਇਆ ਅਰਥਾਤ ਕਿਸੇ ਨੂੰ ਡਰਾਉਣਾ ਵੀ ਨਹੀਂ ਅਤੇ ਕਿਸੇ ਤੋਂ ਡਰਨਾ ਵੀ ਨਹੀਂ। ਇਸ ਤਰ੍ਹਾਂ ਗੁਰੂ ਨਾਨਕ ਦੇ ਦੱਸੇ ਮਾਰਗ ਨੇ ਮਨੁੱਖ ਨੂੰ ਹਰ ਤਰ੍ਹਾਂ ਦੇ ਭੈ ਤੋਂ ਮੁਕਤ ਹੋ ਕੇ ਜਿਊਣ ਦਾ ਵੱਲ ਦੱਸਿਆ। ਮਨੁੱਖ ਲਈ ਸਭ ਤੋਂ ਵੱਡਾ ਭੈ ਮੌਤ ਦਾ ਹੁੰਦਾ ਹੈ ਅਤੇ ਮੌਤ ਦੇ ਭੈ ਤੋਂ ਮੁਕਤ ਕਰਦਿਆਂ ਗੁਰੂ ਨੇ ਆਦੇਸ਼ ਕੀਤਾ ਕਿ "ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥" ਸਮਾਜ ਨੂੰ ਬਦਲਣ ਵਾਸਤੇ ਮਨੁੱਖ ਦੀ ਮਾਨਸਿਕਤਾ ਨੂੰ ਬਦਲਨਾ ਬਹੁਤ ਜ਼ਰੂਰੀ ਹੁੰਦਾ ਹੈ। ਗੁਰੂ ਨਾਨਕ ਦਾ ਮਾਰਗ ੴ ਅਤੇ ਉਸ ਦੀ ਕੁਦਰਤਿ, ਜਿਸ ਵਿਚ ਸਾਰੀ ਮਨੁੱਖ ਜਾਤੀ ਵੀ ਸ਼ਾਮਲ ਹੈ, ਨਾਲ ਪ੍ਰੇਮ ਦਾ ਮਾਰਗ ਹੈ ਅਤੇ ਗੁਰੂ ਗੋਬਿੰਦ ਸਿੰਘ ਨੇ ਵੀ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਨੂੰ ਦ੍ਰਿੜ ਕਰਾਉਂਦਿਆਂ "ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ॥" ਨੂੰ ਰੱਬ ਦਾ ਰਸਤਾ, ਰੱਬੀ ਪ੍ਰਾਪਤੀ ਦਾ ਰਸਤਾ ਦੱਸਿਆ।

"ਸਚਿਆਰ" ਹੋਣ ਦਾ ਜੋ ਆਦਰਸ਼ ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਸਾਹਮਣੇ ਰੱਖਿਆ ਸੀ, ਅਜਿਹੀ ਮਾਨਸਿਕਤਾ ਨੂੰ ਪੱਕੇ ਪੈਰੀਂ ਤਿਆਰ ਕਰਨ ਲਈ ਪੂਰੀਆਂ ਦਸ ਪੀੜ੍ਹੀਆਂ ਤੇ 200 ਸਾਲ ਤੋਂ ਉਤੇ ਦਾ ਸਮਾਂ ਲੱਗਿਆ ਅਤੇ 1699 ਦੀ ਵਿਸਾਖੀ ਨੂੰ ਅਜਿਹੀ ਮਾਨਸਿਕਤਾ ਵਾਲੇ ਤਿਆਰ-ਬਰ-ਤਿਆਰ, ਉਹ ਪੰਜ ਸਿੱਖਾਂ ਦੀ ਚੋਣ ਕਰਕੇ ਖਾਲਸਾ ਸਾਜਿਆ, ਜਿਹੜੇ ਵਰਣ-ਆਸ਼ਰਮ ਵੰਡ 'ਤੇ ਆਧਾਰਤ ਪੰਜ ਜਾਤੀਆਂ ਵਿਚੋਂ ਲਾਹੌਰ ਤੋਂ ਦਇਆ ਰਾਮ ਖੱਤਰੀ, ਹਸਤਨਾਪੁਰ ਦਾ ਧਰਮ ਚੰਦ ਜੱਟ, ਹਿੰਮਤ ਰਾਇ ਜਗਨਨਾਥ ਪੁਰੀ (ਉੜੀਸਾ) ਤੋਂ ਝੀਵਰ ਜਾਤਿ ਨਾਲ ਸਬੰਧਿਤ, ਮੁਕਮ ਚੰਦ ਦਵਾਰਕਾ (ਗੁਜਰਾਤ) ਤੋਂ ਛੀਂਬਾ ਜਾਤਿ ਅਤੇ ਸਹਿਬ ਚੰਦ ਬਿਦਰ (ਕਰਨਾਟਕ) ਤੋਂ ਨਾਈ ਜਾਤਿ ਨਾਲ ਸਬੰਧਿਤ ਇਨ੍ਹਾਂ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ "ਸਿੰਘ" ਦਾ ਨਾਮ ਦਿੱਤਾ ਅਤੇ ਊਚ-ਨੀਚ, ਬੋਲੀ, ਇਲਾਕਾਈ ਹਰ ਤਰ੍ਹਾਂ ਦੇ ਭੇਦ-ਭਾਵ ਮਿਟਾ ਕੇ ਸਭ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ। ਫਿਰ ਉਨ੍ਹਾਂ ਪੰਜ ਪਿਆਰਿਆਂ ਹੱਥੋਂ ਆਪ ਵੀ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਅਖਵਾਏ। ਉਨ੍ਹਾਂ ਨੂੰ ਆਗਿਆ ਕੀਤੀ ਕਿ ਅੱਜ ਤੋਂ ਪੰਜ ਪਿਆਰੇ ਫੈਸਲੇ ਲੈ ਸਕਣ ਦਾ ਹੱਕ ਰੱਖਦੇ ਹਨ ਅਤੇ ਆਪਣੇ ਗੁਰੂ ਨੂੰ ਵੀ ਅਦੇਸ਼ ਕਰ ਸਕਦੇ ਹਨ। 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਨੇ ਉਸ ਮਿਸ਼ਨ ਨੂੰ ਸੰਪੂਰਨ ਕੀਤਾ, ਜੋ ਗੁਰੂ ਨਾਨਕ ਨੇ 1499 ਦੀ ਵੇਈਂ ਨਦੀ ਪ੍ਰਵੇਸ਼ ਤੋਂ ਸ਼ੁਰੂ ਕੀਤਾ ਸੀ। ਖਾਲਸੇ ਨੂੰ ਆਪਣਾ ਰੂਪ ਮੰਨਦਿਆਂ ਐਲਾਨਿਆ "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋਸੋ ਗਰੀਬ ਕਰੋਰ ਪਰੇ॥"

ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ। ਗੁਰੂਆਂ ਵੱਲੋਂ ਦਿੱਤੇ ਜੀਵਨ ਦਰਸ਼ਨ ਦਾ ਪੰਜਾਬ 'ਤੇ ਵਿਆਪਕ ਅਸਰ ਰਿਹਾ ਹੈ ਅਤੇ ਪੰਜਾਬ ਸਦਾ ਉਸ ਕੀਮਤ ਪ੍ਰਬੰਧ ਦਾ ਅਨੁਸਾਰੀ ਹੋ ਕੇ ਜੀਵਿਆ ਹੈ। ਕੋਈ ਵੀ ਲਹਿਰ ਉੱਠੀ, ਭਾਵੇਂ ਉਹ ਆਜ਼ਾਦੀ ਲਈ ਗਦਰ ਲਹਿਰ ਸੀ ਜਾਂ ਮਾਨਵੀ ਅਤੇ ਕਿਸਾਨੀ ਦੇ ਹੱਕਾਂ ਲਈ; ਪੰਜਾਬ ਤੋਂ ਉੱਠੀ ਹਰ ਲਹਿਰ ਗੁਰੂ ਨਾਨਕ ਦੇ ਫਲਸਫੇ ਤੋਂ ਪ੍ਰੇਰਤ ਰਹੀ ਹੈ। 26 ਨਵੰਬਰ 2020 ਤੋਂ ਕਿਸਾਨ ਆਪਣੇ ਹੱਕਾਂ ਦੀ ਲੜਾਈ ਲੜਦਿਆਂ ਦਿੱਲੀ ਦੀਆਂ ਫਿਰਨੀਆਂ 'ਤੇ ਬੈਠੇ ਹਨ ਅਤੇ ਇਹ ਲੜਾਈ ਲੜਦਿਆਂ ਉਨ੍ਹਾਂ ਨੇ ਉਸ ਜੀਵਨ ਦਰਸ਼ਨ ਦਾ ਅਮਲੀ ਪ੍ਰਕਾਸ਼ਨ ਕੀਤਾ ਹੈ, ਜੋ ਉਨ੍ਹਾਂ ਨੂੰ ਗੁਰੂਆਂ ਤੋਂ ਵਿਰਾਸਤ ਵਿਚ ਮਿਲਿਆ ਹੈ। ਆਪਣੇ ਹੱਕਾਂ ਲਈ ਜੂਝਦਿਆਂ ਉਹ ਅਨੇਕ ਕਿਸਮ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਬਹਾਦਰੀ ਨਾਲ ਕਰ ਰਹੇ ਹਨ ਅਤੇ ਸਰਕਾਰ ਨੂੰ ਆਪਣੇ ਸੰਘਰਸ਼ ਰਾਹੀਂ ਇਹ ਅਹਿਸਾਸ ਲਗਾਤਾਰ ਕਰਾ ਰਹੇ ਹਨ ਕਿ ਸਰਕਾਰਾਂ ਲੋਕਾਂ ਲਈ ਹੁੰਦੀਆਂ ਹਨ, ਨਾ ਕਿ ਲੋਕ ਸਰਕਾਰਾਂ ਲਈ। ਉਨ੍ਹਾਂ ਨੂੰ ਆਪਣੇ ਰਸਤੇ ਤੋਂ ਵਿਚਲਿਤ ਕਰਨ ਲਈ ਅੰਦਰੋਂ-ਬਾਹਰੋਂ ਲਗਾਤਾਰ ਬਹੁਤ ਤਰ੍ਹਾਂ ਦੇ ਯਤਨ ਹੋ ਰਹੇ ਹਨ, ਪਰ ਉਹ ਆਪਣੇ ਸੰਘਰਸ਼ ਨੂੰ ਪੂਰੀ ਦ੍ਰਿੜਤਾ ਨਾਲ ਅੱਗੇ ਵਧਾ ਰਹੇ ਹਨ ਅਤੇ ਹਿੰਦੁਸਤਾਨ ਦੇ ਹੋਰ ਪ੍ਰਾਂਤਾਂ ਦੇ ਕਿਸਾਨਾਂ ਨੂੰ ਵੀ ਜਾਗ੍ਰਿਤ ਕਰ ਰਹੇ ਹਨ। ਇਸ ਸੰਘਰਸ਼ ਦੌਰਾਨ ਵੱਖ ਵੱਖ ਇਤਿਹਾਸਕ ਦਿਹਾੜਿਆ ਨੂੰ ਮਨਾਉਂਦਿਆਂ ਕਿਸਾਨਾਂ ਨੇ ਉਸ ਕੀਮਤ ਪ੍ਰਬੰਧ ਨੂੰ ਵਾਰ ਵਾਰ ਆਪਣੇ ਚੇਤਿਆ ਵਿਚ ਉਜਾਗਰ ਕੀਤਾ ਹੈ। ਸਿੰਘੂ-ਟਿੱਕਰੀ-ਗਾਜੀਪੁਰ ਬਾਰਡਰ 'ਤੇ ਵਿਸਾਖੀ ਮਨਾਉਂਦਿਆਂ ਖਾਲਸਾ ਸਿਰਜਣਾ ਦੀਆ ਯਾਦਾਂ ਨੂੰ ਤਾਜ਼ਾ ਕੀਤਾ ਹੈ।

# ਅਸੀਂ ਕਦੋਂ ਆਪਣੀਆਂ ਸੰਭਾਵਨਾਵਾਂ ਪਛਾਣ ਕੇ ਸਮੇਂ ਦੇ ਹਾਣੀ ਬਣਾਂਗੇ!

'ਲਓ ਹੋਰ ਸੁਣੋ ਨੌਰਵੇ ਪ੍ਰਾਈਮ ਮਨਿਸਟਰ ਨੂੰ ਉਥੋਂ ਦੀ ਪੁਲਿਸ ਨੇ ਕਰੋਨਾ ਸਬੰਧੀ ਨਿਯਮਾਂ ਦੀ ਉਲੰਘਣਾ 'ਤੇ 17 ਸੌ ਯੂਰੋ ਦਾ ਜੁਰਮਾਨਾ ਕੀਤਾ ਹੈ।' ਇਹ ਖਬਰ ਸਾਡੇ ਬੇਟੇ ਨੇ ਉਸ ਵੇਲੇ ਦੱਸੀ ਜਦੋਂ ਅਸੀਂ ਵੀਕਐਂਡ 'ਤੇ ਬੈਠੇ ਚਾਹ ਦੀਆਂ ਚੁਸਕੀਆਂ ਲੈਂਦੇ ਕੇਂਦਰ, ਪੰਜਾਬ ਸਰਕਾਰ ਤੇ ਕਿਸਾਨੀ ਸੰਘਰਸ਼ 'ਤੇ ਤਬਸਰਾ ਕਰ ਰਹੇ ਸਾਂ। ਹੈਂ! ਪੁਲਿਸ ਨੇ ਕਿਉਂ? ਪੁੱਛੇ ਜਾਣ 'ਤੇ ਉਸ ਨੇ ਨੈੱਟ ਤੋਂ ਪੜ੍ਹ ਕੇ ਸੁਣਾਉਂਦਿਆਂ ਕਿਹਾ ਕਿ ਨੌਰਵੇ ਦੀ ਦੋ ਵਾਰ ਦੀ ਚੁਣੀ ਹੋਈ ਪ੍ਰਾਈਮ ਮਨਿਸਟਰ ਅਰਨਾ ਸੋਲਬਰਗੋ ਦੇ 60ਵੇਂ ਜਨਮ ਦਿਨ ਦੀ ਪਾਰਟੀ ਸੀ। ਪਾਰਟੀ ਉਸ ਦੇ ਪਤੀ ਵਲੋਂ ਉਥੋਂ ਦੇ ਕਿਸੇ ਗਰੈਂਡ ਹੋਟਲ ਵਿਚ ਕੀਤੀ ਗਈ ਸੀ, ਜਿਸ ਵਿਚ ਤੈਅਸ਼ੁਦਾ 10 ਦੀ ਥਾਂ 13 ਵਿਅਕਤੀ ਸ਼ਾਮਲ ਸਨ। ਕੋਵਿਡ-19 ਨਿਯਮਾਂ ਮੁਤਾਬਕ ਉਨ੍ਹਾਂ ਭਾਵੇਂ ਤਿੰਨ ਟੇਬਲ ਬੁੱਕ ਕੀਤੇ ਸਨ ਤੇ ਸੋਸ਼ਲ ਡਿਸਟੈਂਸਿੰਗ ਦੇ ਨਿਯਮਾਂ ਦੀ ਪਾਲਣਾ ਕੀਤੀ ਸੀ, ਪਰ ਪੁਲਿਸ ਇੰਸਪੈਕਟਰ ਪੇਰ ਮਾਰਟਨ ਸੈਂਡਿਗ ਅਨੁਸਾਰ ਉਸ ਨੇ ਤਿੰਨ ਵਿਅਕਤੀ ਵੱਧ ਸ਼ਾਮਲ ਕਰਕੇ ਆਪਣੀ ਸਰਕਾਰ ਦੇ ਬਣਾਏ ਨਿਯਮਾਂ ਦੀ ਉਲੰਘਣਾ ਕੀਤੀ ਸੀ। ਉਨ੍ਹਾਂ ਉਸ ਦੇ ਪਤੀ ਤੇ ਹੋਟਲ ਮਾਲਕ ਖਿਲਾਫ ਕੋਈ ਮੁਕੱਦਮਾ ਨਾ ਕਰਕੇ ਸੋਲਬਰਗੋ ਨੂੰ ਹੀ ਜ਼ਿੰਮੇਵਾਰ ਠਹਿਰਾਇਆ। ਪ੍ਰਾਈਮ ਮਨਿਸਟਰ ਨੇ ਨਾ ਸਿਰਫ ਜੁਰਮਾਨਾ ਭਰਿਆ, ਸਗੋਂ ਜਨਤਕ ਤੌਰ 'ਤੇ ਟੈਲੀਵਿਜ਼ਨ 'ਤੇ ਦੇਸ਼ ਵਾਸੀਆਂ ਕੋਲੋਂ ਮੁਆਫੀ ਵੀ ਮੰਗੀ।



**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਕੋਲ ਬੈਠੇ ਪੋਤਰੇ ਨਿੱਕੂ ਨੇ ਵੀ ਆਪਣੇ ਸਕੂਲ ਦੇ ਬਾਸਕਿਟ ਬਾਲ ਕੋਚ ਵਲੋਂ ਆਪਣੇ ਹੀ ਬੇਟੇ ਨੂੰ ਬਾਹਰ ਦਾ ਰਸਤਾ ਵਿਖਾਉਣ ਦੇ ਘਟਨਾਕ੍ਰਮ ਬਾਰੇ ਦੱਸਿਆ। ਉਸ ਅਨੁਸਾਰ ਕੋਚ ਦਾ ਬੇਟਾ ਕੁਝ ਦਿਨਾਂ ਤੋਂ ਖੇਡ ਨੂੰ ਤਵਜੋਂ ਨਹੀਂ ਸੀ ਦੇ ਰਿਹਾ, ਜਿਸ ਕਾਰਨ ਖਿਡਾਰੀ ਸਾਥੀ ਵੀ ਖੇਡ 'ਤੇ ਧਿਆਨ ਨਹੀਂ ਸਨ ਦੇ ਰਹੇ; ਪਰ ਬਿਨਾ ਖਿਡਾਰੀਆਂ ਤੇ ਸਕੂਲ ਪ੍ਰਬੰਧਕਾਂ ਦੀ ਕਿਸੇ ਸ਼ਿਕਾਇਤ ਤੋਂ ਕੋਚ ਨੇ ਆਪਣੇ ਆਪ ਨੋਟਿਸ ਲੈ ਕੇ ਆਪਣੇ ਹੀ ਬੇਟੇ ਨੂੰ ਟੀਮ 'ਚੋਂ ਬਾਹਰ ਇਸ ਲਈ ਕੀਤਾ ਕਿ ਉਸ ਦੀ ਹਾਜ਼ਰੀ ਨਾਲ ਖਿਡਾਰੀਆਂ 'ਤੇ ਮਾੜਾ ਅਸਰ ਪੈਂਦਾ ਹੈ। ਪਿਛਲੇ ਮਹੀਨੇ ਅਮਰੀਕਾ ਦੀ ਗਰਮ ਸਟੇਟ ਟੈਕਸਸ ਵਿਖੇ ਸਨੋਅ ਸਟੋਰਮ ਆਉਣ ਨਾਲ ਬਿਜਲੀ ਬੰਦ ਹੋ ਗਈ ਤੇ ਆਮ ਜਨ-ਜੀਵਨ ਠੱਪ ਹੋ ਗਿਆ। ਰਾਸ਼ਟਰਪਤੀ ਜੋਅ ਬਾਇਡਨ ਨੇ ਤੁਰੰਤ ਆਪਣੇ ਸਾਰੇ ਰੁਝੇਵੇਂ ਛੱਡ ਕੇ ਉਥੋਂ ਦਾ ਦੌਰਾ ਕੀਤਾ ਤੇ ਹਾਲਾਤ ਦਾ ਜਾਇਜ਼ਾ ਲਿਆ। ਮਿਲੀਅਨ ਡਾਲਰਾਂ ਦੀ ਸੰਘੀ ਸਹਾਇਤਾ ਦੇ ਕੇ ਟੈਕਸਸ ਵਿਚ ਡਰੇਨ ਸਿਸਟਮ, ਬਿਜਲੀ-ਪਾਣੀ, ਸੜਕਾਂ-ਪੁਲ ਆਦਿ ਨਵੇਂ ਸਿਰੇ ਤੋਂ ਬਣਾਉਣ ਦਾ ਵੱਡਾ ਕਾਰਜ ਅਰੰਭ ਕਰਵਾਇਆ।

ਯੂ. ਐਸ. ਸੰਘੀ ਸਰਕਾਰ ਨੇ ਬਿਨਾ ਕਿਸੇ ਰੰਗ ਭੇਦ, ਬਿਨਾ ਮੰਗੇ ਜਾਂ ਪ੍ਰੋਟੈਸਟ ਕੀਤਿਆਂ ਤਿੰਨ ਵਾਰੀ ਲੋਕਾਂ ਨੂੰ ਕਰੋਨਾ ਮਦਦ ਵਜੋਂ ਵਿੱਤੀ ਮਦਦ ਉਨ੍ਹਾਂ ਦੇ ਖਾਤਿਆਂ ਵਿਚ ਪਾਈ ਹੈ। ਕਰੋਨਾ ਵਿਚ ਅਮਰੀਕੀਆਂ ਦੀ ਆਰਥਿਕਤਾ ਵਧੀ ਹੈ, ਬੇਰੁਜ਼ਗਾਰੀ ਘਟੀ ਹੈ। ਦੁਨੀਆਂ ਦੀ ਸੁਪਰ ਪਾਵਰ ਅਮਰੀਕਾ ਕਿਸ ਤਰ੍ਹਾਂ ਆਪਣੇ ਆਖਰੀ ਬਸ਼ਰ ਤਕ ਵੀ ਹਾਜਰ ਹੁੰਦਾ ਹੈ, ਸੁਣ ਕੇ ਸੱਚ ਨਹੀਂ ਆਉਂਦਾ; ਜਦ ਕਿ ਇਸੇ ਕਰੋਨਾ ਕਾਲ ਵਿਚ ਸਾਡੀ ਜੀ. ਡੀ. ਪੀ. ਹੇਠਲੇ ਡੰਡੇ 'ਤੇ ਪਹੁੰਚ ਗਈ ਹੈ। ਕਰੋੜਾਂ ਨੌਕਰੀਆਂ ਛੁਟ ਗਈਆਂ ਹਨ, ਨਵੀਆਂ ਮਿਲਣ ਦੀ ਕੋਈ ਸੰਭਾਵਨਾ ਨਹੀਂ। ਦੇਸ਼ ਵਾਸੀਆਂ ਨੂੰ ਕੋਈ ਵਿੱਤੀ ਮਦਦ ਨਹੀਂ, ਜਦੋਂਕਿ ਅਮਰੀਕਾ ਸਮੇਤ ਆਪਣੇ ਲੋਕਾਂ ਤੋਂ ਵੀ ਕਰੋੜਾਂ ਰੁਪਏ ਇਕੱਠੇ ਕਰ ਲਏ ਹਨ। ਇੱਕ ਅੱਧ ਵਾਰ ਹੀ ਰਾਸ਼ਨ ਕੁਝ ਲੋੜਵੰਦਾਂ ਨੂੰ ਦਿੱਤਾ ਗਿਆ। ਭੁਖਮਰੀ ਵਿਚ 120 ਦੇਸ਼ਾਂ ਵਿਚੋਂ ਅਸੀਂ 103ਵੇਂ ਨੰਬਰ 'ਤੇ ਹਾਂ। ਇਕੋ ਇੱਕ ਖੇਤਰ ਸੀ ਖੇਤੀਬਾੜੀ ਦਾ, ਜਿਸ ਨੇ ਕਰੋਨਾਕਾਲ ਵਿਚ ਲੋਕਾਂ ਨੂੰ ਰੋਟੀ ਦਿੱਤੀ ਤੇ ਰੁਜਗਾਰ ਬਰਕਰਾਰ ਰੱਖਿਆ। ਅੱਜ ਉਸ ਨੂੰ ਹੀ ਖਤਮ ਕੀਤਾ ਜਾ ਰਿਹਾ ਹੈ। ਸਾਢੇ ਚਾਰ ਮਹੀਨੇ ਤੋਂ ਅੰਨਦਾਤਾ ਦਿੱਲੀ ਦੇ ਬਾਰਡਰਾਂ 'ਤੇ ਰੁਲ ਰਿਹਾ ਹੈ।

ਹੁਣ ਦੂਜੇ ਪਾਸੇ ਸਾਡਾ ਆਪਣਾ ਦੇਸ ਆਪਣੀ ਜੰਮਣ ਭੋਇੰ ਪੰਜਾਬ, ਜੋ ਆਰਥਿਕ, ਰਾਜਨੀਤਕ ਪੱਖੋਂ ਉਜੜ ਚੁਕਾ ਹੈ, ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ ਹੈ। ਕੋਈ ਕਹਿ ਸਕਦਾ ਹੈ ਕਿ ਪੱਛਮ-ਪੂਰਬ (ਫਸਟ/ਥਰਡ ਵਰਲਡ) ਦਾ ਕੀ ਮੁਕਾਬਲਾ? ਕੁਝ ਹੱਦ ਤਕ ਇਹ ਗੱਲ ਸਹੀ ਵੀ ਹੈ, ਪਰ ਕੀ ਜਿਨ੍ਹਾਂ ਪੁਰਖਿਆਂ ਦੇ ਨਿਆਂ, ਸੱਚ, ਹਮਦਰਦੀ, ਲੋੜਵੰਦਾਂ ਪ੍ਰਤੀ ਦਯਾਯਾਚਨਾ, ਔਰਤ ਬਜ਼ੁਰਗਾਂ ਪ੍ਰਤੀ ਸਤਿਕਾਰ ਜਿਹੇ ਮਾਨਵਵਾਦੀ ਮਾਡਲ ਦੀਆਂ ਕਹਾਣੀਆਂ ਸੁਣ-ਸੁਣ ਅਸੀਂ ਵੱਡੇ ਹੋਏ ਹਾਂ, ਕੀ ਕਦੀ ਉਹਨੂੰ ਦੁਹਰਾਉਣ/ਚੇਤੇ ਕਰਨ ਦਾ ਵੀ ਜੋਖਮ ਨਹੀਂ ਉਠਾਵਾਂਗੇ। ਮਰਿਆਦਾ ਪੁਰਸ਼ੋਤਮ ਸ਼੍ਰੀ ਰਾਮ ਚੰਦਰ, ਸਤਿਆਵਾਦੀ ਰਾਜਾ ਹਰੀਸ਼ ਚੰਦਰ, ਚੱਕਰਵਰਤੀ ਰਾਜਪੂਤ ਸਮਰਾਟ ਵਿਕਰਮਾਦਿੱਤ, ਨਿਆਂ ਪਸੰਦ ਰਾਜਾ ਭੋਜ, ਸਮਰਾਟ ਅਸ਼ੋਕ, ਸਿਕੰਦਰ ਮਹਾਨ ਨੂੰ ਸ਼ਿਕਸਤ ਦੇਣ ਵਾਲਾ ਰਾਜਾ ਪੋਰਸ, ਗ੍ਰੇਟ ਪੰਜਾਬ ਦਾ ਮਹਾਰਾਜਾ ਰਣਜੀਤ ਸਿੰਘ ਸਮੇਤ ਰਾਜਾਸ਼ਾਹੀ ਰਾਜ ਵਿਚੋਂ ਕੁਝ ਚੋਣਵੇਂ ਰਾਜਿਆਂ ਦੇ ਸੱਚੇ ਇਨਸਾਫ, ਬਹਾਦਰੀ, ਸਦਾਚਾਰ, ਸੱਚਾਈ, ਜਮਹੂਰੀਅਤ ਪਰੰਪਰਾਵਾਂ ਇਤਿਹਾਸਕ ਮੀਲ ਪੱਥਰ ਸਾਬਤ ਹੋਈਆਂ ਕਹਾਣੀਆਂ ਸਾਡਾ ਰਾਹ ਦਸੇਰਾ ਹਨ। ਪਰ ਅਸੀਂ ਆਪਣੇ ਅਮੀਰ ਵਿਰਸੇ ਤੋਂ ਕੁਝ ਸਿੱਖਣ ਦੀ ਥਾਂ ਮਿਥਿਹਾਸ ਕਹਿ ਕੇ ਪੱਲਾ ਝਾੜ ਦਿੱਤਾ।

ਇਹੋ ਕੁਝ ਪੱਛਮ ਦੀਆਂ ਲੋਕਤੰਤਰੀ ਰਵਾਇਤਾਂ ਤੇ ਮਾਨਵਵਾਦੀ ਮਾਡਲ ਤੋਂ ਕੁਝ ਸਿੱਖਣ ਦੀ ਥਾਂ ਅਸੀਂ ਆਪਣੀ ਪਿਛਾਕੜ ਸੋਚ ਦੇ ਪੱਲੜੇ ਨੂੰ ਹੀ ਭਾਰੀ ਕਰਦੇ ਹਾਂ, ਜਦੋਂ ਕਿ ਕੁਦਰਤ ਨੇ ਸਾਨੂੰ ਆਪਣੀਆਂ ਬੇਸ਼ਕੀਮਤੀ ਲੱਭਤਾਂ ਨਾਲ ਮਾਲਾਮਾਲ ਕੀਤਾ ਹੋਇਆ ਹੈ। ਚਾਰ ਰੁੱਤਾਂ, ਹੀਰੇ-ਮੋਤੀ ਉਗਲਦੀ ਉਪਜਾਊ ਧਰਤੀ, ਸੋਨੇ-ਚਾਂਦੀ ਖਣਿਜਾਂ ਦੀਆਂ ਖਾਣਾਂ, ਲੋਹੇ-ਮਾਰਬਲ ਦੀਆਂ ਖਾਣਾਂ; ਉਚੇ ਪਰਬਤ, ਪਹਾੜ, ਪਠਾਰਾਂ ਦਾ ਅਨਮੋਲ ਖਜਾਨਾ ਪੂਰੇ ਸੰਸਾਰ ਭਰ ਵਿਚ ਕਿਤੇ ਨਹੀਂ ਮਿਲਦਾ। ਪਰ ਅਸੀਂ ਗੈਰ-ਮਾਨਵੀ ਸੋਚ ਕਾਰਨ ਇਨ੍ਹਾਂ ਕੁਦਰਤੀ ਖਜਾਨਿਆਂ ਤੋਂ ਫਾਇਦਾ ਨਹੀਂ ਲੈ ਸਕੇ। ਅਸੀਂ ਤਾਂ ਸਾਢੇ ਕੁ ਪੰਜ ਸੌ ਸਾਲ ਪੁਰਾਣੇ ਬਾਬੇ ਨਾਨਕ, ਭਗਤ ਕਬੀਰ, ਬਾਬਾ ਫਰੀਦ ਦੀਆਂ ਸਿਖਿਆਵਾਂ ਤੋਂ ਵੀ ਕੁਝ ਸਿੱਖਣ/ਸਮਝਣ ਅਨੁਸਰਣ ਦੀ ਕੋਈ ਵਿਧਾ ਨਹੀਂ ਅਪਨਾ ਸਕੇ। ਊਚ-ਨੀਚ, ਭਰਾਮਾਰੂ ਜੰਗ, ਜਾਤੀ ਭੇਦ, ਹਉਮੈ, ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਦੇ ਦੈਂਤ ਤੋਂ ਹੀ ਖਹਿੜਾ ਨਹੀਂ ਛੁਡਾ ਸਕੇ। ਝੂਠ ਫਰੇਬ ਜਾਲਸਾਜ਼ੀ ਅਜਿਹਾ ਰੂਪ ਅਖਤਿਆਰ ਕਰ ਚੁਕੇ ਹਾਂ ਕਿ ਸੱਚ ਸਤ ਇਨਸਾਫ ਨੂੰ ਤਾਂ ਜਿਵੇਂ ਦੇਸ਼ ਨਿਕਾਲਾ ਹੀ ਦੇ ਦਿੱਤਾ ਹੈ। ਸੱਤਾ ਤੇ ਰਾਜਨੀਤੀ ਨੂੰ ਆਪਣੀ ਜ਼ਿੰਦਗੀ ਦਾ ਮੰਤਵ ਸਮਝੀ ਬੈਠੇ ਹਾਂ। ਕੇਂਦਰ ਸਰਕਾਰ ਨੂੰ ਪੰਜ ਰਾਜਾਂ ਦੀਆਂ ਚੋਣਾਂ ਜਿੱਤਣੀਆਂ ਹਨ, 'ਬਾਇ ਹੁੱਕ ਐਂਡ ਕਰੁੱਕ।' ਦਿੱਲੀ ਦੇ ਬਾਰਡਰਾਂ 'ਤੇ ਡੇਰਾ ਜਮਾਈ ਬੈਠੇ ਧਰਤੀ ਪੁੱਤਰਾਂ ਦੀ ਚੀਕ ਸੁਣਾਈ ਨਹੀਂ ਦਿੰਦੀ ਖੇਤੀ ਪ੍ਰਧਾਨ ਦੇਸ਼ ਵਿਚ। ਅਜਿਹਾ ਵਰਤਾਰਾ ਤਾਂ ਕਦੀ ਨਹੀਂ ਰਿਹਾ ਸਾਡੀਆਂ ਹਕੂਮਤਾਂ ਦਾ ਕਿ ਆਪਣੇ ਦੇਸ਼ ਦੀ ਰੀੜ੍ਹ ਦੀ ਹੱਡੀ ਅੰਨਦਾਤੇ ਨੂੰ ਹੀ ਅਣਗੌਲਿਆਂ ਕਰ ਦੇਵੇ। ਉਹਦੀ ਤਾਂ ਆਵਾਜ਼ ਮੁਗਲਾਂ, ਅੰਗਰੇਜ਼ਾਂ ਨੇ ਵੀ ਅਣਸੁਣੀ ਨਹੀਂ ਸੀ ਕੀਤੀ।

ਨਿੱਤ ਨਵੇਂ ਕਾਲੇ ਕਾਨੂੰਨ ਬਣਾ ਕੇ ਨਾਦਰਸ਼ਾਹੀ ਹੁਕਮ ਚਾੜ੍ਹੇ ਜਾਂਦੇ ਹਨ। ਪੰਜਾਬ ਦੇ ਨੌਜੁਆਨਾਂ ਨੂੰ ਰਾਹ ਖੇੜੇ ਜਾਂਦਿਆਂ ਨੂੰ ਚੁੱਕ ਕੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਵਿਰੋਧੀ ਆਵਾਜ਼ ਨੂੰ ਦਬਾਉਣ ਲਈ ਦਿੱਲੀ ਪੁਲਿਸ, ਐਨ. ਆਈ. ਏ., ਸੀ. ਬੀ. ਆਈ., ਈ. ਡੀ. ਤੇ ਹੋਰ ਕੇਂਦਰੀ ਏਜੰਸੀਆਂ ਦੀ ਵਰਤੋਂ ਬੇਦਰਦੀ ਨਾਲ ਕੀਤੀ ਜਾਂਦੀ ਹੈ। ਇੱਕੋ ਇੱਕ ਏਜੰਡਾ ਹੈ-ਇੱਕ ਧਰਮ, ਇੱਕ ਦੇਸ਼। ਦੇਸ਼ ਦੇ ਸੰਵਿਧਾਨ ਦਾ ਰੂਪ ਹੀ ਬਦਲਿਆ ਜਾ ਰਿਹਾ ਹੈ। ਦਹਿਸ਼ਤ ਫਿਰਕਾਪ੍ਰਸਤੀ ਦਾ ਬੋਲਬਾਲਾ ਹੈ। ਆਈ. ਟੀ. ਸੈੱਲ ਤੇ ਗੋਦੀ ਮੀਡੀਆ ਰਾਹੀਂ ਆਪਣੇ ਲੁਕਵੇਂ ਏਜੰਡੇ ਹਿੰਦੂਤਵ ਨੂੰ ਲਾਗੂ ਕਰਨ ਦਾ ਮਾਹੌਲ ਬੜੇ ਜੋਰਾਂ-ਸ਼ੋਰਾਂ ਨਾਲ ਸਿਰਜਿਆ ਜਾ ਰਿਹਾ ਹੈ। ਦੇਸ਼ ਦੀਆਂ ਮਾਣਮੱਤੀਆਂ ਸੰਸਥਾਵਾਂ ਨਿਆਂ ਪ੍ਰਣਾਲੀ, ਵਿਧਾਨਪਾਲਿਕਾ, ਕਾਰਜਪਾਲਿਕਾ, ਮਨੁੱਖੀ ਅਧਿਕਾਰ ਕਮਿਸ਼ਨ ਸਮੇਤ ਦਰਜਨਾਂ ਲੋਕ ਹਿਤੈਸ਼ੀ ਅਦਾਰਿਆਂ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਦੇਸ਼ ਦੀ ਸ਼ਾਨ ਵੱਡੇ ਅਦਾਰੇ ਭਾਰਤ ਪੈਟਰੋ, ਹਥਿਆਰ ਬਣਾਉਣ ਵਾਲਾ, ਹਵਾਬਾਜੀ, ਪਣਡੁੱਬੀਆਂ, ਮਿਜ਼ਾਇਲਾਂ, ਜੀਵਨ ਬੀਮਾ ਨਿਗਮ, ਖੋਜ ਵਿਗਿਆਨ, ਉਚ ਵਿਦਿਅਕ ਅਦਾਰੇ, ਖਾਦ ਕਾਰਖਾਨੇ, ਫਰਮਾਸਿਊਟੀਕਲ ਕੰਪਨੀਆਂ, ਟੂਰਿਜ਼ਮ, ਭਾਰਤ ਪੰਪ ਤੇ ਕੰਪਰੈਸ਼ਰ ਲਿਮਟਿਡ ਸਮੇਤ 26 ਅਦਾਰੇ ਨਿੱਜੀ ਹੱਥਾਂ ਵਿਚ ਚਲੇ ਗਏ ਹਨ ਅਤੇ 23 ਅਦਾਰੇ ਹੋਰ ਵੇਚਣ ਦੀ ਤਿਆਰੀ ਹੈ। ਪੈਟਰੋ, ਰਸੋਈ ਗੈਸ, ਖਾਧ ਸਮੱਗਰੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਇਸੇ ਧਰਤੀ ਵਲੋਂ ਕਦੇ ਦੇਸ਼ ਦੇ 11ਵੇਂ ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਨੂੰ ਉਨ੍ਹਾਂ ਦੀ ਖੋਜ ਉਤੇ 'ਮਿਜ਼ਾਇਲ ਮੈਨ' ਦਾ ਦਰਜਾ ਹਾਸਲ ਸੀ।

ਹੁਣ ਪੰਜਾਬ ਵੱਲ ਆਈਏ। ਸਾਡਾ ਤਾਂ ਤੋੜਾ ਪੰਜਾਬ ਤੋਂ ਸ਼ੁਰੂ ਹੋ ਕੇ ਪੰਜਾਬ 'ਤੇ ਹੀ ਆ ਕੇ ਖਤਮ ਹੁੰਦਾ ਹੈ। ਜਿਥੇ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਨਾਲ ਨਿਆਂ ਨਹੀਂ ਕੀਤਾ, ਉਥੇ ਘੱਟ ਰਾਜ ਸਰਕਾਰਾਂ ਵੀ ਨਹੀਂ ਰਹੀਆਂ। ਲੋਕਾਂ ਨੂੰ ਚੂੰਡ ਚੂੰਡ ਕੇ ਇਨ੍ਹਾਂ ਰਾਜ ਕਰਦੀਆਂ ਧਿਰਾਂ ਨੇ ਆਪਣੇ ਘਰ ਭਰ ਲਏ। ਪੰਜਾਬ ਦਾ ਇੱਕੋ ਇੱਕ ਜੀਵਨ ਨਿਰਬਾਹ ਦਾ ਸਾਧਨ ਖੇਤੀਬਾੜੀ ਉਸ ਤੋਂ ਖੋਹਣ ਲਈ ਦੋਵੇਂ ਸਰਕਾਰਾਂ ਨੇ ਲੰਮੇ ਸਮੇਂ ਤੋਂ ਅੱਡੀ ਚੋਟੀ ਦਾ ਜੋਰ ਲਾਇਆ ਹੋਇਆ। ਹੁਣ ਜਦੋਂ ਕਿਸਾਨ ਇਨ੍ਹਾਂ ਦੀ ਚਾਲ ਸਮਝ ਗਿਆ ਤਾਂ ਇਨ੍ਹਾਂ ਦੇ ਖਾਨਿਓਂ ਗਈ। ਛੱਤੀਸ਼ਗੜ੍ਹ ਵਿਚ ਫੌਜ ਦੇ 22 ਜੁਆਨਾਂ ਦੇ ਨੈਕਸੇਲਾਇਟ ਮੁਠਭੇੜ ਵਿਚ ਅਤੇ ਦਿੱਲੀ ਬਾਰਡਰਾਂ 'ਤੇ 300 ਤੋਂ ਉਪਰ ਕਿਸਾਨਾਂ ਦੇ ਮਾਰੇ ਜਾਣ 'ਤੇ ਇੱਕ ਵੀ ਅਫਸੋਸ ਦਾ ਲਫਜ ਕੇਂਦਰੀ ਹਕੂਮਤ ਨੇ ਨਹੀਂ ਕਿਹਾ। ਹਕੂਮਤੀ ਨਸ਼ੇ ਵਿਚ ਗਲਤਾਨ ਕੇਂਦਰ ਨੇ ਜਬਰੀ ਤਿੰਨ ਕਾਲੇ ਖੇਤੀ ਕਾਨੂੰਨ ਉਹਦੇ ਸਿਰ ਵਿਚ ਲਿਆ ਮਾਰੇ।

ਕਿਸਾਨੀ ਪਹਿਲਾਂ ਹੀ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਪੰਜਾਬ ਦੇ ਪੰਜਾਬੀ ਇੰਡਸਟਰੀ ਦੇ ਕਲਾਕਾਰਾਂ ਤੇ ਸੋਸ਼ਲ ਮੀਡੀਏ ਨੇ ਇਸ ਅੰਦੋਲਨ ਵਿਚ ਮੁੱਖ ਭੂਮਿਕਾ ਨਿਭਾਈ ਹੈ। ਲੀਡਰਲੈਸ ਮੀਡੀਆ ਵੀ ਕਿਸੇ ਕੰਮ ਦਾ ਨਹੀਂ, ਜਿਵੇਂ 'ਅਰਬ ਸਪਰਿੰਗ' ਵਿਚ ਹੋਇਆ ਇੱਕ ਡਿਕਟੇਟਰ ਹਟਾ ਕੇ ਦੂਜਾ ਬਿਠਾ ਦਿੱਤਾ, ਇਸ ਤਬਦੀਲੀ ਨਾਲ ਲੋਕਾਂ ਦਾ ਤਾਂ ਕੁਝ ਨਹੀਂ ਸੰਵਰਿਆ। ਇਸੇ ਤਰ੍ਹਾਂ ਸੋਸ਼ਲ ਮੀਡੀਆ ਦੇ ਕੁਝ ਚੈਨਲ 26 ਜਨਵਰੀ ਤੋਂ ਬਾਅਦ ਦੀਪ ਸਿੱਧੂ ਤੇ ਲੱਖਾ ਸਿਧਾਣਾ ਦੇ ਦੁਆਲੇ ਹੀ ਘੁੰਮਦੇ ਰਹੇ ਅਤੇ ਸਰਕਾਰੀ ਬੋਲੀ ਬੋਲਦਿਆਂ ਕਿਸਾਨ ਆਗੂਆਂ ਖਿਲਾਫ ਭੰਡੀ ਪ੍ਰਚਾਰ ਨੂੰ ਹਵਾ ਦਿੰਦੇ ਰਹੇ। ਬਜਾਏ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਉਭਾਰਨ ਦੇ, ਇੱਕਪਾਸੜ ਪ੍ਰਚਾਰ ਕਰਦੇ ਰਹੇ ਕਿ ਨੌਜੁਆਨ ਤਾਂ ਮੋਰਚੇ ਤੋਂ ਬਾਹਰ ਹੋ ਗਏ ਹਨ। ਕਿਸੇ ਨੇ ਕਿਸਾਨ ਆਗੂਆਂ ਤੇ ਜਥੇਬੰਦੀਆਂ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ 26 ਜਨਵਰੀ ਦੇ ਘਟਨਾਕ੍ਰਮ ਤੋਂ ਬਾਅਦ ਉਨ੍ਹਾਂ ਦੀ ਕੀ ਹਾਲਤ ਹੋਈ ਹੋਵੇਗੀ! ਪੰਜਾਬ ਸਮੇਤ ਚਾਰ ਮਹੀਨਿਆਂ ਦੀ ਕਰੜੀ ਮੁਸ਼ੱਕਤ ਤੋਂ ਬਾਅਦ ਮਸੀਂ ਮੋਰਚਾ ਦੇਸ਼ ਦੁਨੀਆਂ ਦੇ ਹਾਣ ਦਾ ਬਣਾਇਆ ਸੀ ਕਿ ਇਨ੍ਹਾਂ ਜਜ਼ਬਾਤੀ ਛਲੇਰਿਆਂ ਦੀ ਛੋਟੀ ਜਿਹੀ ਗਲਤੀ ਨੇ ਮੂਧੇ ਮੂੰਹ ਮਾਰਿਆ। ਇੱਕੜ-ਦੁੱਕੜ ਇਨ੍ਹਾਂ ਮੀਡੀਆ ਵਾਲਿਆਂ ਨੇ ਰਟ ਹੀ ਲਾ ਲਈ ਕਿਸਾਨ ਆਗੂਆਂ ਖਿਲਾਫ। ਭਾਵੇਂ ਕੁਝ ਮੀਡੀਆ ਚੈਨਲਾਂ ਨੇ ਪੰਜਾਬੀ ਪੁੱਤ ਹੋਣ ਦਾ ਰੋਲ ਮੋਰਚੇ ਦੇ ਹੱਕ ਵਿਚ ਸੰਤੁਲਿਤ ਖਬਰਾਂ ਨਸ਼ਰ ਕਰਕੇ ਨਿਭਾਇਆ ਤੇ ਨਿਭਾ ਵੀ ਰਹੇ ਹਨ।



ਦੀਪ ਸਿੱਧੂ ਨੇ 25 ਸਤੰਬਰ 2020 ਤੋਂ ਹੀ ਆਗੂਆਂ ਨੂੰ ਭੰਡਣ ਵਾਲੀ ਨੀਤੀ ਅਪਨਾਈ ਹੋਈ ਸੀ। ਇਸ ਤੋਂ ਪਹਿਲਾਂ ਇਹ ਕਦੇ ਵੀ ਪੰਜਾਬ ਜਾਂ ਕਿਸਾਨ ਸੰਘਰਸ਼ ਵਿਚ ਲੋਕ ਹਿਤਾਂ ਲਈ ਲੜਦਾ ਨਹੀਂ ਸੀ ਦੇਖਿਆ। 25 ਸਤੰਬਰ ਦਾ ਪੰਜਾਬ ਬੰਦ, ਜੋ ਭਾਰਤ ਬੰਦ ਹੋ ਨਿਬੜਿਆ ਸੀ, ਦੀ ਕਾਮਯਾਬੀ 'ਤੇ ਕਿਸਾਨਾਂ ਦੇ ਨਾਲ ਆਮ ਲੋਕਾਂ ਨੂੰ ਵੀ ਕੁਝ ਚੰਗਾ ਹੋਣ ਦੀ ਆਸ ਬੱਝੀ ਸੀ, ਪਰ ਇਹ ਤਾਂ ਦੂਸਰੇ ਦਿਨ ਤੋਂ ਹੀ ਕਿਸਾਨ ਆਗੂਆਂ ਨੂੰ ਵਿਕਾਊ, ਅਨਪੜ੍ਹ, ਨਾ-ਕਾਬਲ ਵਰਗੇ ਫਤਵੇ ਦੇਣ ਲੱਗ ਪਿਆ, ਜਦੋਂ ਕਿ ਦੂਸਰੇ ਪੰਜਾਬੀ ਕਲਾਕਾਰਾਂ ਨੇ ਪੈਰ ਜੋੜ ਕੇ ਮੋਰਚੇ ਦੀ ਹਮਾਇਤ ਕੀਤੀ ਤੇ ਨੌਜੁਆਨਾਂ ਨੂੰ ਲਾਮਬੰਦ ਕਰਨ ਵਿਚ ਯੋਗਦਾਨ ਪਾਇਆ। ਫਿਰ ਜਦੋਂ ਜਥੇਬੰਦੀਆਂ ਨੇ ਰੇਲਵੇ ਟਰੈਕ ਰੋਕਣ ਦਾ ਸੱਦਾ ਦਿੱਤਾ ਤਾਂ ਆਪ ਸ਼ੰਭੂ ਬਾਡਰ 'ਤੇ ਟਰੈਕ ਤੋਂ ਹਟਵਾਂ ਧਰਨਾ ਲਾ ਕੇ ਬੈਠ ਗਿਆ ਤੇ ਜਥੇਬੰਦੀਆਂ ਖਿਲਾਫ ਕੂੜ ਪ੍ਰਚਾਰ ਕਰਦਾ ਰਿਹਾ। ਧਾਰਮਿਕ, ਰਾਜਨੀਤਕ ਆਗੂਆਂ ਨੂੰ ਬੁਲਾ ਕੇ ਆਪਣੀ ਸਟੇਜ ਤੋਂ ਬੁਲਾਉਂਦਾ ਰਿਹਾ। ਤੀਜੀ ਸਿਆਸੀ ਧਿਰ ਬਣਾਉਣ ਦੀ ਵੀ ਕੋਸ਼ਿਸ ਕੀਤੀ, ਪਰ ਲੋਕਾਂ ਨੇ ਬਹੁਤਾ ਮੂੰਹ ਨਹੀਂ ਲਾਇਆ। ਨੇੜੇ ਹੀ ਮਾਨ ਦਲ ਨੇ ਵੀ ਆਪਣਾ ਵੱਖਰਾ ਕੈਂਪ ਲਾਇਆ ਹੋਇਆ ਸੀ, ਉਨ੍ਹਾਂ ਨਾਲ ਕਦੇ ਸਟੇਜ ਸਾਂਝੀ ਨਹੀਂ ਕੀਤੀ। ਬਸ ਬਣੀ-ਬਣਾਈ ਸਟੇਜ ਤੋਂ ਜਥੇਬੰਦੀਆਂ ਖਿਲਾਫ 'ਆਪਣੀ ਹੋਂਦ, ਆਪਣਾ ਘਰ ਤੇ ਵੱਧ ਅਧਿਕਾਰਾਂ' ਦੀ ਵਕਾਲਤ ਕਰਦਾ ਰਿਹਾ, ਖੇਤੀ ਕਾਨੂੰਨਾਂ ਬਾਰੇ ਅੱਜ ਤਕ ਨਹੀਂ ਬੋਲਿਆ।

ਜਦੋਂ 25 ਨਵੰਬਰ ਨੂੰ ਜਥੇਬੰਦੀਆਂ ਨੇ ਦਿੱਲੀ ਚਲੋ ਦਾ ਆਯੋਜਨ ਕੀਤਾ ਤਾਂ ਆਪਣੀ ਟਿੰਡ ਫਾਉੜੀ ਚੁੱਕ ਕੇ ਸਭ ਤੋਂ ਪਹਿਲਾਂ ਦਿੱਲੀ ਆ ਪਹੁੰਚਿਆ। ਬੈਰੀਕੇਡਾਂ 'ਤੇ ਇੱਕ ਵਾਰ ਦਿਸਿਆ ਪਤਾ ਨ੍ਹੀਂ ਕਿਵੇਂ ਤੇ ਕਦੋਂ ਸਭ ਤੋਂ ਪਹਿਲਾਂ ਦਿੱਲੀ ਦੀਆਂ ਸੜਕਾਂ 'ਤੇ ਲਾਈਵ ਹੋ ਕੇ ਗੱਡੀ ਭਜਾਈ ਫਿਰੇ। ਬੰਗਲਾ ਸਾਹਿਬ ਵੀ ਜਾ ਆਇਆ। ਇਸੇ ਤਰ੍ਹਾਂ 26 ਜਨਵਰੀ ਨੂੰ ਵੀ ਲਾਲ ਕਿਲੇ 'ਤੇ ਐਨ ਉਦੋਂ ਪਹੁੰਚ ਗਿਆ, ਜਦੋਂ ਕੇਸਰੀ ਨਿਸ਼ਾਨ ਝੁਲ ਗਿਆ। ਉਥੋਂ ਫਿਰ ਲਾਈਵ ਹੋ ਕੇ ਵੀਡੀਓ ਪਾ ਕੇ ਫਿਰ ਕਿਸੇ ਦਾ ਮੋਟਰਸਾਈਕਲ ਲੈ ਕੇ ਦੌੜ ਗਿਆ, ਜਦੋਂ ਕੁਝ ਨੌਜਵਾਨਾਂ ਨੇ ਇਸ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਇੱਕ ਦਿਨ ਪਹਿਲਾਂ ਜਦੋਂ ਕੁਝ ਨੌਜਵਾਨਾਂ ਨੇ ਭੜਕ ਕੇ ਮੋਰਚੇ ਦੀ ਸਟੇਜ 'ਤੇ ਕਬਜਾ ਕਰਕੇ ਹੁੜਦੰਗ ਮਚਾਇਆ ਤੇ ਸਾਡੇ ਲੀਡਰ ਦੀਪ ਸਿੱਧੂ ਤੇ ਲੱਖਾ ਸਿਧਾਣਾ ਦੇ ਨਾਹਰੇ ਲਾਏ ਤਾਂ ਸਟੇਜ 'ਤੇ ਕਿਸਾਨ ਮਜ਼ਦੂਰ ਸੰਘਰਸ਼ ਯੂਨੀਅਨ ਦੇ ਆਗੂ ਸਰਬਣ ਸਿੰਘ ਪੰਧੇਰ ਨਾਲ ਆ ਕੇ ਰਿੰਗ ਰੋਡ ਜਾਣ ਦਾ ਐਲਾਨ ਕੀਤਾ।

ਇਸੇ ਤਰ੍ਹਾਂ ਲੱਖੇ ਨੇ ਕੀਤਾ, ਉਸ ਨੇ ਵੀ ਭੀੜ ਨੂੰ ਇਹ ਨਹੀਂ ਕਿਹਾ ਕਿ 26 ਜਨਵਰੀ ਦਾ ਤੈਅਸ਼ੁਦਾ ਰੂਟ ਦਾ ਫੈਸਲਾ ਜਥੇਬੰਦੀਆਂ ਦਾ ਹੈ, ਇਸ ਲਈ ਅਸੀਂ ਬਦਲ ਨਹੀਂ ਸਕਦੇ। ਉਸ ਨੇ ਵੀ ਹੱਲਾਸ਼ੇਰੀ ਦਿੰਦਿਆਂ ਕਿਹਾ, "ਮੈਨੂੰ ਪਤਾ ਹੈ, ਤੁਸੀਂ ਰਿੰਗਰੋਡ ਜਾਣਾ ਚਾਹੁੰਦੇ ਹੋ, ਪੰਧੇਰ ਹੋਰੀਂ ਜਾਣਗੇ, ਤੁਸੀਂ ਵੀ ਆਪਣੇ ਟਰੈਕਟਰ ਇਨ੍ਹਾਂ ਦੇ ਪਿਛੇ ਲਾ ਲਿਓ।" ਪੰਧੇਰ ਨੇ ਵੀ ਰਾਤ ਨੂੰ ਹੀ ਟਰੈਕਟਰ ਤਿਆਰ ਕਰਕੇ ਸਵੇਰੇ ਸੱਤ ਵਜੇ ਹੀ ਚਾਲੇ ਪਾ ਦਿੱਤੇ ਤੇ ਪੁਲਿਸ ਨੇ ਵੀ ਸੌਖ ਨਾਲ ਰਸਤਾ ਦੇ ਦਿੱਤਾ। ਪੰਧੇਰ ਹੋਰੀਂ 32 ਜਥੇਬੰਦੀਆਂ ਵਿਚ ਸ਼ਾਮਲ ਨਹੀਂ ਸਨ ਤੇ ਦਿੱਲੀ ਵੀ ਪਿਛੋਂ ਆਏ ਸਨ, ਉਹਨੇ ਵੀ ਨਹੀਂ ਕਿਹਾ ਕਿ ਇਹ ਫੈਸਲਾ ਸੰਯੁਕਤ ਮੋਰਚੇ ਦਾ ਹੈ, ਅਸੀਂ ਦਖਲ ਨਹੀਂ ਦੇ ਸਕਦੇ। ਸੋ ਹੁਣ ਇਹ ਤਿੰਨੇ ਧਿਰਾਂ ਆਪਣੀ ਗਲਤੀ ਨਾ ਮੰਨ ਕੇ ਸਾਰਾ ਦੋਸ਼ ਕਿਸਾਨ ਆਗੂਆਂ 'ਤੇ ਪਾ ਰਹੇ ਹਨ। ਇੱਕ ਗੱਲ ਲੱਖੇ ਸਿਧਾਣੇ ਬਾਰੇ ਤਾਂ ਕਹੀ ਜਾ ਸਕਦੀ ਹੈ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਭਾਸ਼ਾ ਤੇ ਪੰਜਾਬ ਮਸਲਿਆਂ 'ਤੇ ਬੋਲਦਾ-ਲੜਦਾ ਆ ਰਿਹਾ ਹੈ ਤੇ ਲੋੜਵੰਦਾਂ ਦੀ ਥਾਣੇ ਕਚਹਿਰੀ ਵਿਚ ਮਦਦ ਵੀ ਕਰਦਾ ਹੈ। ਇਥੇ ਟਰੈਕ ਵਿਚ ਕਿਵੇਂ ਫਸ ਗਿਆ, ਇਹ ਤਾਂ ਉਹੋ ਹੀ ਦਸ ਸਕਦਾ ਹੈ, ਪਰ ਇਨ੍ਹਾਂ ਦੀ ਮਾਅਰਕੇਬਾਜ਼ੀ ਤੇ ਆਪਹੁਦਰੇਪਣ ਨੇ ਦੇਸ-ਵਿਦੇਸ਼ ਵਿਚ ਮੋਰਚਾ ਸਮਰਥਕਾਂ ਦੇ ਜਜ਼ਬਾਤ ਨੂੰ ਭਾਰੀ ਠੇਸ ਪਹੁੰਚਾਈ।

ਆਗੂਆਂ ਸਮੇਤ ਸੈਂਕੜੇ ਕਿਸਾਨਾਂ ਨੂੰ ਝੂਠੇ ਕੇਸਾਂ, ਜ਼ਲਾਲਤ, ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਗੁੰਡਿਆਂ ਵਲੋਂ ਮੋਰਚਿਆਂ ਨੂੰ ਉਖੇੜਨ ਦੇ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ। ਕਿਸਾਨ ਆਗੂਆਂ ਦੇ ਕਹਿਣ ਵਾਂਗ ਮੰਗਾਂ ਬਦਲ ਗਈਆਂ। ਕਾਨੂੰਨ ਰੱਦ ਕਰਾਉਣ ਦੀ ਥਾਂ ਜੇਲ੍ਹੀਂ-ਥਾਣੇ ਡੱਕੇ ਕਿਸਾਨਾਂ ਤੇ ਵਾਹਨਾਂ ਨੂੰ ਛੁਡਾਉਣ, ਜ਼ਮਾਨਤਾਂ ਕਰਾਉਣ ਨੂੰ ਤਰਜੀਹ ਦੇਣੀ ਪਈ। ਹਰਿਆਣਾ, ਯੂ. ਪੀ. ਦੇ ਕਿਸਾਨ ਰਾਤੋ ਰਾਤ ਮੋਰਚੇ ਛੱਡ ਗਏ ਕਿ ਪੰਜਾਬ ਵਾਲੇ ਤਾਂ ਆਪਣਾ ਕੇਸਰੀ ਨਿਸ਼ਾਨ ਚੜ੍ਹਾਉਣ ਆਏ ਸਨ। ਜੇ ਦੂਜੇ ਦਿਨ ਹੀ ਆਗੂਆਂ ਵਲੋਂ ਤਿਰੰਗੇ ਝੰਡੇ ਦੀ ਅਗਵਾਈ ਵਿਚ ਸ਼ਾਂਤੀ ਮਾਰਚ ਨਾ ਕੀਤਾ ਜਾਂਦਾ ਤੇ ਰਾਕੇਸ਼ ਟਿਕੈਤ ਵਲੋਂ ਹੰਝੂਆਂ ਦੀ ਵਾਛੜ ਨਾਲ ਭਾਵੁਕ ਅਪੀਲ ਨਾ ਕੀਤੀ ਜਾਂਦੀ ਤਾਂ ਮੋਰਚੇ ਖਿੰਡ ਸਕਦਾ ਸੀ। ਮੋਰਚੇ ਨੂੰ ਸਿਰ ਪਰਨੇ ਸੁੱਟਣ ਦੀ ਗਲਤੀ ਮੰਨਣ ਦੀ ਥਾਂ ਉਲਟਾ ਕਿਸਾਨ ਆਗੂਆਂ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਕਿ ਇੱਕ ਕਿਸਾਨ ਆਗੂ ਵੱਲੋਂ ਉਕਤ ਤਿੰਨੇ ਧਿਰਾਂ ਨੂੰ ਸਟੇਜ ਤੋਂ ਘਟੀਆ ਸ਼ਬਦ ਕਹੇ ਹਨ। ਭਾਵੇਂ ਜ਼ਿੰਮੇਵਾਰ ਆਗੂ ਵੱਲੋਂ ਘਟੀਆ ਸ਼ਬਦਾਵਲੀ ਵਰਤਣੀ ਸ਼ੋਭਾ ਨਹੀਂ ਦਿੰਦੀ, ਪਰ ਉਹ ਵੀ ਕੀ ਕਰਦੇ, ਜਦੋਂ ਉਨ੍ਹਾਂ ਦੇ ਸਾਹਮਣੇ ਘਾਲਣਾ ਨਾਲ ਖੜ੍ਹਾ ਕੀਤਾ ਸੁੰਦਰ ਮਹਿਲ ਢਹਿ ਢੇਰੀ ਹੋ ਗਿਆ। ਹੁਣ ਵੀ ਕਹਿਣੋ ਨਹੀਂ ਹਟਦੇ ਕਿ ਆਗੂ ਕੋਈ ਵੱਡਾ ਤਿੱਖਾ ਐਕਸ਼ਨ ਨਹੀਂ ਕਰਦੇ। ਕੀ ਮੋਰਚੇ ਨੂੰ ਮੁੜ ਪੈਰੀਂ ਸਿਰੀਂ ਕਰ ਗਏ ਕਿਤੇ ਛੋਟੀ ਗੱਲ ਹੈ!

ਪਤਾ ਨਹੀਂ ਅਸੀਂ ਕਦੋਂ ਸਹੀ-ਗਲਤ ਦੀ ਪਛਾਣ ਕਰਨੀ ਸਿਖਾਂਗੇ; ਕਦੋਂ ਅਸੀਂ ਸਾਫ ਸਪਸ਼ਟ ਤੇ ਸੱਚੀ ਗੱਲ ਕਹਿਣ ਦਾ ਤਹੱਈਆ ਕਰਾਂਗੇ? ਕਿਉਂ ਹਰ ਵੇਲੇ ਝੂਠ, ਵਲ ਫਰੇਬ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਸਮਝਦੇ ਰਹਾਂਗੇ? ਇਹੋ ਜਿਹੀਆਂ ਕੱਚ ਬਰਿਚੀਆਂ ਗੱਲਾਂ ਨੂੰ ਹੀ ਆਪਣੇ ਜੀਵਨ ਦੀ ਪੂੰਜੀ ਸਮਝਦੇ ਰਹਾਂਗੇ! ਕਦੋਂ ਇਸ ਗਫਲਤ ਦੀ ਦੁਨੀਆਂ ਵਿਚੋਂ ਨਿਕਲ ਕੇ ਅੰਦਰਲੇ ਦੀ ਪਛਾਣ ਕਰਨੀ ਸਿਖਾਂਗੇ? ਅਸੀਂ ਤਾਂ ਗੁਰੂਆਂ ਦੀ ਸਲਾਹਈਅਤ ਨੂੰ ਵੀ ਹਵਾ ਵਿਚ ਉਡਾ ਦਿੰਦੇ ਹਾਂ।

ਪੰਜਾਬ ਦਾ ਬਿਹਤਰ ਭਵਿੱਖ ਹੈ, ਪੰਜਾਬ ਦੇ ਏਜੰਡੇ ਵਿਚ। ਪੰਜਾਬ ਉਜੜ ਚੁਕਿਆ ਹੈ, ਹੋਰ ਉਜੜ ਰਿਹਾ ਹੈ। ਪੰਜਾਬ ਦਾ ਪਾਣੀ 2039 ਤਕ ਖਤਮ ਹੋਣ ਜਾ ਰਿਹਾ ਹੈ। ਇਹ 1985 ਦੀ ਜੌਹਲ ਕਮੇਟੀ ਦੀ ਰਿਪੋਰਟ ਹੈ। ਪੰਜਾਬ ਦੀ ਮਿੱਟੀ ਜ਼ਹਿਰੀਲੀ ਹੋ ਗਈ, ਪੰਜਾਬ ਦੀ ਆਬੋ ਹਵਾ ਗੰਧਲੀ ਹੋ ਚੁਕੀ ਹੈ। ਪੰਜਾਬ ਵਿਚ ਕੈਂਸਰ ਤੇ ਕਾਲੇ ਪੀਲੀਏ ਜਿਹੀਆਂ ਭਿਆਨਕ ਬਿਮਾਰੀਆਂ ਸਿਰ ਚੁੱਕ ਰਹੀਆਂ ਨੇ। ਪੰਜਾਬ ਦੀ ਫੋਰਸਡ ਮਾਈਗ੍ਰੇਸ਼ਨ ਹੋ ਰਹੀ ਹੈ। ਪਿਛਲੇ 20 ਸਾਲਾਂ ਤੋਂ ਆਈਲੈਟਸ ਰਾਹੀਂ ਨੌਜੁਆਨੀ ਬਾਹਰ ਜਾ ਰਹੀ ਹੈ। ਪੰਜਾਬ ਦੀ ਮਨੁੱਖੀ ਪੂੰਜੀ ਲਗਾਤਾਰ ਜਾ ਰਹੀ ਹੈ। ਮੁਫਰੋਮੋਰਟਿਨ ਦੀ ਗੋਲੀ ਮੂੰਹ ਵਿਚ ਪੁਆਉਣ ਲਈ ਪੰਜਾਬ ਦੇ ਸੈਂਕੜੇ ਬੰਦੇ ਹਾਲੇ ਵੀ ਨਸ਼ਾ ਛੁਡਾਊ ਕੇਂਦਰਾਂ ਦੇ ਅੱਗੇ ਖੜ੍ਹਦੇ ਹਨ। ਇਹ ਹੈ ਪੰਜਾਬ ਦਾ ਭਵਿੱਖ!

ਕੀ ਹੈ ਭਵਿੱਖੀ ਏਜੰਡਾ ਪੰਜਾਬ ਲਈ? ਕਿਸੇ ਇੱਕ ਬੰਦੇ ਨੂੰ ਜਾਂ ਕਿਸੇ ਪਾਰਟੀ ਨੂੰ ਲਿਆਉਣ ਨਾਲ ਪੰਜਾਬ ਦਾ ਭਵਿੱਖ ਨਹੀਂ ਬਦਲ ਸਕਦਾ। ਪੰਜਾਬ ਲਈ ਉਸ ਕੋਲ ਰਾਜਨੀਤਕ, ਸਭਿਆਚਾਰਕ ਰਹੁ ਰੀਤਾਂ, ਆਰਥਿਕ, ਸਮਾਜਕ, ਖੇਤੀਬਾੜੀ ਦਾ ਕੀ ਹੁਣ ਨਾਲੋਂ ਨਵਾਂ ਏਜੰਡਾ ਹੈ? ਪੰਜਾਬ ਉਸ ਭਵਿੱਖ ਦੀ ਤਲਾਸ਼ ਵਿਚ ਹੈ। ਉਸ ਏਜੰਡੇ ਦੇ ਇਰਦ ਗਿਰਦ ਲੋਕ, ਨੌਜਵਾਨ ਜਾਂ ਪਾਰਟੀਆਂ ਆ ਜਾਣ, ਜੋ ਪੰਜਾਬ ਨੂੰ ਸੰਵਾਰ ਸਕਣ। ਸਾਨੂੰ ਪੰਜਾਬ ਦੇ ਏਜੰਡੇ 'ਤੇ ਡਿਬੇਟ ਕਰਨੀ ਚਾਹੀਦੀ ਹੈ। ਜਿਥੋਂ ਚਲੇ ਸੀ, ਕਿਉਂ ਨਹੀਂ ਉਥੇ ਪਹੁੰਚ ਸਕੇ, ਕਿਉਂ ਪੁੱਠਾ ਗੇੜਾ ਆ ਗਿਆ? ਇਹੋ ਕਾਰਨ ਹੈ, ਪੰਜਾਬ ਦੀਆਂ ਜਿੰਨੀਆਂ ਵੀ ਸਿਆਸੀ ਪਾਰਟੀਆਂ ਹਨ, ਸਭ ਦਾ ਏਜੰਡਾ ਕਾਰਪੋਰੇਟ ਨਾਲ ਮਿਲਦਾ ਹੈ।

ਪੰਜਾਬ ਦੀ ਧਰਤੀ ਬਚਾਉਣ ਲਈ ਚੌਤਰਫੀ ਜੰਗ ਲੜਨੀ ਪਏਗੀ। ਇਹੋ ਜਿਹਾ ਮਾਡਲ ਸਿਰਜਣਾ ਪਏਗਾ, ਜੋ ਉਸ ਨੂੰ ਇਸ ਕਰਜੇ ਦੀ ਜਿਲ੍ਹਣ ਵਿਚੋਂ ਕੱਢੇ। ਉਹਦੀਆਂ ਫਸਲਾਂ ਦੇ ਵਾਜਬ ਭਾਅ ਮਿਲ ਸਕਣ। ਉਹ ਕੈਮੀਕਲ ਖੇਤੀ ਨੂੰ ਤਿਆਗ ਕੇ ਕੁਦਰਤੀ ਜੈਵਿਕ ਖੇਤੀ ਵੱਲ ਅਗਰਸਰ ਹੋਵੇ। ਆਪਣੇ ਅਨਾਜ, ਸਬਜੀਆਂ, ਫਲਾਂ ਨੂੰ ਸਾਂਭਣ ਵਾਸਤੇ ਆਪਣੇ ਸਟੋਰ, ਆਪਣੇ ਪ੍ਰੋਸੈਸਿੰਗ ਪਲਾਂਟ ਲਾ ਕੇ ਆਮਦਨ ਵਧਾਉਣੀ ਹੋਵੇਗੀ, ਕਿਸੇ ਸਰਕਾਰ ਨੇ ਉਸ ਦੀ ਆਮਦਨ ਨਹੀਂ ਵਧਾਉਣੀ। ਖੇਤੀ ਦਾ ਕੈਮੀਕਲ ਮਾਡਲ ਫੇਲ੍ਹ ਹੋ ਚੁਕਾ ਹੈ। ਖੇਤੀ ਮਾਹਰਾਂ ਨੇ ਪਹਿਲਾਂ ਹੀ ਇਸ ਦੀ ਉਮਰ ਪੰਜਾਹ ਸਾਲ ਦੀ ਕਿਆਸੀ ਸੀ। ਧਰਤੀ ਨੂੰ ਇੱਕ ਟੂਲ ਦੇ ਤੌਰ 'ਤੇ ਨਾ ਵਰਤ ਕੇ ਸਹੀ ਸ਼ਬਦਾਂ ਵਿਚ ਧਰਤੀ ਮਾਂ ਦੇ ਰੂਪ ਵਿਚ ਵਰਤੀਏ। ਧਰਤੀ ਦੀਆਂ ਜ਼ਹਿਰਾਂ ਨੂੰ ਚੂਸ ਕੇ ਧਰਤੀ ਦੀ ਸਿਹਤ ਦੇ ਨਾਲ ਨਾਲ ਆਪਣੇ ਪਰਿਵਾਰ, ਸਮਾਜ ਦੀ ਸਿਹਤ ਸੁਧਾਰੀਏ ਤਾਂ ਹੀ ਪੰਜਾਬ ਦਾ ਕੁਝ ਬਣ ਸਕੇਗਾ।

# ਤੇਰੀ ਕਣਕ ਦੀ ਰਾਖੀ ਮੁੰਡਿਆ...



ਫਸਲ ਨੂੰ ਅੱਗ ਤੇ ਸੱਧਰਾਂ 'ਤੇ ਪਾਣੀ ਫਿਰ ਜਾਣ ਦਾ ਦੁਖਾਂਤ ਬਿਆਨ ਕਰਦੀ ਤਸਵੀਰ

ਵਿਸਾਖੀ ਦੇ ਮੌਕੇ ਇੱਕ ਸੰਸਥਾ ਵੱਲੋਂ ਪੇਸ਼ ਕੀਤੇ ਜਾ ਰਹੇ ਇੱਕ ਪ੍ਰੋਗਰਾਮ ਵਿਚ ਇੱਕ ਆਈਟਮ ਪੇਸ਼ ਕੀਤੀ ਜਾ ਰਹੀ ਸੀ, "ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ...।" ਸ਼ਮਸ਼ਾਦ ਬੇਗਮ ਦੇ ਉਚੇ ਸੁਰ ਵਿਚ ਟਣਕਵੇਂ ਤੇ ਖੜਕਵੇਂ ਬੋਲ, ਢੋਲ ਦੇ ਡਗੇ 'ਤੇ ਤਰਥੱਲੀ ਮਚਾਉਂਦੇ ਤੋੜੇ ਅਤੇ ਭਰ ਜੁਆਨ ਕੁੜੀਆਂ-ਮੁੰਡਿਆਂ ਵੱਲੋਂ ਪਾਇਆ ਜਾ ਰਿਹਾ ਡਿਸਕੋ ਭੰਗੜਾ। ਚੰਗਾ ਠੁੱਕ ਬੱਝਾ ਪਿਆ ਸੀ, ਭਾਵੇਂ ਭੰਗੜੇ ਦਾ ਡਰਿੱਲਨੁਮਾ ਅੰਦਾਜ਼ ਅਤੇ ਪੰਜਾਬੀ ਸੁਭਾਵਿਕਤਾ ਤੇ ਤੀਖਣਾ ਦਾ ਅਭਾਵ ਪਰੰਪਰਾਗਤ ਪੰਜਾਬੀ ਭੰਗੜੇ ਵਾਲਾ ਪ੍ਰਭਾਵ ਨਹੀਂ ਸੀ ਸਿਰਜ ਰਿਹਾ। ਗੀਤ ਖਤਮ ਹੋਣ 'ਤੇ ਜ਼ੋਰਦਾਰ ਤਾੜੀਆਂ ਵੱਜੀਆਂ। ਆਵਾਜ਼ ਥੰਮੀ ਤਾਂ ਪਿਛੇ



**ਡਾ. ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245

ਬੈਠਾ ਇੱਕ ਨੌਜੁਆਨ ਕਹਿੰਦਾ ਸੁਣਿਆ ਗਿਆ, "ਆਈਟਮ ਤਾਂ ਚਲੋ ਠੀਕ ਸੀ, ਪਰ ਆਹ ਕਣਕ ਦੀ ਰਾਖੀ ਵਾਲੀ ਕੀ ਗੱਲ ਬਣੀ ਭਲਾ? ਕਣਕ ਦੀ ਕਿਹੜਾ ਰਾਖੀ ਕਰਦੈ?"

ਗੱਲ ਤਾਂ ਇਸ ਅਜੋਕੇ ਨੌਜੁਆਨ ਦੀ ਵੀ ਠੀਕ ਸੀ। ਕਣਕ ਦੀ ਰਾਖੀ ਭਲਾ ਕਰਨੀ ਵੀ ਕੀਹਦੇ ਕੋਲੋਂ ਸੀ? ਕਣਕ ਦੇ ਸਿੱਟਿਆਂ ਵਿਚ ਪੈਂਦੇ ਦਾਣਿਆਂ ਦੀ ਰਾਖੀ ਮੁੱਖ ਤੌਰ 'ਤੇ ਤਾਂ ਪਰਿੰਦਿਆਂ ਤੋਂ ਹੀ ਕਰਨੀ ਸੀ ਨਾ? ਪਰ ਪੰਛੀ ਤਾਂ ਕਿਤੇ ਲੱਭਿਆਂ ਨਹੀਂ ਲੱਭਦੇ। ਤਿੱਤਰ ਬਟੇਰਿਆਂ ਦੀ ਤਾਂ ਦੂਰ ਦੀ ਗੱਲ, ਚਿੜੀਆਂ ਅਤੇ ਕਾਂ ਵੀ ਵਿਰਲੇ ਵਿਰਲੇ ਹੀ ਨਜ਼ਰ ਆਉਂਦੇ ਸਨ, ਪਰ ਜਦ ਸੰਨ 1959 ਵਿਚ ਸ਼ਮਸ਼ਾਦ ਬੇਗਮ ਨੇ ਇਹ ਗੀਤ ਫਿਲਮ "ਦੋ ਲੱਛੀਆਂ" ਲਈ ਗਾਇਆ ਸੀ ਤਾਂ ਉਸ ਸਮੇਂ ਸੱਚੀਂ ਹੀ ਕਣਕ ਦੇ ਇੱਕ ਇੱਕ ਦਾਣੇ ਦੀ ਮੋਤੀਆਂ ਜਿੰਨੀ ਕਦਰ ਸੀ। (ਕਣਕ ਸ਼ਬਦ ਦਾ ਅਰਥ ਹੀ ਸੋਨਾ ਹੈ) ਆਦਿ ਕਾਲ ਤੋਂ ਹੀ ਕਣਕ ਉਤਮ ਭੋਜਨ ਗਿਣਿਆ ਜਾਂਦਾ ਰਿਹਾ ਹੈ। ਬਹੁਤੇ ਲੋਕ ਸਾਰੇ ਸਾਲ ਜੋਗੀ ਕਣਕ ਘਰ ਨਹੀਂ ਸਨ ਰੱਖ ਪਾਉਂਦੇ, ਕਿਉਂਕਿ ਹੋਰ ਲੋੜਾਂ ਵੀ ਪੂਰੀਆਂ ਕਰਨੀਆਂ ਹੁੰਦੀਆਂ ਸਨ। ਕਣਕ ਹੁੰਦੀ ਕਿੰਨੀ ਕੁ ਸੀ? ਬਹੁਤੇ ਘਰਾਂ ਵਿਚ ਵਿਸਾਖੀ ਤੱਕ ਕਣਕ ਮੁੱਕ ਚੁੱਕੀ ਹੁੰਦੀ ਸੀ। ਬਹੁਤੀ ਵਾਰੀ ਮੱਕੀ, ਬਾਜਰਾ, ਚੌਲ ਆਦਿ ਖਾ ਕੇ ਸਾਲ ਪੂਰਾ ਕਰਨਾ ਪੈਂਦਾ ਸੀ।

ਕਣਕ ਜਿੰਨਾਂ ਵਧੀਆ ਅਨਾਜ ਸੀ, ਉਨ੍ਹਾਂ ਹੀ ਉਸ ਨੂੰ ਉਗਾਉਣਾ ਅਤੇ ਸਿਰੇ ਚੜ੍ਹਾਉਣਾ ਔਖਾ ਕਾਰਜ ਸੀ। ਸਿੰਚਾਈ ਦੇ ਸਾਧਨਾਂ ਤੋਂ ਪਹਿਲਾਂ ਹਰ ਫਸਲ ਹੀ ਬਰਸਾਤ 'ਤੇ ਨਿਰਭਰ ਸੀ। ਖੂਹ ਲੱਗਣੇ ਸ਼ੁਰੂ ਹੋਣ ਨਾਲ ਫਸਲ ਨੂੰ ਲੋੜ ਵੇਲੇ ਪਾਣੀ ਦੇ ਸਕਣ ਦੀ ਸਹੂਲਤ ਨੇ ਖੂਹਾਂ ਵਾਲਿਆਂ ਦੀ ਟੌਹਰ ਹੋਰ ਬਣਾ ਦਿੱਤੀ। ਖੂਹਾਂ ਦੇ ਆਲੇ-ਦੁਆਲੇ ਹਰੀਆਂ-ਭਰੀਆਂ ਫਸਲਾਂ ਨਖਲਸਤਾਨ ਵਾਂਗੂੰ ਲੱਗਣ ਲੱਗੀਆਂ। ਪਸ਼ੂ ਤਾਂ ਦੂਰੋਂ ਦੂਰੋਂ ਰੱਸੇ ਤੁੜਾ ਤੁੜਾ ਕੇ ਗੱਫੇ ਲਾਉਣ ਦੇ ਲਾਲਚ ਵਿਚ ਦੌੜੇ ਆਉਂਦੇ। ਕੱਚੀ ਫਸਲ ਘੁੱਗੀਆਂ, ਤਿੱਤਰਾਂ, ਬਟੇਰਿਆਂ ਦੀ ਸ਼ਰਨ-ਗਾਹ ਵੀ ਸੀ ਅਤੇ ਪੱਕ ਜਾਣ ਤੇ ਉਨ੍ਹਾਂ ਦੀ ਖਾਦ-ਖੁਰਾਕ ਵੀ। ਪੱਕੀ ਕਣਕ ਦੇ ਸਿੱਟੇ ਪਸ਼ੂ-ਪਰਿੰਦਿਆਂ ਤੋਂ ਬਿਨਾ ਲੰਘਦੇ-ਜਾਂਦੇ ਰਾਹੀਆਂ ਤੋਂ ਵੀ ਬਚਾਉਣੇ ਪੈਂਦੇ। ਰਾਤ ਨੂੰ ਕਈ ਵਾਰੀ ਚੋਰ ਵੀ ਕਣਕ ਵੱਢ ਖੜਦੇ। ਉਦੋਂ ਲੋੜ ਪੈਂਦੀ ਸੀ ਰਾਖੀ ਦੀ।

ਆਬਾਦੀ ਵੱਧ ਅਤੇ ਕਣਕ ਦੀ ਫਸਲ ਘੱਟ ਦੀਆਂ ਪ੍ਰਸਥਿਤੀਆਂ ਸਦਕਾ ਕਣਕ ਪੱਕਣ ਦੀ ਉਡੀਕ ਵਿਚ ਅੱਖਾਂ ਪੱਕ ਜਾਂਦੀਆਂ। ਸੌ ਕਿਸਮ ਦੇ ਸੰਸੇ ਦਿਮਾਗ ਵਿਚ ਘੁਮਾਟਣੀਆਂ ਖਾਣ ਲੱਗਦੇ। ਕਣਕ ਦੇ ਸੁੱਖੀ-ਸਾਂਦੀ ਘਰ ਪਹੁੰਚਣ ਲਈ ਸੌ-ਸੌ ਅਰਦਾਸਾਂ ਕੀਤੀਆਂ ਜਾਂਦੀਆਂ, ਜੋ ਕਿ ਅੱਜ ਵੀ ਕੀਤੀਆਂ ਜਾਂਦੀਆਂ ਹਨ। "ਘਰ ਆਵੇ ਤਾਂ ਜਾਣ" ਦਾ ਫਿਕਰ ਭਾਰੂ ਹੋਣ ਲੱਗਦਾ। ਸਾਉਣੀ ਦੇ ਵੇਲੇ ਦਾ ਘਰ ਰੱਖਿਆਂ ਝੋਨਾ ਅਤੇ ਮੱਕੀ ਵੀ ਮੁੱਕਣ ਨੂੰ ਫਿਰਦੇ। ਉਧਾਰ ਲੰਬਾ ਹੋ ਜਾਣ ਕਾਰਨ ਅਤੇ ਅੱਗੋਂ ਫਸਲ ਆਉਂਦੀ ਦਿਸਦੀ ਹੋਣ ਕਾਰਨ ਸ਼ਾਹ ਵੀ ਫੇਰੇ ਮਾਰਨ ਲੱਗਦਾ। ਚੇਤਰ ਲੰਬਾ ਹੋਈ ਜਾਂਦਾ ਅਤੇ ਲੋੜਾਂ ਭਾਰੂ ਹੋਈ ਜਾਂਦੀਆਂ। ਇਹ ਮਹੀਨਾ ਆਸਾਂ ਅਤੇ ਉਡੀਕਾਂ ਦਾ ਵੀ ਹੁੰਦਾ, ਪਰ ਨਾਲ ਹੀ ਲੋੜਾਂ ਅਤੇ ਥੋੜਾਂ ਦੇ ਬੋਝ ਥੱਲੇ ਰੀਂਗਣ ਦਾ ਵੀ ਹੁੰਦਾ। ਸ਼ਾਇਦ ਇਸੇ ਕਰਕੇ ਇਸ ਨੂੰ ਤੇਰਵਾਂ ਮਹੀਨਾ ਕਹਿੰਦੇ ਸਨ।

ਕਣਕ ਦੀ ਵਢਾਈ ਦੀ ਖੁਸ਼ੀ ਵਿਚ ਵਿਸਾਖੀ ਨੂੰ ਬੜੇ ਚਾਵਾਂ ਨਾਲ ਉਡੀਕਿਆ ਜਾਂਦਾ, ਕਿਉਂਕਿ ਵਿਸਾਖੀ ਕਿਸਾਨੀ ਕੈਲੰਡਰ ਦੀ ਸੰਗਰਾਂਦ ਹੁੰਦੀ ਹੈ। ਕਿਸਾਨ ਆਈ ਵਿਸਾਖੀ ਨੂੰ ਗਲ ਨਾਲ ਲਾਉਂਦੇ ਅਤੇ ਵਾਢੀ ਦਾ ਸ਼ੁਭ ਸ਼ਗਨ ਇਸੇ ਦਿਨ ਤੋਂ ਕਰਦੇ:

ਆਈ ਵਿਸਾਖੀ ਦੇਖ, ਬਈ ਜੱਟਾ,
ਕੱਚੀ ਪੱਕੀ ਨਾ ਦੇਖ।

ਕਈ ਵਾਰ ਵਿਸਾਖ ਦੀ ਮੱਠੀ ਮੱਠੀ ਗਰਮੀ ਨਾਲ ਹੀ ਨਿੱਕੀਆਂ ਨਿੱਕੀਆਂ ਹਨੇਰੀਆਂ ਵੀ ਆ ਜਾਂਦੀਆਂ ਅਤੇ ਮੀਂਹ ਵੀ ਡਿੱਗਣ ਲੱਗਦਾ, ਪਰ ਇਸ ਮੌਸਮ ਵਿਚ ਤਾਂ ਇਕ ਕਣੀ ਵੀ ਮਾੜੀ, ਪਰ ਕਈ ਵਾਰੀ ਤਾਂ ਗੜੇ ਵੀ ਪੈ ਜਾਂਦੇ। ਬੇਵੱਸ, ਮੁਸੀਬਤਜ਼ਦਾ ਕਿਸਾਨ ਕਲੇਜੇ ਦਾ ਰੁੱਗ ਭਰ ਕੇ ਬਹਿ ਜਾਂਦਾ ਅਤੇ ਰੱਬ ਨੂੰ ਕੋਸਦਾ। ਉਸ 'ਤੇ ਕ੍ਰਿਝਦਾ ਵੀ ਅਤੇ ਰਜ਼ਾ ਵਿਚ ਰਹਿਣ ਦੇ ਠੁੰਮਣੇ ਵੀ ਭਾਲਦਾ। ਕਣਕ ਕਟਾਈ ਤੋਂ ਦਾਣਿਆਂ ਦੇ ਘਰ ਪਹੁੰਚਣ ਤੱਕ ਦਾ ਸਫਰ ਕਠਿਨਾਈਆਂ ਅਤੇ ਦੁਸ਼ਵਾਰੀਆਂ ਭਰਿਆ ਸੀ। ਕਈ ਵਾਰ ਵੱਢੇ ਸੱਥਰ 'ਤੇ, ਬੱਝੀਆਂ ਭਰੀਆਂ 'ਤੇ, ਲਾਏ ਪੱਸਿਆਂ 'ਤੇ ਜਾਂ ਫਿਰ ਪਿੜ ਵਿਚ ਕਿਸੇ ਵੀ ਸਮੇਂ ਮੀਂਹ-ਹਨੇਰੀ ਜਾਂ ਅੱਗ ਸਾਰਾ ਕੁਝ ਫਨਾਹ-ਫਿਲਾਹ ਕਰ ਸਕਦੀ ਸੀ। ਦੁਸ਼ਮਣ ਤੋਂ ਵੀ ਰਾਖੀ ਦੀ ਲੋੜ ਪੈਂਦੀ ਸੀ। ਹਰ ਕੰਮ ਹੱਥੀਂ ਕਰਨਾ ਪੈਂਦਾ ਸੀ ਜਾਂ ਪਸ਼ੂਆਂ ਨੂੰ ਜੋਣਾ ਪੈਂਦਾ ਸੀ। ਕਣਕ ਨੂੰ ਗਾਹੁਣਾ ਕਿਹੜਾ ਘੱਟ ਘੋਲ ਸੀ। ਡੰਗਰਾਂ ਸਮੇਤ ਸਾਰਾ ਦਿਨ ਸੱਥਰ ਉਤੇ ਫਲ੍ਹੇ ਫੇਰਨੇ ਪੈਂਦੇ ਸਨ। ਨਵੀਂ ਪੀੜ੍ਹੀ ਤਾਂ ਅਜਿਹਾ ਸੋਚ ਕੇ ਹੀ ਤਰਾਸ ਤਰਾਸ ਕਰ ਉਠੇ। ਗਾਹੁਣ ਤੋਂ ਬਾਅਦ ਤੂੜੀ ਅਤੇ ਦਾਣੇ ਅਲੱਗ ਕਰਨਾ ਵੀ ਵੱਡਾ ਸਿਆਪਾ ਸੀ। ਤਰੰਗਲੀ ਨਾਲ ਹਵਾ ਵਿਚ ਉਡਾ ਉਡਾ ਕੇ ਜਾਂ ਛੱਜ ਵਿਚ ਛੱਟ ਛੱਟ ਕੇ ਦਾਣੇ ਅਲੱਗ ਅਤੇ ਘੁੰਡੀਆਂ ਅਲੱਗ ਕੀਤੀਆਂ ਜਾਂਦੀਆਂ।

ਫਿਰ ਸਮਾਂ ਬਦਲਿਆ। ਬਿਜਲੀ ਆ ਗਈ, ਮਸ਼ੀਨਾਂ ਚੱਲ ਪਈਆਂ ਅਤੇ ਬਹਾਰਾਂ ਲੱਗ ਗਈਆਂ, ਪਰ ਅਫਸੋਸ ਕਿ ਹਰੇ ਇਨਕਲਾਬ ਦੀਆਂ ਇਹ ਬਹਾਰਾਂ ਥੋੜ੍ਹ-ਚਿਰੀਆਂ ਸਾਬਤ ਹੋਈਆਂ। ਫਸਲ ਦੀ ਬਹੁਤਾਤ ਨੇ ਆਪਣੀ ਕਿਸਮ ਦੀਆਂ ਅਣਸੁਣੀਆਂ, ਅਣਕਿਆਸੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ। ਭਾਵੇਂ ਕਿ ਮਸ਼ੀਨਾਂ ਦੀ ਵਢਾਈ ਸਹਿਜ-ਭਾ ਹੋਣ ਲੱਗੀ ਅਤੇ ਕਣਕ ਸੰਭਾਲੀ-ਸੰਵਰੀ ਵੀ ਥੋੜ੍ਹੇ ਦਿਨਾਂ ਵਿਚ ਹੀ ਜਾਣ ਲੱਗੀ। ਹੁਣ ਮੰਡੀਕਰਣ ਨੇ ਵੱਖਰੀ ਕਿਸਮ ਦੀ ਸਿਰ-ਪੀੜਾ ਲਾ ਦਿੱਤੀ। ਲਾਗਤ ਕਿਤੇ ਜ਼ਿਆਦਾ ਵੱਧ ਗਈ। ਹੁਣ ਵਪਾਰੀ ਫਸਲ ਲੈਣ ਘਰ ਨਹੀਂ ਸੀ ਆਉਂਦਾ। ਹੁਣ "ਮੇਰੀ ਕਣਕ ਮੋਤੀਆਂ ਵਰਗੀ" ਮੰਡੀ ਵਿਚ ਰੁਲਣ ਲੱਗੀ। ਹੁਣ ਇਸ ਦੀ ਰਾਖੀ ਦਾ ਦ੍ਰਿਸ਼ ਖੇਤਾਂ ਤੋਂ ਬਦਲ ਕੇ ਮੰਡੀ ਵੱਲ ਨੂੰ ਹੋ ਗਿਆ। ਹੁਣ ਸੋਨੇ ਰੰਗੀ ਮੋਤੀਆਂ ਵਰਗੀ ਕਣਕ ਕਈਆਂ ਦੇ ਪੈਰੀਂ ਪੈਂਦੀ ਹੈ; ਕਦੀ ਵਪਾਰੀ ਦੇ, ਕਦੀ ਆੜਤੀਏ ਦੇ, ਕਦੀ ਅਫਸਰਸ਼ਾਹੀ ਦੇ, ਕਦੀ ਰਾਜਨੀਤਕ ਲੀਡਰਾਂ ਦੇ। ਹੁਣ ਉਹ ਆਪਣੀ ਫਸਲ ਦਾ ਰਾਜਾ ਨਹੀਂ ਸੀ ਰਿਹਾ। ਉਹ ਕਈਆਂ ਦੀ ਮੁਥਾਜੀ ਕਰਦਾ ਹੈ। ਕਦੀ ਮੁੱਲ ਲਾਉਣ ਵਾਲੇ ਦੀ, ਕਦੀ ਛਾਨਣਾ ਲਾਉਣ ਵਾਲੇ ਦੀ, ਕਦੀ ਤੋਲਣ ਵਾਲੇ ਦੀ, ਕਦੇ ਚੈੱਕ ਦੇਣ ਵਾਲੇ ਦੀ ਅਤੇ ਕਦੇ ਕੈਸ਼ ਕਰਨ ਵਾਲੇ ਦੀ। ਖੇਤਾਂ ਦਾ ਰਾਜਾ ਗੁਲਾਮ ਬਣ ਕੇ ਰਹਿ ਗਿਆ, ਉਹ ਫਿਰ ਵੀ ਸਭ ਕੁਝ ਝੱਲੀ ਜਾਂਦਾ ਸੀ, ਪਰ ਨਵੇਂ ਪਾਸ ਕੀਤੇ ਬਿੱਲ ਤਾਂ ਉਸ ਨੂੰ ਮੌਜੂਦਾ ਸਥਿਤੀ ਤੋਂ ਵੀ ਬਦਤਰ ਸਥਿਤੀ ਵੱਲ ਨੂੰ ਤੋਰਨ ਲਈ ਤਿਆਰ ਹਨ।

ਬੇਚਾਰਾ ਜੱਟ! ਸੱਚੇ ਪਾਤਸ਼ਾਹ ਵੀ ਉਸ ਨਾਲ ਖੇਡਾਂ ਖੇਡੀ ਜਾਂਦੇ ਅਤੇ ਦੇਸ਼ ਦਾ ਰਖਵਾਲਾ ਵੀ ਉਸ ਦੀ ਫਸਲ ਨਾਲ ਨਿਆਂ ਨਹੀਂ ਕਰਦਾ!

# ਬਾਹਰੀ ਪ੍ਰਧਾਨਗੀ ਤੋਂ ਪਹਿਲਾਂ ਘਰ-ਪਰਿਵਾਰ ਦਾ ਸਰਪੰਚ ਹੋਣਾ ਜਰੂਰੀ

ਘਰ-ਪਰਿਵਾਰ ਹਰ ਸਮਾਜ, ਕੌਮ ਅਤੇ ਦੇਸ਼ ਦੀ ਸਭ ਤੋਂ ਛੋਟੀ ਇਕਾਈ ਹੈ, ਇਸ ਕਰਕੇ ਇਹ ਮਨੁੱਖੀ ਜੀਵਨ ਦੀ ਸਭ ਤੋਂ ਅਹਿਮ ਕੜੀ ਹੈ। ਦੁਨੀਆਂ ਨੂੰ ਸਵਰਗ ਬਣਾਉਣ ਲਈ ਸਭ ਤੋਂ ਪਹਿਲਾਂ ਘਰ ਅਤੇ ਪਰਿਵਾਰ ਨੂੰ ਸਵਰਗ ਬਣਾਉਣਾ ਜਰੂਰੀ ਹੈ। ਸੁਖੀ ਉਸੇ ਘਰ ਜਾਂ ਪਰਿਵਾਰ ਨੂੰ ਮੰਨਿਆ ਜਾ ਸਕਦਾ ਹੈ, ਜਿਸ ਦੇ ਸਾਰੇ ਜੀਅ ਇੱਕ ਦੂਸਰੇ ਤੋਂ ਖੁਸ਼ ਅਤੇ ਸੰਤੁਸ਼ਟ ਹੋਣ। ਸੁਚੇਤ, ਸਿਹਤਮੰਦ ਅਤੇ ਸੁਖੀ ਘਰ-ਪਰਿਵਾਰ ਹੀ ਸ਼ਕਤੀਸ਼ਾਲੀ



**ਸੁਖਵੀਰ ਸਿੰਘ ਕੰਗ**
ਕੋਟਲਾ ਸ਼ਮਸ਼ਪੁਰ, ਲੁਧਿਆਣਾ
ਫੋਨ: 91-85678-72291

ਸਮਾਜ ਦੀ ਨੀਂਹ ਹੁੰਦੇ ਹਨ। ਕੁਝ ਲੋਕਾਂ ਦੇ ਸਮੂਹ ਦੇ ਇੱਟਾਂ, ਮਿੱਟੀ, ਸੀਮਿੰਟ, ਕੰਕਰੀਟ, ਲੱਕੜ, ਮਾਰਬਲ, ਲੋਹੇ ਜਾਂ ਸ਼ੀਸ਼ੇ ਅਤੇ ਹੋਰ ਕਈ ਤਰ੍ਹਾਂ ਦੀਆਂ ਮੀਨਾਕਾਰੀਆਂ ਨਾਲ ਸ਼ਿੰਗਾਰੇ ਸੁੰਦਰ ਤੇ ਆਰਾਮਦੇਹ ਢਾਂਚੇ ਵਿਚ ਇੱਕ ਥਾਂ ਇਕੱਠੇ ਰਹਿਣ ਨੂੰ ਹੀ ਘਰ ਜਾਂ ਪਰਿਵਾਰ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਤਾਂ ਇੱਕ ਦੂਸਰੇ ਨਾਲ ਸਿੱਧਾ ਖੂਨ ਦਾ, ਰੂਹਾਨੀ, ਵਫਾਦਾਰ, ਇਮਾਨਦਾਰ ਤੇ ਅਟੁੱਟ ਰਿਸ਼ਤਾ ਰੱਖਣ ਵਾਲੇ ਅਤੇ ਆਪਸ ਵਿਚ ਕਦਰ, ਫਿਕਰ, ਆਦਰ, ਜ਼ਿੰਮੇਵਾਰੀ ਤੇ ਜੁਆਬਦੇਹੀ ਵਾਲਾ ਵਤੀਰਾ ਰੱਖਣ ਵਾਲੇ ਸਾਥੀਆਂ ਦੇ ਸੁਮੇਲ ਨੂੰ ਕਿਹਾ ਜਾ ਸਕਦਾ ਹੈ। ਉਹ ਭਾਵੇਂ ਕਿਸੇ ਢਾਰੇ, ਕੁੱਲੀ ਜਾਂ ਛੱਪਰੀ ਵਿਚ ਹੀ ਕਿਉਂ ਨਾ ਰਹਿ ਰਹੇ ਹੋਣ।

ਘਰ-ਪਰਿਵਾਰ ਦਾ ਆਧਾਰ ਪਿਆਰ, ਭਰੋਸਾ, ਸੱਚਾਈ, ਤਸੱਲੀ ਅਤੇ ਇੱਕਸੁਰਤਾ ਹੁੰਦਾ ਹੈ, ਜਿਸ ਵਿਚੋਂ ਉਪਜੀ ਸਹਿਯੋਗ ਅਤੇ ਵਿਸ਼ਵਾਸ ਦੀ ਸੁਰ-ਤਾਲ ਨਾਲ ਹਮੇਸ਼ਾ ਖੁਸ਼ੀ ਦਾ ਸੰਗੀਤ ਗੂੰਜਦਾ ਰਹਿੰਦਾ ਹੈ, ਜਦੋਂਕਿ ਦਿਖਾਵਾ, ਚਮਕ-ਦਮਕ, ਕਬਜ਼ਾ, ਚੌਧਰ, ਝੂਠ, ਫਰੇਬ ਅਤੇ ਮਨਮਰਜੀ ਨਾਲ ਕੋਈ ਧਾਂਕ ਤਾਂ ਜਮਾ ਕੇ ਰੱਖ ਸਕਦਾ ਹੈ, ਪਰ ਘਰ ਅਤੇ ਸਮਾਜ ਦਾ ਹਰਮਨ-ਪਿਆਰਾ ਨਹੀਂ ਬਣ ਸਕਦਾ। ਇੱਕ ਸੁਖੀ ਤੇ ਸੰਪੰਨ ਘਰ-ਪਰਿਵਾਰ ਦਾ ਸੁਹੇਲਾ ਜੀਵਨ ਸਦਾ ਅਮੀਰੀ ਜਾਂ ਉੱਚ ਅਹੁਦਿਆਂ ਦਾ ਮੁਹਤਾਜ ਨਹੀਂ ਹੁੰਦਾ। ਇੱਕ ਅਮੀਰ, ਉੱਚ ਅਹੁਦਿਆਂ ਵਾਲਾ ਅਤੇ ਸਾਧਨਾਂ ਨਾਲ ਭਰਿਆ ਘਰ-ਪਰਿਵਾਰ ਪ੍ਰੇਸ਼ਾਨ ਹੋ ਸਕਦਾ ਹੈ, ਇਸ ਦੇ ਉਲਟ ਇਕ ਸਧਾਰਨ ਅਤੇ ਸੀਮਤ ਸਾਧਨਾਂ ਵਾਲਾ ਘਰ-ਪਰਿਵਾਰ ਸੁਖੀ ਹੋ ਸਕਦਾ ਹੈ। ਇਹ ਸਭ ਸੰਤੁਸ਼ਟੀ ਦੇ ਪੱਧਰ ਦੀ ਖੇਡ ਹੈ। ਘਰ-ਪਰਿਵਾਰ ਦਾ ਮਾਹੌਲ ਸੁਖਾਵਾਂ ਬਣਾਈ ਰੱਖਣ ਲਈ ਇਸ ਦੇ ਹਰ ਮੈਂਬਰ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ ਅਤੇ ਵਫਾਦਾਰੀਆਂ ਪ੍ਰਤੀ ਜੁਆਬ-ਦੇਹ ਰਹਿਣਾ ਜਰੂਰੀ ਹੁੰਦਾ ਹੈ।

ਹਰ ਘਰ-ਪਰਿਵਾਰ ਦੇ ਮੁਖੀ ਨੂੰ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਅਤੇ ਖੁਸ਼ੀ ਨਾਲ ਅਗਵਾਈ ਦੇ ਅਧਿਕਾਰ ਮਿਲੇ ਹੋਣੇ ਚਾਹੀਦੇ ਹਨ। ਇਹ ਤਾਂ ਸੰਭਵ ਹੋ ਸਕੇਗਾ, ਜਦੋਂ ਉਹ ਘਰ-ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਚੱਲੇਗਾ ਅਤੇ ਉਨ੍ਹਾਂ ਦੀ ਭਲਾਈ ਲਈ ਸੱਚੇ ਦਿਲੋਂ ਯਤਨਸ਼ੀਲ ਹੋਵੇਗਾ। ਪਰਿਵਾਰ ਦੇ ਸਭ ਜੀਆਂ ਨੂੰ ਆਪਣੇ ਕਾਰਜਾਂ ਅਤੇ ਵਰਤਾਓ ਨੂੰ ਇਸ ਹੱਦ ਤੱਕ ਨਿਖਾਰ ਕੇ ਰੱਖਣਾ ਚਾਹੀਦਾ ਹੈ ਕਿ ਉਹ ਸਭ ਇੱਕ ਦੂਸਰੇ ਉੱਪਰ ਮਾਣ ਮਹਿਸੂਸ ਕਰ ਸਕਣ। ਇਹ ਵੀ ਤਾਂ ਹੀ ਹੋ ਸਕੇਗਾ, ਜੇ ਸਾਰੇ ਆਪਣਾ ਆਪਣਾ ਬਣਦਾ ਕਿਰਦਾਰ ਇਮਾਨਦਾਰੀ ਨਾਲ ਨਿਭਾਉਣ। ਜਿਸ ਤਰ੍ਹਾਂ ਸੁਰ ਅਤੇ ਤਾਲ ਦੇ ਸਹੀ ਮੇਲ ਨਾਲ ਮਿੱਠਾ ਸੰਗੀਤ ਉਪਜਦਾ ਹੈ, ਬਿਲਕੁਲ ਉਸੇ ਤਰ੍ਹਾਂ ਘਰ ਦੇ ਸਭ ਜੀਆਂ ਦੇ ਅਧਿਕਾਰਾਂ ਅਤੇ ਫਰਜ਼ਾਂ ਦੇ ਸੰਤੁਲਨ ਨਾਲ ਪੱਕੇ ਰਿਸ਼ਤੇ ਸਿਰਜੇ ਜਾਂਦੇ ਹਨ। ਇਹ ਤਾਂ ਹੋ ਸਕੇਗਾ, ਜੇ ਸਭ ਜੀਅ ਇੱਕ-ਦੂਜੇ ਦੇ ਅਧਿਕਾਰਾਂ ਅਤੇ ਫਰਜ਼ਾਂ ਦਾ ਬਣਦਾ ਸਨਮਾਨ ਕਰਨਗੇ। ਇੱਕ ਦੂਜੇ ਦੇ ਸਾਹ ਵਿਚ ਸਾਹ ਲੈਂਦਿਆਂ ਮਾਪੇ, ਭੈਣ-ਭਰਾ, ਪਤੀ-ਪਤਨੀ ਅਤੇ ਬੱਚੇ ਪਰਸਪਰ ਤੌਰ 'ਤੇ ਆਪਸੀ ਰਿਸ਼ਤੇ 'ਤੇ ਮਾਣ ਅਤੇ ਤਸੱਲੀ ਮਹਿਸੂਸ ਕਰਦੇ ਹੋਣੇ ਚਾਹੀਦੇ ਹਨ। ਕਿਸੇ ਇੱਕ ਦੇ ਕੰਡਾ ਲੱਗੇ ਤਾਂ ਸਾਰੇ ਤੜਫ ਜਾਣ। ਕਿਸੇ ਇੱਕ ਨੂੰ ਦੁੱਖ ਜਾਂ ਭੀੜ ਪੈ ਜਾਣ 'ਤੇ ਦੂਜੇ ਦੀ ਹਾਜਰੀ ਬੇਫਿਕਰੀ ਦਾ ਅਹਿਸਾਸ ਦੇਣ ਵਾਲੀ ਹੋਵੇ।

ਘਰ ਅਤੇ ਪਰਿਵਾਰ ਜਿੱਥੇ ਸਮਾਜ ਦਾ ਮੁਢਲਾ ਖਾਕਾ ਹੁੰਦਾ ਹੈ, ਉੱਥੇ ਮਨੁੱਖ ਦੇ ਵਿਅਕਤੀਗਤ ਜੀਵਨ ਨੂੰ ਵੀ ਮੁੱਖ ਢਾਂਚਾ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਖੇਤਰ ਦੀ ਬੌਧਿਕ ਸਮਰੱਥਾ, ਸਮਾਜਿਕ ਬਣਤਰ ਤੇ ਜੀਵਨ ਪੱਧਰ ਦੀ ਸਿਰਜਣਾ ਦਾ ਆਧਾਰ ਹੈ। ਘਰ-ਪਰਿਵਾਰ ਸਾਡੇ ਨਿੱਜੀ ਜੀਵਨ ਦਾ ਮੁੱਖ ਕਾਰਕ ਅਤੇ ਨਿਰਧਾਰਕ ਹੋਣ ਕਰਕੇ ਸਾਡੀ ਬੁੱਧੀ ਤੇ ਵਿਚਾਰਾਂ ਦਾ ਸਿਰਜਕ ਹੁੰਦਾ ਹੈ। ਇਹ ਸਾਡੇ ਆਰਥਿਕ ਤੇ ਸਮਾਜਿਕ ਆਧਾਰ ਦੀ ਨੀਂਹ ਅਤੇ ਪਛਾਣ ਦਾ ਅਕਸ ਤੇ ਪ੍ਰਛਾਵਾਂ ਹੁੰਦਾ ਹੈ। ਇਹ ਹੀ ਸਾਡੇ ਭਵਿੱਖ ਦੀ ਆਸ ਤੇ ਉਮੀਦ ਹੁੰਦਾ ਹੈ। ਇਸ ਕਰਕੇ ਸਾਨੂੰ ਆਪਣੀ ਹਰ ਗਤੀਵਿਧੀ, ਕਾਰਜ ਅਤੇ ਮਕਸਦ ਲਈ ਅੱਗੇ ਵਧਦਿਆਂ ਘਰ-ਪਰਿਵਾਰ ਨੂੰ ਕੇਂਦਰ ਵਿਚ ਰੱਖ ਕੇ ਫੈਸਲੇ ਲੈਣੇ ਚਾਹੀਦੇ ਹਨ।

ਸਾਨੂੰ ਉਹ ਰਸਤਾ ਹੀ ਅਖਤਿਆਰ ਕਰਨਾ ਚਾਹੀਦਾ ਹੈ, ਜਿਸ ਨਾਲ ਪਰਿਵਾਰ ਦੀ ਸਾਖ, ਭਵਿੱਖ ਅਤੇ ਸੁਰੱਖਿਆ ਨੂੰ ਹਾਨੀ ਨਾ ਪਹੁੰਚੇ। ਜੇ ਸਾਡੇ ਕਿਸੇ ਕੰਮ ਨਾਲ ਇਨ੍ਹਾਂ ਨੂੰ ਠੇਸ ਪਹੁੰਚਦੀ ਹੈ ਤਾਂ ਉਸ ਤੋਂ ਤੌਬਾ ਕਰ ਕੇ ਹੋਏ ਨੁਕਸਾਨ ਦੀ ਪੂਰਤੀ ਅਤੇ ਭਰਪਾਈ ਕਰਨ ਲਈ ਕੋਸ਼ਿਸ਼ ਕਰਨਾ ਆਪਣਾ ਮੁਢਲਾ ਫਰਜ਼ ਸਮਝਣਾ ਚਾਹੀਦਾ ਹੈ। ਆਪਣੇ ਵਡੇਰਿਆਂ ਅਤੇ ਬਜੁਰਗਾਂ ਦੇ ਕੀਤੇ ਸ਼ੁਭ



ਕਾਰਜਾਂ ਨੂੰ ਆਪਣੇ ਜੀਵਨ ਵਿਚ ਸੰਜੋਅ ਕੇ ਰੱਖਣਾ ਚਾਹੀਦਾ ਹੈ। ਆਪਣੇ ਖਾਨਦਾਨ ਅਤੇ ਘਰਾਣੇ ਦੇ ਪਾਏ ਸਮਾਜਿਕ, ਨੈਤਿਕ ਤੇ ਧਾਰਮਿਕ ਤੌਰ 'ਤੇ ਪਾਏ ਸ਼ੁਭ ਅਤੇ ਸਕਾਰਾਤਮਕ ਪੂਰਨਿਆਂ ਵਾਲੀਆਂ ਯਾਦਗਾਰਾਂ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਆਪਣੇ ਘਰੇਲੂ ਅਤੇ ਪਰਿਵਾਰਕ ਅਕਸ ਨੂੰ ਨਿਖਾਰ ਕੇ ਵਿਰਸੇ ਨੂੰ ਹੋਰ ਸੰਵਾਰਨ ਅਤੇ ਲਿਸ਼ਕਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਹਰ ਇਨਸਾਨ ਨੂੰ ਆਪਣੀ ਘਰੇਲੂ ਅਤੇ ਬਾਹਰ ਦੀ ਜ਼ਿੰਦਗੀ ਵਿਚ ਇੱਕ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਭੂਮਿਕਾਵਾਂ ਦਾ ਇੱਕ-ਦੂਜੇ 'ਤੇ ਪ੍ਰਭਾਵ ਜਾਂ ਪ੍ਰਛਾਵਾਂ ਬੇਸ਼ਕ ਹੋਵੇ, ਪਰ ਦਖਲਅੰਦਾਜ਼ੀ ਜਾਂ ਵਿਘਨ ਹਰਗਿਜ਼ ਨਹੀਂ ਹੋਣਾ ਚਾਹੀਦਾ। ਜਿਸ ਤਰ੍ਹਾਂ ਗੁਰਬਾਣੀ ਵੀ ਸਾਨੂੰ ਬਾਹਰ ਦੀ ਦੁਨੀਆਂ ਦੇ ਗੁਣ ਤੇ ਔਗੁਣ ਪਰਖਣ ਤੋਂ ਪਹਿਲਾਂ ਆਪਣੇ ਅੰਦਰ ਨੂੰ ਫਰੋਲਣ ਲਈ ਸੁਚੇਤ ਕਰਦੀ ਹੈ ਅਤੇ ਰੱਬ ਨੂੰ ਆਪਣੇ ਅੰਦਰੋਂ ਲੱਭਣ ਦਾ ਰਾਹ ਵਿਖਾਉਂਦੀ ਹੈ, ਉਸੇ ਤਰ੍ਹਾਂ ਜੇ ਅਸੀਂ ਘਰ ਅੰਦਰ ਦੇ ਆਪਣੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਤਲਾਸ਼ ਲਈਏ ਤਾਂ ਸਾਨੂੰ ਬਹੁਤ ਸਾਰੀਆਂ ਖੁਸ਼ੀਆਂ ਆਪਣੇ ਘਰ ਅੰਦਰੋਂ ਮਿਲ ਸਕਦੀਆਂ ਹਨ।

ਜੇ ਘਰ-ਪਰਿਵਾਰ ਅੰਦਰ ਖੁਸ਼ੀਆਂ ਪੈਦਾ ਕਰ ਲਈਆਂ ਜਾਣ ਤਾਂ ਬਾਹਰੀ ਹਉਮੈ, ਚੌਧਰ ਅਤੇ ਹੈਂਕੜ ਦੀ ਭੁੱਖ ਹੀ ਨਹੀਂ ਰਹਿੰਦੀ। ਘਰ ਤੋਂ ਬਾਹਰ ਦੀ ਚੌਧਰ ਸਾਡੀ ਹਉਮੈ ਦੀ ਭੁੱਖ ਤਾਂ ਮਿਟਾ ਸਕਦੀ ਹੈ, ਪਰ ਘਰ ਤੇ ਪਰਿਵਾਰ ਤੋਂ ਮਿਲਣ ਵਾਲੇ ਸੁੱਖ ਵਾਂਗ ਤ੍ਰਿਪਤੀ ਨਹੀਂ ਦੇ ਸਕਦੀ। ਸਾਡੀ ਬਾਹਰ ਦੀ ਸਰਪੰਚੀ ਵੀ ਤਾਂ ਹੀ ਸੋਂਹਦੀ ਹੈ, ਜੇ ਪਹਿਲਾਂ ਘਰ-ਪਰਿਵਾਰ ਦੇ ਜੀਆਂ ਦੀਆਂ ਸਾਰੀਆਂ ਵੋਟਾਂ ਸਾਡੇ ਹੱਕ ਵਿਚ ਹੋਣ ਅਤੇ ਅਸੀਂ ਹਰਮਨ-ਪਿਆਰੇ ਸਾਥੀ ਅਤੇ ਸਰਵ-ਪ੍ਰਵਾਨਿਤ ਮੁਖੀ ਬਣਨ ਵਿਚ ਸਫਲ ਹੋ ਗਏ ਹੋਈਏ। ਘਰ ਉਹ ਹੀ ਅੱਗੇ ਵਧ ਸਕਦੇ ਹਨ, ਜਿਨ੍ਹਾਂ ਦੇ ਲਾਣੇਦਾਰ ਚੰਗੇ ਹੋਣ। ਬਾਹਰੀ ਗਿਆਨ ਅਤੇ ਦਖਲਅੰਦਾਜ਼ੀ ਤੋਂ ਪਹਿਲਾਂ ਇਹ ਘਰੇਲੂ ਲਾਣੇਦਾਰੀ ਦੇ ਗੁਰ ਸਿੱਖਣੇ ਬਹੁਤ ਜਰੂਰੀ ਹਨ।

ਇੰਜ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਵਿਚਾਰ, ਖੁਸ਼ੀ ਅਤੇ ਜ਼ਿੰਦਗੀ ਦਾ ਮੁੱਖ ਆਧਾਰ ਹੋਣ ਕਾਰਨ ਸਾਨੂੰ ਬਹੁ-ਸੰਮਤੀ ਨਾਲ ਨਹੀਂ, ਸਗੋਂ ਸਰਬ-ਸੰਮਤੀ ਨਾਲ ਘਰ-ਪਰਿਵਾਰ ਦਾ ਸਰਪੰਚ ਹੋਣਾ ਚਾਹੀਦਾ ਹੈ। ਅਸੀਂ ਕਮਾਈ ਚਾਹੇ ਚਾਰ ਪੈਸੇ ਘੱਟ ਕਰ ਲਈਏ ਜਾਂ ਘਰ-ਪਰਿਵਾਰ ਨੂੰ ਸਾਧਨ ਜੁਟਾਉਣ ਵਿਚ ਚਾਹੇ ਖੁੰਝ ਜਾਈਏ, ਪਰ ਸਾਰੇ ਜੀਆਂ ਨੂੰ ਆਪਸ ਵਿਚ ਬੰਨ੍ਹ ਕੇ ਰੱਖਣ ਵਿਚ ਪੂਰਾ ਜੋਰ ਲਾ ਕੇ ਰੱਖਣਾ ਚਾਹੀਦਾ ਹੈ। ਅਸੀਂ ਪਿੰਡ ਦੀ ਸਰਪੰਚੀ ਤੋਂ ਚਾਹੇ ਖੁੰਝ ਜਾਈਏ, ਪਰ ਘਰ-ਪਰਿਵਾਰ ਪ੍ਰਤੀ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਪਿੱਠ ਕਦੇ ਨਹੀਂ ਦਿਖਾਉਣੀ ਚਾਹੀਦੀ।

# ਨਵਉਦਾਰਵਾਦ ਖਿਲਾਫ ਡਟੇ ਬਿਨਾਂ ਤਬਦੀਲੀ ਸੰਭਵ ਨਹੀਂ




***ਕਮਿਊਨਿਸਟ ਆਗੂ ਕੋਬਾਡ ਗਾਂਧੀ 2009 ਵਿਚ ਆਪਣੀ ਗ੍ਰਿਫਤਾਰੀ ਤੋਂ ਬਾਅਦ ਇਕ ਵਾਰ ਫਿਰ ਚਰਚਾ ਵਿਚ ਹਨ। ਉਨ੍ਹਾਂ ਨੂੰ ਦਿੱਲੀ, ਆਂਧਰਾ ਪ੍ਰਦੇਸ਼, ਪੰਜਾਬ ਅਤੇ ਮੁਲਕ ਦੀਆਂ ਕਈ ਹੋਰ ਜੇਲ੍ਹਾਂ ਵਿਚ ਦਸ ਸਾਲ ਜੇਲ੍ਹ ਕੱਟਣੀ ਪਈ। ਹਾਲ ਹੀ ਵਿਚ ਉਨ੍ਹਾਂ ਦੀ ਅੰਗਰਜ਼ੀ ਵਿਚ ਲਿਖੀ ਕਿਤਾਬ 'ਫਰੈਕਚਰਡ ਫਰੀਡਮ: ਏ ਪ੍ਰਿਜ਼ਨ ਮੈਮਾਇਰ' ਛਪੀ ਹੈ ਜਿਸ ਵਿਚ ਉਨ੍ਹਾਂ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ਸਿਲਸਿਲੇਵਾਰ ਬਿਆਨ ਕੀਤਾ ਹੈ। ਆਮ ਲੋਕਾਂ ਵਿਚ ਆਪਣੀ ਸਰਗਰਮੀ ਮੌਕੇ ਉਨ੍ਹਾਂ ਦੀ ਦਲੇਰ ਜੀਵਨ ਸਾਥਣ ਅਨੁਰਾਧਾ ਨੇ ਵੀ ਬਰਾਬਰ ਸਾਥ ਦਿੱਤਾ। ਬੇਹੱਦ ਜ਼ਹੀਨ ਬੁੱਧੀਜੀਵੀ ਅਨੁਰਾਧਾ ਗਾਂਧੀ ਆਦਿਵਾਸੀਆਂ ਵਿਚ ਕੰਮ ਕਰਦਿਆਂ ਦਿਮਾਗੀ ਮਲੇਰੀਆ ਦੀ ਲਪੇਟ ਵਿਚ ਆਉਣ ਕਾਰਨ 12 ਅਪਰੈਲ 2008 ਨੂੰ ਇਸ ਦੁਨੀਆ ਤੋਂ ਰੁਖਸਤ ਹੋ ਗਈ ਸੀ। ਪੱਤਰਕਾਰ ਅਤੇ ਕਾਨੂੰਨ ਦੀ ਵਿਦਿਆਰਥਣ ਸਬਾ ਗੁਰਮਤ ਨੇ ਕਿਤਾਬ ਅਤੇ ਵੱਖ-ਵੱਖ ਮੁੱਦਿਆਂ ਬਾਰੇ ਕੋਬਾਡ ਗਾਂਧੀ ਨਾਲ ਗੱਲਬਾਤ ਕੀਤੀ ਜੋ 'ਕਾਰਵਾਂ' ਮੈਗਜ਼ੀਨ ਦੇ ਧੰਨਵਾਦ ਸਹਿਤ ਅਸੀਂ ਆਪਣੇ ਸੁਘੜ ਪਾਠਕਾਂ ਲਈ ਛਾਪ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

## ਮੁਲਾਕਾਤ

**ਸਬਾ ਗੁਰਮਤ**
**ਅਨੁਵਾਦ: ਬੂਟਾ ਸਿੰਘ**

**ਸਬਾ ਗੁਰਮਤ:** ਆਪਣੀ ਕਿਤਾਬ 'ਚ ਜਨਸ਼ਕਤੀ ਦੇ ਗਠਨ (1990ਵਿਆਂ ਵਿਚ ਕਈ ਕਮਿਊਨਿਸਟ ਜਥੇਬੰਦੀਆਂ ਦੇ ਰਲੇਵੇਂ ਨਾਲ ਹੋਂਦ ਵਿਚ ਆਏ ਮਾਰਕਸਵਾਦੀ-ਲੈਨਿਨਵਾਦੀ ਜਨਸ਼ਕਤੀ ਧੜੇ) ਬਾਰੇ ਚਰਚਾ ਕਰਦੇ ਹੋਏ ਤੁਸੀਂ ਦੱਸਦੇ ਹੋ ਕਿ ਉਨ੍ਹਾਂ ਦਿਨਾਂ 'ਚ ਜ਼ਿਆਦਾਤਰ ਕਮਿਊਨਿਸਟਾਂ ਲਈ ਜਾਤੀ ਕਿੰਨੀ 'ਤ੍ਰਿਸਕਾਰ ਵਾਲੀ' ਚੀਜ਼ ਸੀ। ਤੁਸੀਂ ਦੱਸਦੇ ਹੋ ਕਿ ਦਲਿਤ ਪੈਂਥਰਜ਼ ਦੀ ਹਮਾਇਤ ਕਰਨ ਨੂੰ ਲੈ ਕੇ ਕਮਿਊਨਿਸਟ ਹਲਕਿਆਂ ਅਤੇ ਜਨਸ਼ਕਤੀ ਦੇ ਆਗੂਆਂ ਵਿਚ ਟਕਰਾਓ ਸੀ। ਤੁਸੀਂ ਇਸ ਉਪਰ ਲੇਖ ਵੀ ਲਿਖਿਆ ਲੇਕਿਨ ਉਹ ਗੁੰਮ ਕਰ ਦਿੱਤਾ ਗਿਆ। ਕੀ ਤੁਸੀਂ ਉਨ੍ਹਾਂ ਹਾਲਾਤ ਬਾਰੇ ਥੋੜ੍ਹਾ ਹੋਰ ਦੱਸ ਸਕਦੇ ਹੋ? ਅੱਜ ਵੀ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਜ਼ਿਆਦਾਤਰ ਬ੍ਰਾਹਮਣਾਂ ਦੇ ਹੱਥਾਂ 'ਚ ਹੈ ਅਤੇ ਜਾਤੀ ਬਾਰੇ ਮੁੱਦੇ ਚੁੱਕਣ ਵਿਚ ਇਹ ਪਾਰਟੀਆਂ ਝਿਜਕਦੀਆਂ ਹਨ। ਕੀ ਤੁਸੀਂ ਉਨ੍ਹਾਂ ਦੇ ਨਜ਼ਰੀਏ 'ਚ ਕੋਈ ਤਬਦੀਲੀ ਦੇਖਦੇ ਹੋ?

**ਕੋਬਾਡ ਗਾਂਧੀ:** ਚਾਹੇ ਉਹ ਜਨਸ਼ਕਤੀ ਧੜਾ ਰਿਹਾ ਹੋਵੇ ਜਾਂ ਕੁਝ ਮਾਰਕਸਵਾਦੀ-ਲੈਨਿਨਵਾਦੀ ਮੁਹਾਜ਼, ਮੈਨੂੰ ਲੱਗਦਾ ਹੈ ਕਿ ਜਾਤੀ ਦੇ ਸਵਾਲ ਨੂੰ ਨਜ਼ਰਅੰਦਾਜ਼ ਕਰਨਾ ਸਿਧਾਂਤਕ ਪੱਧਰ ਦੇ ਮੁਕਾਬਲੇ ਵਿਹਾਰਕ ਪੱਧਰ ਉਪਰ ਵਧੇਰੇ ਸੀ। ਮੈਂ ਪੈਂਥਰਜ਼ ਦੇ ਆਗੂਆਂ ਨੂੰ ਜਾਣਦਾ ਸੀ ਅਤੇ ਮੈਂ ਵੀ ਜ਼ਮੀਨੀ ਪੱਧਰ 'ਤੇ ਕੰਮ ਕਰ ਰਿਹਾ ਸੀ। ਅਸੀਂ ਵੌਰਲੀ (ਮੁੰਬਈ) 'ਚ ਮਾਇਆਨਗਰ 'ਚ ਸੀ ਜਿੱਥੇ ਸ਼ਿਵ ਸੈਨਾ ਨਾਲ ਸੰਘਰਸ਼ ਲੜਿਆ ਗਿਆ ਸੀ। ਇਸ ਲਈ ਮੈਂ ਸਿਧਾਰਥ ਵਿਹਾਰ ਕਾਲਜ ਦੇ ਹੋਸਟਲ 'ਚ (ਦਲਿਤ ਪੈਂਥਰਜ਼ ਦੇ) ਆਗੂਆਂ ਨੂੰ ਮਿਲਿਆ। ਮੈਂ ਇਸ ਮੁੱਦੇ ਦਾ ਅਧਿਐਨ ਕੀਤਾ ਅਤੇ ਕਈ ਕਮਿਊਨਿਸਟਾਂ ਨਾਲ ਇਸ ਉਪਰ ਗੱਲਬਾਤ ਵੀ ਕੀਤੀ। ਉਸ ਵਕਤ ਅਸਲ 'ਚ ਕੁਝ ਕੁ ਨੇ ਇਹ ਵੀ ਕਿਹਾ, "ਸ਼ਿਵ ਸੈਨਾ ਵਾਲੇ ਲੁੰਪਨ ਹਨ, ਮਰਾਠਾ-ਮਰਾਠਾ ਕਰਨ ਵਾਲੇ ਲੁੰਪਨ ਅਤੇ ਇਸੇ ਤਰ੍ਹਾਂ ਇਹ ਦਲਿਤ-ਦਲਿਤ ਕਰਨ ਵਾਲੇ ਲੁੰਪਨ ਹਨ।" ਲੇਕਿਨ ਮੈਂ ਉਵੇਂ ਵੀ ਜ਼ਮੀਨੀਂ ਪੱਧਰ 'ਤੇ ਕੰਮ ਕਰ ਰਿਹਾ ਸੀ ਅਤੇ ਮੈਨੂੰ ਯਕੀਨ ਸੀ ਕਿ ਜਾਤੀ ਦਾਬਾ ਬਹੁਤ ਜ਼ਿਆਦਾ ਸੀ। ਇਸ ਲਈ ਜਦ ਮੈਂ ਦੇਖਿਆ ਕਿ ਅਸੀਂ ਜਿਨ੍ਹਾਂ ਐਮ.ਐਲ. ਹਲਕਿਆਂ ਜਾਂ ਸਮੂਹਾਂ ਦੇ ਸੰਪਰਕ ਵਿਚ ਸੀ, ਉਥੇ ਕੋਈ ਪ੍ਰਤੀਕਰਮ ਨਹੀਂ ਆ ਰਿਹਾ ਸੀ ਤਾਂ ਮੈਂ ਲਿਖਣਾ ਸ਼ੁਰੂ ਕੀਤਾ ਅਤੇ ਅਨੁਰਾਧਾ ਨੇ ਵੀ ਇਹੀ ਕੀਤਾ। ਅਸੀਂ ਦੋਨਾਂ ਨੇ ਮਿਲ ਕੇ ਫਰੰਟੀਅਰ ਪ੍ਰਕਾਸ਼ਨ 'ਚ ਲਿਖਿਆ: "ਜਾਤੀ ਦੇ ਸਵਾਲ ਉਪਰ ਮਾਰਕਸਵਾਦੀ ਨਜ਼ਰੀਏ ਵੱਲ ਧਿਆਨ ਦਿੱਤਾ ਜਾਣਾ ਕਿਉਂ ਜ਼ਰੂਰੀ ਹੈ।" ਮੈਨੂੰ ਲੱਗਦਾ ਹੈ ਕਿ ਇਹ ਲੇਖ 1978 ਵਿਚ ਆਇਆ ਸੀ। ਇਸੇ ਤਰ੍ਹਾਂ ਮਰਾਠੀ ਪ੍ਰਕਾਸ਼ਨ ਸੱਤਿਆਸ਼ੋਧਕ ਮਾਰਕਸਵਾਦ ਵਿਚ ਲੰਮਾ ਲੇਖ ਛਪਿਆ।

ਉਸ ਵਕਤ ਮਹਾਰਾਸ਼ਟਰ 'ਚ ਕਾਫੀ ਮੰਥਨ ਚੱਲ ਰਿਹਾ ਸੀ। ਅੰਬੇਡਕਰ ਦੀ ਕਿਤਾਬ 'ਹਿੰਦੂਵਾਦ ਦੀਆਂ ਪਹੇਲੀਆਂ' ਨੂੰ ਲੈ ਕੇ ਵਾਦ-ਵਿਵਾਦ ਚੱਲ ਰਿਹਾ ਸੀ ਅਤੇ ਨਾਮ ਬਦਲਣ ਲਈ ਅੰਦੋਲਨ ਵੀ ਹੋ ਰਿਹਾ ਸੀ। ਇਹ ਮਰਾਠਵਾੜਾ ਯੂਨੀਵਰਸਿਟੀ ਦਾ ਨਾਮ ਬਦਲ ਕੇ ਬੀ.ਆਰ. ਅੰਬੇਡਕਰ ਦੇ ਨਾਮ 'ਤੇ ਰੱਖੇ ਜਾਣ ਵਾਲਾ ਅੰਦੋਲਨ ਸੀ। ਇਸ ਲਈ ਉਨ੍ਹਾਂ ਮਾਰਕਸਵਾਦੀਆਂ ਨੇ ਵੀ ਜਾਤੀ ਵੱਲ ਮੁਹਾਣ ਨਹੀਂ ਮੋੜਿਆ ਕਿਉਂਕਿ ਹਕੀਕਤ 'ਚ ਉਥੇ ਦਲਿਤ ਅਗਵਾਈ ਵਾਲੇ ਅੰਦੋਲਨ ਵਿਆਪਕ ਸਨ। ਮੁਲਕ ਦੇ ਬਾਕੀ ਹਿੱਸਿਆਂ 'ਚ ਕੀ ਹਾਲਤ ਸੀ, ਮੈਂ ਨਹੀਂ ਜਾਣਦਾ ਸੀ। ਐਮ.ਐਲ. ਦੀ ਅਗਵਾਈ ਦਾ ਜ਼ਿਆਦਾਤਰ ਹਿੱਸਾ ਆਂਧਰਾ ਦੇ ਲੋਕਾਂ ਦਾ ਸੀ ਅਤੇ ਮੈਨੂੰ ਨਹੀਂ ਲੱਗਦਾ ਕਿ ਉਦੋਂ ਆਂਧਰਾ ਦੇ ਲੋਕਾਂ ਦਰਮਿਆਨ ਇਸ ਤਰ੍ਹਾਂ ਦਾ ਮੰਥਨ ਹੋਇਆ ਸੀ। ਮਸ਼ਹੂਰ ਇਨਕਲਾਬੀ ਕਵੀ ਗਦਰ ਦਲਿਤ ਸਨ ਅਤੇ ਜ਼ਿਆਦਾਤਰ ਮਸ਼ਹੂਰ ਗਾਇਕ ਤੇ ਸਭਿਆਚਾਰਕ ਮੰਡਲੀਆਂ ਵੀ ਐਸੀਆਂ ਹੀ ਸਨ: ਆਹਵਾਨ ਨਾਟਿਆ ਮੰਚ, ਵਿਲਾਸ ਘੋਗੜੇ, ਸੰਭਾਜੀ ਭਗਤ, ਕਬੀਰ ਕਲਾ ਮੰਚ, ਇਹ ਸਾਰੇ ਇਨਕਲਾਬੀ ਤੇ ਪ੍ਰਤਿਭਾਵਾਨ ਗਾਇਕ ਤੇ ਕਲਾਕਾਰ ਸਨ (ਜਿਨ੍ਹਾਂ ਨੇ) ਜਿਸ ਵੀ ਭਾਸ਼ਾ 'ਚ ਪੇਸ਼ਕਾਰੀਆਂ ਕੀਤੀਆਂ, ਦਰਸ਼ਕਾਂ ਦਾ ਮਨ ਮੋਹ ਲਿਆ। ਮੈਨੂੰ ਲੱਗਦਾ ਹੈ ਕਿ ਤੁਸੀਂ ਵਿਹਾਰਕ ਪੱਧਰ 'ਤੇ ਦੇਖੋ ਤਾਂ ਮੈਂ ਹੁਣ ਇਨ੍ਹਾਂ ਦਲੀਲਾਂ ਨੂੰ ਵੀ ਸੁਣਦਾ ਹਾਂ ਕਿ ਇਨ੍ਹਾਂ ਵਿਚੋਂ ਕੁਝ ਅਤਿਅੰਤ ਪ੍ਰਤਿਭਾਵਾਨ ਲੋਕ ਬਹੁਤ ਗਰੀਬ ਸਨ ਅਤੇ ਭਿਆਨਕ ਹਾਲਾਤ 'ਚ ਰਹਿੰਦੇ ਸਨ। ਇਸ ਲਈ ਸੁਭਾਵਿਕ ਤੌਰ 'ਤੇ ਮੈਨੂੰ ਲੱਗਦਾ ਹੈ ਕਿ ਉਹ ਆਪਣੀ ਹਾਲਤ 'ਚ ਤਬਦੀਲੀ ਦੇਖਣਾ ਚਾਹੁੰਦੇ ਸਨ ਜਿਸ ਨੂੰ ਉਹ ਕਮਿਊਨਿਸਟ ਅੰਦੋਲਨਾਂ ਦੇ ਅੰਦਰ ਨਹੀਂ ਦੇਖ ਸਕੇ। ਇਸ ਲਈ ਉਹ ਇਸ ਵਿਚੋਂ ਬਾਹਰ ਹੋ ਗਏ, ਇਉਂ ਵੀ ਹੋਇਆ ਹੈ।

ਇਕ ਪਾਸੇ ਖੱਬੇ ਪੱਖੀ ਲੋਕ ਆਪਣੇ ਏਜੰਡਿਆਂ 'ਚ ਜਾਤੀਵਾਦ ਨੂੰ ਨਹੀਂ ਲੈ ਰਹੇ ਸਨ, ਦੂਜੇ ਪਾਸੇ ਜੋ ਲੋਕ ਦਲਿਤਾਂ ਦਰਮਿਆਨ ਪਛਾਣ ਦੀ ਸਿਆਸਤ ਬਣਾ ਰਹੇ ਸਨ, ਉਹ ਕਹਿੰਦੇ ਰਹੇ ਕਿ ਸਾਰੇ ਖੱਬੇ ਪੱਖੀ ਬ੍ਰਾਹਮਣਵਾਦੀ ਹਨ। ਇਸ ਗੱਲ ਨੇ ਦਲਿਤ ਅਤੇ ਕਮਿਊਨਿਸਟ ਅੰਦੋਲਨਾਂ ਦਰਮਿਆਨ ਦੂਰੀ ਹੀ ਵਧਾਈ ਲੇਕਿਨ ਮੈਨੂੰ ਲੱਗਦਾ ਹੈ ਕਿ ਤਿੰਨ ਕਾਰਨ ਹੈ ਕਿ ਖੱਬੇ ਪੱਖੀ ਇਸ ਨੂੰ ਏਜੰਡੇ ਉਪਰ ਨਹੀਂ ਲੈ ਰਹੇ ਹਨ। ਪਹਿਲਾ ਤਾਂ ਇਹ ਕਿ ਭਾਰਤ ਦਾ ਖੱਬਾ ਪੱਖ ਬਹੁਤ ਜ਼ਿਆਦਾ ਲਕੀਰ ਦਾ ਫਕੀਰ ਹੈ। ਉਨ੍ਹਾਂ ਨੇ ਮਾਰਕਸਵਾਦ, ਮਾਓਵਾਦ ਜਾਂ ਇਸ ਨੂੰ ਜੋ ਵੀ ਮਰਜ਼ੀ ਨਾਮ ਦਿਓ, ਦੀ ਇਥੋਂ ਦੇ ਹਾਲਾਤ ਅਨੁਸਾਰ ਵਿਆਖਿਆ ਨਹੀਂ ਕੀਤੀ। ਉਨ੍ਹਾਂ ਨੇ ਅੱਖਾਂ ਮੀਟ ਕੇ ਚੀਨ-ਰੂਸ ਤੋਂ ਉਧਾਰ ਲਿਆ ਹੈ ਲੇਕਿਨ ਉਹ ਜਾਤੀ ਬਾਰੇ ਕੁਝ ਨਹੀਂ ਬੋਲੇ ਜੋ ਭਾਰਤ ਦਾ ਵਰਤਾਰਾ ਹੈ। ਇਸ ਲਈ ਉਹ ਇਸ ਨੂੰ ਲੈ ਕੇ ਆਪਣੀ ਸੋਚ ਨਹੀਂ ਬਣਾ ਸਕੇ।




*ਹਫਤਾਵਾਰੀ ਰਸਾਲੇ 'ਦਿ ਵੀਕ' ਦੇ ਫਰੰਟ ਕਵਰ 'ਤੇ ਕੋਬਾਡ ਗਾਂਧੀ।*

ਦੂਜਾ ਪਹਿਲੂ ਇਹ ਹੈ ਕਿ ਦੁਨੀਆ ਭਰ 'ਚ ਜ਼ਿਆਦਾਤਰ ਖੱਬੇ ਪੱਖੀ ਅੰਦੋਲਨ ਵਿਦਿਆਰਥੀਆਂ ਨੇ ਸ਼ੁਰੂ ਕੀਤੇ ਅਤੇ ਇੱਥੇ ਵੀ ਸਿੱਖਿਆ ਪ੍ਰਬੰਧ ਦੇ ਸੁਭਾਅ ਕਾਰਨ ਇਸ 'ਚ ਜ਼ਿਆਦਾ ਗਿਣਤੀ ਉਚ ਜਾਤੀਆਂ ਦੀ ਹੈ। ਇਹ ਮਹਿਜ਼ ਸਵਾਲ ਨਹੀਂ ਕਿ ਆਗੂ ਬ੍ਰਾਹਮਣ ਹੀ ਹੁੰਦੇ ਹਨ ਕਿਉਂਕਿ ਗੱਲ ਇਹ ਹੈ ਕਿ ਜਦ ਸਾਡਾ ਸਿੱਖਿਆ ਪ੍ਰਬੰਧ ਉਚ ਜਾਤੀਆਂ ਨੂੰ ਬੇਸ਼ੁਮਾਰ ਲਾਭ ਪਹੁੰਚਾਉਂਦਾ ਹੈ ਤਾਂ ਮਜਬੂਰੀ ਹੈ ਕਿ ਲੀਡਰਸ਼ਿਪ ਵੀ ਉਨ੍ਹਾਂ ਵਿਚੋਂ ਆਵੇਗੀ। ਜੇ ਤੁਸੀਂ ਸਿੱਖਿਆ ਪ੍ਰਬੰਧ ਨੂੰ ਬਦਲ ਦਿੰਦੇ ਹੋ ਤਾਂ ਇਸ ਨਾਲ ਸਭ ਕੁਝ ਬਦਲ ਜਾਵੇਗਾ। ਅਸਲੀ ਸਮੱਸਿਆ ਇਹ ਹੈ ਕਿ ਆਗੂ ਆਪਣੀ ਸੋਚ ਨੂੰ ਪੂਰੀ ਤਰ੍ਹਾਂ ਸੁਧਾਰਨ ਅਤੇ ਆਪਣੀ ਸੋਚ 'ਚ ਪੈਰ ਜਮਾਈ ਬੈਠੇ ਮੁਤੱਸਬਾਂ ਨੂੰ ਜੜ੍ਹੋਂ ਉਖਾੜ ਦੇਣ ਦੇ ਸਮਰੱਥ ਨਹੀਂ ਸਨ।

ਮੈਂ ਬਹੁਤ ਬਾਅਦ 'ਚ ਮਨੋਵਿਗਿਆਨ ਦੇ ਦਾਇਰੇ 'ਚ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਸਾਡੇ ਵਿਚਾਰਾਂ 'ਚੋਂ ਕਈ ਵਿਚਾਰ ਸਾਡੇ ਬਚਪਨ ਤੋਂ ਸਾਡੇ ਦਿਮਾਗ 'ਚ ਵਸੇ ਹੋਏ ਹਨ ਜਿਨ੍ਹਾਂ ਨੂੰ ਫਰਾਇਡ ਨੇ 'ਅਵਚੇਤਨ ਮਨ' ਕਿਹਾ ਅਤੇ ਇਹ ਸਾਡੀ ਜ਼ਿੰਦਗੀ ਦੇ ਪਹਿਲੇ ਪੰਜ ਜਾਂ ਦਸ ਸਾਲਾਂ 'ਚ ਬਹੁਤ ਡੂੰਘਾਈ ਨਾਲ ਸਾਡੇ ਮਨ 'ਚ ਬੈਠ ਜਾਂਦੇ ਹਨ। ਉਸ ਵਕਤ ਜੋ ਵੀ ਮਨ ਅੰਦਰ ਬੈਠਦਾ ਜਾਂਦਾ ਹੈ (ਪ੍ਰੋਗਰਾਮਿੰਗ), ਉਹ ਸਾਡੇ ਪਰਿਵਾਰ ਦੇ ਮਾਹੌਲ ਅਤੇ ਜਿਨ੍ਹਾਂ ਹੋਰ ਲੋਕਾਂ ਨਾਲ ਸਾਡਾ ਵਾਹ ਪੈਂਦਾ ਹੈ, ਉਸ ਆਲੇ-ਦੁਆਲੇ ਦੇ ਮਾਹੌਲ 'ਚੋਂ ਮਿਲੇ ਵਿਚਾਰ ਸਾਡੇ ਅਵਚੇਤਨ ਮਨ 'ਚ ਡੂੰਘੇ ਘਰ ਜਾਂਦੇ ਹਨ। ਮਾਰਕਸਵਾਦੀਆਂ ਨਾਲ ਮੁਸ਼ਕਿਲ ਇਹ ਹੈ ਕਿ ਉਨ੍ਹਾਂ ਨੇ ਪੜ੍ਹਿਆ ਹੋਇਆ ਹੈ ਕਿ ਸਮਾਜੀ ਹੋਂਦ ਚੇਤਨਾ ਨੂੰ ਤੈਅ ਕਰਦੀ ਹੈ। ਸਾਡੇ ਅਵਚੇਤਨ ਉਪਰ ਬਚਪਨ ਦਾ ਕੀ ਪ੍ਰਭਾਵ ਹੈ, ਉਹ ਇਸ ਬਾਰੇ ਨਹੀਂ ਸੋਚਦੇ। ਇਸੇ ਕਰ ਕੇ ਸਾਡੇ ਆਪਣੇ ਹਲਕਿਆਂ 'ਚ ਵੀ ਜਾਤੀ ਅਤੇ ਮਰਦਾਵੀਂ ਸੱਤਾ ਸਾਫ ਨਜ਼ਰ ਆਉਂਦੀ ਹੈ, ਸੂਖਮ ਤਰੀਕਿਆਂ ਨਾਲ। ਇਕ ਪਾਸੇ ਇਹ ਮਨੋਵਿਗਿਆਨਕ ਅਵਚੇਤਨ ਗਹਿਰਾਈ 'ਚ ਜੜ੍ਹਾਂ ਜਮਾਈ ਬੈਠਾ ਹੈ ਅਤੇ ਦੂਜੇ ਪਾਸੇ ਸਮਾਜੀ ਮਾਹੌਲ ਵੀ ਬਹੁਤ ਜਗੀਰੂ ਹੈ। ਇਸ ਲਈ ਮਹਿਜ਼ ਵਿਚਾਰਧਾਰਾ 'ਚ ਤਬਦੀਲੀ ਖੁਦ-ਬ-ਖੁਦ ਸਾਡੀ ਸੋਚ ਅਤੇ ਭਾਵਨਾਵਾਂ ਨੂੰ ਨਹੀਂ ਬਦਲਦਾ। ਮੈਨੂੰ ਸੁਜਾਤਾ ਗਿੜਲਾ ਦੀ ਕਿਤਾਬ (ਐਂਟਸ ਅਮੰਗ ਐਲੀਫੈਂਟਸ) ਚੇਤੇ ਆਉਂਦੀ ਹੈ। ਕਾਮਰੇਡ ਸੱਤਿਆਮੂਰਤੀ (ਪੀਪਲਜ਼ ਵਾਰ ਗਰੁੱਪ ਦੇ ਦੂਜੇ ਨੰਬਰ ਦੇ ਆਗੂ) ਦੀ ਕਹਾਣੀ ਬਹੁਤ ਰੌਚਕ ਹੈ ਜਿਸ ਨੇ ਦੱਸਿਆ ਹੈ ਕਿ ਰੈਡੀ ਜਾਤੀ ਕਿਵੇਂ ਵਿਹਾਰ ਕਰਦੀ ਹੈ। ਉਹ ਉਂਜ ਤਾਂ ਅਨੁਸੂਚਿਤ ਜਾਤੀਆਂ ਪ੍ਰਤੀ ਉਦਾਰ ਸਨ ਲੇਕਿਨ ਉਨ੍ਹਾਂ ਨੂੰ ਆਪਣੇ ਘਰ ਆਉਣ ਦਾ ਸੱਦਾ ਨਹੀਂ ਦਿੰਦੇ ਸਨ। ਸੋ, ਉਹ ਇਸ ਤਰ੍ਹਾਂ ਦੇ 'ਉਦਾਰ' ਸਨ, ਇਸ ਤੋਂ ਅੱਗੇ ਨਹੀਂ। ਇਹੀ ਗੱਲ ਮਰਦਾਵੀਂ ਸੱਤਾ ਨੂੰ ਲੈ ਕੇ ਵੀ ਹੈ - ਇਸ ਹੱਦ ਤੱਕ ਉਦਾਰ ਲੇਕਿਨ ਇਸ ਤੋਂ ਜ਼ਿਆਦਾ ਨਹੀਂ। ਹੁਣ ਜੇ ਤੁਸੀਂ ਹਿੰਦੀ ਖੇਤਰਾਂ ਵਿਚ ਜਾਂਦੇ ਹੋ ਤਾਂ ਉਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਵੀ ਐਸੇ ਸਮਾਜੀ ਸੁਧਾਰ ਦੇ ਅੰਦੋਲਨ ਨਹੀਂ ਹੋਏ ਹਨ ਜੋ ਮਹਾਰਾਸ਼ਟਰ ਵਿਚ ਹੋਏ ਸਨ। ਤੁਹਾਨੂੰ ਜਾਤੀਪਾਤੀ ਅਤੇ ਮਰਦਾਵੀਂ ਸੱਤਾ ਵਰਗੇ ਮੁੱਦਿਆਂ ਉਪਰ 'ਉਦਾਰ' ਸੋਚ ਨਹੀਂ ਮਿਲੇਗੀ। ਇਹ ਬੇਸ਼ਰਮ ਬ੍ਰਾਹਮਣਵਾਦ ਹੈ।

ਤੀਸਰਾ ਕਾਰਨ ਹੈ ਲੀਡਰਸ਼ਿਪ ਦੀ 'ਵਿਹਾਰਕਤਾ'। ਤੱਥ ਦੇ ਤੌਰ 'ਤੇ ਜ਼ਿਆਦਾਤਰ ਕਮਿਊਨਿਸਟ ਕਾਡਰ ਓ.ਬੀ.ਸੀ. ਹਨ, ਦਲਿਤ ਸਿਰਫ ਘੱਟਗਿਣਤੀ ਹੀ ਹੋਣਗੇ। ਇਸ ਲਈ ਉਨ੍ਹਾਂ ਦੀਆਂ ਜਾਤੀਗਤ ਭਾਵਨਾਵਾਂ ਮਜ਼ਬੂਤ ਹੋਈਆਂ। ਮਜ਼ਦੂਰ ਜਮਾਤ ਦੇ ਪੱਧਰ 'ਤੇ ਅੰਦੋਲਨ ਅੰਦਰ ਬਹੁਤ ਸਾਰੇ ਲੋਕ ਸਿਰਫ ਆਰਥਕ ਮੰਗਾਂ ਨੂੰ ਲੈ ਕੇ ਹਨ। ਕਿਸਾਨ ਯੂਨੀਅਨਾਂ ਨੂੰ ਦੇਖ ਲਓ, ਉਨ੍ਹਾਂ ਵਿਚ ਜਾਟ ਅਤੇ ਗੁੱਜਰ ਜਾਤਾਂ ਦਾ ਗਲਬਾ ਹੈ। ਮਜ਼ਦੂਰ ਜਮਾਤ ਦੀਆਂ ਟਰੇਡ ਯੂਨੀਅਨਾਂ ਨੂੰ ਦੇਖ ਲਓ, ਇਨ੍ਹਾਂ ਸਾਰੀਆਂ ਵਿਚ ਓ.ਬੀ.ਸੀ. ਜ਼ਿਆਦਾ ਹਨ। ਜੇ ਤੁਸੀਂ ਅੰਦੋਲਨਾਂ ਨੂੰ ਦੱਸਣਾ ਸ਼ੁਰੂ ਕਰਦੇ ਹੋ ਕਿ "ਤੁਹਾਨੂੰ ਆਪਣੀਆਂ ਜਾਤੀ ਭਾਵਨਾਵਾਂ ਛੱਡਣੀਆਂ ਹੋਣਗੀਆਂ, ਤੁਹਾਨੂੰ ਇਹ ਕਰਨਾ ਪਵੇਗਾ, ਅਹੁ ਕਰਨਾ ਪਵੇਗਾ", ਤਾਂ ਉਹ ਕਿਸਾਨਾਂ ਦੇ ਅੰਦੋਲਨ ਜਾਂ ਟਰੇਡ ਯੂਨੀਅਨਾਂ ਦੀਆਂ ਆਰਥਕ ਮੰਗਾਂ ਤੋਂ ਵੀ ਪਾਸਾ ਵੱਟ ਸਕਦੇ ਹਨ। ਇਸ ਲਈ ਜ਼ਿਆਦਾਤਰ ਲੀਡਰਸ਼ਿਪ ਸੋਚਦੀ ਹੈ ਕਿ "ਅਰੇ ਛੱਡੋ ਯਾਰ, ਆਰਥਕ ਚੀਜ਼ ਹੁਣ ਉਠਾ ਲੈਂਦੇ ਹਾਂ, ਬਾਅਦ ਵਿਚ ਜਾਤ ਬਾਰੇ ਸੋਚ ਲਵਾਂਗੇ।" ਇਹ ਹਕੀਕੀ ਵਿਹਾਰਕ ਸਮੱਸਿਆ ਹੈ ਜਿਸ ਨੂੰ ਹੱਲ ਕਰਨਾ ਹਕੀਕਤ ਵਿਚ ਮੁਸ਼ਕਿਲ ਹੈ। ਫਿਰ ਉਹ ਆਰਥਕ ਮੰਗਾਂ ਨੂੰ ਚਿੰਬੜੇ ਰਹਿੰਦੇ ਹਨ ਕਿਉਂਕਿ ਕਿਸੇ ਦੀ ਮਾਨਸਿਕਤਾ, ਜਾਤੀਗਤ ਭਾਵਨਾਵਾਂ ਅਤੇ ਮਰਦਾਵੀਂ ਸੱਤਾ ਨੂੰ ਬਦਲਣ ਦੀ ਕੋਸ਼ਿਸ਼ ਕਰਨਾ ਸਿਰਦਰਦੀ ਵਾਲਾ ਕੰਮ ਹੈ। ਜੇ ਕੋਈ ਪਤਨੀ ਦੀ ਕੁੱਟਮਾਰ ਕਰਦਾ ਹੈ, ਤੁਸੀਂ ਚੁੱਪ ਰਹਿੰਦੇ ਹੋ ਅਤੇ ਕਹਿੰਦੇ ਹੋ, "ਉਹ ਤਾਂ ਯੂਨੀਅਨ ਆਗੂ ਹੈ, ਉਸ ਦੇ ਤਾਂ ਬੱਚੇ ਹਨ, ਉਸ ਨੂੰ ਰਹਿਣ ਦਿਓ। ਸਮਾਜ ਅੰਦਰ ਇਹ ਕੁਝ ਹੁੰਦਾ ਹੀ ਰਹਿੰਦਾ ਹੈ।" ਇਹ ਮੁੱਦੇ ਹੇਠਾਂ ਦੱਬੇ ਰਹਿੰਦੇ ਹਨ।

ਸਾਨੂੰ ਮਹਿਸੂਸ ਕਰਨਾ ਪਵੇਗਾ ਕਿ ਸਾਡੀ ਕਮਜ਼ੋਰੀ ਇਹ ਹੈ ਕਿ ਅਸੀਂ ਕਦੇ ਵੀ ਜਾਤੀ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਾਨੂੰ ਆਪਣੇ ਆਪ ਨੂੰ ਦਰੁਸਤ ਕਰਨਾ ਪਵੇਗਾ ਅਤੇ ਸਮਝਣਾ ਹੋਵੇਗਾ ਕਿ ਭਾਰਤ ਵਿਚ ਜਾਤੀ ਦੇ ਬੀਜ-ਨਾਸ ਤੋਂ ਬਿਨਾਂ ਜਮਹੂਰੀਕਰਨ ਸੰਭਵ ਨਹੀਂ। ਇਹ ਗੱਲ ਜਮਹੂਰੀ ਇਨਕਲਾਬ ਚਾਹੁਣ ਵਾਲੇ ਹਰ ਮਾਰਕਸਵਾਦੀ ਲਈ ਹੈ, ਉਹ ਚਾਹੇ ਸੱਜੇ ਪੱਖੀ ਸੰਸਦੀ ਮਾਰਕਸਵਾਦੀ ਹੋਵੇ ਜਾਂ ਅਤਿ ਮਾਓਵਾਦੀ! ਇਹ ਜਨਮ ਤੋਂ ਹੀ ਨਾ-ਬਰਾਬਰੀ ਵਾਲੀ, ਜਾਬਰ, ਪਾਟਕ ਪਾਊ ਹੁੰਦੀ ਹੈ। ਹਿੰਦੂ-ਮੁਸਲਿਮ ਤਾਂ ਇਕ ਤਰ੍ਹਾਂ ਦੀ ਵੰਡ ਹੈ ਲੇਕਿਨ ਜਾਤੀ ਭਾਰਤ ਨੂੰ ਤੋੜਨ ਵਾਲੀ ਹਜ਼ਾਰ ਤਰ੍ਹਾਂ ਦੀ ਵੰਡ ਹੈ। ਇਸ ਲਈ ਮੁਲਕ ਵਿਚ ਕਿਸੇ ਵੀ ਲੋਕਤੰਤਰੀ ਤਬਦੀਲੀ ਲਈ ਜ਼ਰੂਰੀ ਹੈ ਕਿ ਜਾਤੀ

(ਬਾਕੀ ਅਗਲੇ ਸਫੇ 'ਤੇ)





*ਕੋਬਾਡ ਗਾਂਧੀ ਅਤੇ ਅਨੁਰਾਧਾ ਸ਼ਾਨਬਾਗ ਦੀ ਵਿਆਹ ਵੇਲੇ ਦੀ ਤਸਵੀਰ ਅਤੇ (ਸੱਜੇ) 1980ਵਿਆਂ ਵਿਚ ਕੋਬਾਡ ਗਾਂਧੀ।*

ਵਿਵਸਥਾ ਪੂਰੀ ਤਰ੍ਹਾਂ ਖਤਮ ਕੀਤੀ ਜਾਵੇ। ਖਾਤਮੇ ਦਾ ਭਾਵ ਸਿਰਫ ਕਾਨੂੰਨੀ ਤੌਰ 'ਤੇ ਅੰਤ ਕਰਨਾ ਨਹੀਂ ਹੈ। ਜਾਤੀ ਸਾਡੇ ਦਿਮਾਗ ਅੰਦਰ ਹੈ, ਸਾਡੇ ਵਿਹਾਰ ਅੰਦਰ ਹੈ, ਸਾਡੀ ਚੇਤਨਾ ਅੰਦਰ ਹੈ।

**ਸਬਾ ਗੁਰਮਤ:** ਅੱਜ ਵੀ ਮੀਡੀਆ ਰਿਪੋਰਟਾਂ ਤੁਹਾਨੂੰ ਨਕਸਲੀ/ਮਾਓਵਾਦੀ ਦੱਸਦੀਆਂ ਹਨ, ਤੇ ਤੁਸੀਂ ਆਪਣੀ ਕਿਤਾਬ ਵਿਚ ਇਸ ਤ੍ਰਿਸਕਾਰ ਬਾਰੇ ਬੋਲਦੇ ਵੀ ਹੋ। ਮਿਸਾਲ ਵਜੋਂ, ਕਈ ਲੋਕਾਂ ਨੇ ਤੁਹਾਡੇ ਉਪਰ ਸੀ.ਪੀ.ਆਈ. (ਮਾਓਵਾਦੀ) ਦਾ ਪੋਲਿਟ ਬਿਊਰੋ ਮੈਂਬਰ ਹੋਣ ਦਾ ਇਲਜ਼ਾਮ ਲਗਾਇਆ ਸੀ ਜਦਕਿ ਇਹ ਅਪੁਸ਼ਟ ਸੀ। ਹਕੀਕਤ ਵਿਚ ਤੁਸੀਂ ਆਪਣੇ ਆਪ ਨੂੰ ਸਿਆਸੀ ਤੌਰ 'ਤੇ ਕਿੱਥੇ ਖੜ੍ਹੇ ਮਹਿਸੂਸ ਕਰਦੇ ਹੋ? ਕੀ ਤੁਸੀਂ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ ਤਹਿਤ ਬੰਦ ਰਾਜਸੀ ਕੈਦੀਆਂ ਦੀ ਮੀਡੀਆ ਕਵਰੇਜ ਵਿਚ ਸਮਾਨਤਾਵਾਂ ਦੇਖਦੇ ਹੋ?

**ਕੋਬਾਡ ਗਾਂਧੀ:** ਮੈਨੂੰ ਇਹ ਬਿਲਕੁਲ ਇੱਕੋ ਜਿਹਾ ਦਿਖਾਈ ਦਿੰਦਾ ਹੈ। ਮੈਨੂੰ ਲੱਗਦਾ, ਇਹ ਸਿਰਫ ਮੀਡੀਆ ਟਰਾਇਲ ਹੈ। ਜਿੱਥੋਂ ਤੱਕ ਮੇਰੀ ਗੱਲ ਹੈ, ਮੈਂ ਸਮਾਜਵਾਦ ਨੂੰ ਮੰਨਦਾ ਹਾਂ। ਸਰਮਾਏਦਾਰੀ ਕੋਲ ਕੋਈ ਜਵਾਬ ਨਹੀਂ ਹੈ। ਹਕੀਕਤ ਵਿਚ, ਇਸ ਨੇ ਨਾ ਸਿਰਫ ਲੋਕਾਂ ਦੀ ਜ਼ਿੰਦਗੀ ਸਗੋਂ ਵਾਤਾਵਰਨ ਨੂੰ ਵੀ ਨਸ਼ਟ ਕਰ ਦਿੱਤਾ ਹੈ। ਜੇ ਤੁਸੀਂ ਇਤਿਹਾਸਕ ਤੌਰ 'ਤੇ ਦੇਖੋ ਤਾਂ ਕਿਸੇ ਵੀ ਪ੍ਰਬੰਧ ਦੇ ਹੱਥ ਖੂਨ ਵਿਚ ਇੰਨੇ ਵਧੇਰੇ ਨਹੀਂ ਰੰਗੇ ਹੋਏ ਜਿੰਨੇ ਸਰਮਾਏਦਾਰੀ ਦੇ, ਚਾਹੇ ਉਦੋਂ ਅਮਰੀਕਾ ਅਤੇ ਓਸ਼ਿਨੀਆ (ਆਸਟਰੇਲੀਆ, ਮਿਲਾਨੇਸ਼ੀਆ, ਮਾਈਕ੍ਰੋਨੇਸ਼ੀਆ, ਨਿਊਜ਼ੀਲੈਂਡ, ਫਿਜ਼ੀ, ਸੋਲੋਮਨ ਟਾਪੂ ਸਮੇਤ 14 ਮੁਲਕਾਂ ਨੂੰ ਮਿਲਾ ਕੇ ਬਣਦਾ ਖੇਤਰ ਜੋ ਧਰਤੀ ਦੇ ਪੂਰਬੀ ਅਤੇ ਪੱਛਮੀ ਅਰਧ-ਗੋਲਿਆਂ 'ਚ ਫੈਲਿਆ ਹੋਇਆ ਹੈ - ਅਨੁਵਾਦਕ) ਦੀ ਸਾਰੀ ਵਸੋਂ ਦਾ ਸਫਾਇਆ ਕੀਤਾ ਗਿਆ ਸੀ। ਇੱਥੋਂ ਤੱਕ ਕਿ ਨਵੀਆਂ ਕਿਤਾਬਾਂ ਅਤੇ ਕੁਲ ਅੰਕੜੇ ਇਹੀ ਦੱਸਦੇ ਹਨ ਕਿ ਭਾਰਤ ਵਿਚ ਅੰਗਰੇਜ਼ਾਂ ਨੇ ਅਕਾਲ, ਯੁੱਧ ਅਤੇ ਇਸੇ ਤਰ੍ਹਾਂ ਦੇ ਹੋਰ ਤਰੀਕਿਆਂ ਨਾਲ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ। ਇਸ ਲਈ ਐਸੇ ਸਰਮਾਏਦਾਰ ਜਿਨ੍ਹਾਂ ਦੀ ਵਿਚਾਰਧਾਰਾ ਬਸਤੀਵਾਦ ਦਾ ਗੁਣ ਗਾਇਨ ਕਰਦੀ ਹੈ, ਉਨ੍ਹਾਂ ਕੋਲ ਹਿੰਸਾ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਉਹ ਇਸੇ ਪਾਸੇ ਅੱਗੇ ਵਧੇ ਹਨ। ਅੱਜ ਪੱਛਮ ਵਿਚ ਜੋ ਵਿਕਾਸ ਹੈ, ਉਹ ਸਿਰਫ ਬਸਤੀਵਾਦ ਕਰ ਕੇ ਹੈ।

ਖਾਸ ਕਰ ਕੇ 1990 ਤੋਂ ਲੈ ਕੇ ਹੁਣ ਤੱਕ ਨਵਉਦਾਰਵਾਦੀ ਦੌਰ ਵਿਚ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ ਹੈ। ਵਾਤਾਵਰਨ ਨਸ਼ਟ ਹੋ ਰਿਹਾ ਹੈ, ਸਮਾਜ ਦਾ ਹਰ ਪਹਿਲੂ ਨਸ਼ਟ ਹੋ ਰਿਹਾ ਹੈ, ਇੱਥੋਂ ਤੱਕ ਕਿ ਲੋਕਾਂ ਅੰਦਰ ਇਨਸਾਨੀਅਤ ਵੀ ਨਸ਼ਟ ਹੋ ਗਈ ਹੈ। ਉਨ੍ਹਾਂ ਦੇ ਘੋਰ ਖਪਤਵਾਦ ਨੇ ਐਸੇ ਲੋਕ ਪੈਦਾ ਕਰ ਦਿੱਤੇ ਹਨ ਜੋ ਅਲੱਗ-ਥਲੱਗ ਪੈ ਚੁੱਕੇ ਹਨ। ਸਿਰਫ ਅਰਬਪਤੀ ਅਤੇ ਉਨ੍ਹਾਂ ਦੇ ਜਲਾਦ ਹੀ ਵਧੇ-ਫੁੱਲੇ ਹਨ ਅਤੇ ਉਹ ਕੋਵਿਡ ਮਹਾਮਾਰੀ ਦੌਰਾਨ ਵੀ ਪਨਪ ਰਹੇ ਹਨ।

ਹੁਣ ਸਵਾਲ ਹੈ ਕਿ ਜਦ ਅਸੀਂ 1960 ਤੇ 1970 ਦੇ ਦਹਾਕੇ ਦੌਰਾਨ ਕਮਿਊਨਿਜ਼ਮ ਵੱਲ ਆਏ ਸੀ ਤਾਂ ਲੱਗਭੱਗ ਅੱਧੀ ਦੁਨੀਆ ਸਮਾਜਵਾਦੀ ਸੀ। ਹੁਣ ਸਭ ਖਤਮ। ਜਿਸ ਚੀਨ ਨੂੰ ਕਮਿਊਨਿਸਟ ਕਿਹਾ ਜਾਂਦਾ ਸੀ, ਉਥੇ ਹਕੀਕਤ ਵਿਚ ਹੁਣ ਅਰਬਪਤੀਆਂ ਦੀ ਗਿਣਤੀ ਦੁਨੀਆ ਅੰਦਰ ਸਭ ਤੋਂ ਜ਼ਿਆਦਾ ਹੈ। ਮੁਕਾਬਲਤਨ ਅਤੇ ਭੂ-ਸਿਆਸੀ ਤੌਰ 'ਤੇ ਮੈਂ ਅਮਰੀਕਾ ਖਿਲਾਫ ਚੀਨ ਦੀ ਹਮਾਇਤ ਕਰਾਂਗਾ ਲੇਕਿਨ ਇਹ ਵਿਹਾਰਕ ਗੱਲ ਹੈ, ਇਹ ਕੋਈ ਵਿਚਾਰਧਾਰਕ ਨਜ਼ਰੀਆ ਨਹੀਂ ਕਿਉਂਕਿ ਸਾਡੇ ਹਾਕਮ ਬਹੁਤ ਭਿਆਨਕ ਢੰਗ ਨਾਲ ਗੁਲਾਮਾਂ ਵਾਂਗ ਪੱਛਮ ਦੀ ਡੰਡੌਤ ਕਰ ਰਹੇ ਹਨ। ਇਸ ਲਈ ਸਿਆਸੀ ਤੌਰ 'ਤੇ ਮੈਂ ਸਮਾਜਵਾਦ ਅਤੇ ਬੁਨਿਆਦੀ ਤਬਦੀਲੀ ਦੇ ਹੱਕ ਵਿਚ ਹਾਂ, ਕਿਉਂਕਿ ਹੁਣ ਦੁਨੀਆ ਦੀ ਜ਼ਿਆਦਾਤਰ ਧਨ-ਦੌਲਤ ਮੁੱਠੀ ਭਰ ਅਰਬਪਤੀਆਂ ਦੇ ਹੱਥਾਂ ਵਿਚ ਹੈ, ਪ੍ਰਬੰਧ ਪਹਿਲਾਂ ਨਾਲੋਂ ਵੀ ਵਧੇਰੇ ਅਸਥਿਰ ਹੈ; ਲੇਕਿਨ ਸਮਾਜਵਾਦ ਦੇ ਰਸਤਿਆਂ ਨੂੰ ਲੈ ਕੇ ਸਵਾਲ ਉਠਾਏ ਜਾ ਸਕਦੇ ਹਨ ਅਤੇ ਬਹਿਸ ਕੀਤੀ ਜਾ ਸਕਦੀ ਹੈ।

**ਸਬਾ ਗੁਰਮਤ:** 'ਮੀਡੀਆ ਟਰਾਇਲ' ਬਾਰੇ ਤੁਸੀਂ ਤਿਹਾੜ ਜੇਲ੍ਹ ਵਿਚ ਤੁਹਾਡੇ ਨਾਲ ਬੰਦ ਅਫਜ਼ਲ ਗੁਰੂ ਨਾਲ ਦੋਸਤੀ ਬਾਰੇ ਵੀ ਲਿਖਿਆ ਹੈ। ਉਨ੍ਹਾਂ ਦੀ ਫਾਂਸੀ ਬਾਰੇ ਅਨਿਆਂ ਨੂੰ ਲੈ ਕੇ ਬਹੁਤ ਕੁਝ ਕਿਹਾ ਗਿਆ ਹੈ। ਤੁਸੀਂ ਲਿਖਦੇ ਹੋ- "ਮਕਬੂਲ ਬੱਟ ਦਾ ਲਿਖਿਆ ਤਾਂ ਛਪਿਆ ਹੈ, ਹਾਲਾਂਕਿ ਇਹ ਪਾਬੰਦੀਸ਼ੁਦਾ ਹੈ ਪਰ ਅਫਜ਼ਲ ਦੀ ਡਾਇਰੀ ਕਦੇ ਸਾਹਮਣੇ ਨਹੀਂ ਆ ਸਕੀ, ਸ਼ਾਇਦ ਹੁਣ ਤੱਕ ਜਲਾ ਦਿੱਤੀ ਗਈ ਹੋਵੇ।" ਅਫਜ਼ਲ ਨੂੰ ਫਾਂਸੀ ਦੇਣ ਤੋਂ ਤੁਰੰਤ ਬਾਅਦ ਇਕ ਮਿੱਤਰ ਨੂੰ ਲਿਖੀ ਚਿੱਠੀ ਵਿਚ ਤੁਸੀਂ ਜ਼ਿਕਰ ਕੀਤਾ ਹੈ ਕਿ ਉਸ ਦੀ ਫਾਂਸੀ ਤੋਂ ਬਾਅਦ ਸਭ ਕੁਝ ਅਸਥਿਰ ਹੋ ਗਿਆ ਹੈ। ਕੀ ਤੁਸੀਂ ਇਸ ਬਾਰੇ ਥੋੜ੍ਹਾ ਤਫਸੀਲ ਨਾਲ ਦੱਸ ਸਕਦੇ ਹੋ?

**ਕੋਬਾਡ ਗਾਂਧੀ:** ਸਾਨੂੰ ਦੋ ਦਿਨ ਪਹਿਲਾਂ ਹੀ ਕੁਝ ਮਹਿਸੂਸ ਤਾਂ ਹੋ ਰਿਹਾ ਸੀ, ਕਿਉਂਕਿ ਅਸੀਂ ਅਗਲੀ ਕਤਾਰ ਵਿਚ ਸੀ। ਉਥੇ ਦੋ ਬਲਾਕ ਸਨ। ਪਿੱਛੇ ਬੀ-ਬਲਾਕ ਅਤੇ ਸਾਹਮਣੇ ਏ-ਬਲਾਕ। ਸ਼ੁਰੂ ਵਿਚ ਅਸੀਂ ਏ-ਬਲਾਕ 'ਚ ਸੀ। ਫਿਰ ਬਗੀਚਾ ਹੈ। ਇਕ ਖੂੰਜੇ 'ਫਾਂਸੀ ਕੋਠੀ' ਸੀ ਜੋ ਹਮੇਸ਼ਾ ਬੰਦ ਰਹਿੰਦੀ ਸੀ। 1989 ਤੋਂ ਬਾਅਦ ਕਿਸੇ ਨੂੰ ਉਥੇ ਫਾਂਸੀ ਨਹੀਂ ਦਿੱਤੀ ਗਈ ਸੀ। ਅਚਾਨਕ 7 ਫਰਵਰੀ 2013 ਨੂੰ ਸਾਨੂੰ ਦੱਸਿਆ ਗਿਆ ਕਿ ਪੂਰੀ ਜਗ੍ਹਾ ਨੂੰ ਸਫੈਦੀ ਕੀਤੀ ਜਾਣੀ ਹੈ, ਸਾਨੂੰ ਰਾਤੋ-ਰਾਤ ਬੀ-ਬਲਾਕ ਵਿਚ ਜਾਣ ਲਈ ਕਹਿ ਦਿੱਤਾ ਗਿਆ।

ਅਗਲੇ ਦਿਨ ਸ਼ੁੱਕਰਵਾਰ ਨੂੰ ਮੁਲਾਕਾਤ (ਪਰਿਵਾਰ ਦੇ ਜੀਆਂ ਨਾਲ) ਹੋਈ ਅਤੇ ਜੋ ਲੋਕ ਬਾਹਰ ਗਏ, ਉਨ੍ਹਾਂ ਦੇਖਿਆ ਕਿ ਫਾਂਸੀ ਕੋਠੀ ਵਿਚ ਬਹੁਤ ਕੰਮ ਹੋ ਰਿਹਾ ਸੀ। ਸਾਨੂੰ ਜੇਲ੍ਹ ਮੁਲਾਜ਼ਮਾਂ ਨੇ ਦੱਸਿਆ ਕਿ ਕੋਈ ਕੌਮਾਂਤਰੀ ਟੀਮ ਆ ਰਹੀ ਸੀ। ਸਾਨੂੰ ਸ਼ੱਕ ਹੋਇਆ ਕਿ ਕਿਸੇ ਨੂੰ ਫਾਂਸੀ ਹੋਣ ਵਾਲੀ ਹੈ। ਇਸ ਲਈ ਅਫਵਾਹ ਫੈਲਣੀ ਜਾਣ ਲੱਗੀ ਕਿ (ਦਵਿੰਦਰਪਾਲ ਸਿੰਘ) ਭੁੱਲਰ ਨੂੰ ਫਾਂਸੀ ਦਿੱਤੀ ਜਾਣ ਵਾਲੀ ਹੈ। ਉਸ ਵਕਤ ਭੁੱਲਰ ਪਹਿਲਾਂ ਹੀ ਮਨੋਰੋਗ ਹਸਪਤਾਲ ਵਿਚ ਸੀ ਲੇਕਿਨ ਅਫਜ਼ਲ ਨੇ ਉਸ ਵਕਤ ਕਿਹਾ, "ਨਹੀਂ, ਜੇ ਕਿਸੇ ਨੂੰ ਫਾਂਸੀ ਲਾਉਣੀ ਹੈ, ਤਾਂ ਉਹ ਮੈਂ ਹੋਵਾਂਗਾ।" ਤੇ ਉਸ ਰਾਤ ਮੈਨੂੰ ਸੱਚਮੁੱਚ ਐਸਾ ਲੱਗਾ ਕਿ ਮੈਂ ਉਸ ਤੋਂ ਉਸ ਦੇ ਲਿਖੇ ਨੋਟਸ ਮੰਗ ਲਵਾਂ ਲੇਕਿਨ ਤੁਸੀਂ ਆਪ ਇੰਦਾਂ ਕਿਵੇਂ ਪੁੱਛ ਸਕਦੇ ਹੋ? ਸਾਨੂੰ ਯਕੀਨ ਨਹੀਂ ਸੀ ਕਿ ਉਸ ਨੂੰ ਫਾਂਸੀ ਦਿੱਤੀ ਜਾਣੀ ਸੀ ਅਤੇ ਐਸੇ ਹਾਲਾਤ ਵਿਚ ਮੈਂ ਹੋਰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ ਸੀ। ਅਗਲੀ ਸਵੇਰ ਤਕਰੀਬਨ ਛੇ ਵਜੇ ਉਹ ਉਸ ਨੂੰ ਲੈ ਗਏ। ਮੈਂ ਪਹਿਲਾਂ ਹੀ ਆਪਣੀਆਂ ਗੱਲਬਾਤ ਦੌਰਾਨ ਇਸ ਬਾਰੇ ਦੱਸ ਚੁੱਕਾ ਹਾਂ, ਜ਼ਿਆਦਾਤਰ ਮੁਲਾਜ਼ਮਾਂ ਅਤੇ ਲੋਕਾਂ ਦੀਆਂ ਅੱਖਾਂ ਵਿਚ ਅੱਥਰੂ ਸਨ। ਅਫਜ਼ਲ ਗੁਰੂ ਬਹੁਤ ਸਿਲਸਿਲੇਵਾਰ ਡਾਇਰੀ ਲਿਖਦੇ ਸਨ ਅਤੇ ਜੇ ਉਹ ਮੇਰੇ ਕੋਲ ਹੁੰਦੀ ਤਾਂ ਨਿਸ਼ਚੇ ਹੀ ਉਸ ਵਿਚ ਬਹੁਤ ਸਾਰੀਆਂ ਐਸੀਆਂ ਗੱਲਾਂ ਹੁੰਦੀਆਂ ਜਿਨ੍ਹਾਂ ਉਪਰ ਲੋਕ ਚਰਚਾ ਕਰਦੇ।

ਮਕਬੂਲ ਬਟ ਦਾ ਲਿਖਿਆ ਮੈਂ ਨਹੀਂ ਪੜ੍ਹਿਆ, ਬਸ ਅਫਜ਼ਲ ਦੇ ਮੂੰਹੋਂ ਸੁਣਿਆ ਕਿ 84 ਵਿਚ ਮਕਬੂਲ ਨੂੰ ਫਾਂਸੀ ਦੇ ਦਿੱਤੀ ਅਤੇ ਇੱਥੇ ਹੀ ਦਫਨਾ ਦਿੱਤਾ; ਜ਼ਾਹਿਰ ਹੈ ਕਿ ਪਾਕਿਸਤਾਨ ਵੀ ਉਸ ਦੇ ਲਿਖੇ ਉਪਰ ਪਾਬੰਦੀ ਲਾਉਂਦਾ ਹੈ। ਅਫਜ਼ਲ ਨੇ ਦੱਸਿਆ ਕਿ ਕਸ਼ਮੀਰ ਅੰਦੋਲਨ ਦੇ ਮੁੱਢਲੇ ਪੜਾਅ ਤੋਂ 1980 ਦੇ ਦਹਾਕੇ ਦੇ ਅੰਤ ਤੱਕ, ਜਦ ਮਕਬੂਲ ਬਟ ਨੂੰ ਫਾਂਸੀ ਦਿੱਤੀ ਗਈ, ਯਾਸਿਨ ਮਲਿਕ ਦੀ ਅਗਵਾਈ ਵਾਲਾ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਮਜ਼ਬੂਤ ਸੀ ਅਤੇ ਉਹ ਲੋਕ ਆਜ਼ਾਦੀ ਲਈ ਲੜ ਰਹੇ ਸਨ। ਉਹ ਧਰਮ ਨਿਰਪੱਖ ਸਨ, ਪਾਕਿਸਤਾਨ ਦੇ ਨਾਲ ਨਹੀਂ ਸਨ। 1980ਵਿਆਂ ਵਿਚ ਕਸ਼ਮੀਰ ਅੰਦਰ ਜੇ.ਕੇ.ਐਲ.ਐਫ. ਨਾਲ ਜੁੜੇ ਬੁੱਧੀਜੀਵੀਆਂ ਦੀ ਪਾਕਿਸਤਾਨੀਆਂ ਵੱਲੋਂ ਬੜੀ ਤਾਦਾਦ ਵਿਚ ਹੱਤਿਆ ਕਰ ਦਿੱਤੀ ਗਈ ਸੀ। ਉਸ ਤੋਂ ਬਾਅਦ ਜਾ ਕੇ ਹੀ, ਮੈਨੂੰ ਠੀਕ ਤਰ੍ਹਾਂ ਨਹੀਂ ਪਤਾ ਕਿ ਕਦੋਂ, ਇਹ ਪਾਕਿਸਤਾਨ ਨਾਲ ਜੁੜੇ ਦਹਿਸ਼ਤਗਰਦ ਇਸਲਾਮੀ ਸਮੂਹ ਵਿਚ ਬਦਲ ਗਏ।

ਅਫਜ਼ਲ ਉਪਰ ਇਨ੍ਹਾਂ ਵਿਚ ਸ਼ਾਮਿਲ ਹੋਣ ਦਾ ਇਲਜ਼ਾਮ ਲਗਾਇਆ ਗਿਆ ਸੀ।

ਸਾਨੂੰ ਕੁਝ ਵੀ ਨਹੀਂ ਦਿੱਤਾ ਗਿਆ, ਕੋਈ ਡਾਇਰੀ ਨਹੀਂ, ਕੁਝ ਵੀ ਨਹੀਂ। ਮੈਂ ਆਖਰਕਾਰ ਯਾਦਗਾਰ ਦੇ ਤੌਰ 'ਤੇ ਸਫੈਦ ਥਰਮਸ ਬਾਰੇ ਪੁੱਛਿਆ ਜਿਸ ਵਿਚ ਉਹ ਚਾਹ ਬਣਾਉਂਦੇ ਸਨ ਲੇਕਿਨ ਉਨ੍ਹਾਂ ਨੇ ਉਹ ਵੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਪਤਾ ਨਹੀਂ, ਇਸ ਵਿਚ ਐਨਾ ਵੀ ਕੀ ਖਤਰਨਾਕ ਸੀ?



ਪੰਜਾਬ ਵਿਚ ਪੇਸ਼ੀ ਮੌਕੇ ਕੋਬਾਡ ਗਾਂਧੀ।

**ਸਬਾ ਗੁਰਮਤ:** 1970 ਦਾ ਦਹਾਕਾ ਤਬਦੀਲੀ ਵਾਲਾ ਦੌਰ ਸੀ ਜਿਸ ਦੀ ਖਾਸੀਅਤ ਸੀ ਜੱਥੇਬੰਦੀਆਂ ਦੀ ਅਗਵਾਈ ਵਿਚ ਪੈਦਾ ਹੋਏ ਅੰਦੋਲਨ, ਜਿਵੇਂ ਨਕਸਲਬਾੜੀ ਅਤੇ ਦਲਿਤ ਪੈਂਥਰਜ਼ ਤੋਂ ਲੈ ਕੇ ਟਰੇਡ ਯੂਨੀਅਨ ਅੰਦੋਲਨ ਤੱਕ। ਸਮੇਂ ਨਾਲ ਅਸੀਂ ਇਸ ਤਰ੍ਹਾਂ ਦੇ ਅੰਦੋਲਨਾਂ ਵਿਚ ਗੰਭੀਰ ਦਰਾੜਾਂ ਦੇਖੀਆਂ ਅਤੇ ਅੱਜ ਟਰੇਡ ਯੂਨੀਅਨਾਂ ਤੇ ਕਿਰਤ ਕਾਨੂੰਨਾਂ ਦੇ ਕਮਜ਼ੋਰ ਹੁੰਦੇ ਜਾਣ ਨੂੰ ਵੀ ਦੇਖ ਚੁੱਕੇ ਹਾਂ। ਤੁਹਾਡਾ ਕੀ ਮੰਨਣਾ ਹੈ ਕਿ ਬੇਮਿਸਾਲ ਨਿੱਜੀਕਰਨ ਅਤੇ ਲੰਗੋਟੀਆ ਸਰਮਾਏਦਾਰੀ (ਕਰੋਨੀ ਕੈਪੀਟਲਿਜ਼ਮ) ਵਾਲੀ ਸਿਆਸੀ ਆਰਥਕਤਾ ਵਿਚ ਅਗਲਾ ਰਸਤਾ ਕੀ ਹੋਵੇਗਾ?

**ਕੋਬਾਡ ਗਾਂਧੀ:** ਸਮੱਸਿਆ ਇਹੀ ਹੈ ਕਿ ਅੱਜ ਕੋਈ ਵੀ ਸਿਆਸੀ ਪਾਰਟੀ ਇਸ ਦਾ ਪੂਰੀ ਤਰ੍ਹਾਂ ਵਿਰੋਧ ਨਹੀਂ ਕਰ ਰਹੀ। ਸੀ.ਪੀ.ਆਈ. ਅਤੇ ਸੀ.ਪੀ.ਐਮ. ਨਵਉਦਾਰਵਾਦ ਦਾ ਵਿਰੋਧ ਕਰਦੀਆਂ ਹਨ ਲੇਕਿਨ ਅਸਪਸ਼ਟ ਸ਼ਬਦਾਂ ਵਿਚ। ਹੁਣ ਹਾਲਤ ਉਸ ਤਰ੍ਹਾਂ ਦੀ ਨਹੀਂ ਜਿਵੇਂ ਸਾਡੇ ਜ਼ਮਾਨੇ ਵਿਚ ਸੀ, ਜਦ ਤੁਸੀਂ 'ਅਮੀਰ ਬਨਾਮ ਗਰੀਬ' ਕਹਿੰਦੇ ਸੀ। ਹੁਣ ਇਹ ਓਨਾ ਸੌਖਾ ਨਹੀਂ। ਹੁਣ ਮੁੱਠੀ ਭਰ ਕਾਰਪੋਰੇਟ ਮਾਲਕ ਬਾਕੀ ਸਾਰੇ ਲੋਕਾਂ ਖਿਲਾਫ ਖੜ੍ਹੇ ਹਨ। ਇਹੀ ਕਾਰਨ ਹੈ, ਮੈਂ ਹੁਣ ਵੀ ਕਹਿੰਦਾ ਹਾਂ ਕਿ (ਸਰਮਾਏਦਾਰੀ ਦਾ) ਬਜਾਜ ਮਾਡਲ, ਲੰਗੋਟੀਆ ਸਰਮਾਏਦਾਰੀ ਦੇ ਅਡਾਨੀ-ਅੰਬਾਨੀ ਮਾਡਲ ਨਾਲੋਂ ਬਿਹਤਰ ਹੈ।

ਆਰਥਕ ਤਬਦੀਲੀ ਲਈ ਤੁਹਾਨੂੰ ਸਿਆਸੀ ਪਾਰਟੀ ਦੀ ਲੋੜ ਪੈਂਦੀ ਹੈ ਪਰ ਅਜਿਹਾ ਆਪਣੇ ਆਪ ਨਹੀਂ ਹੁੰਦਾ। ਇਸੇ ਲਈ ਮੈਂ ਕਹਿੰਦਾ ਹਾਂ ਕਿ ਸਾਨੂੰ ਲਗਾਤਾਰ ਵਿਰੋਧ ਕੀਤੇ ਜਾਣ ਦੀ ਲਾਜ਼ਮੀ ਲੋੜ ਹੈ ਜਿਸ ਦਾ ਨਵਉਦਾਰਵਾਦ ਖਿਲਾਫ ਖਰਾ ਤੇ ਸਪਸ਼ਟ ਸਟੈਂਡ ਹੋਵੇ। ਇਸ ਵਕਤ ਜੋ ਕਿਸਾਨ ਅੰਦੋਲਨ ਚੱਲ ਰਿਹਾ ਹੈ, ਪਹਿਲਾਂ ਇਹ ਕਾਂਗਰਸ ਹੀ ਸੀ ਜੋ ਇਸ ਤਰ੍ਹਾਂ ਦੇ ਕਾਨੂੰਨ ਅੱਗੇ ਵਧਾ ਰਹੀ ਸੀ। ਸ਼ਰਦ ਪਵਾਰ (ਸਾਬਕਾ ਖੇਤੀ ਮੰਤਰੀ) ਐਸੇ ਕਾਨੂੰਨ ਅੱਗੇ ਵਧਾਉਣ ਵਾਲੇ ਮੁੱਖ ਯੋਜਨਾ-ਘਾੜਿਆਂ ਵਿਚੋਂ ਇਕ ਰਹੇ ਹਨ, ਤੇ ਹੁਣ ਉਹ ਕਿਸਾਨਾਂ ਦੀ ਹਮਾਇਤ ਕਰ ਰਹੇ ਹਨ; ਬੇਸ਼ੱਕ ਇਹ ਚੰਗੀ ਗੱਲ ਹੈ ਲੇਕਿਨ ਤੁਸੀਂ ਐਸੀਆਂ ਗੱਲਾਂ ਉਪਰ ਭਰੋਸਾ ਨਹੀਂ ਕਰ ਸਕਦੇ। ਨਵਉਦਾਰਵਾਦੀ ਨੀਤੀਆਂ ਹੁਣ ਪਹਿਲਾਂ ਨਾਲੋਂ ਵੀ ਵਧੇਰੇ ਹਮਲਾਵਰ ਹੋ ਚੁੱਕੀਆਂ ਹਨ ਅਤੇ ਉਹ ਹਮਲਾਵਰ ਰੂਪ 'ਚ ਐਸਾ ਕਰ ਸਕਦੇ ਹਨ, ਕਿਉਂਕਿ ਉਹ ਇਸ ਨੂੰ ਰਾਸ਼ਟਰਵਾਦ ਦੇ ਬੈਨਰ ਹੇਠ ਕਰਦੇ ਹਨ। ਜਦ ਮੈਂ ਜੇਲ੍ਹ ਵਿਚ ਸੀ ਮੈਂ ਇਸ ਬਾਰੇ ਲੇਖ ਵੀ ਲਿਖਿਆ ਸੀ- 'ਕੀ ਸੱਚੇ ਰਾਸ਼ਟਰਵਾਦੀ ਕਿਰਪਾ ਕਰ ਕੇ ਉਠਣਗੇ?' ਉਨ੍ਹਾਂ ਨੇ ਆਪਣਾ ਸਰਮਾਇਆ ਵਿਦੇਸ਼ 'ਚ ਸੁਰੱਖਿਅਤ ਕਰ ਲਿਆ, ਉਹ ਮੁਲਕ ਨੂੰ ਲੁੱਟ ਰਹੇ ਹਨ। ਬਰਤਾਨਵੀ ਬਸਤੀਵਾਦੀਆਂ ਨੇ ਜੋ ਕੁਝ ਕੱਲ੍ਹ ਕੀਤਾ ਸੀ, ਉਹੀ ਇਹ ਕਰੋਨੀ ਸਰਮਾਏਦਾਰ ਅੱਜ ਕਰ ਰਹੇ ਹਨ। ਇਹ ਨਵਉਦਾਰਵਾਦ ਦੇ ਸੰਦ ਹਨ। ਫਿਰ ਕੁਲ-ਮਿਲਾ ਕੇ ਸਵਾਲ ਇਹ ਹੈ ਕਿ ਅੱਜ ਕੋਈ ਅਜਿਹਾ ਸਿਆਸੀ ਮੰਚ ਉਭਰੇ ਜਿਸ ਦਾ ਨਵਉਦਾਰਵਾਦ ਬਾਰੇ ਬਾਕਾਇਦਾ ਸਟੈਂਡ ਹੋਵੇ, ਇਸ ਤੋਂ ਬਿਨਾਂ ਤਬਦੀਲੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

**ਸਬਾ ਗੁਰਮਤ:** ਤੁਹਾਡੀ ਕਿਤਾਬ ਪੜ੍ਹ ਰਹੀ ਸੀ ਤਾਂ ਕੁਝ ਗੱਲਾਂ ਉਪਰ ਖਾਸ ਧਿਆਨ ਗਿਆ; ਇਹੀ ਕੁਝ ਅਨੁਰਾਧਾ ਗਾਂਧੀ ਦੀ ਕਿਤਾਬ 'ਸਕ੍ਰਿਪਟਿੰਗ ਦਿ ਚੇਂਜ' ਪੜ੍ਹਨ 'ਤੇ ਵੀ ਹੋਇਆ ਸੀ ਕਿ 'ਖੁਦ ਨੂੰ ਡੀਕਲਾਸ' ਕਰਨ, ਜਮਾਤ ਦੀਆਂ ਨਿਸ਼ਾਨੀਆਂ ਮਿਟਾ ਦੇਣ ਅਤੇ ਲੋਕਾਂ ਦਰਮਿਆਨ ਕੰਮ ਕਰਨ ਨੂੰ ਲੈ ਕੇ ਸੁਚੇਤ ਯਤਨ ਕੀਤੇ ਗਏ। ਅੱਜ ਦੇ ਆਨਲਾਈਨ ਯੁਗ ਵਿਚ ਜਦਕਿ ਵਿਸ਼ੇਸ਼ ਅਧਿਕਾਰ ਅਤੇ ਸਮਾਜੀ ਨਿਆਂ ਨਾਲ ਸਬੰਧਤ ਮੁੱਦਿਆਂ ਬਾਰੇ ਲੱਫਾਜ਼ੀ ਤਾਂ ਆਮ ਸੁਣਨ ਨੂੰ ਮਿਲ ਰਹੀ ਹੈ, ਲੇਕਿਨ ਅਸਲ ਵਿਚ ਕੰਮ ਕਰਨ ਵਾਲੇ ਬਹੁਤ ਥੋੜ੍ਹੇ ਹਨ। ਇਸ ਦੀ ਬਜਾਏ ਆਨਲਾਈਨ ਸਰਗਰਮੀ ਸਾਹਮਣੇ ਆ ਰਹੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਐਸਾ ਕਿਉਂ ਹੋਇਆ?

**ਕੋਬਾਡ ਗਾਂਧੀ:** ਗੱਲ ਇਹ ਹੈ ਕਿ ਪਹਿਲਾਂ ਜਦ ਅਸੀਂ ਕੰਮ ਕਰਦੇ ਸੀ ਤਾਂ ਸਾਡੇ ਸਾਰਿਆਂ ਅੰਦਰ ਬਹੁਤ ਆਦਰਸ਼ਵਾਦ ਸੀ। ਅਸੀਂ ਸਾਰੇ ਗਰੀਬਾਂ ਕੋਲ ਗਏ ਅਤੇ ਉਥੇ ਸਾਦਗੀ ਨਾਲ ਰਹੇ ਲੇਕਿਨ ਮੈਂ ਜਾਣਦਾ ਹਾਂ ਕਿ ਹੁਣ ਬਹੁਤਾ ਕੁਝ ਅਜਿਹਾ ਨਹੀਂ। ਸਾਡੇ ਵਿਚੋਂ ਥੋੜ੍ਹੇ ਹੀ ਸਨ ਜਿਨ੍ਹਾਂ ਨੇ ਅਜਿਹਾ ਕੀਤਾ। ਅਨੂ ਅਤੇ ਮੈਂ ਇੰਦੌਰਾ (ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਦੀ ਬਸਤੀ) ਜਾ ਕੇ ਇਕ ਦਹਾਕੇ ਤੱਕ ਉਥੇ ਰਹਿ ਕੇ ਕੀਤਾ। ਉਦੋਂ ਕਾਰਕੁਨ ਵਜੋਂ ਅਸੂਲ ਇਹ ਸੀ ਕਿ ਜੇ ਪਤੀ ਅਤੇ ਪਤਨੀ ਦੋਨੋਂ ਸਰਗਰਮ ਹਨ ਤਾਂ ਉਹ ਬੱਚੇ ਪੈਦਾ ਨਹੀਂ ਕਰਨਗੇ। ਅਸੀਂ ਆਖਰ ਤੱਕ ਇਸ ਦਾ ਪਾਲਣ ਕੀਤਾ ਕਿਉਂਕਿ ਜੇ ਤੁਹਾਡਾ ਬੱਚਾ ਹੈ ਤਾਂ ਉਸ ਉਪਰ ਵੀ ਧਿਆਨ ਦੇਣਾ ਪੈਂਦਾ ਹੈ; ਜਾਂ ਤੁਸੀਂ ਬੱਚੇ ਨੂੰ ਆਪਣੇ ਮਾਂ-ਪਿਓ ਜਾਂ ਦਾਦਾ-ਦਾਦੀ ਕੋਲ ਛੱਡ ਦਿੰਦੇ ਹੋ। ਇਹ ਕੁਰਬਾਨੀ ਦਾ ਸਿਰਫ ਇਕ ਪਹਿਲੂ ਸੀ ਜੋ ਅਸੀਂ ਦੇਣੀ ਸੀ।

ਆਨਲਾਈਨ ਸਰਗਰਮੀ ਅਤੇ ਅਜਿਹੀਆਂ ਚੀਜ਼ਾਂ ਸੌਖੀਆਂ ਹਨ ਲੇਕਿਨ ਤੁਸੀਂ ਇਸ ਨਾਲ ਹਕੀਕਤ 'ਚ ਗਰੀਬ ਤੋਂ ਗਰੀਬ ਬੰਦੇ ਤੱਕ ਨਹੀਂ ਪਹੁੰਚ ਸਕਦੇ। ਆਨਲਾਈਨ ਮੀਡੀਆ ਉਪਰ ਕੌਣ ਸਰਗਰਮ ਹੈ? ਤੁਸੀਂ ਮੱਧ ਵਰਗ ਦੇ ਇਕ ਹਿੱਸੇ ਨੂੰ ਅਪੀਲ ਕਰ ਰਹੇ ਹੋ, ਸ਼ਾਇਦ ਗਰੀਬਾਂ ਦੇ ਇਕ ਛੋਟੇ ਸਮੂਹ ਨੂੰ ਵੀ; ਲੇਕਿਨ ਤੁਸੀਂ ਕਦੇ ਵੀ ਖੁਦ ਨੂੰ ਉਨ੍ਹਾਂ ਦਰਮਿਆਨ ਸਰਗਰਮ ਰੂਪ ਵਿਚ ਸ਼ਾਮਲ ਨਹੀਂ ਕਰ ਸਕਦੇ। ਡੀਕਲਾਸ ਹੋਣਾ ਜਾਂ ਆਪਣੇ ਜਮਾਤੀ ਮਿਆਰ ਨੂੰ ਛੱਡਣਾ ਸਿਰਫ ਸਰੀਰਕ ਤਬਦੀਲੀ ਨਹੀਂ ਹੈ, ਇਸ ਦਾ ਮਤਲਬ ਹੈ ਹਕੀਕਤ ਵਿਚ ਲੋਕਾਂ ਦਰਮਿਆਨ ਜਾਣਾ ਅਤੇ ਉਥੇ ਕੰਮ ਕਰਨਾ। ਦੇਖੋ, ਮੈਂ ਇੰਨੇ ਸਵੈ-ਵਿਸ਼ਵਾਸ ਨਾਲ ਸਭ ਕੁਝ ਕਿਉਂ ਲਿਖ ਅਤੇ ਕਹਿ ਸਕਦਾ ਹਾਂ, ਜਿਵੇਂ ਮੈਂ ਪਛਾਣ ਦੀ ਸਿਆਸਤ ਬਾਰੇ (ਇਸ ਗੱਲਬਾਤ 'ਚ) ਕਹਿ ਰਿਹਾ ਹਾਂ, ਜੋ ਖੱਬੇ ਪੱਖੀਆਂ ਦੇ ਇਕ ਤਬਕੇ ਦੇ ਹਲਕ ਵਿਚੋਂ ਬਿਲਕੁਲ ਨਹੀਂ ਲੰਘੇਗਾ? ਅਜਿਹਾ ਇਸ ਲਈ, ਕਿਉਂਕਿ ਅਸੀਂ ਕਈ ਦਹਾਕੇ ਗੁਜ਼ਾਰੇ ਹਨ ਅਤੇ ਲੋਕਾਂ ਦੇ ਵਿਚ ਰਹੇ ਹਾਂ, ਜੋ ਦੂਜਿਆਂ ਨੇ ਬਸ ਨਹੀਂ ਕੀਤਾ।

ਮੈਨੂੰ ਲੱਗਦਾ ਹੈ, ਖਾਸ ਕਰ ਕੇ 1990ਵਿਆਂ ਦੇ ਦਹਾਕੇ ਵਿਚ ਨਵਉਦਾਰਵਾਦ ਆਉਣ ਮਗਰੋਂ ਅਸੀਂ ਇਕ ਦੂਜੇ ਤੋਂ ਅਲੱਗ-ਥਲੱਗ ਹੋ ਗਏ ਹਾਂ। ਉਸ ਤਰ੍ਹਾਂ ਦਾ ਆਦਰਸ਼ਵਾਦ ਮੈਨੂੰ ਨਜ਼ਰ ਨਹੀਂ ਆਉਂਦਾ, ਹਾਲਾਂਕਿ ਮੈਨੂੰ ਸਮਾਜ ਵਿਚ ਬੇਚੈਨੀ ਦਿਖਾਈ ਦਿੰਦੀ ਹੈ। ਅਨੂ ਅਤੇ ਮੈਂ ਆਪਣੀ ਸਾਰੀ ਜਾਇਦਾਦ ਅਤੇ ਸਭ ਕੁਝ ਤਿਆਗ ਕੇ ਇਸ ਪਾਸੇ ਚੱਲੇ ਸੀ। ਸਾਡੇ ਕੋਲ ਚੰਗਾ ਪੱਖ ਇਹ ਸੀ ਕਿ ਅਸੀਂ ਜਿਸ ਪਰਿਵਾਰ ਵਿਚੋਂ ਸੀ, ਉਹ ਸਿਆਸੀ ਤੌਰ 'ਤੇ ਸਾਡੇ ਖਿਆਲਾਂ ਦੇ ਖਿਲਾਫ ਨਹੀਂ ਸੀ ਅਤੇ ਹਰ ਸੰਭਵ ਤਰੀਕੇ ਨਾਲ ਉਹ ਸਾਡੀ ਹਮਾਇਤ ਕਰਦਾ ਸੀ। ਇਹ ਬਹੁਤ ਅਹਿਮ ਹੈ।

**ਸਬਾ ਗੁਰਮਤ:** ਤੁਸੀਂ ਦੌਲਤ ਦੀ ਆਲਮੀ ਨਾ-ਬਰਾਬਰੀ ਅਤੇ ਕੋਵਿਡ ਤੋਂ ਬਾਅਦ ਉਪਜੇ ਸੰਕਟ, ਖਾਸ ਕਰ ਕੇ ਪਰਵਾਸੀ ਮਜ਼ਦੂਰਾਂ ਬਾਰੇ ਜ਼ੋਰਦਾਰ ਤਰੀਕੇ ਨਾਲ ਲਿਖਿਆ। ਕੀ ਤੁਸੀਂ ਇਨ੍ਹਾਂ ਤਮਾਮ ਵਰਤਾਰਿਆਂ ਦੌਰਾਨ ਮੁੜ ਸਿਆਸੀ ਕੰਮ ਕਰਨ ਬਾਰੇ ਸੋਚਿਆ ਹੈ? ਆਪਣੀ ਅਗਲੀ ਜ਼ਿੰਦਗੀ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਹੋ?

**ਕੋਬਾਡ ਗਾਂਧੀ:** ਮੈਨੂੰ ਲੱਗਦਾ, ਕਮਿਊਨਿਸਟਾਂ ਨੂੰ ਵੀ ਇਕ ਖਾਸ ਉਮਰ ਵਿਚ ਰਿਟਾਇਰ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਅੱਸੀ ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਹੋ ਜਾਣ ਤੱਕ ਸਰਗਰਮ ਨਹੀਂ ਰਹਿਣਾ ਚਾਹੀਦਾ। ਮੈਂ 74 ਸਾਲ ਦਾ ਹਾਂ, ਛੇਤੀ ਹੀ 75 ਸਾਲ ਦਾ ਹੋ ਜਾਵਾਂਗਾ, ਗੱਲ ਇਹ ਹੈ ਕਿ ਮੈਂ ਹੁਣ ਲਿਖਣ ਦੇ ਜ਼ਰੀਏ ਵਧੇਰੇ ਯੋਗਦਾਨ ਪਾਉਣਾ ਹੈ। ਇਸ ਉਮਰ ਵਿਚ ਜ਼ਮੀਨੀ ਪੱਧਰ 'ਤੇ ਵਾਪਸ ਜਾ ਕੇ ਕੰਮ ਕਰਨ ਦਾ ਕੋਈ ਸਵਾਲ ਨਹੀਂ ਹੈ, ਮੇਰੇ ਅੰਦਰ ਹੁਣ ਓਨੀ ਸਮਰੱਥਾ ਵੀ ਨਹੀਂ ਹੈ। ਮੇਰੀ ਸਿਹਤ ਹੁਣ ਅਜਿਹੀ ਨਹੀਂ। ਇਸ ਕਾਰਜ ਲਈ ਬਹੁਤ ਕੋਸ਼ਿਸ਼ ਕਰਨੀ ਪਵੇਗੀ। ਫਿਰ ਮੇਰੇ ਕੰਮ ਲਈ ਕੋਈ ਮਾਹੌਲ ਵੀ ਨਹੀਂ ਹੈ। ਜੇ ਕੋਈ ਬੜਾ (ਸਿਆਸੀ) ਮਾਹੌਲ ਸੀ, ਕੋਈ ਘੇਰਾ ਸੀ ਜਾਂ ਇਸ ਤਰ੍ਹਾਂ ਦਾ ਕੁਝ ਹੈ ਤਾਂ ਮੈਨੂੰ ਨਹੀਂ ਪਤਾ। ਮੈਨੂੰ ਇਹ ਵੀ ਲੱਗਦਾ ਹੈ ਕਿ ਆਪਣੇ ਅਨੁਭਵਾਂ ਨੂੰ ਲਿਖ ਕੇ ਹੀ ਮੈਂ ਜ਼ਿਆਦਾ ਯੋਗਦਾਨ ਦਿਆਂਗਾ।

ਮੈਨੂੰ ਇਹ ਵੀ ਲੱਗਦਾ ਕਿ ਵਰਤਮਾਨ 'ਚ ਦੋ ਤਰ੍ਹਾਂ ਦੇ ਬੁੱਧੀਜੀਵੀ ਹਨ। ਇਕ ਕਿਸੇ ਵੀ ਚੀਜ਼ ਉਪਰ ਸਵਾਲ ਨਹੀਂ ਕਰਨਾ ਚਾਹੁੰਦੇ ਅਤੇ ਦੂਜੇ ਜੋ ਕਿਸੇ ਵੀ ਬੁਨਿਆਦੀ ਤਬਦੀਲੀ ਨੂੰ ਨਕਾਰਦੇ ਹਨ, ਤੇ ਮੋਹ-ਭੰਗ ਦੀ ਹਾਲਤ ਵਿਚ ਹਨ। ਇਹ ਸੱਚ ਹੈ ਕਿ ਕਮਿਊਨਿਜ਼ਮ ਨੂੰ ਭਿਅੰਕਰ ਪਛਾੜਾਂ ਲੱਗੀਆਂ ਹਨ ਲੇਕਿਨ ਸਰਮਾਏਦਾਰੀ ਪਹਿਲਾਂ ਨਾਲੋਂ ਵੀ ਜ਼ਿਆਦਾ ਸੜਿਆਂਦ ਦੀ ਹਾਲਤ ਹੈ, ਤੇ ਹੋਰ ਵੀ ਘਿਨਾਉਣੀ ਬਣ ਚੁੱਕੀ ਹੈ। ਮੌਜੂਦਾ ਸੰਕਟ ਦਾ ਜਵਾਬ ਸਮਾਜਵਾਦ ਦੇ ਰਸਤੇ ਨਾਲ ਹੀ ਮਿਲੇਗਾ। ਸਰਮਾਏਦਾਰੀ ਅੰਦਰ ਖੋਟ ਹੈ, ਇਸ ਨੂੰ ਸੁਧਾਰਨ ਅਤੇ ਇਸ ਨੂੰ ਮਾਨਵੀ ਬਣਾਉਣ ਦੀ ਕੋਈ ਗੁੰਜਾਇਸ਼ ਨਹੀਂ ਹੈ।

ਪ੍ਰੇਸ਼ਾਨੀ ਇਹ ਹੈ ਕਿ ਜ਼ਿਆਦਾਤਰ ਖੱਬਾ ਪੱਖ ਬੁਰੀ ਤਰ੍ਹਾਂ ਪਾਟੋ-ਧਾੜ ਦਾ ਸ਼ਿਕਾਰ ਹੈ ਅਤੇ ਫੁੱਟ ਦਾ ਸਿਲਸਿਲਾ ਜਾਰੀ ਹੈ। ਸਵਾਲ ਹੈ, ਕਿਉਂ? ਜਦ ਅਸੀਂ ਬਹੁਤ ਵੱਡੇ ਕਾਜ ਲਈ ਆ ਰਹੇ ਹਾਂ ਤਾਂ ਸਾਨੂੰ ਇਕਜੁੱਟ ਹੋਣ ਦੇ ਸਮਰੱਥ ਹੋਣਾ ਚਾਹੀਦਾ ਹੈ! ਜੇ ਆਮ ਉਦਾਰਵਾਦੀ ਵੀ ਕਿਸੇ ਚੀਜ਼ ਖਾਤਰ ਇਕਜੁੱਟ ਹੋ ਸਕਦੇ ਹਨ ਤਾਂ ਅਸੀਂ ਜੋ ਇਨਕਲਾਬੀ ਤਬਦੀਲੀ ਲਿਆਉਣ ਦੀ ਗੱਲ ਕਰ ਰਹੇ ਹਾਂ, ਅਸੀਂ ਇਕੱਠੇ ਹੋਣ ਵਿਚ ਅਸਮਰੱਥ ਕਿਉਂ ਹਾਂ? ਮੇਰਾ ਮੰਨਣਾ ਹੈ ਕਿ ਇਸ ਦਾ ਕਾਰਨ ਜ਼ਿੰਦਗੀ ਅਤੇ ਲੋਕਾਂ ਪ੍ਰਤੀ ਸਾਡੇ ਨਜ਼ਰੀਏ ਵਿਚ ਹੈ, ਇਹੀ ਕਾਰਨ ਹੈ ਕਿ ਮੈਂ ਆਪਣੀ ਕਿਤਾਬ ਵਿਚ ਤਬਦੀਲੀ ਦੇ ਕਿਸੇ ਵੀ ਪ੍ਰੋਜੈਕਟ ਲਈ ਖੁਸ਼ੀ, ਸੁਤੰਤਰਤਾ ਅਤੇ ਮੁੱਲ ਪ੍ਰਣਾਲੀਆਂ ਨੂੰ ਕੇਂਦਰ ਵਿਚ ਰੱਖ ਕੇ ਚਰਚਾ ਕੀਤੀ ਹੈ। ਮੈਨੂੰ ਯਕੀਨ ਹੈ ਕਿ ਲੋਕ ਕਹਿਣਗੇ ਕਿ ਇਹ ਬਹਿਸ ਦਾ ਮੁੱਦਾ ਹੈ। ਇਉਂ ਮੈਂ ਕਹਿ ਸਕਦਾ ਹਾਂ, ਆਓ ਇਸ ਉਪਰ ਬਹਿਸ ਕਰੀਏ।

ਦੂਜੀ ਤਰ੍ਹਾਂ ਦਾ ਸ਼ਖਸ ਉਹ ਹੈ ਜੋ ਪੂਰੀ ਤਰ੍ਹਾਂ ਨਿਰਾਸ਼ਾਵਾਦੀ ਹੋ ਜਾਂਦਾ ਹੈ। ਉਹ ਦੋ ਸਿਰਿਆਂ 'ਤੇ ਜਿਊਂਦਾ ਹੈ; ਜਾਂ ਤਾਂ ਅੰਨ੍ਹਾ ਵਫਾਦਾਰ ਬਣ ਕੇ ਜਾਂ ਫਿਰ ਨਿਰਾਸ਼ਾਵਾਦੀ ਹੋ ਕੇ; ਜਦਕਿ ਮੈਂ ਹਮੇਸ਼ਾ ਇਨ੍ਹਾਂ ਦੋ ਸਿਰਿਆਂ ਦੇ ਵਿਚਕਾਰ ਰਿਹਾ ਹਾਂ। ਨਾਲ ਹੀ, ਜ਼ਿਆਦਾਤਰ ਲੋਕ ਚਾਰ ਜਾਂ ਪੰਜ ਸਾਲ ਬਾਅਦ ਜੇਲ੍ਹ ਤੋਂ ਬਾਹਰ ਆਉਂਦੇ ਹਨ, ਫਿਰ ਉਹ ਜਾਂ ਤਾਂ ਪੂਰੀ ਤਰ੍ਹਾਂ ਚੁੱਪ ਹੋ ਜਾਂਦੇ ਹਨ, ਤੇ ਜਾਂ ਫਿਰ ਨਾਂਹਪੱਖੀ ਹੋ ਜਾਂਦੇ ਹਨ, ਜਾਂ ਉਨ੍ਹਾਂ ਦਾ ਮੋਹ ਭੰਗ ਹੋ ਜਾਂਦਾ ਹੈ। ਮੈਨੂੰ ਲੱਗਦਾ ਹੈ, ਸਮਾਜਵਾਦ ਹੀ ਸਹੀ ਜਵਾਬ ਹੈ। ਇਸ ਦੇ ਰਸਤਿਆਂ ਨੂੰ ਲੈ ਕੇ ਬਹਿਸ ਕੀਤੀ ਜਾ ਸਕਦੀ ਹੈ, ਕਿਉਂਕਿ ਅਸੀਂ ਦੇਖਿਆ ਹੈ ਕਿ ਕਿੰਨੇ ਹੀ ਤਰੀਕੇ ਸਫਲ ਨਹੀਂ ਹੋਏ। ਇਸ ਲਈ ਮੈਂ ਆਪਣੀ ਜ਼ਿੰਦਗੀ ਦੇ ਇਸ ਮੋੜ 'ਤੇ ਆਪਣੇ ਪੰਜਾਹ ਸਾਲ ਦੇ ਅਨੁਭਵ ਅਤੇ ਸਰਗਰਮੀ ਨੂੰ ਸਮੇਟ ਕੇ ਇਨ੍ਹਾਂ ਸਵਾਲਾਂ ਉਪਰ ਲਿਖਣਾ ਅਤੇ ਗੌਰ ਕਰਨਾ ਚਾਹੁੰਦਾ ਹਾਂ।



ਜੇਲ੍ਹ ਦੌਰਾਨ ਕੋਬਾਡ ਗਾਂਧੀ।

# ਮੁਸੀਬਤਾਂ ਨਾਲ ਮੁਕਾਬਲਾ 'ਪਲੇਗ'

**ਕਲਾ ਪਰਿਕਰਮਾ**

ਸੰਸਾਰ ਪ੍ਰਸਿੱਧ ਲਿਖਾਰੀ ਐਲਬਰਟ ਕਾਮੂ ਦਾ ਨਾਵਲ 'ਪਲੇਗ' (ਪੰਜਾਬੀ ਵਿਚ ਅਨੁਵਾਦ ਡਾ. ਗੁਰਮੀਤ ਸਿੰਘ ਸਿੱਧੂ) ਮੈਨੂੰ ਉਨ੍ਹਾਂ ਦਿਨਾਂ ਵਿਚ ਪੜ੍ਹਨਾ ਪਿਆ, ਜਦੋਂ ਪੂਰੀ ਦੁਨੀਆ ਵਿਚ ਕਰੋਨਾ ਮਹਾਂਮਾਰੀ ਸਿਖਰ 'ਤੇ ਤਾਂ ਨਹੀਂ ਸੀ ਰਹੀ ਪਰ ਅਜੇ ਕਿਧਰੇ ਗਈ ਵੀ ਨਹੀਂ। ਨਾਵਲ ਜ਼ਿੰਦਗੀ ਅਤੇ ਮੌਤ ਵਿਚਕਾਰਲੇ ਫਾਸਲੇ ਨੂੰ ਬੜੇ ਕਲਾਤਮਿਕ ਅਤੇ ਦਾਰਸ਼ਨਿਕ ਢੰਗ ਨਾਲ ਪੇਸ਼ ਕਰਦਾ ਹੈ। ਵੀਹਵੀਂ ਸਦੀ ਦੇ ਅੱਧ ਵਿਚ ਆਇਆ ਇਹ ਨਾਵਲ ਪੜ੍ਹਦਿਆਂ ਮੈਂ ਵਾਰ-ਵਾਰ ਇੱਕੀਵੀਂ ਸਦੀ ਦੇ ਮੌਜੂਦਾ ਸਮੇਂ ਨਾਲ ਤੁਲਨਾ ਕਰਨ ਲੱਗ ਪੈਂਦਾ ਸੀ। ਕੁਝ



ਘਟਨਾਵਾਂ ਤਾਂ ਅੱਜ ਦੀ ਕਰੋਨਾ ਮਹਾਂਮਾਰੀ ਨਾਲ ਇੰਨੀਆਂ ਢੁਕਵੀਆਂ ਹਨ, ਲੱਗਦਾ ਹੈ ਜੇ 'ਪਲੇਗ' ਨਾਵਲ ਦਾ ਨਾਮ 'ਕਰੋਨਾ' ਕਰ ਦਿੱਤਾ

**ਬਲਦੇਵ ਸਿੰਘ ਸੜਕਨਾਮਾ**
**ਫੋਨ: +91-98147-83069**

ਜਾਵੇ ਤੇ ਕਥਾ ਬਿਰਤਾਂਤ ਵਿਚੋਂ ਚੂਹੇ ਖਾਰਜ ਕਰ ਦਿੱਤੇ ਜਾਣ ਤਾਂ ਇਹ ਵਰਤਮਾਨ ਕਰੋਨਾ ਮਹਾਂਮਾਰੀ ਬਾਰੇ ਮਹੱਤਵਪੂਰਨ ਰਚਨਾ ਹੋ ਸਕਦੀ ਹੈ।


ਕਾਮੂ ਨੇ 'ਪਲੇਗ' ਨਾਵਲ ਪੰਜ ਭਾਗਾਂ ਵਿਚ ਵੰਡਿਆ ਹੈ। ਨਾਵਲ ਦੀਆਂ ਘਟਨਾਵਾਂ ਛੋਟੇ ਜਿਹੇ ਸ਼ਹਿਰ ਓਰੇਨ (ਅਲਜੀਰੀਆ) ਵਿਚ ਵਾਪਰਦੀਆਂ ਹਨ। ਨਾਵਲ ਦੇ ਮੁੱਖ ਪਾਤਰ ਡਾ. ਰੀਊ ਦੀ ਪਤਨੀ ਬਿਮਾਰ ਹੈ। ਸਿਹਤਯਾਬੀ ਲਈ ਉਸ ਨੂੰ ਕਿਸੇ ਪਹਾੜੀ ਸਥਾਨ 'ਤੇ ਭੇਜ ਦਿੱਤਾ ਜਾਂਦਾ ਹੈ। ਉਦੋਂ ਸ਼ਹਿਰ ਵਿਚ ਪਲੇਗ ਨੇ ਆਪਣੀ ਦਸਤਕ ਦੇ ਦਿੱਤੀ ਸੀ। ਡਾ. ਰੀਊ ਆਪਣੇ ਘਰ ਦੀਆਂ ਪੌੜੀਆਂ ਵਿਚ ਮਰਿਆ ਚੂਹਾ ਦੇਖਦਾ ਹੈ ਤੇ ਫਿਰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਮਰੇ ਅਤੇ ਮਰ ਰਹੇ ਚੂਹਿਆਂ ਦੀਆਂ ਸੂਚਨਾਵਾਂ ਆਉਣ ਲੱਗਦੀਆਂ ਹਨ। ਸੜਕ ਦੇ ਦੋਹੀਂ ਪਾਸੀਂ ਮਰੇ ਚੂਹਿਆਂ ਦੀਆਂ ਢੇਰੀਆਂ ਦਿਸਦੀਆਂ ਹਨ ਤੇ ਕੂੜੇਦਾਨ ਵੀ ਮਰੇ ਚੂਹਿਆਂ ਨਾਲ ਭਰ ਜਾਂਦੇ ਹਨ।

ਲੋਕ ਬਿਮਾਰ ਹੋਣ ਲੱਗਦੇ ਹਨ, ਕੁਝ ਮਰਨ ਲਗਦੇ ਹਨ ਤੇ ਨਾਵਲ ਦਾ ਪਹਿਲਾ ਭਾਗ ਖਤਮ ਹੁੰਦਿਆਂ ਇਸ ਰਹੱਸਮਈ ਬਿਮਾਰੀ ਦਾ 'ਪਲੇਗ' ਨਾਮਕਰਨ ਹੁੰਦਾ ਹੈ। ਨਾਵਲ ਦੇ ਅਗਲੇ ਭਾਗਾਂ ਵਿਚ ਪਲੇਗ ਫੈਲਦੀ ਜਾਂਦੀ ਹੈ, ਬਿਮਾਰ ਲੋਕਾਂ ਵਿਚ ਵਾਧਾ ਹੁੰਦਾ ਜਾਂਦਾ ਹੈ, ਮੌਤਾਂ ਦੀ ਗਿਣਤੀ ਵੀ ਵਧਦੀ ਹੈ। ਡਾ. ਰੀਊ ਬਿਮਾਰਾਂ ਨੂੰ ਪਰਿਵਾਰ ਤੋਂ ਅਲੱਗ ਰੱਖਣ ਦੀ ਸਲਾਹ ਦਿੰਦਾ ਹੈ। ਲੋਕ ਇਕ ਦੂਸਰੇ ਨੂੰ ਛੂਹਣ ਤੋਂ ਡਰਨ ਲੱਗਦੇ ਹਨ। ਮਾਸਕ ਪਹਿਨਦੇ ਹਨ। ਰਾਤ ਦਾ ਕਰਫਿਊ ਲਗਾ ਦਿੱਤਾ ਜਾਂਦਾ ਹੈ। ਨਾਵਲ ਦਾ ਇਹ ਹਿੱਸਾ ਪੜ੍ਹਦਿਆਂ ਅੱਜ ਦਾ ਲੌਕਡਾਊਨ, ਕਰਫਿਊ, ਕੁਆਰੰਟਾਈਨ ਆਦਿ ਜ਼ਿਹਨ ਵਿਚ ਆ ਜਾਂਦਾ ਹੈ।

'ਪਲੇਗ' ਨਾਵਲ ਇਸ ਦਾਰਸ਼ਨਿਕ ਆਧਾਰ ਉਪਰ ਉਸਰਿਆ ਹੋਇਆ ਹੈ ਕਿ ਬਿਮਾਰੀ ਕਿੰਨੀ ਵੀ ਘਾਤਕ ਹੋਵੇ, ਮਰੀਜ਼ ਕਿੰਨੀ ਵੀ ਤਕਲੀਫ ਵਿਚ ਹੋਵੇ, ਉਹ ਮਰਨਾ ਨਹੀਂ ਚਾਹੁੰਦਾ।



ਮਸ਼ਹੂਰ ਨਾਵਲ 'ਪਲੇਗ' ਦਾ ਲਿਖਾਰੀ ਐਲਬਰਟ ਕਾਮੂ।




ਪੰਜਾਬੀ ਵਿਚ ਛਪੇ 'ਪਲੇਗ' ਦਾ ਮੁਖੜਾ।

ਕਾਮੂ ਨੇ ਮੈਜਿਸਟਰੇਟ ਦੇ ਇਕ ਬੱਚੇ ਅਤੇ ਆਪਣੇ ਦੋਸਤ ਤਾਰੋ ਦੀ ਮੌਤ ਨੂੰ ਇੰਨੀ ਸੰਵੇਦਨਾ ਨਾਲ ਬਿਆਨ ਕੀਤਾ ਹੈ, ਪਾਠਕਾਂ ਨੂੰ ਲੱਗਦਾ ਹੈ ਜਿਵੇਂ ਇਹ ਮੌਤਾਂ ਉਨ੍ਹਾਂ ਦੇ ਸਾਹਮਣੇ ਹੋ ਰਹੀਆਂ ਹਨ। ਇਕ-ਇਕ ਪਲ ਦਾ ਬਿਆਨ ਤੇ ਜ਼ਿੰਦਗੀ ਲਈ ਉਨ੍ਹਾਂ ਦੀ ਤੜਫਾਹਟ ਨੂੰ ਕਾਮੂ ਨੇ ਮੌਤ ਦੇ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ।

ਡਾ. ਰੀਊ ਦੇ ਸਹਿਯੋਗੀ, ਤਾਰੋ ਡਾਇਰੀ ਲੇਖਕ ਹੈ, ਰਾਮਬਰਟ ਪੱਤਰਕਾਰ ਹੈ। ਇਕ ਬੁੱਢਾ ਕਲਰਕ ਹੈ ਗ੍ਰੈਂਡ, ਕੋਤਾਰਦ ਹੈ ਜਿਸ ਨੂੰ ਪਲੇਗ ਮਹਾਂਮਾਰੀ ਬੜੀ ਰਾਸ ਆਈ ਹੈ ਤੇ ਉਹ ਖੂਬ ਕਮਾਈ ਕਰ ਰਿਹਾ ਹੈ। ਇਕ ਖਿਡਾਰੀ ਹੈ ਗੋਜੇਲ। ਕਾਮੂ ਦੀ ਬਿਰਧ ਔਰਤਾਂ ਜਾਂ ਮਾਤਾਵਾਂ ਪ੍ਰਤੀ ਵਿਸ਼ੇਸ਼ ਹਮਦਰਦੀ ਹੈ। ਡਾ. ਰੀਊ ਦੀ ਵੀ ਆਪਣੀ ਮਾਂ ਪ੍ਰਤੀ ਸਦਾ ਫਿਕਰ ਰਹਿੰਦੀ ਹੈ। ਮਾਂ ਵੀ ਡਾਕਟਰ ਦੇ ਦੋਸਤ ਤਾਰੋ ਨੂੰ ਆਪਣੇ ਪੁੱਤ ਵਾਂਗ ਸਨੇਹ ਕਰਦੀ ਹੈ। ਇਨ੍ਹਾਂ ਪਾਤਰਾਂ ਰਾਹੀਂ ਕਾਮੂ ਇਸ ਮਹਾਂਮਾਰੀ ਦੌਰਾਨ ਹਰ ਉਸ ਕੋਨੇ ਵੱਲ ਝਾਤ ਪੁਆਉਂਦਾ ਹੈ ਜੋ ਇਸ ਪਲੇਗ ਕਾਰਨ ਪ੍ਰਭਾਵਿਤ ਹੋਏ ਹਨ। ਦਰਅਸਲ, ਇਨ੍ਹਾਂ ਪਾਤਰਾਂ ਰਾਹੀਂ ਕਾਮੂ ਨੇ ਆਪਣੀ ਵਿਲੱਖਣ ਸ਼ਖਸੀਅਤ ਦਾ ਹੀ ਪ੍ਰਗਟਾਵਾ ਕੀਤਾ ਹੈ।


ਡਾ. ਰੀਊ ਸਮਝਾਉਂਦਾ ਹੈ, ਪਰਹੇਜ਼ ਰੱਖਣਾ ਚਾਹੀਦਾ ਹੈ। ਪਲੇਗ ਦਾ ਮਰੀਜ਼ ਪਹਿਲਾਂ ਥਕਾਵਟ ਮਹਿਸੂਸ ਕਰਦਾ ਹੈ, ਫਿਰ ਬੇਹੋਸ਼ੀ, ਫਿਰ ਕੱਛਾਂ ਵਿਚ ਗਿਲਟੀਆਂ, ਫਿਰ ਸਾਹ ਲੈਣਾ ਔਖਾ, ਫਿਰ ਸਰੀਰ ਉਪਰ ਕਾਲੇ ਧੱਬੇ, ਅਕੜਾਅ, ਫਿਰ ਦਮ ਘੁਟਣਾ ਤੇ ਖਤਮ। ਡਾਕਟਰ ਕਹਿੰਦਾ ਹੈ, ਰੋਗੀ ਨੂੰ ਪਰਿਵਾਰ ਤੋਂ ਵੱਖ ਹੋਣਾ ਲਾਜ਼ਮੀ ਹੈ। ਬਿਮਾਰਾਂ ਦੇ ਘਰਾਂ ਨੂੰ ਦਵਾਈ ਛਿੜਕ ਕੇ ਕੀਟਾਣੂ ਰਹਿਤ ਕੀਤਾ ਜਾਵੇ। 40 ਦਿਨਾਂ ਲਈ ਇਕਾਂਤਵਾਸ ਕੀਤਾ ਜਾਵੇ। ...ਇਹ ਸਭ ਕਰੋਨਾ ਦੌਰ ਵਿਚ ਅਸੀਂ ਵੀ ਭੋਗ ਰਹੇ ਹਾਂ। ਕਮਾਲ ਦੀ ਗੱਲ ਹੈ, ਤਾਰੋ ਆਪਣੀ ਡਾਇਰੀ ਵਿਚ ਲਿਖਦਾ ਹੈ: "ਚੀਨ ਵਿਚ ਲੋਕ ਅਜਿਹੇ ਸਮੇਂ ਪਲੇਗ ਦੇ ਦੇਵਤੇ ਅੱਗੇ ਡਫਲੀ ਵਜਾਉਣ ਲੱਗਦੇ ਹਨ।" ...ਤੇ ਅਸੀਂ ਵੀ ਕਰੋਨਾ ਅੱਗੇ ਤਾਲੀਆਂ ਤੇ ਥਾਲੀਆਂ ਵਜਾਈਆਂ, ਮੋਮਬੱਤੀਆਂ ਜਲਾਈਆਂ। ਸੋਚ ਸਕਦੇ ਹਾਂ, ਲਗਪਗ 100 ਸਾਲਾਂ ਬਾਅਦ ਵੀ ਅਸੀਂ ਕਿੰਨਾ ਕੁ ਵਿਕਾਸ ਕੀਤਾ ਹੈ!


ਗਿਰਜਾਘਰ ਦਾ ਪਾਦਰੀ ਪ੍ਰਵਚਨ ਕਰਦਾ ਹੈ: "ਮੇਰੇ ਭਾਈਓ! ਖੁਦਾ ਦੀ ਮਿਹਰਬਾਨੀ ਤੁਹਾਡੇ ਦਰ 'ਤੇ ਆਈ ਹੈ। ਜਿਸ ਨੇ ਸਭ ਨੇਕੀ ਤੇ ਬਦੀ, ਗੁੱਸਾ ਤੇ ਰਹਿਮ, ਪਲੇਗ ਤੇ ਤੰਦਰੁਸਤੀ ਪੈਦਾ ਕੀਤੇ ਹਨ। ਇਹ ਮਹਾਂਮਾਰੀ ਤੁਹਾਨੂੰ ਤਬਾਹ ਕਰਨ ਦੇ ਨਾਲ-ਨਾਲ ਤੁਹਾਡਾ ਭਲਾ ਵੀ ਕਰ ਰਹੀ ਹੈ ਅਤੇ ਤੁਹਾਨੂੰ ਸਹੀ ਮਾਰਗ ਦਿਖਾ ਰਹੀ ਹੈ।"


ਅਜਿਹੀ ਸੋਚ ਵਾਲੇ ਮਹਾਂਪੁਰਸ਼ ਉਦੋਂ ਵੀ ਸਨ, ਹੁਣ ਵੀ ਹਨ। ਅਜਿਹੀਆਂ ਮਹਾਂਮਾਰੀਆਂ ਲੋਕਾਂ ਦੀ ਸੋਚ ਅਤੇ ਜੀਵਨ-ਜਾਚ ਨੂੰ ਬਦਲ ਦਿੰਦੀਆਂ ਹਨ। ਪੱਤਰਕਾਰ ਰਾਮਬਰਟ ਓਰੇਨ ਸ਼ਹਿਰ ਵਿਚ ਫਸ ਜਾਂਦਾ ਹੈ ਤੇ ਇੱਥੋਂ ਨਿਕਲਣ ਦੀ ਹਰ ਸੰਭਵ - ਕਾਨੂੰਨੀ, ਗੈਰ-ਕਾਨੂੰਨੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਉਹ ਪਲੇਗ ਦੀ ਮਾਰ ਹੇਠ ਆਏ ਲੋਕਾਂ ਅਤੇ ਡਾ. ਰੀਊ ਨੂੰ ਦੇਖਦਾ ਹੈ ਜੋ ਮਰੀਜ਼ਾਂ ਨੂੰ ਬਚਾਉਣ ਲਈ ਨਾ ਆਪਣੀ ਸਿਹਤ ਦਾ ਖਿਆਲ ਕਰਦਾ ਹੈ, ਨਾ ਦਿਨ-ਰਾਤ ਦਾ; ਤਾਂ ਰਾਮਬਰਟ ਉਥੋਂ ਨਿਕਲਣ ਦਾ ਵਿਚਾਰ ਬਦਲ ਲੈਂਦਾ ਹੈ ਤੇ ਡਾ. ਰੀਊ ਦਾ ਸਹਿਯੋਗੀ ਬਣ ਕੇ ਕੰਮ ਕਰਨ ਲੱਗਦਾ ਹੈ।

ਡਾ. ਰੀਊ ਆਪਣੇ ਮਿਸ਼ਨ ਨੂੰ ਇੰਨਾ ਸਮਰਪਿਤ ਹੈ, ਉਸ ਨੂੰ ਆਪਣੀ ਪਤਨੀ ਬਾਰੇ ਤਾਰ ਮਿਲਦੀ ਹੈ: 'ਉਹ ਨਹੀਂ ਰਹੀ'। ਇਕ ਦੋ ਪਲਾਂ ਦੀ ਮੌਨ ਸ਼ਰਧਾਂਜਲੀ ਤੋਂ ਬਾਅਦ ਉਹ ਫਿਰ ਆਪਣੇ ਮਰੀਜ਼ਾਂ ਦੀ ਦੇਖ-ਭਾਲ ਵਿਚ ਲੱਗ ਜਾਂਦਾ ਹੈ। ਜ਼ਿੰਦਗੀ ਮੌਤ ਦੇ ਸੰਘਰਸ਼ ਵਿਚ ਡਾ. ਰੀਊ ਭਾਵੇਂ ਆਪਣੇ ਕੁਝ ਸਾਥੀ ਗੁਆ ਲੈਂਦਾ ਹੈ ਪਰ ਆਪਣੇ ਫਰਜ਼ਾਂ ਤੋਂ ਉਹ ਮੁੱਖ ਨਹੀਂ ਮੋੜਦਾ।

ਕਲਾਸੀਕਲ ਸਾਹਿਤ ਵਿਚ ਇਹ ਗੁਣ ਹੁੰਦਾ ਹੈ ਕਿ ਉਹ ਭੂਤ, ਵਰਤਮਾਨ ਅਤੇ ਭਵਿੱਖ ਦੇ ਸਮਿਆਂ ਵਿਚ ਪ੍ਰਸੰਗਿਕ ਹੁੰਦਾ ਹੈ। 'ਪਲੇਗ' ਨਾਵਲ ਅਜਿਹਾ ਹੀ ਹੈ।



ਖੱਬਿਓ: ਫਰਾਂਸੀਸੀ ਤੇ ਅੰਗਰੇਜ਼ੀ ਵਿਚ ਛਪੇ ਨਾਵਲ 'ਪਲੇਗ' ਦੇ ਸਰਵਰਕ ਅਤੇ ਓਰੇਨ ਸ਼ਹਿਰ ਵਿਚ ਲੇਖਕ ਕਾਮੂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-479



*ਹੱਕ ਲੈਣ ਲਈ ਵਿੱਢੇ ਸੰਘਰਸ਼ ਕਰਕੇ*
*ਬੇਬੇ-ਬਾਪੂ ਵੀ ਬਹਿ ਗਏ ਆ ਸੜਕ ਉੱਤੇ।*
*ਦ੍ਰਿਸ਼ ਦੱਸਦਾ ਫਰਕ ਨਾ ਪਿਆ ਭੋਰਾ*
*ਜੂਝਣ ਵਾਲੇ ਪੰਜਾਬ ਦੀ ਮੜ੍ਹਕ ਉੱਤੇ!*

## ਕੈਪਸ਼ਨ ਮੁਕਾਬਲਾ-477



ਸੋਨੇ ਰੰਗੀ ਕਣਕ ਹੋ ਗਈ
ਮਹੀਨਾ ਵੈਸਾਖ ਦਾ ਹੈ ਚੜ੍ਹਿਆ,
ਦਾਤੀਆਂ ਨੂੰ ਦੰਦੇ ਕਢਵਾਏ
ਖਸਮ ਖੇਤ ਹੈ ਜਾ ਕੇ ਖੜ੍ਹਿਆ।
ਕਰਨ ਸਲਾਹ ਬੰਨੇ ਘੁੰਮਦੇ
ਕਿਹੜੀ ਪਹਿਲਾਂ ਹੁਣ ਵੱਢੀਏ,
ਕੱਢ ਕੇ ਦਾਣੇ ਮੰਡੀ ਸੁੱਟੀਏ
ਸ਼ਾਹੂਕਾਰ ਦਾ ਵੀ ਫਾਹ ਵੱਢੀਏ।
***-ਸੇਵਾ ਸਿੰਘ ਨੂਰਪੁਰੀ***

---

ਜਾਗ ਓਏ ਕਿਰਸੀ ਕਿਰਸਾਨਾਂ
ਵੱਢ ਪੱਠੇ ਪਸ਼ੂਆਂ ਨੂੰ ਪਾਨਾਂ,
ਆਪਣਾ ਢਿੱਡ ਤਾਂ ਮਸਾਂ ਭਰੇ
ਭਰਦਾ ਢਿੱਡ ਤੂੰ ਸਭ ਇਨਸਾਨਾਂ।
ਚਿਹਰਾ ਦੱਸੇ ਖੁਸ਼ੀ ਤੇ ਖੇੜੇ
ਜ਼ਾਲਮ ਸਰਕਾਰਾਂ ਪਾਏ ਝੇੜੇ,
ਤੇਰਾ ਸਿਰੜ ਤੇਰੀ ਸਚਿਆਈ
ਰੰਗ ਲਿਆਏਗੀ ਕਰ ਨਿਬੇੜੇ।
***-ਕਲਵੰਤ ਸਿੰਘ ਸਹੋਤਾ, ਕੈਨੇਡਾ***

---

ਸੋਨ ਸੁਨਹਿਰੀ ਹੋਈਆਂ ਕਣਕਾਂ
ਮੁਖੜੇ ਉੱਪਰ ਖੇੜਾ ਆਵੇ।
ਜਦ ਕਰਜ਼ੇ ਦਾ ਚੇਤਾ ਆਉਂਦਾ
ਰੀਝਾਂ ਦਾ ਗਲ ਘੁੱਟਿਆ ਜਾਵੇ।
ਬੀਤੇ ਦੀਆਂ ਸਭ ਬਾਤਾਂ ਹੋਈਆਂ
ਦਾਤੀ ਨੂੰ ਘੁੰਗਰੂ ਕੌਣ ਲਵਾਵੇ?
***-ਜਗਮੀਤ ਸਿੰਘ ਪੰਧੇਰ***

---

ਰੱਜੀਆਂ ਰੂਹਾਂ ਪੰਜਾਬ ਖਿੱਤੇ ਦੀਆਂ
ਜਿੱਥੇ ਵੱਸਣ, ਖੁਸ਼ੀਆਂ ਵੰਡਣ ਘਨੇਰੀਆਂ।
ਖਿੜੇ ਮੱਥੇ ਪ੍ਰਵਾਨ ਕਰਦੀਆਂ
ਭਾਵੇਂ ਮੁਸੀਬਤਾਂ ਆਉਣ ਬਥੇਰੀਆਂ।
ਗੁਰਾਂ ਦੇ ਦਰਸਾਏ ਰਾਹ 'ਤੇ ਚੱਲਣ
ਸ਼ਾਂਤ ਹੋ ਜਾਂਦੀਆਂ ਸਾਰੀਆਂ ਹਨੇਰੀਆਂ।
ਦੀਨ-ਦੁਖੀਆਂ ਦੀ ਸੇਵਾ ਕਰਦੇ
ਜਿਹੜੇ ਢਾਹ ਨਾ ਬੈਠਦੇ ਢੇਰੀਆਂ।
***-ਅਮਰਜੀਤ ਸਿੰਘ ਤੂਰ***

---

ਦੇਖਿਆ ਦੂਰੋਂ ਪਹਾੜ ਸੋਹਣੇ ਲੱਗਦੇ
ਕਿਸਾਨ ਦਿਨ-ਰਾਤ ਖੇਤਾਂ 'ਚ ਘੁਲਦਾ
ਜੀਵਨ ਸਾਥਣ ਢੋਹ ਭੱਤਾ, ਗੋਹਾ-ਕੂੜਾ
ਧਾਰਾਂ ਦਾ ਆਹਰ ਕਰਦੀ।
ਫੁੱਲੇ ਨਾ ਸਮਾਉਂਦੇ ਦੇਖ ਜਵਾਨ ਫਸਲ
ਤਾਰਾ ਮੀਰਾ, ਕਣਕਾਂ ਨਾਲ ਗੱਲਾਂ ਕਰਦੇ।
ਲਾਉਂਦੇ ਜਦੋਂ ਲੇਖਾ-ਜੋਖਾ ਬੈਠ
ਕੀ ਖੱਟਿਆ-ਕਮਾਇਆ ਹਿਸਾਬ ਲਾਉਂਦੇ
ਖਰਚਾ ਆਮਦਨ ਤੋਂ ਵੱਧ
ਢਹਿ ਢੇਰੀ ਹੋ ਨਤੀਜਾ ਕਰਨ
ਲੋਟੂ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ
'ਕਿੰਜ ਨਕੇਲ ਕੱਸਣੀ?' ਦਾ ਉਪਾਅ ਸੋਚਦੇ।
***-ਦਰਸ਼ਨਪਾਲ ਦੋਸਾਂਝ***

---

ਭਾਵੇਂ ਕੱਚੀ, ਭਾਵੇਂ ਪੱਕੀ,
ਆਇਆ 'ਮੇਖ', ਦਾਤੀ ਪਾਉਣੀ ਜਰੂਰ।
ਆ ਜਾ ਭਾਗਵਾਨੇ, ਫੋਟੋ ਖਿਚਵਾਈਏ,
ਦੇਖ ਕੇ ਬੱਲੀਆਂ, ਚੜ੍ਹਦਾ ਸਰੂਰ।
ਸੁੱਕੀ, ਪੱਕੀ ਘਰ ਪਹੁੰਚ ਜਾਏ,
ਘਾਲ, ਕਮਾਈ, ਪੱਲੇ ਪੈ ਜਾਏ,
ਦਾਤਾ ਕਰੇ ਅਰਦਾਸ ਮਨਜ਼ੂਰ।
***-ਦਵਿੰਦਰ ਕੌਰ***

---

ਸਰਦਾਰ ਜੀ ਖੜ੍ਹੇ ਸਰਦਾਰਨੀ ਨਾਲ
ਹੱਥ ਵਿਚ ਫੜ ਕੇ ਦਾਤੀ,
ਖਿੜੇ ਚਿਹਰੇ ਨਾਲ ਖੁਸ਼ੀ ਦੇ
ਨੇੜੇ ਆਈ ਹੁਣ ਵਾਢੀ।
ਮਿਹਨਤ ਦਾ ਮੁੱਲ ਪਾ ਦੇਵੇ ਰੱਬ
ਜਾਨ ਹੋਵੇ ਸੌਖੀ ਸਾਡੀ।
ਮੀਂਹ, ਹਨੇਰੀ, ਝੱਖੜ ਸਾਡੇ 'ਤੇ
ਫਿਰ ਪੈ ਜਾਂਦੇ ਨੇ ਭਾਰੀ,
ਲੱਗ ਜਾਵੇ ਅੱਗ ਕਣਕ ਨੂੰ
ਜਾਂ ਹੋ ਜਾਵੇ ਗੜੇਮਾਰੀ।
ਰੱਬ ਅੱਗੇ ਅਰਦਾਸ ਇਹੋ ਸਾਡੀ,
ਸੁੱਖੀ-ਸਾਂਦੀ ਹੋ ਜਾਵੇ ਵਾਢੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਕਾਵਿ-ਜਗਤ

## ਖਲਿਆਣਾਂ ਦਾ ਗੀਤ

ਕਣਕਾਂ ਦੇ ਛਿੱਟੇ ਖਣਕ ਪਏ
ਦਾਤੀ ਦੇ ਘੁੰਗਰੂ ਛਣਕ ਪਏ
ਵਾਢੀ ਦੀ ਹੁਣ ਭਿਣਕ ਪਏ
ਕਿਤੋਂ ਆ ਮਿਲ ਹਾਣੀਆਂ ਵੇ
ਚੇਤੇ ਆਣ ਮੌਜਾਂ ਮਾਣੀਆਂ ਵੇ।

ਸੁਬਾਹ ਦੁਪਹਿਰੇ ਸ਼ਾਮ ਹੋਊ
ਸੱਥਾਂ 'ਚ ਚਰਚਾ ਆਮ ਹੋਊ
ਕੰਮੀਂ ਕਾਮੇ ਦੀ ਆਮ ਹੋਊ
ਆ ਰਲ ਕੇ ਵਾਢੀ ਕਰੀਏ ਵੇ
ਥੋੜ੍ਹਾਂ ਨੂੰ ਵੀ ਪਾਸੇ ਧਰੀਏ ਵੇ।

ਖੇਤਾਂ ਵਿਚ ਮੇਲੇ ਲੱਗਣਗੇ
ਨਾਲੇ ਹਾਸੇ ਠੱਠੇ ਚੱਲਣਗੇ
ਕੰਮ ਮੂਹਰੇ ਮੂਹਰੇ ਨੱਠਣਗੇ
ਜੇ ਛਣ ਛਣ ਛਣਕੇ ਚੂੜਾ ਵੇ
ਚੜ੍ਹੇ ਰੰਗ ਪ੍ਰੀਤ ਦਾ ਗੂੜ੍ਹਾ ਵੇ।

ਵੱਢ ਵੱਢ ਸੱਥਰ ਲਾਹਵਾਂਗੇ
ਨਾਲੇ ਢੋਲੇ ਮਾਹੀਏ ਗਾਵਾਂਗੇ
ਬੰਨ੍ਹ ਬੰਨ੍ਹ ਖਲੀਆਂ ਲਾਵਾਂਗੇ
ਲਾ ਛਾਲ ਥਰੈਸ਼ਰ ਚੜ੍ਹੀਏ ਵੇ
ਦਾਣੇ ਵਰ੍ਹੇ ਦੇ 'ਕੱਠੇ ਕਰੀਏ ਵੇ।

ਮੌਕਾ ਹੈ ਲੱਗੇ ਵਿਆਹ ਵਰਗਾ
ਸੱਜ ਵਿਆਹੀ ਦੇ ਚਾਅ ਵਰਗਾ
ਭਾਵੇਂ ਸੂਰਜ ਜਾਪੇ ਤਾਅ ਵਰਗਾ
ਮੇਲਾ ਦੇਖਣ ਵਿਸਾਖੀ ਜਾਵਾਂਗੇ
'ਕੱਠੇ ਬੈਠ ਜਲੇਬੀਆਂ ਖਾਵਾਂਗੇ।

*-ਸੇਵਾ ਸਿੰਘ ਨੂਰਪੁਰੀ*

---

## ਹਾਕਮ ਨਹੀਂ ਜਾਣਦਾ...

ਸਿੰਘਾਸਣ 'ਤੇ ਬੈਠਾ ਹਾਕਮ
ਬਹੁਤ ਹੈਰਾਨ ਹੈ
ਬਹੁਤ ਪ੍ਰੇਸ਼ਾਨ ਹੈ
ਕਿਵੇਂ ਦੇਖੇ
ਉਸ ਦੀਆਂ ਨੀਤੀਆਂ ਵਿਰੁਧ
ਧਰਨੇ 'ਤੇ ਬੈਠੇ
ਇਨਕਲਾਬ ਜ਼ਿੰਦਾਬਾਦ ਦੇ
ਨਾਅਰੇ ਲਾਉਂਦੇ
ਹੱਕ ਮੰਗਦੇ
ਸੰਘਰਸ਼ੀ ਕਿਸਾਨਾਂ ਦੇ
ਵੱਡ-ਅਕਾਰ ਪਤੀਲੇ
ਏਨੀ ਮਾਤਰਾ 'ਚ ਰਿੱਝਦੀਆਂ
ਦਾਲਾਂ-ਸਬਜ਼ੀਆਂ
ਬੇ-ਹਿਸਾਬ ਪੱਕਦੀਆਂ ਰੋਟੀਆਂ
ਜੋ ਵੀ ਆਉਂਦਾ
ਰੱਜ ਕੇ ਜਾਂਦਾ
ਨਾ ਕੋਈ ਵਿਤਕਰਾ
ਨਾ ਕੋਈ ਭੇਦ-ਭਾਵ
ਨਾ ਕੋਈ ਪੁੱਛਦਾ
ਕੌਣ ਹੈਂ ਤੂੰ
ਕਿੱਥੋਂ ਆਇਆ
ਸਭ ਦੇ ਹੱਥ ਥਾਲੀ ਫੜ੍ਹਾਉਂਦੇ
ਭੋਜਨ ਵਰਤਾਉਂਦੇ।

ਇਹ ਸਭ ਕੁਝ
ਹਾਕਮ ਦੀ ਅੱਖ 'ਚ
ਰੜਕਦਾ ਹੈ
ਅੱਖਾਂ ਦੀ ਪੀੜ
ਸਾਰੇ ਸਰੀਰ 'ਚ
ਫੈਲਦੀ ਹੈ
ਹਾਕਮ ਦੇ ਮੂੰਹੋਂ
ਜ਼ਹਿਰੀ ਸਬਦ ਬਣ ਬਣ
ਨਿਕਲਦੀ ਹੈ:
ਇਹ ਅਤਿਵਾਦੀ ਨੇ
ਇਹ ਖਾਲਿਸਤਾਨੀ ਨੇ
ਨਕਸਲਵਾਦੀ ਨੇ
ਪਰਜੀਵੀ ਨੇ
ਤੇ ਪਤਾ ਨਹੀਂ
ਹੋਰ ਕਿਹੜੇ ਕਿਹੜੇ ਵਾਦੀ ਨੇ
ਕਿਹੜੇ ਕਿਹੜੇ ਜੀਵੀ ਨੇ!

ਤੇ ਫਿਰ ਇਹ ਵੀ ਕਹਿੰਦਾ ਹੈ
ਪਾਕਿਸਤਾਨ ਨਾਲ ਰਲੇ ਹੋਏ ਨੇ
ਚੀਨ ਨਾਲ ਮਿਲੇ ਹੋਏ ਨੇ
ਹੁਕਮ ਚਾੜ੍ਹਦਾ ਹੈ
ਪਤਾ ਲਾਓ, ਇਹ ਕੌਣ ਨੇ।

ਹਾਕਮ ਚਤੁਰ ਹੈ
ਸ਼ਾਤਰ ਹੈ
ਪਰ ਨਾ-ਸਮਝ ਹੈ
ਨਹੀਂ ਜਾਣਦਾ
ਇਹ ਲੋਕ ਤਾਂ
ਉਹ ਨੇ ਜੋ
ਹਲ ਜੋੜਨ ਸਮੇਂ
ਕਹਿੰਦੇ ਨੇ
ਯਾਦ ਕਰ
ਹੱਲਪਤ ਰਾਜੇ ਨੂੰ
ਹਲਾਂ ਦੇ ਹਾਲੀ ਨੂੰ
ਧਰਤੀ ਮਾਤਾ ਨੂੰ

ਸੁੱਤਾ ਜਾਗ
ਤੇਰੇ ਮੱਥੇ ਭਾਗ
ਚੱਲੇਂਗਾ, ਮੱਲ੍ਹੇਂਗਾ
ਕਮਾਏਂਗਾ, ਖਾਏਂਗਾ

ਤੇ ਫਿਰ ਬੀਜਣ ਵੇਲੇ
ਰੱਬ ਨੂੰ ਯਾਦ ਕਰ ਕਹਿੰਦੇ ਨੇ
ਬੰਨ੍ਹ ਘੇਰਾ
ਵਸੇਬਾ ਹੋਵੇਗਾ ਤੇਰਾ
ਰੱਬ ਦੇਊ ਰਿਜ਼ਕ ਬਥੇਰਾ
ਹਾਲੀ-ਪਾਲੀ ਦੇ ਭਾਗੀਂ
ਫਕੀਰ ਮੰਗਤੇ ਦੇ ਭਾਗੀਂ
ਸਾਧ-ਸੰਗਤ ਦੇ ਭਾਗੀਂ
ਚਿੜੀ ਜਨੌਰ ਦੇ ਭਾਗੀਂ
ਢੱਗੇ ਝੋਟੇ ਦੇ ਭਾਗੀਂ
'ਹੇ ਧਰਤੀ ਮਾਤਾ
ਤੇਰਾ ਦਿੱਤਾ ਖਾਨੇ ਹਾਂ'
ਕਹਿ ਕੇ
ਬਾਬੇ ਨਾਨਕ ਦਾ
ਨਾਂ ਲੈ ਕੇ
ਸਭਨਾਂ ਦਾ ਹਿੱਸਾ
ਬੀਜ ਦਿੰਦੇ ਹਨ।

*-ਸੁਰਿੰਦਰ ਗੀਤ*
*ਫੋਨ: 403-605-3734*

---

## ਤੇਰੇ ਬਗੈਰ ਦੋਸਤਾ

*(ਕਿਸਾਨ ਸੰਘਰਸ਼ ਵਿਚ ਸ਼ਹੀਦ ਕਿਸਾਨ ਨੂੰ ਸਮਰਪਿਤ)*

ਸੁੰਞੀ ਪਈ ਹੈ ਮਹਿਫਿਲ ਤੇਰੇ ਬਗੈਰ ਦੋਸਤਾ
ਉਦਾਸ ਗਲੀਆਂ ਨੇ, ਉਦਾਸ ਸ਼ਹਿਰ ਦੋਸਤਾ।

ਬੜੀ ਕਾਹਲੀ ਕੀਤੀ ਏ ਬੇਵਕਤਾ ਜਾਣ ਦੀ
ਕਿੰਨਾ ਚੰਗਾ ਹੁੰਦਾ ਹੋਰ ਜਾਂਦੋ ਠਹਿਰ ਦੋਸਤਾ।

ਜਾਣ ਲੱਗੇ ਪਿਛੇ ਮੁੜ ਕੇ ਵੇਖਿਆ ਈ ਨਹੀਂ
ਕੀ ਬੀਤੇਗੀ ਮਹਿਫਿਲ 'ਤੇ ਤੇਰੇ ਬਗੈਰ ਦੋਸਤਾ।

ਛੋਹਿਆ ਸੀ ਜਿਹੜਾ ਗੀਤ ਅਜੇ ਅਧੂਰਾ ਹੈ
ਕਿੰਜ ਕਰਾਂਗੇ ਪੂਰੀ ਉਹਦੀ ਬਹਿਰ ਦੋਸਤਾ।

ਅਧਵਾਟੇ ਖਵਾਬ ਟੁੱਟਾ ਰਲ ਜੋ ਵੇਖਿਆ ਸੀ
ਹਨੇਰਾ ਛਾ ਗਿਆ ਅੱਜ ਤੇਰੇ ਬਗੈਰ ਦੋਸਤਾ।

ਤੂੰ, ਔਝੜੇ ਰਾਹਵਾਂ ਦਾ ਅਨ-ਥੱਕ ਪਾਂਧੀ ਸੈਂ
ਤੁਫਾਨੀ ਸਮੁੰਦਰਾਂ 'ਚ ਉਠਦੀ ਲਹਿਰ ਦੋਸਤਾ।

ਤੂੰ ਵਕਤ ਦੀ ਦੀਵਾਰ 'ਤੇ ਉਕਰਿਆ ਸੱਚ ਸੈਂ
ਸਮੇਂ ਦਾ ਸ਼ਾਹਸਵਾਰ ਆਗੂ, ਮਹਿਰ ਦੋਸਤਾ।

ਤੂੰ ਜ਼ਬਰ ਦੇ ਮਾਰੂਥਲ 'ਚ ਉੱਗਿਆ ਫੁੱਲ ਸੈਂ
ਲੂਅ, ਹਨੇਰੀ ਪੋਹ ਸਕੀ ਨਾ ਦੁਪਹਿਰ ਦੋਸਤਾ।

ਹੱਕ-ਸੱਚ ਦੇ ਰਾਹ 'ਚ ਮੁਸੀਬਤਾਂ ਦੇ ਰੂਬਰੂ
ਹਮੇਸ਼ਾ, ਮੰਗਦਾ ਰਿਹੋਂ ਸਭ ਦੀ ਖੈਰ ਦੋਸਤਾ।

ਜ਼ਬਰ ਦੀ ਕੁਠਾਲੀ 'ਚੋਂ ਢਲਿਆ ਕੁੰਦਨ ਹੋ ਕੇ
ਖਿੜੇ ਮੱਥੇ ਝੱਲ ਮੁਸ਼ਕਿਲਾਂ ਪੈਰ, ਪੈਰ ਦੋਸਤਾ।

ਤੂੰ ਗਿਲੇ, ਰੋਸਿਆਂ ਤੋਂ ਉੱਚਾ ਸਰਬਸਾਂਝਾ ਸੈਂ
ਦੁਸ਼ਮਣਾਂ ਨਾਲ ਵੀ ਨਹੀਂ ਰਖਿਆ ਵੈਰ ਦੋਸਤਾ।

ਤੂੰ ਨਿਰਭੈ ਯੋਧਾ, ਜੁਝਾਰੂ, ਜਿੰਦਾ ਸ਼ਹੀਦ ਸੈਂ
ਜਾਨ ਤੇ ਖੇਡ ਕੇ ਜਿੰਦਾ ਰੱਖੀ ਲਹਿਰ ਦੋਸਤਾ

ਉਹ ਰਾਹ ਅੱਜ ਵੀ ਤੇਰਾ ਰਾਹ ਤੱਕ ਰਹੇ ਨੇ
ਜਿਨ੍ਹਾਂ ਰਾਹਵਾਂ 'ਤੇ ਤੂੰ ਧਰੇ ਸਨ ਪੈਰ ਦੋਸਤਾ।

ਸਭ ਤੇਰੇ ਆਪਣੇ ਸਨ ਕੋਈ ਦੂਜਾ ਨਹੀਂ ਸੀ
ਮੰਨਦੇ ਨੇ ਸਭ ਆਪਣੇ, ਬੇਗਾਨੇ, ਗੈਰ ਦੋਸਤਾ।

ਤੇਰੀ ਦਿੜ੍ਹਤਾ, ਹਲੀਮੀ-ਸਾਦਗੀ ਦੀ ਖੁਸ਼ਬੋ
ਮਹਿਕਾਏ ਸੀ ਰਾਤ, ਦਿਨ, ਦੁਪਹਿਰ ਦੋਸਤਾ।

ਤੇਰੇ ਵਿਛੋੜੇ ਨੇ ਜ਼ਮੀਰਾਂ, ਰੂਹਾਂ ਨੂੰ ਹਲੂਣ ਕੇ
ਲਾਹਿਆ ਏ ਨਿਪੁੰਸਕਤਾ ਦਾ ਜ਼ਹਿਰ ਦੋਸਤਾ।

ਟੁੱਟਦਾ ਤਾਰਾ ਜਿਵੇਂ ਚਾਨਣ ਦੀ ਲੀਕ ਛੱਡਦੈ
ਰੁਸ਼ਨਾਅ ਦਿੰਦਾ ਏ ਹਨੇਰੇ ਦੀ ਗਹਿਰ ਦੋਸਤਾ।

ਤੇਰੀ ਕੁਰਬਾਨੀ ਰਾਹਵਾਂ ਰੁਸ਼ਨਾਉਂਦੀ ਰਹੇਗੀ
ਹਰ ਪਲ, ਹਰੇਕ ਛਿਣ, ਅੱਠੇ ਪਹਿਰ ਦੋਸਤਾ।

*-ਚੰਨ, ਫੋਨ: 908-788-8427*

---

## ਵਿਸਾਖੀ ਪੰਜਾਬ ਦੀ

ਜਦ ਸੋਨੇ ਰੰਗੀਆਂ ਕਣਕਾਂ
ਮਦਮਸਤ ਹਵਾਵਾਂ ਸੰਗ ਗਾਉਂਦੀਆਂ ਨੇ
ਤਾਂ ਵਿਸਾਖ ਦੀਆਂ ਵਾਢੀਆਂ
ਸਾਡੀਆਂ ਮਿਹਨਤਾਂ ਨੂੰ ਰੰਗ ਲਾਉਂਦੀਆਂ ਨੇ।

ਜਦ ਵਿਸਾਖੀ ਦੇ ਮੇਲਿਆਂ ਵਿਚ
ਗੱਭਰੂ ਭੰਗੜੇ, ਮੁਟਿਆਰਾਂ ਗਿੱਧਾ ਪਾਉਂਦੀਆਂ ਨੇ,
ਤਾਂ ਸਾਡੇ ਵਿਰਸੇ ਸੱਭਿਆਚਾਰ ਦੀਆਂ
ਸਾਨੂੰ ਗੱਲਾਂ ਚੇਤੇ ਆਉਂਦੀਆਂ ਨੇ।

ਚੇਤੇ ਆਉਂਦੀ ਹੈ ਅਨੰਦਪੁਰ ਸਾਹਿਬ ਦੀ ਵਿਸਾਖੀ
ਜਿੱਥੇ ਪੀ ਅੰਮ੍ਰਿਤ ਚਿੜੀਆਂ ਬਾਜਾਂ ਨਾਲ ਟਕਰਾਉਂਦੀਆਂ ਨੇ,
ਖਾਲਸਾ ਪੰਥ ਦੇ ਜਨਮ ਦਿਹਾੜੇ ਮੌਕੇ
ਸੰਗਤਾਂ ਸ਼ਰਧਾ ਨਾਲ ਮੱਥੇ ਝੁਕਾਉਂਦੀਆਂ ਨੇ।

ਚੇਤੇ ਆਉਂਦੀ ਜੱਲ੍ਹਿਆਂ ਵਾਲੇ ਬਾਗ ਦੀ ਵਿਸਾਖੀ ਵੀ
ਜਿੱਥੇ ਅੱਜ ਵੀ ਕੰਧਾਂ ਗੋਲੀਆਂ ਦੇ ਨਿਸ਼ਾਨ ਦਿਖਾਉਂਦੀਆਂ ਨੇ,
ਖੂਨੀ ਖੂਹ ਤੇ ਇੱਥੋਂ ਦੀ ਉਹ ਤੰਗ ਜਿਹੀ ਗਲੀ
ਊਧਮ ਸਿੰਘ ਦੀ ਭਾਵਨਾ ਨੂੰ
ਮਹਿਸੂਸ ਕਰਵਾਉਂਦੀਆਂ ਨੇ।

ਨਾ ਜ਼ੁਲਮ ਕਰਨਾ ਤੇ ਨਾ ਹੀ ਸਹਿਣਾ
ਸਾਡੀਆਂ ਅਣਖਾਂ ਸਾਨੂੰ ਜਗਾਉਂਦੀਆਂ ਨੇ
ਸਰਬੱਤ ਦਾ ਭਲਾ ਅਸੀਂ ਰਹੀਏ ਮੰਗਦੇ
'ਇੰਦਰ' ਦੀਆਂ ਸਤਰਾਂ ਵੀ ਇਹੋ ਚਾਹੁੰਦੀਆਂ ਨੇ।

*-ਇੰਦਰ ਸਰਾਂ, ਫਰੀਦਕੋਟ*
*ਫੋਨ: 91-97805-50466*
*birinderjitsingh10@gmail.com*

---

## ਮੇਲਾ ਨਹੀਂ, ਅੰਦੋਲਨ ਹਾਂ

*(ਮੌਜੂਦਾ ਕਿਸਾਨ ਲਹਿਰ ਨੂੰ ਸਮਰਪਿਤ)*

ਰੁਕ ਗਏ ਇਤਿਹਾਸ ਦੇ ਹੁੱਝ ਲਾਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।
ਮੈਨੂੰ ਸੋਚ ਵਿਚਾਰ ਕੇ ਹੱਥ ਪਾਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਇੱਥੇ ਹੱਕ ਸੱਚ ਦਿਆਂ ਸ਼ਹੀਦਾਂ 'ਤੇ
ਹਰ ਰੁੱਤ ਵਿਚ ਮੇਲੇ ਲੱਗਦੇ ਰਹੇ,
ਨਿਸ਼ਾਨ ਉਨ੍ਹਾਂ ਦੀਆਂ ਸੋਚਾਂ ਦੇ
ਮੇਲੇ ਦੇ ਪੈਰੀਂ ਦੱਬਦੇ ਰਹੇ।




ਅੱਜ ਵਿਚ ਉੱਠ ਉੱਠ ਲਹਿਰਾਂ
ਕੱਲ ਦੇ ਮੇਲਿਆਂ 'ਚ ਅਲੋਪ ਹੋਈਆਂ,
ਭਲਕ ਦਾ ਸੂਰਜ ਜੰਮਣਾ ਆਈਆਂ
ਅੱਜ ਵਿਚ ਕੱਲ੍ਹ ਦੀ ਸੋਚ ਹੋਈਆਂ।
ਨਾ ਕਲ-ਮੂੰਹਿਆਂ ਦੇ ਹੱਥ ਆਉਣਾ।
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਖੁਦ ਲੋਕ ਮੇਲੇ ਨੂੰ ਆਉਂਦੇ ਨੇ
ਪਰ ਲਹਿਰ ਲੋਕਾਂ ਨੂੰ ਆਉਂਦੀ ਹੈ,
ਜਦ ਬਿਪਤਾਵਾਂ ਦੀ ਲੜੀ ਮਨੁੱਖ ਦੀ
ਘੰਡੀ 'ਤੇ ਹੱਥ ਟਿਕਾਉਂਦੀ ਹੈ।
ਅਕਲਾਂ ਨੂੰ ਲੱਗਾ ਬੈਠਾ ਜਾਂ
ਇਤਿਹਾਸ ਵਕਤ ਦੇ ਹਿੱਸੇ ਨੂੰ,
ਜੋ ਲਹਿਰ ਵਹਾ ਕੇ ਲੈ ਜਾਂਦੀ
ਵੇਗਾਂ 'ਤੇ ਹਰ ਅੜਿੱਕੇ ਨੂੰ।
ਉਸ ਲਹਿਰ ਦੇ ਵਿਚੋਂ ਉੱਠ ਆਉਣਾ,
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਪੀੜ੍ਹੀ ਦਰ ਪੀੜ੍ਹੀ ਚਲੀ ਆਉਂਦੀ
ਇੱਕ ਵੱਟੀ ਹੋਈ ਕਸੀਸ ਵਿਚੋਂ,
ਜੋ ਟਿਕ ਨਾ ਸਕਿਆ ਤਲੀ ਉੱਤੇ
ਫਿਕਿਰਾਂ ਨੂੰ ਰਿੰਨਦੇ ਸੀਸ ਵਿਚੋਂ,
ਸਰਾਪਾਂ 'ਚੋ ਢਲ ਢਲ ਵਰ੍ਹ ਰਹੀ
ਹਰ ਅਣਲੱਗੀ ਆਸੀਸ ਵਿਚੋਂ,
ਹਾਰ-ਹੰਭ ਕੇ ਰੁਕ ਬੈਠੇ ਸਾਡੇ
ਵਕਤ ਹੋਅ ਚੁੱਕੇ ਢੀਠ ਵਿਚੋਂ,
ਬੰਨ੍ਹ ਤੋੜ ਵਰੋਲ੍ਹਿਆਂ ਦਾ ਆਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਹਰ ਰੁੱਤ ਦਾ ਤੇ ਹਰ ਦੁੱਖ ਸੁੱਖ ਦਾ
ਇੱਕ ਆਪਣਾ ਵੇਲਾ ਹੁੰਦਾ ਹੈ,
ਅੰਦੋਲਨ ਕਦੀ ਵੀ ਯੁੱਧ ਨਹੀਂ
ਨਾ ਉਹ ਮੇਲਾ ਹੁੰਦਾ ਹੈ।
ਅੰਦੋਲਨ ਐਸੀ ਲਹਿਰ ਹੈ ਜਿਹੜੀ
ਸੰਗਰਾਮਾਂ ਦੀ ਮਾਂ ਹੁੰਦੀ ਹੈ,
ਸੰਗਰਾਮਾਂ ਦੀ ਲੋੜ ਦੇ ਕੁੱਖੋਂ
ਯੁੱਧ ਦੀ ਰਚਨਾ ਤਾਂ ਹੁੰਦੀ ਹੈ,
ਜਦ ਹੋਰ ਕੋਈ ਨਾ ਰਾਹ ਹੋਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਬੀਜਣ ਤੋਂ ਕੱਟਣ ਦੇ ਸਫਰ 'ਚ
ਜਾਨ ਕਿਸਾਨ ਦੀ ਢਲਦੀ ਹੈ,
ਇਸ ਉਮਰੇ ਫਸਲਾਂ ਵਿਚ ਵਪਾਰੀ
ਵਰਗ ਦੀ ਹੋਣੀ ਪਲਦੀ ਹੈ।
ਹੱਕ ਖੁਦ ਨੂੰ ਜਾਂ ਦਿਮਾਗਾਂ ਨੂੰ
ਜੱਗ ਗੇੜਦੇ ਕਾਮੇ ਮਰਦੇ ਨੇ,
ਰਚਨਾ ਸੰਗ ਪੂੰਜੀਪਤੀਆਂ ਦੀ
ਉਹ ਹੋਣੀ ਨੂੰ ਵੀ ਘੜਦੇ ਨੇ।
ਇਨ੍ਹਾਂ ਨਾ-ਹੁਣਿਆਂ ਦਾ ਇੱਕ ਹੋਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਤਿੰਨ ਪੀੜ੍ਹੀਆਂ ਇਕ ਆਵਾਜ਼ੇ ਜਦ
ਹੱਕ-ਸੱਚ ਦਾ ਨਾਹਰਾ ਲਾਉਂਦੀਆਂ ਨੇ,
ਇੱਕ ਦਿਨ, ਸਾਲ ਜਾਂ ਸਦੀ ਨਹੀਂ
ਉਹ ਪੂਰਾ ਯੁੱਗ ਹਿਲਾਉਂਦੀਆਂ ਨੇ।
ਕੀ 'ਵਾ ਜੋ ਸਾਬਤੇ ਟੱਬਰਾਂ ਨੂੰ
ਸੜਕਾਂ 'ਤੇ ਖਿੱਚ ਲਿਆਉਂਦੀ ਹੈ,
ਘਰ ਸੁੰਨੇ ਕਰ ਕੇ ਮਾਨਵਤਾ
ਆ ਸੁੰਨ ਵਿਚ ਤੰਬੂ ਲਾਉਂਦੀ ਹੈ।
'ਵਾ ਸਮੇਂ ਦੇ ਪਹੀਏ ਦਾ ਟੌਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

ਜੋ ਕੌਮ ਤਰਕ ਵਿਗਿਆਨ ਜਗਹ
ਪਿਤਰਾਂ ਨੂੰ ਅੱਗੇ ਲਾਉਦੀਂ ਹੈ,
ਉਹ ਕੌਮ ਇਤਿਹਾਸ ਬਣਾਉਂਦੀ ਨਹੀਂ
ਉਹ ਕੌਮ ਇਤਿਹਾਸ ਹੰਢਾਉਂਦੀ ਹੈ।
ਸਮਾਂ ਉਸ ਕੌਮ ਦੇ ਉੱਪਰ ਦੀ
ਦੁਨੀਆਂ ਸੰਗ ਅੱਗੇ ਲੰਘ ਜਾਂਦਾ,
ਉਸ ਕੌਮ ਦੇ ਹਰ ਰਾਹ ਮੋੜ ਉੱਤੇ
ਇਤਿਹਾਸ ਦੀ ਫਾਂਸੀ ਟੰਗ ਜਾਂਦਾ।
ਮਿੱਧ ਫਾਂਸੀਆਂ ਅੱਗੇ ਵਧ ਜਿਉਣਾ
ਮੈਂ ਮੇਲਾ ਨਹੀਂ, ਅੰਦੋਲਨ ਹਾਂ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

## ਕਿਸਾਨੀ ਅੰਦੋਲਨ ਦੀ ਵਾਰ

*-ਜਗਦੇਵ ਸਿੱਧੂ*

ਕਦੇ ਆਏ ਧਾੜਵੀ ਲਹਿੰਦਿਓਂ ਸੀ ਕਰਦੇ ਮਾਰੋ ਮਾਰ।
ਹੁਣ ਆਉਂਦੀ ਚੜ੍ਹਦੇ ਪਾਸਿਓਂ ਔਹ ਧਾੜਵੀਆਂ ਦੀ ਡਾਰ।
ਉਹਦੇ ਹੱਥਾਂ ਵਿਚ ਕਾਨੂੰਨ ਨੇ ਤੇ ਮੁੱਠੀ ਵਿਚ ਸਰਕਾਰ।
ਉਹ ਨੂੰ ਚੜ੍ਹਿਆ ਨਸ਼ਾ ਹਕੂਮਤੀ ਤੇ ਅੰਤਾਂ ਦਾ ਹੰਕਾਰ।

ਉਹਨੇ ਖੌਰੂ ਪਾਉਣਾ ਰੱਜ ਕੇ ਸਭ ਫਸਲਾਂ ਦੇਊ ਉਜਾੜ।
ਉਹ ਖੱਤੇ-ਬੰਨੇ ਖੋਹ ਲਊ, ਲਊ ਸਾਡੇ ਦੱਬ ਸਿਆੜ।
ਹੁਣ ਵੱਢ ਲਿਆਓ ਮੋੜ੍ਹੀਆਂ ਤੇ ਕਰੋ ਚੁਫੇਰੇ ਵਾੜ।
ਏਕੇ ਦਾ ਮੁੱਕਾ ਵੱਟ ਕੇ ਇਹਦਾ ਦੇਣਾ ਭੰਨ ਬੁਥਾੜ।

ਧਰਤੀ ਨੇ ਪਾਸਾ ਵੱਟਿਆ ਸੂਰਜ ਨੇ ਦਿੱਤਾ ਤਾਅ।
ਸੁੱਤੀ ਪਈ ਕਿਸਾਨ ਦੀ ਹੁਣ ਦਿੱਤੀ ਅਣਖ ਜਗਾ।
ਉਹ ਤੁਰਿਆ ਬੰਨ੍ਹ ਕੇ ਕਾਫਲੇ ਸਿਰ 'ਤੇ ਕੱਫਣ ਪਾ।
ਉਹ ਚੜ੍ਹਿਆ ਹਨੇਰੀ ਵਾਂਗਰਾਂ ਗਰਜਿਆ ਵਾਂਗ ਘਟਾ।

ਉਹਨੇ ਰੋਕਾਂ ਪੱਥਰ ਰਸਤਿਉਂ ਦਿੱਤੇ ਪੱਤਿਆਂ ਵਾਂਗ ਉਡਾ।
ਉਹਦੇ ਰੋਹ ਨੇ ਕੁੱਲ ਜਰਵਾਣਿਆਂ ਨੂੰ ਦਿੱਤੀ ਦੰਦਲ ਪਾ।

ਉਹਨੇ ਮਹਾਂਮਾਰੀ ਦੀ ਚੜ੍ਹਤ ਨੂੰ ਵੀ ਪੈਰੀਂ ਮਿੱਧ ਲਿਆ।
ਉਹਨੂੰ ਗਿੱਠ-ਗਿੱਠ ਚੜ੍ਹੀਆਂ ਲਾਲੀਆਂ ਗੋਡੇ-ਗੋਡੇ ਚਾਅ।

ਉਹਦੀ ਸ਼ੇਰਾਂ ਵਰਗੀ ਭਬਕ ਨੇ ਲਿਆ ਸਾਰਾ ਮੁਲਕ ਬੁਲਾ।
ਉਨ੍ਹਾਂ ਅੰਨ੍ਹੀ ਤਾਕਤ ਜੁੰਡਲੀ ਲਈ ਘੇਰ ਵਿਚਾਲੇ ਜਾ।
ਉਹ ਥਰ-ਥਰ ਵੇਖੀ ਕੰਬਦੀ ਉਹਦਾ ਤਖਤ ਵੀ ਡੋਲ ਗਿਆ।
ਉਹਦੇ ਮਹਿਲਾਂ ਦੁਆਲੇ ਯੋਧਿਆਂ ਨੇ ਘੇਰਾ ਘੱਤ ਲਿਆ।

ਉਥੇ ਕਲਮਾਂ ਹੋਈਆਂ ਕੱਠੀਆਂ ਤੇ ਗੀਤ ਗਵੱਈਏ ਗੌਣ।
ਦੇਸ਼-ਵਿਦੇਸ਼ੀਂ ਵਸਦਿਆਂ ਦੇ ਨਵੇਂ ਸੁਨੇਹੇ ਔਣ।
ਕਿ ਭੰਨ ਦਿਓ ਹੁਣ ਸੂਰਮਿਓਂ ਉਸ ਅੜੀਖੋਰ ਦੀ ਧੌਣ।
ਥੋਨੂੰ ਅੰਬਰ ਖੜ੍ਹ ਕੇ ਵੇਖਦਾ ਥੋਡੇ ਸੋਹਲੇ ਗਾਉਂਦੀ ਪੌਣ।

ਨੱਚ ਉੱਠੀ ਧਰਤ ਪੰਜਾਬ ਦੀ ਹੋਏ ਸੁੱਕੇ ਬੂਟ ਹਰੇ।
ਤੁਸੀਂ ਸਾਰੇ ਦੁਖੜੇ ਧੋ ਧਰੇ ਜੋ ਸਦੀਆਂ ਤੀਕ ਜਰੇ।
ਤਵਾਰੀਖ ਨਿਵੇਲੀ ਸਿਰਜ ਕੇ ਤੁਸੀਂ ਵਰਕੇ ਨਵੇਂ ਭਰੇ।
ਯਾਦ ਕਰਨਗੀਆਂ ਪੀੜ੍ਹੀਆਂ ਕੁੱਲ ਸਿਫਤਾਂ ਜੱਗ ਕਰੇ।

# ਵਕਤ ਕਿੱਧਰ ਗਿਆ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਾਰਥਨਾ ਦੀ ਸੁੱਚਮ ਬਿਆਨਦਿਆਂ ਕਿਹਾ ਸੀ ਕਿ ਪ੍ਰਾਰਥਨਾ ਸਿਰਫ ਨੇਕਨੀਅਤੀ, ਇਨਸਾਨੀਅਤ, ਆਸਥਾ, ਨਿਰਮਾਣਤਾ, ਨਿਆਰੇਪਣ ਅਤੇ ਨਿਰਪੱਖਤਾ ਨਾਲ ਕੀਤੀ ਜਾਵੇ ਤਾਂ ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਵਿਚੋਂ ਜੀਵਨ-ਮੋਤੀ ਨਸੀਬ ਹੁੰਦੇ।...ਲੋੜ ਹੈ, ਪ੍ਰਾਰਥਨਾ ਨੂੰ ਸੀਮਤ ਤੇ ਸਥਾਪਤ ਦਾਇਰਿਆਂ ਵਿਚੋਂ ਬਾਹਰ ਕੱਢ, ਇਸ ਦੀ ਵਸੀਹਤਾ ਅਨੁਸਾਰ ਇਸ ਨੂੰ ਜੀਵਨ-ਸ਼ੈਲੀ ਬਣਾਈਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ 'ਵਕਤ ਹੀ ਨਹੀਂ ਮਿਲਿਆ' ਜਿਹੇ ਬਹਾਨਿਆਂ ਨੂੰ ਦਰਕਿਨਾਰ ਕਰਨ ਅਤੇ ਵਕਤ ਦੀਆਂ ਕੰਨੀਆਂ ਵਕਤ-ਸਿਰ ਫੜ ਲੈਣ ਯਾਨਿ ਮੌਕਾ ਸਾਂਭ ਲੈਣ ਦੀ ਸਲਾਹ ਦਿੱਤੀ ਹੈ, ਕਿਉਂਕਿ ਵਕਤ ਕਦੋਂ ਚੁਆਤੀ ਲਾ ਜਾਵੇ? ਇਹਦਾ ਅਹਿਸਾਸ ਤਾਂ ਵਕਤ ਲੰਘ ਜਾਣ ਪਿਛੋਂ ਹੀ ਹੁੰਦਾ। ਦਰਅਸਲ ਮਨੁੱਖ ਜਦ ਵਕਤ ਵਿਚੋਂ ਸੁਪਨਿਆਂ ਦੀ ਸਰਜਮੀਂ ਸਿਰਜਣ ਦਾ ਸੁਹਜ ਅਤੇ ਸਲੀਕਾ ਸਮਝ ਲਵੇ ਤਾਂ ਵਕਤ ਉਸ ਦੇ ਪੈਰਾਂ ਵਿਚ ਜ਼ਿੰਦਗੀ ਦੀਆਂ ਸੱਭੇ ਖੈਰਾਂ ਧਰਦਾ। ਉਹ ਕਹਿੰਦੇ ਹਨ ਕਿ ਵਕਤ ਭਾਵੇਂ ਸਿਕੰਦਰ ਏ, ਪਰ ਇਹ ਤਾਂ ਸਿਕੰਦਰ ਨੂੰ ਵੀ ਮੁਆਫ ਨਹੀਂ ਕਰਦਾ; ਤਾਂ ਹੀ ਬੁੱਲੇ ਸ਼ਾਹ ਦਾ ਕਹਿਣਾ ਹੈ, 'ਬੁੱਲੇ ਸ਼ਾਹ ਇਥੇ ਸਭ ਮੁਸਾਫਿਰ ਕਿਸੇ ਨਾ ਇਥੇ ਰਹਿਣਾ, ਆਪੋ ਆਪਣੀ ਵਾਟ ਮੁਕਾ ਕੇ ਸਭ ਨੂੰ ਮੁੜਨਾ ਪੈਣਾ।'...ਵਕਤ ਨਾਲ ਲੋਕ ਨਹੀਂ ਬਦਲਦੇ, ਸਗੋਂ ਵਕਤ ਦੇ ਨਾਲ ਉਨ੍ਹਾਂ ਲੋਕਾਂ ਦੀ ਅਸਲੀਅਤ ਤੇ ਸੱਚ ਸਾਹਮਣੇ ਆ ਜਾਂਦੇ, ਜੋ ਪੈਰ ਪੈਰ ਸਾਜ਼ਿਸ਼ਾਂ ਘੜਦੇ ਰਹਿੰਦੇ। -ਸੰਪਾਦਕ***

ਵਕਤ, ਹਵਾ ਦਾ ਰੁਮਕਣਾ, ਦਰਿਆਂ ਦਾ ਨਿਰੰਤਰ ਤੋਰ ਵਿਚ ਵਹਿਣਾ, ਚਿੜੀਆਂ ਦੇ ਚੰਬੇ ਦੀ ਉਡਾਰੀ। ਸਮੇਂ ਦੀ ਧਾਰਾ ਨਿਰੰਤਰ ਵਗਦੀ। ਕੋਈ ਨਹੀ ਠਹਿਰਾਅ, ਰੁਕਾਵਟ, ਜਾਂ ਸੁਸਤਾਉਣ ਦੀ ਵਿਹਲ।

ਵਕਤ ਆਪਣੀ ਤੋਰ ਦਾ ਆਪ ਜਾਮਨ। ਖੁਦ ਹੀ ਕਰਤਾ ਤੇ ਕੀਰਤੀ। ਵਕਤ ਨੂੰ ਕਿਵੇਂ ਵਰਤਣਾ? ਇਸ ਦੀਆਂ ਕਿਹੜੀਆਂ ਦਾਤਾਂ ਨੂੰ ਅਪਨਾਉਣਾ? ਨਿਆਮਤਾਂ ਨੂੰ ਆਪਣੇ ਹਿੱਸੇ ਦਾ ਹਾਸਲ ਕਿਵੇਂ ਬਣਾਉਣਾ ਜਾਂ ਇਸ ਦੀਆਂ ਬਰਕਤਾਂ ਵਿਚੋਂ ਖੁਦ ਨੂੰ ਕਿਵੇਂ ਰੁਸ਼ਨਾਉਣਾ, ਇਹ ਵਿਅਕਤੀ ਵਿਸ਼ੇਸ਼ 'ਤੇ ਨਿਰਭਰ।

ਵਕਤ ਹਮੇਸ਼ਾ ਹੱਥ 'ਚੋਂ ਤਿਲਕਦਾ ਵੀ ਅਤੇ ਪਲ ਪਲ ਬਦਲਦਾ ਵੀ। ਇਹ ਕਦੇ ਵੀ ਸਥਿਰ, ਸ਼ਾਂਤ, ਸਾਵਾਂ, ਸੁੰਦਰ ਅਤੇ ਸੰਪੂਰਨ ਨਹੀਂ ਹੁੰਦਾ। ਘੜੀ ਦੀਆਂ ਸੂਈਆਂ ਦੀ ਦਿਸ਼ਾ ਪਲ ਪਲ ਬਦਲਦੀ। ਘੜੀ ਦੀ ਕੀਮਤ ਕੁਝ ਵੀ ਹੋਵੇ, ਪਰ ਵਕਤ ਹਮੇਸ਼ਾ ਹੀ ਕੀਮਤੀ ਹੁੰਦਾ। ਵਕਤ ਉਹ ਹਕੀਕਤ ਹੈ, ਜੋ ਦੌੜਦੀ ਹੈ। ਡਿੱਗ ਵੀ ਪਵੇ ਤਾਂ ਫਿਰ ਉਠ ਪੈਂਦੀ, ਪਰ ਕਦੇ ਵੀ ਰੁਕਦੀ ਨਹੀਂ।

ਵਕਤ ਭਾਵੇਂ ਸਿਕੰਦਰ ਏ, ਪਰ ਇਹ ਤਾਂ ਸਿਕੰਦਰ ਨੂੰ ਵੀ ਮੁਆਫ ਨਹੀਂ ਕਰਦਾ; ਤਾਂ ਹੀ ਬੁੱਲੇ ਸ਼ਾਹ ਦਾ ਕਹਿਣਾ ਹੈ, "ਬੁੱਲੇ ਸ਼ਾਹ ਇਥੇ ਸਭ ਮੁਸਾਫਿਰ ਕਿਸੇ ਨਾ ਇਥੇ ਰਹਿਣਾ, ਆਪੋ ਆਪਣੀ ਵਾਟ ਮੁਕਾ ਕੇ ਸਭ ਨੂੰ ਮੁੜਨਾ ਪੈਣਾ।"

ਵਕਤ ਬਦਲਣ 'ਤੇ ਜਦ ਆਪਣੇ ਰੰਗ ਬਦਲਦੇ ਨੇ ਤਾਂ ਵਕਤ ਦੇ ਮੂੰਹ ਵਿਚ ਵੀ ਘੁੰਘਣੀਆਂ ਪੈ ਜਾਂਦੀਆਂ। ਕਬਰਾਂ ਨਮੋਸ਼ੀ ਵਿਚ ਡੁੱਬ ਜਾਂਦੀਆਂ ਅਤੇ ਸਿਵਿਆਂ ਨੂੰ ਵੀ ਸਬਰ ਹੀ ਕਰਨਾ ਪੈਂਦਾ, ਜਦ ਆਪਣੇ ਹੀ ਆਪਣਿਆਂ ਲਈ ਕਬਰਾਂ ਪੁੱਟਦੇ।

ਵਕਤ ਨੇ ਸਦਾ ਚੱਲਦੇ ਰਹਿਣਾ। ਨਾ ਹੀ ਇਸ ਨੇ ਕਿਸੇ ਦੀ ਮੰਨਣੀ ਅਤੇ ਨਾ ਹੀ ਕਿਸੇ ਦੇ ਦਬਾਅ ਹੇਠ ਪਲ ਭਰ ਠਹਿਰਨਾ। ਇਸ ਦਾ ਸੁਭਾਅ ਹੀ ਨਹੀਂ ਕਿ ਇਹ ਕਿਸੇ ਦੀ ਉਡੀਕ ਕਰੇ। ਖੁਦ ਹੀ ਇਸ ਦੀ ਉਡੀਕ ਕਰਨੀ ਪੈਣੀ ਅਤੇ ਇਸ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਪੈਣਾ। ਬਹੁਤ ਪਛੜ ਜਾਂਦੇ ਨੇ ਉਹ ਲੋਕ, ਜਿਹੜੇ ਵਕਤ ਦੀ ਉਡੀਕ ਵਿਚ ਜ਼ਿੰਦਗੀ ਦੀ ਦਹਿਲੀਜ਼ 'ਤੇ ਬੈਠੈ ਹੀ ਉਮਰ ਗੁਜਾਰ ਦਿੰਦੇ। ਆਖਰ ਨੂੰ ਇਕ ਪਛਤਾਵਾ ਝੋਲੀ ਵਿਚ ਪਵਾ, ਆਖਰੀ ਸਫਰ ਦੀ ਤਿਆਰੀ ਵਿਚ ਰੁੱਝ ਜਾਂਦੇ।

ਵਕਤ ਸਾਹਵੇਂ ਨਹੀਂ ਕਿਸੇ ਦੀ ਔਕਾਤ। ਵਕਤ ਵਿਚ ਰਾਤ ਵੀ ਹੁੰਦੀ ਤੇ ਪ੍ਰਭਾਤ ਵੀ। ਜਜ਼ਬਾਤ ਵੀ ਹੁੰਦੇ ਤੇ ਕਰਾਮਾਤ ਵੀ। ਨਫਾਸਤ ਵੀ ਤੇ ਸਾਇਸ਼ਤਗੀ ਵੀ। ਅਵਾਰਗੀ ਵੀ ਤੇ ਫਕੀਰਾਨਾ ਫਿਤਰਤ ਵੀ। ਵਕਤ ਸਰਘੀ ਵੀ ਤੇ ਸ਼ਾਮ ਵੀ। ਪੁੰਨਿਆਂ ਵੀ ਇਹੀ ਤੇ ਮੱਸਿਆ ਵੀ। ਇਹ ਤਾਂ ਬੰਦੇ 'ਤੇ ਨਿਰਭਰ ਕਿ ਇਸ ਨੇ ਮੱਸਿਆ ਵਿਚੋਂ ਚੰਦਰਮਾ ਨੂੰ ਕਿਵੇਂ ਨਿਹਾਰਨਾ? ਸ਼ਾਮ ਦੇ ਧੁੰਦਲਕੇ ਵਿਚ ਸਵੇਰ ਨੂੰ ਕਿਵੇਂ ਕਿਆਸਣਾ? ਰਾਤ ਵਿਚੋਂ ਵੀ ਪੂਰਬ ਵਲੋਂ ਚੜ੍ਹਦੇ ਸੂਰਜ ਦੀ ਅੱਖ ਵਿਚ ਅੱਖ ਪਾ ਕੇ ਕਿੰਜ ਦੇਖਣਾ?

ਵਕਤ ਨਾਲ ਲੋਕ ਨਹੀਂ ਬਦਲਦੇ, ਸਗੋਂ ਵਕਤ ਨਾਲ ਉਨ੍ਹਾਂ ਦੀ ਅਸਲੀਅਤ ਤੇ ਸੱਚ ਸਾਹਮਣੇ ਆ ਜਾਂਦਾ, ਜਿਹੜਾ ਅਕਸਰ ਹੀ ਨਕਾਬ ਪਿੱਛੇ ਛੁਪਿਆ ਹੁੰਦਾ।

ਅੱਜ ਨੇ ਸਿਰਫ ਅੱਜ ਹੀ ਰਹਿਣਾ। ਕੱਲ੍ਹ ਤਾਂ ਬੀਤ ਚੁੱਕਿਆ ਵੀ ਹੁੰਦਾ ਅਤੇ ਆਉਣ ਵਾਲਾ ਵੀ ਕੱਲ੍ਹ ਹੀ ਹੁੰਦਾ। ਸੋ ਅੱਜ ਵਿਚ ਜਿਊਣਾ ਚੰਗਾ, ਨਾ ਕਿ ਆਉਣ ਵਾਲੇ ਕੱਲ੍ਹ ਦੀ ਉਡੀਕ ਵਿਚ ਅੱਜ ਨੂੰ ਹੱਥੋਂ ਗਵਾ ਲਿਆ ਜਾਵੇ। ਅੱਜ ਹੀ ਆਪਣੇ ਸੁਪਨਿਆਂ ਨੂੰ ਸੱਚ ਕਰੋ। ਕੀ ਪਤਾ ਕੱਲ੍ਹ ਆਵੇ ਜਾਂ ਨਾ ਆਵੇ।

ਵਕਤ ਬਹਿਸ਼ਤ, ਵਕਤ ਹੀ ਬੰਦਗੀ। ਵਕਤ ਹੀ ਬਰਕਤ। ਵਕਤ ਹੀ ਬੰਦਿਆਈ ਚੰਗਿਆਈ, ਬਹੁਲਤਾ ਅਤੇ ਬਹਾਦਰੀ। ਵਕਤ ਖੁਦਗਰਜ ਵੀ ਅਤੇ ਬੇਫਿਕਰੀ ਦਾ ਆਲਮ ਵੀ। ਦਰਅਸਲ ਮਨੁੱਖ ਜਦ ਵਕਤ ਵਿਚੋਂ ਸੁਪਨਿਆਂ ਦੀ ਸਰਜਮੀਂ ਸਿਰਜਣ ਦਾ ਸੁਹਜ ਅਤੇ ਸਲੀਕਾ ਸਮਝ ਲਵੇ ਤਾਂ ਵਕਤ ਉਸ ਦੇ ਪੈਰਾਂ ਵਿਚ ਜ਼ਿੰਦਗੀ ਦੀਆਂ ਸੱਭੇ ਖੈਰਾਂ ਧਰਦਾ। ਉਸ ਨੂੰ ਸੰਸਾਰਕ ਅਤੇ ਭਾਵੁਕ ਦੌਲਤਾਂ ਨਾਲ ਨਿਵਾਜਦਾ ਏ।

ਪਰ ਅਫਸੋਸ ਕਿ ਸਾਨੂੰ ਤਾਂ ਵਕਤ ਹੀ ਨਹੀਂ ਮਿਲਦਾ। ਪਤਾ ਨਹੀਂ ਲੱਗਦਾ ਕਿ ਵਕਤ ਹੀ ਕਿਧਰ ਗਿਆ? ਸਾਡੇ ਵਿਹੜੇ ਆਉਂਦਾ ਰਾਹ 'ਚ ਵਿਟਰ ਗਿਆ ਅਤੇ ਉਸ ਦੀਆਂ ਦੁਆਵਾਂ ਤੇ ਅਦਾਵਾਂ ਵਿਚੋਂ ਬੰਦਾ ਵਿਸਰ ਗਿਆ।

ਬਸਤੇ ਦੇ ਬੋਝ ਥੱਲੇ ਜਦ ਬਚਪਨਾ ਸਹਿਕ ਜਾਵੇ ਤਾਂ ਵਿਹੜੇ ਦੀ ਛਪੜੀ 'ਚ ਕਾਗਜ਼ ਦੀਆਂ ਬੇੜੀਆਂ ਚਲਾਉਣ, ਸਾਈਕਲ ਦੇ ਟਾਇਰ ਨੂੰ ਭਜਾਉਣ, ਛੱਪੜ ਦੇ ਕੰਢੇ ਬੈਠ ਕੇ ਠੀਕਰੀਆਂ ਚਲਾਉਣ, ਪਤੰਗ ਉਡਾਉਣ, ਘਰ ਦੀ ਹਰ ਕੰਧ 'ਤੇ ਲੀਕਾਂ ਮਾਰਨ ਅਤੇ ਰਿਹਾੜ ਕਰਨ ਦਾ ਵਕਤ ਹੀ ਨਹੀਂ ਮਿਲਦਾ।

ਮਾਪਿਆਂ ਦੇ ਸੁਪਨਿਆਂ ਦੀ ਪੂਰਤੀ ਲਈ ਪੜ੍ਹਾਈ ਵਿਚ ਅਜਿਹੇ ਖੁੱਭ ਗਏ ਕਿ ਅੱਲ੍ਹੜ ਉਮਰੇ ਕਿਸੇ ਨੂੰ ਪਿਆਰ ਕਰਨ ਦਾ ਮੌਕਾ ਹੀ ਨਾ ਮਿਲਿਆ। ਵਕਤ ਹੀ ਉਡੀਕਦੇ ਰਹੇ, ਪਰ ਉਮਰ ਨੇ ਕਦ ਉਡੀਕਣਾ ਸੀ?

ਵਕਤ-ਵਕਤ ਦੀ ਬਾਤ ਹੁੰਦੀ। ਵਕਤ ਬੀਤ ਜਾਵੇ ਤਾਂ ਦੱਸੋ ਕਿੰਜ ਬਾਤ ਹੋਵੇ? ਵਕਤ ਨਿਕਲ ਜਾਂਦਾ ਤਾਂ ਸਮੇਂ ਦੀ ਅੱਖ ਰੋਵੇ ਅਤੇ ਵਕਤ ਹੱਥੋਂ ਹੀ ਬੰਦਾ ਬਰਬਾਦ ਹੋਵੇ।

ਜਵਾਨੀ ਵਿਚ ਪੈਰ ਧਰਦਿਆਂ ਫੱਬਣ, ਸੱਜਣ-ਸਜਾਉਣਾ ਲਈ ਵਕਤ ਦੀ ਉਡੀਕ ਵਿਚ ਹੀ ਵਕਤ ਹੱਥੋਂ ਕਿਰ ਗਿਆ। ਉਮਰ ਬੀਤ ਜਾਣ ਤੋਂ ਬਾਅਦ ਕੌਣ ਸ਼ੌਕੀਨੀ ਪਾਲਣ ਦਾ ਜੇਰਾ ਕਰੇ? ਕਿਹੜੇ ਸਮੇਂ ਦੀ ਉਡੀਕ ਕਰੇ ਕਿ ਵਕਤ ਉਸ ਦੀਆਂ ਮੁੱਠੀਆਂ ਭਰੇ? ਇਹ ਸੋਚਦਿਆਂ ਹੀ ਬੀਤ ਜਾਂਦਾ ਏ ਵਕਤ ਅਤੇ ਪੱਲੇ ਵਿਚ ਰਹਿ ਜਾਂਦੀ ਏ ਬੀਤੇ ਸਮੇਂ ਦੀ ਹੱਥਾਂ ਵਿਚੋਂ ਕਿਰ ਰਹੀ ਰਾਖ।

ਕਦੇ ਸੱਜਣਾਂ ਨੇ ਆਖਿਆ ਕਿ ਮਿਲ ਕੇ ਜਾ। ਕੋਲ ਬਹਿ ਕੇ ਦਰਦ ਸੁਣਾ ਅਤੇ ਮੇਰਾ ਦੁੱਖੜਾ ਵੀ ਸੁਣਦਾ ਜਾ। ਜ਼ਖਮਾਂ ਨੂੰ ਸਹਿਲਾਅ ਤੇ ਰਿਸਦੇ ਜ਼ਖਮਾਂ 'ਤੇ ਮਿੱਠੜੇ ਬੋਲਾਂ ਦੀ ਮਰਹਮ ਲਾ; ਪਰ ਵਕਤ ਹੀ ਨਹੀਂ ਮਿਲਿਆ ਅਤੇ ਸੱਜਣ ਹੋ ਗਏ ਸਦਾ ਲਈ ਪਰਾਏ।

ਆੜੀ ਨੇ ਕਿਹਾ ਕਿ ਆ ਜਾ ਯਾਰਾ। ਯਾਦਾਂ ਦਾ ਬਸਤਾ ਏ ਭਾਰਾ। ਕਦੇ ਕੱਢ ਵਕਤ ਤੂੰ ਦਿਲਦਾਰਾ। ਬੇਫਿਕਰੀ ਦੀਆਂ ਜੂਹਾਂ ਵਿਚ ਜਾਈਏ। ਬੀਤੇ ਵਕਤ ਨੂੰ ਮੋੜ ਲਿਆਈਏ। ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਰੂਹੇ-ਰੰਗ ਚੜ੍ਹਾਈਏ। ਇਸ ਜੀਵਨੀ ਭੱਜਦੌੜ 'ਚ ਬੀਤੇ ਪਲਾਂ ਦੇ ਪੀਹੜੇ ਬਹਿ ਕੇ ਕੁਝ ਸੁਣੀਏ ਤੇ ਕੁਝ ਸੁਣਾਈਏ। ਮਨ ਤਾਂ ਕਰਦਾ ਸੀ ਕਿ ਮਾਸੂਮ ਸ਼ਰਾਰਤਾਂ ਤੇ ਇੱਲਤਾਂ ਵਿਚੋਂ ਮਾਪਿਆਂ ਦੀਆਂ ਘੂਰਕੀਆਂ ਤੇ ਉਲਾਹਮਿਆਂ ਨੂੰ ਫਿਰ ਤੋਂ ਚਿਤਾਰੀਏ ਅਤੇ ਮਾਸੂਮੀਅਤ ਦੇ ਰੁਆਂਸੇ ਮੁੱਖ ਨੂੰ ਸ਼ਿੰਗਾਰੀਏ, ਪਰ ਕੀ ਕਰੀਏ ਵਕਤ ਹੀ ਨਾ ਮਿਲਿਆ।

ਕਦੇ ਫਰਜ਼ਾਂ ਦੀ, ਕਦੇ ਕਰਜ਼ਾਂ ਦੀ ਤੇ ਕਦੇ ਮਰਜ਼ਾਂ ਦੀ ਪੰਡ ਢੋਂਦਿਆਂ, ਆਪਣਾ ਆਪਾ ਖੁਦ ਹੀ ਕੋਂਹਦਿਆਂ, ਬਾਹਰੋਂ ਹੱਸਦਿਆਂ ਪਰ ਅੰਦਰੋਂ ਰੋਂਦਿਆਂ, ਜਾਗਦੇ ਦੁੱਖੜਿਆਂ ਨੂੰ ਧਿੰਗੋਜੋਰੀ ਸੁਆਉਂਦਿਆਂ ਅਤੇ ਆਪਣੇ ਸਾਹਾਂ ਨੂੰ ਸੂਲੀ 'ਤੇ ਟਿਕਾਉਂਦਿਆਂ ਜਦ ਖੁਦ ਨੂੰ ਮਿਲਣਾ ਚਾਹਿਆ ਤਾਂ ਵਕਤ ਹੀ ਨਾ ਮਿਲਿਆ।

ਪਲ ਭਰ ਸੁਖਨ ਨਾਲ ਬਹਿਣ ਦਾ, ਯਾਰ ਨੂੰ ਮਨ ਦੀਆਂ ਕਹਿਣ ਦਾ। ਉਸ ਦੀਆਂ ਸੁਣਨ ਅਤੇ ਆਪਣੀਆਂ ਸੁਣਾਉਣ ਦਾ। ਭਾਵਾਂ ਦੀ ਗੰਢ ਖੋਲਣ ਤੇ ਚਾਅ ਦੇ ਹਾਰ ਪਰੋਵਣ ਤੇ ਅਹਿਸਾਸਾਂ ਨੂੰ ਪਰਚਾਉਣ ਵਾਲੇ ਪਲਾਂ ਦੀ ਆਸ ਲਈ ਤਾਂ ਜੀਵਨ ਨੇ ਕੇਹੀ ਭਰੀ ਅੰਗੜਾਈ ਕਿ ਸਾਹਾਂ ਹੱਥੋਂ ਬੇਗਾਨਗੀ ਦਾ ਸਿਵਾ ਸੇਕਿਆ। ਰੂਹ ਦੀ ਬਗੀਚੀ 'ਚ ਫੁੱਲ ਖਿੜਾਉਣ ਦਾ ਤਾਂ ਮੌਕਾ ਹੀ ਨਾ ਮਿਲਿਆ ਤੇ ਵਕਤ ਤਿਲਕ ਗਿਆ।

ਕਦੇ ਦਿਲ ਨੇ ਚਾਹਿਆ ਸਹਿਜੇ ਸਹਿਜੇ ਰੋਟੀ ਖਾਣ ਦਾ, ਸੁਹਜ ਦੀ ਬੀਹੀ ਹੇਕ ਲਾਉਣ ਦਾ ਤੇ ਸਕੂਨ ਨਾਲ ਜਿਊਣ ਦਾ। ਬੱਚਿਆਂ ਸੰਗ ਬੱਚੇ ਬਣਨ ਦਾ, ਉਨ੍ਹਾਂ ਦੀ ਸੰਗਤ ਵਿਚੋਂ ਖੁਦ ਦਾ ਗੁਆਚਿਆ ਬਚਪਨ ਭਾਲਣ ਅਤੇ ਬੱਚਿਆਂ ਦੀਆਂ ਕਿਲਕਾਰੀਆਂ, ਅਲਮਸਤਾ ਅਤੇ ਪਾਕੀਜ਼ਗੀ ਨੂੰ ਅੱਖਾਂ ਸਾਹਵੇਂ ਨਿਹਾਰਨਾ ਚਾਹਿਆ; ਪਰ ਕੀ ਕਰਾਂ ਕਿ ਵਕਤ ਹੀ ਨਹੀਂ ਮਿਲਿਆ।

ਕੰਧਾਂ ਵਿਚੋਂ ਮਕਾਨ ਉਸਾਰਨ, ਮਕਾਨ ਵਿਚੋਂ ਘਰ ਨਿਹਾਰਨ, ਕਮਰਿਆਂ ਵਿਚ ਪਲਮਦੇ ਪਿਆਰ ਨੂੰ ਵਿਸਥਾਰਨ, ਘਰ ਵਿਚ ਉਸਰੀਆਂ ਕੰਧਾਂ ਨੂੰ ਢਾਹੁਣ, ਗੂੰਗੀ ਚੁੱਪ ਦੇ ਨਾਮ ਕੁਝ ਬੋਲ ਲਾਉਣ, ਘਰ ਦੀ ਚੁੱਪ ਵਿਚ ਅਰਦਾਸ ਤੇ ਆਸਥਾ ਦਾ ਦੀਵਾ ਜਗਾਉਣ ਦੀ ਚਾਹਨਾ ਤਾਂ ਕੀਤੀ, ਪਰ ਸਮਾਂ ਹੀ ਨਾ ਮਿਲਿਆ ਅਤੇ ਵਕਤ ਹੀ ਲੰਘ ਗਿਆ।

ਕਦੇ ਕਦਾਈਂ ਕੋਰੇ ਕਾਗਜ਼ ਦੀ ਹਿੱਕ 'ਤੇ ਹਰਫਾਂ ਨਾਲ ਸੰਵਾਦ ਰਚਾ, ਇਨ੍ਹਾਂ ਵਿਚ ਅਰਥਾਂ ਦੇ ਜੁਗਨੂੰ ਟਿਕਾ, ਇਬਾਰਤ ਵਿਚ ਸੁਖਨ ਤੇ ਸਕੂਨ ਉਗਾ ਅਤੇ ਕਾਪੀ ਨੂੰ ਕਿਤਾਬ ਬਣਾ, ਇਸ ਨੂੰ ਕਮਰੇ ਦੀ ਪਾਕ-ਨੁੱਕਰੇ ਟਿਕਾਉਣ ਦੀ ਬਹੁਤ ਤਮੰਨਾ ਸੀ, ਪਰ ਕੀ ਕਰਾਂ ਵਕਤ ਹੀ ਫਿੱਸਲ ਗਿਆ ਅਤੇ ਮੈਂ ਹੱਥ ਮਲਦਾ ਰਹਿ ਗਿਆ।

ਬਹੁਤ ਜੀਅ ਕਰਦਾ ਸੀ ਕਿ ਕਮਰੇ ਦੀ ਕੰਧ 'ਤੇ ਕੈਨਵਸ ਲਟਕਾਵਾਂ, ਬੁਰਸ਼ ਦੀਆਂ ਛੂਹਾਂ ਨਾਲ ਕਲਾ-ਕਿਰਤੀਆਂ ਵਾਹਵਾਂ, ਮਨ ਵਿਚ ਦੱਬੀਆਂ ਭਾਵਨਾਵਾਂ ਤੋਂ ਰਾਹਤ ਪਾਵਾਂ ਅਤੇ ਆਪਣੇ ਸ਼ੌਕ ਦੇ ਅੰਦਾਜ਼ ਤੇ ਪਰਵਾਜ਼ ਲਈ ਪਰ ਬਣ ਜਾਵਾਂ, ਪਰ ਜ਼ਿੰਦਗੀ ਦੇ ਝਮੇਲਿਆਂ ਵਿਚ ਅਜਿਹਾ ਗਵਾਚਿਆ ਕਿ ਕੈਨਵਸ ਤੇ ਹਉਕੇ ਦੇ ਬੁਰਸ਼ ਨਾਲ ਸਿਰਫ ਇਕ ਹੰਝੂ ਤੇ ਸਿੱਸਕੀ ਹੀ ਧਰ ਸਕਿਆ ਅਤੇ ਵਕਤ ਬੀਤ ਗਿਆ।

ਰੂਹ ਚਾਹੁੰਦੀ ਸੀ ਕਿ ਕਦੇ ਜੰਗਲ-ਬੇਲੇ ਗਾਹਵਾਂ, ਪਹਾੜਾਂ ਦੀਆਂ ਅਣਛੋਹੀਆਂ ਟੀਸੀਆਂ ਨੂੰ ਹੱਥ ਲਾ ਕੇ ਆਵਾਂ, ਸ਼ਾਂਤ-ਸਮੁੰਦਰਾਂ ਦੀ ਡੂੰਘਾਈ ਨਾਪ ਕੇ ਆਵਾਂ, ਇਸ ਦੀ ਹਿੱਕ ਵਿਚਲੇ ਉਬਾਲਾਂ ਨੂੰ ਉਲਥਾਵਾਂ, ਦਰਿਆਵਾਂ ਦੀ ਰਵਾਨਗੀ ਨੂੰ ਜੀਵਨ-ਤੋਰ ਦੇ ਨਾਮ ਲਾਵਾਂ ਅਤੇ ਇਨ੍ਹਾਂ ਕੋਲੋਂ ਜਿਊਣ ਦਾ ਰਾਜ਼, ਆਪਣੀ ਜੀਵਨ ਜਾਚ ਵਿਚ ਉਕਰਾਵਾਂ; ਪਰ ਰੂਹ ਨੂੰ ਕੈਦਖਾਨੇ ਹੀ ਡੱਕੀ ਰੱਖਿਆ। ਜਦੋਂ ਇਸ ਨੂੰ ਆਜ਼ਾਦ ਕਰਨ ਦਾ ਚੇਤਾ ਆਇਆ ਤਾਂ ਉਨੀ ਦੇਰ ਤੱਕ ਵਕਤ ਹੀ ਨਿਕਲ ਗਿਆ ਅਤੇ ਮੈਂ ਚੁੱਪ ਕਰਕੇ ਬਹਿ ਗਿਆ।

ਬਹੁਤ ਜੀਅ ਕਰਦਾ ਸੀ ਕਿ ਮੈਂ ਆਪਣੇ ਬਾਪ ਦੀਆਂ ਬਿਆਈਆਂ, ਹੱਥਾਂ ਦੇ ਰੱਟਣਾਂ ਅਤੇ ਮੱਥੇ ਦੀਆਂ ਝੁਰੜੀਆਂ ਵਿਚੋਂ ਉਸ ਦੇ ਜੀਵਨ ਦੇ ਸਿਲਾਲੇਖਾਂ ਨੂੰ ਹਰਫ ਦੇਵਾਂ। ਉਨ੍ਹਾਂ ਦੀ ਇਬਾਰਤ ਨੂੰ ਇਬਾਦਤ ਬਣਾਵਾਂ ਅਤੇ ਇਸ ਨੂੰ ਇਬਾਦਤ ਨੂੰ ਵਿਰਾਸਤ ਬਣ ਕੇ ਅਗਲੀਆਂ ਪੀੜੀਆਂ ਦੇ ਨਾਮ ਕਰਾਂ; ਪਰ ਕੀ ਕਰਾਂ ਵਕਤ ਹੀ ਨਾ ਮਿਲਿਆ। ਇਸ ਦਾ ਪਛਤਾਵਾ ਤਾਉਮਰ ਮੇਰੇ ਨੈਣਾਂ ਵਿਚ ਘਰਾਲਾਂ ਬਣ ਕੇ ਮੁਖੜੇ 'ਤੇ ਆਪਣੇ ਨਕਸ਼ ਉਕਰਦਾ ਰਹੇਗਾ। ਦਰਅਸਲ ਮੇਰੀ ਪਤਨੀ ਨੇ 2019 ਵਿਚ ਮੈਨੂੰ ਕਿਹਾ ਸੀ ਕਿ ਬਥੇਰੀ ਨੌਕਰੀ ਕਰ ਲਈ, ਹੁਣ ਕੁਝ ਵਕਤ ਆਪਣੇ ਬਾਪ (ਉਸ ਸਮੇਂ ਉਨ੍ਹਾਂ ਦੀ ਉਮਰ 95 ਸਾਲ ਅਤੇ ਅਰੋਗ ਸਨ) ਨਾਲ ਵੀ ਬਿਤਾਈਏ। ਵਾਅਦਾ ਕੀਤਾ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਵਿਚ ਤਿੰਨ ਮਹੀਨੇ ਬਾਪ ਸੰਗ ਗੁਜ਼ਾਰਾਂਗੇ, ਪਰ ਅਚਨਚੇਤ ਜਦ ਉਹ ਸਾਡੇ ਜਾਣ ਤੋਂ ਪਹਿਲਾਂ ਹੀ ਤੁਰ ਗਏ ਤਾਂ ਸਿਰਫ ਇਕ ਪਛਤਾਵਾ ਉਮਰ ਦਾ ਦਾਗ ਬਣ ਗਿਆ। ਵਕਤ ਨਾ ਮਿਲਣ ਦਾ ਬਹਾਨਾ, ਜੀਵਨ ਨੂੰ ਕਿਵੇਂ ਪ੍ਰਭਾਵਤ ਕਰਦਾ ਤੇ ਤੁਹਾਡੇ ਚਿੱਤਵੇ ਸੁਪਨਿਆਂ ਨੂੰ ਕਿੰਜ ਤਾਰ-ਤਾਰ ਕਰਦਾ, ਇਹ ਤਾਂ ਉਸ ਸਮੇਂ ਪਤਾ ਲੱਗਦਾ ਜਦ ਵਕਤ ਹੀ ਬੀਤ ਜਾਂਦਾ।

ਬੜਾ ਮਨ ਕਰਦਾ ਸੀ ਕਿ ਆਪਣੇ ਪਿਆਰੇ ਦੋਸਤ ਨੂੰ ਆਖਰੀ ਸਫਰ ਵੇਲੇ ਮੋਢਾ ਦੇਵਾਂਗਾ। ਉਸ ਦੀਆਂ ਆਖਰੀ ਰਸਮਾਂ ਪੂਰਨ ਤਨਦੇਹੀ ਤੇ ਸਮਰਪਿਤਾ ਨਾਲ ਨਿਭਾਵਾਂਗਾ। ਉਸ ਦੀ ਆਖਰੀ ਇੱਛਾ ਨੂੰ ਪੂਰੀ ਕਰਾਂਗਾ, ਪਰ ਕੀ ਕਰਾਂ? ਮੈਂ ਤਾਂ ਆਪਣੇ ਮਿੱਤਰ ਨੂੰ ਮੋਢਾ ਵੀ ਨਾ ਦੇ ਸਕਿਆ। ਵਕਤ ਬੀਤਣ ਤੋਂ ਬਾਅਦ ਜਦ ਪਿੰਡ ਜਾ ਕੇ ਸਿਵਿਆਂ ਨੂੰ ਸਿਜਦਾ ਕਰ ਸਕਾਂਗਾ। ਜਿਉਂਦੇ ਜੀਅ ਇਕ ਵਾਰ ਫਿਰ ਮਰਾਂਗਾ। ਪੁਸ਼ਤੈਨੀ ਘਰ ਦੀਆਂ ਬਰੂਹਾਂ ਤੇ ਬੂਹਿਆਂ ਨੂੰ ਟੋਹਾਂਗਾ। ਦੋਸਤੀ ਦੀਆਂ ਨਿਸ਼ਾਨੀਆਂ ਵਿਚੋਂ ਬੀਤੇ ਪਲਾਂ ਨੂੰ ਸੋਚ-ਸੂਲਾਂ ਵਿਚ ਪਰੋਵਾਂਗਾ। ਖੁਦ ਨੂੰ ਕੋਹਾਂਗਾ ਅਤੇ ਦਲਾਨ ਵਿਚ 'ਕੱਲਾ ਬਹਿ ਕੇ ਜੀਅ ਭਰ ਕੇ ਰੋਵਾਂਗਾ। ਵਕਤ ਬੀਤ ਜਾਵੇ ਤਾਂ ਕੁਝ ਨਹੀਂ ਬਚਦਾ। ਪੱਲੇ 'ਚ ਰਹਿ ਜਾਂਦੇ ਯਾਦਾਂ ਦੇ ਛੱਲੇ, ਜੋ ਜਿੰਦ ਨੂੰ ਵਲੇ ਅਤੇ ਅਰਮਾਨਾਂ ਵਿਚ ਪੀੜ ਦਾ ਆਰਾ ਚੱਲੇ।

ਕਦੇ ਕਦੇ ਮਨ 'ਚ ਆਉਂਦਾ ਕਿ ਕਾਲਜੀਏਟ ਮਿੱਤਰ ਦੇ ਮੋਢੇ 'ਤੇ ਸਿਰ ਰੱਖ ਕੇ ਰੋਵਾਂ, ਦਿਲ 'ਤੇ ਲੱਗੇ ਹੋਏ ਪੁਰਾਣੇ ਦਾਗਾਂ ਨੂੰ ਧੋਵਾਂ, ਉਸ ਦੀ ਗਲਵੱਕੜੀ 'ਚ ਖੁਦ ਨੂੰ ਲਕੋਵਾਂ, ਸੱਜਣਤਾਈ ਦੇ ਗੁਲਾਲ 'ਚ ਮਲ ਮਲ ਨਹਾਵਾਂ, ਮਿੱਤਰ ਦੀ ਅਪਣੱਤ, ਅਵਾਰਗੀ ਤੇ ਅਲਬੇਲਤਾ ਨੂੰ ਮੁੜ ਤੋਂ ਜਗਾਵਾਂ ਅਤੇ ਉਸ ਨਾਲ ਬੀਤੀਆਂ ਯਾਦਾਂ ਵਿਚ ਖੁਦ ਨੂੰ ਉਲਥਾਵਾਂ। ਪਰ ਕੀ ਕਰਾਂ! ਸੋਚਦਾ ਹੀ ਰਹਿੰਦਾ ਹਾਂ ਅਤੇ ਵਕਤ ਲੰਘਦਾ ਜਾਂਦਾ ਏ।

ਕਦੇ ਕਦਾਈਂ ਤਾਂ ਭੈਣ-ਭਰਾ ਵੀ ਕਹਿੰਦੇ ਕਿ ਵੀਰਾ ਕਦੇ ਤਾਂ ਘਰ ਮੁੜ ਆ, ਇੱਟਾਂ ਨੂੰ ਘਰ ਬਣਾ, ਚੌਂਕੇ 'ਚ ਚੁਗਲੀਆਂ ਕਰਦੀ ਅੱਗ ਨੂੰ ਬੁਝਾ, ਵਿਹੜੇ ਵਿਚਲੇ ਜਾਮਣ ਦੀਆਂ ਜਾਮਣਾਂ ਖਾਂ, ਇਸ 'ਤੇ ਪੀਂਘ ਪਾ, ਆਪ ਵੀ ਝੂਟ ਤੇ ਸਾਨੂੰ ਵੀ ਝੂਟਾ। ਆਪਣੀ ਬੀਤੀ ਜ਼ਿੰਦਗੀ ਦੀਆਂ ਪਰਤਾਂ ਦੀ ਝਲਕ ਹੀ ਦਿਖਲਾ ਅਤੇ ਸਾਡੇ ਜੀਵਨ ਦੀਆਂ ਕੌੜੀਆਂ-ਕੁਸੈਲੀਆਂ ਅਤੇ ਖੱਟੀਆਂ ਮਿੱਠੀਆਂ ਯਾਦਾਂ ਨੂੰ ਮਨ-ਝੋਲੀ ਵਿਚ ਪਵਾ। ਭਾਵੇਂ ਅਗਲੇ ਦਿਨ ਹੀ ਮੁੜ ਜਾਈਂ, ਪਰ ਕੀ ਕਰਾਂ? ਸਮਾਂ ਹੀ ਨਹੀਂ ਮਿਲ ਸਕਿਆ ਅਤੇ ਫਿਰ ਯਾਦ ਹੀ ਨਾ ਰਿਹਾ ਕਿ ਵਕਤ ਕਿਧਰ ਗਿਆ?

ਮਨ 'ਚ ਬੜੀ ਵਾਰ ਆਇਆ ਕਿ ਸਾਹ ਔਖਾ ਆਉਂਦਾ ਏ। ਰੋਟੀ ਵੀ ਨਹੀਂ ਪਚਦੀ। ਦਿਲ ਦੀ ਧੜਕਣ ਤੇਜ ਏ। ਗੋਡੇ ਵੀ ਜਵਾਬ ਦੇਈ ਜਾਂਦੇ। ਡਾਕਟਰ ਨੂੰ ਹੀ ਮਿਲ ਆਵਾਂ। ਕੁਝ ਸਿਹਤ ਦਾ ਹੀ ਓਹੜ-ਪੋਹੜ ਕਰਾਂ, ਪਰ ਵਕਤ ਹੀ ਨਹੀਂ ਮਿਲਿਆ ਅਤੇ ਆਖਰ ਨੂੰ ਸਰੀਰ ਹੀ ਜਵਾਬ ਦੇ ਗਿਆ। ਹੁਣ ਡਾਕਟਰ ਕੋਲ ਕੌਣ ਲਿਜਾਵੇ? ਕਿਹੜਾ ਦਵਾ ਦਾਰੂ ਕਰਾਵੇ? ਕੌਣ ਫਿਕਰ ਕਰੇ? ਕਿਹੜਾ ਜ਼ਿਕਰ ਕਰੇ? ਕੌਣ ਹਾਕ ਹੁੰਗਾਰਾ ਭਰੇ? ਵਕਤ ਬੀਤ ਜਾਣ ਤੋਂ ਬਾਅਦ ਕੌਣ ਏ ਆਪਣਾ ਅਤੇ ਕੌਣ ਏ ਪਰਾਇਆ? ਕੌਣ ਨੇ ਸਿਆਣੂ ਅਤੇ ਕੌਣ ਏ ਹਮਾਰਾ? ਹੁਣ ਤਾਂ ਖੁਦ ਹੀ ਖੁਦ ਦਾ ਕਰਨਾ ਪੈਣਾ ਏ ਨਿਸਤਾਰਾ।

ਦਿਲ ਕਰਦਾ ਏ ਕਦੇ ਖੇਤ ਨੂੰ ਜਾਂਦੀ ਪਹੀ ਨੂੰ ਮਿਲ ਕੇ ਆਵਾਂ। ਨਵੇਂ ਖੂਹ ਦੀ ਜੂਹ ਨੂੰ ਮੱਥਾ ਟੇਕਾਂ। ਅੰਬ ਦੇ ਬੂਟੇ ਦੀ ਠੰਡੀ ਛਾਂ ਹੇਠ ਸੁਸਤਾਵਾਂ। ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ ਦਾ ਕਲਾਵਾ ਭਰਾਂ ਅਤੇ ਉਨ੍ਹਾਂ ਦੇ ਮੱਥੇ 'ਤੇ ਚਾਨਣ ਦਾ ਚੁੰਮਣ ਧਰਾਂ। ਬਾਪ ਦੇ ਖੇਤਾਂ ਦੇ ਨਾਮ ਖੁਸ਼ਹਾਲੀ ਕਰਾਂ, ਜਿਨ੍ਹਾਂ ਤੋਂ ਆਪਣਿਆਂ ਨੇ ਮਹਿਰੂਮ ਕਰ ਦਿਤਾ; ਪਰ ਕੀ ਕਰਾਂ ਅਤੇ ਕਿੰਜ ਕਰਾਂ? ਮੈਨੂੰ ਵਕਤ ਹੀ ਨਹੀਂ ਮਿਲਿਆ।

ਜ਼ਿੰਦਗੀ ਦੇ ਇਸ ਮੋੜ 'ਤੇ ਜੀਅ ਤਾਂ ਕਰਦਾ ਕਿ ਮੈਂ ਸਕੂਲ ਦੇ ਉਨ੍ਹਾਂ ਅਧਿਆਪਕਾਂ ਦੇ ਚਰਨ ਛੂਹਾਂ ਜਿਨ੍ਹਾਂ ਨੇ ਮੇਰੇ ਹੱਥ ਕਲਮ ਪਕੜਾਈ, ਜਿਨ੍ਹਾਂ ਨੇ ਪੂਰਨਿਆਂ ਵਿਚੋਂ ਅੱਖਰਾਂ ਦੀ ਜੋਤ ਜਗਾਈ। ਜਿਨ੍ਹਾਂ ਨੇ ਮੇਰੇ ਸੱਖਣੇ ਨੈਣਾਂ ਵਿਚ ਸੁਪਨਾ ਧਰਿਆ ਅਤੇ ਜਿਸ ਨੂੰ ਮੈਂ ਤਿਲ ਤਿਲ ਕਰਕੇ ਪੂਰਾ ਕਰਿਆ, ਪਰ ਜ਼ਿੰਮੇਵਾਰੀਆਂ ਹੱਥੋਂ ਬੇਬੱਸ ਤੇ ਲਚਾਰ ਸਾਂ ਕਿ ਮੈਂ ਜਾ ਹੀ ਨਾ ਸਕਿਆ ਤੇ ਵਕਤ ਬੀਤ ਗਿਆ। ਵਕਤ ਮਿਲ ਜਾਂਦਾ ਤਾਂ ਵਕਤ ਨੇ ਕਦ ਉਨ੍ਹਾਂ ਪਲਾਂ ਨੂੰ ਸਦੀਵੀ ਸੰਭਾਲ ਲੈਣਾ ਸੀ।

ਜੀਵਨ ਦੇ ਆਖਰੀ ਪੜਾਅ ਵਿਚ ਆਸ ਰਹੀ ਕਿ ਮੈਂ ਖੁਦ ਵਿਚੋਂ ਖੁਦ ਨੂੰ ਤਲਾਸ਼ਾਂ। ਖੁਦ ਦੇ ਰੂਬਰੂ ਹੋਵਾਂ। ਆਪਣੇ ਅੰਤਰੀਵ ਵਿਚ ਝਾਤੀ ਮਾਰਾਂ। ਖੁਦ ਨੂੰ ਨਿਹਾਰਾਂ। ਆਪਣਾ ਲੇਖਾ ਜੋਖਾ ਖੁਦ ਹੀ ਕਰਾਂ ਕਿ ਕੀ ਖੱਟਿਆ ਤੇ ਕੀ ਕਮਾਇਆ? ਕੀ ਪਾਇਆ ਤੇ ਕੀ ਗਵਾਇਆ? ਕੀ ਹੰਢਾਇਆ ਤੇ ਕੀ ਮਿਲਾਇਆ? ਕਿਹੜੀ ਖਾਮੀ ਤੇ ਕਿਹੜੀ ਕੁਰਬਾਨੀ? ਕਿਹੜੀ ਤਕਦੀਰ ਤੇ ਕਿਹੜੀ ਤਦਬੀਰ? ਕਿਹੜੀ ਰੂਹ-ਰੇਜ਼ਾ ਅਤੇ ਕਿਹੜਾ ਅਲੱਖ ਅਭੇਜਾ? ਕਿਹੜੀ ਬੇਗਾਨਗੀ ਤੇ ਕਿਹੜੀ ਅਪਣੱਤ? ਕਿਹੜੀ ਚੰਗਿਆਈ ਅਤੇ ਕਿਹੜੀ ਬੁਰਿਆਈ? ਕਿਹੜੀ ਬੰਦਿਆਈ ਤੇ ਕਿਹੜੀ ਖੁਦਾਈ? ਕਿਹੜੀ ਅਰਦਾਸ ਤੇ ਕਿਹੜਾ ਵਿਸ਼ਵਾਸ? ਕਿਹੜੀ ਆਸ ਤੇ ਕਿਹੜਾ ਧਰਵਾਸ? ਕਿਹੜੀ ਉਦਾਸੀ ਤੇ ਕਿਹੜੀ ਚੌਰਾਸੀ? ਕਿਹੜਾ ਹਾਸਲ ਤੇ ਕਿਹੜੀ ਹੋਂਦ? ਬਹੁਤ ਸਾਰੇ ਸਵਾਲ ਮਨ ਵਿਚ ਪੈਦਾ ਹੁੰਦੇ, ਪਰ ਵਕਤ ਹੀ ਨਹੀਂ ਮਿਲਿਆ ਇਨ੍ਹਾਂ ਨੂੰ ਮੁਖਾਤਬ ਹੋਣ ਦਾ। ਇਨ੍ਹਾਂ ਵਿਚ ਆਪਣੇ ਆਪ ਨੂੰ ਪ੍ਰਗਟਾਉਣ ਅਤੇ ਆਪਣਾ ਸੱਚ ਸਾਬਤ ਕਰਨ ਲਈ।

ਵਕਤ ਵਕਤ ਕਰਦਿਆਂ ਹੀ
ਬੀਤ ਗਈ ਏ ਹਯਾਤੀ,
ਵਕਤ ਦੀ ਆਰਤੀ ਕਰਦੇ
ਹਰ ਦਮ ਦਿਨ ਤੇ ਰਾਤੀ,
ਵਕਤ ਦੇ ਪਹਿਰੇਦਾਰ ਕਹਾਂਦੇ
ਜਜ਼ਬਾ ਤੇ ਜਜ਼ਬਾਤੀ,
ਵਕਤ ਦੇ ਮੁੱਖ 'ਤੇ ਸ਼ਾਮ ਉਤਰਦੀ
ਤੇ ਵਕਤ ਬਣੇ ਪ੍ਰਭਾਤੀ,
ਵਕਤ ਦੀ ਵਹਿੰਗੀ ਢੋਂਦਾ ਬੰਦਾ
ਅੰਦਰ ਮਾਰੇ ਨਾ ਝਾਤੀ,
ਤਾਂ ਹੀ ਉਸ ਨੂੰ ਚਿਣ ਕੇ ਸਿਵੇ 'ਚ
ਆਪਣੇ ਲਾਉਣ ਚੁਆਤੀ।


ਤੇ ਬੰਦਾ ਸਿਰਫ ਸੋਚਦਿਆਂ ਹੀ ਤੁਰ ਜਾਂਦਾ ਕਿ ਵਕਤ-ਵਕਤ ਕਰਦਿਆਂ, ਭਲਾ ਵਕਤ ਕਿਧਰ ਗਿਆ?

ਤੁਸੀਂ ਵੀ ਜਰੂਰ ਪਤਾ ਕਰਨਾ ਕਿ ਤੁਹਾਡੇ ਹੱਥੋਂ ਵਕਤ ਤਿਲਕ ਕੇ ਕਿਧਰ ਗਿਆ?

*ਬਹੁਤ ਜੀਅ ਕਰਦਾ ਸੀ ਕਿ ਕਮਰੇ ਦੀ ਕੰਧ 'ਤੇ ਕੈਨਵਸ ਲਟਕਾਵਾਂ, ਬੁਰਸ਼ ਦੀਆਂ ਛੂਹਾਂ ਨਾਲ ਕਲਾ-ਕਿਰਤੀਆਂ ਵਾਹਵਾਂ, ਮਨ ਵਿਚ ਦੱਬੀਆਂ ਭਾਵਨਾਵਾਂ ਤੋਂ ਰਾਹਤ ਪਾਵਾਂ ਅਤੇ ਆਪਣੇ ਸ਼ੌਕ ਦੇ ਅੰਦਾਜ਼ ਤੇ ਪਰਵਾਜ਼ ਲਈ ਪਰ ਬਣ ਜਾਵਾਂ, ਪਰ ਜ਼ਿੰਦਗੀ ਦੇ ਝਮੇਲਿਆਂ ਵਿਚ ਅਜਿਹਾ ਗਵਾਚਿਆ ਕਿ ਕੈਨਵਸ ਤੇ ਹਉਕੇ ਦੇ ਬੁਰਸ਼ ਨਾਲ ਸਿਰਫ ਇਕ ਹੰਝੂ ਤੇ ਸਿੱਸਕੀ ਹੀ ਧਰ ਸਕਿਆ ਤੇ ਵਕਤ ਬੀਤ ਗਿਆ।*

# ਉਚ ਕੋਟੀ ਦੇ ਸੂਫੀ ਫਕੀਰ ਸਾਈਂ ਮੀਆਂ ਮੀਰ

ਸ਼੍ਰੀ ਗੁਰੂ ਅਮਰਦਾਸ ਵਲੋਂ ਭਾਈ ਜੇਠਾ ਜੀ ਨੂੰ ਪਰਖ ਲੈਣ ਬਾਅਦ ਗੁਰਿਆਈ ਬਖਸ਼ ਸ਼੍ਰੀ ਗੁਰੂ ਰਾਮ ਦਾਸ ਬਣਾ ਦਿਤਾ ਗਿਆ ਅਤੇ ਆਖਿਆ ਕਿ ਤੁਸੀਂ ਆਪਣਾ ਟਿਕਾਣਾ ਉਸ ਥਾਂ ਬਣਾ ਲਵੋ, ਜੋ ਭੋਇੰ ਅਕਬਰ ਬਾਦਸ਼ਾਹ ਵਲੋਂ ਦਿਤੀ ਗਈ ਸੀ ਤੇ ਉਥੇ ਹੀ ਇੱਕ ਸਰੋਵਰ ਦੀ ਖੁਦਵਾਈ ਕਾਰਵਾਈ ਜਾਵੇ। ਹੁਕਮਾਂ ਦੀ ਪਾਲਣਾ ਕਰਦਿਆਂ ਚੌਥੇ ਨਾਨਕ ਨੇ ਆਪਣੀ ਰਿਹਾਇਸ਼ ਬਣਵਾ ਲੈਣ ਅਤੇ ਨਜ਼ਦੀਕ ਹੀ ਤਾਲਾਬ ਦੀ ਪੁਟਾਈ ਸ਼ੁਰੂ ਕਰਵਾ ਕੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਸੰਭਾਲ ਲਈ ਗੋਇੰਦਵਾਲ ਪੁੱਜ ਗਏ ਸਨ। ਜਦੋਂ ਤੀਸਰੇ ਨਾਨਕ ਅਕਾਲ ਪੁਰਖ ਪਿਆਨਾ ਕਰ ਗਏ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਤਾਂ ਚੌਥੇ ਨਾਨਕ ਨੇ ਵਾਪਿਸ ਪੁੱਜ ਕੇ ਸਰੋਵਰ ਦੀ ਪੁਟਾਈ ਆਪਣੀ ਨਿਗਰਾਨੀ ਵਿਚ ਕਰਵਾਉਣ ਲੱਗ ਪਏ ਅਤੇ ਨੇੜੇ ਹੀ ਇੱਕ ਥੜ੍ਹੇ ਉਪਰ ਬੈਠ ਇਸ ਸਾਰੀ ਸੇਵਾ ਦੀ ਨਿਗਰਾਨੀ ਕਰਦੇ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਦਾਸਪੁਰ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਵਲੋਂ ਸ਼ੁਰੂ ਕੀਤੇ ਗਏ ਅੰਮ੍ਰਿਤ ਸਰੋਵਰ ਦੀ ਪੁਟਾਈ ਨੂੰ ਪੂਰਾ ਕਰਵਾਇਆ। ਉਸ ਨਗਰੀ ਨੂੰ ਅੱਜ ਕਲ੍ਹ ਅੰਮ੍ਰਿਤਸਰ ਆਖਿਆ ਜਾਂਦਾ ਹੈ। ਅੰਮ੍ਰਿਤ ਸਰੋਵਰ ਦੇ ਬਣ ਜਾਣ ਤੋਂ ਬਾਅਦ ਪੰਜਵੇਂ ਨਾਨਕ ਨੇ ਉਸ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦਾ ਮੁਖ ਉਦੇਸ਼ ਸੀ ਕਿ ਸਿੱਖ ਸੰਗਤਾਂ ਕੋਲ ਆਪਣਾ ਇੱਕ ਧਰਮ ਅਸਥਾਨ ਬਣ ਜਾਵੇ, ਜਿਥੇ ਸੰਗਤਾਂ ਆਪਣੇ ਗੁਰੂ ਦਾ ਉਪਦੇਸ਼ ਸੁਣਨ ਲਈ ਇਕੱਤਰ ਹੋ ਸਕਦੀਆਂ ਹੋਣ ਅਤੇ ਆਪਣੇ ਧਰਮ ਦਾ ਅਭਿਆਸ ਕਰ ਸਕਦੀਆਂ ਹੋਣ।

ਜਦੋਂ ਇਸ ਮਹਾਨ ਤੀਰਥ ਦੀ ਉਸਾਰੀ ਸ਼ੁਰੂ ਹੋਣ ਜਾ ਰਹੀ ਸੀ ਤਾਂ ਗੁਰੂ ਜੀ ਦੇ ਪੈਰੋਕਾਰਾਂ ਦਾ ਵਿਚਾਰ ਸੀ ਕਿ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਅੰਮ੍ਰਿਤਸਰ ਸਾਰੀਆਂ ਇਮਾਰਤਾਂ ਨਾਲੋਂ ਉਚਾ ਉਸਾਰਿਆ ਜਾਵੇ, ਪਰ ਗੁਰੂ ਜੀ ਨੇ ਨਿਮਰਤਾ ਨਾਲ ਸਮਝਾਇਆ ਕਿ ਕੋਈ ਵੀ ਇਮਾਰਤ ਉੱਚੀ ਹੋਣ ਨਾਲ ਕੋਈ ਵੀ ਥਾਂ ਉੱਚੀ ਨਹੀਂ ਹੋ ਜਾਇਆ ਕਰਦੀ। ਉਨ੍ਹਾਂ ਨੇ ਮਿਸਾਲ ਦਿੰਦਿਆਂ ਦੱਸਿਆ ਕਿ ਦੇਖੋ ਪਾਣੀ ਕਿੰਨਾ ਸ਼ਕਤੀਸ਼ਾਲੀ ਅਤੇ ਤਾਕਤਵਰ ਹੈ, ਪਰ ਇਸ ਦੀ ਨਿਮਰਤਾ ਵਲ ਧਿਆਨ ਦਿੱਤਾ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਤਾਕਤਵਰ ਹੁੰਦਾ ਹੋਇਆ ਨੀਵੇਂ ਪਾਸੇ ਵਲ ਨੂੰ ਹੀ ਜਾਂਦਾ ਹੈ। ਹਰਿਮੰਦਰ ਸਾਹਿਬ ਦੀ ਨੀਂਹ ਸ਼ਹਿਰ ਦੇ ਹਰ ਪੱਧਰ ਤੋਂ ਦੋ ਫੁੱਟ ਨੀਵੀਂ ਰੱਖੀ ਗਈ ਸੀ। ਹਿੰਦੂ ਮੰਨਦੇ ਹਨ ਕਿ ਪੂਰਬ ਦਿਸ਼ਾ ਪਵਿੱਤਰ ਹੈ ਅਤੇ ਮੁਸਲਮਾਨ ਪੱਛਮ ਦਿਸ਼ਾ ਨੂੰ ਪਵਿੱਤਰ ਮੰਨ ਕੇ ਆਪਣੀ ਨਮਾਜ਼ ਉਸ ਦਿਸ਼ਾ ਵਲ ਮੂੰਹ ਕਰ ਕੇ ਪੜ੍ਹਦੇ ਹਨ, ਪਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਕਿ ਰੱਬ ਸਾਰੇ ਪਾਸੇ ਮੌਜੂਦ ਹੈ ਅਤੇ ਚਾਰੇ ਦਿਸ਼ਾਵਾਂ ਹੀ ਰੱਬ ਵਲੋਂ ਬਣਾਈਆਂ ਗਈਆਂ ਹਨ। ਇਸ ਲਈ ਹਰਿਮੰਦਰ ਸਾਹਿਬ ਨੂੰ ਚਾਰ ਦਰਵਾਜੇ ਰੱਖ ਕੇ ਕਿ ਇਹ ਸਮਝਾਇਆ ਕਿ ਇਸ ਸਥਾਨ ਉਪਰ ਹਰ ਸੋਚ ਦਾ, ਹਰ ਜਾਤਪਾਤ ਦਾ ਅਤੇ ਹਰ ਧਰਮ ਦਾ ਆਦਮੀ ਬਿਨਾ ਕਿਸੇ ਡਰ ਦੇ ਗੁਰੂ ਘਰ ਵਿਚ ਆ ਸਕਦਾ ਹੈ। ਰੱਬ ਦੇ ਘਰ ਦੇ ਅੰਦਰ ਸਾਰੇ ਬਰਾਬਰ ਹਨ ਅਤੇ ਕੋਈ ਵੀ ਉਚਾ ਜਾਂ ਨੀਵਾਂ ਨਹੀਂ ਹੈ। ਚਾਰੇ ਦਰਵਾਜੇ ਸਿਰਫ ਵਿਖਾਵੇ ਲਈ ਹੀ ਨਹੀਂ ਰੱਖੇ ਗਏ, ਸਗੋਂ ਪੂਰੀ ਤਰ੍ਹਾਂ ਨਾਲ ਬਰਾਬਰੀ ਦੇ ਸਿਧਾਂਤ ਉਪਰ ਅਮਲ ਕੀਤਾ ਗਿਆ ਸੀ। ਸਿੱਖ ਲੋਕ ਧਾਰਾ ਦੇ ਅੰਦਰ ਇਹ ਗੱਲ ਬਹੁਤ ਹੀ ਪ੍ਰਚਲਿਤ ਹੈ ਕਿ ਜਦੋਂ ਸਾਰੇ ਧਰਮਾਂ ਦੇ ਲੋਕਾਂ ਲਈ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਦੀ ਸੋਚ ਆਈ ਸੀ ਤਾਂ ਇਸ ਪਵਿੱਤਰ ਸਥਾਨ ਦਾ ਨੀਂਹ ਪੱਥਰ ਰੱਖਣ ਲਈ ਸਾਈਂ ਮੀਆਂ ਮੀਰ ਜੀ ਨੂੰ ਬੁਲਾਇਆ ਗਿਆ ਸੀ ਅਤੇ ਹਰਿਮੰਦਰ ਸਾਹਿਬ ਦੀ ਪੂਰਤੀ ਵਿਚ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਆਪਣਾ ਹਿੱਸਾ ਪਾਇਆ ਸੀ। ਮਿੱਟੀ ਦੀਆਂ ਟੋਕਰੀਆਂ ਭਰ ਭਰ ਕੇ ਢੋਹੀਆਂ ਸਨ। ਗੁਰੂ ਸਾਹਿਬਾਨ ਨਾਲ ਮੀਆਂ ਮੀਰ ਦੇ ਸਬੰਧਾਂ ਦਾ ਆਧਾਰ ਨਿਜੀ ਪਸੰਦ ਜਾਂ ਨਾ ਪਸੰਦ ਨਹੀਂ ਸੀ, ਸਗੋਂ ਉਨ੍ਹਾਂ ਦੀ ਵਿਚਾਰਧਾਰਕ ਸਾਂਝ ਸੀ। ਸ਼੍ਰੀ ਹਰਿਮੰਦਰ ਸਾਹਿਬ ਦੀ ਪੂਰਤੀ 'ਤੇ ਗੁਰੂ ਜੀ ਨੇ ਸੂਹੀ ਰਾਗ ਵਿਚੋਂ ਇਹ ਸ਼ਬਦ ਉਚਾਰਿਆ ਸੀ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਗ 783 ਉਪਰ ਸੁਭਾਇਮਾਨ ਹੈ,

ਸੂਹੀ ਮਹਲਾ ੫॥
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ
ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ॥

ਇਸ ਸ਼ਬਦ ਦੇ ਭਾਵ ਅਰਥ ਹਨ ਕਿ ਉਹ ਅਕਾਲ ਪੁਰਖ ਆਪਣੇ ਭਗਤਾਂ ਦੇ ਅਤੇ ਆਪਣੇ ਸੰਤਾਂ ਦੇ ਕੰਮ ਪੂਰਨ ਕਰਵਾਉਣ ਲਈ ਆਪ ਨਾਲ ਸ਼ਾਮਿਲ ਹੁੰਦਾ ਹੈ, ਇਹ ਜ਼ਮੀਨ ਜਿਸ ਉਪਰ ਹਰਿਮੰਦਰ ਸਾਹਿਬ ਸੁਸ਼ੋਭਿਤ ਹੈ, ਬਹੁਤ ਹੀ ਸੁੰਦਰ ਹੈ, ਇਹ ਸਰੋਵਰ ਸੁਹਾਵਣਾ ਹੈ, ਜਿਸ ਦੇ ਵਿਚ ਅੰਮ੍ਰਿਤ ਜਲ ਭਰਿਆ ਹੋਇਆ ਹੈ। ਇਸ ਕਾਰਜ ਦੇ ਪੂਰਨ ਹੋਣ ਉਪਰੰਤ ਮੇਰੀਆਂ ਸਾਰੀਆਂ ਮੁਰਾਦਾਂ ਅਤੇ ਇੱਛਾਵਾਂ ਪੂਰਨ ਹੋ ਗਈਆਂ ਹਨ। ਉਸ ਸਰਬਵਿਆਪਕ ਅਤੇ ਕਦੇ ਨਾ ਖਤਮ ਹੋਣ ਵਾਲੇ ਈਸ਼ਵਰ ਨੇ ਆਪਣੇ ਵਡੱਪਣ ਵਿਚ ਤੇ ਸ਼ਾਂਤ ਸੁਭਾਵ ਅਨੁਸਾਰ ਸਾਰੇ ਹੀ ਕਾਰਜ ਰਾਸ ਕਰ ਦਿਤੇ ਹਨ।

ਜਦੋਂ ਪਹਿਲੀ ਸਤੰਬਰ 1604 ਨੂੰ ਆਦਿ ਗ੍ਰੰਥ ਨੂੰ ਹਰਿਮੰਦਰ ਸਾਹਿਬ ਜੀ ਦੇ ਅੰਦਰ ਸੁਸ਼ੋਭਿਤ ਕੀਤਾ ਗਿਆ ਸੀ, ਉਸ ਸਮੇਂ ਬਾਬਾ ਬੁੱਢਾ ਜੀ ਨੂੰ ਪਹਿਲਾ ਹਜ਼ੂਰੀ ਗ੍ਰੰਥੀ ਥਾਪਿਆ ਗਿਆ ਸੀ ਤੇ ਬਾਬਾ ਬੁੱਢਾ ਜੀ ਨੇ ਪਹਿਲਾ ਵਾਕ ਲਿਆ ਸੀ, ਉਹ ਵੀ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ (ਉਪਰ ਦਰਜ ਹੈ)। ਸਿੱਖ ਘਰਾਂ ਦੇ ਕਿਸੇ ਵੀ ਸ਼ੁਭ ਕਾਰਜ ਸੰਪੂਰਨ ਹੋਣ 'ਤੇ ਇਹ ਸ਼ਬਦ ਹੀ ਪੜ੍ਹਿਆ ਜਾਂਦਾ ਹੈ।

ਮੀਆਂ ਮੀਰ ਨੂੰ ਸਤਿਕਾਰ ਨਾਲ ਹਜ਼ਰਤ ਮੀਆਂ ਮੀਰ ਆਖ ਕੇ ਯਾਦ ਕੀਤਾ ਜਾਂਦਾ ਹੈ, ਪਰ ਉਨ੍ਹਾਂ ਦਾ ਅਸਲੀ ਨਾਮ ਸ਼ੇਖ ਮੁਹੰਮਦ ਸੀ। ਹਜ਼ਰਤ ਅਤੇ ਸ਼ੇਖ ਦੀ ਤਰ੍ਹਾਂ ਹੀ ਮੀਰ ਵੀ ਅੰਦਰ ਅਤੇ ਸਤਿਕਾਰ ਦਾ ਹੀ ਸੂਚਕ ਹੈ, ਜਿਹੜਾ ਮਹਾਨ ਮੁਸਲਮਾਨ ਸੰਤਾਂ ਫਕੀਰਾਂ ਦੀ ਅੰਸ਼ ਔਲਾਦ ਜਾਂ ਜਾਨਸ਼ੀਨ ਲਈ ਵਰਤਿਆ ਜਾਂਦਾ ਹੈ। ਮੀਆਂ ਮੀਰ ਜੀ ਦਾ ਪਿਛੋਕੜ (ਇਰਾਨ-ਅਫਗਾਨਿਸਤਾਨ) ਸੀਸਤਾਨ ਨਾਲ ਜੁੜਿਆ ਹੋਇਆ ਹੈ। ਸਾਈਂ ਮੀਆਂ ਮੀਰ ਦਾ ਜਨਮ 1550 ਈਸਵੀ ਦੇ ਨੇੜੇ ਤੇੜੇ ਹੋਇਆ। ਇਹ ਵਰਣਨ ਸਾਨੂੰ ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਵਲੋਂ ਲਿਖਿਆ ਹੋਇਆ ਮਿਲਦਾ ਹੈ। ਉਨ੍ਹਾਂ ਦੇ ਪਿਤਾ ਜੀ ਸਾਈਂ ਦਿੱਤਾ ਸੀਸਤਾਨ ਦੇ ਕਾਜ਼ੀ ਸਨ।

ਮੀਆਂ ਮੀਰ ਜੀ ਸਿਰਫ ਸੱਤ ਸਾਲ ਦੇ ਹੀ ਸਨ, ਜਦੋਂ ਉਨ੍ਹਾਂ ਦੇ ਪਿਤਾ ਜੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਉਨ੍ਹਾਂ ਦੇ ਮਾਤਾ ਜੀ ਪੀਰ ਦਸਤਗਾਰ ਦੇ ਰੂਹਾਨੀ ਘਰਾਣੇ ਵਿਚੋਂ ਸਨ, ਜਿਨ੍ਹਾਂ ਨੇ ਆਪਣੇ ਹੋਣਹਾਰ ਪੁੱਤਰ ਨੂੰ ਪਾਲ ਪੋਸ ਕੇ ਪ੍ਰਤਿਭਾਵਾਨ ਬਣਾਇਆ ਸੀ। ਰੂਹਾਨੀ ਵਿਦਿਆ ਉਨ੍ਹਾਂ ਨੇ ਆਪਣੀ ਮਾਤਾ ਤੋਂ ਹੀ ਗ੍ਰਹਿਣ ਕੀਤੀ ਅਤੇ ਮਦਰੱਸੇ ਦੀ ਪੜ੍ਹਾਈ ਖਤਮ ਕਰਨ ਤੋਂ ਪਹਿਲਾਂ ਹੀ ਰਹੱਸਵਾਦ ਦੇ ਖੇਮੇ ਵਿਚ ਵਿਲੱਖਣ ਸਥਾਨ ਪ੍ਰਾਪਤ ਕਰ ਲਿਆ ਸੀ। ਉਹ ਸੀਸਤਾਨ ਦੀਆਂ ਪਹਾੜੀਆਂ ਵਿਚ ਸ਼ੇਖ ਹਿਜਰ ਦੇ ਮੁਰੀਦ ਹੋ ਗਏ ਅਤੇ ਬਾਅਦ ਵਿਚ ਆਪਣੇ ਗੁਰੂ ਜੀ ਦੀ ਆਗਿਆ ਲੈ ਲਾਹੌਰ ਵਿਖੇ ਟਿਕਾਣਾ ਕਰ ਲਿਆ ਸੀ। ਇਸ ਥਾਂ ਨੂੰ ਮੀਆਂ ਮੀਰ ਦੀ ਛਾਉਣੀ ਕਰ ਕੇ ਜਾਣਿਆ ਜਾਂਦਾ ਹੈ। ਇਸ ਥਾਂ ਮੀਆਂ ਮੀਰ ਦਾ ਮਕਬਰਾ ਹੈ, ਜਿਥੇ ਅੱਜ ਵੀ ਲੋਕ ਸ਼ਰਧਾਂਜਲੀ ਅਰਪਣ ਕਰਨ ਆਉਂਦੇ ਹਨ।

ਸਾਈਂ ਮੀਆਂ ਮੀਰ ਆਪਣੇ ਸਮੇਂ ਦੇ ਉੱਚ-ਕੋਟੀ ਦੇ ਸੂਫੀ ਫਕੀਰ ਅਤੇ ਬਹੁਤ ਹੀ ਹਰਮਨ ਪਿਆਰੇ ਸਨ। ਅੱਠਵੀਂ ਸਦੀ ਈਸਵੀ ਵਿਚ ਸ਼ੁਰੂ ਹੋਣ ਵਾਲੀ ਸੂਫੀਆਂ ਦੀ ਤਿਆਗ ਦੀ ਲਹਿਰ ਸੀ, ਇਸ ਲਈ ਇਸ ਨੂੰ ਇਸਲਾਮ ਵਿਰੋਧੀ ਜਾਣ ਲਿਆ ਗਿਆ, ਪਰ ਤਿਆਗ ਸੂਫੀ ਮਤ ਦਾ ਇੱਕ ਮੂਲ ਤੱਤ ਹੈ ਅਤੇ ਤਿਆਗ ਦਾ ਇਹ ਤੱਤ ਨਾ ਤਾਂ ਇਸਲਾਮ ਵਿਚ ਹੈ ਅਤੇ ਨਾ ਹੀ ਯਹੂਦੀ ਮੱਤ ਵਿਚ ਹੈ। ਸੂਫੀ ਲਹਿਰ ਨੂੰ ਕੁਚਲਣ ਲਈ ਅਤੇ ਸੂਫੀਆਂ ਨੂੰ ਤਸੀਹੇ ਦੇਣ ਲਈ ਹੋਰ ਵੀ ਚਾਲਾਂ ਚਲੀਆਂ ਗਈਆਂ ਸਨ। ਜਦੋਂ ਇਸਲਾਮ ਦੀ ਕੱਟੜਤਾ ਵਲੋਂ ਸੂਫੀਆਂ ਦਾ ਸਖਤੀ ਨਾਲ ਵਿਰੋਧ ਹੋਣ ਲਗਾ ਸੀ ਤਾਂ ਸੂਫੀਆਂ ਨੇ ਆਪਣੇ ਮੱਤ ਦੀ ਸੁਰੱਖਿਆ ਲਈ ਕੋਸ਼ਿਸ਼ਾਂ ਕੀਤੀਆਂ ਅਤੇ ਮੱਤ ਦਾ ਇਸਲਾਮ ਨਾਲ ਕੋਈ ਤਾਲਮੇਲ ਬਿਠਾਉਣ ਦਾ



ਰਸਤਾ ਲੱਭਣ ਲੱਗੇ। ਇਸ ਤਰ੍ਹਾਂ ਸੂਫੀ ਮਤ ਸਿਲਸਿਲਿਆਂ ਵਿਚ ਵੰਡਿਆ ਗਿਆ ਅਤੇ ਕੁਝ ਅਜਿਹੇ ਸੂਫੀ ਸਿਲਸਿਲੇ ਬਣ ਗਏ, ਜਿਨ੍ਹਾਂ ਨੂੰ ਇਸਲਾਮ ਦੇ ਅੰਦਰ ਮਾਣ ਯੋਗ ਸਥਾਨ ਮਿਲ ਗਿਆ। ਕਾਦਰੀ, ਸੁਹਰਾਵਰਦੀ, ਚਿਸ਼ਤੀ ਅਤੇ ਨਕਸ਼ਬੰਦੀ ਸਿਲਸਿਲੇ ਹਨ, ਜੋ ਵਿਸ਼ੇਸ਼ ਤੌਰ ਉਪਰ ਵਰਣਨ ਯੋਗ ਹਨ। ਸੂਫੀਆਂ ਦੀ ਤਿਆਗ ਸਿਦਕ ਸਹਿਣਸ਼ੀਲਤਾ ਅਤੇ ਮਿੱਤਰ ਭਾਵਨਾ ਦੇ ਕਾਰਨ ਹੇਠਲੀਆਂ ਸ਼੍ਰੇਣੀਆਂ ਦੇ ਹਿੰਦੂ, ਖਾਸ ਕਰ ਇਸਲਾਮ ਵਲ ਖਿੱਚੇ ਗਏ ਸਨ।

ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲੇ ਸ਼ੇਖ ਫਰੀਦ ਦਾ ਸਬੰਧ ਚਿਸ਼ਤੀ ਸਿਲਸਿਲੇ ਨਾਲ ਸੀ। ਉਨ੍ਹਾਂ ਦੀ ਰਚਨਾ ਨੂੰ ਸਤਿਕਾਰ ਸਾਹਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੋਇਆ ਹੈ। ਹਜਰਤ ਮੀਆਂ ਮੀਰ ਜੀ ਦਾ ਸਬੰਧ ਕਾਦਰੀ ਸਿਲਸਿਲੇ ਨਾਲ ਦੱਸਿਆ ਗਿਆ ਹੈ। ਇਸ ਸਿਲਸਿਲੇ ਦਾ ਮੋਢੀ ਜਿਲਾਨ ਬਗਦਾਦ ਦਾ ਵਾਸੀ ਸ਼ੇਖ ਅਬਦੁਲ ਕਾਦਰ (1087-1106 ਈਸਵੀ) ਸੀ, ਜਿਸ ਦੀ ਖਾਨਗਾਹ ਬਗਦਾਦ ਵਿਚ ਹੈ ਅਤੇ ਜੋ ਪੀਰ ਦਸਤਗੀਰ ਕਰਕੇ ਵੀ ਜਾਣਿਆ ਜਾਂਦਾ ਹੈ। ਸਾਈਂ ਮੀਆਂ ਮੀਰ ਨੇ ਜਦੋਂ ਦਾ ਲਾਹੌਰ ਵਿਚ ਡੇਰਾ ਲਾਇਆ, ਉਹ ਸਾਰੇ ਹੀ ਲਾਹੌਰੀਆਂ ਦਾ ਧਿਆਨ ਦਾ ਕੇਂਦਰ ਬਣ ਗਿਆ ਸੀ। ਮੀਆਂ ਮੀਰ ਬਹੁਤ ਹੀ ਮਿਲਣਸਾਰ ਆਦਮੀ ਸੀ ਅਤੇ ਹੋਰ ਸੂਫੀਆਂ ਵਾਂਗ ਇਕਾਂਤ ਨੂੰ ਹੀ ਪਸੰਦ ਕਰਦਾ ਸੀ, ਪਰ ਇਸ ਦੇ ਬਾਵਜੂਦ ਸਾਰੇ ਵਰਗਾਂ ਦੇ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਰਹਿੰਦੇ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਅਕਸਰ ਆਪਣੇ ਪਿਤਾ ਦੇ ਜਨਮ ਅਸਥਾਨ ਉਪਰ ਆਇਆ ਕਰਦੇ ਸਨ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਮੇਲ-ਜੋਲ ਰੱਖਦੇ ਸਨ। ਇਕ ਵਾਰ ਉਹ ਲਾਹੌਰ ਗਏ ਅਤੇ ਪੀਰ ਨੂੰ ਮਿਲਣ ਚਲੇ ਗਏ, ਬਸ ਫੇਰ ਈਸ਼ਵਰ ਦੇ ਦੋ ਭਗਤ ਮਿਲੇ ਅਤੇ ਇੱਕ ਦੂਸਰੇ ਦੇ ਮਿੱਤਰ ਬਣ ਗਏ। ਭਾਵੇਂ ਉਮਰ ਦੇ ਹਿਸਾਬ ਨਾਲ ਸਾਈਂ ਮੀਆਂ ਮੀਰ ਜੀ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਲਗਭਗ 13 ਸਾਲ ਵੱਡੇ ਸਨ।

1606 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੇ ਮਾਮਲੇ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਦੱਸਿਆ ਜਾਂਦਾ ਹੈ ਖੁਸਰੋ ਲਾਹੌਰ ਵਲ ਜਾਂਦਾ ਹੋਇਆ ਤਰਨ ਤਾਰਨ ਗੁਰੂ ਜੀ ਦੇ ਦਰਸ਼ਨ ਕਰਨ ਚਲਾ ਗਿਆ ਸੀ ਤੇ ਮੰਦੇ ਹਾਲ ਵਿਚ ਗੁਰੂ ਜੀ ਨੇ ਉਸ ਦੀ ਕੁਝ ਮਦਦ ਕਰ ਦਿਤੀ। ਮੌਕੇ ਦੀ ਤਾੜ ਵਿਚ ਦੁਸ਼ਮਣਾਂ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਾਹੌਰ ਦੇ ਕਿਲੇ ਅੰਦਰ ਬੰਦ ਕਰ ਦਿੱਤਾ ਸੀ। ਉਥੇ ਉਨ੍ਹਾਂ ਨੂੰ ਵੱਖ ਵੱਖ ਤਸੀਹੇ ਦਿਤੇ ਗਏ। ਜਦੋਂ ਗੁਰੂ ਜੀ ਨੂੰ ਤਸੀਹੇ ਦਿਤੇ ਜਾ ਰਹੇ ਸਨ ਤਾਂ ਸਾਈਂ ਮੀਆਂ ਮੀਰ ਨੇ ਉਨ੍ਹਾਂ ਅੱਗੇ ਤਰਲਾ ਕੀਤਾ ਕਿ ਉਸ ਨੂੰ ਆਪਣੀ ਰਹੱਸਮਈ ਸ਼ਕਤੀ ਦੇ ਵਰਤਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਉਹ ਤਸੀਹੇ ਦੇਣ ਵਾਲਿਆਂ ਦਾ ਮਲੀਆ ਮੇਟ ਕਰ ਦੇਣ; ਪਰ ਗੁਰੂ ਜੀ ਨੇ ਉਨ੍ਹਾਂ ਨੂੰ ਸਬਰ ਸੰਤੋਖ ਤੋਂ ਕੰਮ ਲੈਣ ਦੀ ਸਲਾਹ ਦਿਤੀ ਅਤੇ ਕਿਹਾ ਕਿ ਸਾਨੂੰ ਉਸ ਵਾਹਿਗੁਰੂ ਦੇ ਭਾਣੇ ਵਿਚ ਹੀ ਰਹਿਣਾ ਚਾਹੀਦਾ ਹੈ ਤੇ ਉਸ ਦੇ ਹੁਕਮ ਬਿਨਾ ਪੱਤਾ ਵੀ ਨਹੀਂ ਹਿਲ ਸਕਦਾ। ਇਹ ਦੱਸਿਆ ਜਾਂਦਾ ਹੈ ਕਿ ਸਾਈਂ ਜੀ ਗੁਝੀਆਂ ਗੈਬੀ ਸ਼ਕਤੀਆਂ ਦੇ ਮਾਲਕ ਸਨ ਅਤੇ ਉਸ ਸਮੇਂ ਇੰਨੇ ਗੁੱਸੇ ਵਿਚ ਸਨ ਕਿ ਉਹ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾਉਣ ਲਈ ਤਿਆਰ ਸਨ।

ਹਜ਼ਰਤ ਮੀਆਂ ਮੀਰ ਨੇ ਸ਼ਾਦੀ ਨਹੀਂ ਕੀਤੀ ਸੀ ਅਤੇ ਸਾਰਾ ਜੀਵਨ ਬ੍ਰਹਮਚਾਰੀ ਰਹਿ ਕੇ ਹੀ ਗੁਜ਼ਾਰੀ ਸੀ। ਲੋਕਾਈ ਨੂੰ ਪਿਆਰ ਕਰਨ ਵਾਲਾ ਅਤੇ ਹਰ ਸਮੇਂ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਅਤੇ ਭਗਤੀ ਕਰਨ ਵਾਲਾ ਕਾਦਰੀ ਸਿਲਸਿਲੇ ਦਾ ਸੂਫੀ 11 ਅਗਸਤ 1635 ਨੂੰ 87-88 ਸਾਲ ਦੀ ਉਮਰ ਵਿਚ ਇਸ ਜਹਾਨ ਨੂੰ ਛੱਡ ਗਿਆ ਸੀ। ਇਹ ਕਿਹਾ ਜਾਂਦਾ ਹੈ ਕਿ ਜਦੋਂ ਅੰਤ ਸਮਾਂ ਨੇੜੇ ਆਇਆ ਤਾਂ ਉਹ ਸਖਤ ਬਿਮਾਰ ਹੋ ਗਿਆ ਸੀ। ਉਸ ਸਮੇਂ ਦੇ ਮਸ਼ਹੂਰ ਹਕੀਮ ਵਜ਼ੀਰ ਖਾਂ ਨੇ ਸਾਈਂ ਜੀ ਦੇ ਇਲਾਜ ਲਈ ਹਾਜ਼ਰ ਹੋਇਆ ਤਾਂ ਮੀਰ ਜੀ ਨੇ ਆਖਿਆ ਕਿ ਸਭ ਤੋਂ ਵੱਡਾ ਹਕੀਮ ਅਰਥਾਤ ਰੱਬ ਉਸ ਦਾ ਇਲਾਜ ਕਰ ਰਿਹਾ ਹੈ। ਆਪਣੀ ਮੌਤ ਤੋਂ ਕੁਝ ਪਲ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਹਦਾਇਤ ਕੀਤੀ ਕਿ ਉਹ ਉਸ ਦੀਆਂ ਹੱਡੀਆਂ ਨੂੰ ਨਾ ਵੇਚਣ, ਜਿਸ ਦਾ ਸਪਸ਼ਟ ਅਰਥ ਸੀ ਕਿ ਉਸ ਦੀ ਕਬਰ ਉਪਰ ਚੜ੍ਹਾਵੇ ਕਬੂਲ ਨਾ ਕੀਤੇ ਜਾਣ। ਇਸ ਮਹਾਨ ਅਜ਼ਮਤ ਵਾਲੇ ਪੀਰ ਨੂੰ ਹਿੰਦੂ ਵੀ ਉਤਨਾ ਹੀ ਸਤਿਕਾਰ ਦਿੰਦੇ ਸਨ, ਜਿੰਨਾ ਮੁਸਲਮਾਨ। ਲਾਹੌਰ ਦੇ ਨੇੜੇ ਹੁਸ਼ਿਆਰਪੁਰ ਪਿੰਡ ਵਿਚ ਉਨ੍ਹਾਂ ਦਾ ਮਕਬਰਾ ਹੈ, ਜਿਥੇ ਹਰ ਸਾਲ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਸਿੱਖ ਭਾਈਚਾਰਾ ਉਨ੍ਹਾਂ ਨੂੰ ਸਦਾ ਹੀ ਅੰਦਰ ਪਿਆਰ ਅਤੇ ਸ਼ਰਧਾ ਭਾਵਨਾ ਨਾਲ ਯਾਦ ਕਰਦਾ ਰਹੇਗਾ।

## ਗੁਰ ਕੈ ਚਰਣਿ ਚਿਤੁ ਲਾਗਾ

**ਗੁਰਬਾਣੀ ਵਿਆਖਿਆ**

**ੴ ਸਤਿਗੁਰ ਪਰਸਾਦਿ॥**
ਰਾਮਕਲੀ ਮਹਲਾ ੫॥
ਇਹ ਲੋਕੇ ਸੁਖੁ ਪਾਇਆ॥
ਨਹੀ ਭੇਟਤ ਧਰਮਰਾਇਆ॥
ਹਰਿ ਦਰਗਹ ਸੋਭਾਵੰਤ॥
ਫੁਨਿ ਗਰਭਿ ਨਾਹੀ ਬਸੰਤ॥
ਜਾਨੀ ਸੰਤ ਕੀ ਮਿਤ੍ਰਾਈ॥
ਕਰਿ ਕਿਰਪਾ ਦੀਨੋ ਹਰਿ ਨਾਮਾ
ਪੂਰਬਿ ਸੰਜੋਗਿ ਮਿਲਾਈ॥ ਰਹਾਉ॥
ਗੁਰ ਕੈ ਚਰਣਿ ਚਿਤੁ ਲਾਗਾ॥
ਧੰਨਿ ਧੰਨਿ ਸੰਜੋਗੁ ਸਭਾਗਾ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ॥
ਕਿਲਵਿਖ ਦੁਖ ਸਗਲੇ ਮੇਰੇ ਲਾਥੇ॥
ਸਾਧ ਕੀ ਸਚੁ ਟਹਿਲ ਕਮਾਨੀ॥
ਤਬ ਹੋਏ ਮਨ ਸੁਧ ਪਰਾਨੀ॥
ਜਨ ਕਾ ਸਫਲ ਦਰਸੁ ਡੀਠਾ॥
ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ॥
ਮਿਟਾਨੇ ਸਭਿ ਕਲਿ ਕਲੇਸ॥
ਜਿਸ ਤੇ ਉਪਜੇ ਤਿਸੁ ਮਹਿ ਪਰਵੇਸ॥
ਪ੍ਰਗਟੇ ਆਨੂਪ ਗੋਵਿੰਦ॥
ਪ੍ਰਭ ਪੂਰੇ ਨਾਨਕ ਬਖਸਿੰਦ॥

ਗੁਰਬਾਣੀ ਦੇ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਪਿਤਾ ਜੀ ਕਿੰਨੇ ਸੁੰਦਰ ਤਰੀਕੇ ਨਾਲ ਸਾਨੂੰ ਜੀਵਾਂ ਨੂੰ ਸਮਝਾਉਣਾ ਕਰਦੇ ਆਖ ਰਹੇ ਹਨ, ਹੇ ਭਾਈ ਕਿਸੇ ਪੂਰਬਲੇ ਸੰਜੋਗ ਦੇ ਕਾਰਨ ਕਰਕੇ ਗੁਰੂ ਦੀ ਮਿੱਤਰਤਾ ਪ੍ਰਾਪਤ ਹੋਈ ਹੈ ਅਤੇ ਗੁਰੂ ਨੇ ਮਿਹਰਾਂ ਵਿਚ ਆ ਕੇ ਬਖਸ਼ਿਸ਼ ਕਰਕੇ ਮੈਨੂੰ ਉਸ ਪ੍ਰਭੂ ਪਰਮਾਤਮਾ ਦਾ ਨਾਮ ਦੇ ਦਿੱਤਾ ਹੈ। ਸੋ, ਹੁਣ ਮੈਂ ਗੁਰੂ ਦੀ ਮਿੱਤਰਤਾ ਦੀ ਕਦਰ ਸਮਝ ਲਈ ਹੈ।

ਇਹ ਲੋਕੇ ਸੁਖੁ ਪਾਇਆ॥
ਨਹੀ ਭੇਟਤ ਧਰਮਰਾਇਆ॥
ਹਰਿ ਦਰਗਹ ਸੋਭਾਵੰਤ॥
ਫੁਨਿ ਗਰਭਿ ਨਾਹੀ ਬਸੰਤ॥

ਸਤਿਗੁਰੂ ਪਿਤਾ ਜੀ ਹੁਣ ਆਖਦੇ ਹਨ, ਹੇ ਭਾਈ ਜਿਸ ਮਨੁੱਖ ਨੂੰ ਗੁਰੂ ਦੀ ਮਿੱਤਰਤਾ ਪ੍ਰਾਪਤ ਹੁੰਦੀ ਹੈ, ਉਹ ਮਨੁੱਖ ਇਸ ਜਗਤ ਵਿਚ ਆਤਮਕ ਸੁਖ ਮਾਣਦਾ ਹੈ; ਪਰਲੋਕ ਵਿਚ ਜਾ ਕੇ ਕੇ ਵੀ ਉਸ ਦਾ ਧਰਮਰਾਜ ਨਾਲ ਵਾਹ ਵਾਸਤਾ ਨਹੀਂ ਪੈਂਦਾ। ਉਹ ਵਡਭਾਗਾ ਮਨੁੱਖ ਦਰਗਾਹ ਭਾਵ ਪ੍ਰਭੂ ਦੇ ਦਰਬਾਰ ਵਿਚ ਸੋਭਾ ਵੀ ਪਾਉਂਦਾ ਹੈ ਅਤੇ ਮੁੜ ਮੁੜ ਕੇ ਜਨਮਾਂ ਦੇ ਗੇੜ ਵਿਚ ਵੀ ਨਹੀਂ ਪੈਂਦਾ।

ਗੁਰ ਕੈ ਚਰਣਿ ਚਿਤੁ ਲਾਗਾ॥
ਧੰਨਿ ਧੰਨਿ ਸੰਜੋਗੁ ਸਭਾਗਾ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ॥
ਕਿਲਵਿਖ ਦੁਖ ਸਗਲੇ ਮੇਰੇ ਲਾਥੇ॥

ਸਤਿਗੁਰੂ ਪਿਤਾ ਜੀ ਇਨ੍ਹਾਂ ਪਾਵਨ ਪੰਕਤੀਆਂ ਵਿਚ ਉਚਾਰਨ ਕਰਦੇ ਹਨ, ਹੇ ਭਾਈ! ਉਹ ਸਮਾਂ ਸੰਜੋਗ ਸੁਭਾਗਾ ਸੀ ਭਾਵ ਮੁਬਾਰਕ ਸੀ, ਭਾਗਾਂ ਵਾਲਾ ਸੀ, ਜਦੋਂ ਗੁਰੂ ਜੀ ਦੇ ਚਰਨਾਂ 'ਚ ਮੇਰਾ ਚਿੱਤ ਜੁੜਿਆ ਸੀ। ਹੇ ਭਾਈ, ਜਦੋਂ ਗੁਰੂ ਦੀ ਚਰਨ-ਧੂੜ ਮੇਰੇ ਮੱਥੇ 'ਤੇ ਲੱਗੀ ਤਾਂ ਮੇਰੇ ਸਾਰੇ ਹੀ ਪਾਪ ਤੇ ਕਿਲਵਿਖ ਦੁੱਖ ਦੂਰ ਹੋ ਗਏ।

ਸਾਧ ਕੀ ਸਚੁ ਟਹਿਲ ਕਮਾਨੀ॥
ਤਬ ਹੋਏ ਮਨ ਸੁਧ ਪਰਾਨੀ॥
ਜਨ ਕਾ ਸਫਲ ਦਰਸੁ ਡੀਠਾ॥
ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ॥

ਗੁਰੂ ਅਰਜਨ ਦੇਵ ਜੀ ਇਨ੍ਹਾਂ ਪੰਕਤੀਆਂ ਵਿਚ ਆਖਦੇ ਹਨ, ਹੇ ਪ੍ਰਾਣੀ ਵੈਸੇ ਤਾਂ ਉਸ ਮਾਲਕ ਮਿਹਰਬਾਨ ਪ੍ਰਭੂ ਜੀ ਦਾ ਨਾਮ ਹਰ ਇਕ ਹਿਰਦੇ ਵਿਚ ਵੱਸ ਰਿਹਾ ਹੈ, ਪਰ ਜਿਸ ਨੇ ਗੁਰੂ ਦਾ ਦਰਸ਼ਨ ਕਰ ਲਿਆ, ਉਸ ਜੀਵ ਨੂੰ ਇਸ ਨਾਮ ਰੂਪੀ ਫਲ ਦੀ ਪ੍ਰਾਪਤੀ ਸਹਿਜੇ ਹੀ ਹੋ ਗਈ। ਹੇ ਪ੍ਰਾਣੀ ਜਦੋਂ ਜੀਵ ਸ਼ਰਧਾ ਧਾਰ ਕੇ ਗੁਰੂ ਦੀ ਟਹਿਲ ਸੇਵਾ ਕਰਦੇ ਹਨ, ਉਦੋਂ ਉਨ੍ਹਾਂ ਦੇ ਮਨ ਪਵਿੱਤਰ ਹੋ ਜਾਂਦੇ ਹਨ।

ਮਿਟਾਨੇ ਸਭਿ ਕਲਿ ਕਲੇਸ॥
ਜਿਸ ਤੇ ਉਪਜੇ ਤਿਸੁ ਮਹਿ ਪਰਵੇਸ॥
ਪ੍ਰਗਟੇ ਅਨੂਪ ਗੋਵਿੰਦ॥
ਪ੍ਰਭ ਪੂਰੇ ਨਾਨਕ ਬਖਸਿੰਦ॥

ਇਸ ਪਵਿੱਤਰ ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਮਿਹਰਾਂ ਵਿਚ ਆਏ ਆਖ ਰਹੇ ਹਨ, ਹੇ ਭਾਈ! ਨਾਨਕ ਆਖਦਾ ਹੈ, ਗੁਰੂ ਦੇ ਮਿਲਾਪ ਦੀ ਮਿਹਰ ਨਾਲ ਜੀਵ ਦੇ ਸਾਰੇ ਹੀ ਮਾਨਸਿਕ ਝਗੜੇ ਤੇ ਦੁਖ ਮਿਟ ਜਾਂਦੇ ਹਨ ਅਤੇ ਜਿਸ ਪ੍ਰਭੂ ਤੋਂ ਇਹ ਜੀਵ ਪੈਦਾ ਹੋਏ ਹਨ, ਮੁੜ ਉਸੇ ਵਿਚ ਹੀ ਉਨ੍ਹਾਂ ਦੀ ਲੀਨਤਾ ਹੋ ਜਾਂਦੀ ਹੈ। ਉਹ ਮਿਹਰਾਂ ਦਾ ਦਾਤਾ ਬਖਸ਼ਣਹਾਰ ਪੂਰਨ ਪ੍ਰਭੂ ਸੋਹਣਾ ਗੋਬਿੰਦ ਪਰਗਟ ਹੋ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਸਿੱਖ ਰਾਜ' ਦਾ ਪ੍ਰਬੰਧਕੀ ਢਾਂਚਾ-2

*ਸੰਤੋਖ ਸਿੰਘ ਮੰਡੇਰ ਸਰੀ, ਕੈਨੇਡਾ ਵਸਦਾ ਇਕ ਬਹੁਰੰਗੀ ਤੇ ਬਹੁਪੱਖੀ ਪੰਜਾਬੀ ਦਾ ਲੇਖਕ ਹੈ, ਜੋ ਆਪਣੀ ਨਿਵੇਕਲੀ ਸ਼ੈਲੀ ਵਿਚ ਖੇਡਾਂ-ਖਿਡਾਰੀਆਂ, ਸਫਰਨਾਮੇ ਤੇ ਇਤਿਹਾਸ ਦੇ ਜੀਵਨ ਦੀਆਂ ਪਰਤਾਂ ਫਰੋਲਦਿਆਂ ਅਸਲ ਦੀ ਤਲਾਸ਼ ਵਿਚ ਰਹਿੰਦਾ ਹੈ। ਖੇਡਾਂ-ਖਿਡਾਰੀਆਂ ਅੰਦਰ ਵਿਚਰਦਿਆਂ ਅਤੇ ਦੁਨੀਆਂ ਭਰ ਅੰਦਰ ਵੱਖੋ ਵੱਖ ਤਰ੍ਹਾਂ ਦੇ ਸਮਾਗਮਾਂ ਵਿਚ ਘੁੰਮਣ ਤੋਂ ਇਲਾਵਾ ਪਿਛਲੇ 30 ਸਾਲ ਤੋਂ ਉਹ ਸਿੱਖ ਰਾਜ ਦੀ ਰਾਜਧਾਨੀ 'ਲਾਹੌਰ' ਜਾ/ਆ ਰਿਹਾ ਹੈ। ਲਾਹੌਰ ਮੁਗਲਾਂ, ਸਿੱਖਾਂ ਤੇ ਅੰਗਰੇਜ਼ਾਂ ਦਾ ਸ਼ਾਹੀ ਦਰਬਾਰ ਰਿਹਾ ਲਾਹੌਰ ਦੇ ਸ਼ਾਹੀ ਕਿਲੇ ਅਤੇ ਅੰਦਰੂਨ ਲਾਹੌਰ ਦੇ ਭਾਟੀ ਦਰਵਾਜੇ ਤੋਂ ਲੈ ਕੇ ਲਾਹੌਰ ਦੇ ਸ਼ਾਲਾਮਾਰ ਬਾਗ ਤੱਕ ਸ਼ਾਹੀ ਸਿੱਖ ਰਾਜ ਦਾ ਇਤਿਹਾਸ ਦੱਬਿਆ ਪਿਆ ਹੈ। ਇਸ ਲੇਖ ਵਿਚ ਲੇਖਕ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਦੇਸ ਪੰਜਾਬ' ਵਿਚ ਸਿੱਖ ਰਾਜ ਦੇ ਢਾਂਚੇ ਬਾਰੇ ਨਿਵੇਕਲੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ। -ਸੰਪਾਦਕ*



*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮਹਾਰਾਜਾ ਰਣਜੀਤ ਸਿੰਘ ਵਿਦੇਸ਼ੀ ਵਪਾਰੀਆਂ ਨੂੰ ਦੇਸ ਪੰਜਾਬ ਵਿਚ ਵਪਾਰ ਕਰਨ ਲਈ ਉਚੇਚਾ ਉਤਸ਼ਾਹਿਤ ਕਰਦਾ ਸੀ ਅਤੇ ਉਨ੍ਹਾਂ ਦਾ ਸ਼ਾਹੀ ਮਹਿਮਾਨਾਂ ਵਾਂਗ ਸੁਆਗਤ ਵੀ ਕਰਦਾ ਸੀ। ਖਾਲਸਾ ਰਾਜ ਵਿਚ ਇਲਾਕੇ ਦੇ ਚੌਧਰੀਆਂ, ਪੰਚਾਂ ਤੇ ਮੁਖੀਆਂ ਦੀ ਰਾਏ ਨਾਲ ਸਰਕਾਰੀ ਮਾਲੀਆ ਨਿਯਤ ਕੀਤਾ ਜਾਂਦਾ ਸੀ। ਖਾਲਸਾ ਰਾਜ ਦੇ ਹਜਾਰਾਂ ਪਿੰਡਾਂ ਦੇ ਨਾਮ ਮਹਾਰਾਜੇ ਦੇ ਜ਼ੁਬਾਨੀ ਯਾਦ ਸਨ ਅਤੇ ਪਿੰਡਾਂ ਦੇ ਮੁਖੀਆਂ ਤੇ ਉਥੇ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਨਿਜੀ ਤੌਰ 'ਤੇ ਜਾਣਦਾ ਸੀ। ਅੱਜ ਦੀਆਂ ਸਰਕਾਰਾਂ ਵਾਂਗ ਕੋਈ ਕਾਲੇ ਕਾਨੂੰਨ ਥੋਪੇ ਨਹੀਂ ਸਨ ਜਾਂਦੇ।



**ਸੰਤੋਖ ਸਿੰਘ ਮੰਡੇਰ, ਕੈਨੇਡਾ**
**ਵ੍ਹਟਸਐਪ: 1-604-505-7000**

ਜੱਟ ਜ਼ਿਮੀਂਦਾਰਾਂ ਦੇ ਬਲਦ, ਹਲ, ਪੰਜਾਲੀ ਜਾਂ ਜਮੀਨ ਆਦਿ ਲੈਣਦਾਰ ਆਪਣੇ ਲੈਣ ਵਿਚ ਕੁਰਕ ਨਹੀਂ ਸੀ ਕਰ ਸਕਦਾ। ਕਿਸਾਨਾਂ ਵੱਲ ਸਿੱਖ ਦਰਬਾਰ ਦੇ ਹਾਕਮਾਂ ਦੇ ਰਵੱਈਏ ਬਾਰੇ ਇਕ ਅੰਗਰੇਜ਼ 'ਮੈਲਕਮ' ਲਿਖਦਾ ਹੈ, "ਸ਼ਾਇਦ ਹੀ ਕਿਸੇ ਹੋਰ ਮੁਲਕ ਵਿਚ ਵੀ ਕਿਸਾਨਾਂ ਨਾਲ ਏਨੀ ਹਮਦਰਦੀ ਵਾਲਾ ਵਰਤਾਉ ਨਹੀਂ ਕੀਤਾ ਜਾਂਦਾ, ਜਿੰਨਾ ਲਾਹੌਰ ਦੇ ਸਿੱਖ ਹਾਕਮਾਂ ਦੇ ਪੰਜਾਬ ਰਾਜ ਵਿਚ ਕੀਤਾ ਜਾਂਦਾ।"

ਪੰਜਾਬ ਰਾਜ ਵਿਚ ਪਰਜਾ ਦੀ ਸਭ ਤੋਂ ਜਰੂਰੀ ਖੁਰਾਕ ਕਣਕ ਦਾ ਮੁੱਲ 14 ਆਨੇ ਮਣ ਸੀ। ਖਾਲਸਾ ਸਰਕਾਰ ਇਕ ਹੱਥ ਨਾਲ ਲੈਂਦੀ ਸੀ ਤੇ ਦੂਜੇ ਹੱਥ ਨਾਲ ਦੇ ਵੀ ਦਿੰਦੀ ਸੀ। ਮੁਸੀਬਤ ਤੇ ਦੁੱਖ ਦੇ ਸਮੇਂ ਮਾਮਲਾ ਮਾਫ ਕੀਤਾ ਜਾਂਦਾ ਤੇ ਟੈਕਸਾਂ ਦੀ ਵਾਧੂ ਉਗਰਾਹੀ ਵੀ ਵਾਪਿਸ ਕੀਤੀ ਜਾਂਦੀ ਸੀ। ਦੇਸ਼ ਵਿਚ ਬਰਸਾਤ ਨਾ ਹੋਣ ਤੇ ਜਾਂ ਕਾਲ ਪੈਣ ਸਮੇਂ ਲੋਕਾਂ ਦੀ ਸਹੂਲਤ ਲਈ ਫਸਲਾਂ ਦੇ ਬੀਜ ਬੀਜਣ ਲਈ ਮੁਫਤ ਦਿਤੇ ਜਾਂਦੇ ਸਨ। ਕਿਸਾਨਾਂ ਨੂੰ ਕਰਜੇ ਵੀ ਦਿਤੇ ਜਾਂਦੇ, ਵਪਾਰਕ ਅਦਾਰਿਆਂ ਤੇ ਕਾਰਖਾਨਿਆਂ ਦੀ ਵੀ ਪੂਰੀ ਮਦਦ ਕੀਤੀ ਜਾਂਦੀ। ਲਾਹੌਰ ਦੀ ਖਾਲਸਾ ਸਰਕਾਰ ਸਮੇਂ ਅਜਿਹੇ ਤਰੀਕਿਆਂ ਨਾਲ ਜਨਤਾ ਦਾ ਭਲਾ ਮੁੱਖ ਰਖਿਆ ਜਾਂਦਾ ਸੀ।

ਸੰਨ 1833 ਵਿਚ ਕਸ਼ਮੀਰ ਸੂਬੇ ਵਿਚ ਕਾਲ ਪੈ ਗਿਆ, ਪਰ ਜਮਾਂਦਾਰ ਖੁਸ਼ਹਾਲ ਸਿੰਘ ਫਿਰ ਵੀ ਉਥੋਂ ਬਹੁਤ ਸਾਰਾ ਕਰ ਦਾ ਪੈਸਾ ਇਕਠਾ ਕਰਕੇ ਲੈ ਆਇਆ ਤਾਂ ਮਹਾਰਜੇ ਨੂੰ ਬਹੁਤ ਦੁੱਖ ਲੱਗਾ ਤੇ ਉਸ ਨਾਲ ਨਾਰਾਜ਼ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰਾਂ ਖੱਚਰਾਂ ਉਤੇ ਕਣਕ ਲੱਦ ਕੇ ਕਸ਼ਮੀਰ ਭੇਜੀ ਅਤੇ ਮੰਦਰਾਂ ਤੇ ਮਸਜਿਦਾਂ ਤੋਂ ਇਸ ਨੂੰ ਪਰਜਾ ਵਿਚ ਵੰਡਣ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਬਿਨਾ ਸਰਕਾਰ ਵਲੋਂ ਚਾਰ ਸਿਪਾਹੀਆਂ ਦੀਆਂ ਪਲਟਨਾਂ ਨੂੰ ਵੀ ਇਸ ਕੰਮ ਵਾਸਤੇ ਲਾਇਆ ਗਿਆ ਕਿ ਕਸ਼ਮੀਰ ਦੇ ਲੋਕਾਂ ਨੂੰ ਮੈਦਾਨੀ ਇਲਾਕੇ ਵਿਚ ਇਕੱਠਾ ਕਰਕੇ ਆਟਾ, ਕੰਬਲ ਤੇ ਪੈਸੇ ਠੀਕ ਢੰਗ ਨਾਲ ਵੰਡੇ ਜਾਣ।

ਇਕ ਹੋਰ ਸਮੇਂ ਮਹਾਰਾਜੇ ਦਾ ਕੈਂਪ ਰੋਹਤਾਸ ਕਿਲੇ ਵਿਚ ਬਹੁਤ ਦੇਰ ਰਿਹਾ ਤਾਂ ਉਸ ਨੇ ਲੋਕਾਂ ਤੋਂ ਮਾਮਲਾ ਤੇ ਮਾਲੀਆ ਲੈਣਾ ਮਾਫ ਕਰ ਦਿਤਾ। ਖਾਲਸਾ ਫੌਜ ਦੇ ਇਟਾਲੀਅਨ ਜਰਨਲ ਅਵਾਤਬੀਲ ਵੈਨਤੂਰਾ ਨੇ ਪਿਸ਼ਾਵਰ ਦੇ ਖੱਤਰੀਆਂ ਵਲੋਂ ਸਰਕਾਰੀ ਮਾਲੀਆ ਨਾ ਦੇਣ ਕਰਕੇ ਉਨ੍ਹਾਂ ਦੇ ਘਰ ਢਾਹ ਦਿਤੇ ਤੇ ਉਨ੍ਹਾਂ ਤੋਂ ਜਬਰੀ 200 ਰੁਪਏ ਜੁਰਮਾਨਾ ਵੀ ਵਸੂਲ ਕੀਤਾ। ਮਹਾਰਾਜਾ ਸਾਹਿਬ ਨੂੰ ਪਤਾ ਲੱਗਣ ਉਪਰੰਤ ਉਨ੍ਹਾਂ ਉਸੇ ਵਕਤ ਜਰਨਲ ਵੈਨਤੂਰਾ ਨੂੰ ਪਿਸ਼ਾਵਰ ਪੁੱਜਣ ਲਈ ਹੁਕਮ ਦਿਤਾ ਤੇ ਜੁਰਮਾਨਾ ਵਾਪਿਸ ਕਰਨ ਦੇ ਨਾਲ ਸਾਰੇ ਢੱਠੇ ਘਰ ਸਰਕਾਰੀ ਖਰਚੇ ਉਪਰ ਨਵੇਂ ਬਣਾਉਣ ਦੀ ਤਾਕੀਦ ਵੀ ਕੀਤੀ।

ਦੇਸ ਪੰਜਾਬ ਦੇ ਰਾਜ ਪ੍ਰਬੰਧਾਂ ਵਿਚ ਮਹਾਰਾਜਾ ਵਲੋਂ ਕਿਸਾਨਾਂ, ਕਾਰਖਾਨਿਆਂ, ਖੇਤੀਬਾੜੀ ਤੇ ਵਪਾਰ ਨੂੰ ਠੋਸ ਆਰਥਿਕ ਮਦਦ ਤੇ ਸ਼ਾਹੀ ਹੌਸਲਾ ਦਿਤਾ ਜਾਂਦਾ ਸੀ। ਮੁਲਕ ਵਿਚ ਖੇਤੀਬਾੜੀ ਨੂੰ ਪ੍ਰਫੁਲਤ ਕਰਨ ਲਈ ਨਹਿਰਾਂ ਕੱਢੀਆਂ ਗਈਆਂ, ਖੂਹ ਲਾਏ ਗਏ ਤੇ ਪਾਣੀ ਦੀਆਂ ਝਲਾਰਾਂ ਦਾ ਪ੍ਰਬੰਧ ਕੀਤਾ ਗਿਆ। ਗਾਵਾਂ, ਮੱਝਾਂ ਤੇ ਬੈਲਾਂ ਦੀਆਂ ਚੰਗੀਆਂ ਨਸਲਾਂ ਲਈ ਚੰਗੀ ਨਸਲ ਦੇ ਸਰਕਾਰੀ ਸਾਂਢ ਵੱਖ ਵੱਖ ਥਾਣਿਆਂ ਵਿਚ ਰੱਖੇ ਗਏ। ਮਾਮਲਾ ਵੀ ਫਸਲਾਂ ਦੀ ਹਾਲਾਤ ਅਨੁਸਾਰ ਲਿਆ ਜਾਂਦਾ ਸੀ। ਜਦੋਂ ਫਸਲ ਚੰਗੀ ਨਹੀਂ ਹੁੰਦੀ ਸੀ ਤਾਂ ਮਾਮਲਾ ਮਾਫ ਕਰ ਦਿਤਾ ਜਾਂਦਾ ਸੀ। ਪਸ਼ੂਆਂ ਲਈ ਹਰਾ ਚਾਰਾ ਉਗਾਉਣ ਉਪਰ ਕੋਈ ਪੈਸਾ ਜਾਂ ਕਰ ਨਹੀਂ ਲਿਆ ਜਾਂਦਾ ਸੀ। ਮਹਾਰਾਜਾ ਭਾਵੇਂ ਅਨਪੜ੍ਹ ਸੀ, ਪਰ ਉਸ ਦਾ ਦਿਮਾਗ ਬਹੁਤ ਤੇਜ ਸੀ ਅਤੇ ਉਸ ਨੇ ਕੋਮਲ ਹੁਨਰ ਤੇ ਦਸਤਕਾਰੀ ਦੇ ਕੰਮਾਂ ਦੀ ਉਨਤੀ ਵਿਚ ਵੀ ਬੜੀ ਦਿਲਚਸਪੀ ਲਈ ਸੀ। ਮੁਲਤਾਨ ਦੀ ਜਿੱਤ ਤੋਂ ਬਾਅਦ ਮਹਾਰਾਜੇ ਨੇ ਆਪਣੇ ਦਰਬਾਰੀਆਂ ਤੇ ਮਹਿਮਾਨਾਂ ਨੂੰ ਰੇਸ਼ਮੀ ਸਾਮਾਨ ਦੇ ਤੋਹਫੇ ਦੇਣੇ ਸ਼ੁਰੂ ਕੀਤੇ। ਹੌਲੀ ਹੌਲੀ ਅਮੀਰ ਲੋਕਾਂ ਵਿਚ ਮੁਲਤਾਨ ਦੀ ਸਿਲਕ ਦੇ ਕਮਰਬੰਦ, ਕਸ਼ਮੀਰੀ ਪਸ਼ਮੀਨੇ ਦੇ ਸ਼ਾਹੀ ਸ਼ਾਲ ਤੇ ਪਟਕੇ ਆਦਿ ਪਹਿਨਣ ਦਾ ਵੱਖਰਾ ਰਿਵਾਜ ਸ਼ੁਰੂ ਹੋ ਗਿਆ। 'ਪਸ਼ਮੀਨਾ' ਜੋ ਇਕ ਬਹੁਤ ਕੀਮਤੀ, ਸੁੰਦਰ, ਹੌਲਾ ਫੁੱਲ ਵਰਗਾ ਤੇ ਸ਼ਾਹੀ ਦਿੱਖ ਵਾਲਾ ਕਸ਼ਮੀਰੀ ਉਨੀ ਕੱਪੜਾ ਹੈ, ਲਾਹੌਰ ਦਰਬਾਰ ਦੇ ਦਰਬਾਰੀਆਂ, ਫਰੰਗੀਆਂ, ਵਜੀਰਾਂ ਤੇ 'ਨੋਬਲ ਲੋਕਾਂ' ਵਿਚ ਬਹੁਤ ਪ੍ਰਚੱਲਤ ਸੀ। 'ਨੋਬਲ ਲੋਕ' ਪਰਜਾ ਵਿਚ ਉਨ੍ਹਾਂ ਨੂੰ ਕਿਹਾ ਜਾਂਦਾ ਸੀ, ਜੋ ਬਹੁਤ ਠਾਠ ਬਾਠ ਨਾਲ ਰਹਿੰਦੇ ਸਨ, ਜਿਸ ਵਿਚ ਆਮ ਤੌਰ 'ਤੇ ਸਿੱਖ ਘਰਾਣਿਆਂ ਦੇ ਮਰਦ ਔਰਤਾਂ ਦੀ ਬਹੁਤਾਤ ਸੀ।



ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਰਦੀ ਦੇ ਮੌਸਮ ਵਿਚ ਆਮ ਤੌਰ 'ਤੇ ਕਸ਼ਮੀਰੀ ਉਨ ਦੇ ਪੀਲੇ ਕੱਪੜੇ ਅਤੇ ਗਰਮੀ ਦੀ ਰੁੱਤ ਵਿਚ ਪੀਲੇ ਰੰਗ ਦੇ ਰੇਸ਼ਮੀ-ਸਿਲਕੀ ਵਸਤਰ ਪਹਿਨਦੇ ਸਨ। ਸ਼ਾਹੀ ਦਰਬਾਰ ਵਿਚ ਹਾਜਰ ਹੋਣ ਵਾਲੇ ਸਰਦਾਰ ਹਜਾਰਾਂ ਰੁਪਏ ਦੇ ਬਹੁਤ ਕੀਮਤੀ ਸੋਨੇ ਦੇ ਗਹਿਣੇ, ਹੀਰੇ ਤੇ ਜਵਾਹਰਾਤ ਪਹਿਨ ਕੇ ਆਉਂਦੇ ਸਨ। ਸਰ ਹੈਨਰੀ ਫੇਨ ਦੇ ਸ਼ਬਦਾਂ ਅਨੁਸਾਰ "ਰਾਜਾ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਧੌਣ ਤੋਂ ਲੈ ਕੇ ਪੈਰਾਂ ਤਕ ਸੋਨੇ, ਚਾਂਦੀ ਤੇ ਹੀਰਿਆਂ ਵਿਚ ਜੜਿਆ ਇਕ ਵਿਅਕਤੀ ਸੀ, ਜਿਸ ਦੀਆਂ ਬਾਹਾਂ, ਗਰਦਨ ਤੇ ਲੱਤਾਂ ਉਪਰ ਅਣਗਿਣਤ ਅਨਮੁੱਲੇ ਹੀਰੇ-ਜਵਾਹਰਾਤ ਲੱਦੇ ਹੁੰਦੇ ਸਨ ਅਤੇ ਉਨ੍ਹਾਂ ਕੀਮਤੀ ਗਹਿਣਿਆਂ ਥੱਲੇ ਉਸ ਦਾ ਸਰੀਰ ਤਕ ਨਜ਼ਰ ਨਹੀਂ ਸੀ ਆਉਂਦਾ।"

ਮਹਾਰਾਜਾ ਆਪ ਬਹੁਤ ਹੀ ਸਾਦਾ ਲਿਬਾਸ ਪਹਿਨਦਾ ਸੀ, ਜੋ ਸਭ ਨਾਲੋਂ ਵੱਖਰਾ ਹੁੰਦਾ ਸੀ, ਪਰ ਆਪਣੇ ਦਰਬਾਰੀਆਂ ਨੂੰ ਉਚੇਚਾ ਸੁੰਦਰ ਸ਼ਾਹੀ ਪੋਸ਼ਾਕਾਂ ਅਤੇ ਕੀਮਤੀ ਗਹਿਣੇ ਪਹਿਨਣ ਲਈ ਹਮੇਸ਼ਾ ਹੀ ਉਤਸ਼ਾਹਿਤ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਦਰਬਾਰ ਦੀ ਸ਼ਾਨੋ ਸ਼ੌਕਤ ਯੂਰਪ ਦੇ ਫਾਰੰਗਿਆਂ ਦੇ ਸ਼ਾਹੀ ਮਹਿਲਾਂ ਦੇ ਬਰਾਬਰ ਦੀ ਹੁੰਦੀ ਸੀ। ਇਕ ਅੰਗਰੇਜ਼ ਲਿਖਾਰੀ ਜੀ. ਔਸਬਰਨ, ਜੋ ਸੰਨ 1838 ਵਿਚ ਮਹਾਰਾਜ ਦੇ ਦਰਬਾਰ ਵਿਚ ਗਿਆ ਸੀ, ਦੀ ਲਿਖਤ ਅਨੁਸਾਰ "ਮੇਰਾ ਨਿਸ਼ਚਾ ਹੈ ਕਿ ਯੂਰਪੀ ਜਾਂ ਪੂਰਬੀ ਦੇਸ਼ਾਂ ਵਿਚ ਸ਼ਾਇਦ ਹੀ ਕੋਈ ਅਜਿਹਾ ਦਰਬਾਰ ਹੋਵੇ, ਜਿਸ ਵਿਚ ਇੰਨੇ ਸੁੰਦਰ ਤੇ ਪ੍ਰਭਾਵਸ਼ਾਲੀ ਦਰਬਾਰੀ ਹੋਣ, ਜਿੰਨੇ ਮਹਾਰਾਜਾ ਦੇ ਲਾਹੌਰ ਦਰਬਾਰ ਵਿਚ ਇਹ ਮੁਖੀ ਸਿੱਖ ਸਰਦਾਰ ਸਨ।"

ਖਾਲਸਾ ਰਾਜ ਵਿਚ ਖਾਸ ਤੌਰ 'ਤੇ ਸਿਰਫ ਸਿੱਖ 'ਨੋਬਲ ਲੋਕਾਂ' ਵਲੋਂ ਹੀ 'ਪਸ਼ਮੀਨਾ' ਬਹੁਤ ਖਾਸ ਸਮਾਗਮਾਂ ਤੇ ਸਿੱਖ ਸਰਦਾਰ, ਜਾਗੀਰਦਾਰ, ਸ਼ਾਹੀ ਘਰਾਣੇ ਦੇ 'ਕੰਵਰ' ਤੇ 'ਸ਼ਾਹੀ ਦਿਖ ਲਈ ਪਹਿਨਿਆ ਜਾਂਦਾ ਸੀ, ਜਿਸ ਵਿਚ ਜ਼ਿਆਦਾਤਰ ਟਿੱਕਾ ਸ਼ਾਮਲ ਸਨ। ਅੰਦਰੂਨ ਲਾਹੌਰ ਦੇ ਭਾਟੀ ਦਰਵਾਜੇ ਅੰਦਰ ਸਥਿਤ ਫਕੀਰ ਭਰਾਵਾਂ ਦੇ ਜੱਦੀ ਪੁਸ਼ਤੀ ਹਵੇਲੀ 'ਫਕੀਰਖਾਨਾ' ਵਿਖੇ ਲਾਹੌਰ ਸਿੱਖ ਦਰਬਾਰ ਨਾਲ ਸਬੰਧਤ ਬਹੁਤ ਕੀਮਤੀ ਤੇ ਅਨਮੋਲ ਵਸਤਾਂ ਦਾ ਖਜ਼ਾਨਾ ਸਾਂਭਿਆ ਪਿਆ ਹੈ।

ਲਾਹੌਰ ਤੇ ਅੰਮ੍ਰਿਤਸਰ ਦੇ ਵਪਾਰੀ ਅਦਾਰਿਆਂ ਵਿਚ ਵੀ ਮੁਲਤਾਨ ਦੇ ਹੁਨਰ ਦੀ ਚਰਚਾ ਸੀ ਅਤੇ ਉਸ ਦੇ ਸਾਫ ਸੁਥਰੇ ਕੰਮ ਦੀ ਹੋਰ ਕੰਮਾਂ ਵਿਚ ਵੀ ਮਦਦ ਲਈ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ੀ ਅਫਸਰ, ਜਿਨ੍ਹਾਂ ਨੂੰ ਆਮ ਕਰਕੇ 'ਫਰੰਗੀ' ਕਿਹਾ ਜਾਂਦਾ ਸੀ, ਸਦਾ ਹੀ ਬੜੇ ਸੋਹਣੇ, ਫੁਰਤੀਲੇ ਤੇ ਰੰਗ-ਬਰੰਗੇ ਖੂਬਸੂਰਤ ਪਹਿਰਾਵੇ ਵਿਚ ਹੁੰਦੇ ਸਨ। ਫਰੰਗੀ ਅਫਸਰਾਂ ਦੀ ਗਿਣਤੀ ਬਾਰੇ ਵੱਖ ਵੱਖ ਅਨੁਮਾਨ ਮਿਲਦੇ ਹਨ, ਜਿਸ ਵਿਚ ਸਭ ਤੋਂ ਬਹੁਤਾ ਅਨੁਮਾਨ 42 ਦਾ ਤੇ ਘੱਟ ਤੋਂ ਘੱਟ 20 ਅਫਸਰਾਂ ਦਾ ਮਿਲਦਾ ਹੈ। ਇਨ੍ਹਾਂ ਵਿਦੇਸ਼ੀ ਫਰੰਗੀ ਅਫਸਰਾਂ ਵਿਚ ਇਟੈਲੀਅਨ, ਯੂਨਾਨੀ, ਫਰਾਂਸੀਸੀ, ਅੰਗਰੇਜ਼, ਜਰਮਨ, ਰੂਸੀ, ਸਕਾਟ ਤੇ ਐਂਗਲੋ ਇੰਡੀਅਨ ਸ਼ਾਮਿਲ ਸਨ। ਇਨ੍ਹਾਂ ਸਭ ਫਰੰਗੀਆਂ ਨੂੰ ਮੋਟੀਆਂ ਤਨਖਾਹਾਂ, ਖੁੱਲ੍ਹੇ ਦਰਬਾਰੀ ਭੱਤੇ ਤੇ ਖਾਲਸਾ ਰਾਜ ਵਿਚ ਵੱਡੀਆਂ ਜਾਗੀਰਦਾਰੀਆਂ ਵੀ ਦਿਤੀਆਂ ਜਾਂਦੀਆਂ ਸਨ। ਇਨ੍ਹਾਂ ਸਭ ਫਾਰੰਗੀ ਅਫਸਰਾਂ ਦੀ ਭਰਤੀ 1809 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਹੋਈ ਅੰਮ੍ਰਿਤਸਰ ਦੀ ਸੰਧੀ ਤੋਂ ਬਾਅਦ ਜਲਦੀ ਸ਼ੁਰੂ ਹੋ ਗਈ ਸੀ। ਸੈਨਿਕ ਜਥੇਬੰਦੀ ਵਿਚ ਰਣਜੀਤ ਸਿੰਘ ਨੇ ਭਾਰਤੀ ਸੈਨਿਕ ਪ੍ਰਣਾਲੀ ਅਤੇ ਯੂਰਪੀਅਨ ਫੌਜੀ ਢੰਗ ਤਰੀਕੇ ਦੀਆਂ ਸਭ ਤੋਂ ਚੰਗੀਆਂ ਗੱਲਾਂ ਆਪਣੇ ਸੈਨਿਕ ਪ੍ਰਬੰਧ ਵਿਚ ਲਾਗੂ ਕੀਤੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸ਼ਾਹੀ ਫੌਜ ਨੂੰ ਵਰਤਮਾਨ ਸਮੇਂ ਦੀ ਅਤਿ-ਆਧੁਨਿਕ ਫੌਜੀ ਸਿਖਲਾਈ ਦੇਣ ਲਈ ਸੰਸਾਰ ਭਰ ਦੇ ਕਾਬਲ ਫਾਰੰਗੀ ਅਫਸਰਾਂ ਨੂੰ 'ਖਾਲਸਾ ਰਾਜ' ਦਾ ਅਹਿਮ ਹਿੱਸਾ ਬਣਾਇਆ ਅਤੇ ਫੌਜ ਨੂੰ ਫਰੰਗੀ ਦੇਸ਼ਾਂ ਦੇ ਨਵੇਂ ਨਵੇਂ ਫੌਜੀ ਹਥਿਆਰਾਂ, ਬੰਦੂਕਾਂ, ਤੋਪਾਂ ਤੇ ਜੰਬੂਰਕਾਂ ਨਾਲ ਲੈਸ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਫੌਜ ਇੰਨੀ ਸ਼ਕਤੀਸ਼ਾਲੀ ਸੀ ਕਿ ਅੰਗਰੇਜ਼ ਵੀ ਲੜਾਈ ਦਾ ਪੰਗਾ ਲੈਣੋਂ ਸਦਾ ਹੀ ਡਰਦੇ ਸਨ। ਦੁਨੀਆਂ ਦੇ ਇਤਿਹਾਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਤੁਲਨਾ ਫਰਾਸ ਯੂਰਪ ਦੇ ਬਹਾਦਰ ਜਰਨੈਲ 'ਨਪੋਲੀਅਨ ਬੋਨਾਪਾਰਟ ਮਹਾਨ' ਨਾਲ ਕਰਦੇ ਹਨ। ਆਖਰ ਅੰਗਰੇਜ਼ਾਂ ਨਾਲ ਹੋਈਆਂ 'ਐਂਗਲੋ ਸਿੱਖ ਲੜਾਈਆਂ' ਵਿਚ ਜੇ ਮਹਰਜੇ ਦੇ ਪਾਲਤੂ ਜੰਮੂ ਦੇ ਡੋਗਰੇ ਤੇ ਪੂਰਬੀਏ ਭਈਏ ਨਮਕ ਹਰਾਮੀ ਨਾ ਕਰਦੇ ਤਾਂ ਅੱਜ ਸਿੱਖਾਂ ਨੂੰ ਦਰ ਦਰ ਰੁਲਣਾ ਨਾ ਪੈਂਦਾ ਅਤੇ ਨਾ ਹੀ ਧਰਨਿਆਂ ਉਪਰ ਥਾਂ ਥਾਂ ਬੈਠਣ ਦੀ ਲੋੜ ਰਹਿੰਦੀ ਤੇ ਨਾ ਹੀ ਕੋਝੀਆਂ ਠੋਕਰਾਂ ਖਾਣੀਆਂ ਪੈਂਦੀਆਂ।

ਲਾਹੌਰ ਖਾਲਸਾ ਦਰਬਾਰ ਦੇ ਸਿੱਖ ਰਾਜ ਵਿਚ ਪਰਜਾ ਨੂੰ ਵਿਦਿਆ ਬਹੁਤ ਕਰਕੇ ਮੰਦਰਾਂ, ਮਸਜਿਦਾਂ, ਮਕਤਬਾਂ ਤੇ ਗੁਰਦੁਆਰਿਆਂ ਦੇ ਮਦਰੱਸਿਆਂ ਵਿਚ ਹੀ ਦਿਤੀ ਜਾਂਦੀ ਸੀ। ਮੁਸਲਮਾਨ ਆਪਣੇ ਬੱਚਿਆਂ ਨੂੰ ਚਾਰ ਸਾਲ ਚਾਰ ਮਹੀਨੇ ਚਾਰ ਦਿਨ ਦੀ ਉਮਰ ਵਿਚ ਪੜ੍ਹਨ ਲਈ 'ਮਕਤਬ' ਵਿਚ ਭੇਜਦੇ ਸਨ, ਜਦੋਂ ਕਿ ਹਿੰਦੂ-ਸਿੱਖ ਬੱਚਿਆਂ ਨੂੰ ਪੰਜ ਸਾਲ ਦੀ ਉਮਰ ਵਿਚ 'ਪਾਠਸ਼ਾਲਾ' ਭੇਜਿਆ ਜਾਂਦਾ ਸੀ। ਫਾਰਸੀ, ਅਰਬੀ ਤੇ ਗੁਰਮੁਖੀ ਦੇ ਨਾਲ ਨਾਲ ਸੰਸਕ੍ਰਿਤ ਤੇ ਹਿੰਦੀ ਵੀ ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਪੜ੍ਹਾਈ ਜਾਂਦੀ ਸੀ। ਮੁਢਲੀ ਵਿਦਿਆ ਸਭ ਧਰਮਾਂ ਦੇ ਮੁੰਡੇ-ਕੁੜੀਆਂ ਇਕਠਿਆਂ ਹੀ ਮਕਤਬਾਂ ਵਿਚ ਪ੍ਰਾਪਤ ਕਰਦੇ ਸਨ, ਪਰ ਉਚ ਵਿਦਿਆ ਲਈ ਕੁੜੀਆਂ ਨੂੰ ਵਾਂਝਿਆਂ ਹੀ ਰਖਿਆ ਜਾਂਦਾ ਸੀ। ਲਾਹੌਰ ਖਾਲਸਾ ਦਰਬਾਰ ਦੀ ਭਾਸ਼ਾ ਫਾਰਸੀ ਸੀ, ਪਰ ਪੰਜਾਬ ਦੇ ਲੋਕਾਂ ਦੀ ਬੋਲੀ ਪੰਜਾਬੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਵਿਚ ਵੱਡੇ ਸਕੂਲਾਂ, ਕਾਲਜਾਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਉਚ ਵਿਦਿਅਕ ਸੰਸਥਾ ਦਾ ਵਜੂਦ ਨਹੀਂ ਸੀ। ਸਿੱਖਾਂ ਵਿਚ ਹਰ ਪੱਧਰ 'ਤੇ ਅਨਪੜ੍ਹਤਾ ਆਮ ਸੀ, ਪਰ ਮੁਸਲਮਾਨਾਂ ਵਿਚ ਸਿੱਖਾਂ ਹਿੰਦੂਆਂ ਨਾਲੋਂ ਵਿਦਿਆ ਵਧੇਰੇ ਮਿਲਦੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਸਾਰੇ ਧਾਰਮਿਕ ਸਥਾਨਾਂ ਨੂੰ ਬਹੁਤ ਖੁੱਲ੍ਹੇ ਦਿਲ ਨਾਲ ਜਾਗੀਰਾਂ ਤੇ ਦਾਨ ਦਿਤਾ, ਜਿਸ ਕਰਕੇ ਖਾਲਸਾ ਰਾਜ ਵਿਚ ਮੁਲਕੀ ਵਿਦਿਆ ਦੀ ਉਨਤੀ ਵੱਡੇ ਪੱਧਰ ਉਪਰ ਹੋਈ। ਰਾਜ ਦੇ ਵਿਚ ਹੋਰ ਵਿਦਿਅਕ ਅਦਾਰਿਆਂ ਵਾਲੇ ਮਦਰੱਸਿਆਂ, ਮਕਤਬਾਂ ਤੇ ਪਾਠਸ਼ਾਲਾਵਾਂ ਦੀ ਸਰਪ੍ਰਸਤੀ ਵੀ ਕੀਤੀ ਗਈ। ਲਾਹੌਰ ਸ਼ਹਿਰ ਦੇ ਬਾਜ਼ਾਰ ਹਕੀਮਾਂ ਵਿਚ ਅਰਬੀ ਅਤੇ ਫਾਰਸੀ ਭਾਸ਼ਾ ਤੇ ਬੋਲੀ ਵਿਚ ਵਜ਼ੀਫਿਆਂ ਲਈ ਇਕ ਵਿਦਿਅਕ ਅਦਾਰਾ ਸੀ। ਉਚੀ ਵਿਦਿਆ ਪ੍ਰਾਪਤ ਕਰਨ ਵਾਲੇ ਗਰੀਬ ਵਿਦਿਆਰਥੀਆਂ ਨੂੰ ਵਜ਼ੀਫੇ ਤੇ ਰਹਿਣ-ਸਹਿਣ ਲਈ ਦਾਨ ਵੀ ਦਿਤਾ ਜਾਂਦਾ ਸੀ।

ਸੰਨ 1850 ਵਿਚ ਜਦੋਂ ਪੰਜਾਬ ਦਾ ਰਾਜਭਾਗ ਅੰਗਰੇਜ਼ੀ ਹਕੂਮਤ ਦੇ ਅਧੀਨ ਆ ਗਿਆ ਤਾਂ ਇਕ ਅੰਗਰੇਜ਼ ਫੌਜੀ ਸਰਜਨ ਅਫਸਰ ਡਾ. ਜੌਹਨ ਸਪੈਂਸਰ ਲੋਗਨ ਨੇ ਪੰਜਾਬ ਸੂਬੇ ਵਿਚ ਵਿਦਿਆ ਦੇ ਪਰਸਾਰ ਲਈ ਲਾਹੌਰ ਸ਼ਹਿਰ ਵਿਚ ਪੜ੍ਹੇ-ਲਿਖੇ ਲੋਕਾਂ ਦਾ ਪਤਾ ਲਾਉਣ ਲਈ ਇਕ ਸਰਵੇਖਣ ਕੀਤਾ। ਇਸ ਸਰਵੇਖਣ ਤੋਂ ਪਤਾ ਲੱਗਾ ਕਿ ਲਾਹੌਰ ਸ਼ਹਿਰ ਵਿਚ ਸਿਰਫ ਚਾਰ ਮਦਰੱਸੇ ਹਨ। ਕੋਈ ਵੀ ਵੱਡਾ ਵਿਦਿਅਕ ਅਦਾਰਾ ਨਹੀਂ ਹੈ, ਪਰ ਫਿਰ ਵੀ 87% ਲੋਕ ਫਾਰਸੀ, ਤੇ ਗੁਰਮੁਖੀ ਵਿਚ ਅਰਜੀ ਪੜ੍ਹ ਤੇ ਲਿਖ ਸਕਦੇ ਹਨ। ਪੂਰੇ ਪੰਜਾਬ ਵਿਚ 78% ਲੋਕ ਫਾਰਸੀ ਤੇ ਗੁਰਮੁਖੀ ਪੜ੍ਹ ਤੇ ਲਿਖ ਸਕਦੇ ਹਨ, ਜਿਨ੍ਹਾਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਇਹ ਹੀ ਡਾ. ਲੋਗਨ ਤੇ ਇਸ ਦੀ ਅੰਗਰੇਜ਼ ਪਤਨੀ ਸ੍ਰੀਮਤੀ ਲੋਗਨ ਸਿੱਖ ਰਾਜ ਦੇ ਖਾਤਮੇ ਵੇਲੇ ਆਖਰੀ ਨਾਬਾਲਿਗ ਸਿੱਖ ਮਹਾਰਾਜਾ ਦਲੀਪ ਸਿੰਘ ਦੇ 'ਗਾਰਡੀਅਨ' ਬਣੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਵਿਚ ਉਸ ਦੇ ਦਿਮਾਗ ਵਿਚ ਨਵੇਂ ਨਵੇਂ ਫੁਰਨੇ ਫੁਰਦੇ ਰਹਿੰਦੇ ਅਤੇ ਜਦੋਂ ਉਸ ਦਾ ਮਨ ਮੰਨ ਜਾਂਦਾ ਤਾਂ ਉਹ ਉਨ੍ਹਾਂ ਫੁਰਨਿਆਂ ਉਪਰ ਠੋਸ ਅਮਲ ਵੀ ਕਰਦਾ। ਲਾਹੌਰ ਦਰਬਾਰ ਵਿਚ ਕੋਮਲ ਹੁਨਰਾਂ ਨੂੰ ਬਹੁਤ ਅਹਿਮੀਅਤ ਦਿਤੀ ਗਈ, ਖਾਸ ਕਰ ਸਿੱਖ ਚਿਤ੍ਰਕਾਰੀ ਰਾਜ ਦੀ ਸਰਪਰਸਤੀ ਹੇਠਾਂ ਖੂਬ ਵਧੀ ਫੁੱਲੀ। ਇਕ ਵਿਸ਼ੇਸ਼ 'ਸਿੱਖ ਚਿਤਰਕਾਰੀ ਸਕੂਲ' ਲਾਹੌਰ ਵਿਚ ਸਥਾਪਿਤ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਅਨੇਕਾਂ ਵੱਖੋ ਵੱਖ ਕੌਮਾਂ ਤੇ ਧਰਮਾਂ ਦੇ ਚਿਤਰਕਾਰ ਸਨ, ਜਿਨ੍ਹਾਂ ਵਿਚੋਂ ਬਹੁਤੇ ਪ੍ਰਸਿਧ ਲਾਹੌਰ ਦਾ ਮੁਸਲਮਾਨ ਮਹੁੰਮਦ ਬਖਸ਼, ਸਿੱਖ ਕੇਹਰ ਸਿੰਘ ਤੇ ਕਾਂਗੜੇ ਦਾ ਹਿੰਦੂ ਪਾਰਖੂ ਸ਼ਾਮਲ ਸਨ। ਸਿੱਖ ਚਿਤਰਕਾਰੀ ਸਕੂਲ ਵਿਚ ਵਿਸ਼ੇ ਨੂੰ ਨਿਭਾਉਣ ਲਈ ਮੁਗਲ ਚਿਤਰਕਾਰੀ ਦਾ ਤਰੀਕਾਕਾਰ ਅਪਨਾਇਆ ਗਿਆ ਅਤੇ ਸੁੰਦਰ ਰੰਗ ਭਰਨ ਲਈ ਕਾਂਗੜਾ ਚਿਤਰਕਾਰੀ ਸਕੂਲ ਦੇ ਸਾਧਨਾਂ ਦੀ ਵਰਤੋਂ ਕੀਤੀ ਗਈ। ਲਾਹੌਰ ਦਰਬਾਰ ਦੇ ਰਈਸਾਂ ਵਲੋਂ ਸਦਾ ਹੀ ਵਧੀਆ ਚਿੱਤਰਾਂ ਦੀ ਮੰਗ ਰਹਿੰਦੀ ਸੀ। ਮੁਲਕ ਵਿਚ ਛੋਟੇ ਛੋਟੇ ਸਰਦਾਰ ਵੀ ਆਪਣੀਆਂ ਬੈਠਕਾਂ ਲਈ ਸੁੰਦਰ ਚਿੱਤਰਾਂ ਦੀ ਭਾਲ ਵਿਚ ਰਹਿੰਦੇ ਸਨ। ਅੰਗਰੇਜ਼ ਚਿਤਰਕਾਰ 'ਔਸਬੋਰਨ' ਰਣਜੀਤ ਸਿੰਘ ਦੇ ਦਰਬਾਰ ਦਾ ਵਿਦੇਸ਼ੀ ਬਹੁਤ ਨਿਪੁੰਨ ਚਿਤਰਕਾਰ ਸੀ। ਮਹਾਰਾਜਾ ਰਣਜੀਤ ਸਿੰਘ ਭਾਵੇਂ ਸੋਹਣਾ ਨਹੀਂ ਸੀ, ਪਰ ਖੁਦ ਸੁਹਜਾਤਮਕ ਕਦਰਾਂ ਕੀਮਤਾਂ ਦਾ ਬਹੁਤ ਕਦਰਦਾਨ ਸੀ।

ਲਾਹੌਰ ਦਰਬਾਰ ਵਿਚ 'ਬਿਲੋ' ਨਾਂ ਦੀ ਇਕ ਨੱਚਣ ਗਾਉਣ ਵਾਲੀ ਬਹੁਤ ਸੁੰਦਰ ਔਰਤ ਨੂੰ ਸ਼ਾਹੀ ਰੁਤਬਾ ਪ੍ਰਾਪਤ ਸੀ ਤੇ ਉਹ ਹੋਰ ਜਵਾਨ ਕੁੜੀਆਂ ਨੂੰ ਨੱਚਣ ਗਾਉਣ ਦੀ ਸਿਖਿਆ ਦੇ ਕੇ ਉਨ੍ਹਾਂ ਦੇ ਮੁਕਾਬਲੇ ਕਰਵਾਉਂਦੀ ਸੀ। ਇਨ੍ਹਾਂ ਸਿਖਿਅਤ ਨੱਚਣ ਗਾਉਣ ਵਾਲੀਆਂ ਹੁਸੀਨ ਕੁੜੀਆਂ ਦੇ ਅਹਿਮ ਪ੍ਰੋਗਰਾਮ ਬਹੁਤ ਖਾਸ ਖਾਸ ਮੌਕੇ ਲਾਹੌਰ ਦਰਬਾਰ ਵਿਚ ਆਉਣ ਵਾਲੇ ਦੇਸੀ-ਵਿਦੇਸ਼ੀ ਮਹਿਮਾਨਾਂ ਅੱਗੇ ਪੇਸ਼ ਕੀਤੇ ਜਾਂਦੇ। ਮਹਾਰਾਜਾ ਸਾਹਿਬ ਨੇ ਲਾਹੌਰ ਦੇ ਹਜ਼ੂਰੀ ਬਾਗ ਵਿਚ 15 ਦਰਵਾਜਿਆਂ ਵਾਲਾ ਇਕ ਬਹੁਤ ਖਾਸ ਚਿੱਟੇ ਸੰਗਮਰਮਰ ਦਾ ਸ਼ਾਨਦਾਰ ਘਰ ਆਪਣੀ ਗਰਮੀਆਂ ਦੀ ਰਿਹਾਇਸ਼ ਲਈ ਡਿਜ਼ਾਇਨ ਕੀਤਾ ਤੇ ਫਿਰ ਉਸ ਨੂੰ ਆਪਣੀ ਨਿਗਰਾਨੀ ਹੇਠ ਬਣਵਾਇਆ। 'ਦੇਸ ਪੰਜਾਬ' ਦਾ ਮਹਾਰਾਜਾ ਬਣਨ ਪਿਛੋਂ ਉਸ ਨੇ ਆਪਣੇ ਜਨਾਨਾ ਹਰਮ ਵਿਚ ਵੱਖ ਵੱਖ ਧਰਮਾਂ ਦੀਆਂ ਬਹੁਤ ਹੁਸੀਨ ਔਰਤਾਂ ਨੂੰ ਰਾਣੀਆਂ, ਮਹਾਰਾਣੀਆਂ, ਬੇਗਮਾਂ ਤੇ ਰਖੇਲਾਂ ਵਜੋਂ ਰੱਖਿਆ ਗਿਆ ਸੀ।


ਲਾਹੌਰ ਦਰਬਾਰ ਦੇ ਸਿੱਖ ਮਹਾਰਾਜਾ ਨੂੰ ਰਾਜ ਪ੍ਰਬੰਧ ਵਿਚ ਨਵੇਂ ਨਵੇਂ ਪੰਗੇ ਲੈਣ ਦਾ ਵੀ ਸ਼ੌਕ ਸੀ। ਇਨ੍ਹਾਂ ਵਿਚੋਂ ਇਕ ਪੰਗਾ ਜੋ ਉਸ ਦੇ ਦਰਬਾਰੀ ਫਕੀਰ ਸੱਯਦ ਵਹੀਦ-ਉ-ਦੀਨ ਦੀ ਉਰਦੂ ਕ੍ਰਿਤ (ਲਿਖਤ) 'ਰਣਜੀਤ ਸਿੰਘ ਕਾ ਅਸਲੀ ਰੂਪ' ਵਿਚੋਂ ਮਿਲਦਾ ਹੈ ਕਿ ਆਪਣੇ 700 ਦੇ ਕਰੀਬ ਹਾਥੀਆਂ ਵਿਚੋਂ ਸਭ ਤੋਂ ਵੱਡੇ ਸੁੰਦਰ ਹਾਥੀ 'ਸੁੰਦਰਗਜ' ਦੇ ਵੱਡੇ ਵੱਡੇ ਸਫੈਦ ਦੰਦਾਂ ਉਪਰ ਲਾਲਟੈਣਾਂ ਨੂੰ ਪੱਕੇ ਤੌਰ ਟਿਕਾਣਾ ਤੇ ਬੰਨਣਾ ਸੀ। ਇਹ ਲਾਲਟੈਣਾਂ ਹਾਥੀ 'ਸੁੰਦਰਗਜ' ਨੂੰ ਖਾਸ ਸਜ ਧੱਜ ਦਿੰਦੀਆਂ ਅਤੇ ਰਾਤ ਨੂੰ ਹਨੇਰੇ

**(ਬਾਕੀ ਅਗਲੇ ਸਫੇ 'ਤੇ)**

# 'ਪੰਜਾਬ ਦਰਸ਼ਨ' ਤੇ ਵਿਦਵਾਨਾਂ ਦੀ ਵੰਨਗੀ: ਰਤਨ ਭੈਣ-ਭਾਈ

ਪਿੱਛੇ ਜਿਹੇ ਮਨ ਵਿਚ ਖਿਆਲ ਆਇਆ ਕਿ ਪੰਜਾਬ ਦੇ ਬੇਭਰੋਸਗੀ ਵਾਲੇ ਸਮਾਜਿਕ ਅਤੇ ਸੱਭਿਆਚਾਰਕ ਹਾਲਾਤ ਵਿਚ ਕੁਝ ਨਾ ਕੁਝ ਭਰੋਸੇਯੋਗ ਤਬਦੀਲੀ ਲਿਆਉਣ ਲਈ ਕੋਈ ਉਪਰਾਲਾ ਕੀਤਾ ਜਾਵੇ। ਦੋਸਤਾਂ ਨਾਲ ਮਸ਼ਵਰਾ ਕੀਤਾ ਤਾਂ ਗੱਲ ਇਸ ਸਿੱਟੇ 'ਤੇ ਪੁੱਜੀ ਕਿ ਆਨਲਾਈਨ ਵਰਚੂਅਲ ਲੈਕਚਰ ਸੀਰੀਜ਼ ਸ਼ੁਰੂ ਕੀਤੀ ਜਾਵੇ।

ਇਸ ਕਾਜ ਲਈ ਅਸੀਂ 'ਪੰਜਾਬ ਦਰਸ਼ਨ' ਨਾਂ ਦਾ ਫੋਰਮ ਬਣਾਇਆ, ਜਿਹਦਾ ਭਾਵ ਸੀ ਕਿ ਪੰਜਾਬ ਦੇ ਤਸੱਵਰ ਨੂੰ ਪੰਜਾਬ ਦੀ ਤਸਵੀਰ ਦੇ ਸਨਮੁਖ ਰੱਖ ਕੇ ਸੋਚਿਆ ਜਾਵੇ ਕਿ ਕਿੱਥੇ ਕਿਹੜੀ ਕਮੀ ਹੈ। ਤਸੱਵਰ ਤੋਂ ਸਾਡਾ ਭਾਵ ਪੰਜਾਬ



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਦਾ ਦਰਸ਼ਨ ਸੀ ਤੇ ਤਸਵੀਰ ਤੋਂ ਭਾਵ ਪੰਜਾਬ ਦਾ ਦਰਸ਼ਣ।

ਸਭ ਦੇ ਮਨ ਵਿਚ ਚਾਅ ਸੀ ਕਿ ਕੁਝ ਨਿਵੇਕਲਾ ਤੇ ਮੌਲਿਕ ਜਿਹਾ ਕਰੀਏ। ਉਨ੍ਹਾਂ ਲੋਕਾਂ ਨੂੰ ਸੁਣੀਏ, ਜੋ ਲੀਕ ਤੋਂ ਰਤਾ ਹਟ ਕੇ ਸੋਚਦੇ ਤੇ ਬੋਲਦੇ ਹੋਣ ਜਾਂ ਜਿਹੜੇ ਲੁਕੇ ਛਿਪੇ ਜਿਹੇ ਰਹਿਣਾ ਪਸੰਦ ਕਰਦੇ ਹੋਣ ਤੇ ਬਹੁਤੇ ਪਾਪੂਲਰ ਨਾ ਹੋਣ।

ਇੱਕ ਬੁੱਧਵਾਰ ਸਕਿਪ ਕਰਕੇ, ਲਗਾਤਾਰ ਦੋ ਬੁੱਧਵਾਰਾਂ ਨੂੰ ਸ਼ਾਮੀਂ ਸੱਤ ਵਜੇ ਵਿਖਿਆਨ ਅਰੰਭ ਕਰਨ ਦਾ ਸਮਾਂ ਮਿੱਥਿਆ ਤੇ ਸੋਚਿਆ ਕਿ ਸਮਾਪਤੀ ਵਿਖਿਆਨਕਾਰ ਖੁਦ ਆਪਣੀ ਮਰਜ਼ੀ ਅਨੁਸਾਰ ਕਰੇਗਾ। ਸੋਚਿਆ ਜਿਵੇਂ ਅਸੀਂ ਬਾਬਿਆਂ ਦੀਆਂ ਚੌਂਕੀਆਂ ਭਰਨੀਆਂ ਹੋਣ ਤੇ ਸੁਰਖਰੂ ਹੋਣਾ ਹੋਵੇ।

ਇਸ ਸਿਲਸਿਲੇ ਵਿਚ ਆਪਣੇ ਅਧਿਆਪਕ ਪ੍ਰੋ. ਹਰਪਾਲ ਸਿੰਘ ਨਾਲ ਮਸ਼ਵਰਾ ਕੀਤਾ ਅਤੇ ਆਪਣੇ ਸਤਿਕਾਰਯੋਗ ਵਿਦਵਾਨ ਤੇ ਸ਼ਾਇਰ ਇਤਿਹਾਸਕਾਰ ਡਾ. ਆਈ. ਡੀ. ਗੌੜ ਦੀ ਰਾਏ ਲਈ। ਦੋਹਾਂ ਪ੍ਰਬੁੱਧ ਤੇ ਸੁਹਿਰਦ ਹਸਤੀਆਂ ਦੀ ਸਰਪ੍ਰਸਤੀ ਹੇਠ 'ਪੰਜਾਬ ਦਰਸ਼ਨ' ਦਾ ਸ਼ੁਭ ਅਰੰਭ ਹੋਇਆ।

ਵਿਸ਼ਵ ਪ੍ਰਸਿੱਧ ਭਾਸ਼ਾ ਵਿਗਿਆਨੀ ਤੇ ਦਾਰਸ਼ਨਿਕ ਪ੍ਰੋ. ਹਰਜੀਤ ਗਿੱਲ ਤੋਂ ਗੱਲ ਅਰੰਭ ਹੋਈ ਤਾਂ 'ਪੰਜਾਬ ਦਰਸ਼ਨ' ਇਕਦਮ ਚਰਚਾ ਵਿਚ ਆ ਗਿਆ ਤੇ ਦੂਸਰੀ ਵਾਰ ਫਿਰ ਪ੍ਰੋ. ਗਿੱਲ ਨੂੰ ਹੀ ਬੁਲਾਉਣਾ ਪਿਆ-ਜਾਦੂ ਉਹ ਜੋ ਸਿਰ ਚੜ੍ਹ ਬੋਲੇ।

ਫਿਰ ਅਸੀਂ ਹਰ ਸ਼ੋਭੇ ਦੇ ਲੋਕਾਂ ਨਾਲ ਸੰਪਰਕ ਕੀਤਾ ਤੇ ਸਾਨੂੰ ਹਰ ਕਿਸੇ ਨੇ ਬੜੇ ਹੀ ਪਿਆਰ ਨਾਲ ਨਿਵਾਜਿਆ। ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਆਈ. ਡੀ. ਗੌੜ, ਪ੍ਰੋ. ਪਰਮਜੀਤ ਸਿੰਘ ਤੇ ਪ੍ਰੋ. ਅਕਸ਼ੈ ਕੁਮਾਰ ਨੇ ਕਮਾਲ ਦੇ ਵਿਖਿਆਨ ਦਿੱਤੇ, ਜਿਵੇਂ ਗਿਆਨ ਚਿਰਾਂ ਦੇ ਬੰਦ ਦਰਵਾਜੇ ਖੁਲ੍ਹ ਗਏ ਹੋਣ।


ਜੇ. ਐਨ. ਯੂ. ਦਿੱਲੀ ਤੋਂ ਪ੍ਰੋ. ਭਗਵਾਨ ਜੋਸ਼, ਪ੍ਰੋ. ਜੋਧਕਾ, ਮਦਨ ਗੋਪਾਲ, ਰੱਬੀ ਸ਼ੇਰਗਿੱਲ ਤੇ ਸਿਧਾਰਥ ਜੀ ਨੇ ਖੂਬ ਰੌਣਕਾਂ ਲਾਈਆਂ ਤੇ ਰੰਗ ਬੰਨ੍ਹਿਆ। ਦਿਲ ਅਸ਼ ਅਸ਼ ਉਠਿਆ।

ਚੰਡੀਗੜ੍ਹ ਤੋਂ ਪ੍ਰੋ. ਸਕੂਨ ਸਿੰਘ, ਡਾ. ਨੀਲਮ ਮਾਨ ਸਿੰਘ ਤੇ ਪ੍ਰੋ. ਮੋਨਿਕਾ ਕੁਮਾਰ ਨੇ ਆਪਣੇ ਵਿਖਿਆਨ ਨਾਲ ਹੱਲਚਲ ਹੀ ਮਚਾ ਦਿੱਤੀ ਕਿ 'ਪੰਜਾਬ ਦਰਸ਼ਨ' ਦੀ ਏਨੀ ਬੱਲੇ ਬੱਲੇ ਹੋ ਗਈ ਕਿ ਸਾਨੂੰ ਸੋਚਣਾ ਪਿਆ ਕਿ ਹੁਣ ਕੀ ਕਰਾਂਗੇ!

ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋ. ਬਲਵਿੰਦਰ ਸਿੰਘ ਟਿਵਾਣਾ ਨੇ ਹੈਰਾਨਕੁਨ ਡੀਟੇਲ ਵਾਲਾ ਵਿਖਿਆਨ ਪੇਸ਼ ਕੀਤਾ ਤੇ ਪ੍ਰੋ. ਜਤਿੰਦਰ ਸਿੰਘ ਨੇ ਵਿਖਿਆਨ ਦੀ ਗੰਭੀਰਤਾ ਨਾਲ ਬਹਿਜਾ ਬਹਿਜਾ ਕਰਵਾ ਦਿੱਤੀ ਤੇ ਕਈ ਵੱਡੇ ਚਿੰਤਕ ਚਿੰਤਤ ਹੋ ਗਏ।

ਪੱਛਮੀ ਪੰਜਾਬ ਦੇ ਨੈਨ ਸੁੱਖ ਨੇ ਦੋ ਦਫਾ ਸੁਹਿਰਦ ਗਿਆਨ ਅਤੇ ਹਲੀਮੀ ਭਰੇ ਅੰਦਾਜ਼ ਨਾਲ ਵਿਖਿਆਨ ਦੇ ਨਵੇਂ ਮਿਆਰ ਸਥਾਪਤ ਕਰ ਦਿੱਤੇ ਕਿ ਸਿਰ ਹੀ ਝੁਕ ਗਿਆ। ਹਾਰੂਨ ਖਾਲਿਦ ਨੇ ਵਿਖਿਆਨਕਾਰੀ ਦੀ ਸਪੀਡ ਨਾਲ ਹੀ ਹੈਰਾਨ ਕਰ ਦਿੱਤਾ।

ਪ੍ਰਸਿੱਧ ਪੱਤਰਕਾਰ ਜਗਤਾਰ ਸਿੰਘ ਤੇ ਓਮੇਂਦਰ ਦੱਤ ਨੇ ਵੀ ਆਪਣੇ ਵਿਖਿਆਨ ਵਿਚ



ਪ੍ਰੋ. ਹਰਜੀਤ ਗਿੱਲ

ਕਈ ਨਵੇਂ ਅਤੇ ਅਣਛੋਹੇ ਨੁਕਤੇ ਟੋਹੇ ਤੇ ਹੱਲਚਲ ਮਚਾ ਦਿੱਤੀ।

ਫਿਰ ਸਾਡੇ ਉਤਸ਼ਾਹ ਵਿਚ ਪਤਾ ਨਹੀਂ ਕਿਉਂ ਕਮੀ ਆ ਗਈ ਕਿ ਕੁਝ ਸੁਝੇ ਹੀ ਨਾ ਤੇ ਨਾ ਹੀ ਕੋਈ ਨਵਾਂ ਚਿਹਰਾ ਨਜ਼ਰ ਆਵੇ, ਜਿਹੜਾ ਛੁਪਿਆ ਜਿਹਾ ਹੋਵੇ ਜਾਂ ਛੁਪੇ ਰਹਿਣ ਦੀ ਚਾਹ ਰੱਖਦਾ ਹੋਵੇ ਤੇ ਜਿਹਦੇ ਕੋਲ ਕੁਝ ਮੌਲਿਕ ਜਿਹਾ ਕਹਿਣ ਸੁਣਨ ਨੂੰ ਵੀ ਹੋਵੇ।

ਅਚਾਨਕ ਮਨ ਵਿਚ ਐੱਨ. ਐੱਸ. ਰਤਨ ਦਾ ਖਿਆਲ ਆਇਆ ਕਿ ਦਿਲ ਖਿੜ ਗਿਆ। ਫਿਰ ਨੰਬਰ ਲੱਭਿਆ ਤੇ ਗੱਲ ਕੀਤੀ। ਉਹ 'ਪੰਜਾਬ ਦਰਸ਼ਨ' ਦੀ ਮੇਰੀ ਬੰਨ੍ਹੀ ਭੂਮਿਕਾ ਤੋਂ ਏਨੇ ਖਫਾ ਹੋ ਗਏ ਕਿ ਮੈਂ ਮੁਸ਼ਕਿਲ ਨਾਲ ਗੱਲ ਰਫਾ ਦਫਾ ਕੀਤੀ। ਫਿਰ ਹੋਰ ਗੱਲ ਖੁੱਲ੍ਹੀ ਤਾਂ ਉਹ ਧੀਰਜ ਨਾਲ ਗੱਲ ਸੁਣਨ ਅਤੇ ਕਰਨ ਲੱਗੇ।

ਉਨ੍ਹਾਂ ਦੱਸਿਆ ਕਿ ਉਹ ਫੋਨ ਕਰ ਸਕਦੇ ਹਨ ਤੇ ਸੁਣ ਸਕਦੇ ਹਨ। ਏਸ ਤੋਂ ਅੱਗੇ ਕਿਸੇ ਨੈੱਟ ਸ਼ੈੱਟ, ਜ਼ੂਮ ਸ਼ੂਮ ਜਾਂ ਅੜੀ ਈਮੇਲ ਦਾ ਉਨ੍ਹਾਂ ਨੂੰ ਕੋਈ ਇਲਮ ਨਹੀਂ ਹੈ। ਫਿਰ ਉਹ ਏਨੇ ਧੀਰਜ ਵਿਚ ਆ ਗਏ ਕਿ ਮੈਂ ਹੈਰਾਨ ਹੋਇਆ ਕਿ ਉਹ ਉਹੀ ਹਨ, ਜੋ ਏਨੇ ਖਫਾ ਹੋ ਗਏ ਸਨ। ਉਨ੍ਹਾਂ ਨੇ ਏਨੀਆਂ ਗੱਲਾਂ ਸੁਣਾਈਆਂ, ਜਿੰਨੀਆਂ ਸ਼ਾਇਦ 'ਪੰਜਾਬ ਦਰਸ਼ਨ' 'ਤੇ ਵੀ ਸੰਭਵ ਨਹੀਂ ਸਨ। ਮੈਂ ਉਨ੍ਹਾਂ ਦੀ ਨਿਸ਼ਠਾ, ਗਿਆਨ, ਧੀਰਜ, ਵਿਵੇਕ ਅਤੇ ਖਿਝ ਤੋਂ ਹੈਰਾਨ ਹੋ ਗਿਆ।

ਫਿਰ ਮੈਨੂੰ ਉਨ੍ਹਾਂ ਦੀ ਭੈਣ ਰਮਾ ਰਤਨ ਦਾ ਖਿਆਲ ਆਇਆ। ਫੋਨ ਮਿਲਾਇਆ ਤਾਂ ਉਹ ਵੀ ਆਨਾ ਕਾਨੀ ਜਿਹੀ ਕਰਨ ਡਹਿ ਪਏ। ਹੋਰ ਜ਼ੋਰ ਪਾਇਆ ਤਾਂ ਉਨ੍ਹਾਂ ਨੇ ਆਪਣੇ ਭਾਈ ਸੁਰੇਸ਼ ਰਤਨ ਨਾਲ ਗੱਲ ਕਰਨ ਲਈ ਆਖਿਆ ਕਿ ਉਹ ਬੜਾ ਗਿਆਨਵਾਨ ਹੈ ਤੇ ਅੱਛਾ ਵਿਖਿਆਨ ਦੇ ਸਕਦਾ ਹੈ। ਆਪ ਉਨ੍ਹਾਂ ਨੇ ਕੁਝ ਸਮਾਂ ਮੰਗਿਆ ਕਿ ਹਾਲਾਤ ਠੀਕ ਹੋਣ 'ਤੇ ਉਹ ਖੁਦ ਵਿਖਿਆਨ ਦੇਣ ਲਈ ਆਖ ਦੇਣਗੇ।

ਫਿਰ ਮੈਂ ਡੈਨਮਾਰਕ ਵਿਚ ਰਹਿੰਦੇ ਉਨ੍ਹਾਂ ਦੇ ਭਾਈ ਸੁਰੇਸ਼ ਰਤਨ ਨਾਲ ਗੱਲ ਕੀਤੀ। ਉਹ ਬੜੇ ਹਸਮੁਖ ਮਿਜ਼ਾਜ ਲੱਗੇ ਤੇ ਕਹਿਣ ਲੱਗੇ ਕਿ ਮੈਨੂੰ ਤਾਂ ਪਤਾ ਹੀ ਨਹੀਂ ਕਿ ਪੰਜਾਬ ਵਿਚ ਸਾਇੰਸ ਦੀ ਕੀ ਪੁਜ਼ੀਸ਼ਨ ਹੈ। ਉਨ੍ਹਾਂ ਨੇ ਆਪਣੀ ਅਸਮਰੱਥਾ ਜਾਹਰ ਕੀਤੀ ਕਿ ਉਹ ਪਿਛਲੇ ਲੰਬੇ ਅਰਸੇ ਤੋਂ ਪੰਜਾਬ ਨਾਲੋਂ ਟੁੱਟੇ ਹੋਏ ਹਨ ਤੇ ਪੰਜਾਬ 'ਤੇ ਕੁਝ ਨਹੀਂ ਬੋਲ ਸਕਦੇ। ਅਖੀਰ ਕਹਿਣ ਲੱਗੇ ਕਿ ਮੈਂ ਉਨ੍ਹਾਂ ਦੇ ਭਾਈ ਬੀ. ਐੱਸ. ਰਤਨ ਨਾਲ ਗੱਲ ਕਰਾਂ।

ਫਿਰ ਮੈਂ ਬੀ. ਐੱਸ. ਰਤਨ ਨਾਲ ਗੱਲ ਕੀਤੀ। ਉਹ ਪੈਂਦੀ ਸੱਟੇ ਕਹਿਣ ਲੱਗੇ, "ਮੈਂ ਤਾਂ ਚੱਲਿਆ ਹੋਇਆ ਅਨਾਰ ਹਾਂ, ਰੋਜ਼ ਦਿਨ ਚੜ੍ਹਦਾ ਹੈ ਤਾਂ ਖੁਸ਼ ਹੋਈਦਾ ਕਿ ਚਲੋ ਇਕ ਦਿਨ ਹੋਰ ਮਿਲ ਗਿਆ। ਸ਼ਾਮ ਹੁੰਦੀ ਹੈ ਤਾਂ ਸ਼ੁਕਰ ਕਰੀਦਾ ਕਿ ਚਲੋ ਇਕ ਦਿਨ ਹੋਰ ਨਿਕਲ ਗਿਆ।" 'ਪੰਜਾਬ ਦਰਸ਼ਨ' ਤੇ ਵਿਖਿਆਨ ਲਈ ਉਨ੍ਹਾਂ ਬਹੁਤਾ ਉਤਸ਼ਾਹ ਨਾ ਦਿਖਾਇਆ।

ਪਤਾ ਲੱਗਾ ਕਿ ਉਨ੍ਹਾਂ ਨੇ ਕੋਈ ਸਕਾਈਪ 'ਤੇ ਗਰੁੱਪ ਬੈਠਕ ਦਾ ਇੰਤਜ਼ਾਮ ਕੀਤਾ ਹੋਇਆ ਹੈ, ਜਿਹਦੇ ਪੰਜਾਹ ਕੁ ਮੈਂਬਰ ਹਨ ਤੇ ਜਿੱਥੇ ਸਿਰਫ ਬਾਣੀ ਦੀ ਵਿਚਾਰ-ਚਰਚਾ ਹੁੰਦੀ ਹੈ ਤੇ ਜਿੱਥੇ ਹਰ ਕੋਈ ਬਾਣੀ ਬਾਬਤ ਆਪਣੇ ਵਿਚਾਰ ਅਤੇ ਮਨੋਭਾਵ ਸਾਂਝੇ ਕਰ ਸਕਦਾ ਹੈ।

ਮੈਂ ਉਹਦੇ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਝੱਟ ਹਾਮੀ ਭਰ ਦਿੱਤੀ ਤੇ ਨਾਲ ਹੀ ਨਸੀਹਤ ਦਿੱਤੀ ਕਿ ਅਸੀਂ ਕਿਸੇ ਨੂੰ ਦੱਸਦੇ ਜਾਂ ਸਮਝਾਉਂਦੇ ਨਹੀਂ, ਬਸ ਇਕ ਦੂਜੇ ਨੂੰ ਸੁਣਦੇ ਹਾਂ ਤਾਂ ਸਾਂਝਾ ਕਰਦੇ ਹਾਂ।

ਉਨ੍ਹਾਂ ਨੇ ਮੈਨੂੰ ਸੁਚੇਤ ਕੀਤਾ ਕਿ ਜਦ ਤੁਹਾਡਾ ਕੁਝ ਕਹਿਣ ਨੂੰ ਜੀ ਕਰੇ ਤਾਂ ਉਦੋਂ ਸ਼ਾਂਤ ਰਹੋ। ਅਸੀਂ ਖੁਦ ਤੁਹਾਨੂੰ ਬੇਨਤੀ ਕਰਾਂਗੇ ਕਿ ਬਾਣੀ ਬਾਬਤ ਆਪਣਾ ਅਨੁਭਵ ਸਾਂਝਾ ਕਰੋ ਤਾਂ ਫਿਰ ਉਦੋਂ ਗੱਲ ਕਰਨਾ।

ਮੈਂ ਇਨ੍ਹਾਂ ਰਤਨ ਭੈਣ ਭਾਈਆਂ ਨਾਲ ਗੱਲ ਕਰਕੇ ਧੰਨ ਹੋ ਗਿਆ ਤੇ ਮਨ ਵਿਚ ਸੋਚਿਆ ਕਿ ਬਿਲਕੁਲ ਸਾਨੂੰ ਇਸੇ ਤਰ੍ਹਾਂ ਲੁਕੇ ਛਿਪੇ ਜਿਹੇ ਹੀ ਰਹਿਣਾ ਚਾਹੀਦਾ ਹੈ।

ਇਹ ਗੱਲ ਤਾਂ ਬੇਹੱਦ ਕਮਾਲ ਦੀ ਲੱਗੀ ਕਿ ਸਾਨੂੰ "ਚੱਲੇ ਹੋਏ ਅਨਾਰ" ਬਣ ਕੇ ਰਹਿਣ ਦੀ ਜਾਂਚ ਹੋਣੀ ਚਾਹੀਦੀ ਹੈ। ਜਿਹੋ ਜਿਹੇ ਯੁੱਗ 'ਚ ਅਸੀਂ ਰਹਿ ਰਹੇ ਹਾਂ, ਉਹਦੇ 'ਚ ਮੇਰੇ ਜਿਹੇ ਨਿਮਾਣੇ ਤੇ ਨਿਤਾਣੇ ਜਿਹੇ ਲਈ ਤਾਂ ਬਿਲਕੁਲ ਹੀ ਚੱਲੇ ਹੋਏ ਅਨਾਰ ਤੋਂ ਵੱਧ ਸੋਚਣਾ ਬੱਜਰ ਗੁਨਾਹ ਹੈ।

ਇਹ ਚਾਰੇ ਰਤਨ ਉਸ ਮਹਾਂ ਰਤਨ, ਗਿਆਨੀ ਮੋਹਿੰਦਰ ਸਿੰਘ ਰਤਨ ਦੀ ਅਨੂਠੀ ਗਿਆਨ-ਰਤਨਾਵਲੀ ਹਨ, ਜਿਹਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਦਸ਼ੇਦ ਕਰਕੇ, ਚੌਦਾਂ ਸੌ ਤੀਹ ਪੰਨਿਆਂ ਦਾ ਨਿਸ਼ਚਿਤ ਰੂਪ ਦਿੱਤਾ ਸੀ ਤੇ ਜਿਨ੍ਹਾਂ ਦੀ ਕਰਨੀ ਰਹਿੰਦੀ ਦੁਨੀਆਂ ਤੱਕ ਯਾਦ ਰਹੇਗੀ, ਪਰ ਜਿਸ ਰਤਨ ਦਾ ਨਵੇਂ ਪੋਚ ਦੇ ਸਿੱਖ ਸਮਾਜ ਨੂੰ ਪਤਾ ਤੱਕ ਨਹੀਂ ਹੈ।

'ਪੰਜਾਬ ਦਰਸ਼ਨ' ਦੇ ਭਵਿੱਖ ਦਾ ਕੁਝ ਪਤਾ ਨਹੀਂ ਹੈ, ਪਰ ਮੈਂ ਪੰਜਾਬ ਦੀ ਇਸ ਰਤਨਾਵਲੀ ਤੋਂ ਜ਼ਿੰਦਗੀ ਭਰ ਦਾ ਸਬਕ ਸਿੱਖ ਲਿਆ ਹੈ। ਕੋਸ਼ਿਸ਼ ਕਰਾਂਗਾ ਉਸ ਸਬਕ 'ਤੇ ਦ੍ਰਿੜਤਾ ਤੇ ਸੁਹਿਰਦਤਾ ਨਾਲ ਪਹਿਰਾ ਦੇਣ ਦੇਵਾਂ ਕਿ ਜੇ ਪੰਜਾਬ ਵਿਚ ਰਹਿਣਾ ਹੈ ਤਾਂ ਕੁਝ ਕਰਨ ਬਾਬਤ ਬਿਲਕੁਲ ਨਾ ਸੋਚੋ, ਬਸ ਚੱਲੇ ਹੋਏ ਅਨਾਰ ਬਣ ਕੇ ਰਹੋ। ਸਾਡੀ ਸਭ ਦੀ ਭਲਾਈ ਏਸੇ ਵਿਚ ਹੈ, ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।

## ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਸਿੱਖ ਰਾਜ' ਦਾ ਪ੍ਰਬੰਧਕੀ ਢਾਂਚਾ-2

*(ਪਿਛਲੇ ਸਫੇ ਦੀ ਬਾਕੀ)*

ਰਸਤੇ ਵਿਚ ਹਾਥੀ ਲਈ ਚਾਨਣ ਦਾ ਕੰਮ ਵੀ ਕਰਦੀਆਂ। ਲਾਹੌਰ ਸ਼ਹਿਰ, ਜਿਸ ਨੂੰ ਹੁਣ 'ਵਾਲਿਡ ਸਿਟੀ' ਕਿਹਾ ਜਾਂਦਾ ਹੈ, ਵਿਚ ਰਾਤ ਦੇ ਸਮੇਂ ਜਦੋਂ ਖਾਸ ਖਾਸ ਮੌਕਿਆਂ ਉਪਰ ਮਹਾਰਾਜਾ ਆਪਣੀਆਂ ਬੇਗਮਾਂ ਨਾਲ 'ਸੁੰਦਰਗਜ' ਹਾਥੀ ਉਪਰ ਬੈਠ ਕੇ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਲੰਘਦਾ ਤਾਂ ਬਹੁਤ ਹੀ ਸ਼ਾਨਦਾਰ ਦ੍ਰਿਸ਼ ਬਣਦਾ। ਲਾਹੌਰ ਦਾ ਮਸ਼ਹੂਰ ਮੋਤੀ ਬਾਜ਼ਾਰ, ਜਿਥੇ ਜੌਹਰੀਆਂ ਦੀਆਂ ਵੱਡੀਆਂ ਤੇ ਸੁੰਦਰ ਦੁਕਾਨਾਂ ਸਨ, ਖਾਲਸਾ ਰਾਜ ਦਾ ਸਭ ਤੋਂ ਵੱਡਾ ਫੈਸ਼ਨ ਤੇ ਸੁਹੱਪਣ ਵਾਲਾ ਬਾਜ਼ਾਰ ਸੀ। 'ਸੁੰਦਰਗਜ ਹਾਥੀ' ਦੇ 'ਹਾਉਦੇ' ਉਪਰ ਕੀਮਤੀ ਹੀਰੇ ਜਵਾਹਰਾਤ ਜੜੇ ਹੁੰਦੇ ਸਨ ਤੇ ਲਾਲਟੈਣਾਂ ਦੀ ਰੋਸ਼ਨੀ ਵਿਚ ਇਨ੍ਹਾਂ ਦੀ ਚਮਕ ਹੋਰ ਵੱਧ ਜਾਂਦੀ ਸੀ। ਲਾਹੌਰ ਦੇ ਮੋਤੀ ਬਾਜ਼ਾਰ ਵਿਚ ਹਾਥੀ ਉਪਰ ਮਾਨੋ ਹੀਰਿਆਂ ਦੀ ਦੁਕਾਨ ਤੁਰ ਫਿਰ ਰਹੀ ਹੈ। ਇਸ ਦਾ ਪ੍ਰਭਾਵ ਹੋਰ ਵੀ ਵੱਧ ਜਾਂਦਾ, ਜਦੋਂ ਹਾਥੀ ਸੁੰਦਰਗਜ ਆਪਣੀ ਪਿੱਠ ਉਪਰ ਖਾਸ ਲਾਲਟੈਣਾਂ ਦੀ ਰੋਸ਼ਨੀ ਵਿਚ ਮਹਾਰਾਜੇ ਦੇ ਸ਼ਾਹੀ ਹੈਰਮ ਦੇ ਕੀਮਤੀ ਮੋਤੀ, ਮਹਾਰਾਣੀ ਮੋਰਾਂ ਤੇ ਰਾਣੀ ਗੁੱਲ ਬਹਾਰ ਬੇਗਮ ਨੂੰ ਲਾਹੌਰ ਦੀ ਤਫਰੀ (ਸੈਰ) ਲਈ ਲੈ ਜਾਇਆ ਕਰਦਾ ਸੀ, ਜਿਨ੍ਹਾਂ ਦੇ ਗੋਰੇ ਚਿੱਟੇ ਚਿਹਰੇ ਦੀ ਅਨੋਖੀ ਸੁੰਦਰਤਾ, ਲਾਜਵਾਬ ਰੇਸ਼ਮੀ ਕੱਪੜਿਆਂ ਦੀ ਆਭਾ ਤੇ ਕੀਮਤੀ ਹੀਰੇ ਜਵਾਹਰਾਤ ਜੜੇ ਗਹਿਣੀਆਂ ਦੀ ਚਮਕ ਦਮਕ ਹੋਰ ਵੀ ਵਧ ਜਾਂਦੀ ਸੀ।

ਮਹਾਰਾਜਾ ਰਣਜੀਤ ਸਿੰਘ ਦੁਆਰਾ ਵਪਾਰ, ਸ਼ਿਲਪਕਾਰੀ ਤੇ ਦਸਤਕਾਰੀ ਨੂੰ ਸਰਪ੍ਰਸਤੀ ਦਿਤੇ ਜਾਣ ਨਾਲ ਲਾਹੌਰ ਸ਼ਹਿਰ ਦੀ ਉਨਤੀ ਵੀ ਖੂਬ ਹੋਈ। ਲਾਹੌਰ ਦਰਬਾਰ ਦੇ ਉਸ ਸਮੇ ਚਾਰ ਸ਼ਹਿਰ ਖਾਸ ਪ੍ਰਸਿਧ ਸਨ। ਇਨ੍ਹਾਂ ਸ਼ਹਿਰਾਂ ਵਿਚ ਲਾਹੌਰ, ਅੰਮ੍ਰਿਤਸਰ, ਪਿਸ਼ੌਰ ਤੇ ਮੁਲਤਾਨ ਸਨ। ਖਾਲਸਾ ਸਰਕਾਰ ਸਮੇ ਸ਼ਹਿਰੀ ਸਹੂਲਤਾਂ, ਖਾਸ ਕਰਕੇ ਸਫਾਈ ਦਾ ਪ੍ਰਬੰਧ ਪੁਰਾਣੇ ਸਮੇਂ ਦਾ ਹੀ ਸੀ, ਪਰ ਫਿਰ ਵੀ ਕੋਈ ਵਬਾ ਜਾਂ ਬਿਮਾਰੀ ਨਹੀਂ ਫੈਲੀ। ਹੈਜਾ ਤਾਂ ਬਹੁਤ ਹੀ ਘੱਟ ਹੁੰਦਾ ਸੀ ਤੇ ਪਲੇਗ ਦਾ ਨਾਮੋ ਨਿਸ਼ਾਨ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਲੋਕਾਂ ਅੰਦਰ ਬੀਮਾਰੀ ਦੇ ਮੁਕਾਬਲੇ ਲਈ ਬਲ ਤੇ ਤਾਕਤ ਅੱਜ ਦੇ ਸਮੇਂ ਨਾਲੋਂ ਵੱਧ ਹੁੰਦਾ ਸੀ, ਕਿਉਂਕਿ ਖਾਣ-ਪੀਣ ਦੀਆਂ ਚੀਜ਼ਾਂ ਕੁਦਰਤੀ, ਮਿਲਾਵਟ ਰਹਿਤ ਤੇ ਸੁਥਰੀਆਂ ਹੁੰਦੀਆਂ ਸਨ। ਖਾਲਸਾ ਰਾਜ ਵਿਚ ਦਵਾਖਾਨੇ ਚੋਖੀ ਗਿਣਤੀ ਵਿਚ ਸਨ ਅਤੇ ਲਾਹੌਰ ਸ਼ਹਿਰ ਵਿਚ ਖਾਸ ਕਰਕੇ ਯੂਨਾਨੀ ਦਵਾਈ ਮੁਫਤ ਮਿਲਦੀ ਸੀ। ਇਨ੍ਹਾਂ ਖਾਲਸਾ ਰਾਜ ਦੇ ਸਾਰੇ ਹੀ ਦਵਾਖਾਨਿਆਂ ਦੀ ਦੇਖਭਾਲ ਤੇ ਸਪੁਰਦੀ ਫਕੀਰ ਪਰਿਵਾਰ ਦੇ ਸਪੁਰਦ ਸੀ। ਖਾਲਸਾ ਦਰਬਾਰ ਦੇ ਸਿਹਤ ਮੰਤਰੀ ਫਕੀਰ ਨੂਰਉਦੀਨ ਦੀ ਨਿਗਰਾਨੀ ਹੇਠ ਇਹ ਵਿਭਾਗ ਕੰਮ ਕਰਦਾ ਸੀ, ਜੋ ਬਾਕੀ ਸਹਿਰਾਂ ਲਈ ਨਮੂਨਾ ਬਣਿਆ।

ਲਾਹੌਰ ਸ਼ਹਿਰ ਵਿਚ ਅਮਨ ਸ਼ਾਂਤੀ ਲਈ ਮੁਹੱਲੇਦਾਰੀ ਤੇ ਪੁਲਿਸ ਦਾ ਪ੍ਰਬੰਧ ਕੀਤਾ ਗਿਆ, ਜਿਸ ਲਈ ਇਕ ਕਾਬਲ ਇਨਸਾਨ ਇਮਾਮ ਬਖਸ਼ ਨੂੰ ਸ਼ਹਿਰ ਦਾ ਪਹਿਲਾ ਕੋਤਵਾਲ ਨਿਯਤ ਕੀਤਾ ਗਿਆ। ਲਾਹੌਰ ਦਰਬਾਰ ਦੇ ਆਵਾਜਾਈ ਦੇ ਸਾਧਨ ਬਹੁਤ ਸਾਦੇ ਤੇ ਦੇਸੀ ਸਨ। ਪੈਦਲ, ਊਠ, ਘੋੜਿਆਂ ਤੇ ਬੈਲ ਗੱਡਿਆਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ, ਪਰ ਡਾਕੀਏ ਵੱਡੇ ਸ਼ਹਿਰਾਂ ਦੀ ਡਾਕ ਵਾਸਤੇ ਕਾਫੀ ਸਨ। ਰਸਤੇ ਕੱਚੇ ਤੇ ਸਾਫ ਸੁਥਰੇ ਸਨ ਅਤੇ ਉਨ੍ਹਾਂ ਉਪਰ ਸਫਰ ਕਰਨ ਵਿਚ ਕੋਈ ਖਤਰਾ ਨਹੀਂ ਸੀ, ਕਿਉਂਕਿ ਡਾਕੂ ਬਹੁਤ ਘੱਟ ਹੁੰਦੇ ਸਨ। ਰਾਜ ਅੰਦਰ ਆਵਾਜਾਈ ਵਾਲੇ ਰਾਹ ਤੰਗ, ਕੱਚੇ ਤੇ ਮਿੱਟੀ ਘੱਟੇ ਵਾਲੇ ਹੀ ਹੁੰਦੇ ਸਨ, ਪਰ ਇਹ ਹਾਥੀਆਂ, ਘੋੜਿਆਂ, ਖੱਚਰਾਂ, ਬੈਲ ਗੱਡੀਆਂ, ਰਥਾਂ, ਪਾਲਕੀਆਂ ਆਦਿ ਲਈ ਠੀਕ ਸਨ। ਰਾਜ ਦੀ ਪਰਜਾ ਅੰਦਰ ਸਭ ਨਾਲੋਂ ਵੱਧ ਆਉਣ-ਜਾਣ ਦੇ ਸਾਧਨ ਆਮ ਆਦਮੀ ਦੇ ਪੈਦਲ ਸਨ। ਪਿੰਡਾਂ-ਸ਼ਹਿਰਾਂ ਦੇ ਲੋਕ ਸਵੇਰੇ ਸਵਖਤੇ ਮਿੱਸੀ ਰੋਟੀ ਦੇ ਨਾਲ ਗੰਢਾ ਜਾਂ ਆਚਾਰ ਲੜ ਬੰਨ ਕੇ ਤੁਰ ਪੈਂਦੇ ਤੇ ਦਿਨ ਚੜ੍ਹਦੇ ਨੂੰ ਰਿਸ਼ਤੇਦਾਰੀ ਵਿਚ ਪਹੁੰਚ ਜਾਂਦੇ ਸਨ। ਅਮੀਰ ਘਰਾਣੇ ਜਾਂ ਨਾਮਵਰ ਲੋਕ ਘੋੜੇ ਦੀ ਸਵਾਰੀ ਕਰਦੇ ਸਨ। ਵਿਆਹਾਂ ਸ਼ਾਦੀਆਂ ਵਿਚ ਦੁਲਹਨ ਲਈ ਦੋ ਬੱਲਦਾਂ ਵਾਲੇ ਬਹੁਤ ਸ਼ਾਨਦਾਰ ਰਥ ਦੀ ਅਤੇ ਬਰਾਤੀਆਂ ਲਈ ਲੱਕੜ ਦੇ ਪਹੀਆਂ ਵਾਲੇ ਗੱਡੇ ਵਰਤੇ ਜਾਂਦੇ ਸਨ। ਖਾਲਸਾ ਰਾਜ ਦੇ ਆਵਾਜਾਈ ਦੇ ਪ੍ਰਬੰਧ ਸਾਦੇ ਸਨ, ਪਰ ਰਸਤਿਆਂ ਵਿਚ ਸਭ ਥਾਂਵਾਂ ਉਪਰ ਪਾਣੀ ਪੀਣ ਲਈ ਖੂਹ ਤੇ ਆਰਾਮ ਕਰਨ ਲਈ ਸਰਾਂਵਾਂ ਹੁੰਦੀਆਂ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇਸ ਨੂੰ 40 ਸਾਲ ਅਮਨ ਸ਼ਾਂਤੀ ਦਾ ਰਾਜ ਦਿਤਾ, ਜਿਸ ਵਿਚ ਅਜਿਹੀ ਉਨਤੀ ਤੇ ਖੁਸ਼ਹਾਲੀ ਹੋਈ, ਜੋ ਵਰਤਮਾਨ ਮੋਦੀ ਸਰਕਾਰ, ਮੁਗਲਾਂ ਤੇ ਅਫਗਾਨਾਂ ਦੇ ਲੰਮੇ ਸਮੇਂ ਦੇ ਲੁੱਟ ਖਸੁੱਟ ਵਾਲੇ ਰਾਜਾਂ ਤੋਂ ਲੈ ਕੇ ਵੇਖਣੀ ਨਸੀਬ ਨਹੀਂ ਸੀ ਹੋ ਸਕੀ। ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਸਮੇਂ ਕਿਸੇ ਵੀ ਇਕ ਫੌਜਦਾਰੀ ਜਾਂ ਦਿਵਾਨੀ ਕੇਸ ਦੇ ਮੁਜਰਮ ਨੂੰ ਮੌਤ ਦੀ ਸਜ਼ਾ ਨਹੀਂ ਦਿਤੀ ਗਈ ਅਤੇ ਨਾ ਹੀ ਕਿਸੇ ਮਾੜੇ ਬੰਦੇ, ਬਦਮਾਸ਼, ਡਾਕੂ, ਚੋਰ ਵਿਦਰੋਹੀ ਜਾਂ ਬਾਗੀ ਨੂੰ ਅੰਗਰੇਜ਼ਾਂ ਵਾਂਗ ਫਾਂਸੀ ਉਪਰ ਹੀ ਲਟਕਾਈਆ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਸੰਨ 1849 ਵਿਚ ਮੌਤ ਤੋਂ ਬਾਅਦ ਦਸ ਸਾਲ ਲਾਹੌਰ ਦਰਬਾਰ ਦੀ ਸ਼ਾਹੀ ਗੱਦੀ ਲਈ ਜੋ ਉਥਲ-ਪੁਥਲ ਦੀ ਖੇਡ ਖੇਡੀ ਗਈ, ਉਸ ਵਿਚ ਸੰਸਾਰ ਦੇ ਪਹਿਲੇ ਲਾਸਾਨੀ ਚਮਕ ਦਮਕ ਵਾਲੇ ਸਿੱਖ ਸ਼ਾਸ਼ਨ ਕਾਲ ਦਾ ਬਹੁਤ ਹੀ ਭੈੜਾ ਤੇ ਦਰਦਨਾਕ ਅੰਤ ਹੋ ਗਿਆ। ਭਾਰਤ ਦੇਸ਼ ਵਿਚ ਈਸਟ ਇੰਡੀਆ ਕੰਪਨੀ ਦੇ ਇਕ ਅਹਿਮ ਅੰਗਰੇਜ਼ ਅਫਸਰ 'ਜਨਰਲ ਸਰ ਹੈਨਰੀ ਫੇਨ' ਡਿਊਕ ਆਫ ਵਲਿੰਗਟਨ, ਕਮਾਂਡਰ ਇਨ ਚੀਫ ਆਫ ਇੰਡਿਆ, ਜੋ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ੇਸ਼ ਸੱਦੇ ਪੱਤਰ ਉਪਰ ਮਾਰਚ 1837 ਵਿਚ ਮਹਾਰਾਜੇ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਹੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਵਿਖੇ ਉਚੇਚਾ ਆਇਆ ਸੀ, ਆਪਣੀ ਅੰਗਰੇਜ਼ੀ ਦੀ ਪੁਸਤਕ 'ਫਾਈਵ ਈਅਰਜ਼ ਇਨ ਇੰਡੀਆ' (ਭਾਰਤ ਵਿਚ ਪੰਜ ਸਾਲ) ਵਿਚ ਮਹਾਰਾਜਾ ਸਾਹਿਬ ਦੇ ਰਾਜ ਪ੍ਰਬੰਧ ਬਾਰੇ ਇਸ ਤਰ੍ਹਾਂ ਵਰਣਨ ਕਰਦਾ ਹੈ,

"ਰਣਜੀਤ ਸਿੰਘ ਆਪਣੇ ਦੇਸ ਪੰਜਾਬ ਦੀ ਆਪਣੀ ਪਰਜਾ ਵਿਚ ਇਕ ਦਿਆਵਾਨ ਤੇ ਸੁਖੀ ਹਾਕਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਸ ਬਾਰੇ ਮੇਰਾ ਜਾਤੀ ਪੱਕਾ ਖਿਆਲ ਹੈ ਕਿ ਉਹ ਹਿੰਦੁਸਤਾਨ ਦੇ ਬਿਹਤਰੀਨ ਹੋ ਚੁਕੇ ਬਾਦਸ਼ਾਹਾਂ ਵਿਚ ਸਭ ਤੋਂ ਉਪਰ ਸ਼ੁਮਾਰ ਕੀਤਾ ਜਾ ਸਕਦਾ ਹੈ। ਉਸ ਦੇ ਨੇਕ ਤੇ ਚੰਗੇ ਸੁਭਾਅ ਦਾ ਸਬੂਤ ਇਸ ਗੱਲ ਦਾ ਹੈ ਕਿ ਜਦ ਦਾ ਉਸ ਨੇ ਲਾਹੌਰ, ਪਿਸ਼ੌਰ, ਕਸ਼ਮੀਰ ਤੇ ਮੁਲਤਾਨ ਦੇ ਇਲਾਕੇ ਫਤਿਹ ਕਰਕੇ ਆਪਣਾ ਆਜ਼ਾਦ ਮੁਲਕ ਪੰਜਾਬ ਸਥਾਪਤ ਕੀਤਾ, ਉਸ ਨੇ ਆਪਣੀ ਪਰਜਾ ਵਿਚ ਕਿਸੇ ਇਕ ਆਦਮੀ ਨੂੰ ਵੀ ਸਖਤ ਤੋਂ ਸਖਤ ਅਪਰਾਧ ਲਈ ਵੀ ਫਾਂਸੀ ਨਹੀਂ ਦਿਤੀ। ਸਾਡੇ ਪੂਰੇ ਕਿਆਮ ਦੌਰਾਨ, ਉਨ੍ਹਾਂ ਸਭ ਲੋਕਾਂ ਪ੍ਰਤੀ ਜੋ ਸਾਡੇ ਨਾਲ ਸਨ, ਜੋ ਮਹਾਰਾਜੇ ਦਾ ਵਧੀਆ ਨਿਮਰਤਾ, ਮਹਿਮਾਨ ਨਵਾਜੀ, ਸਾਦਗੀ, ਦਿਆਲਤਾ ਤੇ ਮਿਠਾਸ ਭਰਿਆ ਸੁਭਾਅ ਅਸੀਂ ਵੇਖਿਆ, ਉਸ ਤੋਂ ਪੱਕਾ ਭਰੋਸਾ ਹੋ ਜਾਂਦਾ ਹੈ ਕਿ ਇਹ ਵਾਕੱਈ ਉਸ ਦਾ ਅਸਲੀ ਸੁਭਾਅ ਹੈ। ਹਰ ਹਾਲਤ ਵਿਚ ਇਹ ਪੱਕੀ ਗੱਲ ਹੈ ਕਿ ਉਹ ਆਪਣੇ ਰਾਜ ਵਿਚ ਇਕ ਵੀ ਮੌਤ ਦੀ ਸਜ਼ਾ ਤੋਂ ਬਗੈਰ ਆਪਣੇ ਇੰਨੇ ਡਾਢੇ ਲੋਕਾਂ ਤੇ ਇਸ ਖਿੱਤੇ ਦੇ ਵੱਖੋ ਵੱਖ ਕੱਟੜ ਮਜ਼ਹਬਾਂ ਨੂੰ ਪੂਰਨ ਤੌਰ 'ਤੇ ਅਧੀਨ ਰਖਣ ਵਿਚ ਸਫਲ ਹੋਇਆ ਹੈ।"

ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਸੰਧਾਵਾਲੀਆ ਤੇ ਸੁਕਰਚੱਕੀਆ ਮਿਸਲ ਦੇ ਬਾਨੀ ਦੀ ਪੁਸ਼ਤਾਨੀ ਨਾਨਕ ਸ਼ਾਹੀ ਲਾਲ ਇੱਟਾਂ ਦੀ ਬਣੀ ਸ਼ਾਨਦਾਰ ਹਵੇਲੀ ਹੁਣ ਪਾਕਿਸਤਾਨ ਦੇ ਗੁਜਰਾਂਵਾਲੇ ਸ਼ਹਿਰ ਦੇ ਖਿਆਲੀ ਦਰਵਾਜੇ ਅੰਦਰ, ਬੇਰੀ ਵਾਲਾ ਚੌਕ ਕੋਲ ਮੱਛੀ ਮਾਰਕੀਟ ਵਿਚ ਮੌਜੂਦ ਹੈ। ਗੁਜਰਾਂਵਾਲੇ ਜਿਲੇ ਦੇ ਮੌਜੂਦਾ ਡਿਪਟੀ ਕਮਿਸ਼ਨਰ ਲੈਫਟੀਨੈਂਟ ਜਨਾਬ ਸੁਹੇਲ ਅਸ਼ਰਫ ਗੋਰਾਇਆ ਨੇ ਪਾਕਿਸਤਾਨ ਸਰਕਾਰ ਦੇ ਇਕ ਖਾਸ ਹੁਕਮ 'ਸਿੱਖ ਮੁਕੱਦਸ ਸਥਾਨ' 'ਸਰਕਾਰੀ ਜਾਇਦਾਦ' ਤਹਿਤ ਇਸ ਇਤਿਹਾਸਕ ਇਮਾਰਤ ਦਾ ਸਾਰਾ ਆਲਾ-ਦੁਆਲਾ ਖਾਲੀ ਕਰਵਾ ਲਿਆ ਗਿਆ ਹੈ। ਹਵੇਲੀ ਰਣਜੀਤ ਸਿੰਘ ਦੇ ਆਲੇ ਦੁਆਲੇ ਮੱਛੀ ਮਾਰਕੀਟ ਦੀਆਂ 40 ਦੇ ਕਰੀਬ ਨਾਜਾਇਜ਼ ਕਬਜੇ ਵਾਲੀਆਂ ਦੁਕਾਨਾਂ ਢਾਹ ਢੇਰੀ ਕਰਕੇ ਖੁੱਲ੍ਹਾ ਤੇ ਸਾਫ ਕਰ ਦਿਤਾ ਗਿਆ ਹੈ। ਸ਼ੇਰੇ ਪੰਜਾਬ ਦੇ ਇਕ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਦੇ ਨਾਂ ਉਪਰ ਬਣੇ ਗੁਜਰਾਂਵਾਲਾ ਸਹਿਰ ਦੇ 'ਸ਼ੇਰਾਂ ਵਾਲਾ ਬਾਗ' ਵਿਚੋਂ ਇਕ ਸਿਧਾ ਸੌ ਫੁੱਟ ਦਾ ਵਿਸ਼ੇਸ਼ ਰਸਤਾ 'ਹਵੇਲੀ ਰਣਜੀਤ ਸਿੰਘ' ਨੂੰ ਦੇ ਦਿਤਾ ਗਿਆ ਹੈ ਤਾਂ ਜੋ ਦੇਸ-ਵਿਦੇਸ਼ ਦੀ ਸਿੱਖ ਸੰਗਤ ਆਸਾਨੀ ਨਾਲ ਇਸ ਲਾਸਾਨੀ ਸਿੱਖ ਮਹਾਰਾਜੇ ਦੇ ਪਿਤਾ ਪੁਰਖੀ ਘਰ ਦੇ ਦਰਸ਼ਨ ਕਰ ਸਕਣ।

ਅੰਗਰੇਜ਼ ਅਫਸਰ 'ਸਰ ਅਲੈਗਜ਼ੈਂਡਰ ਬਰਨਜ਼' ਆਪਣੀ ਪੁਸਤਕ 'ਟਰੈਵਲਜ਼ ਇੰਨ ਟੂ ਬੁਖਾਰਾ-1834' ਵਿਚ ਵਰਣਨ ਕਰਦਾ ਹੈ, "ਮੈਂ ਕਦੀ ਵੀ ਹਿੰਦੁਸਤਾਨ ਦੇ ਕਿਸੇ ਪੁਰਸ਼ ਤੋਂ ਤੁਰਨ ਸਮੇਂ ਐਸਾ ਪ੍ਰਭਾਵ ਨਹੀਂ ਪ੍ਰਾਪਤ ਕੀਤਾ, ਜਿੰਨਾ ਕਿ ਇਸ ਆਦਮੀ ਤੋਂ ਵਿਛੜਨ ਵੇਲੇ। ਬਗੈਰ ਵਿਦਿਆ ਦੇ, ਬਗੈਰ ਕਿਸੇ ਸਲਾਹਕਾਰ ਦੇ ਉਹ ਆਪਣੇ ਰਾਜ ਭਾਗ ਦੇ ਸਾਰੇ ਕੰਮ ਢੰਗ ਕਰ ਦੇਣ ਵਾਲੀ ਚੁਸਤੀ ਤੇ ਹੁਸ਼ਿਆਰੀ ਨਾਲ ਕਰਦਾ ਹੈ। ਫਿਰ ਵੀ ਉਹ ਆਪਣੀ ਤਾਕਤ ਦੀ ਵਰਤੋਂ ਇੰਨੀ ਹਮਦਰਦੀ ਨਾਲ ਕਰਦਾ ਹੈ, ਜੋ ਕਿ ਭਾਰਤੀ ਹੁਕਮਰਾਨਾਂ ਵਿਚ ਮੁਸ਼ਕਿਲ ਨਾਲ ਮਿਲਦੀ ਹੈ।"

ਇਕ ਹੋਰ ਅੰਗਰੇਜ਼ ਅਲੈਗਜਾਂਡਰ ਗਾਰਡਨਰ ਆਪਣੀਆਂ ਯਾਦਾਂ ਵਿਚ ਉਚੇਚਾ ਲਿਖਦਾ ਹੈ, "ਮਹਾਰਾਜਾ ਵਾਸਤਵ ਵਿਚ ਉਨ੍ਹਾਂ ਮਹਾਨ ਕਾਬਲ ਆਦਮੀਆਂ ਵਿਚੋਂ ਸੀ, ਜਿਨ੍ਹਾਂ ਨੂੰ ਸੰਸਾਰ ਦੀ ਰੂਪ ਰੇਖਾ ਬਦਲਣ ਲਈ ਸਿਰਫ ਮੌਕਾ ਚਾਹੀਦਾ ਹੁੰਦਾ ਹੈ। ਮਹਾਰਾਜਾ ਦਾ ਲਾਹੌਰ ਰਾਜ ਦਰਬਾਰ ਪੂਰਬੀ ਠਾਠ ਤੇ ਸ਼ਾਨੋ-ਸ਼ੌਕਤ ਨਾਲ ਚਮਕਦਾ ਸੀ, ਪਰ ਉਹ ਆਪਣੇ ਵਧੀਆ ਤੇ ਸ਼ਾਹੀ ਪਹਿਰਾਵੇ ਵਾਲੇ ਸਰਦਾਰਾਂ ਵਿਚ ਇੰਨਾ ਸਾਦਾ ਪਹਿਰਾਵਾ ਰਖਦਾ ਕਿ ਉਹ ਖਾਸਾਂ ਵਿਚੋਂ ਖਾਸ ਲਗਦਾ ਸੀ।

'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਦੇ 40 ਸਾਲ ਦੇ 'ਲਾਹੌਰ ਖਾਲਸਾ ਦਰਬਾਰ' ਨੂੰ ਬੀ. ਬੀ. ਸੀ. ਲੰਦਨ ਦੇ ਵਿਸ਼ੇਸ਼ ਖੋਜੀ ਇਤਿਹਾਸਕਾਰਾਂ ਦੀ ਇਕ ਟੀਮ ਨੇ ਪਿਛਲੇ 500 ਸਾਲਾਂ ਵਿਚ ਸੰਸਾਰ ਭਰ ਅੰਦਰ ਵੱਖੋ ਵੱਖ ਮੁਲਕਾਂ ਉਪਰ ਰਾਜ ਕਰਨ ਵਾਲੇ ਹੁਕਮਰਾਨਾਂ ਵਿਚੋਂ ਪਹਿਲੇ 10 ਸਥਾਨਾਂ ਵਿਚ 5ਵੇਂ ਸਥਾਨ ਦਾ ਸਫਲ, ਨਿਪੁੰਨ ਤੇ ਪਰਜਾਪਾਲਕ 'ਰਾਜ ਪ੍ਰਬੰਧਕ' ਸ਼ਾਸ਼ਕ ਐਲਾਨ ਕੇ ਸਿੱਖ ਕੌਮ ਦਾ ਮਾਣ ਦੁਨੀਆਂ ਵਿਚ ਹੋਰ ਵਧਾਇਆ ਹੈ।

**(ਸਮਾਪਤ)**

ਪੰਜਾਬੀ ਖੇਡ ਸਾਹਿਤ

38



ਪ੍ਰਿੰ. ਸਰਵਣ ਸਿੰਘ
ਫੋਨ: 647-785-1661

# ਜਗਰੂਪ ਜਰਖੜ ਤੇ ਜਰਖੜ ਖੇਡਾਂ

ਜਗਰੂਪ ਜਰਖੜ ਤੇ ਜਰਖੜ ਖੇਡਾਂ ਇਕੋ ਸਿੱਕੇ ਦੇ ਦੋ ਪਾਸੇ ਹਨ। ਜਰਖੜ ਖੇਡਾਂ ਹੁਣ ਨਿਰੀਆਂ ਪੇਂਡੂ ਖੇਡਾਂ ਨਹੀਂ ਰਹੀਆਂ, ਸਗੋਂ ਖੇਡ ਸੰਸਥਾ ਬਣ ਗਈਆਂ ਹਨ। ਇਨ੍ਹਾਂ ਦੀ ਮਸ਼ਹੂਰੀ ਕਿਲਾ ਰਾਏਪੁਰ ਦੀਆਂ ਖੇਡਾਂ ਵਾਂਗ ਵਿਦੇਸ਼ਾਂ ਤਕ ਪਹੁੰਚ ਚੁਕੀ ਹੈ। ਇਹਦੇ ਪਿੱਛੇ ਖੇਡ ਪੱਤਰਕਾਰ ਜਗਰੂਪ ਸਿੰਘ ਜਰਖੜ ਦਾ ਅਹਿਮ ਰੋਲ ਹੈ। ਉਹ ਜਰਖੜ ਦੀਆਂ ਖੇਡਾਂ ਦਾ ਥੰਮ੍ਹ ਹੈ। ਪਿੰਡ ਜਰਖੜ ਕੋਈ ਬਹੁਤਾ ਵੱਡਾ ਪਿੰਡ ਨਹੀਂ। 2019 ਵਿਚ ਇਸ ਦੇ 240 ਘਰਾਂ ਦੀ ਜਨਸੰਖਿਆ 1240 ਸੀ। ਪਿੰਡ ਦਾ ਰਕਬਾ ਕੇਵਲ 193 ਹੈਕਟੇਅਰ ਹੈ, ਜੋ ਪੰਜ ਸੌ ਏਕੜ ਤੋਂ ਵੀ ਘੱਟ ਬਣਦਾ ਹੈ। ਉਥੋਂ ਲੁਧਿਆਣੇ ਵੱਲ ਪਾਣੀ ਦੀਆਂ ਟੈਂਕੀਆਂ ਤੇ ਭੱਠਿਆਂ ਦੀਆਂ ਚਿਮਨੀਆਂ ਵਿਖਾਈ ਦਿੰਦੀਆਂ ਹਨ, ਜਿਨ੍ਹਾਂ ਵਿਚ ਘੱਟਾ ਘਰ ਨਹੀਂ ਦਿਸਦਾ। ਜਿਵੇਂ ਕਿਲਾ ਰਾਏਪੁਰ ਦੀ ਮਸ਼ਹੂਰੀ ਉਥੋਂ ਦੀਆਂ ਖੇਡਾਂ ਕਰਕੇ ਹੋਈ, ਉਵੇਂ ਜਰਖੜ ਦੀ ਮਸ਼ਹੂਰੀ ਜਰਖੜ ਖੇਡਾਂ ਕਰਕੇ ਹੈ। ਉਥੇ ਹਰ ਸਾਲ ਹੁੰਦੀਆਂ ਖੇਡਾਂ ਨਾਲ ਕਰੋੜਾਂ ਰੁਪਿਆਂ ਦੇ ਬਹੁਮੰਤਵੀ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਦੀ ਉਸਾਰੀ ਵੀ ਹੋਈ ਹੈ। ਜਰਖੜ ਦੀ ਹਾਕੀ ਅਕੈਡਮੀ ਨੇ ਆਪਣੀਆਂ ਖੇਡ ਪ੍ਰਾਪਤੀਆਂ ਸਦਕਾ ਦੇਸ਼-ਵਿਦੇਸ਼ ਵਿਚ ਚੋਖਾ ਨਾਮਣਾ ਖੱਟਿਆ ਹੈ।







ਜਰਖੜ ਦੀ ਖੇਡ ਖੇਤਰ ਵਿਚ ਬਣੀ ਭੱਲ ਦਾ ਮੁੱਖ ਸਿਹਰਾ ਜਗਰੂਪ ਸਿੰਘ ਜਰਖੜ ਦੇ ਸਿਰ ਹੈ, ਜਿਸ ਨੇ ਤਨ ਮਨ ਧਨ ਜਰਖੜ ਖੇਡਾਂ, ਜਰਖੜ ਸਟੇਡੀਅਮ ਅਤੇ ਜਰਖੜ ਹਾਕੀ ਅਕੈਡਮੀ ਦੇ ਲੇਖੇ ਲਾਇਆ ਹੈ। ਜਗਰੂਪ ਨੇ ਖੇਡ ਖੇਤਰ ਵਿਚ ਆਪਣੇ ਪਿੰਡ ਲਈ ਜੋ ਕੀਤਾ, ਉਹ ਹੋਰਨਾਂ ਪਿੰਡਾਂ ਦੇ ਖੇਡ ਪ੍ਰੋਮੋਟਰਾਂ ਲਈ ਮਿਸਾਲ ਹੈ। ਉਹ ਖੁਦ ਖਿਡਾਰੀ ਰਿਹਾ ਅਤੇ ਸੁਚੱਜਾ ਖੇਡ ਪ੍ਰਬੰਧਕ ਤੇ ਸੁਹਿਰਦ ਖੇਡ ਪ੍ਰੋਮੋਟਰ ਹੋਣ ਦੇ ਨਾਲ ਪੱਚੀ ਸਾਲਾਂ ਤੋਂ ਸੁਚਾਰੂ ਖੇਡ ਪੱਤਰਕਾਰੀ ਕਰਦਾ ਆ ਰਿਹੈ। ਜਿੱਡਾ ਉਹਦਾ ਕੱਦ ਹੈ, ਓਡੀਆਂ ਹੀ ਕੱਦਾਵਰ ਉਹਦੀਆਂ ਖੇਡ ਲਿਖਤਾਂ ਹਨ। 1918 ਤੋਂ ਉਸ ਨੇ ਸਪਤਾਹਿਕ ਆਨਲਾਈਨ ਮੈਗਜ਼ੀਨ 'ਖੇਡ ਮੈਦਾਨ ਬੋਲਦਾ ਹੈ' ਸ਼ੁਰੂ ਕੀਤਾ ਹੈ। ਖੇਡਾਂ ਦੀ ਦੁਨੀਆਂ ਵਿਚ ਇਸ ਮੈਗਜ਼ੀਨ ਅਤੇ ਚੈਨਲ ਨੇ ਕਾਫੀ ਮਕਬੂਲੀਅਤ ਖੱਟੀ ਹੈ। ਇਸ ਤੋਂ ਇਲਾਵਾ ਉਸ ਦੀਆਂ ਦੋ ਕਿਤਾਬਾਂ 'ਮੇਰਾ ਖੇਡ ਸਫਰਨਾਮਾ' ਅਤੇ 'ਮੇਰਾ ਪਿੰਡ ਜਰਖੜ' ਤਿਆਰੀ ਅਧੀਨ ਹਨ।

ਉਸ ਨੇ ਮੇਰੀਆਂ ਖੇਡ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ 1990ਵਿਆਂ 'ਚ ਲਿਖਣਾ ਸ਼ੁਰੂ ਕੀਤਾ ਸੀ। ਉਹ ਕਈ ਸਾਲ 'ਰੋਜ਼ਾਨਾ ਅਜੀਤ' ਨੂੰ ਖੇਡ ਖ਼ਬਰਾਂ ਭੇਜਦਾ ਰਿਹਾ। ਪੰਜਾਬੀ ਦਾ ਉਹ ਪਹਿਲਾ ਖੇਡ ਪੱਤਰਕਾਰ ਹੈ, ਜਿਸ ਨੇ ਪੇਂਡੂ ਖੇਡ ਮੇਲਿਆਂ ਦੀ ਨਾਲੋ-ਨਾਲ ਕਵਰੇਜ ਕੀਤੀ। ਉਸ ਨੇ ਖੇਡ ਪੱਤਰਕਾਰੀ ਦਾ ਸਫਰ ਕਰਦਿਆਂ ਕੌਮਾਂਤਰੀ ਪੱਧਰ 'ਤੇ ਸਿਡਨੀ ਓਲੰਪਿਕ 2000, ਕੁਆਲਾਲੰਪੁਰ ਵਿਸ਼ਵ ਕੱਪ ਹਾਕੀ 2002, ਰੈਬੋਬੈਂਕ ਹਾਕੀ ਟੂਰਨਾਮੈਂਟ ਹਾਲੈਂਡ 2002, ਕੋਲਿਨ ਚੈਂਪੀਅਨਜ਼ ਟਰਾਫੀ ਜਰਮਨੀ 2002, ਐਮਸਟਰਡਮ ਚੈਂਪੀਅਨਜ਼ ਟਰਾਫੀ ਹਾਲੈਂਡ 2003, ਵਿਸ਼ਵ ਕਬੱਡੀ ਕੱਪ ਟੋਰਾਂਟੋ 2003, ਮੋਨਚਿਨਗਲੈਡਬੈਕ ਵਿਸ਼ਵ ਕੱਪ ਹਾਕੀ ਜਰਮਨੀ 2006, ਕੈਲ ਹਾਕੀ ਕੱਪ ਲਾਸਏਂਜਲਸ ਅਮਰੀਕਾ 2007, ਮਹਿਲਾ ਵਿਸ਼ਵ ਕੱਪ ਹਾਕੀ ਬੋਸਟਨ ਅਮਰੀਕਾ 2009, ਵਿਸ਼ਵ ਕੱਪ ਹਾਕੀ ਨਵੀਂ ਦਿੱਲੀ 2010, ਰਾਸ਼ਟਰਮੰਡਲ ਖੇਡਾਂ 2010 ਤੋਂ ਇਲਾਵਾ ਸਕੂਲ ਏਸ਼ੀਅਨ ਗੇਮਜ਼ ਅਤੇ ਕਈ ਹੋਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਟੂਰਨਾਮੈਂਟਾਂ ਦੀ ਮੀਡੀਆ ਕਵਰੇਜ ਕੀਤੀ। ਗੱਲ ਕੀ ਖੇਡ ਪੱਤਰਕਾਰੀ ਦੇ ਸਿਰ 'ਤੇ ਅੱਧੋਂ ਵੱਧ ਦੁਨੀਆਂ ਗਾਹ ਮਾਰੀ। ਦੇਸ਼-ਵਿਦੇਸ਼ ਦੇ ਬਹੁਤ ਸਾਰੇ ਖੇਡ ਕਲੱਬਾਂ ਨੇ ਉਸ ਨੂੰ ਖੇਡ ਪੱਤਰਕਾਰ ਵਜੋਂ ਸਨਮਾਨਿਤ ਕੀਤਾ।

ਜਗਰੂਪ ਸਿੰਘ ਦਾ ਜਨਮ ਪਹਿਲੀ ਜਨਵਰੀ 1964 ਨੂੰ ਪਿਤਾ ਹਰਨੇਕ ਸਿੰਘ ਦੇ ਘਰ ਮਾਤਾ ਨਛੱਤਰ ਕੌਰ ਦੀ ਕੁੱਖੋਂ ਹੋਇਆ। 1995 ਵਿਚ ਗ੍ਰਹਿਸਤੀ ਜੀਵਨ ਪਰਮਜੀਤ ਕੌਰ ਨਾਲ ਸ਼ੁਰੂ ਕੀਤਾ। ਦੋ ਬੱਚੇ-ਬੇਟੀ ਪਰਨੀਤ ਕੌਰ ਤੇ ਬੇਟਾ ਗੁਰਲਾਲ ਪ੍ਰੀਤ ਹਨ, ਜੋ ਪੰਜਾਬ 'ਚੋਂ ਪੜ੍ਹ ਕੇ ਅਮਰੀਕਾ ਪਹੁੰਚੇ। ਅੱਜ ਕੱਲ੍ਹ ਦੋਵੇਂ ਕੈਲੀਫੋਰਨੀਆ, ਅਮਰੀਕਾ ਵਿਚ ਪੜ੍ਹਦੇ ਹਨ। ਜਗਰੂਪ ਨੇ ਖੁਦ ਘਰ ਦੀ ਗਰੀਬੀ ਦੇ ਮਾਹੌਲ ਵਿਚ ਬਚਪਨ ਦਾ ਵਕਤ ਗੁਜ਼ਾਰਿਆ ਸੀ। ਉਦੋਂ ਆਲਮ ਇਹ ਸੀ ਕਿ ਈਸ਼ਰ ਦਾਸ ਮਾਰਕਾ ਹਾਕੀ, ਜੋ ਪੰਜ ਰੁਪਏ ਦੀ ਆਉਂਦੀ ਸੀ, ਘਰ ਦੀ ਗਰੀਬੀ ਕਾਰਨ ਖਰੀਦੀ ਨਹੀਂ ਸੀ ਗਈ। ਪਰ ਹੁਣ ਪੰਜ ਹਜ਼ਾਰ ਰੁਪਏ ਕੀਮਤ ਵਾਲੀਆਂ ਸੌ-ਸੌ ਹਾਕੀਆਂ ਬੱਚਿਆਂ ਨੂੰ ਵੰਡ ਰਿਹੈ, ਜਿਸ ਨੂੰ ਉਹ ਉਪਰਲੇ ਦੀ ਕ੍ਰਿਪਾ ਕਹਿੰਦਾ ਹੈ। ਹਾਕੀ ਦੀ ਚੇਟਕ ਉਸ ਨੂੰ ਵਿਸ਼ਵ ਕੱਪ 1973 ਤੇ ਵਿਸ਼ਵ ਕੱਪ 1975 ਦੇ ਫਾਈਨਲ ਮੁਕਾਬਲਿਆਂ ਦੀ ਕੁਮੈਂਟਰੀ ਤੋਂ ਲੱਗੀ ਸੀ।

ਮੁਢਲੀ ਪੜ੍ਹਾਈ ਜਰਖੜ, ਮੈਟ੍ਰਿਕ ਆਲਮਗੀਰ ਤੇ ਹਾਇਰ ਸੈਕੰਡਰੀ ਵਿਸ਼ਵਕਰਮਾ ਸਕੂਲ ਲੁਧਿਆਣੇ ਤੋਂ ਕਰ ਕੇ ਖਾਲਸਾ ਕਾਲਜ ਲੁਧਿਆਣਾ ਤੋਂ ਬਾਰ੍ਹਵੀਂ ਤੇ ਤੇਰ੍ਹਵੀਂ ਅਤੇ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹੇ ਤੋਂ ਬੀਏ ਦੀ ਡਿਗਰੀ ਹਾਸਲ ਕੀਤੀ। ਫਿਰ ਸਰਕਾਰੀ ਕਾਲਜ ਮਲੇਰਕੋਟਲਾ ਤੋਂ ਇਕਨੌਮਿਕਸ ਦੀ ਐਮ. ਏ. ਕਰਨ ਲੱਗਾ, ਜੋ ਪੂਰੀ ਨਾ ਹੋ ਸਕੀ। ਸਕੂਲ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਕਬੱਡੀ ਨੈਸ਼ਨਲ ਸਟਾਈਲ ਖੇਡਣ ਪਿੱਛੋਂ ਪਿੰਡ ਤੇ ਕਲੱਬ ਪੱਧਰ ਦੀ ਹਾਕੀ ਖੇਡੀ। ਫਿਰ ਹਾਕੀ ਤੇ ਪੜ੍ਹਾਈ ਦੇ ਸਿਰ 'ਤੇ ਪੰਜਾਬ ਬਿਜਲੀ ਬੋਰਡ ਵਿਚ ਨੌਕਰੀ ਕਰਦਿਆਂ ਪਰਿਵਾਰ ਪਾਲਿਆ। ਲੋਕ ਸੰਪਰਕ ਅਫਸਰ ਦੀ ਨੌਕਰੀ ਪੂਰੀ ਹੋਣ ਤੋਂ 5 ਸਾਲ ਪਹਿਲਾਂ ਹੀ ਛੱਡਣੀ ਪਈ। ਕਾਰਨ ਸੀ ਰਾਜਨੀਤੀ ਵਿਚ ਆਉਣ ਦਾ। 2016 ਵਿਚ ਆਮ ਆਦਮੀ ਪਾਰਟੀ ਦੀ ਟਿਕਟ ਮਿਲਣ ਲੱਗੀ ਸੀ, ਜੋ ਮਿਲ ਨਾ ਸਕੀ। ਰਾਜਨੀਤੀ ਵਿਚ ਇੰਜ ਵੀ ਹੁੰਦੈ!

### ਜਰਖੜ ਖੇਡਾਂ ਦਾ ਅਰੰਭ

ਜਰਖੜ ਖੇਡਾਂ 1986 ਤੋਂ ਸ਼ੁਰੂ ਹੋਈਆਂ। ਖੇਡਾਂ ਦੇ 35 ਸਾਲਾ ਸਫਰ ਦੌਰਾਨ ਜਗਰੂਪ ਸਿੰਘ ਜਰਖੜ ਦੀ ਭੂਮਿਕਾ ਮੋਹਰੀਆਂ ਵਾਲੀ ਰਹੀ। ਇਨ੍ਹਾਂ ਖੇਡਾਂ ਦੀ ਸ਼ੁਰੂਆਤ ਹੇਠਲੇ ਪੱਧਰ ਤੋਂ ਸ਼ੁਰੂ ਹੋਈ ਸੀ, ਜਦੋਂ ਦੋ ਟੋਭਿਆਂ ਨੂੰ ਪੂਰ ਕੇ ਖੇਡ ਮੈਦਾਨਾਂ ਦਾ ਨਿਰਮਾਣ ਕੀਤਾ ਗਿਆ। ਪਹਿਲੀਆਂ ਖੇਡਾਂ ਦਾ ਬਜਟ 1200 ਰੁਪਏ ਸੀ। ਉਨ੍ਹਾਂ ਖੇਡਾਂ ਵਿਚ ਸਾਬਕਾ ਸਰਪੰਚ ਮੇਜਰ ਸਿੰਘ ਦਾ ਬੜਾ ਵੱਡਾ ਸਹਿਯੋਗ ਸੀ। ਉਸ ਤੋਂ ਬਾਅਦ ਗੁਰਦੁਆਰਾ ਮਾਤਾ ਸਾਹਿਬ ਕੌਰ ਮੰਜੀ ਸਾਹਿਬ ਜਰਖੜ ਦੀ ਮੁੱਖ ਸੇਵਾਦਾਰ ਬੀਬੀ ਸੁਰਜੀਤ ਕੌਰ ਨੇ 1999 ਤੱਕ ਖੇਡਾਂ ਜਾਰੀ ਰੱਖਣ ਵਿਚ ਵੱਡੀ ਭੂਮਿਕਾ ਨਿਭਾਈ। ਰਾਜਦੀਪ ਸਿੰਘ ਗਿੱਲ ਸਾਬਕਾ ਡੀ. ਜੀ. ਪੀ. ਅਤੇ ਨਰਿੰਦਰਪਾਲ ਸਿੰਘ ਸਿੱਧੂ ਰੂਬੀ ਨੇ ਵੀ ਜਰਖੜ ਖੇਡਾਂ ਦੀ ਚੜ੍ਹਾਈ ਵਿਚ ਲੰਬਾ ਸਾਥ ਨਿਭਾਇਆ ਤੇ ਨਿਭਾ ਰਹੇ ਹਨ। ਖੇਡਾਂ ਸ਼ੁਰੂ ਹੋਣ ਤੋਂ ਲੈ ਕੇ ਵੱਖ-ਵੱਖ ਸਮੇਂ ਕਈ ਔਕੜਾਂ ਵੀ ਆਈਆਂ। ਕਦੇ ਖੇਡ ਮੈਦਾਨਾਂ ਵਿਚ ਕੰਧਾਂ ਕੱਢਣ ਦੀ ਨੌਬਤ, ਕਦੇ ਖਾੜਕੂਆਂ ਦੀਆਂ ਧਮਕੀਆਂ, ਕਦੇ ਖੇਡਾਂ ਬੰਦ ਕਰਨ ਦੀ ਧਮਕੀ, ਕਦੇ ਜ਼ਿੰਦਗੀ ਨੂੰ ਖਤਰਾ, ਕਦੇ ਨੌਕਰੀ ਨੂੰ ਖਤਰਾ, ਕਦੇ ਪੱਤਰਕਾਰੀ 'ਤੇ ਹਮਲਾ, ਕਦੇ ਰਾਜਸੀ ਆਗੂਆਂ ਦੀ ਦਖਲਅੰਦਾਜ਼ੀ, ਕਦੇ ਝੂਠੇ ਪਰਚੇ, ਕਦੇ ਜਰਖੜ ਹਾਕੀ ਅਕੈਡਮੀ ਦੇ ਖੇਡ ਵਿੰਗ ਬੰਦ ਕਰਨ ਦੀਆਂ ਚਾਲਾਂ, ਕਦੇ ਕਿਸੇ ਨੇ ਬੱਚਿਆਂ ਦੇ ਹੋਸਟਲ ਦਾ ਪਾਣੀ ਬੰਦ ਕੀਤਾ ਪਰ ਦਾਤੇ ਨੇ ਮਿਹਰ ਰੱਖੀ। ਅੱਜ ਦੀ ਘੜੀ ਜਰਖੜ ਖੇਡਾਂ ਦਾ ਬਜਟ ਬਾਰਾਂ ਸੌ ਰੁਪਏ ਤੋਂ 25 ਲੱਖ ਦਾ ਹੋ ਗਿਆ ਹੈ।

ਜਰਖੜ ਹਾਕੀ ਅਕੈਡਮੀ ਉੱਤੇ ਹਰ ਸਾਲ ਪੰਦਰਾਂ ਤੋਂ ਵੀਹ ਲੱਖ ਰੁਪਏ ਖਰਚਾ ਆਉਂਦਾ ਹੈ। ਜਰਖੜ ਵਿਖੇ ਖੇਡਾਂ ਦਾ ਜੱਗ ਉਸੇ ਤਰ੍ਹਾਂ ਚੱਲਦਾ ਹੈ, ਜਦ ਕਿ ਵਿਰੋਧ ਕਰਨ ਵਾਲਿਆਂ ਦੀਆਂ ਚਾਲਾਂ ਹੀ ਪੱਲੇ ਰਹਿ ਗਈਆਂ ਹਨ। ਜਰਖੜ ਹਾਕੀ ਅਕੈਡਮੀ ਦੇ 200 ਸੌ ਦੇ ਕਰੀਬ ਬੱਚੇ ਸਕੂਲਜ਼ ਨੈਸ਼ਨਲ ਅਤੇ ਆਲ ਇੰਡੀਆ ਇੰਟਰਵਰਸਿਟੀ ਪੱਧਰ 'ਤੇ ਖੇਡੇ, ਜਿਨ੍ਹਾਂ 'ਚੋਂ 33 ਬੱਚਿਆਂ ਨੂੰ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਮਿਲ ਗਈਆਂ ਹਨ। ਕਈ ਖਿਡਾਰੀ ਵਿਦੇਸ਼ਾਂ ਵਿਚ ਸੈਟਲ ਹੋਏ। ਜਰਖੜ ਖੇਡ ਸਟੇਡੀਅਮ, ਜੋ 15 ਸਾਲ ਪਹਿਲਾਂ ਸਿਰਫ ਖੇਡ ਮੈਦਾਨਾਂ ਤੱਕ ਸੀਮਤ ਸੀ, ਅੱਜ ਆਲੀਸ਼ਾਨ ਖੇਡ ਕੰਪਲੈਕਸ ਬਣ ਗਿਆ ਹੈ। ਇਸ ਉਪਰ 6 ਕਰੋੜ ਦੇ ਕਰੀਬ ਖਰਚਾ ਆ ਚੁੱਕੈ। ਸਰਕਾਰੀ ਸਹਾਇਤਾ ਤੋਂ ਇਲਾਵਾ 90 ਪ੍ਰਤੀਸ਼ਤ ਉਸਾਰੀ ਦਾ ਪੈਸਾ ਦੋਸਤਾਂ ਮਿੱਤਰਾਂ ਦੀਆਂ ਜੇਬਾਂ ਵਿਚੋਂ ਲੱਗਿਆ ਹੈ।

ਜਰਖੜ ਖੇਡ ਸਟੇਡੀਅਮ ਦੀ ਪਛਾਣ ਪੰਜਾਬ ਵਿਚ ਹੀ ਨਹੀਂ, ਸਗੋਂ ਨੌਰਥ ਇੰਡੀਆ ਦੇ ਆਲੀਸ਼ਾਨ ਸਟੇਡੀਅਮਾਂ ਵਿਚੋਂ ਇੱਕ ਹੋਣ ਦੀ ਹੈ। ਇਸ ਸਟੇਡੀਅਮ ਕੰਪਲੈਕਸ ਵਿਚ ਇਕੋ ਸਮੇਂ 8 ਖੇਡਾਂ ਹੋ ਸਕਦੀਆਂ ਹਨ, ਜੋ ਜਰਖੜ ਖੇਡਾਂ ਵੇਲੇ ਹੁੰਦੀਆਂ ਵੀ ਹਨ। ਕੰਪਲੈਕਸ ਵਿਚ ਹਾਕੀ ਦਾ ਘਾਹ ਵਾਲਾ ਮੈਦਾਨ, ਵਾਲੀਬਾਲ, ਬਾਸਕਟਬਾਲ, ਹੈਂਡਬਾਲ, ਕਬੱਡੀ, ਕੁਸ਼ਤੀਆਂ ਆਦਿ ਦੇ ਵੱਖਰੇ ਵੱਖਰੇ ਖੇਡ ਮੈਦਾਨ ਬਣੇ ਹੋਏ ਹਨ। ਇਸ ਤੋਂ ਇਲਾਵਾ ਜਰਖੜ ਸਟੇਡੀਅਮ ਵਿਚ ਲੰਡਨ ਓਲੰਪਿਕ ਖੇਡਾਂ-2012 ਦੀ ਤਰਜ਼ ਤੇ 2014 ਵਿਚ ਨੀਲੇ ਰੰਗ ਦੀ ਐਸਟੋਟਰਫ ਲਾਈ ਗਈ ਹੈ। ਫਲੱਡ ਲਾਈਟਸ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਆਧੁਨਿਕ ਸਹੂਲਤਾਂ ਵਾਲਾ ਹੋਸਟਲ ਹੈ, ਜਿਸ ਵਿਚ 32 ਰੂਮ ਹਨ। ਜਿੰਮ ਤੋਂ ਇਲਾਵਾ ਹਾਕੀ ਅਕੈਡਮੀ ਦਾ ਦਫਤਰ, ਖਿਡਾਰੀਆਂ ਦੀ ਫੋਟੋ ਗੈਲਰੀ, ਡਰਾਇੰਗ ਰੂਮ, ਦੋ ਗੈਸਟ ਰੂਮ, ਏ. ਸੀ. ਹਾਲ, ਟੀ. ਵੀ. ਰੂਮ ਆਦਿ ਸਾਰੀਆਂ ਸਹੂਲਤਾਂ ਹਨ। ਸਟੇਡੀਅਮ ਤੇ ਹਾਕੀ ਅਕੈਡਮੀ ਦੀਆਂ ਪ੍ਰਾਪਤੀਆਂ ਦੇਖਦਿਆਂ ਹਾਕੀ ਇੰਡੀਆ ਨੇ 2014 ਵਿਚ ਜਰਖੜ ਹਾਕੀ ਅਕੈਡਮੀ ਨੂੰ ਮਾਨਤਾ ਦਿੱਤੀ ਹੈ। ਇਹ ਕੁਝ ਕਰਨ ਪਿੱਛੇ ਜਗਰੂਪ ਜਰਖੜ ਦਾ ਮੁੱਖ ਰੋਲ ਹੈ, ਜਿਸ ਨੇ ਬੜੀਆਂ ਔਕੜਾਂ ਦਾ ਸਾਹਮਣਾ ਕਰ ਕੇ ਸਟੇਡੀਅਮ ਦੀ ਉਸਾਰੀ ਸਿਰੇ ਲਾਈ ਹੈ।

### ਖੇਡ ਸਿਤਾਰਿਆਂ ਦੇ ਬੁੱਤ

ਜਰਖੜ ਖੇਡ ਸਟੇਡੀਅਮ ਪੰਜਾਬ ਦਾ ਹੀ ਨਹੀਂ, ਭਾਰਤ ਦਾ ਪਹਿਲਾ ਸਟੇਡੀਅਮ ਹੈ, ਜਿਥੇ ਕਿਸੇ ਮਹਾਨ ਖਿਡਾਰੀ ਦਾ ਜਿਉਂਦੇ ਜੀਅ ਬੁੱਤ ਲੱਗਾ ਹੈ। ਉਹ ਹੈ, ਉੱਡਣਾ ਸਿੱਖ ਮਿਲਖਾ ਸਿੰਘ। ਉਸ ਦੇ ਨਾਲ ਹੀ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਆਦਮਕੱਦ ਬੁੱਤ ਲੱਗਾ ਹੈ। ਇਨ੍ਹਾਂ ਦੋਹਾਂ ਬੁੱਤਾਂ ਦਾ ਨਿਰਮਾਣ 2014 ਵਿਚ ਕੀਤਾ ਗਿਆ। ਮਿਲਖਾ ਸਿੰਘ ਖੁਦ ਆਪਣੇ 14 ਫੁੱਟੇ ਬੁੱਤ ਦਾ ਉਦਘਾਟਨ ਕਰਨ ਲਈ ਜਰਖੜ ਆਏ। ਧਿਆਨ ਚੰਦ ਦੇ ਬੇਟੇ ਓਲੰਪੀਅਨ ਅਸ਼ੋਕ ਕੁਮਾਰ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਨੇ ਜਰਖੜ ਆ ਕੇ ਧਿਆਨ ਚੰਦ ਦੇ ਬੁੱਤ ਨੂੰ ਸਿਜਦਾ ਕੀਤਾ। ਇਨ੍ਹਾਂ ਤੋਂ ਇਲਾਵਾ ਸਟੇਡੀਅਮ ਵਿਖੇ ਪੈਨਲਟੀ ਕਾਰਨਰ ਦੇ ਕਿੰਗ ਓਲੰਪੀਅਨ ਪ੍ਰਿਥੀਪਾਲ ਸਿੰਘ, ਓਲੰਪੀਅਨ ਸੁਰਜੀਤ ਸਿੰਘ ਰੰਧਾਵਾ, ਚਾਰ ਵਾਰ ਓਲੰਪਿਕ ਖੇਡਣ ਵਾਲੇ ਓਲੰਪੀਅਨ ਊਧਮ ਸਿੰਘ ਅਤੇ ਖੇਡ ਪ੍ਰੋਮੋਟਰ ਅਮਰਜੀਤ ਸਿੰਘ ਗਰੇਵਾਲ ਦੇ ਆਦਮਕੱਦ ਬੁੱਤ ਵੀ ਸਥਾਪਤ ਕੀਤੇ ਹਨ। ਗੋਲਡਨ ਹੈਟ ਟ੍ਰਿਕ ਵਾਲੇ ਆਈਕੋਨਿਕ ਓਲੰਪੀਅਨ ਬਲਬੀਰ ਸਿੰਘ ਦਾ ਵਿਸ਼ੇਸ਼ ਬੁੱਤ ਵੀ ਤਿਆਰੀ ਅਧੀਨ ਹੈ, ਜਿਸ ਦੀ ਜੀਵਨੀ ਦਾ ਨਾਂ ਹੀ 'ਗੋਲਡਨ ਗੋਲ' ਹੈ।

### ਜਰਖੜ ਖੇਡਾਂ ਦੇ ਮਾਨ ਸਨਮਾਨ

ਜਰਖੜ ਖੇਡਾਂ ਦੇ ਸਮਾਪਤੀ ਸਮਾਰੋਹ ਸਮੇਂ ਹਰ ਸਾਲ ਉੱਘੀਆਂ ਸ਼ਖ਼ਸੀਅਤਾਂ ਸਨਮਾਨਿਤ ਕਰਨ ਦੀ ਰਵਾਇਤ ਜਾਰੀ ਹੈ। ਉਨ੍ਹਾਂ ਵਿਚ ਇਕ ਖਿਡਾਰੀ, ਇਕ ਖਿਡਾਰਨ, ਇਕ ਖੇਡ ਪ੍ਰੋਮੋਟਰ ਅਤੇ ਦੋ ਸਮਾਜਸੇਵੀ ਤੇ ਖੇਡ ਸਭਿਆਚਾਰ ਨਾਲ ਸੰਬੰਧਤ ਸ਼ਖ਼ਸੀਅਤਾਂ ਦਾ ਮਾਨ ਸਨਮਾਨ ਹੁੰਦਾ ਹੈ। ਉਨ੍ਹਾਂ ਨੂੰ ਖੁੱਲ੍ਹੀਆਂ ਜੀਪਾਂ 'ਚ ਚੜ੍ਹਾ ਕੇ ਸਟੇਡੀਅਮ ਦਾ ਗੇੜਾ ਦੁਆਇਆ ਜਾਂਦਾ ਹੈ। ਫਿਰ ਉਨ੍ਹਾਂ ਨੂੰ ਵੱਖ ਵੱਖ ਨਾਂਵਾਂ 'ਤੇ ਰੱਖੇ ਐਵਾਰਡ ਦੇਣ ਸਮੇਂ ਉਨ੍ਹਾਂ ਦੇ ਸਨਮਾਨ ਪੱਤਰ ਪੜ੍ਹੇ ਜਾਂਦੇ ਹਨ। ਕੁਝ ਇਨਾਮੀ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਸਨਮਾਨਾਂ ਵਿਚ ਹੁਣ ਤੱਕ ਪੰਜਾਬ ਦੇ ਬਹੁਤ ਸਾਰੇ ਓਲੰਪੀਅਨ, ਅੰਤਰਰਾਸ਼ਟਰੀ ਖਿਡਾਰਨਾਂ, ਖੇਡ ਪ੍ਰੋਮੋਟਰ ਅਤੇ ਉੱਘੀਆਂ ਸਮਾਜਸੇਵੀ ਅਤੇ ਸਭਿਆਚਾਰਕ ਸ਼ਖ਼ਸੀਅਤਾਂ ਦਾ ਸਨਮਾਨ ਹੋ ਚੁਕਾ ਹੈ। ਉਨ੍ਹਾਂ ਵਿਚ ਸਤਿਗੁਰੂ ਉਦੈ ਸਿੰਘ ਨਾਮਧਾਰੀ, ਵਿਸ਼ਵ ਕੱਪ ਹਾਕੀ 1975 ਦੇ ਜੇਤੂ ਕਪਤਾਨ ਅਜੀਤਪਾਲ ਸਿੰਘ, ਪਦਮਸ੍ਰੀ ਪਰਗਟ ਸਿੰਘ, ਪੰਜਾਬੀ ਦੇ ਸਿਰਮੌਰ ਖੇਡ ਲੇਖਕ ਪ੍ਰਿੰ. ਸਰਵਣ ਸਿੰਘ, ਹਾਕੀ ਕਪਤਾਨ ਸਰਦਾਰਾ ਸਿੰਘ, ਗਾਇਕ ਹਰਭਜਨ ਮਾਨ, ਕਮੇਡੀਅਨ ਗੁਰਪ੍ਰੀਤ ਸਿੰਘ ਘੁੱਗੀ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਓਲੰਪੀਅਨ ਮਨਦੀਪ ਕੌਰ, ਫਿਲਮ 'ਚਾਰ ਸਾਹਿਬਜ਼ਾਦੇ' ਦੀ ਪੂਰੀ ਟੀਮ ਨਾਲ ਸ੍ਰੀ ਹੈਰੀ ਬਵੇਜਾ ਆਦਿ ਦਾ ਹੋਰਨਾਂ ਸ਼ਖ਼ਸੀਅਤਾਂ ਸਮੇਤ ਮਾਨ ਸਨਮਾਨ ਕੀਤਾ ਜਾ ਚੁਕਾ ਹੈ। ਪੇਸ਼ ਹਨ, ਜਗਰੂਪ ਜਰਖੜ ਦੀ ਪੱਤਰਕਾਰੀ ਦੇ ਕੁਝ ਨਮੂਨੇ:

### ਹਾਕੀ ਟੀਮ 'ਚ ਸਿੱਖ ਖਿਡਾਰੀ ਹੀ ਕਿਉਂ?

ਪੰਜਾਬੀਆਂ, ਖਾਸ ਕਰਕੇ ਸਿੱਖਾਂ ਨੂੰ ਹਾਕੀ ਖੇਡਣ ਦੀ ਚਿਣਗ ਫੌਜੀ ਛਾਉਣੀਆਂ ਤੋਂ ਲੱਗੀ। ਵਿਸ਼ੇਸ਼ ਕਰ ਕੇ ਜਲੰਧਰ ਛਾਉਣੀ ਤੋਂ, ਜਿਸ ਨੇੜਲਾ ਪਿੰਡ ਸੰਸਾਰਪੁਰ ਹਾਕੀ ਦਾ ਗੜ੍ਹ ਹੀ ਬਣ ਗਿਆ। ਇਕ ਵਾਰ ਭਾਰਤੀ ਹਾਕੀ ਟੀਮ ਵਿਚ ਅੱਧੇ ਖਿਡਾਰੀ ਸੰਸਾਰਪੁਰੀਏ ਚੁਣੇ ਗਏ। ਸਿੱਖ ਦਾ ਭਾਰਤੀ ਹਾਕੀ ਟੀਮਾਂ ਵਿਚ ਹਮੇਸ਼ਾ ਦਬਦਬਾ ਰਿਹਾ, ਜੋ ਹਿੰਦ ਦੇ ਕਈ ਹੁਕਮਰਾਨਾਂ ਨੂੰ ਚੁੱਭਦਾ ਵੀ ਰਿਹਾ। ਇਸੇ ਕਰਕੇ ਕਈ ਵਾਰ ਸਿੱਖ ਖਿਡਾਰੀਆਂ ਨੂੰ ਭਾਰਤੀ ਹਾਕੀ ਟੀਮ ਦੀ ਚੋਣ ਮੌਕੇ ਬੇਇਨਸਾਫੀ ਦਾ ਸ਼ਿਕਾਰ ਹੋਣਾ ਪਿਆ। ਗੱਲ ਅਪਰੈਲ 2006 ਦੀ ਐ, ਜਦੋਂ ਬੀ. ਐਸ. ਐਫ. ਦੇ ਸਾਬਕਾ ਮੁਖੀ ਸ੍ਰੀ ਅਸ਼ਵਨੀ ਕੁਮਾਰ ਨੇ ਨਵੀਂ ਦਿੱਲੀ ਵਿਖੇ 10 ਸਿੱਖ ਓਲੰਪੀਅਨ ਖਿਡਾਰੀਆਂ ਦੇ ਸਨਮਾਨ ਸਮਾਰੋਹ ਵਿਚ ਬੋਲਦਿਆਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਗੱਲ ਸੁਣਾਈ।

ਅਸ਼ਵਨੀ ਕੁਮਾਰ ਉੱਚ ਪੁਲੀਸ ਅਧਿਕਾਰੀ ਹੋਣ ਨਾਲ 1954 ਤੋਂ 1974 ਤੱਕ ਭਾਰਤੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ। ਉਹ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬੋਲਦੇ ਦੱਸਣ ਲੱਗੇ, "1974 ਵਿਚ ਜਦੋਂ ਮੈਂ ਬਾਰਡਰ ਸਿਕਿਉਰਿਟੀ ਫੋਰਸ ਦਾ ਇੰਸਪੈਕਟਰ ਜਨਰਲ ਸੀ, ਮੈਨੂੰ ਪ੍ਰਧਾਨ ਮੰਤਰੀ ਦਫਤਰ ਤੋਂ ਫੋਨ ਆਇਆ ਕਿ ਸ੍ਰੀਮਤੀ ਇੰਦਰਾ ਗਾਂਧੀ ਤੁਹਾਨੂੰ ਤੁਰੰਤ ਮਿਲਣਾ ਚਾਹੁੰਦੇ ਹਨ। ਉਸ ਵੇਲੇ ਮੈਂ ਗੁਲਮਰਗ ਨੇੜੇ ਕਸ਼ਮੀਰ ਦੀਆਂ ਸਰਹੱਦੀ ਚੌਕੀਆਂ ਦਾ ਮੁਆਇਨਾ ਕਰ ਰਿਹਾ ਸਾਂ। ਮੈਂ ਹੈਰਾਨ ਹੋਇਆ ਕਿ ਐਸੀ ਕਿਹੜੀ ਐਮਰਜੈਂਸੀ ਆ ਪਈ, ਜੋ ਮੈਨੂੰ ਤੁਰੰਤ ਬੁਲਾਇਐ? ਹੈਲੀਕੌਪਟਰ ਨੇ ਮੈਨੂੰ ਗੁਲਮਰਗ ਤੋਂ ਸ੍ਰੀਨਗਰ ਪਹੁੰਚਾਇਆ। ਫੇਰ ਮੈਂ ਇੰਡੀਅਨ ਏਅਰਲਾਈਨਜ਼ ਦੀ ਉਡਾਣ 'ਤੇ ਦਿੱਲੀ ਪਹੁੰਚਿਆ। ਪੇਸ਼ ਹੋਇਆ ਤਾਂ ਪ੍ਰਧਾਨ ਮੰਤਰੀ ਜੀ ਨੇ ਕਿਹਾ, ਸਿੱਖਿਆ ਮੰਤਰੀ ਐੱਸ. ਨੂਰੁਲ ਹਸਨ ਨੇ ਹਾਲ ਵਿਚ ਹੀ ਮੈਨੂੰ ਦੱਸਿਆ ਕਿ ਤੁਸੀਂ ਸਿੱਖ ਖਿਡਾਰੀਆਂ ਨੂੰ ਹੀ ਭਾਰਤੀ ਹਾਕੀ ਟੀਮਾਂ ਵਿਚ ਰੱਖਦੇ ਹੋ, ਬਾਕੀਆਂ ਨੂੰ ਨਹੀਂ। ਅਜਿਹਾ ਕਿਉਂ? ਮੈਂ ਸਪੱਸ਼ਟੀਕਰਨ ਦਿੱਤਾ, ਪਰ ਪ੍ਰੇਸ਼ਾਨ ਬਹੁਤ ਹੋਇਆ। ਮੈਂ ਗੈਸਟ ਹਾਊਸ ਆਇਆ ਅਤੇ ਇੰਡੀਆ ਹਾਕੀ ਫੈਡਰੇਸ਼ਨ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਲਿਖ ਕੇ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਤਤਕਾਲੀ ਪ੍ਰਧਾਨ ਰਾਜਾ ਭਲਿੰਦਰ ਸਿੰਘ ਨੂੰ ਭੇਜ ਦਿੱਤਾ। ਮੈਂ ਸਿੱਖ ਖਿਡਾਰੀਆਂ ਦੇ ਹਾਕੀ ਹੁਨਰ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦਾ। ਭਾਰਤੀ ਹਾਕੀ ਵਿਚ ਸਿੱਖਾਂ ਦਾ ਹਮੇਸ਼ਾ ਵੱਡਾ ਯੋਗਦਾਨ ਰਿਹੈ ਅਤੇ ਮੈਂ ਉਨ੍ਹਾਂ ਨੂੰ ਸਲਾਮ ਕਰਦਾ ਰਿਹਾ ਹਾਂ।"

ਸਿੱਖ ਖਿਡਾਰੀਆਂ ਦੀ ਹਾਕੀ ਦੀ ਖੇਡ ਪ੍ਰਤੀ ਲਗਨ, ਵਚਨਬੱਧਤਾ, ਸੁਹਿਰਦਤਾ ਅਤੇ ਸਖਤ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਆਖਿਆ ਕਿ ਸਿੱਖਾਂ ਦਾ ਯੋਗਦਾਨ ਸਿਰਫ ਭਾਰਤ ਦੀਆਂ ਹਾਕੀ ਟੀਮਾਂ ਨੂੰ ਹੀ ਨਹੀਂ, ਸਗੋਂ ਕੀਨੀਆ, ਯੁਗਾਂਡਾ, ਮਲੇਸ਼ੀਆ, ਸਿੰਗਾਪੁਰ, ਹਾਂਗਕਾਂਗ, ਇੰਗਲੈਂਡ, ਕਨੇਡਾ ਤੇ ਅਮਰੀਕਾ ਆਦਿ ਮੁਲਕਾਂ ਦੀਆਂ ਹਾਕੀ ਟੀਮਾਂ ਨੂੰ ਵੀ ਹੈ। ਬਾਰਸੀਲੋਨਾ ਓਲੰਪਿਕ 1992 ਦੌਰਾਨ ਮੈਂ ਐਫ. ਆਈ. ਐਚ. ਦੇ ਪ੍ਰਧਾਨ ਏ. ਟੀ. ਐੱਨ. ਗਲੀਚਿਚ ਨੂੰ ਮਿਲਿਆ। ਉਨ੍ਹਾਂ ਮੈਨੂੰ ਕੁਝ ਸਾਬਕਾ ਭਾਰਤੀ ਖਿਡਾਰੀਆਂ ਖਾਸ ਕਰਕੇ ਸਿੱਖ ਖਿਡਾਰੀਆਂ ਦੇ ਹਾਲ ਚਾਲ ਬਾਰੇ ਪੁੱਛਿਆ, ਜਿਨ੍ਹਾਂ ਨਾਲ ਉਸ ਨੇ ਓਲੰਪਿਕ ਅਤੇ ਹੋਰ ਅੰਤਰਰਾਸ਼ਟਰੀ ਹਾਕੀ ਮੈਚ ਖੇਡੇ ਸਨ। ਉਸ ਨੇ ਉਚੇਚੇ ਤੌਰ 'ਤੇ ਬਲਬੀਰ ਸਿੰਘ, ਊਧਮ ਸਿੰਘ, ਧਰਮ ਸਿੰਘ, ਗੁਰਦੇਵ ਸਿੰਘ, ਪ੍ਰਿਥੀਪਾਲ ਸਿੰਘ ਅਤੇ ਹੋਰ ਸਿੱਖ ਖਿਡਾਰੀਆਂ ਨੂੰ ਯਾਦ ਕੀਤਾ। ਜਦੋਂ ਮੈਂ ਉਨ੍ਹਾਂ ਨੂੰ ਪੈਨਲਟੀ ਕਾਰਨਰ ਦੇ ਕਿੰਗ ਪ੍ਰਿਥੀਪਾਲ ਸਿੰਘ ਦੀ 1983 ਵਿਚ ਹੋਈ ਹੱਤਿਆ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਭਰੇ ਮਨ ਨਾਲ ਕਿਹਾ, ਉਹ ਇਕ ਮਹਾਨ ਖਿਡਾਰੀ ਸੀ! ਬ੍ਰਿਟਿਸ਼ ਸਾਮਰਾਜ ਸਮੇਂ ਸਿੱਖ ਫੌਜੀ ਜਦੋਂ ਦੁਨੀਆਂ ਦੇ ਕਿਸੇ ਮੁਲਕ ਵਿਚ ਜਾਂਦੇ ਸਨ ਤਾਂ ਆਪਣੀ ਹਾਕੀ ਸਟਿਕ ਨਾਲ ਲੈ ਜਾਂਦੇ ਸਨ। ਅਸ਼ਵਨੀ ਕੁਮਾਰ ਦੇ ਅੰਤਲੇ ਬੋਲ ਸਨ ਕਿ ਕਿਵੇਂ ਉਸ ਨੇ ਅਤੇ ਉਸ ਦੇ ਪਰਿਵਾਰ ਨੇ 1984 ਵਿਚ ਇੰਦਰਾ ਗਾਂਧੀ ਦੇ ਕਤਲ ਵੇਲੇ ਦੰਗਾਕਾਰੀਆਂ ਦਾ ਮੁਕਾਬਲਾ ਕੀਤਾ।

ਸ੍ਰੀ ਅਸ਼ਵਨੀ ਕੁਮਾਰ ਦੇ ਪ੍ਰਧਾਨਗੀ ਤੋਂ ਹਟਣ ਬਾਅਦ ਵਕਿਆ ਹੀ ਭਾਰਤੀ ਹਾਕੀ ਟੀਮ ਵਿਚ ਸਿੱਖ ਖਿਡਾਰੀਆਂ ਨਾਲ ਬੇਇਨਸਾਫੀ ਦਾ ਦੌਰ ਸ਼ੁਰੂ ਹੋ ਗਿਆ। ਵਿਸ਼ਵ ਹਾਕੀ ਕੱਪ 1978 ਵੇਲੇ ਜਦੋਂ ਭਾਰਤੀ ਹਾਕੀ ਦੇ ਕੁਝ ਉੱਚ ਅਧਿਕਾਰੀਆਂ ਨੇ ਸਿੱਖ ਖਿਡਾਰੀਆਂ ਅਤੇ ਸਿੱਖਾਂ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਤਾਂ ਉਸ ਵੇਲੇ ਦੇ ਨਾਮੀ ਖਿਡਾਰੀ ਸੁਰਜੀਤ ਸਿੰਘ ਰੰਧਾਵਾ, ਬਲਦੇਵ ਸਿੰਘ ਤੇ ਵਰਿੰਦਰ ਸਿੰਘ ਕੋਚਿੰਗ ਕੈਂਪ ਵਿਚਾਲੇ ਛੱਡ ਕੇ ਟੀਮ ਤੋਂ ਬਾਹਰ ਆ ਗਏ ਸਨ। ਫਿਰ ਵਿਸ਼ਵ ਕੱਪ 1978 ਵਿਚ ਭਾਰਤੀ ਹਾਕੀ ਦਾ ਜੋ ਹਸ਼ਰ ਹੋਇਆ,

(ਬਾਕੀ ਅਗਲੇ ਸਫੇ 'ਤੇ)

ਜਨਮ ਦਿਵਸ 'ਤੇ

# ਸੰਤ ਰਾਮ ਉਦਾਸੀ: ਮੇਰੀ ਮੌਤ 'ਤੇ ਨਾ ਰੋਇਓ...

ਪ੍ਰਿੰ. ਸਰਵਣ ਸਿੰਘ

ਸੰਤ ਰਾਮ ਉਦਾਸੀ 20 ਅਪਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ, ਕੰਮੀਆਂ ਦੇ ਵਿਹੜੇ ਜੰਮਿਆ ਸੀ। ਉਹਦੇ ਪਿਤਾ ਮੇਹਰ ਸਿੰਘ ਨੇ ਸੀਰ ਕੀਤੇ, ਭੇਡਾਂ ਚਾਰੀਆਂ ਤੇ ਵਟਾਈ 'ਤੇ ਖੇਤੀ ਕੀਤੀ। ਉਹਦੀ ਮਾਤਾ ਧੰਨ ਕੌਰ ਨੇ ਚੱਕੀਆਂ ਪੀਹਣ ਤੋਂ ਲੈ ਕੇ ਜ਼ਿਮੀਂਦਾਰਾਂ ਦਾ ਗੋਹਾ-ਕੂੜਾ ਕੀਤਾ। ਉਦਾਸੀ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਸਰੋਦੀ ਆਵਾਜ਼ ਆਪਣੇ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਪੜਦਾਦਾ ਮਹਿਫਿਲਾਂ ਦਾ ਸ਼ਿੰਗਾਰ ਸੀ। ਮਹਿਫਿਲੀਏ ਉਸ ਨੂੰ ਭਾਈਕੇ ਦਿਆਲਪੁਰੇ ਤੋਂ ਰਾਏਸਰ ਲੈ ਆਏ। ਉਦਾਸੀ ਹੋਰੀਂ ਪੰਜ ਭਰਾ ਸਨ-ਗੁਰਦਾਸ ਸਿੰਘ, ਹਰਦਾਸ ਸਿੰਘ ਭੂਰਾ, ਪ੍ਰਕਾਸ਼ ਸਿੰਘ, ਸੰਤ ਰਾਮ ਉਦਾਸੀ ਤੇ ਗੁਰਦੇਵ ਸਿੰਘ ਕੋਇਲ। ਤਿੰਨ ਭੈਣਾਂ ਸਨ-ਸੱਤਿਆ, ਹਰਬੰਸ ਕੌਰ ਤੇ ਸੁਖਦੇਵ ਕੌਰ। ਭੈਣਾਂ ਦੇ ਨਿੱਕੇ ਨਾਂ ਸਨ-ਕਾਕੀ, ਘੁੱਕੋ ਤੇ ਨਿੱਕੀ।

ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜ਼ਾਰਾਂ ਦੇ 'ਕੱਠਾਂ ਵਿਚ ਉੱਚੀ ਹੇਕ ਨਾਲ ਗਾਉਣਾ ਸੀ:

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ
ਬੜੇ ਹੀ ਅਸੀਂ ਦੁਖੜੇ ਜਰੇ,
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ ਨਾ ਧਰੇ...।
ਦੇਸ਼ ਹੈ ਪਿਆਰਾ ਸਾਨੂੰ
ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ
ਅਸੀਂ ਤੋੜ ਦੇਣੀ, ਅਸੀਂ ਤੋੜ ਦੇਣੀ
ਲਹੂ ਪੀਣੀ ਜੋਕ ਹਾਣੀਆਂ...।
ਗੱਜਣਗੇ ਸ਼ੇਰ ਜਦੋਂ
ਭੱਜਣਗੇ ਕਾਇਰ ਸੱਭੇ
ਰੱਜਣਗੇ ਕਿਰਤੀ ਕਿਸਾਨ ਮੁੜ ਕੇ
ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ
ਕਿਰਤੀ ਕਿਸਾਨ ਜੁੜ ਕੇ...।
ਸੁਣ ਲਵੋ ਕਾਗੋ
ਅਸੀਂ ਕਰ ਦੇਣਾ ਪੁੱਠੇ ਥੋਨੂੰ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ।
ਰੋਟੀ ਬੱਚਿਆਂ ਦੇ, ਰੋਟੀ ਬੱਚਿਆਂ ਦੇ
ਹੱਥਾਂ ਵਿਚੋਂ ਖੋਹਣ ਵਾਲਿਓ...।

ਉਹ ਲੋਕ-ਕਾਵਿ ਦਾ ਮਘਦਾ ਸੂਰਜ ਸੀ, ਜੋ ਸਿਖਰ ਦੁਪਹਿਰੇ ਛਿਪ ਗਿਆ। ਕਵਿਤਾਵਾਂ ਲਿਖਦਾ ਤੇ ਗਾਉਂਦਾ ਸਿਰਫ 47 ਸਾਲ ਦੀ ਉਮਰੇ ਚਲਾਣਾ ਕਰ ਗਿਆ। ਉਹਦੀ ਕਾਵਿ-ਬੁਲੰਦੀ ਦਾ ਅੰਦਾਜ਼ਾ 'ਕੰਮੀਆਂ ਦੇ ਵਿਹੜੇ' ਵਾਲੇ ਇਸ ਗੀਤ ਤੋਂ ਲਾਇਆ ਜਾ ਸਕਦੈ:

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵਿਹੜੇ
ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਈਂ ਵੇ ਸੂਰਜਾ...।

ਜਦੋਂ ਉਹ ਰੋਹ ਨਾਲ ਗਾਉਂਦਾ ਤਾਂ ਉਹਦੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਆਪਣਾ ਖੱਬਾ ਹੱਥ ਕੰਨ 'ਤੇ ਧਰ, ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ-ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਲਲਕਾਰ ਨਾਲ ਚਾਰ-ਚੁਫੇਰਾ ਲਰਜ਼ ਉੱਠਦਾ। ਉਹਦੀ ਬਾਗੀ ਸੁਰ ਹਜ਼ਾਰਾਂ ਸਰੋਤਿਆਂ ਨੂੰ ਝੰਜੋੜ ਦਿੰਦੀ। ਉਨ੍ਹਾਂ ਦੇ ਦਿਲਾਂ ਦਿਮਾਗਾਂ 'ਤੇ ਜੰਮਿਆ ਜੰਗਾਲ ਉੱਤਰ ਜਾਂਦਾ। ਉਹ ਹਿੱਕ ਦੇ ਤਾਣ ਨਾਲ ਗਾਉਂਦਾ:

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ, ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ
ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ,
ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ,
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ...।

ਉਹ ਵਿਦੇਸ਼ ਗਿਆ ਤਾਂ 'ਵਿਦੇਸ਼ੀ ਹਵਾਵਾਂ ਦੇ ਨਾਂ' ਗੀਤ ਗਾਇਆ, ਜੀਹਨੂੰ ਸੁਣ ਕੇ ਪਰਵਾਸੀਆਂ ਦੇ ਹੰਝੂ ਵਹਿ ਤੁਰੇ:

ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼
ਕਰੇ ਜੋਦੜੀ ਨੀ ਇਕ ਦਰਵੇਸ਼
ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼...।

ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ
ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼
ਕਰੇ ਜੋਦੜੀ ਨੀ ਇਕ ਦਰਵੇਸ਼...।

ਉਦਾਸੀ ਦੇ ਪਿੰਡ ਰਾਏਸਰ ਤੋਂ ਮੇਰਾ ਪਿੰਡ ਚਕਰ ਥੋੜ੍ਹੀ ਹੀ ਦੂਰ ਹੈ। ਉਮਰ ਪੱਖੋਂ ਅਸੀਂ ਹਾਣੀ ਸਾਂ। ਜਦੋਂ ਉਹ ਚਕਰ ਆਉਂਦਾ ਤਾਂ ਉਹਦੇ ਗੀਤ ਸੁਣਨ ਦਾ ਮੌਕਾ ਮਿਲ ਜਾਂਦਾ। ਕਦੇ ਕਦੇ ਉਹ ਢੁੱਡੀਕੇ ਵੀ ਫੇਰੀ ਪਾਉਂਦਾ, ਜਿਥੇ ਮੈਂ ਪੜ੍ਹਾਉਂਦਾ ਸਾਂ। ਉਨ੍ਹੀਂ ਦਿਨੀਂ ਕਾਲਜਾਂ ਵਿਚ ਉਦਾਸੀ-ਉਦਾਸੀ ਹੁੰਦੀ। ਉਹ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ। ਕਵੀ ਦਰਬਾਰਾਂ ਵਿਚ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ। ਉਦਾਸੀ ਨੇ ਵਿਦਿਆਰਥੀ ਰੈਲੀਆਂ ਵਿਚ ਆਪਣੀ ਥਾਂ ਬਣਾ ਲਈ। ਸ਼ਿਵ ਕੁਮਾਰ ਪਿਆਰ ਮੁਹੱਬਤ, ਬਿਰਹਾ ਵਿਜੋਗ ਤੇ ਮੌਤ ਦੇ ਨਗਮੇ ਗਾਉਂਦਾ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ। ਦੋਵੇਂ ਆਵਾਜ਼ ਦੇ ਧਨੀ ਸਨ, ਜੋ ਬਿਨਾ ਸਾਜ਼ਾਂ ਤੋਂ ਤਰੰਨਮ ਵਿਚ ਗਾਉਂਦੇ। ਸ਼ਿਵ ਦਰਦੀਲਾ ਸੀ, ਉਦਾਸੀ ਰੋਹੀਲਾ। ਉਦਾਸੀ ਦੇ ਤੱਤੇ ਸਰੋਤੇ ਸ਼ਿਵ ਕੁਮਾਰ ਦੀਆਂ ਪੈਰੋਡੀਆਂ ਬਣਾ ਕੇ ਉਹਦਾ ਮਜ਼ਾਕ ਉਡਾਉਂਦੇ, ਭਗੌੜਾ ਦੱਸਦੇ।

ਉਦਾਸੀ ਨਾਲ ਜੱਗੋ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਣਾਈਆਂ ਨਜ਼ਮਾਂ ਲਿਖਣ ਤੇ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਂ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੀ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ



ਮਾਰ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ. ਐੱਸ. ਪੀ. ਅੱਗੇ ਅਰਜ਼ ਗੁਜ਼ਾਰੀ, "ਵੇ ਵੀਰਾ ਮੈਂ ਸੰਤ ਰਾਮ ਦੀ ਮਾਂ ਹਾਂ। ਆਪਣੇ ਪੁੱਤ ਨੂੰ ਮਿਲਣ ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।"

ਉਸ ਵੇਲੇ ਉਦਾਸੀ ਮੂਧੇ ਮੂੰਹ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉੱਠ ਨਹੀਂ ਸੀ ਸਕਦਾ। ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਭੰਨਿਆ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲਾ ਕਰ ਦਿੱਤਾ ਜਾਵੇ। ਮੁੜ ਕੇ ਨਾ ਉਹ ਲਿਖ ਸਕੇ ਤੇ ਨਾ ਗਾ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ ਕੇ ਖੋਪੜੀ ਰੋਡੀ ਕੀਤੀ ਪਈ ਸੀ। ਉੱਤੋਂ ਪੋਹ ਦੀ ਕੱਕਰਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲੀਆਂ ਵਿਚ ਖੂਨ ਜੰਮਿਆ ਹੋਇਆ ਸੀ। ਸਰੀਰ ਦੇ ਸਾਰੇ ਜੋੜ ਡੰਡੇ ਮਾਰ-ਮਾਰ ਸੁਜਾਏ ਪਏ ਸਨ।

ਡੀ. ਐੱਸ. ਪੀ. ਨੇ ਮਾਈ ਨੂੰ ਪੁੱਛਿਆ, "ਜੇ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਕੋਈ ਇਤਰਾਜ਼ ਤਾਂ ਨਹੀਂ?"

ਮਮਤਾ ਦੀ ਮਾਰੀ ਮਾਂ ਨੇ ਕਿਹਾ, "ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ਼ ਕਰਨੈਂ? ਥੋਡੇ ਰਹਿਮ ਨਾਲ ਮੇਰਾ ਪੁੱਤ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਊਂਦੈ! ਪੁਲਿਸ ਨੇ ਮਾਰਿਆ ਨ੍ਹੀਂ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨ੍ਹੀਂ ਲੈ ਕੇ ਆਉਣਾ, ਬੇਸ਼ਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਔਨਾਂ। ਤੂੰ ਜਾਹ ਘਰ ਨੂੰ।"

ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, "ਓਏ ਉਦਾਸੀ, ਓਏ ਉਦਾਸੀ। ਉੱਠ ਓਏ, ਤੇਰੀ ਮਾਂ ਤੈਨੂੰ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉੱਠ ਨਹੀਂ ਤਾਂ ਮਰ'ਜੂ ਓਹ ਵੀ।"

'ਮਾਂ' ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚ'ਜੇ। ਉਹ ਔਖਾ ਸੌਖਾ ਮਾਂ ਤਕ ਪੁੱਜਾ ਤੇ ਦੂਰ ਦੀ ਸੋਚ ਕੇ ਬੋਲਿਆ, "ਮਾਂ, ਮੈਂ ਠੀਕ ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ 'ਚ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਕੌਣ ਸਾਂਭੂਗਾ ਤੈਨੂੰ?"

ਮਾਂ ਨੇ ਪੀੜਾਂ ਪਰੁੰਨੇ ਘਾਇਲ ਪੁੱਤਰ ਨੂੰ ਬੁਕਲ 'ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, "ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨ੍ਹੀਂ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।"

ਬੱਸ ਏਨੀ ਹੀ ਹੋ ਸਕੀ ਸੀ ਮੁਲਾਕਾਤ।

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਰਕੇ ਉਹ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਵੀ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ 'ਚ ਵੀ ਸਥਾਪਤੀ ਵਿਰੋਧੀ ਕਵਿਤਾਵਾਂ ਪੜ੍ਹਦਾ। ਅਫਸਰਾਂ ਦੀ ਉਹਨੇ ਕਦੇ ਖੁਸ਼ਾਮਦ ਨਹੀਂ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ। 'ਦਿੱਲੀਏ ਦਿਆਲਾ ਦੇਖ' ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ।

ਉਦਾਸੀ ਦੀ ਅਣਿਆਈ ਮੌਤ: ਡਰੋਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਢੁੱਡੀਕੇ ਪੜ੍ਹਦਿਆਂ ਉਦਾਸੀ ਦਾ ਦੋਸਤ ਬਣ ਗਿਆ ਸੀ। ਸਮਾਂ ਪਾ ਕੇ ਉਹ ਸ੍ਰੀ ਹਜ਼ੂਰ ਸਾਹਿਬ ਤੋਂ ਨਿਕਲਦੇ 'ਸੱਚਖੰਡ ਪੱਤਰ' ਦਾ ਸੰਪਾਦਕ ਬਣਿਆ। ਉਹ ਉਦਾਸੀ ਦੇ ਅੰਤਲੇ ਸਮੇਂ ਦਾ ਚਸ਼ਮਦੀਦ ਗਵਾਹ ਹੈ। ਉਸ ਦਾ ਲਿਖਤੀ ਬਿਆਨ ਹੈ: ਗੱਲ 1972-73 ਦੀ ਹੈ, ਜਦ ਸੰਤ ਰਾਮ ਉਦਾਸੀ ਲੋਕਾਂ ਦੇ ਦਿਲ ਦੀ ਆਵਾਜ਼ ਬਣ ਗਿਆ ਸੀ। ਉਸ ਨੇ ਨਾਹਰਾ ਦਿੱਤਾ ਸੀ 'ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ।' ਮੈਂ ਉਸ ਸਮੇਂ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਦਾ ਵਿਦਿਆਰਥੀ ਸਾਂ। ਉਥੇ ਮੈਂ ਵੀ ਉਹਦੇ ਰਾਹ ਪੈ ਗਿਆ। ਮੇਰੀਆਂ ਕਵਿਤਾਵਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੋਸਟਰਾਂ ਦੇ ਹੈਡਿੰਗ ਬਣਨ ਲੱਗੀਆਂ...।

24 ਨਵੰਬਰ 2019 ਨੂੰ ਸਾਡਾ ਉਹੀ ਪੁਰਾਣਾ ਵਿਦਿਆਰਥੀ ਸੰਘਾ ਮੈਨੂੰ ਮੋਗੇ ਮਿਲਿਆ। ਉਸ ਨੇ ਆਖਰੀ ਗੱਲ ਦੱਸੀ: ਅਕਤੂਬਰ 1986 'ਚ ਉਦਾਸੀ ਮੈਨੂੰ ਬਾਘੇ ਪੁਰਾਣੇ ਸਾਹਿਤ ਸਭਾ ਦੀ ਮੀਟਿੰਗ ਵਿਚ ਮਿਲਿਆ ਸੀ। ਉਥੇ ਤੈਅ ਹੋਇਆ ਕਿ ਗੁਰਤਾ ਗੱਦੀ ਦਿਹਾੜੇ ਨੰਦੇੜ ਦੇ ਕਵੀ ਦਰਬਾਰ ਵਿਚ ਉਹ ਵੀ ਸ਼ਾਮਲ ਹੋਵੇਗਾ। ਪਹਿਲੀ ਨਵੰਬਰ 1986 ਤੋਂ ਪ੍ਰੋਗਰਾਮ ਸ਼ੁਰੂ ਹੋਏ। ਅਖੀਰਲੀ ਰਾਤ 5 ਨਵੰਬਰ ਨੂੰ ਉੱਚ ਪਾਏ ਦਾ ਕਵੀ ਦਰਬਾਰ ਹੋਇਆ, ਜਿਸ ਵਿਚ ਉਦਾਸੀ ਨੇ ਬਹੁਤ ਉੱਚੀ ਕਿੱਲ੍ਹ-ਕਿੱਲ੍ਹ ਕੇ ਗਾਇਆ ਤੇ ਬਾਜ਼ੀ ਲੈ ਗਿਆ। ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ ਰਾਤ ਦੇ 2:45 ਵਜੇ ਤੱਕ 'ਕੱਠੇ ਬੈਠੇ। ਉਦਾਸੀ ਮੇਰੇ ਗਲ ਲੱਗ ਕੇ ਰੋਣ ਲੱਗਾ...ਸੰਘੇ ਬਾਈ, ਮੈਂ ਜ਼ਿੰਦਗੀ ਤੋਂ ਤੰਗ ਆ ਗਿਆਂ। ਘਰ ਤੋਂ ਸੰਨਿਆਸ ਲੈਣਾ ਚਾਹੁੰਨਾਂ। ਤੂੰ ਥੋੜ੍ਹਾ ਬਹੁਤਾ ਸਾਥ ਦੇਹ। ਮੈਂ ਆਖਿਆ, ਉਦਾਸੀ ਤੂੰ ਘਬਰਾ ਨਾ। ਤੈਨੂੰ ਮੈਂ ਅੱਖਾਂ ਦੀਆਂ ਪੁਤਲੀਆਂ 'ਚ ਲੁਕੋ ਸਕਦਾਂ। ਤੂੰ ਕੁੜੀਆਂ ਮੁੰਡੇ ਵਿਆਹ ਲੈ, ਫੇਰ ਜੋ ਕਹੇਂਗਾ ਕਰਾਂਗਾ। ਉੱਦਣ ਅਸੀਂ ਬਹੁਤ ਗੱਲਾਂ ਕੀਤੀਆਂ...।

'ਬਹੁਤ' ਗੱਲਾਂ ਦਾ ਬਹੁਤਾ ਵੇਰਵਾ ਦੇਣਾ ਸੰਘਾ ਮੁਨਾਸਬ ਨਹੀਂ ਸਮਝਦਾ।

ਪ੍ਰੋ. ਬਲਕਾਰ ਸਿੰਘ ਤੇ ਉਦਾਸੀ ਦੀਆਂ ਟਿਕਟਾਂ ਬੁੱਕ ਸਨ। ਉਸ ਦੀ ਵਿਗੜੀ ਹਾਲਤ ਦੇਖ ਕੇ ਮੈਂ ਉਹਨੂੰ ਆਪਣੇ ਕੋਲ ਰੱਖਣ ਦਾ ਬੜਾ ਯਤਨ ਕੀਤਾ, ਪਰ ਉਸ ਨੇ ਉੱਕਾ ਨਾਂਹ ਕਰ ਦਿੱਤੀ। ਸਵੇਰੇ ਸਾਝਰੇ ਹੀ ਉਹ ਬਲਕਾਰ ਸਿੰਘ ਨਾਲ ਗੱਡੀ ਚੜ੍ਹ ਗਿਆ। ਗੱਡੀ ਵਿਚ ਸੁੱਤੇ ਪਏ ਦੀ ਉਹਦੀ ਮੌਤ ਹੋ ਗਈ। ਉਹਦਾ ਸਸਕਾਰ ਮਨਵਾੜ ਦੇ ਸਿਵਿਆਂ ਵਿਚ ਕੀਤਾ ਗਿਆ ਤੇ ਹਜ਼ੂਰ ਸਾਹਿਬ ਭੋਗ ਪਾਉਣ ਪਿੱਛੋਂ ਫੁੱਲ ਗੋਦਾਵਰੀ ਨਦੀ ਵਿਚ ਤਾਰੇ ਗਏ।

ਅਜਿਹੀ ਹੋਣੀ ਸੀ ਪੰਜਾਬ ਦੇ ਜਾਏ, ਲੋਕ-ਕਾਵਿ ਦੇ ਮਘਦੇ ਸੂਰਜ, ਕੰਮੀਆਂ ਕਿਰਤੀਆਂ ਦੇ ਲੋਕ ਕਵੀ ਦੀ!

ਉਦਾਸੀ ਦੇ ਇਕ ਨਿੱਜੀ ਦੋਸਤ ਦੀ ਟਿੱਪਣੀ ਕਾਬਲੇ ਗੌਰ ਹੈ: ਜਦੋਂ ਕੋਈ ਉਦਾਸੀ ਵਰਗਾ ਕਵੀ ਤੁਰ ਜਾਂਦਾ ਹੈ ਤਾਂ ਲੋਕ ਇਸ ਨੂੰ 'ਬੇਵਕਤੀ ਮੌਤ' ਆਖ ਕੇ ਸ਼ੋਕ ਜਾਹਰ ਕਰਦੇ ਹਨ, ਪਰ ਮੌਤ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੇ। ਉਦਾਸੀ ਦੀ ਮੌਤ ਦੇ ਕਾਰਨਾਂ ਵਿਚ ਨਕਸਲੀਆਂ ਦਾ ਖਿੰਡ ਕੇ ਖੱਖੜੀਆਂ ਕਰੇਲੇ ਹੋ ਜਾਣਾ, ਉਦਾਸੀ ਦਾ ਉਦਾਸ ਹੋ ਜਾਣਾ, ਵੱਖ ਵੱਖ ਗਰੁਪਾਂ ਵੱਲੋਂ ਉਦਾਸੀ ਨੂੰ ਮਾਨਸਿਕ ਢਾਰਸ ਦੇਣ ਦੀ ਥਾਂ ਕਵੀ ਦੀ ਆਪਣੇ ਧੜੇ ਵੱਲ ਖਿੱਚ ਧੂਹ ਕਰਨੀ ਤੇ ਫਿਰ ਉਹਦਾ ਬਾਈਕਾਟ ਕਰ ਦੇਣਾ, ਸ਼ਾਮਲ ਹਨ। ਉਦਾਸੀ ਵੱਲੋਂ ਜਮਾਤੀ ਦੁਸ਼ਮਣਾਂ ਅਤੇ ਜਮਾਤੀ ਦੁਸ਼ਮਣਾਂ ਵੱਲੋਂ ਉਦਾਸੀ ਦਾ ਵਿਰੋਧ ਕਰਨਾ ਤਾਂ ਬਣਦਾ ਹੀ ਸੀ। ਅਫਸੋਸ ਕਿ ਉਹਦੀ 'ਆਪਣੀ ਜਮਾਤ' ਦੇ ਹੀ ਸਾਥੀਆਂ ਨੇ ਉਹਦਾ ਅੰਨ੍ਹਾਂ ਵਿਰੋਧ ਕੀਤਾ, ਜਿਨ੍ਹਾਂ ਨੇ ਉਸ ਨੂੰ ਮੌਤ ਦੇ ਅੰਨ੍ਹੇ ਖੂਹ ਵੱਲ ਧੱਕ ਦਿੱਤਾ!

ਕਾਸ਼! ਇਨਕਲਾਬ ਨੂੰ ਪਰਨਾਏ ਇਸ ਲੋਕ ਕਵੀ ਨੂੰ ਉਹਦੇ ਹੀ ਸਾਥੀ ਜੇ ਝੇੜਾਂ ਨਾ ਕਰਦੇ, ਤੋਹਮਤਾਂ ਨਾ ਲਾਉਂਦੇ, ਬਦਖੋਹੀ ਨਾ ਕਰਦੇ ਅਤੇ 'ਲੋਕ ਕਵੀ' ਦੀ ਥਾਂ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲਾ ਕਵੀ ਕਹਿਣ ਦੀ ਥਾਂ 'ਸ਼ਰਾਬ ਭਿੱਜੇ ਬੋਲਾਂ' ਵਾਲਾ 'ਵਿਕਿਆ ਕਵੀ' ਨਾ ਕਹਿੰਦੇ ਤਾਂ ਸੰਭਵ ਸੀ, ਉਹ ਵੱਧ ਵਰ੍ਹੇ ਜਿਉਂਦਾ ਅਤੇ ਹੋਰ ਲਿਖਦਾ ਤੇ ਗਾਉਂਦਾ।

ਪੰਜਾਬੀ ਦੇ ਇਸ ਬਦਕਿਸਮਤ ਕਵੀ ਕੋਲ ਕੋਈ ਦੁਨਿਆਵੀ ਜਾਇਦਾਦ ਨਹੀਂ ਸੀ, ਜਿਸ ਦੀ ਉਹ ਵਸੀਅਤ ਕਰਦਾ। ਫਿਰ ਵੀ ਉਸ ਨੇ 'ਵਸੀਅਤ' ਲਿਖੀ:

ਮੇਰੀ ਮੌਤ 'ਤੇ ਨਾ ਰੋਇਓ
ਮੇਰੀ ਸੋਚ ਨੂੰ ਬਚਾਇਓ,
ਮੇਰੇ ਲਹੂ ਦਾ ਕੇਸਰ
ਰੇਤੇ 'ਚ ਨਾ ਰਲਾਇਓ।
ਮੇਰੀ ਜ਼ਿੰਦਗੀ ਵੀ ਕੀ?
ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫੀ
ਤੀਲੀ ਬੇਸ਼ੱਕ ਨਾ ਲਾਇਓ।
ਹੋਣਾ ਨਹੀਂ ਮੈਂ ਚਾਹੁੰਦਾ
ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ
ਕਣ ਕਣ ਮੇਰਾ ਜਲਾਇਓ।
ਵਲਗਣ 'ਚ ਕੈਦ ਹੋਣਾ
ਮੇਰੇ ਨਹੀਂ ਮੁਆਫਕ,
ਯਾਰਾਂ ਦੇ ਵਾਂਗ ਅਰਥੀ
ਸੜਕਾਂ 'ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ
ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ
ਓਸੇ ਹੀ ਰਾਹ ਲਿਜਾਇਓ।
ਮੇਰੀ ਮੌਤ 'ਤੇ ਨਾ ਰੋਇਓ...।

# ਜਗਰੂਪ ਜਰਖੜ ਤੇ ਜਰਖੜ ਖੇਡਾਂ

*(ਪਿਛਲੇ ਸਫੇ ਦੀ ਬਾਕੀ)*

ਉਹ ਦੁਨੀਆਂ ਨੂੰ ਪਤਾ ਹੀ ਹੈ। ਉਸ ਵਕਤ 1975 ਦਾ ਵਿਸ਼ਵ ਚੈਂਪੀਅਨ ਭਾਰਤ ਛੇਵੇਂ ਨੰਬਰ 'ਤੇ ਆਇਆ। ਉਸ ਤੋਂ ਬਾਅਦ 1982 ਦੀਆਂ ਏਸ਼ੀਅਨ ਖੇਡਾਂ ਮੌਕੇ ਵੀ ਕਪਤਾਨ ਸੁਰਜੀਤ ਸਿੰਘ ਰੰਧਾਵਾ ਤੇ ਸੁਰਿੰਦਰ ਸਿੰਘ ਸੋਢੀ ਨੂੰ ਐਨ ਮੌਕੇ 'ਤੇ ਟੀਮ ਤੋਂ ਬਾਹਰ ਕੀਤਾ ਅਤੇ ਪ੍ਰਿਥੀਪਾਲ ਸਿੰਘ ਜਿਹੇ ਖਿਡਾਰੀਆਂ ਨੂੰ ਏਸ਼ੀਅਨ ਖੇਡਾਂ 'ਤੇ ਸੱਦਣਾ ਵੀ ਵਾਜਬ ਨਾ ਸਮਝਿਆ। ਫਿਰ ਫਾਈਨਲ ਮੈਚ ਵਿਚ ਪਾਕਿਸਤਾਨੀ ਹਾਕੀ ਟੀਮ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਅੱਖਾਂ ਸਾਹਮਣੇ ਭਾਰਤੀ ਹਾਕੀ ਟੀਮ ਨੂੰ 7-1 ਗੋਲਾਂ ਦੀ ਜੋ ਧੂੜ ਚਟਾਈ, ਉਹ ਸਦਮਾ ਅਜੇ ਵੀ ਭਾਰਤ ਵਾਸੀਆਂ ਅਤੇ ਹਾਕੀ ਪ੍ਰੇਮੀਆਂ ਨੂੰ ਨਹੀਂ ਭੁੱਲਿਆ।

**ਨਰਿੰਦਰ ਮੋਦੀ ਕ੍ਰਿਕਟ ਸਟੇਡੀਅਮ**

ਅਜੇ ਤਾਂ ਸਰਦਾਰ ਵੱਲਭ ਭਾਈ ਪਟੇਲ ਕ੍ਰਿਕਟ ਸਟੇਡੀਅਮ ਅਹਿਮਦਾਬਾਦ ਦਾ ਨਾਂ ਹੀ ਬਦਲਿਆ ਹੈ, ਆਗੇ ਆਗੇ ਦੇਖੀਏ ਹੋਤਾ ਹੈ ਕਿਆ? ਏਅਰ ਪੋਰਟ, ਸਟੇਡੀਅਮ ਤੇ ਸ਼ਹਿਰਾਂ ਦੇ ਨਾਂ ਬਦਲਦੇ, ਕਿਤੇ ਦੇਸ਼ ਦਾ ਨਾਂ ਹੀ ਨਾ ਬਦਲ ਦੇਣ! ਹਿੰਦੋਸਤਾਨ ਦਾ ਨਾਂ ਮੋਦੀਸਤਾਨ ਹੀ ਨਾ ਰੱਖ ਦੇਣ! ਸੁਤੰਤਰਤਾ ਸੰਗਰਾਮੀ ਸਰਦਾਰ ਵੱਲਭ ਭਾਈ ਪਟੇਲ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਨ। ਉਨ੍ਹਾਂ ਨੇ 562 ਰਿਆਸਤਾਂ ਨੂੰ ਭਾਰਤ ਨਾਲ ਜੋੜਿਆ। ਉਹ ਦੇਸ਼ ਦੇ ਹਰਮਨ ਪਿਆਰੇ ਨੇਤਾ ਸਨ। ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਦਾ ਮਟੇਰਾ ਕ੍ਰਿਕਟ ਸਟੇਡੀਅਮ, ਜੋ 1983 ਵਿਚ ਬਣਿਆ ਤੇ ਜਿਸ ਦਾ ਨਾਮ ਸਰਦਾਰ ਵੱਲਭ ਭਾਈ ਪਟੇਲ ਦੇ ਨਾਮ 'ਤੇ ਰੱਖਿਆ ਗਿਆ, ਉਹ ਦੁਨੀਆਂ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮਾਂ ਵਿਚੋਂ ਇਕ ਹੈ। ਉਸ ਉੱਤੇ ਕਰੋੜਾਂ ਰੁਪਏ ਖਰਚੇ ਗਏ। ਇਸ ਸਟੇਡੀਅਮ ਵਿਚ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਇਕ ਲੱਖ ਤੀਹ ਹਜ਼ਾਰ ਹੈ। ਬੀਤੇ ਦਿਨੀਂ ਦੇਸ਼ ਦਾ ਇਕ ਪ੍ਰਮੁੱਖ ਟੀ. ਵੀ. ਚੈਨਲ 11:36 ਮਿੰਟ 'ਤੇ ਖਬਰ ਦਿੰਦਾ ਹੈ ਕਿ ਸਰਦਾਰ ਵੱਲਭ ਭਾਈ ਪਟੇਲ ਕ੍ਰਿਕਟ ਸਟੇਡੀਅਮ ਦਾ ਉਦਘਾਟਨ ਦੇਸ਼ ਦੇ ਰਾਸ਼ਟਰਪਤੀ ਅਤੇ ਗ੍ਰਹਿ ਮੰਤਰੀ ਕਰਨਗੇ, ਪਰ ਉਹੀ ਚੈਨਲ 92 ਮਿੰਟ ਬਾਅਦ ਯਾਨਿ ਦੁਪਹਿਰ 1:08 ਮਿੰਟ 'ਤੇ ਖਬਰ ਬਦਲਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕ੍ਰਿਕਟ ਸਟੇਡੀਅਮ ਦਾ ਉਦਘਾਟਨ ਦੇਸ਼ ਦੇ ਰਾਸ਼ਟਰਪਤੀ ਸ੍ਰੀ ਕੋਵਿੰਦ ਰਾਮ ਕਰਨਗੇ। ਸ਼ਾਨਦਾਰ ਸਮਾਗਮ ਵਿਚ ਭਾਵੇਂ ਰਾਸ਼ਟਰਪਤੀ ਕੋਵਿੰਦ ਰਾਮ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਉਨ੍ਹਾਂ ਦਾ ਕ੍ਰਿਕਟ ਕਿੰਗ ਬੇਟਾ ਜੈ ਸ਼ਾਹ, ਗਵਰਨਰ ਗੁਜਰਾਤ, ਗੁਜਰਾਤ ਦਾ ਖੇਡ ਮੰਤਰੀ ਅਤੇ ਹੋਰ ਵੱਡੀਆਂ ਸ਼ਖਸੀਅਤਾਂ ਪੁੱਜੀਆਂ, ਪਰ ਗੁਜਰਾਤ ਦੇ ਮੁੱਖ ਮੰਤਰੀ ਨੂੰ ਇਸ ਸਮਾਗਮ ਵਿਚ ਬੁਲਾਉਣਾ ਉਚਿਤ ਨਾ ਸਮਝਿਆ ਗਿਆ। ਆਏ ਨੇਤਾਵਾਂ ਨੇ ਪ੍ਰਧਾਨ ਮੰਤਰੀ ਮੋਦੀ ਦੀਆਂ ਤਾਰੀਫਾਂ ਦੇ ਉਹ ਪੁਲ ਬੰਨ੍ਹੇ ਕਿ ਰਹੇ ਰੱਬ ਦਾ ਨਾਂ! ਕੋਈ ਦੱਸੇ ਭਲਾ ਕ੍ਰਿਕਟ ਦੀ ਖੇਡ ਜਾਂ ਹੋਰਨਾਂ ਖੇਡਾਂ ਨੂੰ ਉਨ੍ਹਾਂ ਦੀ ਦੇਣ ਕੀ ਹੈ?

ਕੇਵਲ ਕ੍ਰਿਕਟ ਸਟੇਡੀਅਮ ਦਾ ਨਾਂ ਹੀ ਨਰਿੰਦਰ ਮੋਦੀ ਦੇ ਨਾਮ ਨਹੀਂ ਕੀਤਾ, ਸਗੋਂ ਸਟੇਡੀਅਮ ਦਾ ਇਕ ਬਲਾਕ ਰਿਲਾਇੰਸ ਕੰਪਨੀ ਦੇ ਨਾਮ ਲਾਇਆ ਗਿਆ। ਇਕ ਹੋਰ ਬਲਾਕ ਦਾ ਨਾਮ ਅਡਾਨੀ ਦੇ ਨਾਮ 'ਤੇ ਰੱਖਿਆ ਗਿਆ। ਗੁਜਰਾਤ ਦਾ ਅੰਤਰਰਾਸ਼ਟਰੀ ਏਅਰਪੋਰਟ, ਜੋ ਵੱਲਭ ਭਾਈ ਪਟੇਲ ਦੇ ਨਾਮ 'ਤੇ ਸੀ, ਉਸ ਦਾ ਨਾਮ ਬਦਲ ਕੇ ਵੀ ਅਡਾਨੀ ਏਅਰਪੋਰਟ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਹੈ ਕਿ 3000 ਕਰੋੜ ਦੀ ਲਾਗਤ ਨਾਲ ਸਰਦਾਰ ਪਟੇਲ ਦੀ ਵਿਸ਼ਾਲ ਮੂਰਤੀ ਤਾਂ ਬਣ ਸਕਦੀ ਹੈ, ਪਰ ਸਟੇਡੀਅਮ ਅਤੇ ਏਅਰ ਪੋਰਟ ਦੇ ਨਾਮ ਕਿਉਂ ਬਦਲੇ ਗਏ? 1947 ਦੀ ਦੇਸ਼ ਵੰਡ ਵੇਲੇ ਜਦੋਂ ਸਰਦਾਰ ਪਟੇਲ ਗ੍ਰਹਿ ਮੰਤਰੀ ਸਨ ਤਾਂ ਉਨ੍ਹਾਂ ਨੇ ਆਰ. ਐੱਸ. ਐੱਸ. 'ਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਸੀ, ਕਿਉਂਕਿ ਉਹ ਦੇਸ਼ ਵਿਚ ਫਿਰਕੂ ਭਾਵਨਾਵਾਂ ਅਤੇ ਹਿੰਦੂਤਵ ਨੂੰ ਬੜਾਵਾ ਦੇ ਰਹੀ ਸੀ। ਸਰਦਾਰ ਪਟੇਲ ਵਰਗੇ ਨਿੱਡਰ ਲੀਡਰ ਅੱਜ ਦੇ ਚਾਪਲੂਸ ਲੀਡਰਾਂ ਵਰਗੇ ਨਹੀਂ ਸਨ। ਉਨ੍ਹਾਂ ਵਿਚ ਸੱਚ ਨੂੰ ਸੱਚ ਕਹਿਣ ਦੀ ਅਤੇ ਸਹੀ ਫੈਸਲੇ ਲੈਣ ਦੀ ਹਿੰਮਤ ਸੀ, ਜਿਸ ਦੀ ਕੀਮਤ ਉਨ੍ਹਾਂ ਨੂੰ ਮਰਨ ਉਪਰੰਤ ਚੁਕਾਉਣੀ ਪੈ ਰਹੀ ਹੈ। ਉਸ ਦੇ ਉਲਟ ਅਜੋਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚ ਹੁਣ ਤਾਨਾਸ਼ਾਹ ਅਡੌਲਫ ਹਿਟਲਰ ਦੀ ਰੂਹ ਪ੍ਰਵੇਸ਼ ਕਰ ਗਈ ਹੈ। 1933 ਵਿਚ ਹਿਟਲਰ ਨੇ ਵੀ ਸਟੁੱਟਗਾਰਡ ਫੁੱਟਬਾਲ ਸਟੇਡੀਅਮ ਦਾ ਨਾਮ ਬਦਲ ਕੇ ਅਡੌਲਫ ਹਿਟਲਰ ਸਟੇਡੀਅਮ ਰੱਖ ਦਿੱਤਾ ਸੀ।

---

ਜਗਰੂਪ ਸਿੰਘ ਜਰਖੜ ਦੀ ਜਦੋਜਹਿਦ ਲਗਾਤਾਰ ਜਾਰੀ ਹੈ। ਉਸ ਦੇ ਭਵਿੱਖ ਦਾ ਟੀਚਾ ਇਹੋ ਹੈ ਕਿ ਜ਼ਿੰਦਗੀ ਦੇ ਜਿੰਨੇ ਸਾਹ ਬਾਕੀ ਹਨ, ਉਹ ਜਰਖੜ ਖੇਡਾਂ, ਮਾਤਾ ਸਾਹਿਬ ਕੌਰ ਸਟੇਡੀਅਮ ਅਤੇ ਖੇਡ ਮੈਦਾਨਾਂ ਤੇ ਖਿਡਾਰੀਆਂ ਨੂੰ ਸਮਰਪਿਤ ਹੋਣਗੇ। ਉਸ ਅੱਗੇ ਜਰਖੜ ਵਿਖੇ ਹਾਕੀ ਦੀ ਵੱਡੀ ਐਸਟਰੋਟਰਫ ਲਗਵਾਉਣ ਦਾ ਟੀਚਾ ਹੈ ਅਤੇ ਜਰਖੜ ਹਾਕੀ ਅਕੈਡਮੀ 'ਚੋਂ ਹਰ ਵਾਰ ਘੱਟੋ-ਘੱਟ ਦੋ ਓਲੰਪੀਅਨ ਦੇਸ਼ ਨੂੰ ਦੇਣ ਦਾ ਨਿਸ਼ਾਨਾ ਹੈ। ਬਾਕੀ ਰੱਬ ਦੀ ਰਜ਼ਾ ਹੈ ਕਿ ਉਸ ਨੂੰ ਕੀ ਮਨਜ਼ੂਰ ਹੈ? ਜ਼ਿੰਦਗੀ ਦਾ ਜੋ ਤਿਲ ਫੁੱਲ ਹੈ, ਉਹ ਖੇਡਾਂ ਦੇ ਲੇਖੇ ਲਾਈ ਜਾ ਰਿਹੈ। ਇਸੇ ਲਈ ਕਿਹਾ ਜਾਂਦੈ ਕਿ ਉਹ ਜਰਖੜ ਖੇਡਾਂ ਥੰਮ੍ਹ ਹੈ।

# ਬੈਚ ਫੁੱਲ ਦਵਾਈ ਐਲਮ: ਜ਼ਿੰਮੇਵਾਰੀ ਦਾ ਭਾਰ

ਬੈਚ ਫੁੱਲ ਦਵਾਈ ਐਲਮ (Elm) ਬੜੇ ਕੰਮ ਦੀ ਦਵਾਈ ਹੈ। ਅਮਰੀਕਾ, ਕੈਨੇਡਾ ਤੇ ਹੋਰ ਵਿਕਸਿਤ ਦੇਸਾਂ ਦੀ ਕੰਮ ਕਰਦੀ ਜਨ ਸੰਖਿਆ ਲਈ ਤਾਂ ਇਸ ਦੀ ਬੇਹੱਦ ਲੋੜ ਹੈ। ਸਮਝ ਨਹੀਂ ਆਉਂਦਾ ਕਿ ਚੀਨ, ਜਾਪਾਨ ਤੇ ਰੂਸ ਵਰਗੇ ਸਨਅਤੀ ਦੇਸਾਂ ਦੇ ਕੰਮ ਦੇ ਬੋਝ ਹੇਠ ਦਬੇ ਲੋਕ ਇਸ ਦੀ ਮਦਦ ਤੋਂ ਬਿਨਾ ਕਿਵੇਂ ਗੁਜ਼ਾਰਾ ਕਰਦੇ ਹੋਣਗੇ! ਨਾ ਜਾਣੇ ਬਿਲ ਗੇਟਸ, ਸਟੀਵ ਜਾਬਸ, ਜ਼ੁਕਰਬਰਗ ਜਿਹੇ ਤਕਨਾਲੋਜੀ ਮੋਢੀਆਂ ਨੇ ਆਪਣੇ ਸ਼ੁਰੂਆਤੀ ਤਣਾਓ-ਪੂਰਨ ਪਲਾਂ ਵਿਚ ਇਸ ਤੋਂ ਬਿਨਾ ਕਿਵੇਂ ਸਾਰਿਆ ਹੋਵੇਗਾ!

ਡਾ. ਐਡਵਰਡ ਬੈਚ, ਜਿਸ ਨੇ ਬੈਚ ਫੁੱਲ ਦਵਾਈਆਂ ਦੀ ਖੋਜ ਕੀਤੀ ਹੈ, ਐਲਮ ਬਾਰੇ ਲਿਖਦਾ ਹੈ, "ਜੋ ਲੋਕ ਮਾਨਵਤਾ ਦੇ ਭਲੇ ਲਈ ਚੰਗਾ ਕੰਮ ਕਰ ਰਹੇ ਹੁੰਦੇ ਹਨ, ਆਪਣੇ ਕਿੱਤੇ ਦੀ ਮੰਗ ਨੂੰ ਮੁੱਖ ਰੱਖ ਕੇ ਕਿਸੇ ਮਹਾਨ ਕਾਰਜ ਵਿਚ ਜੁਟੇ ਹੁੰਦੇ ਹਨ ਤਾਂ ਉਨ੍ਹਾਂ ਵਿਚ ਸਮੇਂ ਸਮੇਂ ਤੇ ਉਦਾਸੀ ਦੀ ਭਾਵਨਾ ਆ ਜਾਂਦੀ ਹੈ। ਜਦੋਂ ਉਹ ਮਹਿਸੂਸ ਕਰਨ ਲਗਦੇ ਹਨ ਕਿ ਇਹ ਮਹਾਨ ਕੰਮ ਬੜਾ ਮੁਸ਼ਕਿਲ ਹੈ ਤੇ ਉਨ੍ਹਾਂ ਤੋਂ ਹੋ ਨਹੀਂ ਸਕੇਗਾ ਤਾਂ ਉਹ ਸੋਚਣ ਲਗਦੇ ਹਨ ਕਿ ਸ਼ਾਇਦ ਇਹ ਕਿਸੇ ਲਈ ਵੀ ਕਰਨਾ ਅਸੰਭਵ ਹੈ।" ਉਸ ਅਨੁਸਾਰ ਕੰਮ ਦੇ ਬੋਝ ਹੇਠ ਦਬੇ ਜ਼ਿੰਮੇਦਾਰ ਵਿਅਕਤੀਆਂ ਦੀ ਅਜਿਹੀ ਦਿਲਗੀਰ ਅਵਸਥਾ ਦਾ ਇਲਾਜ ਐਲਮ ਹੈ।

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਸੇ ਗੱਲ ਨੂੰ ਸਰਲਤਾ ਨਾਲ ਬਿਆਨ ਕਰਦਿਆਂ ਡਾ. ਸੋਹਨ ਲਾਲ ਤੇ ਮੋਹਨ ਰਾਜ ਲਿਖਦੇ ਹਨ, 'ਜਦੋਂ ਕਿਸੇ ਜ਼ਿੰਮੇਵਾਰ, ਉਤਸ਼ਾਹੀ ਤੇ ਸਮਰੱਥ ਵਿਅਕਤੀ ਦੀ ਜ਼ਿੰਦਗੀ ਵਿਚ ਅਜਿਹੇ ਮੌਕੇ ਆਉਣ ਕਿ ਉਹ ਆਪਣੇ ਕੰਮ ਦੇ ਭਾਰ ਨੂੰ ਦੇਖ ਕੇ ਘਬਰਾ ਜਾਵੇ ਤੇ ਛੋਟੇ ਛੋਟੇ ਕਾਰਨਾਂ ਕਰ ਕੇ ਦਿਲ ਛੱਡ ਜਾਵੇ, ਅਤੇ ਸਮਝੇ ਕਿ ਉਹ ਇਸ ਨੂੰ ਨੇਪਰੇ ਨਹੀਂ ਚਾੜ੍ਹ ਪਾਵੇਗਾ, ਤਾਂ ਐਲਮ ਫੁੱਲ-ਦਵਾਈ ਅਜਿਹੇ ਵਿਅਕਤੀ ਵਿਚ ਉਸ ਕਾਰਜ ਨੂੰ ਸਹੀ ਸਲਾਮਤ ਪੂਰਾ ਕਰਨ ਦੀ ਤਾਕਤ ਪੈਦਾ ਕਰਦੀ ਹੈ।'

ਇਨ੍ਹਾਂ ਵਿਆਖਿਆਵਾਂ ਵਿਚ ਕੁਝ ਗੱਲਾਂ ਸਾਂਝੀਆਂ ਹਨ, ਜੋ ਨੋਟ ਕਰਨ ਵਾਲੀਆਂ ਹਨ। ਸਭ ਤੋਂ ਪਹਿਲਾਂ "ਮਹਾਨ ਕਾਰਜ" ਜਾਂ "ਜ਼ਿੰਮੇਵਾਰੀ" ਵਾਲੇ ਕਾਰਜ ਦੀ ਗੱਲ ਕੀਤੀ ਹੈ, ਜਿਸ ਨੂੰ ਸਮਝਣਾ ਬੜਾ ਜਰੂਰੀ ਹੈ। ਆਪਣੇ ਦਿਨ ਪ੍ਰਤੀ ਦਿਨ ਦੇ ਛੋਟੇ ਮੋਟੇ ਕੰਮ ਤਾਂ ਹਰ ਕੋਈ ਕਰਦਾ ਹੈ। ਕਦੇ ਕਦੇ ਉਹ ਉਨ੍ਹਾਂ ਨੂੰ ਰੱਦ ਕਰਨ ਦਾ ਵਿਚਾਰ ਵੀ ਬਣਾ ਦਿੰਦਾ ਹੈ। ਇਨ੍ਹਾਂ ਨੂੰ ਕਰਨ ਜਾਂ ਨਾ ਕਰਨ ਨਾਲ ਉਸ ਨੂੰ ਜਾਂ ਕਿਸੇ ਹੋਰ ਨੂੰ ਬਹੁਤਾ ਫਰਕ ਨਹੀਂ ਪੈਂਦਾ, ਕਿਉਂਕਿ ਇਨ੍ਹਾਂ ਨੂੰ ਕਰਨ ਲਈ ਕਿਸੇ ਦਾ ਕੁਝ ਵੀ ਦਾਅ 'ਤੇ ਨਹੀਂ ਲੱਗਾ ਹੁੰਦਾ। ਇਨ੍ਹਾਂ ਨੂੰ ਨੇਪਰੇ ਚਾੜ੍ਹਨਾ, ਅੱਧਵਾਟੇ ਛੱਡਣਾ ਜਾਂ ਅੱਗੇ ਪਿੱਛੇ ਕਰ ਕੇ ਕਰਨਾ ਉਨ੍ਹਾਂ ਦੀ ਇੱਛਾ ਤੇ ਨਿਰਭਰ ਕਰਦਾ ਹੈ, ਨਾ ਕਿ ਉਨ੍ਹਾਂ ਦੀ ਇੱਛਾ-ਸ਼ਕਤੀ 'ਤੇ। ਮਿਸਾਲ ਵਜੋਂ ਜੇ ਕਿਸੇ ਦਾ ਕਿਸੇ ਦਿਨ ਨਹਾਉਣ ਨੂੰ ਦਿਲ ਨਾ ਕਰੇ ਜਾਂ ਉਹ ਲੇਟ ਕੇ ਆਰਾਮ ਕਰਨਾ ਚਾਹੇ ਜਾਂ ਇਕ ਦਿਨ ਹੋਮ-ਵਰਕ ਦੀ ਛੁੱਟੀ ਕਰਨਾ ਚਾਹੇ, ਤਾਂ ਉਹ ਐਲਮ ਦਾ ਮਰੀਜ਼ ਨਹੀਂ ਬਣ ਜਾਂਦਾ। ਇਹ ਗੱਲਾਂ ਉਸ ਦੀ ਇੱਛਾ-ਸ਼ਕਤੀ ਨੂੰ ਨਹੀਂ ਵੰਗਾਰਦੀਆਂ, ਪਰ ਜੇ ਘਰ ਚਲਾਉਣ ਵਿਚ ਮਹਾਨ ਭੂਮਿਕਾ ਨਿਭਾਉਣ ਵਾਲੀ ਕੋਈ ਤ੍ਰੀਮਤ ਸੋਚੇ ਕਿ ਉਸ ਨੂੰ ਵੀਹ ਸਾਲ ਹੋ ਗਏ ਰੋਟੀਆਂ ਪਕਾਉਂਦੀ ਨੂੰ ਅਜੇ ਇਸ ਕੰਮ ਦਾ ਅੰਤ ਦਿਖਾਈ ਨਹੀਂ ਦਿੰਦਾ। ਉਹ ਦਿਲ ਛੱਡ ਜਾਵੇ ਕਿ ਇੰਨਾ ਭਾਰਾ ਲਗਾਤਾਰ ਕੰਮ ਕਰਦੇ ਰਹਿਣਾ ਉਸ ਦੇ ਵੱਸ ਦੀ ਗੱਲ ਨਹੀਂ ਹੈ। ਫਿਰ ਉਹ ਨਿਰਾਸ਼ ਹੋ ਕੇ ਮੰਜੇ 'ਤੇ ਪੈ ਜਾਵੇ ਤੇ ਉਸ ਦਾ ਟੱਬਰ ਭੁੱਖਾ ਬੈਠੇ। ਇਸ ਭਾਰ ਦੀ ਮਾਰੀ ਤ੍ਰੀਮਤ ਨੂੰ ਐਲਮ ਦੀ ਤੁਰੰਤ ਲੋੜ ਹੈ। ਇਸੇ ਤਰ੍ਹਾਂ ਜੇ ਕੋਈ ਘਰ ਬਾਰੀ ਮਨੁੱਖ ਕਬੀਲਦਾਰੀ ਦੇ ਬੋਝ ਕਾਰਨ ਬਣਵਾਸ ਜਾਣ ਜਾਂ ਆਤਮਘਾਤ ਕਰਨ ਦੀ ਗੱਲ ਸੋਚੇ ਤਾਂ ਸਮਝੋ ਉਹ ਐਲਮ ਦਾ ਮਰੀਜ਼ ਹੈ ਤੇ ਇਹ ਫੁੱਲ ਦਵਾਈ ਉਸ ਨੂੰ ਤੁਰੰਤ ਦੇਣੀ ਬਣਦੀ ਹੈ।

ਇਤਿਹਾਸ ਵਿਚ ਐਸੇ ਮੌਕੇ ਵੀ ਆਏ ਹਨ, ਜਦੋਂ ਇਹ ਦਵਾਈ ਦੇਸਾਂ ਦੇ ਨਕਸ਼ੇ ਅਤੇ ਤਾਰੀਖਾਂ ਬਦਲ ਸਕਦੀ ਸੀ। ਸਿਕੰਦਰ ਮਹਾਨ ਯੂਨਾਨ ਤੋਂ ਸੰਸਾਰ ਜਿੱਤਣ ਦਾ ਸੁਪਨਾ ਲੈ ਕੇ ਚੱਲਿਆ। ਪੱਛਮੀ ਏਸ਼ੀਆ ਦਾ ਵੱਡਾ ਭਾਗ ਆਸਾਨੀ ਨਾਲ ਫਤਹਿ ਕਰਨ ਤੋਂ ਬਾਅਦ ਉਸ ਨੇ ਭਾਰਤਵਰਸ਼ ਦੀ ਸਰਹੱਦ 'ਤੇ ਪੈਰ ਧਰਿਆ। ਰਾਜਾ ਪੋਰਸ ਨਾਲ ਲੜ ਕੇ ਉਸ ਨੂੰ ਪਤਾ ਲੱਗ ਗਿਆ ਕਿ ਅਗਲੀ ਮੁਹਿੰਮ ਔਖੀ ਹੈ। ਮਗੁਧ ਦੇ ਨੰਦ ਸ਼ਾਮਰਾਜ ਦੀ ਤਾਕਤ ਨਾਲ ਲੋਹਾ ਲੈਣ ਬਾਰੇ ਸੋਚ ਕੇ ਤਾਂ ਉਸ ਦੇ ਹੌਸਲੇ ਨੂੰ ਤ੍ਰੇਲੀਆਂ ਆਉਣ ਲੱਗੀਆਂ। ਆਪਣਾ ਪ੍ਰਯੋਜਨ ਵਿਚੇ ਛੱਡ ਕੇ ਉਹ ਬਿਆਸ ਨਦੀ ਤੋਂ ਹੀ ਪਿੱਛੇ ਮੁੜ ਗਿਆ। ਸੂਰਬੀਰ ਹੁੰਦਾ ਹੋਇਆ ਵੀ ਉਹ ਦਿਲਗੀਰ ਹੋਣੋਂ ਨਾ ਬਚ ਸਕਿਆ। ਜੇ ਉਸ ਵੇਲੇ ਬੈਚ ਫੁੱਲ-ਦਵਾਈਆਂ ਦਾ ਗਿਆਨ ਹੁੰਦਾ ਤੇ ਉਸ ਨੇ ਐਲਮ ਦਵਾਈ ਲੈ ਲਈ ਹੁੰਦੀ ਤਾਂ ਉਸ ਦਾ ਦਿਲ ਮੁੜ ਕਾਇਮ ਹੋ ਜਾਣਾ ਸੀ। ਫਿਰ ਨਾ ਉਹ ਵਾਪਸ ਮੁੜਦਾ, ਨਾ ਉਸ ਨੂੰ ਮਲੇਰੀਆ ਹੁੰਦਾ ਤੇ ਨਾ ਉਹ ਮਰਦਾ। ਫਿਰ ਉਹ ਦੂਜੇ ਦੇਸਾਂ ਵਾਂਗ ਭਾਰਤ ਨੂੰ ਵੀ ਜਿੱਤਦਾ, ਇਸ 'ਤੇ ਰਾਜ ਕਰਦਾ। ਉਸ ਦੇ ਲੰਮੇ ਰਾਜ ਵਿਚ ਸ਼ਾਇਦ ਯੂਨਾਨੀ ਤੇ ਵੈਦਿਕ ਸਭਿਅਤਾਵਾਂ ਦੇ ਸੁਮੇਲ ਨਾਲ ਇਕ ਨਵੀਂ ਜੁਝਾਰੂ ਸਭਿਅਤਾ ਜਨਮ ਲੈਂਦੀ, ਜੋ ਮੱਧ-ਕਾਲੀ ਵਿਦੇਸ਼ੀ ਧਾੜਵੀਆਂ ਦੇ ਮੂੰਹ ਮੋੜਦੀ। ਫਿਰ ਸ਼ਾਇਦ ਭਾਰਤ ਦੀਆਂ ਹੱਦਾਂ ਵੀ ਕੁਝ ਹੋਰ ਮੋਕਲੀਆਂ ਹੁੰਦੀਆਂ। ਫਿਰ ਸ਼ਾਇਦ ਅਜਿਹਾ ਹੋਰ ਬੜਾ ਕੁਝ ਹੁੰਦਾ ਅਤੇ ਜੋ ਕੁਝ ਅੱਜ ਹੋ ਰਿਹਾ ਹੈ, ਸ਼ਾਇਦ ਉਹ ਨਾ ਹੁੰਦਾ।

ਕ੍ਰਿਸਟੋਫਰ ਕੋਲੰਬਸ ਨੇ ਸੁਣਿਆ ਸੀ ਕਿ ਦੁਨੀਆਂ ਗੋਲ ਹੈ, ਇਸ ਲਈ ਉਹ ਸਮਝਣ ਲੱਗਾ ਕਿ ਸੋਨੇ ਦੀ ਚਿੜੀਆ ਭਾਰਤ ਵਿਚ ਪੱਛਮ ਵਲੋਂ ਐਟਲਾਂਟਿਕ ਸਾਗਰ ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ। ਸਪੇਨ ਦੇ ਸ਼ਾਹੀ ਦੰਪਤੀ ਫਰਡੀਨੈਂਡ ਦੂਜੇ ਤੇ ਮਹਾਰਾਣੀ ਇਜ਼ਾਬੈਲਾ ਤੋਂ ਵਿੱਤੀ ਮਦਦ ਲੈ ਕੇ ਉਹ ਇਕ ਸਮੁੰਦਰੀ ਬੇੜੇ ਵਿਚ ਸਵਾਰ ਹੋ ਕੇ ਪੱਛਮ ਵਾਲੇ ਪਾਸੇ ਤੋਂ ਭਾਰਤ ਦਾ ਨਵਾਂ ਰਾਹ ਲੱਭਣ ਲਈ ਰਵਾਨਾ ਹੋਇਆ। ਉਸ ਦੇ ਬੇੜੇ ਵਿਚ ਕਈ ਮਲਾਹ, ਕਈ ਸਹਾਇਕ ਤੇ ਕਈ ਗੁਲਾਮ ਸ਼ਾਮਲ ਸਨ, ਜੋ ਉਹ ਰਾਜੇ ਤੋਂ ਨਾਲ ਲੈ ਕੇ ਚਲਿਆ ਸੀ। ਕੁਝ ਦਿਨਾਂ ਦੇ ਸਫਰ ਤੋਂ ਬਾਅਦ ਇਨ੍ਹਾਂ ਵਿਚੋਂ ਕਈਆਂ ਦੇ ਦਿਲ ਢਹਿਣੇ ਸ਼ੁਰੂ ਹੋ ਗਏ। ਉਹ ਸਮਝਣ ਲੱਗੇ ਕਿ ਕੋਲੰਬਸ ਦਾ ਮਿਸ਼ਨ ਬੇਹੁਦਾ ਹੈ, ਜਿਸ ਦਾ ਕੋਈ ਸਿੱਟਾ ਨਹੀਂ ਨਿਕਲੇਗਾ। ਐਟਲਾਂਟਿਕ ਸਾਗਰ ਪਾਰ ਕਰਦੇ ਹੀ ਧਰਤੀ ਦਾ ਕੰਢਾ ਆ ਜਾਵੇਗਾ ਤੇ ਉਹ ਇਸ ਤੋਂ ਹੇਠ ਡਿਗ ਪੈਣਗੇ। ਇਸ ਲਈ ਉਨ੍ਹਾਂ ਨੇ ਵਾਪਸ ਜਾਣ ਲਈ ਬਗਾਵਤ ਕਰ ਦਿੱਤੀ। ਕੋਲੰਬਸ ਨੇ ਉਨ੍ਹਾਂ ਨੂੰ ਕਈ ਕਿਸਮ ਦੇ ਡਰ, ਡਰਾਬੇ ਤੇ ਦਿਲਾਸੇ ਦੇ ਕੇ ਰੋਕਿਆ। ਉਸ ਵੇਲੇ ਇਨ੍ਹਾਂ ਵਿਦਰੋਹੀ ਮਲਾਹਾਂ ਨੂੰ ਐਲਮ ਦੀ ਲੋੜ ਸੀ। ਜੇ ਉਨ੍ਹਾਂ ਵੇਲਿਆਂ ਵਿਚ ਇਸ ਦਵਾਈ ਦਾ ਪਤਾ ਹੁੰਦਾ ਤੇ ਕੋਲੰਬਸ ਕੋਲ ਇਹ ਉਪਲਭਦ ਹੁੰਦੀ ਤਾਂ ਉਸ ਨੂੰ ਮਲਾਹਾਂ ਦੀ ਵਿਰੋਧਤਾ ਦਾ ਸਾਹਮਣਾ ਨਾ ਕਰਨਾ ਪੈਂਦਾ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜੇ ਉਹ ਖੁਦ ਐਲਮ ਦੇ ਰਿਣਾਤਮਿਕ ਸੰਕੇਤਾਂ ਦਾ ਸ਼ਿਕਾਰ ਹੋ ਗਿਆ ਹੁੰਦਾ ਤਾਂ ਇਸ ਬਿਨਾ ਅਮਰੀਕਾ ਦੀ ਖੋਜ ਕਹਾਣੀ ਹੀ ਕੁਝ ਹੋਰ ਹੁੰਦੀ।

ਮਹਾਂਭਾਰਤ ਦੀ ਜੰਗ ਦਾ ਭਾਵੇਂ ਕੋਈ ਇਤਿਹਾਸ ਨਹੀਂ, ਪਰ ਇਸ ਦੀ ਇਤਿਹਾਸਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਕੁਝ ਵੇਰਵੇ ਤੇ ਕੁਝ ਅਵਸ਼ੇਸ਼ ਇਸ ਦੀ ਇਤਿਹਾਸਕ ਪ੍ਰਮਾਣਿਕਤਾ ਦਾ ਦਮ ਭਰਦੇ ਹਨ। ਇਸ ਪੁਰਾਤਨ ਗਾਥਾ ਵਿਚ ਵੀ ਕਈ ਅਜਿਹੀਆਂ ਪ੍ਰਸਥਿਤੀਆਂ ਦਾ ਵਰਣਨ ਹੈ, ਜਦੋਂ ਫੁੱਲ ਦਵਾਈ ਐਲਮ ਸੌ ਫੀਸਦੀ ਕਾਰਆਮਦ ਹੋ ਸਕਦੀ ਸੀ। ਕਈ ਹਜ਼ਾਰ ਕੌਰਵ ਸੈਨਾ ਦਾ ਹੜ੍ਹ ਦੇਖ ਕੇ ਪਾਂਡੂ ਸੈਨਾ ਦਾ ਜਰਨੈਲ ਅਰਜਨ ਸੋਚਣ ਲੱਗਾ ਕਿ ਉਹ ਲੜ ਨਹੀਂ ਪਾਵੇਗਾ। ਉਹ ਕੌਰਵਾਂ ਦੀ ਸੈਨਾ ਨੂੰ ਲੜ ਕੇ ਹਰਾ ਤਾਂ ਸਕਦਾ ਸੀ, ਪਰ ਉਸ ਸੈਨਾ ਵਿਚ ਉਸ ਦੇ ਆਪਣੇ ਸਕੇ ਸਬੰਧੀ ਬਹੁਤ ਸਨ, ਜਿਨ੍ਹਾਂ ਵਿਰੁਧ ਉਸ ਨੂੰ ਲੜਨਾ ਮੁਸ਼ਕਿਲ ਲਗਦਾ ਸੀ। ਇੰਨੇ ਸਾਰੇ ਮਿੱਤਰ ਪਿਆਰਿਆਂ ਨੂੰ ਮੌਤ ਦੇ ਘਾਟ ਉਤਾਰਨਾ ਉਸ ਲਈ ਭਾਰੀ ਚਣੌਤੀ ਕੰਮ ਸੀ ਤੇ ਉਹ ਇਸ ਦੇ ਬੋਝ ਹੇਠ ਦਬ ਕੇ ਦਿਲ ਛੱਡ ਗਿਆ। ਇਤਫਾਕਵਸ ਉਸ ਦੇ ਰਥ ਨੂੰ ਉਸ ਵੇਲੇ ਦਾ ਸਭ ਤੋਂ ਦੂਰਅੰਦੇਸ਼ ਸਿਆਸਤਦਾਨ ਤੇ ਜੰਗੀ ਮਾਹਰ ਰਾਜਾ ਕ੍ਰਿਸ਼ਨ ਖੁਦ ਚਲਾ ਰਿਹਾ ਸੀ। ਉਸ ਨੇ ਉਸ ਨੂੰ ਆਪਣੀ ਫਿਲਾਸਫੀ ਦੇ ਸਬੰਧਤ ਤਰਕ, ਜੋ ਹੁਣ ਸੰਸਾਰ ਪ੍ਰਸਿੱਧ ਪੁਸਤਕ ਗੀਤਾ ਵਿਚ ਦਰਜ ਹਨ, ਸੁਣਾ ਕੇ ਮੁੜ ਪੈਰਾਂ ਸਿਰ ਕੀਤਾ। ਉਹ ਲੜਿਆ ਤੇ ਜੰਗ ਜਿੱਤਣ ਵਿਚ ਸਫਲ ਹੋਇਆ। ਅਰਜਨ ਨਾ ਕਮਜ਼ੋਰ ਸੀ ਤੇ ਨਾ ਡਰਪੋਕ ਸੀ। ਬਸ ਸਮੇਂ ਦੇ ਸਮੇਂ ਉਸ ਦਾ ਮਨੋਬਲ ਨੀਵਾਂ ਪੈ ਗਿਆ ਸੀ ਤੇ ਉਹ ਲੜਨ ਤੋਂ ਜਵਾਬ ਦੇ ਗਿਆ ਸੀ। ਜੇ ਉਸ ਵੇਲੇ ਫੁੱਲ ਦਵਾਈ ਐਲਮ ਹੁੰਦੀ ਤਾਂ ਇਸ ਦੀ ਇਕ ਖੁਰਾਕ ਨੇ ਹੀ ਉਸ ਦੇ ਢਹਿੰਦੇ ਹੌਸਲੇ ਨੂੰ ਤਕੜਾ ਕਰ ਦੇਣਾ ਸੀ। ਫਿਰ ਸ਼ਾਇਦ ਕ੍ਰਿਸ਼ਨ ਨੂੰ ਗੀਤਾ ਉਚਾਰਨ ਦੀ ਲੋੜ ਨਾ ਪੈਂਦੀ ਤੇ ਅੱਜ ਦਾ ਸੰਸਾਰ ਇਸ ਸੰਸਕ੍ਰਿਤ ਗ੍ਰੰਥ ਤੋਂ ਵਾਂਝਾ ਹੁੰਦਾ, ਪਰ ਇਸ ਦਾ ਮਤਲਬ ਕੋਈ ਇਹ ਵੀ ਨਾ ਲਈ ਤਿਆਰ ਹੋ ਜਾਵੇ ਤਾਂ ਉਸ ਵਿਚ ਉਤਸ਼ਾਹ ਦੀ ਤੋਟ ਆਈ ਹੁੰਦੀ ਹੈ। ਇਸ ਉਤਸ਼ਾਹ ਨੂੰ ਮੁੜ ਕਾਇਮ ਕਰਨ ਲਈ ਇਸ ਦਵਾਈ ਦੀ ਲੋੜ ਹੈ। ਕਿਸੇ ਵੀ ਕਾਰਜ ਦੀ ਸਫਲਤਾ ਲਈ ਇਸ ਉਤਸ਼ਾਹ ਦਾ ਬਣਿਆ ਰਹਿਣਾ ਜਰੂਰੀ ਹੈ। ਜੇ ਕੰਮ ਨਾਲ ਟੱਕਰ ਲੈਣ ਦੀ ਇਸ ਭਾਵਨਾ ਦਾ ਕੋਈ ਮਹੱਤਵ ਨਾ ਹੁੰਦਾ ਤਾਂ ਕੋਈ ਮੱਕੜੀ ਕੰਧ 'ਤੇ ਚੜ੍ਹਨ ਵਿਚ ਸਫਲ ਨਾ ਹੁੰਦੀ ਤੇ ਕੋਈ ਬਰੂਸ




ਸਮਝੇ ਕਿ ਐਲਮ ਖਾਣ ਨਾਲ ਗੀਤਾ ਦੀ ਵਿਚਾਰਧਾਰਾ ਸਮਝ ਵਿਚ ਆ ਜਾਵੇਗੀ ਜਾਂ ਗੀਤਾ ਦੇ ਪਾਠ ਦਾ ਫਲ ਮਿਲਣ ਲੱਗੇਗਾ। ਇਸ ਦੇ ਸੇਵਨ ਨਾਲ ਕੋਈ ਵਿਅਕਤੀ ਸੂਰਬੀਰ ਯੋਧਾ ਵੀ ਨਹੀਂ ਬਣ ਸਕੇਗਾ। ਇਹ ਤਾਂ ਬਸ ਮਾਯੂਸੀ ਦੇ ਵਕਤੀ ਆਲਮ ਨੂੰ ਦੂਰ ਕਰਦੀ ਹੈ।

ਹੋਰ ਤਾਂ ਹੋਰ, ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਪਹਿਲਾ ਗੁਰੂ ਸਾਹਿਬ ਦੇ ਚਾਲੀ ਸਿੰਘ ਵੀ ਹੌਸਲਾ ਛੱਡ ਗਏ ਸਨ। ਮੁਗਲਾਂ ਦੀ ਫੌਜ ਦੇ ਘੇਰੇ ਵਿਚ ਆਏ ਉਹ ਗੁਰੂ ਸਾਹਿਬ ਦੀ ਅਗਵਾਈ ਵਿਚ ਵਿਸ਼ਵਾਸ ਖੋ ਬੈਠੇ ਸਨ ਤੇ ਕਿਲਾ ਛੱਡਣ ਲਈ ਉਤਾਵਲੇ ਹੋ ਗਏ ਸਨ। ਗੁਰੂ ਸਾਹਿਬ ਦੀ ਕਿਸੇ ਬਹਾਦਰਾਨਾ ਦਲੀਲ ਦਾ ਉਨ੍ਹਾਂ ਉਤੇ ਕੋਈ ਅਸਰ ਨਾ ਹੋਇਆ। ਉਹ ਆਪਣੀ ਜਾਨ ਬਚਾਉਣ ਲਈ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਬਾਹਰ ਨਿਕਲ ਆਏ। ਜੇ ਉਸ ਵੇਲੇ ਵੀ ਬੈਚ ਰੈਮੇਡੀ ਐਲਮ ਹੁੰਦੀ ਤਾਂ ਇਹ ਉਨ੍ਹਾਂ ਦਿਲਗੀਰ ਸਿੰਘਾਂ ਦੀ ਸਿੱਖੀ ਸਿਦਕ ਤੇ ਜੰਗੀ ਗੈਰਤ ਨੂੰ ਜਗਾ ਦਿੰਦੀ। ਉਨ੍ਹਾਂ ਦਾ ਮੁੜ-ਸੁਰਜੀਤ ਉਤਸ਼ਾਹ ਮੁਗਲ ਫੌਜ ਦੇ ਛੱਕੇ ਛੁਡਾ ਕੇ ਅਨੰਦਪੁਰ ਸਾਹਿਬ ਦੀ ਤ੍ਰਾਸਦੀ ਨੂੰ ਕੋਈ ਸੁਖਾਲਾ ਮੋੜ ਦੇ ਸਕਦਾ ਸੀ, ਪਰ ਅਜਿਹਾ ਨਾ ਹੋ ਸਕਿਆ। ਦਰਅਸਲ ਇਤਿਹਾਸ ਵਿਚ ਕਿੰਨੀਆਂ ਹੀ ਹੋਰ ਫੈਸਲਾਕੁਨ ਲੜਾਈਆਂ ਹਨ, ਜਿਨ੍ਹਾਂ ਵਿਚ ਜਿੱਤ-ਹਾਰ ਦੇ ਪਾਸੇ ਕੇਵਲ ਹੌਸਲਾ-ਪਸਤੀ ਕਾਰਨ ਪਲਟੇ।

ਐਲਮ ਦਾ ਵਿਧਾਨ ਸਿੱਧਾ ਹੈ। ਕਈ ਵਾਰ ਅਸੀਂ ਸਭ ਕੁਝ ਸੋਚ ਵਿਚਾਰ ਕੇ ਕੋਈ ਵੱਡਾ ਪ੍ਰਯੋਜਨ ਵਿੱਡਦੇ ਹਾਂ। ਕੁਝ ਦੇਰ ਇਸ ਨੂੰ ਉਤਸ਼ਾਹ ਨਾਲ ਚਲਾਉਂਦੇ ਹਾਂ। ਫਿਰ ਕੰਮ ਇੰਨਾ ਵਧ ਜਾਂਦਾ ਹੈ, ਲਗਦਾ ਹੈ ਕਿ ਇਹ ਅੱਗੇ ਨਹੀਂ ਚਲ ਸਕੇਗਾ। ਇਸ ਦੇ ਪੁਨਰ-ਮੁਲਾਂਕਣ ਤੋਂ ਅਸੀਂ ਇਹ ਪਰਤੀਤ ਕਰਦੇ ਹਾਂ ਕਿ ਇੱਡਾ ਵੱਡਾ ਪੰਗਾ ਲੈਣ ਨਾਲੋਂ ਤਾਂ ਕੋਈ ਹੋਰ ਕੰਮ ਕਰ ਲੈਂਦੇ, ਜਿਸ ਨਾਲ ਜਿੰਦ ਵਧੇਰੇ ਸੁਖਾਲੀ ਰਹਿੰਦੀ। ਦੂਜਿਆਂ ਨੂੰ ਦੇਖ ਕੇ ਸੋਚਦੇ ਹਾਂ ਕਿ ਉਹ ਕੋਈ ਜੋਖਮ ਵਾਲਾ ਕੰਮ ਨਾ ਕਰ ਕੇ ਵੀ ਐਸ਼ ਵਿਚ ਹਨ। ਘੜੀ ਦੀ ਘੜੀ ਅਸੀਂ ਉਸ ਮਿਸ਼ਨ ਨੂੰ ਠੱਪ ਕਰਨ ਦੀ ਸੋਚਦੇ ਹਾਂ, ਭਾਵੇਂ ਉਹ ਕਿੰਨਾ ਹੀ ਲਾਭਕਾਰੀ ਕਿਉਂ ਨਾ ਹੋਵੇ ਜਾਂ ਆਪਣੇ ਸਿਖਰ 'ਤੇ ਆਇਆ ਹੀ ਕਿਉਂ ਨਾ ਹੋਵੇ। ਇਹ ਉਹ ਸਥਿਤੀ ਹੈ, ਜਦੋਂ ਸਾਡੇ ਵਿਚ ਐਲਮ ਦੇ ਧਨਾਤਮਿਕ ਗੁਣਾਂ ਦੀ ਘਾਟ ਹੁੰਦੀ ਹੈ। ਇਸ ਦੀ ਇਕੋ ਖੁਰਾਕ ਮਨ ਨੂੰ ਸਿਰ ਸੁੱਟ ਕੇ ਕਾਇਮ ਰਹਿਣ ਦਾ ਬਲ ਰੱਖਦੀ ਹੈ।

ਕਈ ਪਾਠਕ ਇਸ ਤੋਂ ਇਹ ਸਿੱਟਾ ਕੱਢ ਰਹੇ ਹੋਣਗੇ ਕਿ ਇਕ ਵਾਰ ਫੈਸਲਾ ਲੈ ਕੇ ਬਦਲਣਾ ਕਦੇ ਵੀ ਸਹੀ ਗੱਲ ਨਹੀਂ ਹੈ, ਤੇ ਜੇ ਬਦਲਣ ਦੀ ਇੱਛਾ ਉਤਪੰਨ ਹੋਵੇ ਤਾਂ ਉਸ ਨੂੰ ਰੋਕਣ ਲਈ ਐਲਮ ਲੈ ਲੈਣੀ ਚਾਹੀਦੀ ਹੈ। ਪਰ ਇਹ ਇੱਦਾਂ ਨਹੀਂ ਹੈ। ਜੇ ਕਿਸੇ ਠੋਸ ਕਾਰਨ ਕਰਕੇ ਕੋਈ ਫੈਸਲਾ ਬਦਲਣ ਦੀ ਲੋੜ ਪਵੇ ਤਾਂ ਕੋਈ ਸਮੱਸਿਆ ਨਹੀਂ, ਪਰ ਜੇ ਕੰਮ ਦੇ ਭਾਰ ਨੂੰ ਦੇਖ ਕੇ ਕੰਮ ਕਰਨ ਵਾਲਾ ਸਹਿਮ ਜਾਵੇ ਤੇ ਉਸ ਨੂੰ ਛੱਡ ਦੇਣ ਬਾਦਸ਼ਾਹ ਹਾਰ ਕੇ ਨਾ ਜਿਤਿਆ ਹੁੰਦਾ। ਫਿਰ ਤਾਂ ਸਭ ਅੰਗੂਰ ਖੱਟੇ ਹੁੰਦੇ ਤੇ ਇਨ੍ਹਾਂ ਨੂੰ ਛੱਡ ਕੇ ਭੱਜਣ ਵਾਲੀਆਂ ਲੂੰਬੜੀਆਂ ਦੀ ਬਹੁਤਾਤ ਹੁੰਦੀ। ਇਸ ਲਈ ਜੇ ਕਿਸੇ ਲੂੰਬੜੀ ਨੇ ਮਿੱਠਾ ਅੰਗੂਰ ਖਾਣਾ ਹੈ ਤਾਂ ਉਸ ਨੂੰ ਐਲਮ ਤਾਂ ਲੈਣੀ ਹੀ ਪਵੇਗੀ।

ਕਈ ਡਾਕਟਰ ਲਿਖਦੇ ਹਨ ਕਿ ਇਹ ਦਵਾਈ ਸਿਰਫ ਉਨ੍ਹਾਂ ਪ੍ਰਬੰਧਕਾਂ, ਹੈਡਮਾਸਟਰਾਂ ਤੇ ਕਾਰਖਾਨੇਦਾਰਾਂ ਲਈ ਹੈ, ਜਿਹੜੇ ਅਪਣੇ ਅਧੀਨ ਕਈ ਕਈ ਕਾਮੇ ਰੱਖਦੇ ਹਨ ਤੇ ਵੱਡੇ ਵੱਡੇ ਅਦਾਰੇ ਚਲਾਉਂਦੇ ਹਨ; ਪਰ ਅਜਿਹਾ ਕੁਝ ਨਹੀਂ ਹੈ। ਬਿਮਾਰ ਆਖਰ ਬੰਦੇ ਹੁੰਦੇ ਹਨ, ਅਦਾਰੇ ਤੇ ਪ੍ਰਬੰਧਨ ਨਹੀਂ। ਹਰ ਬੰਦੇ ਦੇ ਆਪਣੇ ਲਕਸ਼ ਤੇ ਪ੍ਰਯੋਜਨ ਹੁੰਦੇ ਹਨ, ਛੋਟੇ ਦੇ ਛੋਟੇ ਤੇ ਵੱਡੇ ਦੇ ਵੱਡੇ। ਛੋਟੇ ਨੇ ਛੋਟੇ ਕੰਮ ਦੇ ਭਾਰ ਹੇਠ ਆ ਕੇ ਮਾਯੂਸ ਹੋਣਾ ਹੈ ਤੇ ਵੱਡੇ ਨੇ ਵੱਡੇ ਦੇ। ਇਸ ਲਈ ਇਸ ਦਵਾਈ ਦਾ ਜਮਾਤੀ ਵਰਗੀਕਰਣ ਨਹੀਂ ਕੀਤਾ ਜਾ ਸਕਦਾ।

ਸਪਸ਼ਟ ਹੈ ਕਿ ਕੰਮ ਦਾ ਭਾਰ ਕੰਮ ਕਰਨ ਵਾਲਿਆਂ 'ਤੇ ਪੈਂਦਾ ਹੈ। ਇਸ ਲਈ ਇਸ ਦਵਾਈ ਦੇ ਜਿੰਨੇ ਮਰੀਜ਼ ਅਮਰੀਕਾ ਵਿਚ ਹਨ, ਉਨੇ ਕਿਸੇ ਹੋਰ ਦੇਸ ਵਿਚ ਨਹੀਂ ਹੋਣੇ। ਇਸ ਦੇਸ ਵਿਚ ਲੋਕ ਕੰਮਾਂ ਨੂੰ ਲੰਮੇ ਟੀਚੇ ਮਿੱਥ ਕੇ ਕਰਦੇ ਹਨ। ਕਈ ਵਾਰ ਉਨ੍ਹਾਂ ਨੂੰ ਰੋਟੀ ਰੋਜੀ ਦੀ ਦੌੜ ਵਿਚ ਕਈ ਕਈ ਕੰਮ ਕਰਨੇ ਪੈਂਦੇ ਹਨ ਤੇ ਕਈ ਵਾਰ ਦੂਜਿਆਂ ਦੇ ਮੁਕਾਬਲੇ ਵਿਚ ਆ ਕੇ ਕੰਮ ਜਲਦੀ ਨਿਬੇੜਨੇ ਪੈਂਦੇ ਹਨ। ਜਿਨ੍ਹਾਂ ਅਦਾਰਿਆਂ ਵਿਚ ਉਹ ਕੰਮ ਕਰਦੇ ਹਨ, ਉਨ੍ਹਾਂ ਦੇ ਵੀ ਕੰਮ ਦੇ ਟੀਚੇ ਮਿਥੇ ਹੁੰਦੇ ਹਨ, ਜੋ ਉਹ ਆਪਣੇ ਕਾਮਿਆਂ ਰਾਹੀਂ ਪੂਰਾ ਕਰਵਾਉਂਦੇ ਹਨ। ਇਨ੍ਹਾਂ ਸਮਾਂ-ਬੱਧ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਹਰ ਰੋਜ਼ ਲੰਮੇ ਸਮੇਂ ਲਈ ਸਿਰ ਸੁੱਟ ਕੇ ਮੁਸ਼ੱਕਤ ਕਰਨੀ ਪੈਂਦੀ ਹੈ। ਇਸ ਲਈ ਉਹ ਕੁਝ ਕੁ ਦਿਨਾਂ ਵਿਚ ਹੀ ਅਕੇਵੇਂ ਤੇ ਥਕੇਵੇਂ (Fatigue) ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਨੂੰ ਉਥੋਂ ਦੀ ਕੰਮ-ਕਾਜੀ ਭਾਸ਼ਾ ਵਿਚ ਬਰਨ ਆਊਟ (Burn out) ਹੋਣਾ ਕਹਿੰਦੇ ਹਨ। ਇੰਜੀਨੀਅਰ, ਅਧਿਆਪਕ, ਡਾਕਟਰ, ਪ੍ਰਬੰਧਕ, ਟੈਕਸੀ ਚਾਲਕ, ਮਜ਼ਦੂਰ ਤੇ ਵਿਦਿਆਰਥੀ ਸਾਰੇ ਹੀ ਆਪਣੇ ਆਪਣੇ ਕਿੱਤੇ ਦੀਆਂ ਜ਼ਿੰਮੇਵਾਰੀਆਂ ਦੇ ਭਾਰ ਹੇਠ ਆ ਕੇ ਬਰਨ ਆਊਟ ਹੋ ਜਾਂਦੇ ਹਨ। ਕਈ ਦਿਲ ਛੱਡ ਕੇ ਕਿੱਤਾ ਬਦਲ ਲੈਂਦੇ ਹਨ, ਕਈ ਛੁੱਟੀ 'ਤੇ ਚਲੇ ਜਾਂਦੇ ਹਨ, ਕਈ ਬਿਮਾਰ ਹੋ ਕੇ ਹਸਪਤਾਲ ਚਲੇ ਜਾਂਦੇ ਹਨ ਤੇ ਕਈ ਜਾਬ ਛੱਡ ਕੇ ਕੁਝ ਸਮਾਂ ਸੋਸ਼ਲ ਸਿਕਿਉਰਿਟੀ 'ਤੇ ਗੁਜ਼ਾਰਾ ਕਰਦੇ ਹਨ। ਕੁਝ ਇਕ ਹੀ ਠਰੰਮੇ ਨਾਲ ਕੰਮ ਕਰ ਸਕਦੇ ਹਨ। ਇਸ ਲਈ ਬਹੁਤਿਆਂ ਲਈ ਇਕੋ ਕਿੱਤੇ ਵਿਚ ਟਿਕਣਾ ਸੰਭਵ ਨਹੀਂ ਹੁੰਦਾ। ਕਿਹਾ ਜਾਂਦਾ ਹੈ ਕਿ ਅਮਰੀਕਾ ਵਿਚ ਅਧਿਆਪਨ ਕਿੱਤੇ ਵਿਚ ਕੰਮ ਕਰਨ ਦਾ ਔਸਤਨ ਸਮਾਂ ਪੰਜ ਸਾਲ ਹੈ। ਅਜਿਹੇ ਲੋਕ, ਜੋ ਕੰਮ ਦੇ ਵਜ਼ਨ ਹੇਠ ਆ ਕੇ ਵਿਆਕੁਲ ਹੋ ਜਾਂਦੇ ਹਨ, ਉਨ੍ਹਾਂ ਲਈ ਬੈਚ ਦਵਾਈ ਐਲਮ ਇਕ ਵਰਦਾਨ ਹੈ। ਇਸ ਦੇ ਸੇਵਨ ਨਾਲ ਨਾ ਸਿਰਫ ਉਹ ਆਪਣੀ ਸਿਹਤ ਕਾਇਮ ਰੱਖ ਸਕਦੇ ਹਨ, ਸਗੋਂ ਆਪਣੀ ਨੌਕਰੀ ਵਿਚ ਵੀ ਕਾਮਯਾਬ ਹੋ ਕੇ ਨਿੱਤਰ ਸਕਦੇ ਹਨ। ਅੱਜ ਦੇ ਸਮੇਂ ਵਿਚ ਤਾਂ ਉਨ੍ਹਾਂ ਕੋਲ ਇਹ ਦਵਾਈ ਨਾ ਵਰਤਣ ਦਾ ਕੋਈ ਬਹਾਨਾ ਵੀ ਨਹੀਂ ਹੈ, ਕਿਉਂਕਿ ਹੁਣ ਇਹ ਦਵਾਈ ਐਮੇਜ਼ਾਨ ਦੀ ਸੰਸਾਰਕ ਮਾਰਕਿਟ ਰਾਹੀਂ ਹਰ ਥਾਂ ਉਪਲਬਦ ਹੈ।

ਜਿਹੜੇ ਲੋਕ ਆਪਣੇ ਕੰਮ ਦੀਆਂ ਜ਼ਿੰਮੇਵਾਰੀਆਂ ਦੇ ਭਾਰ ਹੇਠ ਦਬਣ ਲਗਦੇ ਹਨ, ਉਨ੍ਹਾਂ ਦੀ ਆਮ ਨਿਸ਼ਾਨੀ ਇਹ ਹੈ ਕਿ ਸਵੇਰੇ ਨਿਰਾਸ਼ ਉੱਠਦੇ ਹਨ। ਉਹ ਆਪਣੇ ਆਪ ਨੂੰ ਥੱਕੇ ਹੋਏ ਮਹਿਸੂਸ ਕਰਦੇ ਹਨ ਤੇ ਆਪਣੇ ਕੰਮ ਵਲ ਖੁਸ਼ੀ ਖੁਸ਼ੀ ਨਹੀਂ ਜਾਂਦੇ। ਉਨ੍ਹਾਂ ਨੂੰ ਕੰਮ ਦੇ ਲੰਮੇ ਘੰਟਿਆਂ ਦੌਰਾਨ ਕੋਹੇ ਜਾਣ ਤੋਂ ਡਰ ਲਗਦਾ ਹੈ। ਕੁਝ ਡਰ ਉਨ੍ਹਾਂ ਨੂੰ ਆਪਣੇ ਸੁਪਰਵਾਈਜ਼ਰ ਦੀਆਂ ਦਬਕੀਆਂ ਤੋਂ ਵੀ ਲਗਦਾ ਹੈ। ਉਹ ਟਾਲ-ਮਟੋਲ ਕਰਦੇ ਬੁਝੇ ਮਨ ਨਾਲ ਕੰਮ ਕਰਦੇ ਹਨ। ਕੰਮ ਕਰਦਿਆਂ ਉਨ੍ਹਾਂ ਦਾ ਮਨ ਅਕਸਰ ਕਿਤੇ ਹੋਰ ਭਟਕਦਾ ਰਹਿੰਦਾ ਹੈ ਤੇ ਉਹ ਕਿਸੇ ਮਨਪਸੰਦ ਵਿਸ਼ੇ ਜਾਂ ਕਿੱਤੇ ਬਾਰੇ ਸੋਚਦੇ ਰਹਿੰਦੇ ਹਨ। ਅਜਿਹੀ ਹਾਲਾਤ ਵਿਚ ਜੇ ਉਨ੍ਹਾਂ ਤੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸੁਪਰਵਾਈਜ਼ਰ ਤੋਂ ਝਾੜ ਮਿਲਦੀ ਹੈ। ਘਰ ਜਾ ਕੇ ਉਹ ਕੰਮ ਦੀਆਂ ਘਟਨਾਵਾਂ ਬਾਰੇ ਸੋਚਦੇ ਰਹਿੰਦੇ ਹਨ ਤੇ ਰਾਤ ਨੂੰ ਸੌਂ ਨਹੀਂ ਸਕਦੇ। ਉਹ ਇਕ ਇਕ ਦਿਨ ਤੇ ਇਕ ਇਕ ਮਹੀਨਾ ਗਿਣ ਕੇ ਕੱਢਦੇ ਹਨ। ਅਜਿਹੀ ਦਸ਼ਾ ਵਿਚ ਉਹ ਜ਼ਿਆਦਾ ਦੇਰ ਕੰਮ ਨਹੀਂ ਕਰ ਸਕਦੇ। ਮਾਨਸਿਕ ਤਣਾਓ ਇੰਨਾ ਵਧ ਜਾਂਦਾ ਹੈ ਕਿ ਉਨ੍ਹਾਂ ਦਾ ਮਨ ਉਚਾਟ ਹੋ ਜਾਂਦਾ ਹੈ। ਉਹ ਹੌਸਲਾ ਢਾਹ ਬੈਠਦੇ ਹਨ ਤੇ ਕੰਮ ਛੱਡ ਬੈਠਦੇ ਹਨ। ਜੇ ਨਾ ਵੀ ਛੱਡਣ ਤਾਂ ਉਨ੍ਹਾਂ ਦੇ ਪ੍ਰਬੰਧਕ ਉਨ੍ਹਾਂ ਨੂੰ ਬਹੁਤੀ ਦੇਰ ਨਹੀਂ ਰੱਖਦੇ। ਬਹੁਤਿਆਂ ਨਾਲ ਇੱਦਾਂ ਹੁੰਦਾ ਹੀ ਹੈ। ਇਸ ਦਸ਼ਾ ਵਿਚ ਐਲਮ ਉਨ੍ਹਾਂ ਦਾ ਇਕ ਮਾਤਰ ਸਹਾਰਾ ਹੋ ਸਕਦੀ ਹੈ।

ਮੇਰੇ ਇਕ ਵਾਕਫ ਦਾ ਫੋਨ ਆਇਆ ਤੇ ਉਸ ਨੇ ਆਪਣੇ ਲੜਕੇ ਲਈ ਮਦਦ ਮੰਗੀ, ਜੋ ਆਪਣੇ ਡਾਕਟਰੀ ਦੇ ਕੋਰਸ ਤੋਂ ਤੰਗ ਆ ਕੇ ਯੋਗਾ ਅਧਿਆਪਕ ਬਣ ਗਿਆ। ਕੁਝ ਦੇਰ ਐਲਮ ਖਾ ਕੇ ਮੁੜ ਉਹ ਉਸੇ ਪੜ੍ਹਾਈ ਵਿਚ ਜੁਟ ਗਿਆ ਤੇ ਅੱਜ ਕੱਲ੍ਹ ਰੈਜੀਡੈਂਸੀ ਕਰ ਰਿਹਾ ਹੈ। ਇਕ ਚੰਗੇ ਹਸਪਤਾਲ ਵਿਚ ਕੰਮ ਕਰਦਾ ਸੀਨੀਅਰ ਫਿਜ਼ੀਸ਼ੀਅਨ ਉੱਥੋਂ ਛੱਡ ਕੇ ਇਕ ਦੂਜੇ ਹਸਪਤਾਲ ਵਿਚ ਇਸ ਕਰਕੇ ਜਾ ਲੱਗਾ ਕਿ ਉੱਥੇ ਕੰਮ ਘੱਟ ਸੀ। ਐਲਮ ਉਸ ਦੀ ਮਦਦ ਕਰ ਸਕਦੀ ਸੀ। ਉਸ ਨੂੰ ਇਹ ਦਵਾਈ ਲੈਣ ਦੀ ਸਲਾਹ ਵੀ ਦਿੱਤੀ ਗਈ, ਪਰ ਉਸ ਨੇ ਖਾਣੀ ਯੋਗ ਨਹੀਂ ਸਮਝੀ। ਇਕ ਹੋਰ ਡਾਕਟਰ ਹਸਪਤਾਲ ਦਾ ਪੂਰਾ ਕੰਮ ਛੱਡ ਕੇ ਅੱਧੇ 'ਤੇ ਆ ਗਿਆ। ਉਹ ਐਲਮ ਲੈਣ ਨਾਲ ਬਲਵਾਨ ਹੋ ਗਿਆ ਹੈ, ਪਰ ਹੁਣ ਉਸ ਦਾ ਹਸਪਤਾਲ ਹੀ ਉਸ ਨੂੰ ਪੂਰਾ ਕੰਮ ਨਹੀਂ ਦਿੰਦਾ। ਮੇਰੇ ਇਕ ਮਰੀਜ਼ ਨੂੰ ਇੰਡੀਆ ਜਾਣ ਤੋਂ ਘਬਰਾਹਟ ਹੁੰਦੀ ਸੀ। ਉਹੀ ਟਿਕਟ, ਉਹੀ ਏਅਰ ਪੋਰਟ, ਉਹੀ ਲੰਮਾ ਸਫਰ ਤੇ ਉਹੀ ਵਾਪਸੀ ਦੇ ਝੰਜਟ। ਇਸ ਸਭ ਮੁਸੀਬਤਾਂ ਨੂੰ ਸੋਚ ਕੇ ਉਸ ਦਾ ਦਿਮਾਗ ਲੋਡ ਲੈ ਜਾਂਦਾ ਸੀ। ਹੁਣ ਜਦੋਂ ਵੀ ਉਹ ਮਾਤ ਭੂਮੀ ਜਾਂਦਾ ਹੈ, ਜਾਣ ਤੋਂ ਪਹਿਲਾਂ ਕੁਝ ਦਿਨ ਐਲਮ ਖਾ ਲੈਂਦਾ ਹੈ ਤੇ ਹਿੰਮਤ ਨਾਲ ਗੇੜਾ ਮਾਰ ਆਉਂਦਾ ਹੈ।

ਭਾਰਤਵਰਸ਼ ਵਿਚ ਐਲਮ ਦੇ ਮਰੀਜ਼ ਮਿਲਣ ਦੀ ਬਹੁਤ ਘੱਟ ਸੰਭਾਵਨਾ ਹੈ। ਉੱਥੇ ਨਾ ਬਹੁਤਿਆਂ ਕੋਲ ਕੰਮ ਹੈ ਤੇ ਨਾ ਸਾਰੇ ਕੰਮ ਕਰਦੇ ਹਨ। ਜੇ ਕੰਮ ਹੀ ਨਹੀਂ ਹੋਵੇਗਾ ਤਾਂ ਕੰਮ ਦੇ ਭਾਰ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋਵੇਗਾ। ਜਿਨ੍ਹਾਂ ਕੋਲ ਕੰਮ ਹੈ ਵੀ, ਉਹ ਇਸ ਨੂੰ ਕੰਮ ਸਮਝ ਕੇ ਨਹੀਂ ਕਰਦੇ। ਦਫਤਰਾਂ ਵਿਚ ਲੇਟ ਜਾਂਦੇ ਹਨ, ਸਮੇਂ ਤੋਂ ਪਹਿਲਾਂ ਮੁੜ ਆਉਂਦੇ ਹਨ, ਚਾਹਾਂ ਪੀਂਦੇ ਹਨ, ਗੱਪਾਂ ਮਾਰਦੇ ਹਨ, ਤੋਰਾ-ਫੇਰਾ ਕਰਦੇ ਹਨ, ਫੋਨ ਕਾਲਾਂ ਕਰਦੇ ਹਨ ਤੇ ਹੜਤਾਲਾਂ 'ਤੇ ਬੈਠ ਜਾਂਦੇ ਹਨ। ਉਨ੍ਹਾਂ ਦਾ ਤਾਂ ਕੰਮ ਕਰਦਿਆਂ ਹੀ ਮਨੋਰੰਜਨ ਹੁੰਦਾ ਰਹਿੰਦਾ ਹੈ। ਜੇ ਬੌਸ ਤੰਗ ਕਰਦਾ ਹੈ ਤਾਂ ਵੀ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਦੂਜੀ ਥਾਂ ਬਦਲੀ ਹੋ ਜਾਂਦੀ ਹੈ। ਪ੍ਰਾਈਵੇਟ ਕੰਪਨੀਆਂ ਵਿਚ ਕੰਮ ਕਰਨ ਵਾਲਿਆਂ ਉੱਤੇ ਵੀ ਜ਼ਿੰਮੇਵਾਰੀ ਦਾ ਬਹੁਤਾ ਭਾਰ ਨਹੀਂ ਹੁੰਦਾ। ਉਥੋਂ ਦੀਆਂ ਪ੍ਰਾਈਵੇਟ ਕੰਪਨੀਆਂ ਦਾ ਕਿਸੇ ਨਾਲ ਕੋਈ ਲੰਮਾ ਚੌੜਾ ਮੁਕਾਬਲਾ ਨਹੀਂ ਹੁੰਦਾ। ਉਨ੍ਹਾਂ ਦੀ ਟਰਨਓਵਰ ਵਧੇਰੇ ਕੰਮ ਤੇ ਨਹੀਂ, ਸਗੋਂ ਘਪਲਿਆਂ, ਘੁਟਾਲਿਆਂ, ਮਨਸੂਈ ਅੰਕੜਿਆਂ ਤੇ ਆਪਸੀ ਮਿਲੀ ਭੁਗਤ 'ਤੇ ਨਿਰਭਰ ਕਰਦੀ ਹੈ। ਰਾਜਨੀਤਕ ਦਲਾਂ, ਸਰਕਾਰਾਂ ਤੇ ਮੀਡੀਆ ਸੰਸਥਾਨਾਂ ਵਿਚ ਵੀ ਕੋਈ ਕਰਮੀ ਬਰਨ-ਆਊਟ

*(ਬਾਕੀ ਸਫਾ 34 ਉਤੇ)*

# ਪੰਜਾਬੀ ਮੱਧਵਰਗ ਦੀ ਅੰਦਰਲੀ ਹੂਕ: ਫੁੱਲਾਂ ਦੀ ਫਸਲ

**ਦੇਵਿੰਦਰ ਕੌਰ ਗੁਰਾਇਆ**
**ਵਰਜੀਨੀਆ, ਅਮਰੀਕਾ**
**ਫੋਨ: 571-315-9543**

***'ਫੁੱਲਾਂ ਦੀ ਫਸਲ' ਪੁਸਤਕ ਨੇ ਆਪਣੀ ਕਲਾਤਮਿਕਤਾ ਕਾਰਨ ਪਾਠਕਾਂ ਵਿਚ ਆਪਣੀ ਹਰਮਨਪਿਆਰਤਾ ਦਾ ਲੋਹਾ ਮੰਨਵਾਇਆ ਹੈ। ਇਸ ਪੁਸਤਕ ਦੀ ਕਲਾਤਮਿਕਤਾ ਤੇ ਹਰਮਨਪਿਆਰਤਾ ਕਰਕੇ ਹੀ, ਵੀਹ ਸੌ ਵੀਹ ਦਾ 'ਦਲਬੀਰ ਚੇਤਨ ਯਾਦਗਾਰੀ ਕਥਾ ਪੁਰਸਕਾਰ' ਇਸ ਦੀ ਝੋਲੀ ਵਿਚ ਪਿਆ ਹੈ। ਇਸ ਲਈ ਲੇਖਕ ਸੁਖਪਾਲ ਸਿੰਘ ਥਿੰਦ ਦੀ ਕਲਮ ਦੀ ਸਿਆਹੀ 'ਚ ਹੋਰ ਮੁੱਲਵਾਨ ਕਿਰਤਾਂ ਦੀ ਆਸ ਕਰਨਾ ਬਿਲਕੁਲ ਜਾਇਜ਼ ਜਾਪਦਾ ਹੈ।***

ਇਹ ਇਕ ਸੱਚੀ ਧਾਰਨਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਮਾਜ ਵਿਚ ਵਰਤ ਰਹੇ ਵਰਤਾਰਿਆਂ ਤੋਂ ਪ੍ਰਭਾਵਿਤ ਹੋ ਕੇ ਸਾਹਿਤਕਾਰ ਲਿਖਦਾ ਹੈ। ਇਸ ਲਈ ਵੱਖ ਵੱਖ ਸਾਹਿਤਕ ਰੂਪਾਂ ਵਿਚੋਂ ਕਿਸੇ ਇਕ ਨੂੰ ਚੁਣ ਕੇ, ਜਿਵੇਂ ਨਾਵਲ, ਗਜ਼ਲ, ਕਵਿਤਾ, ਲੇਖ ਜਾਂ ਕਹਾਣੀ ਦੇ ਰੂਪਾਂ ਨੂੰ ਆਪਣੀ ਲਿਖਤ ਦਾ ਮਾਧਿਅਮ ਬਣਾਉਂਦਾ ਹੈ। ਨਾਮਵਰ ਲੇਖਕ ਸੁਖਪਾਲ ਸਿੰਘ ਥਿੰਦ ਆਲੋਚਨਾ ਤੇ ਸਫਰਨਾਮੇ ਦੇ ਸਾਹਿਤਕ ਪਿੜ ਵਿਚ ਪਹਿਲਾਂ ਹੀ ਪੱਕੀ ਮੋਹਰ ਲਾ ਚੁਕਾ ਹੈ, ਪਰ ਹੁਣ ਕਹਾਣੀ ਦੇ ਖੇਤਰ ਵਿਚ ਇਸ ਪਲੇਠੇ ਕਹਾਣੀ ਸੰਗ੍ਰਹਿ 'ਫੁੱਲਾਂ ਦੀ ਫਸਲ' ਨਾਲ ਇਕ ਸਮਰੱਥ ਕਹਾਣੀਕਾਰ ਹੋਣ ਦੀ ਇੱਟ ਵੀ ਗੱਡ ਦਿਤੀ ਹੈ।



ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸੁਖਪਾਲ ਸਿੰਘ ਥਿੰਦ ਦੇ ਕਹਾਣੀ ਸੰਗ੍ਰਹਿ 'ਫੁੱਲਾਂ ਦੀ ਫਸਲ' ਦੀ 'ਵਾਰਸ ਕਹਾਣੀ ਸੰਕਟਨਾਮਾ ਪੰਜਾਬ: ਪੰਜਾਬ ਸੰਕਟ ਦੀ ਚੋਣਵੀ ਪੰਜਾਬੀ ਕਹਾਣੀ' ਅਤੇ 'ਫੁੱਲਾਂ ਦੀ ਫਸਲ' ਕਹਾਣੀ 'ਟੂਣੇਹਾਰੀ ਰੁੱਤ: ਇੱਕੀਵੀਂ ਸਦੀ ਦੀ ਚੋਣਵੀਂ ਪੰਜਾਬੀ ਕਹਾਣੀ' ਪੁਸਤਕ ਵਿਚ ਛਪੀਆਂ ਹਨ। ਦੋਹਾਂ ਕਿਤਾਬਾਂ ਦੇ ਸੰਪਾਦਕ ਉੱਘੇ ਕਹਾਣੀ ਆਲੋਚਕ ਬਲਦੇਵ ਸਿੰਘ ਧਾਲੀਵਾਲ ਹਨ। ਹਥਲੇ ਲੇਖ ਵਿਚ ਮੈਂ ਸੁਖਪਾਲ ਸਿੰਘ ਥਿੰਦ ਦੇ ਇਸ ਚਰਚਿਤ ਕਹਾਣੀ ਸੰਗ੍ਰਹਿ 'ਫੁੱਲਾਂ ਦੀ ਫਸਲ' ਦਾ ਬੜੀ ਰੀਝ ਤੇ ਵਿਸਥਾਰ ਨਾਲ ਵਿਸ਼ਲੇਸ਼ਣ ਕਰ ਰਹੀ ਹਾਂ।

ਸੁਖਪਾਲ ਸਿੰਘ ਥਿੰਦ ਨੇ 'ਫੁੱਲਾਂ ਦੀ ਫਸਲ' ਪੁਸਤਕ ਵਿਚ ਆਪਣੀਆਂ ਕਹਾਣੀਆਂ ਨੂੰ ਸਮਾਜਿਕ ਸਥਿਤੀ ਦੇ ਪਰਿਪੇਖ ਵਿਚ ਰੱਖ ਕੇ ਮਨੁੱਖੀ ਹੋਣੀ ਨੂੰ ਆਪਣੇ ਮੌਲਿਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਮੌਲਿਕਤਾ ਨਾਲ ਨਵੀਂਆਂ ਸੰਸਾਰਕ ਤਰਤੀਬਾਂ ਨੂੰ ਜਨਮ ਮਿਲਿਆ ਹੈ। ਕਹਾਣੀਕਾਰ ਦੀ ਹਰ ਇਕ ਕਿਰਤ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਸ ਦੀਆਂ ਕਹਾਣੀਆਂ ਬਿਰਤਾਂਤ ਸ਼ਾਸਤਰੀ ਪੱਧਰ ਉਤੇ ਪੂਰੀਆ ਉਤਰਦੀਆਂ ਹੋਈਆਂ ਉਸ ਦੀ ਆਪਣੀ ਨਿੱਜੀ ਹੋਂਦ ਦੀ ਵੀ ਸਹੀ ਗਵਾਹੀ ਭਰਦੀਆਂ ਹਨ। ਸੁਖਪਾਲ ਥਿੰਦ ਨੇ ਆਪਣੀ ਬਾਗੀ ਸੁਰ ਨੂੰ ਮਾਨਵੀ ਮੁਕਤੀ ਨਾਲ ਰਲਗਡ ਕਰਕੇ ਪੇਸ਼ ਕੀਤਾ ਹੈ। ਦੂਜੇ ਸ਼ਬਦਾਂ ਵਿਚ ਸਮਾਜਿਕ ਮਜਬੂਰੀਆਂ ਬੇਬੱਸੀਆਂ, ਲਾਚਾਰੀਆਂ, ਦੁਸ਼ਵਾਰੀਆਂ, ਵੇਦਨਾਵਾਂ ਤੇ ਸੀਮਾਵਾਂ ਦੇ ਦੁਖਾਂਤਕ ਪਸਾਰ ਉਸ ਦੇ ਵਿਸ਼ਿਆਂ ਵਿਚ ਮੂੰਹੋਂ ਬੋਲਦੇ ਹਨ। ਸਾਰੀਆਂ ਕਹਾਣੀਆਂ ਵਿਚ ਪਾਤਰ ਆਪਣੇ ਆਪ, ਪਰਿਵਾਰ ਤੇ ਸਮਾਜ ਨਾਲ ਜੱਦੋ-ਜਹਿਦ ਕਰਦੇ ਨਜ਼ਰ ਆਉਂਦੇ ਹਨ। ਲੇਖਕ ਨੇ ਮੱਧ-ਵਰਗ ਦੀਆਂ ਮਜਬੂਰੀਆਂ ਤੇ ਲਾਲਸਾਵਾਂ ਨੂੰ ਬਿਆਨ ਕਰਦਿਆਂ ਬੜੇ ਸਹਿਜ ਨਾਲ ਆਪਣੇ ਆਪ ਨੂੰ ਉਸ ਸਭ ਵਿਚ ਵਿਅਕਤ ਕੀਤਾ ਹੈ। ਉਸ ਨੇ ਪਹਿਲਾ ਸੰਘਰਸ਼ ਆਪਣੇ ਆਪ ਨਾਲ ਲੜਦਿਆਂ ਆਪਣੇ ਅੰਦਰ ਦੀ ਆਵਾਜ਼ ਨੂੰ ਸੁਣਿਆ। ਸਾਇੰਸ ਦਾ ਖੇਤਰ ਛੱਡ ਕੇ ਪੰਜਾਬੀ ਸਾਹਿਤ ਵੱਲ ਮੁੜਨਾ ਉਸ ਦਾ ਨਿਵੇਕਲਾ ਕਦਮ ਸੀ। ਪੰਜਾਬੀ ਖੇਤਰ ਨੂੰ ਚੁਣਨਾ ਉਸ ਲਈ ਤਾਂ ਲਾਭਦਾਇਕ ਹੈ ਹੀ, ਨਾਲ ਪੰਜਾਬੀ ਸਾਹਿਤ ਨੂੰ ਇਕ ਸਿਰਮੌਰ ਕਹਾਣੀਕਾਰ ਤੇ ਆਲੋਚਕ ਮਿਲਣ ਦਾ ਲਾਹਾ ਵੀ ਹੋਇਆ ਹੈ।

ਸੁਖਪਾਲ ਸਿੰਘ ਥਿੰਦ ਦੀ ਪੁਸਤਕ 'ਫੁੱਲਾਂ ਦੀ ਫਸਲ' ਮਾਂ ਦੀ ਲੋਰੀ ਵਰਗੀ ਹੈ, ਨਿੱਘੀ ਤੇ ਮਿੱਠੀ ਜਿਹੀ। ਇਕ ਕੋਨੇ 'ਚ ਬਿਠਾ ਕੇ ਹਸਾਉਂਦੀ-ਰੁਆਉਂਦੀ ਆਪਣੀ ਗੋਦ ਵਿਚ ਲੈ ਕੇ ਸਭ ਕਾਸੇ ਤੋਂ ਮੁਕਤ ਕਰ ਦਿੰਦੀ ਹੈ। 'ਫੁੱਲਾਂ ਦੀ ਫਸਲ' ਨੇ ਸੰਨ 2020 ਦੇ ਵਿਹੜੇ ਪੈਰ ਧਰਦਿਆਂ ਹੀ ਸਾਹਿਤ ਪ੍ਰੇਮੀਆਂ ਨੂੰ ਆਪਣੀ ਆਗੋਸ਼ ਵਿਚ ਲੈ ਲਿਆ ਸੀ। ਜੇ ਇਹ ਕਿਹਾ ਜਾਵੇ ਕਿ 'ਫੁੱਲਾਂ ਦੀ ਫਸਲ' ਨੇ ਇਸ ਸਾਲ ਦਾ ਸਾਰਾ ਮੇਲਾ ਲੁੱਟ ਲਿਆ ਤਾਂ ਅਤਿਕਥਨੀ ਨਹੀਂ ਹੋਏਗੀ। ਇਸ ਦੀ ਆਮਦ ਉਸ ਸਮੇਂ ਹੋਈ ਜਦੋਂ ਕਰੋਨਾ ਮਹਾਮਾਰੀ ਦੇ ਭੈਅ ਨੇ ਦਿਲ ਦਿਮਾਗ ਨੂੰ ਜਕੜ ਰੱਖਿਆ ਸੀ। ਇਸ ਦੇ ਦਿਲ ਟੁੰਬਵੇਂ ਨਾਂ 'ਫੁੱਲਾਂ ਦੀ ਫਸਲ' ਨੇ ਮਾਸਕ ਢਕੇ ਸਾਹਾਂ ਨੂੰ ਤਾਜ਼ਾ ਮਹਿਕਦੀ ਹਵਾ ਦਾ ਅਹਿਸਾਸ ਦੁਆਇਆ। ਇਸ ਪੁਸਤਕ ਦੀ ਸੋਸ਼ਲ ਮੀਡੀਏ 'ਤੇ ਖੂਬ ਚਰਚਾ ਹੋਈ। ਇਹ ਸਭ ਦੇਖ ਸੁਣ ਕੇ ਇਸ ਨੂੰ ਪੜ੍ਹਨ ਦੀ ਰੀਝ ਪ੍ਰਬਲ ਹੋ ਉਠੀ। ਫਿਰ ਕੀ ਸੀ, ਪੁਸਤਕ ਦੀ ਪ੍ਰਾਪਤੀ ਲਈ ਬੜੇ ਪਾਪੜ ਵੇਲਣੇ ਪਏ, ਆਖਰ ਗੱਲ ਬਣ ਗਈ। ਇਹ ਪੁਸਤਕ ਕਈ ਸ਼ਰਤਾਂ ਰੱਖਦੀ, ਨਖਰੇ ਕਰਦੀ ਇਕ ਪਵਿੱਤਰ ਸਾਹਿਤਕ ਸਾਂਝ ਦੀ ਮਹਿਕ ਲੈ ਕੇ ਹੱਸਦੀ ਹੋਈ ਮੇਰੇ ਘਰ ਪਹੁੰਚ ਗਈ। ਹੁਣ ਪੜ੍ਹਨਾ ਸ਼ੁਰੂ ਕੀਤਾ ਤਾਂ ਯਾਦ ਆਇਆ, ਕਾਲਜ ਦੀਆਂ ਛੁੱਟੀਆਂ ਵਿਚ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੜ੍ਹਦਿਆਂ ਸਵੇਰ ਦੇ ਚਾਰ ਵੱਜ ਗਏ, ਹਵੇਲੀ ਵਿਚ ਹੰਢਾਲੀ ਕਰਕੇ ਚਾਚਾ 'ਬਣਸ' (ਨੌਕਰ) ਘਰ ਪਿਤਾ ਜੀ ਨੂੰ ਬੁਲਾਉਣ ਆਇਆ ਤਾਂ ਆਖਣ ਲੱਗਾ, "ਭਾਅ ਕੁੜੀ ਬੁਲਾਅ ਤੇ ਸਾਡੇ ਤੋਂ ਵੀ ਪਹਿਲਾ ਉਠ ਪਈ ਆ, ਬੜੀ ਪੜ੍ਹਾਈ ਕਰਦੀ ਆ ਵੱਡੀ ਮਾਸਟਰਨੀ ਬਣੇਗੀ।"

ਫਿਰ ਸਾਰੀ ਰਾਤ ਜਾਗਣ ਵਾਲੀ ਗੱਲ ਮੈਂ ਵੀ ਲੁਕਾਅ ਲਈ ਸੀ। ਇਸ ਤਰ੍ਹਾਂ ਹੀ ਇਸ ਪੁਸਤਕ ਦੀਆਂ ਕਹਾਣੀਆਂ ਪੜ੍ਹਦਿਆਂ ਲੰਚ ਤੇ ਡਿਨਰ ਦਾ ਸਮਾਂ ਇੱਧਰ-ਉਧਰ ਖਿਸਕਦਾ ਰਿਹਾ। ਇਹ ਗੱਲ ਦਿਲ ਦਿਮਾਗ ਨੂੰ ਟੁੰਬਦੀ ਰਹੀ ਕਿ ਰਾਜਨੀਤਿਕ, ਸਮਾਜਿਕ ਤੇ ਆਰਥਿਕ ਵਿਸ਼ਿਆਂ ਬਾਰੇ ਗੱਲ ਕਰਦੀ ਕੋਈ ਪੁਸਤਕ ਇੰਨੀ ਰੌਚਕ ਕਿੱਦਾਂ ਹੋ ਸਕਦੀ ਹੈ? ਅਸਲ ਵਿਚ ਇਹ ਕਹਾਣੀਕਾਰ ਦਾ ਉਚ ਕਲਾਤਮਕ ਕੌਸ਼ਲ ਕਾਰਨ ਹੈ ਕਿ ਯਥਾਰਥ ਨਾਲ ਬੱਝੀ ਹਰ ਕਹਾਣੀ ਪਾਠਕ ਨੂੰ ਪੜ੍ਹਦਿਆਂ ਸਾਹ ਤੱਕ ਨਹੀਂ ਲੈਣ ਦਿੰਦੀ।

'ਫੁੱਲਾਂ ਦੀ ਫਸਲ' ਕਹਾਣੀ ਵਿਚ ਜਸਮੀਤ ਦੇ ਬੋਲਾਂ ਰਾਹੀਂ ਕਹਾਣੀ ਦੀ ਹੁੰਦੀ ਸ਼ੁਰੂਆਤ ਵੇਖੋ: "ਸਾਡਾ ਵੀ ਪੁੱਤ ਹੋ ਗਿਆ ਪਰਦੇਸੀ...ਹਾਏ ਓ ਰੱਬਾ! ਕਾਹਤੋਂ ਜਾਣ ਦਿੱਤਾ ਅਸੀਂ...!"

ਇਹ ਸਤਰਾਂ ਹੀ ਪਾਠਕ ਨੂੰ ਪਕੜ ਲੈਂਦੀਆਂ ਹਨ ਅਤੇ ਉਸ ਦਾ ਬੇਰੋਕ ਕਹਾਣੀ ਸਫਰ ਸ਼ੁਰੂ ਹੋ ਜਾਂਦਾ ਹੈ। ਪੁਸਤਕ ਵਿਚ ਪੰਜ ਲੰਮੀਆਂ ਕਹਾਣੀਆਂ ਹਨ, ਜਿਨ੍ਹਾਂ ਦੀ ਡੂੰਘਾਈ ਬਹੁਤ ਗਹਿਰੀ ਤੇ ਵਿਸ਼ਾਲ ਹੈ। ਇਹ ਰਾਜਨੀਤਿਕ ਤਾਣੇ-ਬਾਣੇ ਦੀ ਚਰਚਾ ਵਿੱਢਦੀਆਂ ਵੀ ਰੁਮਾਂਚਕ ਕਹਾਣੀਆਂ ਵਾਂਗ ਪਾਠਕ ਨੂੰ ਅਨੰਦ-ਮੰਗਲ ਅਵਸਥਾ ਦੇ ਹੁਲਾਰੇ ਦਿੰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਸ਼ਬਦਾਂ ਨੂੰ ਬੀੜਨ ਦੀ ਕਲਾ ਕਮਾਲ ਦੀ ਹੈ। ਸੁਖਪਾਲ ਸਿੰਘ ਥਿੰਦ ਸ਼ਬਦਾਂ ਦਾ ਜਾਦੂਗਰ ਹੈ, ਉਸ ਦੀਆਂ ਕਹਾਣੀਆਂ ਦੇ ਸ਼ਬਦ ਉਸ ਦੀ ਮੁਸਕਾਣ ਵਰਗੇ ਹਨ, ਸੁਰਮਈ ਜਿਹੇ ਰੂਹ 'ਚ ਉਤਰ ਜਾਣ ਵਾਲੇ। ਇਹ ਪੁਸਤਕ ਹਰ ਉਸ ਇਨਸਾਨ ਦੀ ਕਹਾਣੀ ਹੈ, ਜੋ ਧਰਤੀ ਤੇ ਆਸਮਾਨ ਦੇ ਵਿਚਕਾਰ ਲਟਕ ਰਿਹਾ ਹੈ। ਉਹ ਉੱਡਣਾ ਚਾਹੁੰਦਾ ਹੈ, ਪਰ ਪੈਰਾਂ ਵਿਚ ਮਜਬੂਰੀਆਂ, ਮਰਿਆਦਾਵਾਂ ਤੇ ਸੰਸਕ੍ਰਿਤੀ ਦੇ ਸੰਗਲ ਹਨ। ਇਨ੍ਹਾਂ ਬੰਧਨਾਂ ਨੂੰ ਤੋੜਦਾ ਉਹ ਕਿੰਨਾ ਟੁੱਟਦਾ, ਖਿੰਡਦਾ ਤੇ ਬਿਖਰ ਕੇ ਸੰਭਲਦਾ ਹੈ, ਇਹ ਸੰਘਰਸ਼ ਡੂੰਘੀ ਛਾਪ ਛੱਡਦਾ ਹੈ। ਅਸਲ ਵਿਚ ਪੁਸਤਕ 'ਫੁੱਲਾਂ ਦੀ ਫਸਲ' ਸਮਾਜਿਕ ਸਿਸਟਮ ਨਾਲ ਲੋਹਾ ਲੈ ਕੇ ਇਕ ਮਹਾਂਰਥੀ ਦੀ ਵਿਦਵਤਾ ਵਿਚੋਂ ਉਪਜੀ ਹੋਈ ਹੱਲਾਸ਼ੇਰੀ ਹੈ।




ਕਹਾਣੀ ਸੰਗ੍ਰਹਿ ਵਿਚ ਪਹਿਲੀ ਕਹਾਣੀ 'ਸਾਂਝਾਂ ਦੀ ਸ਼ਤਰੰਜ' ਹੈ। ਇਹ ਰੂਹ 'ਚ ਉਤਾਰ ਕੇ ਸਮਝਣ ਤੇ ਮਹਿਸੂਸ ਕਰਨ ਦਾ ਅਹਿਸਾਸ ਹੈ। ਕਹਾਣੀ ਵਿਚ ਵਿੱਦਿਅਕ ਅਦਾਰਿਆਂ ਵਿਚ ਹੁੰਦੀ ਧੜੇਬੰਦੀ, ਜਾਤੀ ਵਿਰੋਧ ਤੇ ਟੱਕਰ ਨਾਲ ਮਨ ਦੀਆਂ ਕੋਮਲ ਭਾਵਨਾਵਾਂ ਨੂੰ ਵੀ ਛੋਹਿਆ ਗਿਆ ਹੈ। ਕਹਾਣੀ ਦਾ ਨਾਇਕ ਵਿਵੇਕਬੀਰ, ਜੋ ਇਸ ਸਭ ਕਾਸੇ ਨੂੰ 'ਫਿਊਡਲ ਮਾਨਸਿਕਤਾ ਦਾ ਗੰਦ ਪਿੱਲ' ਆਖਦਾ ਹੈ, ਉਹ ਵੀ ਇਸ ਤੋਂ ਬਚ ਨਹੀਂ ਸਕਿਆ। ਉਸ ਦੇ ਅੰਦਰ ਕਹਾਣੀ ਦੀ ਸ਼ੁਰੂਆਤ ਤੋਂ ਹੀ ਇਕ ਅੰਦਰੂਨੀ ਕਸ਼ਮਕਸ਼ ਛਿੜੀ ਜਾਪਦੀ ਹੈ,

ਵਿਵੇਕਬੀਰ: "ਸਾਰੇ ਪੰਜਾਬ ਦੇ ਕਾਲਜਾਂ ਨੂੰ ਆਪਣੇ ਕਾਲਜ ਬਰਾਬਰ ਤੋਲਣਾ ਕਿੰਨਾ ਕੁ ਠੀਕ ਹੈ?"

ਇਸੇ ਤਰ੍ਹਾਂ ਨਵੀਂ ਪੀੜ੍ਹੀ ਦੀ ਖੁੱਲ੍ਹ ਨਾ ਬਰਦਾਸ਼ਤ ਕਰਦਿਆਂ (ਮੈਡਮ) ਸਾਕਸ਼ੀ ਮਿਨਹਾਸ ਸਮਾਜਿਕ ਸਭਿਆਚਾਰ ਦੀ ਫਿਕਰ ਜਾਹਰ ਕਰਦੀ ਹੈ,

ਸਾਕਸ਼ੀ ਮਿਨਹਾਸ: "ਜਮਾਂ ਸ਼ਰਮ ਨ੍ਹੀਂ ਕਰਦੇ। ਇਨ੍ਹਾਂ ਦੇ ਕੱਪੜੇ ਵੇਖੋ, ਹੇਅਰ ਸਟਾਇਲ ਵੇਖੋ, ਇਉਂ ਲੱਗਦਾ ਜਿਵੇਂ ਰੋਮੀਓ ਕਾਲਜ ਦੀ ਗੇੜੀ ਮਾਰਨ ਆਏ ਹੋਣ।"

ਕਹਾਣੀ ਵਿਚ ਵਿਵੇਕਬੀਰ ਵਰਗੇ ਦੋਹਰੀ ਜ਼ਿੰਦਗੀ ਜੀਅ ਰਹੇ ਇਨਸਾਨ ਦੀ ਬੜੀ ਬਾਰੀਕੀ ਨਾਲ ਚੀਰ-ਫਾੜ ਕਰਦਿਆਂ ਕੋਝੇ ਸਿਸਟਮ 'ਤੇ ਕਰਾਰੀ ਚੋਟ ਮਾਰੀ ਹੈ। ਗਰੀਬ ਘਰ ਦੇ ਪ੍ਰੋਫੈਸਰ ਵਿਵੇਕਬੀਰ ਦਾ ਅਮੀਰ ਘੱਟ ਪੜ੍ਹੀ ਕੁੜੀ ਨਾਲ ਜੋੜ ਪਦਾਰਥਵਾਦੀ ਯੁਗ ਦੀ ਦੌੜ ਵਿਚ ਸ਼ਾਮਲ ਹੋਣ ਦੀ ਲਾਲਸਾ ਬਿਆਨ ਕਰਦਾ ਮਨ ਦੀਆਂ ਕੋਮਲ ਇੱਛਾਵਾਂ ਨੂੰ ਛਿੱਕੇ ਟੰਗ ਦਿੰਦਾ ਹੈ, ਪਰ ਦਿਲ ਦੇ ਡੂੰਘੇ ਸਮੁੰਦਰ 'ਚ ਡਿਕੋ-ਡੋਲੇ ਖਾਂਦੀ ਤਾਂਘ ਪਤਲੀ ਜਿਹੀ ਲਹਿਰ ਬਣ ਕੇ ਉੱਭਰਦੀ ਰਹਿੰਦੀ ਹੈ। ਇਹ ਆਹਰ ਵਿਵੇਕਬੀਰ ਨੂੰ ਹਾਰਨ ਨਹੀਂ ਦਿੰਦਾ। ਕਹਾਣੀ ਵਿਚ ਪਾਤਰਾਂ ਦਾ ਸੰਵਾਦ ਬੜਾ ਰੌਚਕ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਹਾਣੀ ਪੜ੍ਹ ਨਹੀਂ, ਸੁਣ ਰਹੇ ਹੋਈਏ।

ਵਿਵੇਕਬੀਰ: "ਮੈਂਟਲ ਸਾਂਝ ਵੀ ਕੋਈ ਚੀਜ਼ ਹੁੰਦੀ ਐ!"

"ਸੋਸ਼ਲ ਮੀਡੀਏ ਦੇ 'ਸ਼ਾਮ ਦੇ ਕ੍ਰਾਂਤੀਕਾਰੀ'!"

ਲੇਖਕ ਨੇ ਕਹਾਣੀ ਵਿਚ ਆਰਥਿਕ, ਸਮਾਜਿਕ ਤੇ ਰਾਜਨੀਤਿਕ ਪਿੜ ਵਿਚ ਜੂਝ ਰਹੇ ਮਨੁੱਖ ਦੀ ਮਨੋਦਸ਼ਾ ਨੂੰ ਖੁੱਲ੍ਹ ਕੇ ਬਿਆਨ ਕਰਦਿਆਂ ਆਪਸੀ ਵਿਰੋਧ 'ਚ ਪੈਦਾ ਹੋਈ ਬੇਵਸੀ ਨੂੰ ਨਿਰਾਸ਼ਾ ਦੀ ਢਲਾਣ ਵੱਲ ਨਹੀਂ ਜਾਣ ਦਿੱਤਾ। ਇਸ ਕਹਾਣੀ ਦਾ ਇਹ ਹੀ ਹਾਸਲ ਹੈ।

ਪੁਸਤਕ ਦੀ ਦੂਜੀ ਕਹਾਣੀ 'ਕਾਲਖ ਕੋਠੜੀ' ਹੈ। ਕਹਾਣੀ ਸੇਖੋਂ ਦੇ ਕਾਲੇ ਚਿੱਠੇ ਰਾਹੀਂ ਸਮਾਜ ਦੇ ਘਿਨੌਣੇ ਅਨਸਰਾਂ ਦੀਆਂ ਕਰਤੂਤਾਂ ਦਾ ਭਾਂਡਾ ਫੋੜਦੀ ਹੈ। ਕਹਾਣੀ ਦਾ ਨਾਇਕ ਜੁਝਾਰ ਅਗਾਂਹਵਧੂ ਸੋਚ ਦੇ ਧਾਰਨੀ ਅਨੰਦ ਅਗਰਵਾਲ ਤੋਂ ਪ੍ਰਭਾਵਿਤ ਹੈ। ਅਨੰਦ ਅਗਰਵਾਲ ਸਮਾਜਿਕ ਤਬਦੀਲੀ ਲਈ ਦੋਗਲੇ ਤੱਤਾਂ ਨੂੰ ਕੋਹੜ ਮੰਨਦਾ ਹੈ। ਉਸ ਅਨੁਸਾਰ ਸੁਥਰੇ ਸਮਾਜ ਲਈ ਚੰਗੇ ਲੋਕਾਂ ਦਾ ਇਕੱਠੇ ਹੋ ਕੇ ਕੰਮ ਕਰਨਾ ਜ਼ਰੂਰੀ ਹੈ। 'ਕਾਲਖ ਕੋਠੜੀ' ਵਿਚਲੇ ਅਨੰਦ ਅਗਰਵਾਲ ਦੇ ਬੋਲ ਪਾਠਕ ਨੂੰ ਮੋਹਣ ਵਾਲੇ ਹਨ, "ਸਾਰੀਆਂ ਚੰਗਿਆਈਆਂ ਇੱਕ-ਦੂਜੇ ਦੀਆਂ ਮਿੱਤਰ ਹੁੰਦੀਆਂ ਨੇ। ਆਪਸ ਵਿਚ ਮਿਲ ਜਾਂਦੀਆਂ ਨੇ, ਤੇ ਦੁਨੀਆਂ ਬਦਲਦੀਆਂ ਨੇ।"

ਅਨੰਦ ਅਗਰਵਾਲ ਦੀਆਂ ਕ੍ਰਾਂਤੀਕਾਰੀ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਜੁਝਾਰ ਆਪਣੇ ਅੰਦਰ ਚੱਲ ਰਹੇ ਘੋਲ ਨੂੰ ਨਵੀਂ ਦਿਸ਼ਾ ਵੱਲ ਮੋੜਦਾ ਹੈ। ਉਸ ਦੇ ਜਜ਼ਬਾਤ ਲਾਵੇ ਵਾਂਗ ਫਟ ਕੇ ਬਾਹਰ ਵਹਿ ਤੁਰਦੇ ਹਨ। ਉਹ ਸ਼ੇਰ ਵਾਗ ਦਹਾੜ ਕੇ ਆਖਦਾ ਹੈ,

ਜੁਝਾਰ: "ਬਹੁਤ ਸਹਿ ਲਿਆ...ਹੁਣ ਹੋਰ ਨ੍ਹੀਂ...ਮੈਂ ਉਹ ਸਭ ਕਰਨਾ ਚਾਹੁੰਨਾਂ, ਜਿਸ ਦੀ ਅੱਜ ਸੱਚੀ ਮੁੱਚੀ ਲੋੜ ਐ।"

ਜੁਝਾਰ ਦੀ ਪਹਿਲੀ ਲੜਾਈ ਆਪਣੇ ਘਰ ਨਾਲ ਹੈ। ਪਿਉ ਨੂੰ ਹੀਰੋ ਮੰਨਣ ਵਾਲੇ ਜੁਝਾਰ ਦੀ ਸੋਚ ਦਾ ਘੇਰਾ ਹੌਲੀ ਹੌਲੀ ਫੈਲ ਜਾਂਦਾ ਹੈ। ਨਵੀਆਂ ਉਡਾਣਾਂ ਲਈ ਫੜਫੜਾ ਰਹੇ ਖੰਭਾਂ ਨੂੰ ਘਰ ਦਾ ਖੇਤਰਫਲ ਮੇਚ ਨਹੀਂ ਆਉਂਦਾ। ਅਸਲ ਵਿਚ ਜੁਝਾਰ ਦੀ ਦ੍ਰਿਸ਼ਟੀ ਦਾ ਧਰਾਤਲ ਪਿਉ ਦੀ ਸੰਘਰਸ਼ਸ਼ੀਲ ਜ਼ਿੰਦਗੀ ਦੀਆਂ ਕਹਾਣੀਆਂ ਹੁੰਦੀਆਂ ਹਨ, ਪਰ ਬਦਲੇ ਰਾਜਨੀਤਕ ਮਾਹੌਲ ਵਿਚ ਉਸ ਦੀ ਮਨੋਚੇਤਨਾ ਵਿਚ ਬਦਲਾਅ ਵਾਪਰ ਜਾਂਦਾ ਹੈ। ਇਹ ਬਦਲਾਅ ਘਰ ਵਿਚ ਸੰਕਟ ਪੈਦਾ ਕਰਦਾ ਹੈ। ਖਾਲਸਾ ਅੰਤਰ-ਆਤਮਾ ਤੋਂ ਜੁਝਾਰ ਨਾਲ ਸਹਿਮਤ ਹੁੰਦਾ ਹੋਇਆ ਵੀ ਪੁੱਤਰ ਮੋਹ ਵੱਸ ਉਸ ਨੂੰ ਔਖੇ ਪੈਂਡਿਆਂ ਤੋਂ ਬਚਾਉਣ ਦਾ ਫਰਜ਼ ਨਿਭਾਉਂਦਾ ਹੈ,

ਖਾਲਸਾ: "ਇਹ ਸਿਆਸਤ ਆਪਣੇ ਵਰਗੇ ਗਰੀਬ ਮਸਕੀਨਾਂ ਨੂੰ ਵਾਰਾ ਨਹੀਂ ਖਾਂਦੀ ਪੁੱਤਰਾ!...ਕਪਟੀ ਬੰਦਿਆਂ ਦਾ ਸਭ ਖੇਲ-ਤਮਾਸ਼ਾ...।"

ਕਹਾਣੀ ਵੱਖ ਵੱਖ ਦਿਸ਼ਾਵਾਂ ਵੱਲ ਤੁਰੇ ਫਿਰਦੇ ਆਪਣੇ ਪਾਤਰਾਂ ਨੂੰ ਬੜੀ ਕਲਾਕਾਰੀ ਨਾਲ ਸਿੱਧੀ ਸੜਕ ਵੱਲ ਤੋਰ ਦਿੰਦੀ ਹੈ। ਇਹ ਲੇਖਕ ਦੀ ਸੂਝ ਤੇ ਕਲਮ ਦੀ ਪਕੜ ਦਾ ਕਮਾਲ ਹੈ। ਜੁਝਾਰ ਆਉਣ ਵਾਲੇ ਸਮੇਂ ਲਈ ਫਿਕਰਮੰਦ ਤੇ ਸੁਚੇਤ ਹੈ। ਉਹ ਵੰਡੀਆਂ ਤੋਂ ਉੱਪਰ ਉਠ ਕੇ ਸਭ ਨੂੰ ਇਕ ਜੁੱਟ ਹੋਣ ਦਾ ਸੱਦਾ ਦਿੰਦਾ ਹੈ,

ਜੁਝਾਰ: "ਸੁਲੱਖਣੇ ਪੰਜਾਬ ਦੀ ਖਾਤਰ ਸਭ ਧਿਰਾਂ ਨੂੰ ਸਿਰ ਜੋੜ ਕੇ ਤੁਰਨਾ ਪੈਣਾ।"

ਮੱਧ-ਵਰਗ ਦੀ ਸਭ ਤੋਂ ਵੱਡੀ ਲੜਾਈ ਆਪਣੇ ਆਪ ਨਾਲ ਹੈ, ਹੇਠਾਂ ਡਿੱਗਣ ਦਾ ਡਰ ਤੇ ਉੱਪਰ ਜਾਣ ਦੀ ਲਾਲਸਾ ਤੋਂ ਉਹ ਕਦੀ ਮੁਕਤ ਨਹੀਂ ਹੁੰਦੇ। ਇਸ ਚੱਕਰਵਿਊ 'ਚ ਘੁੰਮਦੇ ਉਹ ਰਾਜਨੀਤਿਕ ਢਾਂਚੇ ਦੇ ਹੱਥਾਂ ਵਿਚ ਕਠਪੁਤਲੀਆਂ ਬਣੇ ਰਹਿੰਦੇ ਹਨ। ਲੇਖਕ ਨੇ ਬੜੀ ਕਲਾਤਮਿਕਤਾ ਨਾਲ ਇਸ ਗੱਲ ਨੂੰ ਕਹਾਣੀ ਵਿਚਲੇ ਪਾਤਰ ਨਵਤੇਜ ਸਾਥੀ ਦੇ ਮੂੰਹੋਂ ਅਖਵਾਇਆ ਹੈ। ਸਾਥੀ ਦੇ ਬੋਲ ਮੱਧ ਵਰਗ ਦੀ ਸੋਚ ਅਤੇ ਨਵੀਂ ਬਣ ਰਹੀ ਰਾਜਨੀਤਿਕ ਪਾਰਟੀ ਦਾ ਬੜੀ ਖੂਬਸੂਰਤੀ ਨਾਲ ਪੋਸਟ ਮਾਰਟਮ ਕਰਦੇ ਹਨ,

"ਇਹ ਨੌਸਿੱਖੀਆਂ ਦੀ ਪਾਰਟੀ ਐ। ਪਾਰਟੀ ਦੀ ਕੋਈ ਸਪੱਸ਼ਟ ਵਿਚਾਰਧਾਰਾ ਵੀ ਨਹੀਂ ਦਿਸਦੀ।...ਇਹ ਵਿਵਸਥਾ ਖਿਲਾਫ ਲੋਕਾਂ ਦੇ ਗੁੱਸੇ ਨੂੰ ਕੈਸ਼ ਕਰ ਰਹੇ ਨੇ...ਮੱਧਵਰਗ ਦੇ ਪੇਟ ਅੰਦਰਲੀ ਗੁੜ-ਗੁੜ ਵਰਗਾ ਹੈ ਇਹ ਸਭ ਕੁਝ।"

'ਕਾਲਖ ਕੋਠੜੀ' ਕਹਾਣੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਰਾਜਨੀਤੀ ਵਰਗੇ ਖੁਸ਼ਕ ਵਿਸ਼ੇ ਨੂੰ ਬਿਆਨ ਕਰਦੀ ਵੀ ਉਸ ਨਦੀ ਵਾਂਗ ਵਹਿੰਦੀ ਹੈ, ਜੋ ਕਦੀ ਮੈਦਾਨੀ ਇਲਾਕਿਆਂ ਵਿਚ ਖੁੱਲ੍ਹਾਂ ਲੈਂਦੀ ਤੇ ਕਦੀ ਭੀੜੀਆਂ ਵਾਦੀਆਂ ਵਿਚ ਸੁੰਗੜਦੀ ਅੱਗੇ ਤੁਰੀ ਜਾਂਦੀ ਹੈ। ਨਾਇਕ ਜੁਝਾਰ ਅੱਜ ਦੀ ਪੀੜ੍ਹੀ ਦੀ ਅਗਵਾਈ ਕਰਦਾ ਉਨ੍ਹਾਂ ਲਈ ਨਵੇਂ ਰਾਹ ਮੋਕਲੇ ਕਰਦਾ ਅੱਗੇ ਤੁਰਿਆ ਜਾਂਦਾ ਹੈ।

ਕਹਾਣੀ 'ਫੁੱਲਾਂ ਦੀ ਫਸਲ' ਮੱਧਵਰਗੀ ਪਰਿਵਾਰ ਦੀ ਕਥਾ ਹੈ। ਇਹ ਪਿੰਡਾਂ ਨੂੰ ਸ਼ਹਿਰਾਂ ਤੇ ਸ਼ਹਿਰਾਂ ਨੂੰ ਵਿਦੇਸ਼ਾਂ ਵੱਲ ਧੱਕਦੀ ਸੱਚ ਦੀ ਉਂਗਲੀ ਘੁੱਟ ਕੇ ਫੜੀ ਰੱਖਦੀ ਹੈ। ਸੰਸਾਰੀਕਰਨ ਨਾਲ ਬਾਹਰ ਵੱਲ ਵਧਦੇ ਕਦਮ ਮਨੁੱਖੀ ਮਨ ਦੀ ਟੁੱਟ-ਭੱਜ ਤੇ ਗੰਢ ਤਰੁਪ ਨਾਲ ਪਰਿਵਾਰਕ ਸਾਂਝ ਦੀਆਂ ਤੰਦਾਂ ਨੂੰ ਖਿੱਚ-ਖਿੱਚ ਕਮਜ਼ੋਰ ਕਰਦੇ ਹਨ। ਇਹ ਘਟਨਾਕ੍ਰਮ ਇਕ ਤੋਂ ਬਾਅਦ ਦੂਜੀ ਪੀੜ੍ਹੀ ਵੱਲ ਵਧਦਾ ਹੋਰ ਮਜ਼ਬੂਤ ਹੁੰਦਾ ਜਾਂਦਾ ਹੈ। ਅਗਲੀ ਨਸਲ ਪਿਛਲਿਆਂ ਦੀਆਂ ਪੈੜਾਂ ਦੱਬਦੀ ਉਨ੍ਹਾਂ ਦੀ ਹਿਰਸ ਤੇ ਰੀਝ 'ਚ ਆਸ਼ਾ-ਨਿਰਾਸ਼ਾ ਨਾਲ ਪਛਤਾਵਾ ਵੀ ਪਰੋਸ ਦਿੰਦੀ ਹੈ। 'ਫੁੱਲਾਂ ਦੀ ਫਸਲ' ਕਹਾਣੀ ਪੇਂਡੂ ਅਤੇ ਸ਼ਹਿਰੀ ਧਰਾਤਲ 'ਚ ਉਪਜਿਆ ਉਹ ਸੱਚ ਹੈ, ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਚੰਗੇ ਭਵਿਖ ਦੀ ਕਾਮਨਾ ਕਰਦੇ ਮਾਂ ਬਾਪ ਆਪਣੇ ਦਰਦ ਨੂੰ ਸਮਾਜਿਕ ਸੰਦਰਭ ਨਾਲ ਜੋੜ ਕੇ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਦਿੱਲੀ ਏਅਰਪੋਰਟ ਤੋਂ ਜਦੋਂ ਮਹਿਕਦੀਪ ਮਾਂ-ਬਾਪ ਤੋਂ ਵਿਛੜਦਾ ਹੈ ਤਾਂ ਉਹ ਆਪਣਾ ਦਰਦ ਛੁਪਾਉਣ ਲਈ ਇਕ ਦੂਸਰੇ ਨੂੰ ਢਾਰਸ ਦੇਣ ਦਾ ਯਤਨ ਕਰਦੇ ਹਨ। ਇਸ ਕਹਾਣੀ ਦਾ ਵਾਰਤਾਲਾਪ ਦਿਲ 'ਚ ਚੀਰ ਪਾਉਂਦਾ ਅੰਦਰ ਉਤਰ ਜਾਂਦਾ ਹੈ। ਮਹਿਕਦੀਪ ਦੇ ਮਾਂ ਬਾਪ ਦੇ ਬੋਲ ਪੜ੍ਹਨਯੋਗ ਹਨ।

ਜਰਨੈਲ: "ਬਹੁਤੇ ਲੋਕਾਂ ਤੋਂ ਤਾਂ ਚੰਗੇ ਈ ਆਂ, ਬਾਹਰ ਜਾਣ ਲਈ ਮਰਦੇ ਫਿਰਦੇ ਬੇਚਾਰੇ। ਆਪਣਾ ਤਾਂ ਨਾ ਹਿੰਗ ਲੱਗਾ, ਨਾ ਫਟਕੜੀ।"

ਪਰ ਮਾਂ ਦੀ ਮਮਤਾ ਵਿਚ ਲਾਭ-ਹਾਨੀ ਦੇ ਸਵਾਲ ਕਿਥੇ ਹੁੰਦੇ ਹਨ? ਮਹਿਕਦੀਪ ਦੀ ਮਾਂ ਅੰਤਰ ਆਤਮਾ ਤੋਂ ਕੁਰਲਾ ਕੇ ਆਖਦੀ ਹੈ, "ਤੁਹਾਡਾ ਨਾ ਲੱਗਿਆ ਹੋਊ...ਮੇਰੀਆਂ ਤਾਂ ਆਂਦਰਾਂ ਧਰੂਹ ਕੇ ਲੈ ਗਿਆ। ਜਿਵੇਂ ਉਹ ਗਿਆ, ਇਵੇਂ ਵੀ ਜਾਂਦਾ ਕੋਈ?"

'ਫੁੱਲਾਂ ਦੀ ਫਸਲ' ਕਹਾਣੀ ਕਿਸ਼ੋਰ ਅਵਸਥਾ ਦੇ ਉਸ ਸਧਾਰਨ ਮੁੰਡੇ ਜਿਹੀ ਹੈ, ਜਿਸ ਦੀ ਜਿਸਮਾਨੀ ਬਣਤਰ ਨੂੰ ਸਭ ਕੁਝ ਸੁੰਗੜਿਆ ਤੇ ਅਕਾਊ ਲੱਗਦਾ ਹੈ। ਜਿਸ ਦੇ ਮਨ ਦੀ ਰੀਝ ਤਾਂ ਮਨਚਲੇ ਭੌਰਿਆਂ ਵਰਗੀ ਹੈ, ਪਰ ਆਲੇ-ਦੁਆਲੇ ਕੋਈ ਫੁੱਲ ਨਜ਼ਰ ਨਹੀਂ ਆਉਂਦਾ। ਜੋ ਮਾਂ ਦੇ ਪਿੜੀਆਂ ਪਾ ਪਾ ਬਣਾਏ ਖਿੱਦੋ ਤੇ ਬਾਪ ਦੇ ਘੜ ਕੇ ਦਿੱਤੇ ਗੁੱਲੀ ਡੰਡੇ ਨੂੰ ਇੱਧਰ-ਉਧਰ ਸੁੱਟਦਾ ਅਮੀਰ ਘਰ ਦੇ ਗੁਆਢੀ ਮੁੰਡੇ ਦੇ ਹੱਥ ਰੀਮੋਟ ਵਾਲੀ ਕਾਰ ਦੇਖ ਕੇ ਸੁਪਨੇ ਬੁਣਨ ਲੱਗਦਾ ਹੈ। ਫਿਰ ਜਦੋਂ ਨਵੇਂ-ਪੁਰਾਣੇ ਦੀ ਟੱਕਰ 'ਚ ਪੁਰਾਣਾ ਫੀਤਾ ਫੀਤਾ ਹੋ ਕੇ ਉੱਡਣ ਲੱਗਦਾ ਹੈ ਤਾਂ ਮਾਂ-ਬਾਪ ਪੁਰਾਣੇ ਲਈ ਹੰਝੂ ਕੇਰਦੇ ਚੁਪ-ਚਾਪ ਪੁੱਤ ਦੀ ਨਵੀਂ ਰੀਝ ਦੇ ਭਾਗੀ ਹੋ ਜਾਂਦੇ ਹਨ।

ਚੌਥੀ ਕਹਾਣੀ 'ਵਾਰਸ' ਉੱਨੀ ਸੌ ਚੌਰਾਸੀ ਦੇ ਕਾਲੇ ਦੌਰ ਨੂੰ ਆਟੇ ਵਾਂਗ ਗੁੰਨ ਕੇ ਕਹਾਣੀ ਦੀ ਪਰਾਤ ਵਿਚ ਰੱਖ ਦਿੰਦੀ ਹੈ। ਇਸ ਕਹਾਣੀ ਵਿਚ ਮਨੁੱਖਤਾ ਦੀ ਪੀੜਾ, ਬੇਭਰੋਸਗੀ, ਡਰ, ਬੇਗਾਨਗੀ ਤੇ ਡੋਲਦੀ ਮਾਨਸਿਕਤਾ ਨੂੰ ਸਮੂਹਿਕ ਸੰਤਾਪ ਬਣਾ ਕੇ ਪਾਠਕਾਂ ਅੱਗੇ ਪਰੋਸਿਆ ਗਿਆ ਹੈ। ਸੁਖਪਾਲ ਸਿੰਘ ਥਿੰਦ ਦੀ ਪਕੜ ਬੜੀ ਪੱਕੀ ਪੀਡੀ ਹੈ। ਪੜ੍ਹਦਿਆਂ ਇੰਜ ਲੱਗਦਾ ਹੈ, ਜਿਵੇਂ ਇਹ ਸਭ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੋਵੇ। ਇਸ ਸਮੇਂ ਦੇ ਜਖਮਾਂ ਦੀ ਪੀੜਾ ਅਸਹਿ ਸੀ। ਬਲਦੇ ਸਿਵਿਆਂ ਨੂੰ ਛੱਡ ਕੇ ਪਰਦੇਸੀ ਹੋਏ ਪੁੱਤਾਂ ਦੇ ਸੀਨੇ ਵਿਚ ਅੱਗ ਅੱਜ ਵੀ ਧੁਖ ਰਹੀ ਹੈ। ਇਸ ਸਮੇਂ ਜੋ ਮੌਤ ਦਾ ਤਾਂਡਵ ਨਾਚ ਸੀ, ਉਹ ਇਤਿਹਾਸ ਦੇ ਮੱਥੇ 'ਤੇ ਸਦਾ ਕਲੰਕ ਵਾਂਗ ਰਹੇਗਾ। ਕਹਾਣੀ ਦਾ ਇਹ ਸੁਨੇਹਾ ਕਿ ਕਿਸੇ ਵੀ ਧਰਮ ਨੂੰ ਬਾਣੇ ਦੀ ਨਹੀਂ, ਸੱਚੀ-ਸੁੱਚੀ ਸੋਚ ਦੀ ਜ਼ਰੂਰਤ ਹੁੰਦੀ ਹੈ। ਧਰਮ ਦੇ ਨਾਂ 'ਤੇ ਰੋਟੀਆ ਸੇਕ ਰਹੇ ਠੇਕੇਦਾਰਾਂ 'ਤੇ ਇਹ ਕਹਾਣੀ ਜ਼ਬਰਦਸਤ ਵਿਅੰਗ ਹੈ। ਕਹਾਣੀ ਸੁਪਨੇ ਤੋਂ ਸ਼ੁਰੂ ਹੁੰਦੀ ਹੈ, ਤੇ ਸੁਪਨਾ ਕੁਲਦੀਪ ਨੂੰ ਘੜੀਸ ਕੇ ਜ਼ਿੰਦਗੀ ਦੀ ਹਕੀਕਤ ਅੱਗੇ ਪੇਸ਼

***(ਬਾਕੀ ਅਗਲੇ ਸਫੇ 'ਤੇ)***

ਸ਼ਰਧਾਂਜਲੀ

# ਦਿਲਾਂ ਵਿਚ ਜਿਊਂਦੇ ਰਹਿਣਗੇ ਪ੍ਰੋ. ਕੁਲਵੰਤ ਸਿੰਘ ਗਰੇਵਾਲ

ਮੈਨੂੰ ਪਿਛਲੇ ਦੋ ਦਹਾਕਿਆਂ ਦੌਰਾਨ ਸ਼ਾਹੀ ਸ਼ਹਿਰ ਪਟਿਆਲੇ ਦੀਆਂ ਕਈ ਸਾਹਿਤਕ ਸਭਾਵਾਂ ਦੀਆਂ ਕਈ ਨਾਮਵਰ ਸ਼ਖਸੀਅਤਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਜਿਨ੍ਹਾਂ ਵਿਚੋਂ ਪ੍ਰੋ. ਕੁਲਵੰਤ ਸਿੰਘ ਗਰੇਵਾਲ ਦੀ ਸ਼ਖਸੀਅਤ ਨੇ ਮੇਰੀ ਸਾਹਿਤਕ ਸੋਚ ਅਤੇ ਬੌਧਿਕ ਸੂਝ ਉੱਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਵੈਸੇ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਭਾਸ਼ਾ ਵਿਭਾਗ ਪਟਿਆਲਾ ਵਿਖੇ ਆਯੋਜਿਤ ਸਾਹਿਤਕ ਮਿਲਣੀਆਂ ਦੌਰਾਨ ਮੈਨੂੰ ਕਈ ਵਾਰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ, ਪਰ ਉਨ੍ਹਾਂ ਦੀ ਸੰਗਤ


ਹਰਗੁਣਪ੍ਰੀਤ ਸਿੰਘ, ਪਟਿਆਲਾ
ਫੋਨ: 91-94636-19353

ਦਾ ਅਸਲ ਅਨੰਦ ਮੈਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਅਤੇ ਗਲੋਬਲ ਪੰਜਾਬ ਫਾਊਂਡੇਸ਼ਨ ਦੇ ਸਾਹਿਤਕ ਸਮਾਗਮਾਂ ਵਿਚ ਉਨ੍ਹਾਂ ਦੇ ਗਿਆਨ ਭਰਪੂਰ ਵਿਚਾਰ ਸੁਣ ਕੇ ਪ੍ਰਾਪਤ ਹੋਇਆ।

ਉਨ੍ਹਾਂ ਦੇ ਪਿਆਰ, ਅਪਣੱਤ ਅਤੇ ਮੋਹ ਨਾਲ ਭਰੇ ਲਫਜ਼ ਹਰ ਉਮਰ, ਹਰ ਖੇਤਰ ਅਤੇ ਹਰ ਵਿਚਾਰਧਾਰਾ ਦੇ ਵਿਅਕਤੀ ਨੂੰ ਆਪਣੇ ਵੱਲ ਖਿੱਚਣ ਅਤੇ ਮਿੱਤਰ ਬਣਾਉਣ ਦੀ ਐਸੀ ਅਨੋਖੀ ਸ਼ਕਤੀ ਰੱਖਦੇ ਸਨ ਕਿ ਇਕ ਵਾਰ ਜੋ ਉਨ੍ਹਾਂ ਦੇ ਸੰਪਰਕ ਵਿਚ ਆ ਜਾਂਦਾ ਸੀ, ਉਹ ਹਮੇਸ਼ਾ ਲਈ ਉਨ੍ਹਾਂ ਦਾ ਹੀ ਬਣ ਕੇ ਰਹਿ ਜਾਂਦਾ ਸੀ। ਉਨ੍ਹਾਂ ਦੀ ਸ਼ਖਸੀਅਤ ਵਿਚ ਇਕ ਖਾਸ ਵਿਸ਼ੇਸ਼ਤਾ ਇਹ ਵੀ ਸੀ ਕਿ ਉਹ ਕਿਸੇ ਵੀ ਸਟੇਜ ਜਾਂ ਮੰਚ ਉੱਤੇ ਆਪਣੀ ਜਾਂ ਆਪਣੇ ਪਰਿਵਾਰ ਦੀ ਸਿਫਤ ਕਰਨ ਦੀ ਥਾਂ ਹਮੇਸ਼ਾ ਦੂਸਰਿਆਂ ਦੀ ਹੀ ਪ੍ਰਸ਼ੰਸਾ ਅਤੇ ਵਡਿਆਈ ਕਰਦੇ ਰਹਿੰਦੇ ਸਨ। ਮੈਨੂੰ ਨਿਜੀ ਤੌਰ ਉੱਤੇ ਹਰ ਸਾਹਿਤਕ ਸਮਾਗਮ ਵਿਚ ਪ੍ਰੋ. ਸਾਹਿਬ ਦੇ ਪਹੁੰਚਣ ਦੀ ਉਡੀਕ ਅਤੇ ਉਨ੍ਹਾਂ ਦੇ ਵਿਚਾਰ ਸੁਣਨ ਦੀ ਤਾਂਘ ਰਹਿੰਦੀ ਸੀ, ਜਿਸ ਕਰਕੇ ਮੈਂ ਉਨ੍ਹਾਂ ਦੇ ਭਾਸ਼ਣਾਂ ਨੂੰ ਆਪਣੇ ਮੋਬਾਈਲ ਜਾਂ ਕੈਮਰੇ ਵਿਚ ਵੀ ਅਕਸਰ ਰਿਕਾਰਡ ਕਰ ਲੈਂਦਾ ਸਾਂ।

ਜਦੋਂ ਮੈਂ ਉਨ੍ਹਾਂ ਨੂੰ ਸਾਲ 2008 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਆਪਣੀ ਪਲੇਠੀ ਪੁਸਤਕ 'ਮੁਸੀਬਤਾਂ ਤੋਂ ਨਾ ਘਬਰਾਓ' ਭੇਟ ਕੀਤੀ ਤਾਂ ਉਨ੍ਹਾਂ ਨੇ ਮੇਰੀ ਖੂਬ ਹੌਸਲਾ ਅਫਜ਼ਾਈ ਕਰਦਿਆਂ ਇਹ ਆਖ ਕੇ ਆਸ਼ੀਰਵਾਦ ਦਿੱਤਾ ਸੀ, "ਬੇਟਾ! ਹਮੇਸ਼ਾ ਚੰਗਾ ਸਾਹਿਤ ਪੜ੍ਹਦੇ ਤੇ ਲਿਖਦੇ ਰਹੋ ਅਤੇ ਆਪਣੀਆਂ ਰਚਨਾਵਾਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕਰਦੇ ਰਹੋ। ਜਿਹੜਾ ਵੀ ਕੋਈ ਕਾਰਜ ਕਰੋ, ਉਹ ਆਪਣੀ ਸਖਤ ਮਿਹਨਤ ਨਾਲ ਸਭ ਤੋਂ ਉੱਤਮ ਅਤੇ ਵਧੀਆ ਦਰਜੇ ਨਾਲ ਕਰਨ ਦਾ ਯਤਨ ਕਰੋ। ਤੁਹਾਡੇ ਤੋਂ ਮੈਂ ਇਹ ਆਸ ਇਸ ਕਰਕੇ ਵੀ ਰੱਖਦਾ ਹਾਂ, ਕਿਉਂਕਿ ਤੁਹਾਡੇ ਪਰਿਵਾਰ ਨੇ ਹਮੇਸ਼ਾ ਨੈਤਿਕਤਾ ਉੱਤੇ ਪਹਿਰਾ ਦੇ ਕੇ ਸਮਾਜ ਦਾ ਸਹੀ ਮਾਰਗ ਦਰਸ਼ਨ ਕੀਤਾ ਹੈ।"

ਉਨ੍ਹਾਂ ਨੇ ਮੈਨੂੰ ਖੁਸ਼ ਹੋ ਕੇ ਆਪਣੀ ਪੁਸਤਕ 'ਤੇਰਾ ਅੰਬਰਾਂ 'ਚ ਨਾਂ ਲਿਖਿਆ', ਪਹਿਲੇ ਪੰਨੇ ਉੱਤੇ 'ਹਰਗੁਣਪ੍ਰੀਤ ਦੀ ਰਚਨਾ ਦੇ ਨਾਂ' ਸ਼ਬਦ ਲਿਖ ਕੇ ਇਨਾਮ ਵਜੋਂ ਭੇਟ ਕੀਤੀ। ਜਦੋਂ ਲਗਭਗ ਦੋ ਸਾਲ ਮਗਰੋਂ ਉਹ ਪੰਜਾਬੀ ਯੂਨੀਵਰਸਿਟੀ ਵਿਖੇ ਸਾਡੇ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਵਿਖੇ ਕਰਵਾਏ ਇਕ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਤਾਂ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਵਿਸ਼ੇਸ਼ ਤੌਰ ਉੱਤੇ ਮੇਰੀ ਅਤੇ ਮੇਰੀ ਪੁਸਤਕ ਦੀ ਖੂਬ ਪ੍ਰਸ਼ੰਸਾ ਕੀਤੀ।


ਪ੍ਰੋ. ਕੁਲਵੰਤ ਸਿੰਘ ਗਰੇਵਾਲ ਨਾਲ ਹਰਗੁਣਪ੍ਰੀਤ ਸਿੰਘ

ਉਨ੍ਹਾਂ ਦੇ ਭਾਸ਼ਣਾਂ ਅਤੇ ਲਿਖਤਾਂ ਵਿਚ ਉਨ੍ਹਾਂ ਦਾ ਪਟਿਆਲੇ ਸ਼ਹਿਰ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਸਾਫ ਝਲਕਦਾ ਸੀ। ਇਸ ਪਿਆਰ ਨੂੰ ਮੈਂ ਪਰਤੱਖ ਤੌਰ ਉੱਤੇ ਨਾ ਸਿਰਫ ਸਟੇਜ ਉੱਤੇ ਸਗੋਂ ਵਿਹਾਰਕ ਤੌਰ ਉੱਤੇ ਉਦੋਂ ਵੀ ਮਹਿਸੂਸ ਕਰਦਾ ਸੀ, ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਜਾਂ ਭਾਸ਼ਾ ਵਿਭਾਗ ਤੋਂ ਕਈ ਵਾਰ ਉਨ੍ਹਾਂ ਨੂੰ ਆਪਣੇ ਮੋਟਰ ਸਾਈਕਲ 'ਤੇ ਬਿਠਾ ਕੇ ਘਰ ਛੱਡਣ ਜਾਂਦਾ ਸੀ, ਕਿਉਂਕਿ ਉਹ ਮੈਨੂੰ 20 ਕੁ ਮਿੰਟਾਂ ਦੇ ਛੋਟੇ ਜਿਹੇ ਸਫਰ ਦੌਰਾਨ ਹੀ ਪਟਿਆਲੇ ਦੀਆਂ ਸੁਨਹਿਰੀ ਯਾਦਾਂ, ਇਮਾਰਤਾਂ, ਬਾਗਾਂ, ਬਾਜ਼ਾਰਾਂ, ਗਲੀਆਂ, ਨਾਲਿਆਂ ਆਦਿ ਸਬੰਧੀ ਬਹੁਤ ਅਹਿਮ ਜਾਣਕਾਰੀ ਬਹੁਤ ਰੌਚਕ ਢੰਗ ਨਾਲ ਪ੍ਰਦਾਨ ਕਰ ਦਿੰਦੇ ਸਨ। ਗਰੇਵਾਲ ਸਾਹਿਬ ਪਟਿਆਲੇ ਦੇ ਮੰਨੇ-ਪ੍ਰਮੰਨੇ ਸਾਹਿਤਕਾਰਾਂ ਬਾਰੇ ਗੱਲ ਕਰਦਿਆਂ ਜਦੋਂ ਮੇਰੇ ਪੜਦਾਦਾ ਰਾਜਕਵੀ ਸ. ਬਲਵੰਤ ਸਿੰਘ ਗਜਰਾਜ ਦੀ ਪ੍ਰਸ਼ੰਸਾ ਕਰਦੇ ਸਨ ਤਾਂ ਮੇਰਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਸੀ। ਉਨ੍ਹਾਂ ਦੇ ਸ਼ਬਦਾਂ ਵਿਚ "ਗਜਰਾਜ ਜੀ ਫੁਲਕੀਆਂ ਰਿਆਸਤਾਂ ਦੇ ਸਿਰਮੌਰ ਸਟੇਜੀ ਕਵੀ ਸਨ, ਜਿਨ੍ਹਾਂ ਦੇ ਬੋਲਾਂ ਅਤੇ ਆਵਾਜ਼ ਵਿਚੋਂ ਕੋਇਲ ਜਿਹੀ ਕੂਕ ਅਤੇ ਬੁਲਬੁਲ ਜਿਹੀ ਮਿਠਾਸ ਹੀ ਨਹੀਂ, ਸਗੋਂ ਹਾਥੀ ਦੀ ਚਿੰਘਾੜ ਅਤੇ ਸ਼ੇਰ ਦੀ ਦਹਾੜ ਆਦਿ ਸਭ ਰੰਗਾਂ ਦੇ ਦਰਸ਼ਨ ਹੋ ਜਾਇਆ ਕਰਦੇ ਸਨ। ਆਪਣੀ ਅਦਭੁੱਤ ਅਦਾਇਗੀ ਨਾਲ ਉਹ ਸਰੋਤਿਆਂ ਦੇ ਵਿਸ਼ਾਲ ਇਕੱਠਾਂ ਨੂੰ ਕੀਲ ਕੇ ਰੱਖ ਲੈਣ ਦੀ ਸਮਰੱਥਾ ਰੱਖਦੇ ਸਨ।"

ਇਕ ਵਾਰ 'ਗਜਰਾਜ' ਜੀ ਬਾਰੇ ਗੱਲ ਕਰਦਿਆਂ ਉਨ੍ਹਾਂ ਮੈਨੂੰ ਕਿਹਾ ਸੀ, "ਹਰਗੁਣਪ੍ਰੀਤ! ਤੇਰੇ ਪਿਤਾ ਸ. ਰੂਪਇੰਦਰ ਸਿੰਘ ਦੁਆਰਾ ਵਿਸ਼ੇਸ਼ ਮੌਕਿਆਂ ਉੱਤੇ ਗਜਰਾਜ ਜੀ ਬਾਰੇ ਮੈਂ ਉੱਚ ਕੋਟੀ ਦੇ ਅਖਬਾਰਾਂ ਵਿਚ ਤਾਂ ਕਈ ਰਚਨਾਵਾਂ ਪੜ੍ਹੀਆਂ ਹਨ, ਪਰ ਹੋਰ ਵੀ ਚੰਗਾ ਹੋਵੇਗਾ ਜੇ ਉਨ੍ਹਾਂ ਦੀਆਂ ਸਭ ਰਚਨਾਵਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਸੰਭਾਲਿਆ ਜਾਵੇ ਅਤੇ ਸਾਹਿਤ ਪ੍ਰੇਮੀਆਂ ਦੀ ਝੋਲੀ ਪਾਇਆ ਜਾਵੇ। ਮੈਨੂੰ ਪੂਰਨ ਆਸ ਹੈ ਕਿ ਤੂੰ ਆਪਣੇ ਪਿਤਾ ਦੇ ਸਹਿਯੋਗ ਨਾਲ ਇਸ ਕਾਰਜ ਨੂੰ ਬਹੁਤ ਜਲਦ ਨੇਪਰੇ ਚਾੜ੍ਹ ਲਵੇਂਗਾ।"

ਪ੍ਰੋਫੈਸਰ ਸਾਹਿਬ ਸਭ ਦੇ ਹਰਮਨਪਿਆਰੇ ਮਿੱਤਰ, ਅਧਿਆਪਕ ਅਤੇ ਸਲਾਹਕਾਰ ਇਸ ਕਰਕੇ ਵੀ ਬਣ ਸਕੇ, ਕਿਉਂਕਿ ਉਨ੍ਹਾਂ ਨੇ ਆਪਣੇ ਸੰਪਰਕ ਵਿਚ ਆਉਣ ਵਾਲੇ ਹਰ ਛੋਟੇ-ਵੱਡੇ ਵਿਅਕਤੀ ਨੂੰ ਇਕ ਸਮਾਨ ਨੇਕ ਅਹਿਸਾਸਾਂ ਨਾਲ ਭਰਪੂਰ ਹੋ ਕੇ ਸਹੀ ਮਾਰਗ ਦਰਸ਼ਨ ਦਿੱਤਾ। ਭਾਵੇਂ ਪ੍ਰੋ. ਕੁਲਵੰਤ ਸਿੰਘ ਗਰੇਵਾਲ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖ ਗਏ ਹਨ, ਪਰ ਉਹ ਆਪਣੀ ਪ੍ਰਭਾਵਸ਼ਾਲੀ ਸ਼ਖਸੀਅਤ, ਲਾਸਾਨੀ ਵਿਦਵਤਾ ਅਤੇ ਪ੍ਰੇਰਨਾਮਈ ਗੁਣਾਂ ਸਦਕਾ ਆਪਣੇ ਮਿੱਤਰ-ਪਿਆਰਿਆਂ, ਸ਼ੁਭ ਚਿੰਤਕਾਂ ਅਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਹਮੇਸ਼ਾ ਜਿਊਂਦੇ ਰਹਿਣਗੇ ਅਤੇ ਉਨ੍ਹਾਂ ਦਾ ਨਾਂ ਵੀ ਉਨ੍ਹਾਂ ਦੀ ਪੁਸਤਕ ਦੇ ਸਿਰਲੇਖ 'ਤੇਰਾ ਅੰਬਰਾਂ 'ਚ ਨਾਂ ਲਿਖਿਆ' ਵਾਂਗ ਸਦਾ ਜਿਊਂਦਾ ਰਹੇਗਾ।

# ਪੰਜਾਬੀ ਮੱਧਵਰਗ ਦੀ ਅੰਦਰਲੀ ਹੂਕ: ਫੁੱਲਾਂ ਦੀ ਫਸਲ

*(ਪਿਛਲੇ ਸਫੇ ਦੀ ਬਾਕੀ)*

ਕਰਦਾ ਹੈ। ਫਿਰ ਕੁਲਦੀਪ ਔਖੇ ਪੈਂਡਿਆਂ ਨੂੰ ਲਿਤਾੜਦਾ ਕੰਕਰ-ਕੰਡਿਆਂ ਨਾਲ ਲਹੂ-ਲੁਹਾਣ ਹੋਇਆ ਮੰਨੇ ਅਣਮੰਨੇ ਮਨ ਨਾਲ ਜਦੋਂ ਭਰੇ ਬੈਗ ਫੜ ਕੇ ਬੂਹੇ ਤੱਕ ਪਹੁੰਚਦਾ ਹੈ ਤਾਂ ਉਹ ਹਾਰਿਆ ਹੋਇਆ ਨਹੀਂ, ਹਕੀਕਤ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਸਮੇਂ ਦੇ ਹਾਣ ਦਾ ਹੋ ਜਾਂਦਾ ਹੈ। ਪਿੰਡਾਂ ਦੀ ਸਧਾਰਨ ਸ਼ਬਦਾਵਲੀ ਵਰਤ ਕੇ ਕਹਾਣੀ ਆਪਣੇ ਵਿਸ਼ੇ ਨਾਲ ਪੂਰਾ ਇਨਸਾਫ ਕਰਦੀ ਹੈ, ਜਿਵੇਂ:

ਕੁਲਦੀਪ: "ਜਾਉ ਨਹੀਂ ਜਾਂਦਾ। ਦਫ਼ਾ ਹੋ ਜਾਉ ਸਭ, ਗੰਦੀ 'ਲਾਦ ਕਿਤੋਂ ਦੀ...।"

ਮਾਂ: "ਵੇ ਐਵੇਂ ਕਾਹਨੂੰ ਰੋਈ ਜਾਨਾਂ। ਸਿਰ ਨੂੰ ਤੇਲ ਤਾਂ ਚੱਜ ਨਾਲ ਝਸਾ ਲਿਆ ਕਰ।"

ਕੁਲਦੀਪ ਦੀ ਮਾਂ ਦੇ ਇਹ ਸ਼ਬਦ ਸੁਣ ਕੇ ਪਿੰਡ ਦੇ ਬੱਚਿਆਂ ਦੀ ਉਹ ਤਸਵੀਰ ਸਾਹਮਣੇ ਆ ਜਾਂਦੀ ਹੈ, ਜਦੋਂ ਇਕ ਹਫਤੇ ਬਾਅਦ ਉਨ੍ਹਾਂ ਦਾ ਸਿਰ ਨਹਾਉਣਾ ਤੇ ਵਾਹੁਣਾ ਕਾਰਗਿਲ ਦੇ ਯੁੱਧ ਵਰਗਾ ਹੁੰਦਾ ਸੀ। 'ਵਾਰਸ' ਕਹਾਣੀ ਕਈ ਰੰਗਾਂ ਨਾਲ ਕੱਢੀ ਦਸੂਤੀ ਦੀ ਚਾਦਰ ਵਰਗੀ ਹੈ, ਜਿਸ ਨੂੰ ਪੜ੍ਹਦਿਆਂ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਸ ਦੇ ਰੰਗਾਂ ਨੂੰ ਪਹਿਲ ਦਿੱਤੀ ਜਾਏ ਜਾਂ ਕਸ਼ੀਦਕਾਰੀ ਨੂੰ। ਇਨ੍ਹਾਂ ਸਾਹਿਤਕ ਗੁਣਾਂ ਕਾਰਨ ਹੀ ਸੋਸ਼ਲ ਮੀਡੀਏ ਤੇ ਇਹ ਸਭ ਤੋਂ ਵੱਧ ਸੁਣੀ ਜਾਣ ਵਾਲੀ ਕਹਾਣੀ ਹੈ। ਕਹਾਣੀ ਪੜ੍ਹਦਿਆਂ ਇੰਜ ਲੱਗਦਾ ਹੈ। ਜਿਵੇਂ ਸਭ ਕੁਝ ਅੱਖਾਂ ਸਾਹਮਣੇ ਵਾਪਰ ਰਿਹਾ ਹੋਵੇ। ਜੋ ਕੁਝ 'ਵਾਰਸ' ਕਹਾਣੀ ਆਪਣੇ ਅੰਦਰ ਸਮੇਟੀ ਬੈਠੀ ਹੈ, ਉਸ ਦਰਦ ਤੇ ਸੰਤਾਪ ਨੇ ਪੰਜਾਬ ਦੇ ਹਰ ਘਰ ਤੇ ਹਰ ਹਿਰਦੇ ਨੂੰ ਛੋਹਿਆ ਸੀ।

'ਸੰਤ ਦਾ ਕਤਲ' ਆਖਰੀ ਪੰਜਵੀਂ ਕਹਾਣੀ ਹੈ। ਇਹ ਇਕ ਪਰਿਵਾਰ ਤੇ ਸੱਤਾਧਾਰੀ ਧਿਰ ਵਿਚਕਾਰ ਟੱਕਰ ਦੀ ਗੱਲ ਕਰਦੀ ਹੈ। ਦੇਸ਼ਬੰਧੂ ਦਲਿਤ ਪਰਿਵਾਰ ਨਾਲ ਸਬੰਧਿਤ ਪਾਤਰ ਹੈ। ਉਸ ਨੇ ਆਪਣੇ ਪਿਉ ਨੂੰ ਹੱਕਾਂ ਲਈ ਲੜਦਿਆਂ ਅੱਖੀਂ ਮਰਦੇ ਦੇਖਿਆ ਹੁੰਦਾ ਹੈ। ਇਹ ਗੱਲ ਉਸ ਦੇ ਅਚੇਤ ਮਨ 'ਚ ਖੁਣੀ ਜਾਂਦੀ ਹੈ, ਜੋ ਵਕਤ ਆਉਣ 'ਤੇ ਗੂੜ੍ਹੇ ਅੱਖਰਾਂ ਦੀ ਕਿਤਾਬ ਬਣ ਕੇ ਉਸ ਨੂੰ ਜ਼ਿੰਦਗੀ ਦੇ ਸਬਕ ਪੜ੍ਹਾਉਂਦੀ ਹੈ। 'ਸੰਤ ਦਾ ਕਤਲ' ਕਹਾਣੀ ਵਿਚ ਡੇਰਿਆਂ ਦੀਆਂ ਕਾਲੀਆਂ ਕਰਤੂਤਾਂ ਦਾ ਬਖੀਆ ਖੂਬ ਉਧੇੜਿਆ ਗਿਆ ਹੈ। ਕਹਾਣੀ ਨੇ ਬੜੀ ਬੇਬਾਕੀ ਤੇ ਨਿਡਰਤਾ ਨਾਲ ਇਕ ਮਾਸੂਮ ਬੱਚੇ ਨਾਲ ਹੋਏ ਕੁਕਰਮ ਨੂੰ ਨੰਗਾ ਕਰਕੇ ਉਸ ਦੀ ਮਾਸੂਮੀਅਤ 'ਚ ਇਕ ਵਿਦਰੋਹੀ ਪੈਦਾ ਕੀਤਾ ਹੈ। ਨਾਇਕ ਦੇਸ਼ਬੰਧੂ ਦੀ ਵਿਦਰੋਹੀ ਸੁਰ ਨਾਲ ਉਸ ਦੀ ਸੂਝ-ਬੂਝ ਵੀ ਕੰਮ ਕਰਦੀ ਹੈ। ਉਹ ਆਪਣੀ ਮਾਂ ਨੂੰ ਡੇਰਿਆਂ ਦੀ ਕਲੰਕਿਤ ਜ਼ਿੰਦਗੀ 'ਚੋਂ ਬਾਹਰ ਕੱਢਣ ਲਈ ਮਿਹਨਤ ਤੇ ਲਗਨ ਨਾਲ ਸਾਧਨ ਜੁਟਾਉਂਦਾ ਹੈ। ਦੇਸ਼ਬੰਧੂ ਸਮਝੌਤਾਵਾਦੀ ਨਹੀਂ ਤੇ ਇਸ ਗੱਲ ਦਾ ਖਮਿਆਜ਼ਾ ਭੁਗਤਣ ਤੋਂ ਵੀ ਨਹੀਂ ਡਰਦਾ। ਕਹਾਣੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਵੰਡੀਆਂ ਵਾਲੇ ਸਮਾਜ ਵਿਚ ਹੱਕ ਸੱਚ ਲਈ ਲੜਨ ਵਾਲਿਆਂ ਨੂੰ ਬੇਸ਼ੱਕ ਜ਼ਿੱਲਤ ਭਰੀ ਮੌਤ ਮਰਨਾ ਪੈਂਦਾ ਹੈ, ਪਰ ਇਹ ਜੰਗ ਕਦੀ ਖਤਮ ਨਹੀਂ ਹੁੰਦੀ, ਸਗੋਂ ਸਮੇਂ ਦੇ ਗੁਜ਼ਰਨ ਨਾਲ ਹੋਰ ਮਜ਼ਬੂਤ ਹੁੰਦੀ ਜਾ ਰਹੀ ਹੈ। ਦੇਸ਼ਬੰਧੂ ਨੂੰ ਟੁੱਟ-ਟੁੱਟ ਕੇ ਜੁੜਨਾ ਆਉਂਦਾ ਹੈ। ਉਹ ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜਿਉਣਾ ਚਾਹੁੰਦਾ ਹੈ।

ਦੇਸਬੰਧੂ: ਇਹ ਵੀ ਕੀ ਹੋਇਆ ਕਿ ਬੰਦਾ ਆਪਣੇ ਆਪ 'ਚ ਸੰਗੜੀ ਫਿਰੇ...ਜ਼ਿੰਦਗੀ ਸਮੁੰਦਰ ਵਾਂਗ ਫੈਲਣ ਲਈ ਐ।"

ਸਹਿਜ ਦੇਸ਼ਬੰਧੂ ਦੀ ਸੋਚ ਦਾ ਧਾਰਨੀ ਹੁੰਦਾ ਹੋਇਆ ਵੀ ਸੱਤਾਧਾਰੀ ਢਾਂਚੇ ਦੇ ਡਰ ਤੋਂ ਮੁਕਤ ਨਹੀਂ ਹੋ ਪਾਉਂਦਾ। ਜ਼ਿੰਦਗੀ ਵਿਚ ਇਹੋ ਜਿਹੇ ਪਾਤਰ ਆਮ ਮਿਲਦੇ ਹਨ। ਦੇਸ਼ਬੰਧੂ ਦੋਹਰੀ ਲੜਾਈ ਲੜਦਾ ਬੇਸ਼ੱਕ ਨਿੱਜੀ ਜੰਗ ਹਾਰ ਜਾਂਦਾ ਹੈ, ਪਰ ਉਸ ਦੇ ਕਿਰਦਾਰ ਤੇ ਇਰਾਦੇ ਦੀ ਜਿੱਤ ਹੁੰਦੀ ਹੈ। ਉਸ ਨੂੰ ਨਿਰੰਤਰ ਜਾਤੀ ਅਤੇ ਜਮਾਤੀ ਜੰਗ ਲੜਨੀ ਪੈਂਦੀ ਹੈ, ਜਦ ਉਹ ਵਾਰ-ਵਾਰ ਜਾਤੀ ਜੰਗ ਵਿਚ ਲਤਾੜਿਆ ਜਾਂਦਾ ਹੈ ਤਾਂ ਇਹ ਬੋਲ ਉਸ ਦਾ ਕੜ ਪਾੜ ਕੇ ਬਾਹਰ ਆਏ ਜਾਪਦੇ ਹਨ: "ਵੱਡੀ ਗੱਲ ਸਾਲੀ ਧਾਲੀਵਾਲ ਹੋਣ 'ਚ ਐ।"

ਇਸ ਗੱਲ ਦੀ ਪੁਸ਼ਟੀ ਹੈ ਕਿ ਜਿਸ ਮੁਲਕ ਦੀ ਰਾਜ-ਸੱਤਾ ਦੀ ਚਾਬੀ ਕਾਰਪੋਰੇਟ ਘਰਾਣਿਆਂ ਦੀ ਮੁੱਠੀ ਵਿਚ ਹੋਵੇ ਉੱਥੇ ਕਾਨੂੰਨ ਤੇ ਇਨਸਾਫ ਦੇਸ਼ਬੰਧੂ ਵਾਂਗ ਅਧਰੰਗ ਦੀ ਬੀਮਾਰੀ ਨਾਲ ਜੂਝ ਰਹੇ ਹੁੰਦੇ ਹਨ। ਦੇਸ਼ਬੰਧੂ ਕਪਟੀ ਸਿਸਟਮ ਨਾਲ ਲੋਹਾ ਲੈਂਦਾ ਉਹ ਇਨਸਾਨ ਹੈ, ਜੋ ਆਪਣਾ ਸਭ ਕੁਝ ਦਾਅ 'ਤੇ ਲੱਗਦਾ ਦੇਖ ਕੇ ਵੀ ਇਸ ਦੀ ਅਧੀਨਗੀ ਕਬੂਲ ਨਹੀਂ ਕਰਦਾ। ਕਹਾਣੀ ਦੇ ਪਾਤਰਾਂ ਤੇ ਸਥਿਤੀਆਂ ਦਾ ਆਮ ਜ਼ਿੰਦਗੀ ਦੇ ਪਾਤਰਾਂ ਤੇ ਸਥਿਤੀਆਂ ਨਾਲ ਮਿਲ ਜਾਣਾ ਲੇਖਕ ਦਾ ਸੁਚੇਤ ਮਨ ਨਾਲ ਮਨੁੱਖਤਾ ਦੇ ਦਰਦ ਤੇ ਵਾਪਰ ਰਹੇ ਘਟਨਾਕ੍ਰਮ ਨੂੰ ਮਹਿਸੂਸ ਕਰਨ ਦੀ ਗਵਾਹੀ ਭਰਦਾ ਹੈ। ਛੋਟੀ ਤੋਂ ਛੋਟੀ ਗੱਲ ਵੀ ਉਸ ਦੇ ਮਨ ਦੀ ਕੋਮਲਤਾ ਨੂੰ ਛੋਹ ਕੇ ਲੰਘਦੀ ਹੈ।

ਸੁਖਪਾਲ ਸਿੰਘ ਥਿੰਦ ਦੀਆਂ ਕਹਾਣੀਆਂ ਵਿਚ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਯਥਾਰਥ ਦੀ ਉਂਗਲੀ ਫੜ ਕੇ ਤੁਰਦੀਆਂ, ਕੋਮਲ ਇੱਛਾਵਾਂ, ਬਿਰਤੀਆਂ ਤੇ ਭਾਵਨਾਵਾਂ ਨੂੰ ਵੀ ਪਾਤਰਾਂ ਦੇ ਮਨ ਦੀ ਮੰਮਟੀ 'ਤੇ ਸੰਜੋਈ ਰੱਖਦੀਆਂ ਹਨ। ਸਾਰੀਆਂ ਕਹਾਣੀਆਂ ਪੇਂਡੂ ਅਤੇ ਸ਼ਹਿਰੀ ਮੱਧ-ਵਰਗ ਦੇ ਧਰਾਤਲ 'ਚ ਉਪਜੀਆਂ ਹਨ। ਵਿਸ਼ੇ ਆਮ ਜ਼ਿੰਦਗੀ ਨਾਲ ਮਿਲਦੇ ਜੁਲਦੇ ਹਨ। ਸੁਖਪਾਲ ਸਿੰਘ ਥਿੰਦ ਦੀਆਂ ਕਹਾਣੀਆਂ ਦੇ ਪਾਤਰ ਉਸ ਦੀ ਨਿੱਜੀ ਜ਼ਿੰਦਗੀ ਨਾਲ ਨੇੜਿਉਂ ਜੁੜੇ ਜਾਂ ਵੇਖੇ ਹੋਣ ਦੀ ਗਵਾਹੀ ਭਰਦੇ ਹਨ; ਪਰ ਉਹ ਕਦੀ ਵੀ ਲੇਖਕ ਦੀ ਇਕਪਾਸੜ ਹਮਦਰਦੀ ਦਾ ਪੁਤਲਾ ਨਹੀਂ ਬਣਦੇ, ਕਿਉਂਕਿ ਜ਼ਿੰਦਗੀ ਦੀਆਂ ਖੰਘਰ ਸਥਿਤੀਆਂ ਦੀ ਰਗੜ ਵਿਚੋਂ ਉਪਜਿਆ ਉਸਾਰੂ ਦ੍ਰਿਸ਼ਟੀਕੋਣ ਹੀ ਵੱਖ ਵੱਖ ਪਾਤਰਾਂ 'ਚ ਦ੍ਰਿਸ਼ਟੀਮਾਨ ਹੁੰਦਾ ਹੈ। ਇਸ ਕਾਰਨ ਹੀ ਇਹ ਪਾਤਰ ਜਿਉਂਦੇ ਧੜਕਦੇ ਅਤੇ ਬਿਹਤਰ ਜ਼ਿੰਦਗੀ ਲਈ ਜੂਝਦੇ ਪਾਤਰ ਬਣ ਜਾਂਦੇ ਹਨ। ਕਹਾਣੀਆਂ ਭਵਿੱਖਮੁਖੀ ਵਿਚਾਰਾਂ ਦੀ ਸੇਧ ਦਿੰਦੀਆਂ ਪਾਤਰਾਂ ਨੂੰ ਕਿਰਿਆਸ਼ੀਲ ਸਥਿਤੀ ਵਿਚ ਰੱਖਦੀਆਂ ਹਨ। ਉਸ ਦੇ ਨਾਇਕ ਮੌਜੂਦਾ ਸਮਾਜੀ ਢਾਂਚੇ ਨੂੰ ਚੁਣੌਤੀ ਦਿੰਦੇ ਨਵੀਂ ਸੇਧ ਦਿੰਦੇ ਹਨ। ਮਨੁੱਖੀ ਮਨ ਨੂੰ ਮਿਲਦੀ ਇਹ ਸੇਧ ਵੰਗਾਰਨ ਵਾਲੀ ਹੁੰਦੀ ਹੈ, ਕਹਾਣੀਆਂ ਦਾ ਕਿਰਿਆਸ਼ੀਲ ਵਾਤਾਵਰਨ ਪਾਤਰਾਂ ਨੂੰ ਹਰ ਸਥਿਤੀ ਵਿਚ ਜੂਝਣ ਦੀ ਪੱਧਰ ਤੱਕ ਲੈ ਜਾਂਦਾ ਹੈ। ਸਮਾਜ ਦੀ ਗਤੀਸ਼ੀਲਤਾ ਪੁਰਾਣੀ ਪੀੜ੍ਹੀ ਨੂੰ ਨਵੀਂ ਸੇਧ ਦੇ ਕੇ ਕਹਾਣੀ ਦੇ ਪਾਤਰਾਂ ਨਾਲ ਵਹਾ ਲੈਂਦੀ ਹੈ। ਇੰਜ ਕਰਨ ਨਾਲ ਲੇਖਕ ਦਾ ਜੁਝਾਰੂ ਸੁਭਾਅ ਭਵਿੱਖਮੁਖੀ ਵਿਚਾਰਾਂ ਦੀ ਗਵਾਹੀ ਭਰਦਾ ਹੈ। ਇਨ੍ਹਾਂ ਕਹਾਣੀਆਂ ਦਾ ਬਿਰਤਾਂਤਕ-ਪ੍ਰਬੰਧ ਇਸ ਸਾਰੇ ਮਾਹੌਲ ਨੂੰ ਅਜੋਕੇ ਪੱਧਰ 'ਤੇ ਲਿਆ ਕੇ ਇਸ ਵਿਚ ਭਵਿੱਖੀ ਸੇਧ ਦੀਆਂ ਰਮਜ਼ਾਂ ਭਰ ਦਿੰਦਾ ਹੈ, ਪਰ ਇਹ ਕੋਈ ਅਖੌਤੀ ਜਨੂੰਨਬਾਜੀ ਨਹੀਂ ਅਤੇ ਨਾ ਹੀ ਇਹ ਕੋਈ ਉਪਭਾਵਿਕਤਾ 'ਚ ਉਪਜਿਆ ਹੋਇਆ ਦ੍ਰਿਸ਼ਟੀਕੋਣ ਹੈ, ਸਗੋਂ ਇਹ ਲੇਖਕ ਦੀ ਤੀਖਣ ਦੂਰ-ਦ੍ਰਿਸ਼ਟੀ ਤੇ ਸੰਵੇਦਨਸ਼ੀਲਤਾ ਦਾ ਬੜੇ ਸੁਚੱਜੇ ਢੰਗ ਤਰੀਕੇ ਨਾਲ ਕਹਾਣੀਆਂ ਦੇ ਤਾਣੇ-ਬਾਣੇ ਵਿਚ ਸਿਰਜ ਹੋ ਰਹੇ ਪਾਤਰਾਂ ਵਿਚ ਵਿਅਕਤ ਹੋ ਜਾਣਾ ਹੈ।

ਪਿੰਡਾਂ ਦਾ ਸ਼ਹਿਰੀਕਰਨ ਤੋਂ ਵਿਦੇਸ਼ੀਕਰਨ, ਵਿੱਦਿਅਕ ਅਦਾਰਿਆਂ ਵਿਚ ਗੰਧਲੀ ਰਾਜਨੀਤਿਕ ਸੋਚ, ਔਰਤ ਦੀ ਮਨੋਦਸ਼ਾ, ਪੰਜਾਬ ਦੇ ਸੰਕਟ ਨਾਲ ਪੀੜ-ਪੀੜ ਹੋਈ ਮਨੁੱਖਤਾ ਦਾ ਦਰਦ, ਟੁੱਟਦੇ ਰਿਸ਼ਤਿਆਂ ਦੀਆਂ ਤਾਰ ਤਾਰ ਹੋਈਆਂ ਤੰਦਾਂ, ਵਿਸ਼ਵ ਮੰਡੀ 'ਚ ਮੁੱਲ ਪਾਉਣ ਦੀ ਰੀਝ, ਕਾਹਲ, ਜੱਦੋ-ਜਹਿਦ ਤੇ ਘਰਾਂ ਪਰਿਵਾਰਾਂ ਦੀਆਂ ਕਦਰਾਂ-ਕੀਮਤਾਂ ਨੂੰ ਲੱਗੀ ਢਾਅ ਨੇ ਜਿਥੇ ਮਨ ਦਾ ਸੁੱਖ-ਚੈਨ ਖੋਇਆ ਹੈ, ਉੱਥੇ ਆਧੁਨਿਕ ਸਮਾਜਿਕ ਪ੍ਰਸਿਥੀਆਂ ਨੂੰ ਵੀ ਅਜੀਬ ਜਿਹੇ ਰੂਪ ਵਿਚ ਤੋੜ-ਭੰਨ ਦਿੱਤਾ ਹੈ। ਇਸ ਤੋੜ-ਭੰਨ ਵਿਚੋਂ ਪੰਜਾਬੀ ਮੱਧਵਰਗ ਦੀ ਹੂਕ ਨੂੰ ਸੁਣਿਆ ਸਮਝਿਆ ਜਾ ਸਕਦਾ ਹੈ। ਇਸ ਸਭ ਦਾ ਬੜਾ ਭਰਵਾਂ ਕਲਾਤਮਿਕ ਚਿਤਰਨ ਹੀ 'ਫੁੱਲਾਂ ਦੀ ਫਸਲ' ਕਹਾਣੀ ਸੰਗ੍ਰਹਿ ਦਾ ਅਸਲ ਹਾਸਲ ਹੈ।

ਰੂਪਕ ਪੱਖੋਂ ਜੇ 'ਫੁੱਲਾਂ ਦੀ ਫਸਲ' ਦੀ ਕਿਸੇ ਵੀ ਟਾਹਣੀ ਨੂੰ ਛੋਈਏ ਤਾਂ ਉਨ੍ਹਾਂ ਵਿਚ ਸ਼ਬਦ ਮੋਤੀਆਂ ਵਾਂਗ ਪਰੋਏ ਨਜ਼ਰ ਆਉਂਦੇ ਹਨ। ਕਿਸੇ ਮਹਿਫਿਲ ਵਿਚ ਜੇ ਲੇਖਕ ਬਾਰੇ ਚਰਚਾ ਛਿੜੇ ਤਾਂ ਉਸ ਦੀ ਮੁਹੱਬਤ, ਸਲੀਕਾ, ਵਫਾ, ਮੁਸਕਾਣ ਤੇ ਮਿਸ਼ਰੀ ਵਰਗੇ ਮਿੱਠੇ ਬੋਲ ਉਸ ਦੀ ਤਰਫਦਾਰੀ ਕਰਦੇ ਨਜ਼ਰ ਆਉਂਦੇ ਹਨ। ਲੇਖਕ ਨੇ ਬੜੀ ਕਲਾਤਮਿਕਤਾ ਤੋਂ ਕੰਮ ਲੈਂਦਿਆਂ ਕਹਾਣੀਆਂ ਦੇ ਪਾਤਰਾਂ ਨੂੰ ਅਖੀਰ ਤੱਕ ਲੜਨ ਦੇ ਜਜ਼ਬੇ ਨਾਲ ਬੰਨੀ ਰੱਖਿਆ ਹੈ। ਸੁਖਪਾਲ ਸਿੰਘ ਥਿੰਦ ਦੀ ਕਲਮ ਵਿਚ ਕਾਹਲ ਨਹੀਂ, ਉਹ ਬੜੀ ਸਹਿਜਤਾ, ਕੋਮਲਤਾ, ਨਖਰੇ ਤੇ ਮੜਕ ਨਾਲ ਕਦਮ ਪੁੱਟਦੀ ਆਪਣੀਆਂ ਪੈੜਾਂ ਦੇ ਪੱਕੇ ਨਿਸ਼ਾਨ ਛੱਡਦੀ ਅੱਗੇ ਤੁਰੀ ਜਾਂਦੀ ਹੈ। ਸੁਖਪਾਲ ਸਿੰਘ ਥਿੰਦ ਬਾਰੇ ਕਿਹਾ ਜਾ ਸਕਦਾ ਹੈ, 'ਦੋ ਪੈਰ ਘੱਟ ਤੁਰਨਾ ਪਰ, ਤੁਰਨਾ ਮਟਕ ਦੇ ਨਾਲ।'

ਆਖਰ 'ਚ ਇਹ ਹੀ ਕਹਾਂਗੀ ਕਿ 'ਫੁੱਲਾਂ ਦੀ ਫਸਲ' ਪੁਸਤਕ ਨੇ ਆਪਣੀ ਕਲਾਤਮਿਕਤਾ ਕਾਰਨ ਪਾਠਕਾਂ ਵਿਚ ਆਪਣੀ ਹਰਮਨਪਿਆਰਤਾ ਦਾ ਲੋਹਾ ਮੰਨਵਾਇਆ ਹੈ। ਇਸ ਪੁਸਤਕ ਦੀ ਕਲਾਤਮਿਕਤਾ ਤੇ ਹਰਮਨਪਿਆਰਤਾ ਕਰਕੇ ਹੀ, ਵੀਹ ਸੌ ਵੀਹ ਦਾ 'ਦਲਬੀਰ ਚੇਤਨ ਯਾਦਗਾਰੀ ਕਥਾ ਪੁਰਸਕਾਰ' ਇਸ ਦੀ ਝੋਲੀ ਵਿਚ ਪਿਆ ਹੈ। ਇਸ ਲਈ ਲੇਖਕ ਸੁਖਪਾਲ ਸਿੰਘ ਥਿੰਦ ਦੀ ਕਲਮ ਦੀ ਸਿਆਹੀ 'ਚ ਹੋਰ ਮੁੱਲਵਾਨ ਕਿਰਤਾਂ ਦੀ ਆਸ ਕਰਨਾ ਬਿਲਕੁਲ ਜਾਇਜ਼ ਜਾਪਦਾ ਹੈ।

# ਬੈਚ ਫੁੱਲ ਦਵਾਈ ਐਲਮ: ਜ਼ਿੰਮੇਵਾਰੀ ਦਾ ਭਾਰ

*(ਸਫਾ 32 ਦੀ ਬਾਕੀ)*

ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਕੋਲ ਇਕ ਦੂਜੇ ਦੀ ਲਿਹਾਜੀ ਪ੍ਰਸ਼ੰਸਾ ਕਰਨ ਤੋਂ ਬਿਨਾ ਕੋਈ ਕੰਮ ਨਹੀਂ ਹੁੰਦਾ। ਹਾਂ, ਗਲਤ ਗੱਲਾਂ ਕਾਰਨ ਕੁਝ ਇਕਨਾਂ ਦੀ ਜਮੀਰ 'ਤੇ ਬੋਝ ਜਰੂਰ ਪੈਂਦਾ ਹੋਵੇਗਾ, ਪਰ ਉਸ ਬੋਝ ਨੂੰ ਇਹ ਹੱਲ ਨਹੀਂ ਕਰ ਸਕਦੀ। ਉਸ ਲਈ ਚੈਰੀ ਪਲੰਮ, ਚੈਸਟਨਟ ਬੱਡ ਤੇ ਵਾਈਟ ਚੈਸਟਨਟ ਵਧੇਰੇ ਢੁਕਵੀਆਂ ਹੋ ਸਕਦੀਆਂ ਹਨ। ਭਾਰਤ ਵਿਚ ਤਾਂ ਇਹ ਥੱਕੇ ਅੱਕੇ "ਅੰਨ-ਦਾਤਿਆਂ" ਅਤੇ ਕੰਮ ਕਰਦੀਆਂ ਔਰਤਾਂ ਦੇ ਹੀ ਕੰਮ ਆ ਸਕਦੀ ਹੈ।

ਐਲਮ ਦੇ ਬੀਮਾਰਾਂ ਨੂੰ ਆਮ ਤੌਰ 'ਤੇ ਮਾਨਸਿਕ ਤਣਾਓ, ਥਕਾਵਟ, ਕਮਜ਼ੋਰੀ, ਅਨਿੰਦਰਾਪਣ, ਕਬਜ਼, ਸਿਰਦਰਦ, ਸ਼ੂਗਰ, ਫੋੜੇ ਤੇ ਸਾਹ ਫੁੱਲਣ ਦੀਆਂ ਤਕਲੀਫਾਂ ਹੁੰਦੀਆਂ ਹਨ। ਉਨ੍ਹਾਂ ਦੀ ਸੋਚ ਨਾਂਹ-ਪੱਖੀ ਤੇ ਢਾਹੂ ਬਣ ਜਾਂਦੀ ਹੈ। ਡਾ. ਕ੍ਰਿਸ਼ਨਾਮੂਰਤੀ ਅਨੁਸਾਰ ਐਲਮ ਉੱਚ ਅਧਿਕਾਰੀਆਂ ਦੀ ਦਵਾਈ ਹੈ, ਜੇ ਉਹ ਇਸ ਦਾ ਕੁਝ ਮਹੀਨੇ ਲਗਾਤਾਰ ਸੇਵਨ ਕਰਨ ਤਾਂ ਉਹ ਆਪਣੇ ਅਧੀਨ ਅਦਾਰਿਆਂ ਜਾਂ ਵਿਭਾਗਾਂ ਨੂੰ ਸਿਰਕੱਢ ਬਣਾ ਸਕਦੇ ਹਨ। ਉਸ ਅਨੁਸਾਰ "ਜੇ ਮੁਲਕ ਛੱਡ ਕੇ ਬਾਹਰ ਭੱਜਣ ਵਾਲੇ ਨੌਜਵਾਨ ਇਕ ਹੋਰ ਦਵਾਈ ਦੇ ਸੰਗ ਇਸ ਨੂੰ ਖਾਣ ਤਾਂ ਉਹ ਇੱਥੇ ਰਹਿੰਦੇ ਹੀ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਪਾ ਜਾਣਗੇ। ਇਹ ਉਨ੍ਹਾਂ ਲਈ ਤਨਖਾਹਦਾਰ ਅਸਾਮੀਆਂ ਤਾਂ ਨਹੀਂ ਢੂੰਡ ਸਕਦੀ, ਪਰ ਉਨ੍ਹਾਂ ਨੂੰ ਦੂਜੇ ਬਿਲ ਗੇਟਸ ਤੇ ਸ਼ਕੁੰਤਲਾ ਦੇਵੀ ਜਰੂਰ ਬਣਾ ਸਕਦੀ ਹੈ।"

ਆਪਣੇ ਲਈ ਜਾਂ ਦੂਜਿਆਂ ਵਾਸਤੇ ਐਲਮ ਦੀ ਵਰਤੋਂ ਕਰਨ ਲਈ ਹੇਠ ਲਿਖੇ ਮੋਟੇ ਸੰਕੇਤ ਧਿਆਨ ਵਿਚ ਰੱਖਣੇ ਬਣਦੇ ਹਨ:

1. ਵਿਅਕਤੀ ਕੰਮ ਦੀ ਜ਼ਿੰਮੇਵਾਰੀ ਨਿਭਾਉਣ ਵਾਲਾ ਹੁੰਦਾ ਹੈ, ਭਾਵ ਵਿਹਲੜ ਤੇ ਕੰਮ-ਚੋਰ ਨਹੀਂ।
2. ਉਸ ਦੀ ਜ਼ਿੰਮੇਵਾਰੀ ਆਪਣੇ ਜਾਂ ਲੋਕਾਂ ਦੇ ਕਿਸੇ ਖਾਸ ਪ੍ਰਯੋਜਨ ਨਾਲ ਜੁੜੀ ਹੁੰਦੀ ਹੈ।
3. ਉਹ ਕੰਮ ਦੀ ਜ਼ਿੰਮੇਵਾਰੀ ਦੇ ਬੋਝ ਹੇਠ ਦਬ ਕੇ ਥੱਕਿਆ ਮਹਿਸੂਸ ਕਰਦਾ ਹੈ।
4. ਉਹ ਉਸਾਰੂ ਦੀ ਥਾਂ ਨਾਂਹ-ਪੱਖੀ ਸੋਚ ਰੱਖਦਾ ਹੈ।
5. ਪੂਰੀ ਸਮਰੱਥਾ ਹੋਣ ਦੇ ਬਾਵਜੂਦ ਉਹ ਆਪਣੇ ਕੰਮ ਨੂੰ ਪਹਾੜ ਸਮਝਦਾ ਹੈ।
6. ਉਸ ਦਾ ਹੌਸਲਾ ਟੁੱਟ ਜਾਂਦਾ ਹੈ ਤੇ ਉਹ ਕੰਮ ਨੂੰ ਵਿਚਕਾਰ ਛੱਡ ਦਿੰਦਾ ਹੈ।

ਜਿਨ੍ਹਾਂ ਲੋਕਾਂ ਵਿਚ ਇਹ ਅਲਾਮਤਾਂ ਹੋਣ, ਉਨ੍ਹਾਂ ਵਿਚ ਐਲਮ ਮੁੜ ਨਵੀਂ ਜਾਨ ਪਾ ਸਕਦੀ ਹੈ ਤੇ ਉਹ ਉਸੇ ਕੰਮ ਨੂੰ ਭਰਪੂਰ ਉਤਸ਼ਾਹ ਨਾਲ ਕਰਨਾ ਸ਼ੁਰੂ ਕਰ ਦੇਣਗੇ।

###

# ਪੁਰਾਤਨ ਪੰਜਾਬ ਨੂੰ ਤਲਾਸ਼ਦਿਆਂ...

*ਪੰਜਾਬ ਦੇ ਸਾਹਿਤ-ਸਭਿਆਚਾਰ, ਸਿਆਸਤ ਅਤੇ ਇਤਿਹਾਸ ਨੂੰ ਬਾਰੀਕੀ ਨਾਲ ਘੋਖਣ ਵਾਲੇ ਵਿਦਵਾਨ ਈਸ਼ਵਰ ਦਿਆਲ ਗੌੜ ਨੇ ਆਪਣੇ ਇਸ ਲੇਖ ਵਿਚ ਸਾਂਝੇ ਪੰਜਾਬ ਦੀਆਂ ਜੜ੍ਹਾਂ ਫਰੋਲਣ ਦਾ ਯਤਨ ਕੀਤਾ ਹੈ। ਆਮ ਕਰ ਕੇ ਮੁਸਲਮਾਨ, ਹਿੰਦੂ ਅਤੇ ਸਿੱਖ ਵਿਦਵਾਨ ਆਪੋ-ਆਪਣੀ ਦ੍ਰਿਸ਼ਟੀ ਮੁਤਾਬਿਕ ਪੰਜਾਬ ਨਾਲ ਜੁੜੀਆਂ ਤੰਦਾਂ ਬਾਰੇ ਗੱਲ ਕਰਦੇ ਹਨ; ਸਿੱਟੇ ਵਜੋਂ ਸਮੁੱਚੇ ਰੂਪ ਵਿਚ ਪੰਜਾਬ ਦਾ ਨਕਸ਼ਾ ਨਹੀਂ ਉਭਰਦਾ। ਲੇਖਕ ਨੇ ਇਸੇ ਨੁਕਤਾ-ਨਿਗ੍ਹਾ ਤੋਂ ਕੁਝ ਸਵਾਲ ਖੜ੍ਹੇ ਕੀਤੇ ਹਨ। -ਸੰਪਾਦਕ*



ਪੁਰਾਤਨ ਪੰਜਾਬ ਦੀ ਤਕਸ਼ਿਲਾ ਯੂਨੀਵਰਸਿਟੀ ਦੇ ਥੇਹ।

ਪੰਜਾਬ ਦਾ ਪੁਰਾਤਨ ਵਸੇਬ ਹਜ਼ਾਰਾਂ ਵਰ੍ਹੇ ਪੁਰਾਣਾ ਹੈ। ਕਿਸੇ ਇਤਿਹਾਸਕਾਰ ਨੇ ਇੱਥੋਂ ਦੇ ਮੂਲ ਵਾਸੀਆਂ ਨੂੰ ਹੜੱਪੀ ਕਿਹਾ ਹੈ, ਕਿਸੇ ਨੇ ਦ੍ਰਾਵਿੜ ਅਤੇ ਕਿਸੇ ਨੇ ਅਸੁਰ। ਪੰਜਾਬੀ ਵੱਖ-ਵੱਖ ਤਰ੍ਹਾਂ ਦੇ ਲੋਕਾਂ ਜਿਨ੍ਹਾਂ ਵਿਚ ਆਰੀਆ ਵੀ ਸ਼ਾਮਲ ਹਨ, ਦੇ ਮੇਲ ਮਿਲਾਪ ਕਾਰਨ ਬਣੇ ਲੋਕ ਹਨ। ਇਹ ਲੇਖ ਪੰਜਾਬ ਦੀਆਂ ਪਰੰਪਰਾਵਾਂ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਵੇਖਣ ਦਾ ਯਤਨ ਕਰਦਾ ਹੈ।

ਕਿਸੇ ਵੇਲੇ ਅਜੋਕਾ ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਮਿਲ ਕੇ 'ਪੰਜਾਬ ਰਿਜਨ' ਅਖਵਾਉਂਦੇ ਸਨ ਜੋ ਸਿੰਧ ਤੋਂ ਗੰਗਾ-ਜਮਨਾ ਦੁਆਬ ਤੀਕ ਫੈਲਿਆ ਹੋਇਆ ਸੀ, ਤੇ ਜਿਸ ਨੂੰ 'ਮਹਾਭਾਰਤ' ਵਿਚ ਪੰਚਨਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਸਕ੍ਰਿਤ ਦੇ ਸ਼ਬਦ 'ਪੰਚਨਦ' ਅਤੇ ਫਾਰਸੀ ਦੇ ਸ਼ਬਦ 'ਪੰਜਾਬ', ਦੋਵਾਂ ਦੇ ਅਰਥ ਇੱਕੋ ਹੀ ਹਨ: ਪੰਜ ਦਰਿਆਵਾਂ ਦੀ ਧਰਤੀ। ਅਜਿਹੇ ਪੰਜਾਬ ਨੂੰ ਸਭਿਆਚਾਰ ਦੀ ਬਜਾਇ ਵਿਸ਼ਾਲ ਸਭਿਅਤਾ ਦੇ ਪੱਖ ਤੋਂ ਵਿਚਾਰਨ ਦੀ ਲੋੜ ਹੈ।

1947 ਅਤੇ 1966 ਦੀਆਂ ਤਕਸੀਮਾਂ ਨੇ 'ਪੰਜਾਬ ਦੀ ਸਭਿਅਤਾ' ਨੂੰ ਇਸ ਕਦਰ ਤੋੜ-ਮਰੋੜ ਦਿੱਤਾ ਕਿ ਇਸ ਵਿਚੋਂ ਕੁਝ ਇਤਿਹਾਸਕ ਦੌਰ/ਘਟਨਾਵਾਂ, ਸ਼ਖਸੀਅਤਾਂ, ਸਥਾਨ-ਸਥਲ ਅਤੇ ਲਿਖਤਾਂ/ਪ੍ਰਵਚਨ ਜੋ ਮਿਲ ਕੇ ਪੰਜਾਬ ਸਭਿਅਤਾ ਦੇ ਮਿਸਲਖਾਨਿਆਂ ਵਿਚੋਂ ਅਹਿਮ ਮਿਸਲਖਾਨੇ ਸਨ, ਮਨਫੀ ਹੋ ਗਏ ਜਾਂ ਸੰਕੀਰਨ ਰਾਸ਼ਟਰਵਾਦੀ ਚੇਤਨਾ ਅਤੇ ਸੰਕੀਰਨ ਮਜ਼ਹਬੀ ਚੇਤਨਾ ਦੇ ਅਸਰ ਹੇਠ 'ਹਿੰਦੋਸਤਾਨੀ' ਅਤੇ 'ਪਾਕਿਸਤਾਨੀ' ਜਾਂ 'ਹਿੰਦੂ, ਮੁਸਲਮਾਨੀ ਤੇ ਸਿੱਖ' ਖਾਨਿਆਂ ਵਿਚ ਕੈਦ ਹੋ ਗਏ, ਵੰਡੇ ਗਏ। ਇਸ ਕਾਰਨ ਪੰਜ



**ਈਸ਼ਵਰ ਦਿਆਲ ਗੌੜ**
ਫੋਨ: +91-98783-69932

ਦਰਿਆਵਾਂ ਦੀ ਧਰਤੀ 'ਤੇ ਕੁਸੈਲੀਆਂ ਤਰੇੜਾਂ ਉੱਭਰ ਆਈਆਂ ਅਤੇ 'ਪੰਜਾਬ, ਪੰਜਾਬੀ ਤੇ ਪੰਜਾਬੀਅਤ' ਦੇ ਸੰਕਲਪ ਅਤੇ ਅਮਲ ਨੂੰ ਅਸਹਿ ਸੱਟ ਵੱਜੀ। ਇਸ ਸੱਟ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਕਿਰਦਾਰ ਵਿਚੋਂ ਇਸ ਦਾ 'ਪ੍ਰਾਚੀਨ' ਮੁਹਾਂਦਰਾ ਮਨਫੀ ਹੋ ਗਿਆ ਜਾਂ ਕਰ ਦਿੱਤਾ ਗਿਆ।

ਮੈਂ ਕੁਝ ਕੁ ਉਘੜੀਆਂ-ਦੁਘੜੀਆਂ ਮਿਸਾਲਾਂ ਲੈ ਕੇ ਪ੍ਰਾਚੀਨ ਪੰਜਾਬ ਦੇ ਇਤਿਹਾਸ ਨੂੰ ਨਹੀਂ ਸਗੋਂ ਇਸ ਦੀ ਇਤਿਹਾਸਕਤਾ ਨੂੰ ਦਰਸਾਉਣ ਦਾ ਉਪਰਾਲਾ ਕੀਤਾ ਹੈ। ਇਤਿਹਾਸਕਤਾ ਕੇਵਲ ਤੱਥ-ਤਾਰੀਖਾਂ/ ਘਟਨਾਵਾਂ ਜਾਂ ਕਹਾਣੀ ਹੀ ਨਹੀਂ ਹੁੰਦੀ, ਇਸ ਵਿਚ ਪ੍ਰਵਚਨ ਅਤੇ ਵਿਚਾਰਧਾਰਾ ਵੀ ਸਰਗਰਮ ਹੁੰਦੀ ਹੈ। ਪੰਜਾਬ ਦੀ ਇਤਿਹਾਸਕਤਾ ਤੋਂ ਮੇਰਾ ਮਤਲਬ ਇਤਿਹਾਸਕ ਤੌਰ 'ਤੇ ਵਿਕਸਤ ਹੋਈ ਪੰਜਾਬ ਦੀ ਉਸ ਤਸਵੀਰ ਤੋਂ ਹੈ ਜੋ ਬਹੁ-ਪਰਤੀ ਹੈ, ਬਹੁ-ਰੰਗੀ ਹੈ ਅਤੇ ਬਹੁ-ਰੂਪਦਰਸ਼ੀ ਹੈ।

ਇਤਿਹਾਸਕਾਰੀ ਦੇ ਪੱਖ ਤੋਂ 'ਪ੍ਰਾਚੀਨ' ਪੰਜਾਬ ਜਿਸ ਵਿਚ ਹੜੱਪਾ ਤੇ ਮਹਿੰਜੋਦਾਰੋ ਦਾ ਵਸੇਬ, ਦੇਵ ਪੁਰਸ਼ ਕ੍ਰਿਸ਼ਨ ਦੀ ਉਚਾਰੀ ਸ੍ਰੀ ਮਦ ਭਗਵਤ ਗੀਤਾ, ਕੁਰੂਕਸ਼ੇਤਰ ਦੀ ਧਰਤੀ ਤੇ ਰਿਗਵੇਦ, ਸਾਰੇ ਇੱਕ ਇਤਿਹਾਸਕ ਵਰਤਾਰੇ ਵਜੋਂ ਸ਼ਾਮਲ ਸਨ, ਭਾਰਤੀ/ਹਿੰਦੂ ਇਤਿਹਾਸ ਵਿਚ ਲੋਪ ਹੋ ਗਿਆ ਹੈ। ਭਾਰਤੀ/ਹਿੰਦੂ ਇਤਿਹਾਸ ਦੇ ਸੰਕਲਪ ਦਾ ਸਫਰ ਵੀ ਬੜਾ ਰੌਚਕ ਹੈ।

ਮੋਹਨ ਸਿੰਘ ਦੀਵਾਨਾ ਆਪਣੀ ਪੁਸਤਕ ਪੰਜਾਬੀ ਸਾਹਿਤ ਦੀ ਇਤਿਹਾਸ-ਰੇਖਾ (1958) ਵਿਚ ਲਿਖਦੇ ਹਨ: "ਪੰਜਾਬ ਉਹ ਭੂਮੀ ਹੈ ਜਿੱਥੇ ਪਹਿਲਾ ਔਤਾਰ (ਅਵਤਾਰ) ਨਰਸਿੰਘ ਭਗਵਾਨ ਦਾ ਭਗਤ ਪ੍ਰਹਿਲਾਦ ਦੇ ਬਚਾਣ ਲਈ ਮੁਲਤਾਨ ਵਿਚ ਹੋਇਆ। ਪੰਜਾਬ ਦੇ ਥਾਂ ਕੁਰਖੇਤਰ ਵਿਚ ਸਿਰੀ ਕਰਿਸ਼ਨ ਭਗਵਾਨ (ਸ੍ਰੀ ਕ੍ਰਿਸ਼ਨ) ਨੇ ਗੀਤਾ ਉਚਾਰੀ। ਕਾਂਗੜੇ ਦੀ ਜਵਾਲਾ ਮੁਖੀ ਦੇਵੀ ਬਹੁਤ ਪੁਰਾਤਨ ਹੈ। ਅਸ਼ੋਕ ਟੈਕਸਲਾ ਵਿਚ ਰਿਹਾ। ਸਾਰੇ ਉਤਰੀ ਭਾਰਤ ਉੱਤੇ ਰਾਜ ਕਰਨ ਵਾਲਾ ਹਰਸ਼ (ਵਰਧਨ) ਅੰਬਾਲੇ ਦੀ ਕਮਿਸ਼ਨਰੀ ਵਿਚ ਹੋਇਆ। ਲਵ ਕੁਸ਼ ਨੇ ਲਾਹੌਰ ਤੇ ਕਸੂਰ ਵਸਾਏ। ਰਿਗਵੇਦ ਦੇ ਕੁਝ ਸੂਕਤ ਪੰਜਾਬ ਵਿਚ ਰਚੇ ਗਏ, ਕੌਰਆਂ (ਕੌਰਵਾਂ) ਤੇ ਪੰਚਾਲ ਦੇ ਇਲਾਕੇ ਵਿਚ। ਪਾਣਿਨੀ, ਯਾਸਕ, ਚਰਕ, ਸੁਸ਼ਰਤ, ਵਿਆਸ ਪੰਜਾਬੀ ਸਨ।" ਅੱਜਕੱਲ੍ਹ ਮੁਲਤਾਨ ਵਿਚ ਇਸ ਸ਼ਹਿਰ ਦੇ ਮਸ਼ਹੂਰ ਸੂਫੀ ਬਹਾਉਦੀਨ ਜ਼ਕਰੀਆ ਦੀ ਦਰਗਾਹ ਲਾਗੇ ਪ੍ਰਹਿਲਾਦ ਦੇ ਮੰਦਰ ਦੇ ਥੇਹ ਮੌਜੂਦ ਹਨ। ਈਸਵੀ 641 ਵਿਚ ਹਯੂਨ ਸਾਂਗ ਮੁਲਤਾਨ ਵਿਖੇ ਸੂਰਜ ਮੰਦਰ ਦੀ ਜ਼ਿਆਰਤ ਕਰਦਾ ਹੈ। ਉਹ ਇਸ ਮੰਦਰ ਵਿਚ ਸਥਾਪਿਤ ਸੂਰਜ ਦੇਵ ਦੀ ਮੂਰਤੀ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਇਹ ਮੂਰਤੀ ਸੁੱਚੇ ਸੋਨੇ ਦੀ ਬਣੀ ਹੋਈ ਹੈ ਅਤੇ ਸੂਰਜ ਦੇਵ ਦੀਆਂ ਅੱਖਾਂ ਲਾਲ ਯਾਕੂਤ ਨਾਲ ਬਣਾਈਆਂ ਹੋਈਆਂ ਹਨ।

ਆਪਣੀ ਇੱਕ ਹੋਰ ਪੁਸਤਕ 'ਐਨ ਇੰਟ੍ਰੋਡੱਕਸ਼ਨ ਟੂ ਪੰਜਾਬੀ ਲਿਟਰੇਚਰ' (1951) ਵਿਚ ਮੋਹਨ ਸਿੰਘ ਦੀਵਾਨਾ ਦੱਸਦੇ ਹਨ ਕਿ ਕੁਰੂਕਸ਼ੇਤਰ ਤੋਂ ਥੋੜ੍ਹੀ ਜਿਹੀ ਦੂਰੀ 'ਤੇ ਸਥਿਤ ਆਨੰਦਪੁਰ ਨਾਮੀ ਸਥਾਨ 'ਤੇ ਸ੍ਰੀ ਮਦ ਭਗਵਤ ਗੀਤਾ ਦਾ 1693 ਵਿਚ ਸਰਲ ਪੰਜਾਬੀ ਭਾਸ਼ਾ ਵਿਚ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਅਨੁਵਾਦ ਕੀਤਾ। ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਦਰਿਆ ਸਤਲੁਜ ਦੇ ਲਾਗੇ ਮੌਜੂਦ ਆਨੰਦਪੁਰ ਨਾਂ ਦੇ ਇਸ ਸ਼ਹਿਰ ਨੂੰ ਗੁਰੂ ਗੋਬਿੰਦ ਸਿੰਘ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 1665 ਈਸਵੀ ਵਿਚ ਆਬਾਦ ਕੀਤਾ ਸੀ। ਇਸ ਸ਼ਹਿਰ ਤੋਂ ਤਕਰੀਬਨ 40 ਕੁ ਕਿਲੋਮੀਟਰ ਦੀ ਦੂਰੀ 'ਤੇ ਪੰਜਾਬ ਦੀ ਪੁਰਾਤਨ ਹੜੱਪਾ-ਰੋਪੜ ਸਭਿਅਤਾ ਨੂੰ ਦਰਸਾਉਂਦਾ ਕੋਟਲਾ ਨਿਹੰਗ ਖਾ ਨਾਮੀ ਕਸਬਾ ਹੈ। ਆਨੰਦਪੁਰ ਸਾਹਿਬ ਦੇ ਗੁਆਂਢ ਵਿਚ ਹੀ ਘੜੂੰਆਂ ਪਿੰਡ ਹੈ ਜਿਸ ਦੀ ਰਹਿਤਲ ਨੂੰ ਮਹਾਭਾਰਤ ਦੇ ਸਮੇਂ ਦੇ ਪਾਡਵਾਂ ਅਤੇ ਨੌਵੇਂ ਗੁਰੂ ਤੇਗ ਬਹਾਦਰ ਹੋਰਾਂ ਨੇ ਨਿਵਾਜਿਆ ਹੋਇਆ ਹੈ।

ਨੌਵੀਂ ਸਦੀ ਦੇ ਸ਼ੁਰੂ ਵਿਚ ਕਾਬਲ ਦੀ ਘਾਟੀ ਅਤੇ ਗੰਧਾਰ 'ਤੇ ਸ਼ਾਹੀਆ ਨਾਂ ਦੇ ਤੁਰਕ ਪਰਿਵਾਰ ਦੀ ਹਕੂਮਤ ਸੀ। ਇਸ ਰਾਜ ਦਾ ਵਜ਼ੀਰ ਬ੍ਰਾਹਮਣ ਸੀ। ਉਸ ਨੇ ਤੁਰਕ ਸ਼ਾਹੀਆ ਦੀ ਰਾਜ-ਸੱਤਾ 'ਤੇ ਆਪਣਾ ਕਬਜ਼ਾ ਕਰ ਕੇ ਹਿੰਦੂ ਸ਼ਾਹੀਆ ਰਾਜਵੰਸ਼ ਦੀ ਨੀਂਹ ਰੱਖੀ ਪਰ ਦੂਜੇ ਅਫਗਾਨ ਸ਼ਾਸਕ ਉਸ ਦੇ ਪੈਰ ਨਹੀਂ ਸਨ ਲੱਗਣ ਦਿੰਦੇ, ਉਸ ਨੂੰ ਪੂਰਬ ਵੱਲ ਧੱਕ ਦਿੰਦੇ। ਅਖੀਰ ਇਸ ਵਜ਼ੀਰ ਨੇ ਸਿੰਧ ਅਤੇ ਕਾਬਲ ਦਰਿਆਵਾਂ ਦੇ ਸੰਗਮ ਨੇੜੇ ਅਟਕ ਦੇ ਇਲਾਕੇ ਵਿਚ ਆਪਣੀ ਸੱਤਾ ਸਥਾਪਤ ਕਰ ਲਈ। ਇਸ ਇਲਾਕੇ ਵਿਚ ਜ਼ਰਤੁਸ਼ਤ ਮਤ, ਬੁੱਧ ਮਤ, ਹਿੰਦੂ ਮਤ ਅਤੇ ਸੱਜਰੀ ਆਮਦ ਵਾਲਾ ਇਸਲਾਮ ਵੀ ਪ੍ਰਚਲਿਤ ਸੀ। ਆਹਿਸਤਾ-ਆਹਿਸਤਾ ਹਿੰਦੂ ਸ਼ਾਹੀਆ ਰਾਜਵੰਸ਼ ਦੇ ਰਾਜਾ ਜੈਪਾਲ (960-1002) ਨੇ ਤਮਾਮ ਮੈਦਾਨੀ ਪੰਜਾਬ ਵਿਚ ਆਪਣੀ ਸੱਤਾ ਸਥਾਪਤ ਕੀਤੀ। ਗਿਆਰਵੀਂ ਸਦੀ ਵਿਚ ਜਦ ਉੱਤਰੀ ਭਾਰਤ 'ਤੇ ਗਜ਼ਨੀ ਦੇ ਸੁਲਤਾਨ ਮਹਿਮੂਦ (ਤੁਰਕ) ਦਾ ਹਮਲਾ ਹੋਇਆ, ਤਦ ਉਸ ਦਾ ਸਾਹਮਣਾ ਜੈਪਾਲ ਨੇ ਹੀ ਕੀਤਾ। ਜੈਪਾਲ ਦੀ ਚੜ੍ਹਤ-ਚੌਧਰ ਸਰਹਿੰਦ ਤੋਂ ਲਮਗਾਨ ਅਤੇ ਕਸ਼ਮੀਰ ਤੋਂ ਮੁਲਤਾਨ ਤਕ ਸੀ। ਉਸ ਦਾ ਕਿਆਮ ਬਠਿੰਡੇ ਦੇ ਕਿਲ੍ਹੇ ਵਿਚ ਵੀ ਹੁੰਦਾ ਸੀ।

ਮਸ਼ਹੂਰ ਕੰਨਪਟਾ ਬਾਬਾ ਗੋਰਖ ਨਾਥ (ਜਿਸ ਦਾ ਸਮਾਂ ਦਸਵੀਂ ਤੋਂ ਬਾਰ੍ਹਵੀਂ ਸਦੀ ਦੇ ਦਰਮਿਆਨ ਦਾ ਮੰਨਿਆ ਜਾਂਦਾ ਹੈ) ਮੱਧਕਾਲੀ ਹਿੰਦੂ ਰਹੱਸਵਾਦ ਤੇ ਮੱਧਕਾਲੀ ਮੁਕਾਮੀ ਸਾਹਿਤ ਦੀ ਪਹਿਲੀ ਇਤਿਹਾਸਕ ਹਸਤੀ ਹੈ। ਗੋਰਖ ਨਾਥ ਦਾ ਬੋਲ-ਬਾਲਾ ਅਫਗਾਨਿਸਤਾਨ, ਬਲੋਚਿਸਤਾਨ, ਨੇਪਾਲ, ਆਸਾਮ, ਬੰਗਾਲ, ਉੜੀਸਾ, ਕਰਨਾਟਕ, ਸ੍ਰੀਲੰਕਾ, ਮਹਾਰਾਸ਼ਟਰ ਅਤੇ ਸਿੰਧ ਤੱਕ ਫੈਲਿਆ ਹੋਇਆ ਸੀ। ਲੋਕ ਉਸ ਨੂੰ ਗੁਰੂ, ਸਤਿਗੁਰੂ ਅਤੇ ਬਾਬਾ ਆਖਦੇ ਸਨ। ਪਿਸ਼ਾਵਰ ਵਿਚ 'ਗੋਰਖ ਹਟੜੀ', ਜਿਹਲਮ ਵਿਚ 'ਗੋਰਖ ਨਾਥ ਕਾ ਟਿੱਲਾ' ਤੇ ਬਲੋਚਿਸਤਾਨ ਵਿਚ 'ਗੋਰਖ ਨਾਥ ਕੀ ਧੂਣੀ' ਕੰਨਪਟੇ ਬਾਬਾ ਗੋਰਖ ਨਾਥ ਦੀ ਮੌਜੂਦਗੀ ਤੇ ਮਕਬੂਲੀਅਤ ਦਾ ਸਬੂਤ ਹਨ। 'ਗੋਰਖ ਨਾਥ ਕਾ ਟਿੱਲਾ' (ਜੋ ਪੰਜਾਬ ਦੇ ਰਾਂਝੇ ਆਸ਼ਕ/ਜੋਗੀ ਦੇ ਨਾਲ ਵੀ ਜੁੜਿਆ ਹੋਇਆ ਹੈ) 'ਤੇ ਬਾਬਾ ਗੋਰਖ ਨਾਥ ਨੇ ਤਪ ਕੀਤਾ ਅਤੇ ਇਸ ਨੂੰ ਆਪਣੀ ਰਿਹਾਇਸ਼ ਦਾ ਕੇਂਦਰ ਬਣਾਇਆ। ਪੰਜਾਬ ਦੇ ਸ਼ਹਿਰ ਸਿਆਲਕੋਟ ਅਤੇ ਜਿਹਲਮ 'ਚ ਟੋਪੀ ਤੇ ਦਾੜ੍ਹੀ ਵਾਲੇ ਗੋਰਖ ਨਾਥ ਦੇ ਬੁੱਤ ਸਨ। ਮੁਗਲ ਬਾਦਸ਼ਾਹ ਬਾਬਰ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ ਕਿ ਉਸ ਨੂੰ ਜੋਗੀਆਂ ਦੇ ਪਾਕ ਕੇਂਦਰ 'ਗੋਰਖ ਹਟੜੀ' ਬਾਰੇ ਜਾਣਕਾਰੀ ਹੈ ਜਿੱਥੇ ਦੂਰ-ਦਰੇਡਿਉਂ ਹਿੰਦੂ ਜ਼ਿਆਰਤ ਕਰਨ ਆਉਂਦੇ ਹਨ ਤੇ ਆਪਣੀਆਂ ਦਾੜ੍ਹੀਆਂ ਤੇ ਸਿਰ ਦੇ ਵਾਲਾਂ ਦਾ ਮੁੰਡਨ ਕਰਵਾਉਂਦੇ ਹਨ।

*ਪ੍ਰਾਚੀਨ ਪੰਜਾਬ ਦੇ ਨੈਣ-ਨਕਸ਼ਾਂ ਅਤੇ ਇਸ ਦੇ ਸੁਭਾਅ ਨੂੰ ਤਤਕਾਲੀ ਸਮੇਂ ਦੇ ਪੱਖ ਤੋਂ ਨਹੀਂ ਬਲਕਿ ਚਿਰਕਾਲੀ ਇਤਿਹਾਸਕ ਦੌਰ ਦੇ ਨਜ਼ਰੀਏ ਤੋਂ ਤਲਾਸ਼ਣਾ ਅਤੇ ਪੜ੍ਹਨਾ ਵੀ ਜ਼ਰੂਰੀ ਹੈ। ਅਜਿਹਾ ਨਜ਼ਰੀਆ ਨਾ ਕੇਵਲ ਸਮੁੱਚੇ ਪੰਜਾਬ ਦੇ ਇਤਿਹਾਸ ਦੇ ਘੇਰੇ ਨੂੰ ਵਸੀਹ ਕਰਨ ਵਿਚ ਮਦਦਗਾਰ ਹੋਵੇਗਾ ਬਲਕਿ ਇਸ (ਪੰਜਾਬ ਦੇ ਇਤਿਹਾਸ) ਨੂੰ ਨਵੇਂ ਅੰਦਾਜ਼ 'ਚ ਦੇਖਣ-ਵਾਚਣ ਅਤੇ ਇਤਿਹਾਸਕਾਰ ਦੀ ਕਲਮਬੰਦੀ ਵਿਚ ਸਿਫਤੀ ਤਬਦੀਲੀ ਲਿਆਉਣ ਵਿਚ ਵੀ ਸਹਾਈ ਹੋਵੇਗਾ।*

ਗੋਰਖ ਨਾਥ ਅਤੇ ਸਿਆਲਕੋਟ ਦੇ ਰਾਜੇ ਸਲਵਾਨ ਦੇ ਪੁੱਤਰ ਪੂਰਨ (ਭਗਤ) ਤੇ ਰਸਾਲੂ ਸਿੰਧ ਤੋਂ ਲੈ ਕੇ ਗੰਗਾ-ਜਮਨਾ ਦੁਆਬ ਤੱਕ ਫੈਲੇ ਪੰਜਾਬ ਰਿਜਨ ਦੀ (ਗਵਾਚੀ ਹੋਈ) ਪਛਾਣ ਹਨ। ਇਹ ਤਿੰਨੋਂ ਇਸ ਖਿੱਤੇ ਦੇ ਸਭਿਆਚਾਰ, ਮਿਥਿਹਾਸ ਤੇ ਸਾਹਿਤ ਦੇ ਨੁਮਾਇੰਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ (1799-1839) ਸਮੇਂ ਕਿੱਸਾਕਾਰ ਕਾਦਰਯਾਰ ਪੂਰਨ ਭਗਤ ਦਾ ਕਿੱਸਾ ਕਲਮਬੰਦ ਕਰਦਾ ਹੈ ਅਤੇ ਇਨ੍ਹਾਂ ਦੀਆਂ ਸਿਮਰਤੀਆਂ ਨੂੰ ਤਾਜ਼ਾ ਕਰਦਾ ਹੈ।

1947 ਦੀ ਵੰਡ ਤੋਂ ਬਾਅਦ ਸਿੰਧ ਘਾਟੀ ਦੇ ਮਸ਼ਹੂਰ ਸਥਲ, ਹੜੱਪਾ ਤੇ ਮਹਿੰਜੋਦਾਰੋ, ਪਾਕਿਸਤਾਨ ਵੱਲ ਚਲੇ ਗਏ ਜਿਸ ਕਾਰਨ 1947 ਤੋਂ ਬਾਅਦ ਦੇ ਭਾਰਤ ਦੀ ਪੁਰਾਤਨ ਹੋਂਦ ਦੀ ਇਤਿਹਾਸਕਤਾ ਦਾ ਸਵਾਲ ਪੈਦਾ ਹੋ ਗਿਆ। ਇਹੋ ਸਵਾਲ ਭਾਰਤੀ ਪੰਜਾਬ ਦੀ ਇਤਿਹਾਸਕ ਸ਼ਨਾਖਤ ਨਾਲ ਵੀ ਜੁੜਿਆ ਹੋਇਆ ਸੀ। ਇਸ ਲਈ ਹੜੱਪਾ ਦੇ ਸਥਲਾਂ ਦੀ ਤਲਾਸ਼ ਭਾਰਤ ਦੇ ਪੁਰਾਤੱਤਵੀ ਸਰਵੇਖਣ ਦੀ ਅਹਿਮ ਤਰਜੀਹ ਬਣ ਗਈ।

ਸਿੰਧ ਘਾਟੀ ਨਾਲ ਆਜ਼ਾਦ ਭਾਰਤ ਦੇ ਰਿਸ਼ਤਿਆਂ ਨੂੰ ਸਥਾਪਿਤ ਕਰਨ ਹਿਤ ਇਤਿਹਾਸਕਾਰ ਬੁੱਧ ਪ੍ਰਕਾਸ਼ ਨੇ 'ਹੜੱਪਾ-ਰੋਪੜ ਸਭਿਅਤਾ' ਦੀ ਸ਼ਬਦਾਵਲੀ ਨੂੰ ਈਜਾਦ ਕੀਤਾ। ਉਸ ਦੀ ਦਲੀਲ ਸੀ ਕਿ ਸਮੇਂ ਦੇ ਨਾਲ-ਨਾਲ ਤਜਾਰਤ, ਸਨਅਤ, ਰਸਮਾਂ-ਰਿਵਾਜਾਂ ਤੇ ਧਰਮ, ਅਤੇ ਪ੍ਰਸ਼ਾਸਨ ਸਭਨਾਂ ਦੇ ਇਕੱਠੇ ਯੋਗਦਾਨ ਸਦਕਾ ਪੰਜਾਬ 'ਚ ਹੜੱਪਾ-ਰੋਪੜ ਸਭਿਅਤਾ ਇਤਿਹਾਸਕ ਤੌਰ 'ਤੇ ਵਿਕਸਤ ਹੋਈ। ਇਹ ਸਭਿਅਤਾ, ਬੁੱਧ ਪ੍ਰਕਾਸ਼ ਅਨੁਸਾਰ, ਉਸ ਸਭਿਆਚਾਰ ਦੀ ਦੇਣ ਜਾਂ ਵਿਰਾਸਤ ਹੈ ਜੋ ਇਰਾਨ, ਅਫਗਾਨਿਸਤਾਨ, ਬਲੋਚਿਸਤਾਨ ਦੇ ਵਿਸ਼ਾਲ ਖਿੱਤੇ ਅਤੇ ਭਾਰਤ-ਪਾਕਿਸਤਾਨ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਹਿੱਸਿਆਂ ਵਿਚ ਵਿਕਸਤ ਹੋਇਆ ਅਤੇ ਜਿਸ ਦੀ ਪੰਜਾਬ ਤੇ ਸਿੰਧ ਅਤੇ ਲਾਗੇ ਦੇ ਇਲਾਕਿਆਂ 'ਚ ਆਪਣੀ ਸ਼ਖਸੀਅਤ, ਹੋਂਦ ਤੇ ਪਛਾਣ ਸੀ। ਦਿਲਚਸਪ ਤੱਥ ਇਹ ਵੀ ਹੈ ਕਿ ਰੋਪੜ ਦਾ ਇਲਾਕਾ ਮਹਾਭਾਰਤ, ਰਮਾਇਣ ਤੇ ਖਾਲਸਾ ਵਿਰਾਸਤ ਨਾਲ ਵੀ ਜੁੜਿਆ ਹੋਇਆ ਹੈ।

ਪਾਕਿਸਤਾਨ ਦੇ ਇਸਲਾਮੀ/ਮੁਸਲਮਾਨ ਇਤਿਹਾਸਕਾਰ ਪੱਛਮੀ ਪੰਜਾਬ ਦੇ ਸਭਿਆਚਾਰ ਨੂੰ ਅਰਬ-ਇਰਾਨ-ਤੁਰਕੀ-ਮੁਖੀ ਸਿੰਧ ਸਭਿਅਤਾ ਦੇ ਧਰਾਤਲ 'ਤੇ ਖਲੋ ਕੇ ਹੀ ਵਾਚਦੇ ਹਨ; ਤੇ ਭਾਰਤ ਦੇ ਹਿੰਦੂ ਰਾਸ਼ਟਰਵਾਦੀ ਇਤਿਹਾਸਕਾਰ ਚੜ੍ਹਦੇ ਪੰਜਾਬ ਨੂੰ ਆਰੀਆ ਨਸਲ ਜਾਂ ਹਿੰਦੂ ਸਭਿਆਚਾਰ ਦੇ ਨੁਕਤਾ ਨਿਗਾਹ ਤੋਂ ਵਿਚਾਰਦੇ ਹਨ, ਸਿੱਖ ਇਤਿਹਾਸਕਾਰ ਸਿੱਖ ਧਰਮ ਦੇ ਪੱਖ ਤੋਂ ਚੜ੍ਹਦੇ ਪੰਜਾਬ ਨੂੰ ਨਿਖਾਰਦੇ ਹਨ।

ਇਸ ਲਈ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਮੁੱਖਧਾਰਾ ਵਾਲੀ ਇਤਿਹਾਸਕਾਰੀ ਪੰਜਾਬ ਦੇ ਇਤਿਹਾਸ ਦੀ ਇਤਿਹਾਸਕਤਾ ਨੂੰ ਕਿਵੇਂ ਸਥਾਪਤ ਕਰਦੀ ਹੈ? ਇਸ ਇਤਿਹਾਸਕਤਾ ਨੂੰ ਕਿਸ ਸਮੇਂ ਅਤੇ ਸਥਾਨ ਦੇ ਹਵਾਲੇ ਨਾਲ ਵਿਚਾਰਦੀ ਹੈ। ਇਤਿਹਾਸਕਤਾ ਨੂੰ ਪੇਸ਼ ਕਰਨ ਦਾ ਰੰਗ-ਢੰਗ ਤੇ ਸੁਭਾਅ ਕਿਹੋ ਜਿਹਾ ਹੈ? ਜਿਸ ਲਿਬਾਸ 'ਚ ਇਤਿਹਾਸਕਤਾ ਪੇਸ਼ ਹੋ ਰਹੀ ਹੈ, ਉਹ ਲਿਬਾਸ ਕੈਸਾ ਹੈ? ਉਸ ਦੀ ਬਣਤਰ-ਬੁਣਤਰ ਕਿਹੋ ਜਿਹੀ ਹੈ? ਇਤਿਹਾਸਕਤਾ ਤੇ ਉਸ ਦੀ ਪੇਸ਼ਕਾਰੀ ਦੇ ਦਰਮਿਆਨ ਕੌਣ ਖਲੋਤਾ ਹੋਇਆ ਹੈ? ਉਸ ਦੀ ਪੇਸ਼ਕਾਰੀ ਦੇ ਸੰਦ-ਔਜ਼ਾਰ ਕਿਹੋ ਜਿਹੇ ਹਨ? ਇਹ ਤਮਾਮ ਸਵਾਲ ਇਤਿਹਾਸਕਾਰੀ ਦੇ ਸੁਹਜ-ਸ਼ਾਸਤਰ ਤੇ ਕਾਵਿ-ਸ਼ਾਸਤਰ ਨਾਲ ਜੁੜੇ ਹੋਏ ਹਨ। ਕਹਿਣ ਦਾ ਭਾਵ ਇਹ ਹੈ: ਕੀ ਇਤਿਹਾਸਕਤਾ ਤੇ ਇਸ ਦੀ ਪੇਸ਼ਕਾਰੀ ਨੂੰ ਇਹ ਸੰਦ-ਔਜ਼ਾਰ ਏਦਾਂ ਜੋੜਦੇ ਹਨ ਜਿਸ ਨੂੰ ਪੰਜਾਬ ਦਾ ਅਜ਼ੀਮ ਕਿੱਸਾਕਾਰ ਵਾਰਿਸਸ਼ਾਹ ਇਉਂ ਬਿਆਨ ਕਰਦਾ ਹੈ:

ਫਿਕਰਾ ਜੋੜ ਕੇ ਖੂਬ ਦਰੁਸਤ ਕੀਤਾ,
ਨਵਾਂ ਫੁਲ ਗੁਲਾਬ ਦਾ ਤੋੜਿਆ ਏ
ਬਹੁਤ ਜੀਉ ਦੇ ਵਿਚ ਤਦਬੀਰ ਕਰ ਕੇ,
ਫਰਹਾਦ ਪਹਾੜ ਨੂੰ ਤੋੜਿਆ ਏ

ਇਤਿਹਾਸਕਤਾ ਦਾ ਤਅੱਲਕ ਮਰੇ-ਮੁੱਕੇ ਅਤੀਤ ਨਾਲ ਨਹੀਂ ਹੁੰਦਾ। ਇਤਿਹਾਸਕਤਾ ਅਤੇ ਅਤੀਤ ਦੋਵੇਂ ਵਰਤਮਾਨ ਦੇ ਨਾਲੋ-ਨਾਲ ਚੱਲ ਰਹੇ ਹੁੰਦੇ ਹਨ। ਆਖਦੇ ਹਨ ਕਿ ਬਗੈਰ ਪਰਛਾਵਿਆਂ ਵਾਲੇ ਮਾਨਸ ਭੂਤ ਹੁੰਦੇ ਹਨ ਜੋ ਭਟਕਦੇ ਰਹਿੰਦੇ ਹਨ; ਭਾਵ ਇਤਿਹਾਸਕਤਾ ਅਤੇ ਅਤੀਤ ਤੋਂ ਟੁੱਟਿਆ ਵਰਤਮਾਨ ਉਸ ਭੂਤ ਵਾਂਗ ਹੁੰਦਾ ਹੈ ਜਿਸ ਦਾ ਪਿਛੋਕੜ-ਪਰਛਾਵਾਂ ਨਹੀਂ ਹੁੰਦਾ ਅਤੇ ਲੋਕ ਉਸ ਨੂੰ ਭੁਲੇਖਾ, ਛਲ-ਕਪਟ ਆਖ ਉਸ ਤੋਂ ਲਾਂਭੇ ਰਹਿੰਦੇ ਹਨ। ਪੰਜਾਬ ਦੀ ਇਤਿਹਾਸਕਾਰੀ ਅਤੇ ਸਿਆਸਤ ਦੇ ਪਿੜ ਵਿਚ 'ਪ੍ਰਾਚੀਨ' ਪੰਜਾਬ ਨਾਲ ਇਹੋ ਜਿਹਾ ਹੀ ਦੁਖਾਂਤ ਵਾਪਰ ਰਿਹਾ ਹੈ।

ਇਤਿਹਾਸਕਤਾ ਦੇ ਪੱਖ ਤੋਂ ਅਤੀਤ ਲੰਮੀ ਉਮਰ ਨਾਲ ਅਸੀਸਿਆ ਹੁੰਦਾ ਹੈ। ਇਹ ਧਰਤ ਦੀਆਂ ਤਮਾਮ ਸ਼ੈਆਂ ਸੰਗ ਸਦੀਆਂ ਤੋਂ ਟੁਰਦਾ ਆ ਰਿਹਾ ਹੁੰਦਾ ਹੈ। ਇਸ ਦੇ ਸਫਰ ਦੀਆਂ ਠਾਹੀਆਂ-ਪੜਾਵਾਂ ਦਾ ਥਹੁ-ਪਤਾ ਤਲਾਸ਼ਣ ਲਈ ਫਰਹਾਦ ਆਸ਼ਕ ਜਿਹਾ ਸਿਰੜ ਅਤੇ ਕਿੱਸਾਕਾਰ ਵਾਰਿਸਸ਼ਾਹ ਜਿਹਾ ਹੁਨਰ ਚਾਹੀਦਾ ਹੈ। ਅਤੀਤ ਉਸ ਦੀ ਇਤਿਹਾਸਕਤਾ ਦੀ ਤਲਾਸ਼, ਵਰਤਮਾਨ ਨੂੰ ਕਈ ਪੱਖੋਂ ਸੰਵਾਰ-ਸੁਧਾਰ ਸਕਦੀ ਹੈ। ਅਕਸਰ ਅਤੀਤ ਦੇ ਕਿਵਾੜ ਖੋਲ੍ਹਣ ਵਾਲੇ ਅਤੀਤ ਦੀ ਇਤਿਹਾਸਕਤਾ ਨਾਲ ਖਿਲਵਾੜ ਕਰਨ ਲੱਗ ਪੈਂਦੇ ਹਨ। ਕਿਵਾੜ ਖੋਲ੍ਹਣਾ ਅਤੇ ਬੰਦ ਕਰਨਾ ਵੀ ਇੱਕ ਕਲਾ ਹੈ।

ਦਲੀਲ ਹੈ ਕਿ ਇਤਿਹਾਸ ਪਰਤ ਕੇ ਸਾਡੇ ਕੋਲ ਨਹੀਂ ਆਉਂਦਾ। ਅਸਲ ਵਿਚ ਇਤਿਹਾਸ ਨੂੰ ਵਰਤਮਾਨ ਦੇ ਸੁਆਰਥਾਂ ਦੀ ਸੇਵਾ ਕਰਨ ਹਿੱਤ ਸਰਗਰਮ ਕੀਤਾ ਜਾਂਦਾ ਹੈ। ਇਸ ਸਰਗਰਮੀ ਵਿਚੋਂ ਹੀ ਇਤਿਹਾਸਕਾਰੀ ਜਨਮ ਲੈਂਦੀ ਹੈ, ਭਾਵ ਇਤਿਹਾਸ ਨੂੰ ਕਲਮਬੰਦ ਕਰਨ ਦੀ ਕਲਾ। ਇਸ ਲਈ ਇਤਿਹਾਸਕਾਰੀ ਫੌਤ ਹੋਏ ਅਤੀਤ ਦਾ ਸਿੱਕੇਬੰਦ ਦਸਤਾਵੇਜ਼ ਨਹੀਂ ਹੁੰਦੀ ਬਲਕਿ ਇਤਿਹਾਸਕਾਰੀ ਵਰਤਮਾਨ ਸੁਆਰਥਾਂ ਦੁਆਰਾ ਸਿਰਜਿਆ ਕਾਵਿਕ ਜਾਂ ਕਾਲਪਨਿਕ ਵਰਤਾਰਾ ਜਾਂ ਕਲਾ ਹੁੰਦੀ ਹੈ। ਗਲਬੇ ਅਤੇ ਸੱਤਾ ਦੇ ਪੱਖੋਂ ਵਰਤਮਾਨ, ਅਤੀਤ ਨਾਲੋਂ ਬਲਵਾਨ ਹੁੰਦਾ ਹੈ।

ਸੋ, ਦਲੀਲ ਹੈ ਕਿ ਪ੍ਰਾਚੀਨ ਪੰਜਾਬ ਦੇ ਨੈਣ-ਨਕਸ਼ਾਂ ਅਤੇ ਇਸ ਦੇ ਸੁਭਾਅ ਨੂੰ ਤਤਕਾਲੀ ਸਮੇਂ ਦੇ ਪੱਖ ਤੋਂ ਨਹੀਂ ਬਲਕਿ ਚਿਰਕਾਲੀ ਇਤਿਹਾਸਕ ਦੌਰ ਦੇ ਨਜ਼ਰੀਏ ਤੋਂ ਤਲਾਸ਼ਣਾ ਅਤੇ ਪੜ੍ਹਨਾ ਵੀ ਜ਼ਰੂਰੀ ਹੈ। ਅਜਿਹਾ ਨਜ਼ਰੀਆ ਨਾ ਕੇਵਲ ਸਮੁੱਚੇ ਪੰਜਾਬ ਦੇ ਇਤਿਹਾਸ ਦੇ ਘੇਰੇ ਨੂੰ ਵਸੀਹ ਕਰਨ ਵਿਚ ਮਦਦਗਾਰ ਹੋਵੇਗਾ ਬਲਕਿ ਇਸ (ਪੰਜਾਬ ਦੇ ਇਤਿਹਾਸ) ਨੂੰ ਨਵੇਂ ਅੰਦਾਜ਼ 'ਚ ਦੇਖਣ-ਵਾਚਣ ਅਤੇ ਇਤਿਹਾਸਕਾਰ ਦੀ ਕਲਮਬੰਦੀ ਵਿਚ ਸਿਫਤੀ ਤਬਦੀਲੀ ਲਿਆਉਣ ਵਿਚ ਵੀ ਸਹਾਈ ਹੋਵੇਗਾ।

# 93ਵਾਂ ਆਸਕਰ ਅਵਾਰਡ: ਮੁਕਾਬਲਾ ਦਿਲਚਸਪ ਤੇ ਸਖਤ

93ਵਾਂ ਆਸਕਰ ਅਵਾਰਡ ਪ੍ਰੋਗਰਾਮ 25 ਅਪਰੈਲ 2021, ਐਤਵਾਰ ਨੂੰ ਲਾਸ ਏਂਜਲਸ ਵਿਚ ਦੋ ਥਿਏਟਰ ਹਾਲਾਂ-ਡੋਲਬੀ ਥਿਏਟਰ ਤੇ ਯੂਨੀਅਨ ਸਟੇਸ਼ਨ ਹਾਲ ਵਿਚ ਹੋ ਰਿਹਾ ਹੈ। ਇਸ ਸਾਲ ਕਰੋਨਾ ਮਹਾਂਮਾਰੀ ਕਾਰਨ ਇਹ ਪ੍ਰੋਗਰਾਮ ਦੇਰੀ ਨਾਲ ਹੋ ਰਿਹਾ ਹੈ। ਆਮ ਤੌਰ 'ਤੇ ਇਹ ਫਰਵਰੀ ਮਹੀਨੇ ਹੁੰਦਾ ਹੈ। ਕਰੋਨਾ ਮਹਾਂਮਾਰੀ ਕਰਕੇ ਹੋਰ ਵੀ ਕਈ ਤਬਦੀਲੀਆਂ ਕੀਤੀਆਂ ਗਈਆਂ ਹਨ। ਆਸਕਰ ਐਵਾਰਡ ਵਿਚ ਐਂਟਰੀ ਲਈ ਪਿਛਲੇ ਸਾਲ ਦੀਆਂ ਫਿਲਮਾਂ ਨੂੰ ਲਾਸ ਏਂਜਲਸ ਦੇ ਕਿਸੇ ਥਿਏਟਰ ਵਿਚ 7 ਦਿਨ, ਤਿੰਨ ਸ਼ੋਅ ਰਿਲੀਜ਼ ਕਰਨਾ ਲਾਜ਼ਮੀ ਸਨ, ਪਰ ਇਸ ਸਾਲ ਇਸ ਨਾਲ ਹੋਰ ਕਈ ਸ਼ਹਿਰ-ਨਿਊ ਯਾਰਕ,

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਸ਼ਿਕਾਗੋ, ਮਿਆਮੀ ਆਦਿ ਵੀ ਸ਼ਾਮਲ ਕਰ ਲਏ ਗਏ ਸਨ। ਇਸ ਦੇ ਨਾਲ ਸਟਰੀਮਿੰਗ ਸਰਵਿਸ, ਵੀਡੀਓ ਆਨ ਡਿਮਾਂਡ ਚੈਨਲਾਂ 'ਤੇ ਰਿਲੀਜ਼ ਫਿਲਮਾਂ ਨੂੰ ਸ਼ਾਮਿਲ ਹੋਣ ਦਾ ਮੌਕਾ ਦਿੱਤਾ ਗਿਆ ਹੈ।

ਇਸ ਵਾਰੀ ਆਸਕਰ ਅਵਾਰਡ ਦੀਆਂ ਸਾਰੀਆਂ ਹੀ 23 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖਤ ਹੈ। ਵੈਸੇ ਵੀ ਹਰ ਤੀਜੇ-ਚੌਥੇ ਸਾਲ ਕਈ ਬਿਹਤਰੀਨ ਫਿਲਮਾਂ ਇਕੋ ਹੀ ਸਮੇਂ ਰਿਲੀਜ਼ ਹੁੰਦੀਆਂ ਹਨ, ਜਿਸ ਕਰਕੇ ਉਸ ਸਾਲ ਇਹ ਮੁਕਾਬਲਾ ਬੜਾ ਦਿਲਚਸਪ ਹੋ ਜਾਂਦਾ ਹੈ। ਇਸ ਵਾਰ ਸਟਰਿਮਿੰਗ ਚੈਨਲਾਂ 'ਤੇ ਰਿਲੀਜ਼ ਫਿਲਮਾਂ ਨੂੰ ਵੀ ਆਸਕਰ ਮੁਕਾਬਲੇ ਵਿਚ ਸ਼ਾਮਿਲ ਕਰਨ ਕਾਰਨ ਇਸ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ ਹੈ। ਆਸਕਰ ਐਵਾਰਡ ਵਿਚ ਪਹਿਲੀ ਵਾਰ ਹੈ ਕਿ ਦੋ ਔਰਤਾਂ-ਐਮਰਾਲਡ ਫਨੌਲ ਅਤੇ ਕਲੋ ਝਾਓ ਨੂੰ ਇਕੱਠੇ ਹੀ ਫਿਲਮ ਨਿਰਦੇਸ਼ਨ ਦੀ ਸ਼੍ਰੇਣੀ ਵਿਚ ਨਾਮਜ਼ਦ ਕੀਤਾ ਗਿਆ ਹੈ, ਨਹੀਂ ਤਾਂ ਅਜੇ ਤਕ ਸਿਰਫ ਇਕ ਹੀ ਔਰਤ ਨੂੰ ਫਿਲਮ ਨਿਰਦੇਸ਼ਨ ਦੀ ਸ਼੍ਰੇਣੀ ਵਿਚ ਨਾਮਜ਼ਦਗੀ ਮਿਲਦੀ ਰਹੀ ਹੈ। ਕਲੋ ਝਾਓ ਪਹਿਲੀ ਚਾਈਨਾ ਮੂਲ ਦੀ



"ਦੀ ਟਰਾਇਲ ਆਫ ਦੀ ਸ਼ਿਕਾਗੋ 7" ਦਾ ਇਕ ਦ੍ਰਿਸ਼

ਨਿਰਦੇਸ਼ਕ ਹੈ, ਜਿਸ ਨੂੰ ਇਸ ਖੇਤਰ ਵਿਚ ਨਾਮਜ਼ਦਗੀ ਮਿਲੀ ਹੈ।

ਇਸ ਵਾਰ ਆਸਕਰ ਦੀ ਬਿਹਤਰੀਨ ਫਿਲਮਾਂ ਦੀ ਕੈਟੇਗਰੀ ਵਿਚ ਸ਼ਾਮਿਲ ਫਿਲਮਾਂ "ਦ ਫਾਦਰ", "ਜੂਡਾਸ ਐਂਡ ਬਲੈਕ ਮਸੀਹਾ", "ਮਾਂਕ", "ਮੀਨਾਰੀ", "ਪ੍ਰੋਮਿਸਿੰਗ ਯੰਗ ਵੂਮਨ", "ਨੋਮਾਡਲੈਂਡ", "ਸਾਊਂਡ ਆਫ ਮੈਟਲ", "ਦੀ ਟਰਾਇਲ ਆਫ ਦੀ ਸ਼ਿਕਾਗੋ 7" ਹਨ। ਇਨ੍ਹਾਂ ਫਿਲਮਾਂ ਨੂੰ ਦੁਨੀਆਂ ਭਰ ਵਿਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ। ਆਸਕਰ ਅਵਾਰਡ ਨਾਮੀਨੇਸ਼ਨ ਦੀ ਗੱਲ ਕਰੀਏ ਤਾਂ "ਮਾਂਕ" ਫਿਲਮ ਨੂੰ ਵੱਖ ਵੱਖ ਸ਼੍ਰੇਣੀਆਂ ਵਿਚ 10 ਨਾਮਜ਼ਦਗੀਆਂ ਮਿਲੀਆਂ ਹਨ। "ਦ ਫਾਦਰ", "ਜੂਡਾਸ ਐਂਡ ਬਲੈਕ ਮਸੀਹਾ", "ਮੀਨਾਰੀ", "ਨੋਮਾਡਲੈਂਡ", "ਸਾਊਂਡ ਆਫ ਮੈਟਲ", "ਦੀ ਟਰਾਇਲ ਆਫ ਦੀ ਸ਼ਿਕਾਗੋ 7" ਨੂੰ 6-6 ਨਾਮਜ਼ਦਗੀਆਂ ਮਿਲੀਆਂ ਹਨ। "ਪ੍ਰੋਮਿਸਿੰਗ ਯੰਗ ਵੂਮਨ" ਤੇ "ਮਾ ਰਾਇਨੇ ਬਲੈਕ ਬਾਟਮ" ਨੂੰ 5-5 ਨਾਮਜ਼ਦਗੀਆਂ ਮਿਲੀਆਂ ਹਨ।

ਇਸ ਲਈ ਹਰ ਕੈਟੇਗਰੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ। ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਭਾਰਤ ਦੀ ਕੋਈ ਫਿਲਮ 'ਆਸਕਰ ਅਵਾਰਡ' ਲਈ ਨਾਮਜ਼ਦਗੀ ਹਾਸਿਲ ਨਹੀਂ ਕਰ ਸਕੀ। ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਨਿਰਦੇਸ਼ਕ ਲਿਜੋ ਜੁਏਸ ਦੀ "ਜਲਕੱਟੂ" ਫਾਈਨਲ 15 ਦੀ ਲਿਸਟ ਲਈ ਨਹੀਂ ਚੁਣੀ ਗਈ, ਪਰ ਭਾਰਤ ਦੀ ਪਿਠਭੂਮੀ 'ਤੇ ਬਣੀ ਫਿਲਮ "ਦੀ ਵਾਈਟ ਟਾਈਗਰ" 'ਅਡਾਪਟ ਸਕਰੀਨ ਪਲੇਅ' ਦੀ ਸ਼੍ਰੇਣੀ ਆਸਕਰ ਅਵਾਰਡ ਵਿਚ ਅੰਤਿਮ 5 ਫਿਲਮਾਂ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋਈ ਹੈ। ਇਸ ਫਿਲਮ ਦੀ ਕਹਾਣੀ ਅਰਵਿੰਦ ਦੇ ਨਾਵਲ "ਦੀ ਵਾਈਟ ਟਾਈਗਰ" ਉਤੇ ਆਧਾਰਿਤ ਹੈ। ਇਸ ਦਾ ਸਕਰੀਨ ਪਲੇਅ ਇਰਾਨੀ-ਅਮਰੀਕਨ ਲੇਖਕ ਰਾਮੀਨ ਬਿਹਾਰਾਨੀ ਨੇ ਲਿਖਿਆ ਹੈ। ਭਾਰਤੀ ਫਿਲਮ ਐਕਟਰਸ ਪ੍ਰਿਅੰਕਾ ਚੋਪੜਾ ਵੀ ਇਸ ਫਿਲਮ ਦੀ ਨਿਰਮਾਤਾ ਟੀਮ ਵਿਚ ਸ਼ਾਮਲ ਹੈ। ਇਸ ਕੈਟੇਗਰੀ ਵਿਚ ਇਸ ਫਿਲਮ ਤੋਂ ਇਲਾਵਾ "ਦ ਫਾਦਰ" ਲੇਖਕ ਹੈਂਪਟਨ-ਫਲੋਰੀਅਨ, "ਨੋਮਾਡਲੈਂਡ" ਲੇਖਕ ਕਲੋ ਝਾਉ, "ਵਨ ਨਾਈਟ ਇਨ ਮਿਆਮੀ" ਲੇਖਕ ਕੈਂਪ ਤੇ "ਬੋਰਾਟ ਸਬਸਿਕਵੈਂਟ ਮੂਵੀ ਫਿਲਮ" ਲੇਖਕ ਸਾਚਾ ਬੇਰਨ, ਪੀਟਰ, ਜਾਨਾ, ਹਾਨੀਸ, ਲੀ, ਡੈਨ, ਐਰੀਕਾ, ਡੈਨ ਸਵੀਮਰ ਹਨ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਿਚ "ਕਾਲਿਕਟਿਵ", "ਕ੍ਰਿਪ ਕੈਂਪ", "ਦੀ ਮੋਲ ਏਜੰਟ", "ਮਾਈ ਆਕਟੋਪਸ ਟੀਚਰ" ਤੇ "ਟਾਈਮ" ਹਨ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਰਗ ਵਿਚ "ਦੀ ਮੋਲ ਏਜੰਟ", "ਮਾਈ ਆਕਟੋਪਸ ਟੀਚਰ" ਦੀ ਟੱਕਰ ਹੈ, ਪਰ ਇਨਾਮ ਲਈ ਚੁਣੇ ਜਾਣ ਦੀ ਸੰਭਾਵਨਾ "ਦੀ ਮੋਲ ਏਜੰਟ" ਦੀ ਹੈ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਸ਼ਾਰਟ ਵਰਗ ਵਿਚ "ਕੋਲੀਟ", "ਏ ਕੰਨਸਰਟੋ ਇਜ਼ ਕਨਵਰਸੇਸ਼ਨ", "ਡੋ ਨਾਟ ਸਪਲਿਟ", "ਹੰਗਰ ਵਾਰਡ", "ਏ ਲਵ ਸਾਂਗ ਆਫ ਲਤਾਸ਼ਾ" ਹਨ।

ਬਿਹਤਰੀਨ ਮੌਲਿਕ ਸਕੋਰ ਵਿਚ "ਦਾ 5 ਬਲੱਡਸ", "ਮਾਂਕ", "ਮਿਨਾਰੀ", "ਨਿਊਜ਼ ਆਫ ਵਰਲਡ" ਤੇ "ਸੋਲ" ਹਨ। "ਸੋਲ" ਦੇ ਇਨਾਮ ਜਿੱਤਣ ਦੀ ਸੰਭਾਵਨਾ ਵੱਧ ਹੈ।

ਬਿਹਤਰੀਨ ਮੌਲਿਕ ਗੀਤ ਸ਼੍ਰੇਣੀ ਵਿਚ ਫਿਲਮ "ਜੂਡਾਸ ਐਂਡ ਬਲੈਕ ਮਸੀਹਾ" ਦਾ ਗੀਤ 'ਫਾਈਟ ਫਾਰ ਯੂ', "ਦੀ ਟਰਾਇਲ ਆਫ ਦੀ ਸ਼ਿਕਾਗੋ 7" ਦਾ 'ਹੀਅਰ ਮਾਈ ਵਾਈਸ', "ਦੀ ਸਟੋਰੀ ਆਫ ਫਾਇਰ ਸਾਗਾ" ਦਾ 'ਹੁਸਾਵਿਕ', "ਦ ਲਾਈਫ ਹੈਡ" ਦਾ 'ਲੋ ਸੀ' ਅਤੇ "ਵਨ ਨਾਈਟ ਇਨ ਮਿਆਮੀ" ਦਾ 'ਸਪੀਕ ਨਾਊ' ਹਨ।

ਸਰਵੋਤਮ ਅਭਿਨੇਤਾ ਦੀ ਦੌੜ ਵਿਚ ਰਿਜ ਅਹਿਮਦ (ਪਾਕਿਸਤਾਨ ਮੂਲ ਦੇ ਬ੍ਰਿਟਿਸ਼ ਐਕਟਰ)-ਫਿਲਮ "ਸਾਊਂਡ ਆਫ ਮੈਟਲ", ਚੈਡਵਿਕ ਬੋਸਮੈਨ-ਫਿਲਮ "ਮਾ ਰੇਨੀ ਦਾ ਬਲੈਕ ਬਾਟਮ", ਐਂਥਨੀ ਹੋਪਕਿੰਸ-ਫਿਲਮ "ਦੀ ਫਾਦਰ", ਗੈਰੀ ਓਲਡਮੈਨ-ਫਿਲਮ "ਮਾਂਕ", ਸਟੀਵਨ ਯੂਨ-ਫਿਲਮ "ਮਿਨਾਰੀ" ਸ਼ਾਮਲ ਹਨ; ਪਰ ਐਂਥਨੀ ਹੋਪਕਿੰਸ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ। ਉਸ ਨੇ ਫਾਦਰ ਐਂਥਨੀ ਦਾ ਰੋਲ ਕੀਤਾ ਹੈ, ਜਿਸ ਨੇ ਉਸ ਵਿਚ ਜਾਨ ਪਾ ਦਿੱਤੀ ਹੈ। ਉਹ ਪਹਿਲਾਂ ਵੀ ਬਿਹਤਰੀਨ ਅਦਾਕਾਰ ਦਾ ਆਸਕਰ ਅਵਾਰਡ ਇਨਾਮ ਜਿੱਤ ਚੁਕਾ ਹੈ। ਉਸ ਦਾ ਨਾਂ ਸਭ ਤੋਂ ਉਪਰ ਹੈ। ਰਿਜ ਅਹਿਮਦ ਨੇ 'ਸਾਊਂਡ ਆਫ ਮੈਟਲ' ਵਿਚ ਇਕ ਸੰਗੀਤਕਾਰ ਦਾ ਕਿਰਦਾਰ ਨਿਭਾ ਕੇ ਚੰਗੀ ਵਾਹ ਵਾਹ ਖੱਟੀ ਹੈ। ਇਸ ਸ਼੍ਰੇਣੀ ਵਿਚ ਐਕਟਰ ਸਟੀਵਨ ਯੂਨ-ਫਿਲਮ "ਮਿਨਾਰੀ" ਦੇ ਨਾਂ ਦੀ ਵੀ ਕਾਫੀ ਚਰਚਾ ਹੈ।

ਸਰਵੋਤਮ ਨਿਰਦੇਸ਼ਕ ਵਰਗ ਵਿਚ ਥਾਮਸ ਵਿੰਟਰਬਰਗ ਫਿਲਮ "ਐਨਅਦਰ ਰਾਊਂਡ", ਡੇਵਿਡ ਫਿੰਚਰ-ਫਿਲਮ "ਮਾਂਕ", ਲੀ ਇਸਾਕ ਚੁੰਗ-ਫਿਲਮ "ਮੀਨਾਰੀ", ਐਮਰਾਲਡ ਫੈਨਲ-ਫਿਲਮ "ਪ੍ਰੋਮਿਸਿੰਗ ਯੰਗ ਵੂਮਨ", ਕਲੋ ਝਾਓ-ਫਿਲਮ "ਨੋਮਾਡਲੈਂਡ" ਦੇ ਨਾਂ ਸ਼ਾਮਲ ਹਨ। ਇਸ ਵਾਰ ਡੇਵਿਡ ਫਿੰਚਰ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਉਹ ਪਹਿਲਾ ਵੀ 2010 ਵਿਚ ਬਾਫਟਾ ਵਿਚ ਬਿਹਤਰੀਨ ਨਿਰਦੇਸ਼ਕ ਦਾ ਇਨਾਮ ਜਿੱਤ ਚੁਕਾ ਹੈ। ਕਲੋ ਝਾਓ ਦੇ ਨਿਰਦੇਸ਼ਨ ਦੀ ਬਹੁਤ ਚਰਚਾ ਹੈ ਕਿ ਉਸ ਨੇ ਅਮਰੀਕਾ ਦੇ ਸਭਿਆਚਾਰ ਨੂੰ ਸਰਵੋਤਮ ਤਰੀਕੇ ਨਾਲ ਫਿਲਮਬੰਦ ਕੀਤਾ ਹੈ। ਇਸ ਤੋਂ ਇਲਾਵਾ ਡੈਨਿਸ਼ ਮੂਲ ਦਾ ਤਜਰਬੇਕਾਰ ਨਿਰਦੇਸ਼ਕ ਥਾਮਸ ਵਿੰਟਰਬਰਗ ਵੀ ਦੌੜ ਵਿਚ ਹੈ।




ਫਿਲਮ "ਦਾ ਫਾਦਰ" ਅਤੇ "ਬੈਟਰ ਡੇ" ਦੇ ਪੋਸਟਰ

ਸਰਵੋਤਮ ਅਦਾਕਾਰਾਂ ਵਿਚ ਵਿਓਲਾ ਡੇਵਿਸ-ਫਿਲਮ "ਮਾ ਰੇਨੀ ਦਾ ਬਲੈਕ ਬਾਟਮ", ਆਂਦਰਾ ਡੇ-ਫਿਲਮ "ਯੂਨਾਈਟਿਡ ਸਟੇਟ ਵਰਸਿਜ਼ ਬਿਲੀ ਹੋਲੀਡੇ", ਵੈਨੇਸਾ ਕਿਰਬੀ "ਪੀਸਿਜ਼ ਆਫ ਏ ਵੂਮਨ", ਫਰਾਂਸਿਸ ਮੈਕਡੋਰਮੰਡ 'ਨੋਮੈਡਲੈਂਡ', ਕੈਰੀ ਮੁਲੀਗਨ-ਫਿਲਮ "ਪ੍ਰੋਮਿਸਿੰਗ ਯੰਗ ਵੂਮਨ" ਦੇ ਨਾਂ ਸ਼ਾਮਲ ਹਨ। ਫਰਾਂਸਿਸ ਮੈਕਡੋਰਮੰਡ ਨੂੰ ਉਸ ਦੀ ਅਦਾਕਾਰੀ ਲਈ ਇਸ ਅਵਾਰਡ ਦਾ ਹੱਕਦਾਰ ਮੰਨਿਆ ਜਾ ਰਿਹਾ ਹੈ। ਕੈਰੀ ਮੁਲੀਗਨ ਨੇ ਵੀ ਫਿਲਮ "ਪ੍ਰੋਮਿਸਿੰਗ ਯੰਗ ਵੂਮਨ" ਵਿਚ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਇਸ ਦੌੜ ਵਿਚ 4 ਵਾਰ ਆਸਕਰ ਨਾਮਜ਼ਦਗੀਆਂ ਵਿਚ ਆਉਣ ਵਾਲੀ 'ਤੇ ਇਕ ਵਾਰ ਆਸਕਰ ਵਿਚ ਸਹਾਇਕ ਬਿਹਤਰੀਨ ਅਦਾਕਾਰਾ ਦਾ ਖਿਤਾਬ ਹਾਸਿਲ ਕਰ ਚੁਕੀ ਵਿਓਲਾ ਡੇਵਿਸ ਦੀ ਵੀ ਖੂਬ ਚਰਚਾ ਹੈ।

ਬਿਹਤਰੀਨ ਸਹਾਇਕ ਅਭਿਨੇਤਾ ਦੀ ਦੌੜ ਵਿਚ ਸਾਚਾ ਬੈਰਨ ਕੋਹੇਨ-ਫਿਲਮ "ਦੀ ਟਰਾਇਲ ਆਫ ਦੀ ਸ਼ਿਕਾਗੋ 7", ਡੈਨੀਅਲ ਕਾਲੂਆ-ਫਿਲਮ "ਜੂਡਾਸ ਐਂਡ ਬਲੈਕ ਮਸੀਹਾ", ਲੈਸਲੀ ਅਡੋਮ ਜੂਨੀਅਰ-ਫਿਲਮ "ਵਨ ਨਾਈਟ ਇਨ ਮਿਆਮੀ", ਪਾਲ ਰਾਸੀ-ਫਿਲਮ 'ਸਾਊਂਡ ਆਫ ਮੈਟਲ" ਅਤੇ ਲਾਕੀਥ ਸਟੈਨਫੀਲਡ ਫਿਲਮ "ਜੂਡਾਸ ਐਂਡ ਬਲੈਕ ਮਸੀਹਾ" ਸ਼ਾਮਲ ਹਨ। ਸਾਚਾ ਬੈਰਨ ਕੋਹੇਨ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾ ਰਹੀ ਹੈ, ਪਰ ਆਸਕਰ ਅਵਾਰਡ ਵਿਚ ਪਾਲ ਰਾਸੀ ਅਤੇ ਲੈਸਲੀ ਅਡੋਮ ਜੂਨੀਅਰ ਵੀ ਦੌੜ 'ਚ ਕਾਫੀ ਨਜ਼ਦੀਕ ਸਮਝੇ ਜਾ ਰਹੇ ਹਨ।

ਸਰਵੋਤਮ ਸਹਾਇਕ ਅਭਿਨੇਤਰੀ ਵਰਗ ਵਿਚ ਮਾਰੀਆ ਬਕਾਲੋਵਾ "ਬੋਰਾਟ ਸਬਸਿਕਵੈਂਟ ਮੂਵੀ ਫਿਲਮ", ਗਲੇਨ ਕਲੋਜ਼ "ਹਿੱਲਬਿਲੀ ਐਲਿਜੀ", ਉਲੀਵਾ-ਫਿਲਮ "ਦੀ ਫਾਦਰ", ਅਮਾਂਡਾ ਸੇਫਰੀਡ-ਫਿਲਮ "ਮਾਂਕ", ਯੂਨ ਯੂਹ ਜੰਗ-ਫਿਲਮ "ਮੀਨਾਰੀ" ਦੇ ਨਾਂ ਸ਼ਾਮਲ ਹਨ। ਯੂਨ ਯੂਹ ਜੰਗ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਗਲੇਨ ਕਲੋਜ਼ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ। ਅਮਾਂਡਾ ਸੇਫਰੀਡ ਦੇ ਨਾਂ ਦੀ ਵੀ ਚਰਚਾ ਹੈ।

ਬਿਹਤਰੀਨ ਮੌਲਿਕ ਪਟਕਥਾ ਵਰਗ ਵਿਚ ਫਿਲਮ "ਜੂਡਾਸ ਐਂਡ ਬਲੈਕ ਮਸੀਹਾ" ਦੇ ਲੇਖਕ ਵਿਲ ਤੇ ਸ਼ਾਕਾ ਕਿੰਗ, "ਮੀਨਾਰੀ" ਦੇ ਲੇਖਕ ਲੀ ਇਸਾਕ ਚੁੰਗ, "ਸਾਊਂਡ ਆਫ ਮੈਟਲ" ਦੇ ਲੇਖਕ ਇਬਰਾਮ ਤੇ ਡੀ ਮਾਰਡਰ, "ਟਰਾਇਲ ਆਫ ਦੀ ਸ਼ਿਕਾਗੋ 7" ਦੇ ਲੇਖਕ ਆਰੋਨ ਸੋਰਕਿਨ ਤੇ "ਪ੍ਰੋਮਿਸਿੰਗ ਯੰਗ ਵੂਮਨ" ਦੀ ਲੇਖਕ ਐਮਰਾਲਡ ਫਨੌਲ ਹਨ।

"ਜੂਡਾਸ ਐਂਡ ਬਲੈਕ ਮਸੀਹਾ" ਦੇ ਲੇਖਕ ਵਿਲ ਤੇ ਸ਼ਾਕਾ ਕਿੰਗ ਦੇ ਸਕਰੀਨ ਪਲੇਅ ਨੂੰ ਸਭ ਤੋਂ ਵੱਧ ਪਸੰਦ ਕੀਤਾ ਜਾ ਰਿਹਾ ਹੈ, ਫਿਲਮ




ਫਿਲਮ 'ਨੋਮੈਡਲੈਂਡ'

ਮੀਨਾਰੀ ਦੇ ਲੇਖਕ ਲੀ ਇਸਾਕ ਦਾ ਸਕਰੀਨ ਪਲੇਅ ਇਸ ਨੂੰ ਟੱਕਰ ਦੇ ਰਹੇ ਹਨ।

ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ ਵਰਗ ਵਿਚ "ਆਨਵਾਰਡ", "ਓਵਰ ਦ ਮੂਨ", "ਏ ਸ਼ੌਨ ਦ ਸ਼ੀਪ ਮੂਵੀ", "ਸੋਲ" ਤੇ "ਵੋਲਫਵਾਕਰਸ" ਸ਼ਾਮਲ ਹਨ, ਪਰ "ਓਵਰ ਦ ਮੂਨ" ਮੁਕਾਬਲੇ ਵਿਚ ਕਾਫੀ ਅੱਗੇ ਹੈ।

ਬੈਸਟ ਐਨੀਮੇਟਡ ਸ਼ਾਰਟ ਫਿਲਮਾਂ ਵਿਚ "ਬਰੋ", "ਜੀਨੀਅਸ ਲੋਕੀ", "ਇਫ ਐਨੀ ਥਿੰਗ ਹੈਪਨ ਆਈ ਲਵ ਯੂ", "ਓਪੇਰਾ", "ਯੇਸ ਪੀਪਲ" ਨਾਮਜ਼ਦ ਹਨ।

ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ "ਦ ਲੈਟਰ ਰੂਮ", "ਫੀਲਗ ਥਰੌ", "ਦੀ ਪ੍ਰੈਜ਼ੈਂਟ", "ਟੂ ਡਿਸਟੈਂਟ ਸਟਰੇਂਜਜ਼" ਅਤੇ "ਵ੍ਹਾਈਟ ਆਈ" ਨਾਮਜ਼ਦ ਹਨ।

"ਬੈਸਟ ਵਿਜ਼ੂਅਲ ਇਫੈਕਟਸ ਮੂਵੀ ਵਿਚ "ਦ ਮਿਡਨਾਈਟ ਸਕਾਈ", "ਲਵ ਐਂਡ ਮਾਨਸਟਰ", "ਮੂਲਾਨ", "ਦ ਵਨ ਐਂਡ ਓਨਲੀ ਇਵਾਨ" ਤੇ "ਟੈਨੇਟ" ਸ਼ਾਮਲ ਹਨ।

ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ ਵਰਗ ਵਿਚ "ਐਨਅਦਰ ਰਾਊਂਡ" ਡੈਨਮਾਰਕ, "ਬੈਟਰ ਡੇ" ਹਾਂਗਕਾਂਗ, "ਕੋਲੈਕਟਿਵ" ਰੋਮਾਨੀਆ, "ਦ ਮੈਨ ਹੂ ਸੋਲਡ ਹਿਜ਼ ਸਕਿਨ" ਟਿਊਨੀਸ਼ੀਆ, "ਕੁ ਵਾਦਿਸ ਏਡਾ?" ਬੋਸਨੀਆ ਅਤੇ ਹਰਜ਼ੇਗੋਵੀਨਾ ਫਿਲਮਾਂ ਦੌੜ ਵਿਚ ਹਨ, ਪਰ 'ਬੈਟਰ ਡੇ' ਹਾਂਗਕਾਂਗ ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ। "ਐਨਅਦਰ ਰਾਊਂਡ" ਡੈਨਮਾਰਕ ਫਿਲਮ ਦੀ ਕਹਾਣੀ ਕਾਫੀ ਪਸੰਦ ਕੀਤੀ ਜਾ ਰਹੀ ਹੈ।

ਬਿਹਤਰੀਨ ਸਿਨੇਮਾਟੋਗ੍ਰਾਫੀ ਵਿਚ "ਸੀਨ ਬੋਬਿਟ" ਫਿਲਮ "ਜੂਡਾਸ ਐਂਡ ਬਲੈਕ ਮਸੀਹਾ", ਐਰਿਕ ਮੈਸਰਸਲਮਿਟ-ਫਿਲਮ "ਮਾਂਕ", ਡੇਰੀਅਸ ਵੇਲਸਕੀ-ਫਿਲਮ "ਨਿਊਜ਼ ਆਫ ਵਰਲਡ", ਜੋਸੂਆ ਜੇਮਜ਼ ਰਿਚਰਡਜ਼-ਫਿਲਮ "ਨੋਮੈਡਲੈਂਡ" ਅਤੇ ਫੇਡਨ ਪਾਪਾਮਾਇਕਿਲ-ਫਿਲਮ "ਦੀ ਟਰਾਇਲ ਆਫ ਦੀ ਸ਼ਿਕਾਗੋ 7" ਨਾਮਜ਼ਦ ਹੋਈਆਂ ਹਨ। ਇਨ੍ਹਾਂ ਫਿਲਮਾਂ ਵਿਚੋਂ 'ਸੀਨ ਬੋਬਿਟ' ਫਿਲਮ "ਜੂਡਾਸ ਐਂਡ ਬਲੈਕ ਮਸੀਹਾ" ਦੇ ਮੋਰਚਾ ਮਾਰ ਲੈਣ ਦੀ ਸੰਭਾਵਨਾ ਵੱਧ ਹੈ। ਡੇਰੀਅਸ ਵੇਲਸਕੀ-ਫਿਲਮ "ਨਿਊਜ਼ ਆਫ ਵਰਲਡ" ਦੀ ਸਿਨੇਮਾਟੋਗ੍ਰਾਫੀ ਵੀ ਕਾਫੀ ਲਾਜਵਾਬ ਹੈ।

ਬਿਹਤਰੀਨ ਫਿਲਮ ਐਡਿਟਿੰਗ ਵਿਚ "ਦ ਫਾਦਰ", "ਪ੍ਰੋਮਿਸਿੰਗ ਯੰਗ ਵੂਮਨ", "ਨੋਮਾਡਲੈਂਡ", "ਸਾਊਂਡ ਆਫ ਮੈਟਲ", "ਟਰਾਇਲ ਆਫ ਦੀ ਸ਼ਿਕਾਗੋ 7" ਨਾਮਜ਼ਦ ਹੋਈਆਂ ਹਨ। ਇਸ ਵਰਗ ਵਿਚ ਹਰ ਮੂਵੀ ਇਕ-ਦੂਜੇ 'ਤੇ ਭਾਰੂ ਹੈ। ਕਈ ਐਡੀਟਰ ਬਹੁਤ ਹੀ ਤਜਰਬੇਕਾਰ ਤੇ ਹਾਲੀਵੁੱਡ ਦੀਆਂ ਕਈ ਹਿੱਟ ਫਿਲਮਾਂ ਵਿਚ ਆਪਣਾ ਯੋਗਦਾਨ ਪਾ ਚੁਕੇ ਹਨ। ਆਸਕਰ ਵਿਚ ਫਿਲਮ "ਸਾਊਂਡ ਆਫ ਮੈਟਲ" ਦੇ ਇਨਾਮ ਲੈਣ ਦੀ ਭਰਵੀਂ ਚਰਚਾ ਹੈ।


ਪ੍ਰੋਡਕਸ਼ਨ ਡਿਜ਼ਾਈਨ ਵਿਚ ਫਿਲਮ "ਦ ਫਾਦਰ", "ਮਾ ਰੇਨੀ ਦਾ ਬਲੈਕ ਬਾਟਮ", "ਮਾਂਕ", "ਟੈਨੇਟ", "ਨਿਊਜ਼ ਆਫ ਦੀ ਵਰਲਡ" ਨਾਮਜ਼ਦ ਹੋਈਆਂ ਹਨ। 'ਮਾਂਕ' ਲਈ ਬਹੁਤ ਆਲੀਸ਼ਾਨ ਸੈਟ ਲਾਏ ਗਏ ਸਨ ਅਤੇ 'ਟੈਨੇਟ' ਦੇ ਦ੍ਰਿਸ਼ਾਂ ਲਈ ਵੀ ਵਿਸ਼ੇਸ਼ ਸੈਟ ਤਿਆਰ ਕੀਤੇ ਗਏ ਸਨ। "ਨਿਊਜ਼ ਆਫ ਦੀ ਵਰਲਡ" ਦੇ ਦ੍ਰਿਸ਼ਾਂ ਲਈ ਟੈਕਨੀਕਲ ਟੀਮ ਨੇ ਵੱਖਰੀ ਕਿਸਮ ਦੀ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਹੈ।

ਕਾਸਟਿਊਮ ਡਿਜ਼ਾਈਨ ਵਿਚ "ਐਮਾ", "ਮਾ ਰੇਨੀ ਦਾ ਬਲੈਕ ਬਾਟਮ", "ਮਾਂਕ", "ਮੂਲਾਨ", "ਪਿਨੋਕਿਓ" ਹਨ। 'ਮਾਂਕ' ਵਿਚ ਵਿਸ਼ੇਸ਼ ਡਿਜ਼ਾਈਨਰ ਕੋਲੋਂ ਉਸੇ ਸਟਾਈਲ ਦੇ ਕੱਪੜਿਆਂ ਵਿਚ ਬੜੀ ਮਿਹਨਤ ਕੀਤੀ ਗਈ ਹੈ।

ਬੈਸਟ ਮੇਕਅਪ ਤੇ ਹੇਅਰ ਸਟਾਈਲ ਦੇ ਮੁਕਾਬਲੇ ਵਿਚ ਫਿਲਮ "ਐਮਾ", "ਹਿੱਲਬਿਲੀ ਐਲੀਜੀ", "ਮਾ ਰੇਨੀ ਦਾ ਬਲੈਕ ਬਾਟਮ", "ਮਾਂਕ", "ਪਿਨੋਕਿਓ" ਸ਼ਾਮਲ ਹਨ।

ਇਸ ਵਾਰ ਆਸਕਰ ਅਵਾਰਡ ਵਿਚ ਸਾਊਂਡ ਮਿਕਸਿੰਗ ਤੇ ਸਾਊਂਡ ਐਡਿਟਿੰਗ ਨੂੰ ਮਿਲਾ ਕੇ ਇਕ ਸ਼੍ਰੇਣੀ ਬੈਸਟ ਸਾਊਂਡ ਬਣਾ ਦਿਤੀ ਗਈ ਹੈ। ਬੈਸਟ ਸਾਊਂਡ ਵਿਚ ਫਿਲਮ "ਗ੍ਰੇਹਾਊਂਡ", "ਮਾਂਕ", "ਨਿਊਜ਼ ਆਫ ਦੀ ਵਰਲਡ", "ਸੋਲ", "ਸਾਊਂਡ ਆਫ ਮੈਟਲ" ਹਨ। "ਸਾਊਂਡ ਆਫ ਮੈਟਲ", "ਮਾਂਕ" ਅਤੇ "ਗ੍ਰੇਹਾਊਂਡ" ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਇਨਾਮ ਦੀਆਂ ਹੱਕਦਾਰ ਸਮਝੀਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਆਸਕਰ ਅਵਾਰਡ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਨ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ. ਵੀ. ਨਾਲ ਜੁੜੇ ਹੁੰਦੇ ਹਨ। ਦੁਨੀਆਂ ਦੇ ਨਾਮੀ ਫਿਲਮੀ ਕਲਾਕਾਰ ਤੇ ਸਟਾਰ, ਜਿਨ੍ਹਾਂ ਦੀ ਇਕ ਝਲਕ ਦੇਖਣ ਲਈ ਪ੍ਰਸ਼ੰਸਕ ਤਰਸਦੇ ਹਨ, ਉਹ ਵੀ ਇਹ ਅਵਾਰਡ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ। 93ਵੇਂ ਆਸਕਰ ਅਵਾਰਡ ਦਾ ਸਿੱਧਾ ਪ੍ਰਸਾਰਨ ਏ. ਬੀ. ਸੀ. ਚੈਨਲ 'ਤੇ ਐਤਵਾਰ, 25 ਅਪਰੈਲ ਨੂੰ ਸ਼ਾਮ 5 ਵਜੇ (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਦਿਖਾਇਆ ਜਾਵੇਗਾ।



ਫਿਲਮ "ਮਾਂਕ" ਦਾ ਪੋਸਟਰ

# ਸਮਾਜਿਕ ਸਰੋਕਾਰਾਂ ਦਾ ਲੇਖਕ ਨਿਰਦੇਸ਼ਕ ਸਾਗਰ ਸਰਹੱਦੀ


*ਸਾਗਰ ਸਰਹੱਦੀ ਦੀਆਂ ਰਚਨਾਵਾਂ ਵਿਚ ਵੰਡ ਦੇ ਦੁਖਾਂਤ ਅਤੇ ਇਨਸਾਨ ਦੀ ਟੁਕੜੇ ਹੋ ਚੁੱਕੀ ਹੋਂਦ ਦਾ ਗਮ, ਇਨਸਾਨ ਦੀ ਆਪਣੀ ਬੇਕਦਰੀ ਦਾ ਅਹਿਸਾਸ, ਆਪਣੇ ਅਹਿਮ ਤੇ ਆਪਣੀ ਹੋਂਦ ਨੂੰ ਆਜ਼ਾਦ ਸਵੀਕ੍ਰਿਤੀ ਨਾ ਮਿਲਣ ਦਾ ਅਹਿਸਾਸ ਤੇ ਰਫਿਊਜੀ ਕੈਂਪਾਂ ਵਿਚ ਦੇਖੀ ਗਰੀਬਾਂ ਦੀ ਦੁਰਦਸ਼ਾ ਵਿਚੋਂ ਨਿਕਲੀ ਜ਼ਿੰਦਗੀ ਦਾ ਜ਼ਿਕਰ ਸੀ। ਐਸੇ ਲੋਕਾਂ ਬਾਰੇ ਉਸ ਨੇ ਉਰਦੂ ਕਹਾਣੀ 'ਜੀਵ ਜਨਾਵਰ' ਲਿਖੀ। ਇਹ ਕਹਾਣੀ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ 'ਇਲਸਟ੍ਰੇਟਡ ਵੀਕਲੀ' ਵਿਚ ਛਪੀ।*

**ਅਮਰੀਕ ਗਿੱਲ**
ਫੋਨ: +91-98200-44119

ਮਿਤੀ: 27 ਮਾਰਚ, 2021; ਸਥਾਨ: ਮੁੰਬਈ, ਮਹਾਰਾਸ਼ਟਰ, ਸਾਗਰ ਸਰਹੱਦੀ ਦਾ ਘਰ; ਸਮਾਂ: ਤੜਕਸਾਰ, ਸਵੇਰ।

ਸਵੇਰ ਤੋਂ ਹੀ ਹਵਾ ਵਿਚ ਮਨਹੂਸੀਅਤ ਜਿਹੀ ਭਰੀ ਹੋਈ ਹੈ। ਸਭ ਦੇ ਮਨ ਉਦਾਸ। ਬੇਚੈਨੀ ਦਾ ਆਲਮ। ਇਹ ਸਭ ਕਿਉਂ ਹੈ? ਕਿਸੇ ਨੂੰ ਕੁਝ ਨਹੀਂ ਪਤਾ। ਚਾਰ ਮਹੀਨਿਆਂ ਤੋਂ ਕਿਸਾਨ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਹੋਏ ਨੇ। ਅਖਬਾਰ ਆਉਂਦੀ ਹੈ। ਸਾਹਮਣੇ ਖਬਰ ਹੈ: ਰੁਮਾਂਸ, ਦਰਦ ਤੇ ਸਮਾਜਿਕ ਸਰੋਕਾਰਾਂ ਦੇ ਵੱਡੇ ਲੇਖਕ ਤੇ ਨਿਰਦੇਸ਼ਕ ਸਾਗਰ ਸਰਹੱਦੀ ਦਾ ਦੇਹਾਂਤ।

ਸਾਗਰ ਸਰਹੱਦੀ ਉਮਰ ਦੇ 88 ਸਾਲ ਪੂਰੇ ਕਰ ਚੁੱਕੇ ਸਨ। ਉਨ੍ਹਾਂ ਦਾ ਜਨਮ ਸਥਾਨ ਅੱਜਕੱਲ੍ਹ ਦੇ ਪਾਕਿਸਤਾਨ ਦੇ ਉੱਤਰ ਪੱਛਮੀ ਸਰਹੱਦੀ ਸੂਬੇ, ਭਾਵ ਖੈਬਰ ਪਖਤੂਨਖਵਾ ਦੇ ਜ਼ਿਲ੍ਹਾ ਪਿਸ਼ਾਵਰ ਦਾ ਪਿੰਡ ਬਾਫਾ ਸੀ। ਸਾਗਰ ਸਰਹੱਦੀ ਦੇ ਪਿਤਾ ਥਾਨ ਸਿੰਘ ਤਲਵਾਰ ਅਤੇ ਮਾਂ ਪ੍ਰੇਮਾ ਦੇਈ ਸੀ। ਸਾਗਰ




ਸਰਹੱਦੀ ਦਾ ਵੱਡਾ ਭਰਾ ਅਤਰ ਚੰਦ ਤਲਵਾਰ ਵਿਆਹਿਆ ਹੋਇਆ ਸੀ। ਸਾਗਰ ਦਾ ਜਨਮ 11 ਮਈ 1933 ਨੂੰ ਬਾਫਾ ਪਿੰਡ ਹੀ ਹੋਇਆ। ਇਸ ਦਾ ਬਚਪਨ ਵਿਚ ਨਾਂ ਗੰਗਾ ਸਾਗਰ ਤਲਵਾਰ ਰੱਖਿਆ ਗਿਆ। ਸ਼ੁਰੂ ਦੀ ਪੜ੍ਹਾਈ ਪਿੰਡ ਦੇ ਸਕੂਲ ਵਿਚ ਹੀ ਕਰਵਾਈ ਗਈ। ਪਿੰਡ ਤੋਂ ਕੋਈ 11 ਕਿਲੋਮੀਟਰ ਦੂਰ ਐਬਟਾਬਾਦ ਨਾਂ ਦਾ ਵੱਡਾ ਸ਼ਹਿਰ ਸੀ। ਪਿੰਡ ਵਿਚ ਤਲਵਾਰ ਪਰਿਵਾਰ ਦੁਕਾਨਦਾਰੀ, ਸਰਕਾਰੀ ਕੰਮਾਂ ਦੇ ਠੇਕੇ ਲੈਣ ਤੇ ਸ਼ਹਿਰਦਾਰੀ ਦੇ ਛੋਟੇ-ਵੱਡੇ ਲੈਣ-ਦੇਣ ਦਾ ਕਾਰੋਬਾਰ ਕਰਦਾ ਸੀ। ਅਤਰ ਚੰਦ ਤਲਵਾਰ ਥੋੜ੍ਹਾ ਪੜ੍ਹ ਕੇ ਘਰ ਦੇ ਕਾਰੋਬਾਰ ਵਿਚ ਹੀ ਕੰਮ ਵਿਚ ਰੁਝ ਗਿਆ। ਪਿਤਾ ਥਾਨ ਸਿੰਘ ਤੇ ਦਾਦਾ ਜੀ ਵੀ ਕੰਮ-ਕਾਜ ਵਿਚ ਹੱਥ ਵਟਾਉਂਦੇ ਸਨ। ਪੂਰਾ ਪਿੰਡ ਆਪਸ ਵਿਚ ਭਾਈਚਾਰਕ ਸਾਂਝ ਵਿਚ ਬੰਨ੍ਹਿਆ ਹੋਇਆ ਸੀ। ਹਿੰਦੂ, ਸਿੱਖਾਂ, ਮੁਸਲਮਾਨਾਂ ਵਿਚ ਭਾਈਚਾਰਕ ਸਾਂਝ ਪੂਰੀ ਕਾਇਮ ਸੀ।

ਇਸ ਇਲਾਕੇ ਵਿਚ ਛੋਟੀਆਂ ਪਹਾੜੀਆਂ, ਚਾਰੇ ਪਾਸੇ ਹਰਿਆਵਲ, ਲਵੇਰੀਆਂ ਮੱਝਾਂ ਗਾਵਾਂ, ਖਾਣ ਪੀਣ ਲਈ ਫਲ, ਮੇਵੇ ਆਦਿ ਸੁਆਦਲੀਆਂ ਚੀਜ਼ਾਂ ਦੀ ਭਰਮਾਰ ਸੀ। ਬਾਫਾ ਦੇ ਨਾਲ ਹੀ ਸਿਰਾਨ ਨਦੀ ਵਹਿੰਦੀ ਸੀ। ਕਲ-ਕਲ ਕਰਦੇ ਵਹਿੰਦੇ ਪਾਣੀ ਵਿਚ ਬੱਚੇ ਹੱਸਦੇ, ਨੱਚਦੇ ਤੇ ਸਿਰਾਨ ਦੇ ਪੱਕੇ ਪੁਲਾਂ ਤੋਂ ਨਦੀ ਵਿਚ ਛਾਲਾਂ ਮਾਰਦੇ ਤੇ ਚੰਗਾੜਾਂ ਮਾਰਦੇ ਤਾਰੀਆਂ ਲਾਉਂਦੇ। ਗੰਗਾ ਸਾਗਰ ਸਕੂਲ ਵਿਚ ਚੰਗਾ ਤੇ ਜ਼ਿਹਨੀ ਵਿਦਿਆਰਥੀ ਸੀ। ਉਸ ਦਾ ਜ਼ਿਆਦਾ ਸਮਾਂ ਦਰਿਆ ਸਿਰਾਨ ਤੇ ਹਰੀਆਂ-ਭਰੀਆਂ ਪਹਾੜੀਆਂ ਵਿਚ ਹੀ ਬੀਤਦਾ। ਨਦੀ ਦੇ ਪੁਲ 'ਤੇ ਬੈਠਾ ਸਕੂਲ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ। ਇਧਰ ਅਤਰ ਚੰਦ ਦੇ ਘਰ ਇਕ ਧੀ ਨੇ ਜਨਮ ਲੈ ਲਿਆ ਤੇ ਅਗਲੇ ਸਾਲ ਇਕ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਰਮੇਸ਼ ਤਲਵਾਰ ਰੱਖਿਆ ਜੋ ਵੱਡਾ ਹੋ ਕੇ ਫਿਲਮ ਤੇ ਰੰਗਮੰਚ ਦਾ ਨਾਮੀ ਨਿਰਦੇਸ਼ਕ ਬਣਿਆ। ਗੰਗਾ ਸਾਗਰ 'ਤੇ ਦਸਵੀਂ ਦੀ ਪ੍ਰੀਖਿਆ ਦੀ ਪੜ੍ਹਾਈ ਦਾ ਜ਼ੋਰ ਪੈ ਗਿਆ। ਉਹ ਦਿਨ ਰਾਤ ਪੜ੍ਹਾਈ ਵਿਚ ਲੱਗਾ ਰਹਿੰਦਾ।

ਫਿਰ ਦੇਸ਼ ਵਿਚ ਅਜੀਬ ਜਿਹੀਆਂ ਕਨਸੋਆਂ ਫੈਲਣ ਲੱਗੀਆਂ ਕਿ ਆਜ਼ਾਦੀ ਮਿਲਣ ਵਾਲੀ ਹੈ। ਫਿਰ ਹੋਰ ਖਬਰਾਂ ਆਈਆਂ ਕਿ ਦੇਸ਼ ਦੇ ਦੋ ਟੁਕੜੇ ਹੋ ਜਾਣਗੇ, ਉਜਾੜਾ ਪੈ ਜਾਵੇਗਾ। ਆਪਣੇ ਪਿੰਡ ਤੇ ਆਪਣੇ ਦਰਿਆ ਸਿਰਾਨ ਨੂੰ ਛੱਡ ਕੇ ਜਾਣਾ ਗੰਗਾ ਸਾਗਰ ਨੂੰ ਮਨਜ਼ੂਰ ਨਹੀਂ ਸੀ। ਫਿਰ 15 ਅਗਸਤ 1947 ਦਾ ਦਿਨ ਆ ਗਿਆ। ਭਾਰਤ ਆਜ਼ਾਦ ਹੋ ਗਿਆ। ਸਾਰਾ ਦੇਸ਼ ਆਜ਼ਾਦੀ ਆਉਣ ਦੀ ਖੁਸ਼ੀ ਵਿਚ ਜਸ਼ਨ ਮਨਾਉਣ ਲੱਗਾ। ਨਾਲ ਹੀ ਖਬਰਾਂ ਆਈਆਂ ਕਿ ਇਨ੍ਹਾਂ ਸਭ ਨੂੰ ਇਹ ਇਲਾਕਾ ਛੱਡ ਕੇ ਆਜ਼ਾਦ ਹਿੰਦੋਸਤਾਨ ਜਾਣਾ ਪਵੇਗਾ। ਗੰਗਾ ਸਾਗਰ ਨੂੰ ਇਹ ਵਿਛੋੜਾ ਮਨਜ਼ੂਰ ਨਹੀਂ ਸੀ।

ਗੰਗਾ ਸਾਗਰ ਦਰਿਆ ਸਿਰਾਨ ਕੰਢੇ ਬੈਠਾ ਰੋਂਦਾ ਰਹਿੰਦਾ, ਉਸ ਦੇ ਪਾਣੀ ਨੂੰ ਚੁਲੀਆਂ ਵਿਚ ਭਰ-ਭਰ ਚੁੰਮਦਾ। ਇਕ ਦਿਨ ਉਸ ਨੂੰ ਲੱਭਦੀ ਪ੍ਰੇਮਾ ਦੇਈ ਉੱਥੇ ਆਈ ਤੇ ਆਪਣੇ ਗਲ ਨਾਲ ਲਾ ਕੇ ਸਮਝਾ ਕੇ ਬੋਲੀ, "ਗੰਗਾ ਪੁੱਤ, ਹੁਣ ਤਾਂ ਸਾਨੂੰ ਜਾਣਾ ਹੀ ਪਏਗਾ।" ਰੋਂਦੇ ਹੋਏ ਗੰਗਾ ਨੇ ਕਿਹਾ, "ਬੇਬੇ, ਮੈਂ ਨਹੀਂ ਜਾਣਾ, ਜੇ ਤੁਸੀਂ ਜਾਣਾ ਹੀ ਹੈ ਤਾਂ ਮੈਨੂੰ ਇੱਥੇ ਛੱਡ ਜਾਓ।" ਪ੍ਰੇਮਾ ਦੇਈ ਨੇ ਕਿਹਾ, "ਪੁੱਤ, ਤੈਨੂੰ ਕਿਵੇਂ ਛੱਡ ਸਕਦੇ ਹਾਂ, ਆਪਣੇ ਬਾਫਾ ਨਾਲੋਂ ਵੀ ਸੋਹਣੇ ਪਿੰਡ ਜਾਵਾਂਗੇ।" ਗੰਗਾ ਵਿਲਕ ਪਿਆ, "ਬੇਬੇ, ਉਸ ਪਿੰਡ ਵਿਚ ਆਪਣੀ ਸਿਰਾਨ ਨਦੀ ਕਿੱਥੋਂ ਲਿਆਵਾਂਗੇ? ਮੈਂ ਨਹੀਂ ਜਾਵਾਂਗਾ।" ਪਰ ਸਰਕਾਰ ਦੇ ਹੁਕਮਾਂ ਨੂੰ ਕੌਣ ਟਾਲ ਸਕਦਾ ਹੈ? ਸਭ ਨੂੰ ਬਾਫਾ ਛੱਡ ਕੇ ਉਥੋਂ ਹਿੰਦੋਸਤਾਨ ਆਉਣਾ ਪਿਆ। ਸਭ ਆਪਣੇ ਤਿੰਨਾਂ ਕੱਪੜਿਆਂ ਨਾਲ ਹੀ ਸ੍ਰੀਨਗਰ (ਕਸ਼ਮੀਰ) ਵੱਲ ਚੱਲ ਪਏ। ਥੋੜ੍ਹੇ ਬਹੁਤ ਪੈਸੇ, ਕੁਝ ਗਹਿਣੇ। ਨਾ ਜਾਇਦਾਦ ਵੇਚ ਸਕੇ, ਨਾ ਘਰ-ਬਾਰ ਤੇ ਨਾ ਹੀ ਜ਼ਮੀਨਾਂ। ਪਿੰਡ ਬਾਫਾ, ਐਬਟਾਬਾਦ, ਪਿਸ਼ਾਵਰ ਸਭ ਛੱਡ ਕੇ ਸ੍ਰੀਨਗਰ ਵੱਲ ਕਾਫਲੇ ਬਣਾ ਕੇ ਚੱਲ ਪਏ ਕਿਉਂਕਿ ਬਾਫਾ ਸ੍ਰੀਨਗਰ ਤੋਂ ਬਹੁਤ ਨੇੜੇ ਸੀ। ਸ੍ਰੀਨਗਰ ਪਹੁੰਚ ਗਏ। ਫਿਰ ਵੱਡਾ ਸੰਘਰਸ਼ ਸ਼ੁਰੂ ਹੋ ਗਿਆ। ਗੰਗਾ ਸਾਗਰ ਕੋਲ ਸਿਰਫ ਦਸਵੀਂ ਪਾਸ ਦਾ ਸਰਟੀਫਿਕੇਟ ਸੀ। ਪਿਤਾ ਥਾਨ ਸਿੰਘ ਤਲਵਾਰ ਕੋਲ 3-4 ਹਜ਼ਾਰ ਰੁਪਏ ਤੇ ਥੋੜ੍ਹੇ ਪਿੱਛੇ ਰਹਿ ਚੁੱਕੀ ਜਾਇਦਾਦ ਦੇ ਕਾਗਜ਼।



ਸ੍ਰੀਨਗਰ ਦੇ ਰਫਿਊਜੀ ਕੈਂਪਾਂ ਵਿਚ ਥਾਨ ਸਿੰਘ ਤਲਵਾਰ, ਅਤਰ ਚੰਦ ਤਲਵਾਰ, ਰਮੇਸ਼ ਤਲਵਾਰ ਅਤੇ ਗਰਭਵਤੀ ਮਾਂ ਪ੍ਰੇਮਾ ਦੇਈ ਸੀ। ਇੱਥੇ ਕੈਂਪ ਵਿਚ ਹੀ 27 ਸਤੰਬਰ 1947 ਨੂੰ ਵਿਜੈ ਤਲਵਾਰ ਪੈਦਾ ਹੋਇਆ। ਥਾਨ ਸਿੰਘ ਤਲਵਾਰ ਦੇ ਚਾਰ ਬੱਚੇ ਸਨ। ਅਤਰ ਚੰਦ, ਗੰਗਾ ਸਾਗਰ, ਵਿਜੈ ਤੇ ਇੱਕ ਵੱਡੀ ਭੈਣ। ਗੰਗਾ ਸਾਗਰ ਤੇ ਅਤਰ ਚੰਦ ਤਾਂ ਕੈਂਪ ਵਿਚ ਦਿਨ ਰਾਤ ਕੰਮ ਵਿਚ ਖੁੱਭ ਗਏ, ਟੱਬਰ ਨੂੰ ਜਿਊਂਦਾ ਰੱਖਣ ਲਈ ਹਰ ਤਰ੍ਹਾਂ ਦੀ ਮਜ਼ਦੂਰੀ ਕੀਤੀ। ਗੰਗਾ ਸਾਗਰ ਦੌੜ-ਭੱਜ ਕਰ ਕੇ ਰੋਜ਼ ਦੇ 8-10 ਰੁਪਏ ਕਮਾ ਲੈਂਦਾ ਸੀ। ਇੱਥੇ ਤਕਰੀਬਨ ਡੇਢ ਸਾਲ ਰਹੇ। ਇੱਥੇ ਖਬਰ ਮਿਲੀ ਕਿ ਭਾਰਤ ਸਰਕਾਰ ਸ਼ਰਨਾਰਥੀਆਂ ਨੂੰ ਸਰਕਾਰੀ ਖਰਚੇ 'ਤੇ ਹਵਾਈ ਜਹਾਜ਼ ਰਾਹੀਂ ਦਿੱਲੀ ਲੈ ਜਾਏਗੀ। ਇਕ ਚੰਗਾ ਕੰਮ ਸ੍ਰੀਨਗਰ ਵਿਚ ਇਹ ਹੋ ਗਿਆ ਕਿ ਇਨ੍ਹਾਂ ਦੀ ਬਾਫਾ ਵਿਚ ਰਹਿ ਚੁੱਕੀ ਜਾਇਦਾਦ ਅਤੇ ਦੁਕਾਨਾਂ ਬਦਲੇ ਸਰਕਾਰ ਵੱਲੋਂ 10-12 ਹਜ਼ਾਰ ਰੁਪਏ ਇਵਜ਼ਾਨਾ ਮਿਲ ਗਿਆ। ਕੁਝ ਪੈਸੇ ਸਾਰਿਆਂ ਨੇ ਸ੍ਰੀਨਗਰ ਰਫਿਊਜੀ ਕੈਂਪ ਵਿਚ ਕੰਮ ਕਰ ਕੇ ਜਮ੍ਹਾਂ ਕਰ ਲਏ ਸਨ। ਸ੍ਰੀਨਗਰ ਕੈਂਪ ਵਿਚ ਰਹਿੰਦਿਆਂ ਗੰਗਾ ਸਾਗਰ ਨੇ ਉਜਾੜੇ ਦਾ ਸੰਤਾਪ ਹੰਢਾਉਂਦੇ ਸ਼ਰਨਾਰਥੀਆਂ ਦੀਆਂ ਹਜ਼ਾਰਾਂ ਦੁੱਖਾਂ ਭਰੀਆਂ ਕਹਾਣੀਆਂ ਸੁਣੀਆਂ, ਉਨ੍ਹਾਂ ਦੀਆਂ ਬਿਮਾਰੀਆਂ ਤੇ ਮਹਾਂ-ਗਰੀਬੀ ਵਿਚ ਉਨ੍ਹਾਂ ਦਾ ਸਾਥ ਨਿਭਾਇਆ। ਕੈਂਪ 'ਚ ਵੀ ਕਈ ਲੋਕਾਂ ਦੀਆਂ ਮੌਤਾਂ ਹੋ ਗਈਆਂ। ਗੰਗਾ ਸਾਗਰ ਉਨ੍ਹਾਂ ਦੀਆਂ ਲਾਸ਼ਾਂ ਦੇ ਦਾਹ ਸੰਸਕਾਰ ਕਰਦਾ। ਉਸ ਦਾ ਮਨ ਹਮੇਸ਼ਾ ਉਦਾਸੀ ਵਿਚ ਗਲਤਾਨ ਰਹਿੰਦਾ ਸੀ ਤਾਂ ਉਸ ਨੂੰ ਦੂਸਰਿਆਂ ਦੇ ਵੱਡੇ-ਵੱਡੇ ਦੁੱਖ ਦੇਖ ਕੇ ਆਪਣਾ ਦੁੱਖ ਛੋਟਾ ਲੱਗਣ ਲੱਗਿਆ ਜਿਸ ਕਾਰਨ ਉਸ ਦੀ ਅੱਲੜ੍ਹਪੁਣੇ ਵਿਚ ਹੀ ਸਿਆਣਪ ਦੀ ਸੂਝ ਪੁੰਗਰਨ ਲੱਗ ਪਈ।

ਦਿੱਲੀ ਵਿਚ ਤਲਵਾਰ ਪਰਿਵਾਰ ਵਿਚ ਅਤਰ ਚੰਦ ਤਲਵਾਰ, ਪਿਤਾ ਥਾਨ ਸਿੰਘ ਤਲਵਾਰ ਤਾਂ ਕੰਮ ਵਿਚ ਸਵੇਰ ਤੋਂ ਸ਼ਾਮ ਤੱਕ ਜੁਟੇ ਰਹਿੰਦੇ। ਸਬਜ਼ੀਆਂ ਵੇਚਦੇ। ਗੰਗਾ ਸਾਗਰ ਕੁਲੀ ਦੇ ਤੌਰ 'ਤੇ ਭਾਰੀ-ਭਰਕਮ ਸਾਮਾਨ ਸਿਰ 'ਤੇ ਚੁੱਕ ਕੇ ਦੂਜੇ ਥਾਵਾਂ 'ਤੇ ਪਹੁੰਚਾਉਂਦਾ। ਪੰਜਾਬੀਆਂ ਨੇ ਮਜ਼ਦੂਰੀ, ਗਰੀਬੀ, ਉਜਾੜੇ ਦਾ ਹਰ ਨੁਕਸਾਨ ਬਰਦਾਸ਼ਤ ਕਰ ਲਿਆ ਪਰ ਇਕ ਵੀ ਪੰਜਾਬੀ ਮਰਦ ਜਾਂ ਬੱਚਾ ਭਿਖਾਰੀ ਨਹੀਂ ਬਣਿਆ ਤੇ ਨਾ ਹੀ ਕਿਸੇ ਪੰਜਾਬੀ ਔਰਤ ਜਾਂ ਕਿਸੇ ਜਵਾਨ ਕੁੜੀ ਨੇ ਵੇਸਵਾਗਿਰੀ ਨੂੰ ਅਪਣਾਇਆ।

ਤਲਵਾਰ ਪਰਿਵਾਰ ਨੂੰ ਖਬਰ ਮਿਲੀ ਕਿ ਉਨ੍ਹਾਂ ਦੀ ਬਿਰਾਦਰੀ ਦੇ ਬਾਫਾ ਦੇ ਬਹੁਤ ਸਾਰੇ ਸ਼ਰਨਾਰਥੀ ਮੁੰਬਈ ਵਿਚ ਜਾ ਵਸੇ ਨੇ। ਬਾਫਾ ਬਿਰਾਦਰੀ ਦੇ ਨਾਲ-ਨਾਲ ਐਬਟਾਬਾਦ ਬਿਰਾਦਰੀ ਵਾਲੇ ਤਾਂ ਜ਼ਿਆਦਾ ਗਿਣਤੀ ਵਿਚ ਮੁੰਬਈ ਪਹੁੰਚੇ ਹੋਏ ਸਨ। ਆਪਣੀਆਂ ਵਿਛੜੀਆਂ ਜੜ੍ਹਾਂ ਨੂੰ ਲੱਭਣ ਲਈ ਥਾਨ ਸਿੰਘ ਤਲਵਾਰ ਪਰਿਵਾਰ ਸਮੇਤ ਮੁੰਬਈ ਨੂੰ ਚੱਲ ਲਿਆ। ਤਲਵਾਰ ਪਰਿਵਾਰ ਮੁੰਬਈ ਆ ਕੇ ਕੋਹਲੀਵਾੜਾ, ਸਰਦਾਰ ਨਗਰ ਵਿਚ ਵੱਡੇ ਸ਼ਰਨਾਰਥੀ ਕੈਂਪ ਵਿਚ ਟਿਕ ਗਿਆ। ਇੱਥੇ ਸਰਦਾਰ ਨਗਰ, ਕੋਹਲੀਵਾੜੇ ਵਿਚ ਬਾਫਾ ਵਾਲੇ, ਹਜ਼ਾਰੇ ਵਾਲੇ ਤੇ ਐਬਟਾਬਾਦ ਵਾਲਿਆਂ ਦਾ ਬੋਲਬਾਲਾ ਸੀ। ਨੌਜਵਾਨ ਮੁੰਡਿਆਂ ਨੇ ਕਾਰਾਂ ਠੀਕ ਕਰਨ ਦੇ ਕੰਮ ਸਿੱਖ ਲਏ। ਦਾਦਰ, ਮੁੰਬਈ ਦੇ ਐਨ ਵਿਚਕਾਰ ਦਾ ਇਲਾਕਾ। ਸਭ ਤੋਂ ਵੱਡਾ ਗੁਰਦੁਆਰਾ ਵੀ ਦਾਦਰ ਵਿਚ ਸੀ। ਦਾਦਰ ਸਟੇਸ਼ਨ 'ਤੇ ਸਾਰੇ ਦੇਸ਼ ਵਿਚੋਂ ਗੱਡੀਆਂ ਆਉਂਦੀਆਂ। ਟੈਕਸੀ ਬਿਜ਼ਨਸ ਪੂਰੇ ਜੋਬਨ 'ਤੇ ਸੀ। ਪੁਰਾਣੀਆਂ ਕਾਰਾਂ ਨੂੰ ਠੀਕ ਕਰਨ ਦੀਆਂ ਦੁਕਾਨਾਂ ਖੁੱਲ੍ਹਣ ਲੱਗੀਆਂ। ਕੋਹਲੀਵਾੜਾ ਵਿਚ ਪੰਜਾਬੀ ਖਾਣਿਆਂ, ਛੋਲੇ-ਭਟੂਰੇ, ਮੱਕੀ ਦਾ ਆਟਾ, ਗੰਦਲਾਂ ਵਾਲਾ ਸਾਗ, ਮੀਟ, ਚਿਕਨ ਤੇ ਪੰਜਾਬੀ ਮੱਛੀ ਵਿਕਣ ਲੱਗੀ। ਹਜ਼ਾਰੇ ਵਾਲਿਆਂ ਕੋਹਲੀਵਾੜੇ ਵਿਚ ਹੀ ਹਜ਼ਾਰਾ ਹੋਟਲ ਖੋਲ੍ਹ ਦਿੱਤਾ।

ਗੰਗਾ ਸਾਗਰ ਤਲਵਾਰ ਪਾਕਿਸਤਾਨ ਤੋਂ ਦਸਵੀਂ ਪਾਸ ਕਰ ਕੇ ਆਇਆ ਸੀ। ਉਸ ਦੇ ਵੱਡੇ ਭਰਾ ਅਤਰ ਚੰਦ ਤਲਵਾਰ ਨੇ ਉਸ ਨੂੰ ਖਾਲਸਾ ਕਾਲਜ ਵਿਚ ਅਤੇ ਆਪਣੇ ਵੱਡੇ ਪੁੱਤਰ ਰਮੇਸ਼ ਤਲਵਾਰ ਤੇ ਉਸ ਦੀ ਭੈਣ ਨੂੰ ਕੋਹਲੀਵਾੜੇ ਦੇ ਗੁਰੂ ਨਾਨਕ ਸਕੂਲ ਵਿਚ ਦਾਖਲ ਕਰਵਾ ਦਿੱਤਾ।

ਗੰਗਾ ਸਾਗਰ ਖਾਲਸਾ ਕਾਲਜ ਵਿਚ ਜਾਂਦਿਆਂ ਹੀ ਕਹਾਣੀਆਂ ਅਤੇ ਨਾਟਕ ਲਿਖਣ ਲੱਗ ਪਿਆ। ਖਾਲਸਾ ਕਾਲਜ ਦੇ ਡਰਾਮਾ ਕਲੱਬ ਦਾ ਮੈਂਬਰ ਸੀ। ਇਸ ਦੇ ਲਿਖੇ ਨਾਟਕ ਖਾਲਸਾ ਕਾਲਜ ਤੇ ਸ਼ਹਿਰ ਦੇ ਹੋਰ ਕਾਲਜਾਂ ਵਿਚ ਖੇਡੇ ਜਾਣ ਲੱਗੇ। ਉਰਦੂ ਕਹਾਣੀਆਂ ਬੰਬਈ ਦੇ ਰਸਾਲਿਆਂ ਵਿਚ ਛਪਣ ਲੱਗੀਆਂ। ਸਾਗਰ ਫਿਲਮਕਾਰ ਜਿਆ ਸਰਹੱਦੀ ਤੋਂ ਕਾਫੀ ਪ੍ਰਭਾਵਿਤ ਸੀ। ਉਸ ਨੇ ਆਪਣੇ ਨਾਮ ਵਿਚੋਂ ਸਾਗਰ ਸ਼ਬਦ ਚੁਣਿਆ ਤੇ ਜਿਆ ਸਰਹੱਦੀ ਤੋਂ ਸਰਹੱਦੀ ਉਧਾਰਾ ਲਿਆ। ਇਉਂ ਬਾਫਾ ਦਾ ਗੰਗਾ ਸਾਗਰ ਤਲਵਾਰ, ਸਾਗਰ ਸਰਹੱਦੀ ਬਣ ਗਿਆ ਜੋ ਭਾਰਤੀ ਕਮਿਊਨਿਸਟ ਪਾਰਟੀ ਅਤੇ 'ਇਪਟਾ' ਬੰਬਈ ਦਾ ਵੀ ਮੈਂਬਰ ਸੀ। ਕੈਫੀ ਆਜ਼ਮੀ, ਅਲੀ ਸਰਦਾਰ ਜਾਫਰੀ, ਸਾਹਿਰ ਲੁਧਿਆਣਵੀ, ਬਲਰਾਜ ਸਾਹਨੀ ਨਾਲ ਉੱਠਦਾ-ਬੈਠਦਾ ਸੀ। ਨਾਟਕ ਲਿਖਦਾ, ਪ੍ਰੋਡਿਊਸ ਕਰਦਾ, ਉਹ ਉਰਦੂ ਸਾਹਿਤ ਦਾ ਵੱਡਾ ਲੇਖਕ ਬਣ ਰਿਹਾ ਸੀ।

ਸਾਗਰ ਸਰਹੱਦੀ ਦੀਆਂ ਰਚਨਾਵਾਂ ਵਿਚ ਵੰਡ ਦੇ ਦੁਖਾਂਤ ਅਤੇ ਇਨਸਾਨ ਦੀ ਟੁਕੜੇ ਹੋ ਚੁੱਕੀ ਹੋਂਦ ਦਾ ਗਮ, ਇਨਸਾਨ ਦੀ ਆਪਣੀ ਬੇਕਦਰੀ ਦਾ ਅਹਿਸਾਸ, ਆਪਣੇ ਅਹਿਮ ਤੇ ਆਪਣੀ ਹੋਂਦ ਨੂੰ ਆਜ਼ਾਦ ਸਵੀਕ੍ਰਿਤੀ ਨਾ ਮਿਲਣ ਦਾ ਅਹਿਸਾਸ ਤੇ ਰਫਿਊਜੀ ਕੈਂਪਾਂ ਵਿਚ ਦੇਖੀ ਗਰੀਬਾਂ ਦੀ ਦੁਰਦਸ਼ਾ ਵਿਚੋਂ ਨਿਕਲੀ ਜ਼ਿੰਦਗੀ ਦਾ ਜ਼ਿਕਰ ਸੀ। ਐਸੇ ਲੋਕਾਂ ਬਾਰੇ ਉਸ ਨੇ ਉਰਦੂ ਕਹਾਣੀ 'ਜੀਵ ਜਨਾਵਰ' ਲਿਖੀ। ਇਹ ਕਹਾਣੀ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ 'ਇਲਸਟ੍ਰੇਟਡ ਵੀਕਲੀ' ਵਿਚ ਛਪੀ।

ਸਾਗਰ ਸਰਹੱਦੀ ਦੇ ਨਾਟਕ ਖਾਲਸਾ ਕਾਲਜ ਬੰਬਈ ਵਿਚ ਹੀ ਪਹਿਲੋਂ ਖੇਡੇ ਗਏ। ਜਿਵੇਂ 'ਮੇਰੇ ਦੇਸ਼ ਕੇ ਗਾਓਂ', 'ਖਿਆਲ ਕੀ ਦਸਤਕ', 'ਮਸੀਹਾ', 'ਮੈਂ ਆਸ਼ਾ ਹੋਤਾ ਹੂੰ', 'ਮਿਰਜ਼ਾ ਸਾਹਿਬਾਂ' ਆਦਿ। ਨਾਟਕ 'ਮਿਰਜ਼ਾ-ਸਾਹਿਬਾਂ' ਸਿਰਫ ਮਿਰਜ਼ਾ-ਸਾਹਿਬਾ ਦੀ ਪ੍ਰੇਮ-ਕਥਾ ਨਹੀਂ ਸਗੋਂ ਵੰਡ ਵੇਲੇ ਦੇ ਦੁਖਾਂਤ ਉਪਰ ਸੀ ਜਿਸ ਦਾ ਮੁੱਖ ਨਾਇਕ ਬੱਚਾ ਸੀ। ਉਸ ਨੇ 'ਭਗਤ ਸਿੰਘ ਕੀ ਵਾਪਸੀ' ਤੇ 'ਭੂਖੇ ਭਜਨ ਨਾ ਹੋਏ ਗੋਪਾਲਾ' ਨਾਟਕ ਵੀ ਲਿਖੇ।

ਸਾਗਰ ਸਰਹੱਦੀ ਨੇ ਅਗਲੀ ਪੜ੍ਹਾਈ ਲਈ ਸੇਂਟ ਜ਼ੇਵੀਅਰ ਕਾਲਜ ਬੰਬਈ ਵਿਚ ਐਮ.ਏ. ਅੰਗਰੇਜ਼ੀ ਵਿਚ ਦਾਖਲਾ ਤਾਂ ਲੈ ਲਿਆ ਪਰ ਦੋ ਸਾਲ ਪੜ੍ਹਨ ਤੋਂ ਬਾਅਦ ਵੀ ਸਾਲਾਨਾ ਇਮਤਿਹਾਨ ਨਾ ਦਿੱਤਾ। ਥੀਏਟਰ ਤੇ ਉਰਦੂ ਕਹਾਣੀ ਵਿਚ ਨਾਂ ਥਾਂ ਬਣ ਗਿਆ ਸੀ। ਉਸ ਨੇ ਕੁਝ ਇਸ਼ਤਿਹਾਰ ਏਜੰਸੀਆਂ ਵਿਚ ਕਾਪੀ ਰਾਈਟਰ ਦੀਆਂ ਨੌਕਰੀਆਂ ਲੱਭੀਆਂ। ਸ਼ੁਰੂ-ਸ਼ੁਰੂ 'ਚ ਬਾਸੂ ਭੱਟਾਚਾਰੀਆ ਦੀ ਫਿਲਮ 'ਅਨੁਭਵ' ਦੇ ਸੰਵਾਦ ਲਿਖੇ।

ਮਸ਼ਹੂਰ ਨਿਰਦੇਸ਼ਕ ਯਸ਼ ਚੋਪੜਾ ਨੇ 'ਇਪਟਾ' ਵਿਚ ਸਰਹੱਦੀ ਦਾ ਨਾਟਕ 'ਮਸੀਹਾ' ਵੇਖਿਆ। ਉਸ ਨੂੰ ਆਪਣੇ ਦਫਤਰ ਬੁਲਾਇਆ। ਉਸ ਨੂੰ ਆਪਣੀ 'ਫਿਲਮ 'ਕਭੀ-ਕਭੀ' ਜਿਸ ਵਿਚ ਅਮਿਤਾਭ ਬੱਚਨ ਤੇ ਰਾਖੀ ਸਨ, ਲਈ ਲਿਖਣ ਦਾ ਕੰਮ ਦਿੱਤਾ। ਤਦ ਤੱਕ ਸਾਗਰ ਸਰਹੱਦੀ ਦਾ ਭਤੀਜਾ ਰਮੇਸ਼ ਤਲਵਾਰ ਯਸ਼ ਚੋਪੜਾ ਦਾ ਚੀਫ ਅਸਿਸਟੈਂਟ ਵੀ ਬਣ ਚੁੱਕਾ ਸੀ। ਰਮੇਸ਼ ਵੀ ਖਾਲਸਾ ਕਾਲਜ ਤੋਂ ਥੀਏਟਰ ਤੇ ਇਪਟਾ ਬੰਬਈ ਨਾਲ ਜੁੜਿਆ ਹੋਇਆ ਸੀ। ਉਸ ਦੇ ਕਾਮਯਾਬ ਡਰਾਮਿਆਂ ਦਾ ਨਾਮੀ ਨਿਰਦੇਸ਼ਕ ਬਣ ਚੁੱਕਾ ਸੀ। ਇੱਧਰ ਸਾਗਰ ਸਰਹੱਦੀ ਦੀ ਫਿਲਮ 'ਕਭੀ-ਕਭੀ' ਰਿਲੀਜ਼ ਹੋ ਗਈ। ਸਾਗਰ ਸਰਹੱਦੀ ਦੀ ਫਿਲਮ ਲਿਖਣ ਵਿਚ ਝੰਡੀ ਝੁੱਲਣ ਲੱਗੀ। ਯਸ਼ ਚੋਪੜਾ ਦੀ ਅਗਲੀ ਫਿਲਮ 'ਸਿਲਸਿਲਾ', 'ਫਾਸਲੇ', 'ਦੂਸਰਾ ਆਦਮੀ', 'ਬਸੇਰਾ', 'ਚਾਂਦਨੀ'; ਰਾਕੇਸ਼ ਰੌਸ਼ਨ ਦੀ 'ਕਹੋ ਨਾ ਪਿਆਰ ਹੈ', ਹੋਰ ਪ੍ਰੋਡਿਊਸਰਾਂ ਦੀਆਂ ਫਿਲਮਾਂ 'ਦੀਵਾਨਾ', 'ਇਨਕਾਰ', 'ਰੰਗ', 'ਕਰਮਯੋਗੀ', 'ਜ਼ਿੰਦਗੀ' ਬਹੁਤ ਚਰਚਿਤ ਫਿਲਮਾਂ ਸਨ।

ਸਾਗਰ ਸਰਹੱਦੀ ਨੇ ਆਪਣੀ ਪ੍ਰੋਡਕਸ਼ਨ ਕੰਪਨੀ 'ਨਿਊ ਵੇਵ ਫਿਲਮਜ਼' ਬਣਾਈ। ਉਸ ਨੇ ਫਿਲਮ ਸ਼ੁਰੂ ਕੀਤੀ 'ਬਾਜ਼ਾਰ'। ਇਸ ਵਿਚ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਫਾਰੂਖ ਸ਼ੇਖ ਤੇ ਸੁਪ੍ਰਿਆ ਪਾਠਕ ਕਲਾਕਾਰ ਸਨ। ਇਹ ਫਿਲਮ ਹੈਦਰਾਬਾਦ ਦੇ ਸਾਧਾਰਨ ਮੁਸਲਿਮ ਪਰਿਵਾਰਾਂ ਦੀਆਂ ਕੁੜੀਆਂ ਦੇ ਦੁੱਖਾਂ ਭਰੇ ਜੀਵਨ ਨੂੰ ਦਰਸਾਉਂਦੀ ਸੀ ਕਿ ਦੁਬਈ ਤੋਂ ਆਏ ਹੋਏ ਬੁੱਢੇ ਜਾਂ ਵੱਡੀ ਉਮਰ ਦੇ ਅਮੀਰ ਸ਼ੇਖ ਦੁਬਈ ਵਿਚ ਆਪਣੇ ਬੱਚੇ ਤੇ ਪਤਨੀਆਂ ਹੋਣ ਦੇ ਬਾਵਜੂਦ ਹਿੰਦੋਸਤਾਨ ਦੀਆਂ ਗਰੀਬ ਘਰਾਂ ਦੀਆਂ ਮਾਸੂਮ ਲੜਕੀਆਂ ਨੂੰ ਖਰੀਦ ਕੇ ਨਾਲ ਲੈ ਜਾਂਦੇ ਹਨ। 'ਬਾਜ਼ਾਰ' ਵਿਚ ਸੰਗੀਤ ਖੱਯਾਮ ਦਾ ਸੀ। ਫਿਲਮ ਬਹੁਤ ਕਾਮਯਾਬ ਹੋਈ ਤੇ ਹਰ ਵਰਗ ਵੱਲੋਂ ਪ੍ਰਸ਼ੰਸਾ ਦੀ ਪਾਤਰ ਬਣੀ। ਸਾਗਰ ਸਰਹੱਦੀ ਨੇ ਯਸ਼ ਚੋਪੜਾ ਨਾਲ ਮਿਲ ਕੇ ਫਿਲਮ 'ਨੂਰੀ' ਵੀ ਬਣਾਈ। ਇਹ ਸਾਗਰ ਸਰਹੱਦੀ ਦੇ ਪੁਰਾਣੇ ਨਾਟਕ 'ਰਖਵਾਲਾ' ਉਪਰ ਆਧਾਰਿਤ ਸੀ। ਇਸ ਨੂੰ ਬਣਾਉਣ ਵਿਚ ਰਮੇਸ਼ ਤਲਵਾਰ ਦਾ ਬਹੁਤ ਹੱਥ ਸੀ। 'ਨੂਰੀ' ਫਿਲਮ ਵਿਚ ਫਾਰੂਖ ਸ਼ੇਖ, ਪੂਨਮ ਢਿੱਲੋਂ, ਭਰਤ ਕਪੂਰ ਮੁੱਖ ਅਦਾਕਾਰ ਸਨ। ਸੰਗੀਤ ਖੱਯਾਮ ਦਾ ਸੀ। ਸਾਗਰ ਨੇ 'ਨੂਰੀ' ਦੇ ਫਿਲਮਾਂਕਣ ਲਈ ਪਾਕਿਸਤਾਨ ਵਿਚ ਰਹਿ ਗਏ ਆਪਣੇ ਪਿੰਡ ਬਾਫਾ ਵਰਗਾ ਇਲਾਕਾ ਲੱਭਣਾ ਸ਼ੁਰੂ ਕੀਤਾ। ਜਿੱਥੇ ਹਰਿਆਵਲ ਵੀ ਹੋਵੇ, ਫੁੱਲ ਹੋਣ, ਛੋਟੀਆਂ ਪਹਾੜੀਆਂ ਤੇ ਛੋਟੀ ਜਿਹੀ 'ਸਿਰਾਨਾ' ਵਰਗੀ ਨਦੀ ਵੀ ਹੋਵੇ। ਬਹੁਤ ਟੱਕਰਾਂ ਮਾਰਨ ਤੋਂ ਬਾਅਦ ਆਖਰ ਜੰਮੂ ਇਲਾਕੇ ਵਿਚ ਇਕ ਪਿੰਡ ਮਿਲ ਗਿਆ। ਉੱਥੇ ਇਕ ਹੀ ਸ਼ਡਿਊਲ ਵਿਚ ਫਿਲਮ ਸ਼ੂਟ ਕੀਤੀ ਗਈ। ਫਿਲਮ ਬਹੁਤ ਕਾਮਯਾਮ ਰਹੀ। ਪੂਨਮ ਢਿੱਲੋਂ ਇਕਦਮ ਵੱਡੀ ਫਿਲਮ ਅਦਾਕਾਰਾ ਬਣ ਗਈ।

ਸਾਗਰ ਸਰਹੱਦੀ ਨੇ ਪ੍ਰੋਡਿਊਸਰ ਐਸ.ਐਸ. ਬਰੋਕਾ ਦੀ ਫਿਲਮ 'ਤੇਰੇ ਸ਼ਹਿਰ ਮੇਂ' ਲਿਖੀ ਤੇ ਨਿਰਦੇਸ਼ਤ ਕੀਤੀ। ਕਲਾਕਾਰ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਦੀਪਤੀ ਨਵਲ, ਕੁਲਭੂਸ਼ਨ ਖਰਬੰਦਾ ਤੇ ਮਾਰਕ ਜ਼ੁਬੇਰ ਸਨ। ਸੰਗੀਤ ਖੱਯਾਮ ਦਾ ਸੀ। ਸਾਗਰ ਨੇ ਪੰਜਾਬੀ ਭਾਸ਼ਾ ਦੀ ਫਿਲਮ 'ਵਗਦੇ ਪਾਣੀ' ਲਿਖੀ ਤੇ ਡਾਇਰੈਕਟ ਕੀਤੀ ਜਿਸ ਵਿਚ ਮੁੱਖ ਅਦਾਕਾਰ ਲਖਵਿੰਦਰ, ਸੁਪ੍ਰਿਆ ਪਾਠਕ, ਅਮਰ ਨੂਰੀ ਸਨ। ਇਸ ਤੋਂ ਬਾਅਦ ਨਿਵਾਜ਼ੂਦੀਨ ਸਿੱਦੀਕੀ ਨਾਲ ਫਿਲਮ 'ਚੌਸਰ' ਵੀ ਬਣਾਈ। ਵਧਦੀ ਉਮਰ ਕਰ ਕੇ ਸਾਗਰ ਸਾਹਿਬ ਢਿੱਲੇ-ਮੱਠੇ ਰਹਿਣ ਲੱਗ ਪਏ ਸਨ। ਉਨ੍ਹਾਂ ਜਿੰਨੇ ਸਾਲ ਕੰਮ ਕੀਤਾ, ਮਿਹਨਤ ਵਾਲਾ ਜੀਵਨ ਜੀਵਿਆ। ਇਕ ਸੰਘਰਸ਼ਸ਼ੀਲ ਯੋਧੇ ਵਾਲਾ ਜੀਵਨ। 'ਇਪਟਾ' ਵਰਗੀ ਸੰਸਥਾ ਵਿਚ ਜੁੜਣ ਕਾਰਨ ਉਹ ਸਮਾਜਕ ਤੇ ਸਿਆਸੀ ਚੇਤਨਾ ਦੀ ਵਿਚਾਰਧਾਰਾ ਦੇ ਹਾਮੀ ਸਨ। ਉਨ੍ਹਾਂ ਹਜ਼ਾਰਾਂ ਰੰਗਮੰਚ ਕਰਮੀਆਂ ਨੂੰ ਸਮਾਜਕ ਤੇ ਮਨੁੱਖੀ ਅਧਿਕਾਰਾਂ ਤੇ ਸਿਆਸੀ ਤਬਦੀਲੀਆਂ ਲਈ ਪ੍ਰੇਰਿਆ। ਆਪਣੇ ਸਾਥੀਆਂ ਤੇ ਹਮਸਫਰਾਂ ਨੂੰ ਨਵੇਂ ਜੀਵਨ ਲਈ ਪ੍ਰੇਰਿਆ। ਸਾਰੀ ਜ਼ਿੰਦਗੀ ਸੰਘਰਸ਼ ਕਰਦੇ ਰਹੇ; ਆਪਣਾ ਘਰ ਵਸਾਉਣ ਲਈ ਨਾ ਵਕਤ ਕੱਢ ਸਕੇ, ਨਾ ਵਿਹਲ। ਆਪਣੇ ਵੱਡੇ ਭਰਾ ਅਤੇ ਭਤੀਜਿਆਂ ਨਾਲ ਹੀ ਜੀਵਨ ਬਿਤਾਇਆ ਤੇ ਆਖਰੀ ਸਾਹ ਇਸੇ ਪਰਿਵਾਰ ਵਿਚ ਲਏ।

ਰਮੇਸ਼ ਤਲਵਾਰ ਅਤੇ ਉਨ੍ਹਾਂ ਦੇ ਫਿਲਮਸਾਜ਼ ਦੋਸਤ ਰਮਨ ਕੁਮਾਰ ਤੇ ਅਵਤਾਰ ਗਿੱਲ ਦੇ ਮਹਾਨ ਉਸਤਾਦ ਸਾਗਰ ਸਰਹੱਦੀ 27 ਮਾਰਚ 2021 ਨੂੰ ਸਵੇਰੇ ਉਮਰ ਦੇ 88 ਵਰ੍ਹੇ ਪੂਰੇ ਕਰ ਕੇ ਦੁਨੀਆ ਤੋਂ ਵਿਦਾ ਹੋ ਗਏ।






ਸਾਗਰ ਸਰਹੱਦੀ ਅਤੇ (ਸੱਜੇ) ਫਿਲਮ 'ਬਾਜ਼ਾਰ' ਦਾ ਪੋਸਟਰ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com